
ਲੈਨਿਨ

# ਇੱਕ ਕਦਮ ਅੱਗੇ, ਦੋ ਕਦਮ ਪਿੱਛੇ



ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

## ਵ. ਇ. ਲੈਨਿਨ

# ਇੱਕ ਕਦਮ ਅੱਗੇ, ਦੋ ਕਦਮ ਪਿੱਛੇ

(ਸਾਡੀ ਪਾਰਟੀ ਵਿੱਚ ਸੰਕਟ)



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ਮਾਸਕੋ ਸੋਵੀਅਤ ਯੂਨੀਅਨ ਵਿੱਚ 1985 ਵਿੱਚ ਛਪਿਆ।

ਵ. ਇ. ਲੈਨਿਨ, ਚੋਣਵੀਆਂ ਕਿਰਤਾਂ–12 ਸੈਂਚੀਆਂ ਵਿੱਚ, (ਸੈਂਚੀ –2), ਪੰਜਾਬੀ ਵਿੱਚ, ਵਿੱਚੋਂ ਲਿਆ ਗਿਆ।

ਪਹਿਲੀ ਵਾਰ — 1985
ਦੂਜੀ ਵਾਰ — ਸਤੰਬਰ 2011

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 125 ਰੁਪਏ**

# ਤਤਕਰਾ

**ਇੱਕ ਕਦਮ ਅੱਗੇ, ਦੋ ਕਦਮ ਪਿੱਛੇ** (ਸਾਡੀ ਪਾਰਟੀ ਵਿੱਚ ਸੰਕਟ)
ਮੁਖਬੰਧ ........ 5
ੳ. ਪਾਰਟੀ ਕਾਂਗਰਸ ਲਈ ਤਿਆਰੀਆਂ ........ 9
ਅ. ਕਾਂਗਰਸ ਵਿੱਚ ਵੱਖ ਵੱਖ ਟੋਲੀਆਂ ਦੀ ਮਹੱਤਤਾ ........ 11
ੲ. ਕਾਂਗਰਸ ਦਾ ਸ਼ੁਰੂ ਹੋਣਾ। ਜਥੇਬੰਦਕ ਕਮੇਟੀ ਦੀ ਘਟਨਾ ........ 14
ਸ. "ਯੁਜ਼੍ਹਨੀ ਰਾਬੋਚੀ" ਟੋਲੀ ਦਾ ਤੋੜਿਆ ਜਾਣਾ ........ 23
ਹ. ਭਾਸ਼ਾਵਾਂ ਦੀ ਬਰਾਬਰੀ ਦੀ ਘਟਨਾ ........ 26
ਕ. ਜ਼ਰਅਈ ਪ੍ਰੋਗਰਾਮ ........ 34
ਖ. ਪਾਰਟੀ ਨਿਯਮ। ਸਾਥੀ ਮਾਰਤੋਵ ਦਾ ਖਰੜਾ ........ 41
ਗ. "ਇਸਕਰਾ"–ਵਾਦੀਆਂ ਵਿੱਚ ਫੁੱਟ ਤੋਂ ਪਹਿਲਾਂ ਕੇਂਦਰਵਾਦ ਉੱਤੇ ਬਹਿਸ ... 52
ਘ. ਨਿਯਮਾਂ ਦਾ ਪਹਿਲਾ ਪੈਰਾ ........ 55
ਙ. ਮੌਕਾਪ੍ਰਸਤੀ ਦੇ ਝੂਠੇ ਦੋਸ਼ ਦੇ ਨਿਰਦੋਸ਼ ਸ਼ਿਕਾਰ ........ 79
ਚ. ਨਿਯਮਾਂ ਉੱਤੇ ਬਹਿਸ ਜਾਰੀ ਰਹਿਣਾ। ਪ੍ਰੀਸ਼ਦ ਦੀ ਬਣਤਰ ........ 91
ਛ. ਨਿਯਮਾਂ ਉੱਤੇ ਬਹਿਸ ਦਾ ਅੰਤ। ਕੇਂਦਰੀ ਸੰਸਥਾਵਾਂ ਲਈ ਕੁਆਪਸ਼ਨ।
"ਰਾਬੋਚੇਏ ਦੇਲੋ" ਦੇ ਡੈਲੀਗੇਟਾਂ ਦਾ ਚਲਾ ਜਾਣਾ ........ 97
ਜ. ਚੋਣਾਂ। ਕਾਂਗਰਸ ਦਾ ਅੰਤ ........ 110
ਝ. ਕਾਂਗਰਸ ਵਿੱਚ ਘੋਲ਼ ਦਾ ਆਮ ਚਿੱਤਰ।
ਪਾਰਟੀ ਵਿੱਚ ਇਨਕਲਾਬੀ ਅਤੇ ਮੌਕਾਪ੍ਰਸਤ ਪੱਖ ........ 139
ਞ. ਕਾਂਗਰਸ ਤੋਂ ਪਿੱਛੋਂ। ਘੋਲ਼ ਦੇ ਦੋ ਢੰਗ ........ 152
ਟ. ਨਿੱਕੀ ਖਿਝ ਇੱਕ ਵੱਡੀ ਖ਼ੁਸ਼ੀ ਦੇ ਰਾਹ ਵਿੱਚ ਖੜੀ ਨਹੀਂ ਹੋਣੀ ਚਾਹੀਦੀ ... 172
ਠ. ਨਵਾਂ "ਇਸਕਰਾ"। ਜਥੇਬੰਦੀ ਦੇ ਸਵਾਲਾਂ ਵਿੱਚ ਮੌਕਾਪ੍ਰਸਤੀ ........ 184
ਡ. ਦਵੰਦਵਾਦ ਸਬੰਧੀ ਕੁੱਝ ਸ਼ਬਦ। ਦੋ ਇਨਕਲਾਬ ........ 216
ਜ਼ਮੀਮਾ। ਸਾਥੀ ਗੁਸੇਵ ਅਤੇ ਸਾਥੀ ਡਿਊਸ਼ ਦੀ ਘਟਨਾ ........ 222
ਸੰਪਾਦਕੀ ਟੂਕਾਂ ........ 232
ਨਾਮਾਵਲੀ ........ 247

# ਇੱਕ ਕਦਮ ਅੱਗੇ, ਦੋ ਕਦਮ ਪਿੱਛੇ

(ਸਾਡੀ ਪਾਰਟੀ ਵਿੱਚ ਸੰਕਟ)[1]

## ਮੁਖਬੰਧ

ਜਦੋਂ ਇੱਕ ਲੰਮਾ, ਹਠੀ ਅਤੇ ਭਖਦਾ ਘੋਲ਼ ਚੱਲ ਰਿਹਾ ਹੋਵੇ, ਤਾਂ ਆਮ ਤੌਰ ਉੱਤੇ ਕੁੱਝ ਸਮੇਂ ਤੋਂ ਪਿੱਛੋਂ ਕੇਂਦਰੀ ਅਤੇ ਬੁਨਿਆਦੀ ਵਿਵਾਦੀ ਨੁਕਤੇ ਉੱਭਰਨ ਲੱਗ ਪੈਂਦੇ ਹਨ, ਜਿਨ੍ਹਾਂ ਦੇ ਹੱਲ ਉੱਤੇ ਮੁਹਿੰਮ ਦਾ ਅੰਤਮ ਸਿੱਟਾ ਨਿਰਭਰ ਹੁੰਦਾ ਹੈ, ਅਤੇ ਜਿਨ੍ਹਾਂ ਦੇ ਮੁਕਾਬਲੇ ਉੱਤੇ ਘੋਲ਼ ਦੀਆਂ ਸਾਰੀਆਂ ਨਿੱਕੀਆਂ ਅਤੇ ਤੁੱਛ ਘਟਨਾਵਾਂ ਸਦਾ ਵਧੇਰੇ ਪਿਛੋਕੜ ਵਿੱਚ ਚਲੀਆਂ ਜਾਂਦੀਆਂ ਹਨ।

ਸਾਡੀ ਪਾਰਟੀ ਅੰਦਰ ਘੋਲ਼ ਸੰਬੰਧੀ, ਜਿਹੜਾ ਹੁਣ ਪਿਛਲੇ ਮਹੀਨਿਆਂ ਤੋਂ ਪਾਰਟੀ ਦੇ ਸਾਰੇ ਮੈਂਬਰਾਂ ਦਾ ਧਿਆਨ ਖਿਚਦਾ ਆ ਰਿਹਾ ਹੈ, ਮਾਮਲੇ ਅਜਿਹੀ ਹੀ ਥਾਂ ਅੱਪੜ ਗਏ ਹਨ। ਅਤੇ ਐਨ ਇਸ ਕਾਰਨ ਕਿ ਸਾਰੇ ਘੋਲ਼ ਦੀ ਇਸ ਰੂਪਰੇਖਾ ਵਿੱਚ ਮੈਨੂੰ ਕਈ ਅਜਿਹੇ ਵਿਸਥਾਰਾਂ ਦਾ ਵਰਣਨ ਕਰਨਾ ਪਿਆ ਹੈ ਜਿਹੜੇ ਅਤਿ–ਅੰਤ ਥੋੜ੍ਹੀ ਰੋਚਕਤਾ ਵਾਲ਼ੇ ਹਨ ਅਤੇ ਕਈ ਅਜਿਹੀਆਂ ਖਹਿਬੜਾਂ ਵੱਲ ਸੰਕੇਤ ਕਰਨਾ ਪਿਆ ਹੈ, ਜਿਨ੍ਹਾਂ ਦੀ ਅਸਲ ਵਿੱਚ ਕੋਈ ਰੋਚਕਤਾ ਨਹੀਂ, ਇਸ ਲਈ ਮੈਂ ਮੁੱਢ ਤੋਂ ਹੀ ਪਾਠਕ ਦਾ ਧਿਆਨ ਦੋ ਕੇਂਦਰੀ ਅਤੇ ਬੁਨਿਆਦੀ ਨੁਕਤਿਆਂ ਵੱਲ ਦਿਵਾਉਣਾ ਚਾਹੁੰਦਾ ਹਾਂ, ਨੁਕਤੇ ਜਿਹੜੇ ਅਥਾਹ ਮਹੱਤਤਾ ਵਾਲ਼ੇ, ਅਤੇ ਨਿਰਸੰਦੇਹ ਇਤਿਹਾਸਕ ਮਹੱਤਤਾ ਵਾਲ਼ੇ ਹਨ, ਅਤੇ ਜਿਹੜੇ ਅੱਜ ਸਾਡੀ ਪਾਰਟੀ ਦੇ ਸਾਹਮਣੇ ਆਏ ਸਿਆਸੀ ਸਵਾਲ ਵਿੱਚੋਂ ਸਭ ਤੋਂ ਵੱਧ ਫ਼ੌਰੀ ਹਨ।

ਪਹਿਲਾ ਸਵਾਲ ਸਾਡੀ ਪਾਰਟੀ ਦੀ "ਬਹੁਗਿਣਤੀ" ਅਤੇ "ਘੱਟਗਿਣਤੀ" ਵਿੱਚ ਵੰਡ ਦੀ ਸਿਆਸੀ ਮਹੱਤਤਾ ਦਾ ਹੈ, ਜਿਹੜੀ ਵੰਡ ਦੂਜੀ ਪਾਰਟੀ ਕਾਂਗਰਸ[2] ਵਿੱਚ ਹੋਈ ਅਤੇ ਜਿਸਨੇ ਰੂਸੀ ਸੋਸ਼ਲ–ਡੈਮੋਕ੍ਰੈਟਾਂ ਵਿੱਚ ਪਿਛਲੀਆਂ ਸਾਰੀਆਂ ਵੰਡਾਂ ਨੂੰ ਬਹੁਤ ਦੂਰ ਪਿਛੋਕੜ ਵਿੱਚ ਧੱਕ ਦਿੱਤਾ ਹੈ।

ਦੂਜਾ ਸਵਾਲ ਜਥੇਬੰਦਕ ਸਵਾਲਾਂ ਸੰਬੰਧੀ ਨਵੇਂ "ਇਸਕਰਾ"[3] ਦੇ ਪੋਜ਼ੀਸ਼ਨ ਦੀ ਅਸੂਲੀ ਤੌਰ ਉੱਤੇ ਮਹੱਤਤਾ ਦਾ ਹੈ, ਜਿਥੋਂ ਤੱਕ ਇਹਦੀ ਪੋਜ਼ੀਸ਼ਨ ਅਸੂਲ ਉੱਤੇ ਅਧਾਰਤ ਹੈ।

ਪਹਿਲਾ ਸਵਾਲ ਸਾਡੀ ਪਾਰਟੀ ਵਿੱਚ ਘੋਲ਼ ਦਾ ਆਰੰਭ–ਬਿੰਦੂ, ਇਹਦੇ ਸੋਮਿਆਂ, ਇਹਦੇ ਕਾਰਨਾਂ ਅਤੇ ਇਹਦੇ ਬੁਨਿਆਦੀ ਸਿਆਸੀ ਖ਼ਾਸੇ ਦਾ ਹੈ। ਦੂਜਾ ਸਵਾਲ ਹੈ ਘੋਲ਼ ਦੇ ਅੰਤਮ ਸਿੱਟੇ, ਇਹਦੀ ਅੰਤਕਾ ਦਾ, ਉਹਨਾਂ ਸਾਰੇ ਅਸੂਲਾਂ ਦਾ, ਜਿਹੜੇ ਅਸੂਲ ਦੇ ਖੇਤਰ ਨਾਲ਼ ਸੰਬੰਧਤ ਹਨ, ਜੋੜ ਕਰਨ ਅਤੇ ਉਸ ਸਭ ਕੁੱਝ ਦਾ, ਜਿਹੜਾ ਖਹਿਬੜਾਂ ਦੇ ਖੇਤਰ ਦਾ

ਹੈ, ਘਟਾ ਕਰਨ ਪਿੱਛੋਂ ਜੋ ਕੁੱਝ ਬਚਦਾ ਹੈ, ਉਹਦਾ ਜੋੜ ਕਰਨ ਦਾ। ਪਹਿਲੇ ਸਵਾਲ ਦਾ ਉੱਤਰ ਪਾਰਟੀ ਕਾਂਗਰਸ ਵਿੱਚ ਹੋਏ ਘੋਲ਼ ਦਾ ਵਿਸ਼ਲੇਸ਼ਣ ਕਰਨ ਨਾਲ਼ ਮਿਲ ਜਾਵੇਗਾ; ਦੂਜੇ ਦਾ ਨਵੇਂ "ਇਸਕਰਾ" ਦੇ ਨਿਯਮਾਂ ਵਿੱਚ ਜੋ ਕੁੱਝ ਨਵਾਂ ਹੈ, ਉਹਦਾ ਵਿਸ਼ਲੇਸ਼ਣ ਕਰਨ ਨਾਲ਼। ਇਹ ਦੋਵੇਂ ਵਿਸ਼ਲੇਸ਼ਣ, ਜਿਹੜੇ ਮੇਰੇ ਪੈਂਫ਼ਲਟ ਦੇ ਦਸ ਵਿਚੋਂ ਨੌਂ ਹਿੱਸੇ ਹਨ, ਇਸ ਸਿੱਟੇ ਉੱਤੇ ਅਪੜਾਉਂਦੇ ਹਨ ਕਿ ਸਾਡੀ ਪਾਰਟੀ ਦੀ "ਬਹੁਗਿਣਤੀ" ਇਨਕਲਾਬੀ ਅਤੇ "ਘੱਟਗਿਣਤੀ" ਮੌਕਾਪ੍ਰਸਤ ਹੈ; ਫਿਲਹਾਲ ਜਿਹੜੀਆਂ ਅਸੰਮਤੀਆਂ ਦੁਹਾਂ ਧਿਰਾਂ ਨੂੰ ਨਖੇੜਦੀਆਂ ਹਨ, ਵਧੇਰੇ ਪ੍ਰੋਗਰਾਮ ਜਾਂ ਦਾਅ-ਪੇਚਾਂ ਦੇ ਸਵਾਲਾਂ ਸੰਬੰਧੀ ਨਹੀਂ, ਸਗੋਂ ਕੇਵਲ ਜਥੇਬੰਦਕ ਮਾਮਲਿਆਂ ਨਾਲ਼ ਸੰਬੰਧਤ ਹਨ; ਅਤੇ ਜਿੰਨਾ ਉਹ ਆਪਣੇ ਪੋਜ਼ੀਸ਼ਨ ਨੂੰ ਡੂੰਘਾਈ ਦੇਣ ਦਾ ਯਤਨ ਕਰਦਾ ਹੈ, ਅਤੇ ਜਿੰਨਾ ਵਧੇਰੇ ਉਹ ਪੋਜ਼ੀਸ਼ਨ ਕੋਆਪਸ਼ਨ* ਸੰਬੰਧੀ ਖਹਿਬੜਾਂ ਤੋਂ ਸਾਫ਼ ਹੋ ਜਾਂਦਾ ਹੈ, ਉਨਾ ਵਧੇਰੇ ਨਵੇਂ "ਇਸਕਰਾ" ਵਿੱਚ ਵਿਚਾਰਾਂ ਦਾ ਜਿਹੜਾ ਨਵਾਂ ਪ੍ਰਬੰਧ ਉੱਭਰਦਾ ਹੈ ਉਹ ਜਥੇਬੰਦੀ ਦੇ ਮਾਮਲਿਆਂ ਵਿੱਚ ਮੌਕਾਪ੍ਰਸਤੀ ਹੈ।

ਸਾਡੀ ਪਾਰਟੀ ਵਿੱਚ ਸੰਕਟ ਸੰਬੰਧੀ ਵਿਦਮਾਨ ਸਾਹਿਤ ਦੀ ਮੁੱਖ ਘਾਟ, ਜਿਥੋਂ ਤੱਕ ਤੱਥਾਂ ਦੇ ਅਧਿਐਨ ਅਤੇ ਵਿਆਖਿਆ ਦਾ ਸੰਬੰਧ ਹੈ, ਪਾਰਟੀ ਕਾਂਗਰਸ ਦੀ ਕਾਰਵਾਈ ਦੇ ਵਿਸ਼ਲੇਸ਼ਣ ਦੀ ਲਗਭਗ ਮੁਕੰਮਲ ਅਣਹੋਂਦ ਹੈ; ਅਤੇ ਜਿਥੋਂ ਤੱਕ ਜਥੇਬੰਦੀ ਦੇ ਬੁਨਿਆਦੀ ਨਿਯਮਾਂ ਦੇ ਸਪਸ਼ਟੀਕਰਨ ਦਾ ਸੰਬੰਧ ਹੈ, ਇੱਕ ਹੱਥ, ਸਾਥੀ ਮਾਰਤੋਵ ਅਤੇ ਸਾਥੀ ਐਕਸਲਰੋਦ ਵੱਲੋਂ ਨਿਯਮਾਂ ਦੇ ਪਹਿਲੇ ਪੈਰੇ ਦੇ ਸੂਤਰੀਕਰਨ ਅਤੇ ਉਹਨਾਂ ਦੀ ਇਸ ਸੂਤਰੀਕਰਨ ਦੀ ਹਮਾਇਤ ਵਿੱਚ ਕੀਤੀ ਬੁਨਿਆਦੀ ਗ਼ਲਤੀ ਅਤੇ, ਦੂਜੇ ਹੱਥ, "ਇਸਕਰਾ" ਦੇ ਜਥੇਬੰਦੀ ਦੇ ਅਜੋਕੇ ਅਸੂਲਾਂ ਦੇ ਸਾਰੇ "ਪ੍ਰਬੰਧ" (ਜਿਥੋਂ ਤੱਕ ਬੰਦਾ ਪ੍ਰਬੰਧ ਦੀ ਗੱਲ ਕਰ ਸਕਦਾ ਹੈ) ਨਾਲ਼ ਬਿਨਾਂ ਸ਼ੱਕ, ਸੰਬੰਧ ਹੈ। "ਇਸਕਰਾ" ਦੇ ਅਜੋਕੇ ਸੰਪਾਦਕ ਇਸ ਸੰਬੰਧ ਨੂੰ ਵੇਖਦੇ ਵੀ ਨਹੀਂ ਜਾਪਦੇ, ਭਾਵੇਂ ਪਹਿਲੇ ਪੈਰੇ ਸੰਬੰਧੀ ਵਿਵਾਦ ਦੀ ਮਹੱਤਤਾ ਵੱਲ "ਬਹੁਗਿਣਤੀ" ਦੇ ਸਾਹਿਤ ਵਿੱਚ ਅਨੇਕ ਵਾਰ ਸੰਕੇਤ ਕੀਤਾ ਗਿਆ ਹੈ। ਸਾਥੀ ਐਕਸਲਰੋਦ, ਸਾਥੀ ਮਾਰਤੋਵ ਹੁਣ ਪਹਿਲੇ ਪੈਰੇ ਸੰਬੰਧੀ ਆਪਣੀ ਮੁਢਲੀ ਗ਼ਲਤੀ ਨੂੰ ਕੇਵਲ ਡੂੰਘਾ ਕਰ ਰਹੇ, ਵਿਕਸਤ ਕਰ ਰਹੇ ਅਤੇ ਵਧਾ ਰਹੇ ਹਨ। ਤੱਥ ਤਾਂ ਇਹ ਹੈ ਕਿ ਜਥੇਬੰਦਕ ਮਸਲੇ ਸੰਬੰਧੀ ਮੌਕਾਪ੍ਰਸਤਾਂ ਦੀ ਸਾਰੀ ਪੋਜ਼ੀਸ਼ਨ ਪਹਿਲਾਂ ਹੀ ਪਹਿਲੇ ਪੈਰੇ ਸੰਬੰਧੀ ਵਿਵਾਦ ਵਿੱਚ ਪ੍ਰਗਟ ਹੋਣੀ ਸ਼ੁਰੂ ਹੋ ਗਈ: ਉਹਨਾਂ ਦੀ ਮਜ਼ਬੂਤ ਜੁੜਤ ਵਾਲ਼ੀ ਪਾਰਟੀ ਦੀ ਥਾਂ ਪਸਾਰਵੀਂ ਪਾਰਟੀ ਜਥੇਬੰਦੀ ਦੀ ਹਮਾਇਤ; ਪਾਰਟੀ ਕਾਂਗਰਸ ਅਤੇ ਉਹਦੇ ਵੱਲੋਂ ਥਾਪੀਆਂ ਸੰਸਥਾਵਾਂ ਤੋਂ ਮੁੱਢ ਬੰਨ੍ਹਕੇ, ਉੱਪਰ ਵੱਲੋਂ ਪਾਰਟੀ ਉਸਾਰਨ ਦੇ ਵਿਚਾਰ ("ਨੌਕਰਸ਼ਾਹੀ" ਵਿਚਾਰ) ਵੱਲ ਉਹਨਾਂ ਦਾ ਦਵੈਖ; ਉਹਨਾਂ ਦੀ ਹੇਠਾਂ ਵੱਲੋਂ ਉੱਪਰ ਵੱਲ ਜਾਣ ਦੀ, ਹਰ ਪ੍ਰੋਫ਼ੈਸਰ, ਹਾਈ ਸਕੂਲ ਦੇ ਹਰ ਵਿਦਿਆਰਥੀ ਅਤੇ "ਹਰ ਹੜਤਾਲੀ" ਨੂੰ ਆਪਣੇ ਪਾਰਟੀ ਮੈਂਬਰ ਹੋਣ ਦਾ ਐਲਾਨ ਕਰਨ ਦੀ ਆਗਿਆ ਦੇਣ ਦੀ ਪ੍ਰਵਿਰਤੀ; ਉਹਨਾਂ ਦਾ ਉਸ "ਰੀਤੀਵਾਦ" ਵੱਲ ਦਵੈਖ ਜਿਹੜਾ ਇਹ ਮੰਗ

*ਆਮ ਮੈਂਬਰਾਂ ਰਾਹੀਂ ਚੋਣ ਤੋਂ ਬਿਨਾਂ ਪਹਿਲਾਂ ਚੁਣੇ ਮੈਂਬਰਾਂ ਦੀ ਸੰਮਤੀ ਨਾਲ਼ ਕਿਸੇ ਕਮੇਟੀ ਆਦਿ ਵਿੱਚ ਸ਼ਾਮਲ ਕਰ ਲੈਣਾ। **—ਅਨੁ.**

ਕਰਦਾ ਹੈ ਕਿ ਪਾਰਟੀ ਮੈਂਬਰ ਪਾਰਟੀ ਵੱਲੋਂ ਪ੍ਰਵਾਨ ਕੀਤੀਆਂ ਜਥੇਬੰਦੀਆਂ ਵਿੱਚੋਂ ਇੱਕ ਵਿੱਚ ਸ਼ਾਮਲ ਹੋਵੇ; ਉਹਨਾਂ ਦਾ ਬੁਰਜੂਆ ਬੁੱਧੀਜੀਵੀ ਦੀ ਮਨੋ-ਬਿਰਤੀ ਵੱਲ ਝੁਕਣਾ, ਜਿਹੜਾ "ਜਥੇਬੰਦਕ ਸੰਬੰਧ" ਕੇਵਲ "ਸਹਿਜ-ਭਾਵ" ਨਾਲ਼ ਹੀ "ਕਬੂਲ ਕਰਨ ਨੂੰ" ਤਿਆਰ ਹੈ; ਮੌਕਾਪ੍ਰਸਤ ਡੂੰਘਾਈ ਅਤੇ ਅਰਾਜਕਤਾਵਾਦੀ ਵਾਕੰਸ਼ਾਂ ਵੱਲ ਉਹਨਾਂ ਦੀ ਪ੍ਰਵਿਰਤੀ; ਕੇਂਦਰਵਾਦ ਦੇ ਉਲਟ ਖ਼ੁਦ-ਅਖ਼ਤਿਆਰਵਾਦ ਵੱਲ ਉਹਨਾਂ ਪ੍ਰਵਿਰਤੀ—ਮੁੱਕਦੀ ਗੱਲ, ਉਹ ਸਭ ਕੁੱਝ ਜਿਹੜਾ ਹੁਣ ਇੰਨੇ ਸੰਘਣੇ ਲੌ ਨਾਲ਼ ਨਵੇਂ "ਇਸਕਰਾ" ਵਿੱਚ ਖਿੜ ਰਿਹਾ ਹੈ ਅਤੇ ਮੁੱਢਲੀ ਗ਼ਲਤੀ ਨੂੰ ਸਦਾ ਵਧੇਰੇ ਪੂਰੀ ਤਰ੍ਹਾਂ ਅਤੇ ਪ੍ਰਤੱਖ ਢੰਗ ਨਾਲ਼ ਪ੍ਰਗਟ ਕਰ ਰਿਹਾ ਹੈ।

ਜਿਥੋਂ ਤੱਕ ਪਾਰਟੀ ਕਾਂਗਰਸ ਦੀ ਕਾਰਵਾਈ ਦਾ ਸੰਬੰਧ ਹੈ, ਉਹਨਾਂ ਵੱਲੋਂ ਉੱਕਾ ਹੀ ਨਾਵਾਜਬ ਅਣਗਹਿਲੀ ਦੀ ਵਿਆਖਿਆ ਕੇਵਲ ਇਸ ਤੱਤ ਰਾਹੀਂ ਕੀਤੀ ਜਾ ਸਕਦੀ ਹੈ ਕਿ ਸਾਡੇ ਵਿਵਾਦਾਂ ਵਿੱਚ ਖਹਿਬੜਾਂ ਦਾ ਕਬਾੜ ਭਰਿਆ ਪਿਆ ਹੈ ਅਤੇ ਸ਼ਾਇਦ ਇਸ ਤੱਥ ਰਾਹੀਂ ਕਿ ਇਸ ਕਾਰਵਾਈ ਵਿੱਚ ਬਹੁਤ ਭਾਰੀ ਮਾਤਰਾ ਵਿੱਚ ਬੇਸੁਆਦਾ ਸੱਚ ਹੈ। ਪਾਰਟੀ ਕਾਂਗਰਸ ਦੀ ਕਾਰਵਾਈ ਸਾਡੀ ਪਾਰਟੀ ਮਾਮਲਿਆਂ ਦਾ ਯਥਾਰਥਕ ਹਾਲਤ ਦਾ ਇੱਕ ਚਿੱਤਰ ਪੇਸ਼ ਕਰਦੀ ਹੈ ਜਿਹੜੀ ਆਪਣੀ ਕਿਸਮ ਦੀ ਮਿਸਾਲ ਹੈ ਅਤੇ ਆਪਣੀ ਸ਼ੁੱਧਤਾ, ਪੂਰਨਤਾ, ਸਰਬ-ਵਿਆਪਕਤਾ, ਭਰਪੂਰਤਾ ਅਤੇ ਪ੍ਰਮਾਣਕਤਾ ਵਿੱਚ ਅਨੂਠਾ ਹੈ; ਵਿਚਾਰਾਂ, ਭਾਵਾਂ ਅਤੇ ਪਲਾਨਾਂ ਦਾ ਹਿੱਸਾ ਲੈਣ ਵਾਲ਼ਿਆਂ ਵੱਲੋਂ ਤਿਆਰ ਕੀਤਾ ਚਿੱਤਰ; ਪਾਰਟੀ ਵਿੱਚ ਵਿਦਮਾਨ ਸਿਆਸੀ ਭਾਹਾਂ ਦਾ ਚਿੱਤਰ, ਜਿਹੜਾ ਉਹਨਾਂ ਦੀ ਸਾਪੇਖ ਤਾਕਤ, ਉਹਨਾਂ ਦੇ ਪ੍ਰਸਪਰ ਸੰਬੰਧ ਅਤੇ ਉਹਨਾਂ ਦੇ ਘੋਲ਼ਾਂ ਨੂੰ ਵਿਖਾਉਂਦਾ ਹੈ। ਇਹ ਕੇਵਲ ਪਾਰਟੀ ਕਾਂਗਰਸ ਦੀ ਕਾਰਵਾਈ, ਅਤੇ ਕੇਵਲ ਉਹੋ ਹੈ, ਜਿਹੜੀ ਇਹ ਦਰਸਾਉਂਦੀ ਹੈ ਕਿ ਅਸੀਂ ਕਿਸ ਹੱਦ ਤੱਕ ਪੁਰਾਣੇ, ਖ਼ਾਲਸ ਸੰਬੰਧਾਂ ਦੀ ਰਹਿੰਦ-ਖੂੰਹਦ ਦਾ ਹੂੰਝਾ ਫੇਰ ਸਕੇ ਹਾਂ ਅਤੇ ਉਹਨਾਂ ਦੀ ਥਾਂ ਇੱਕ ਇੱਕੋ ਇੱਕ ਮਹਾਨ ਪਾਰਟੀ ਸੰਬੰਧ ਨੂੰ ਦੇ ਸਕੇ ਹਾਂ। ਹਰ ਪਾਰਟੀ ਮੈਂਬਰ ਜਿਹੜਾ ਆਪਣੀ ਪਾਰਟੀ ਦੇ ਮਾਮਲਿਆਂ ਵਿੱਚ ਸਿਆਣਪ ਨਾਲ਼ ਹਿੱਸਾ ਲੈਣਾ ਚਾਹੁੰਦਾ ਹੈ, ਉਹਦਾ ਕਰਤੱਵ ਹੈ ਕਿ ਉਹ ਸਾਡੀ ਪਾਰਟੀ ਕਾਂਗਰਸ ਦਾ ਧਿਆਨ ਨਾਲ਼ ਅਧਿਐਨ ਕਰੇ। ਮੈਂ ਬੜਾ ਵਿਚਾਰ ਕੇ ਅਧਿਐਨ ਕਹਿੰਦਾ ਹਾਂ, ਕਿਉਂਕਿ ਕਾਰਵਾਈ ਵਿਚਲੇ ਕੱਚੇ ਪਦਾਰਥ ਦੇ ਸਮੂਹ ਨੂੰ ਕੇਵਲ ਪੜ੍ਹਣਾ ਕਾਂਗਰਸ ਦਾ ਚਿੱਤਰ ਪ੍ਰਾਪਤ ਕਰਨ ਲਈ ਕਾਫ਼ੀ ਨਹੀਂ। ਕੇਵਲ ਧਿਆਨ ਨਾਲ਼ ਕੀਤੇ ਅਤੇ ਆਜ਼ਾਦ ਅਧਿਐਨ ਨਾਲ਼ ਹੀ ਬੰਦਾ ਇੱਕ ਅਜਿਹੇ ਪੜਾਅ ਉੱਤੇ ਅੱਪੜ ਸਕਦਾ ਹੈ (ਜਿਵੇਂ ਉਹਨੂੰ ਅੱਪੜਨਾ ਚਾਹੀਦਾ ਹੈ) ਜਿੱਥੇ ਭਾਸ਼ਣਾਂ ਦੇ ਸੰਖੇਪ ਸਾਰ, ਬਹਿਸਾਂ ਵਿੱਚੋਂ ਖ਼ੁਸ਼ਕ ਟੂਕਾਂ, ਨਿਕਚੂ (ਵੇਖਣ ਨੂੰ ਨਿਕਚੂ) ਮਾਮਲਿਆਂ ਸੰਬੰਧੀ ਨਿੱਕੀਆਂ ਝੜਪਾਂ, ਮਿਲਕੇ ਇੱਕ ਸਮੂਹ ਬਣਨਗੀਆਂ, ਜਿਹੜਾ ਪਾਰਟੀ ਮੈਂਬਰ ਨੂੰ ਇਸ ਯੋਗ ਬਣਾਵੇਗਾ ਕਿ ਉਹ ਹਰ ਉੱਘੇ ਬੁਲਾਰੇ ਦਾ ਜਿਊਂਦਾ ਚਿੱਤਰ ਚਿਤਵ ਸਕੇ ਅਤੇ ਪਾਰਟੀ ਕਾਂਗਰਸ ਦੇ ਡੈਲੀਗੇਟਾਂ ਦੀ ਹਰ ਟੋਲੀ ਦੇ ਸਿਆਸੀ ਮੁਹਾਂਦਰੇ ਸੰਬੰਧੀ ਪੂਰਾ ਵਿਚਾਰ ਬਣਾ ਸਕੇ। ਜੇ ਇਹਨਾਂ ਸਤਰਾਂ ਦਾ ਲੇਖਕ ਪਾਠਕ ਨੂੰ ਪਾਰਟੀ ਕਾਂਗਰਸ ਦੀ ਕਾਰਵਾਈ ਦਾ ਵਿਸ਼ਾਲ ਅਤੇ ਆਜ਼ਾਦ ਅਧਿਐਨ ਕਰਨ ਲਈ ਉਤੇਜਤ ਕਰ ਸਕੇ, ਉਹ ਅਨੁਭਵ ਕਰੇਗਾ ਕਿ ਉਹਦਾ ਕੰਮ ਅਜਾਈਂ ਨਹੀਂ ਕੀਤਾ

ਗਿਆ।

ਸੋਸ਼ਲ–ਡੈਮੋਕ੍ਰੇਸੀ ਦੇ ਵਿਰੋਧੀਆਂ ਲਈ ਇੱਕ ਦੋ ਸ਼ਬਦ। ਉਹ ਸਾਡੇ ਵਿਵਾਦਾਂ ਉੱਤੇ ਬਾਘੀਆਂ ਪਾਉਂਦੇ ਅਤੇ ਮੂੰਹ ਚਿੜਾਉਂਦੇ ਹਨ; ਨਿਰਸੰਦੇਹ ਉਹ ਮੇਰੀ ਕਿਰਤ ਵਿੱਚ ਨਿਖੜੇ ਟੋਟਕੇ ਚੁਣਨ ਦਾ, ਜਿਨ੍ਹਾਂ ਦਾ ਸਾਡੀ ਪਾਰਟੀ ਦੀਆਂ ਕਮਜ਼ੋਰੀਆਂ ਅਤੇ ਊਣਤਾਈਆਂ ਨਾਲ਼ ਸੰਬੰਧ ਹੈ, ਅਤੇ ਉਹਨਾਂ ਨੂੰ ਆਪਣੇ ਮੰਤਵਾਂ ਲਈ ਵਰਤਣ ਦਾ ਯਤਨ ਕਰਨਗੇ। ਰੂਸੀ ਸੋਸ਼ਲ–ਡੈਮੋਕ੍ਰੈਟ ਪਹਿਲਾਂ ਹੀ ਲੜਾਈ ਵਿੱਚ ਇੰਨੇ ਅਸਪਾਤੀ ਬਣ ਚੁੱਕੇ ਹਨ ਕਿ ਉਹ ਇਹਨਾਂ ਚੋਭਾਂ ਕਾਰਨ ਪ੍ਰੇਸ਼ਾਨ ਨਹੀਂ ਹੋਣਗੇ ਅਤੇ ਉਹਨਾਂ ਦੇ ਬਾਵਜੂਦ, ਆਪਾ–ਪੜਚੋਲ ਅਤੇ ਖ਼ੁਦ ਆਪਣੀਆਂ ਊਣਤਾਈਆਂ ਦਾ ਬੇਕਿਰਕ ਉਘਾੜਾ ਕਰਨ ਦਾ ਆਪਣਾ ਕੰਮ ਜਾਰੀ ਰੱਖਣਗੇ, ਜਿਨ੍ਹਾਂ ਉੱਤੇ ਬਿਨਾਂ–ਸ਼ੱਕ ਅਤੇ ਅਟੱਲ ਤੌਰ ਉੱਤੇ ਕਿਰਤੀ–ਸ਼੍ਰੇਣੀ ਲਹਿਰ ਦੇ ਵਧਣ ਦੇ ਨਾਲ਼ ਨਾਲ਼ ਕਾਬੂ ਪਾ ਲਿਆ ਜਾਵੇਗਾ। ਜਿਥੋਂ ਤੱਕ ਸਾਡੇ ਵਿਰੋਧੀਆਂ ਦਾ ਸੰਬੰਧ ਹੈ, ਉਹਨਾਂ ਨੂੰ ਸਾਨੂੰ ਖ਼ੁਦ ਉਹਨਾਂ ਦੀਆਂ ਆਪਣੀਆਂ "ਪਾਰਟੀਆਂ" ਅੰਦਰ ਮਾਮਲਿਆਂ ਦੀ ਹਾਲਤ ਦਾ ਉਹੋ ਜਿਹਾ **ਸੱਚਾ** ਚਿੱਤਰ ਦੇਣ ਦਿਓ, ਜਿਹੜਾ ਸਾਡੀ ਦੂਜੀ ਕਾਂਗਰਸ ਦੀ ਕਾਰਵਾਈ ਨਾਲ਼ ਅਟਾ–ਸਟਾ ਵੀ ਮਿਲਦਾ ਹੋਵੇ!

ਮਈ 1904 ਨ. ਲੈਨਿਨ

## ੳ. ਪਾਰਟੀ ਕਾਂਗਰਸ ਲਈ ਤਿਆਰੀਆਂ

ਇੱਕ ਅਖਾਣ ਹੈ ਕਿ ਹਰ ਇੱਕ ਨੂੰ ਆਪਣੇ ਮੁਨਸਿਫ਼ਾਂ ਨੂੰ ਚੌਵੀ ਘੰਟੇ ਗਾਲ੍ਹਾਂ ਦੇਣ ਦਾ ਅਧਿਕਾਰ ਹੈ। ਸਾਡੀ ਪਾਰਟੀ ਕਾਂਗਰਸ ਵੀ, ਕਿਸੇ ਵੀ ਪਾਰਟੀ ਦੀ ਕਿਸੇ ਕਾਂਗਰਸ ਵਾਂਗ, ਕੁੱਝ ਲੋਕਾਂ ਸੰਬੰਧੀ ਮੁਨਸਿਫ਼ ਸੀ, ਜਿਹੜੇ ਨੇਤਾ ਹੋਣ ਦਾ ਦਾਅਵਾ ਕਰਦੇ ਸਨ ਪਰ ਜਿਨ੍ਹਾਂ ਨੂੰ ਖੁਆਰੀ ਦਾ ਮੂੰਹ ਵੇਖਣਾ ਪਿਆ। ਅੱਜ "ਘੱਟਗਿਣਤੀ" ਦੇ ਇਹ ਪ੍ਰਤੀਨਿੱਧ, ਇੱਕ ਅਜਿਹੇ ਸਿੱਧੜਪੁਣੇ ਨਾਲ਼ ਜਿਹੜਾ ਨਿਰਾਸਤਾ ਦੀ ਹੱਦ ਤੱਕ ਜਾਂਦਾ ਹੈ, "ਆਪਣੇ ਮੁਨਸਿਫ਼ਾਂ ਨੂੰ ਗਾਲ੍ਹਾਂ ਕੱਢ ਰਹੇ ਹਨ", ਅਤੇ ਕਾਂਗਰਸ ਨੂੰ ਬਦਨਾਮ ਕਰਨ ਦਾ, ਇਹਦੀ ਮਹੱਤਤਾ ਅਤੇ ਪ੍ਰਮਾਣਿਕਤਾ ਨੂੰ ਛੁਟਿਆਉਣ ਲਈ ਪੂਰੀ ਟਿਲ ਲਾ ਰਹੇ ਹਨ। ਇਹ ਯਤਨ, ਸ਼ਾਇਦ, ਸਭ ਤੋਂ ਵੱਧ ਸਪਸ਼ਟਤਾ ਨਾਲ਼ "ਇਸਕਰਾ" ਦੇ ਅੰਕ 57 ਵਿੱਚ "ਅਮਲੀ ਕਾਰਕੁਨ" ਦੇ ਇੱਕ ਲੇਖ ਵਿੱਚ ਪ੍ਰਗਟ ਕੀਤਾ ਗਿਆ ਹੈ, ਜਿਸਨੂੰ ਕਾਂਗਰਸ ਦੇ ਸਰਬ-ਸਮਰੱਥ "ਦੈਵੀ" ਹੋਣ ਦੇ ਵਿਚਾਰ ਉੱਤੇ ਹੱਦੋਂ ਵੱਧ ਗ਼ੁੱਸਾ ਹੈ। ਇਹ ਨਵੇਂ "ਇਸਕਰਾ" ਦਾ ਇੰਨਾ ਲਖਣਾਇਕ ਲੱਛਣ ਹੈ ਕਿ ਇਹਨੂੰ ਚੁੱਪ ਚਾਪ ਨਹੀਂ ਲੰਘਣ ਦਿੱਤਾ ਜਾ ਸਕਦਾ। ਸੰਪਾਦਕ, ਜਿਨ੍ਹਾਂ ਦੀ ਬਹੁਗਿਣਤੀ ਨੂੰ ਕਾਂਗਰਸ ਨੇ **ਰੱਦ ਕਰ ਦਿੱਤਾ ਸੀ**, ਇੱਕ ਹੱਥ ਆਪਣੇ ਆਪ ਨੂੰ "ਪਾਰਟੀ" ਸੰਪਾਦਕ ਮੰਡਲ ਕਹਿੰਦੇ ਹਨ, ਜਦ ਕਿ, ਦੂਜੇ ਹੱਥ ਉਹ ਉਹਨਾਂ ਲੋਕਾਂ ਨਾਲ਼ ਗਲਵਕੜੀਆਂ ਪਾਉਂਦੇ ਹਨ, ਜਿਹੜੇ ਇਹ ਕਹਿੰਦੇ ਹਨ ਕਿ ਕਾਂਗਰਸ ਦੈਵੀ ਨਹੀਂ ਸੀ; ਪਰ ਉਹਨਾਂ ਲੋਕਾਂ ਸੰਬੰਧੀ ਕੀ ਕਿਹਾ ਜਾਵੇ, ਜਿਹੜੇ ਕਾਂਗਰਸ ਵਿੱਚ ਹਾਰ ਜਾਣ **ਪਿੱਛੋਂ** ਉਹਦੇ ਸੰਬੰਧੀ "ਕੁਬੋਲ" ਬੋਲਣ ਲੱਗ ਪੈਂਦੇ ਹਨ ?

ਸੋ ਨਿਰਸੰਦੇਹ, ਆਓ ਅਸੀਂ ਕਾਂਗਰਸ ਦੀਆਂ ਤਿਆਰੀਆਂ ਦੇ ਮੁੱਖ ਤੱਥ ਚੇਤੇ ਕਰੀਏ।

"ਇਸਕਰਾ" ਦੇ ਮੁੱਢ ਤੋਂ ਹੀ, 1900 ਵਿੱਚ ਪ੍ਰਕਾਸ਼ਨ ਦੇ ਆਪਣੇ ਐਲਾਨ ਵਿੱਚ ਕਿਹਾ ਸੀ ਕਿ ਇਸ ਤੋਂ ਪਹਿਲਾਂ ਕਿ ਅਸੀਂ ਇੱਕਮੁਠ ਹੋ ਸਕੀਏ, ਵਖਰੇਵੇਂ ਦੀਆਂ ਹੱਦਾਂ ਵਾਹੁਣਾ ਲਾਜ਼ਮੀ ਹੈ। "ਇਸਕਰਾ" ਨੇ 1902 ਦੀ ਕਾਨਫ਼ਰੰਸ[4] ਨੂੰ ਇੱਕ ਪਾਰਟੀ ਕਾਂਗਰਸ ਨਹੀਂ ਸਗੋਂ ਇੱਕ ਨਿਜੀ ਇਕੱਤ੍ਰਤਾ ਬਣਾਉਣ ਦਾ ਯਤਨ ਕੀਤਾ।* ਜਦੋਂ ਉਹਨੇ ਉਸ ਕਾਨਫ਼ਰੰਸ ਵਿੱਚ ਚੁਣੀ ਗਈ ਜਥੇਬੰਦਕ ਕਮੇਟੀ ਮੁੜ-ਸਥਾਪਤ ਕੀਤੀ ਤਾਂ 1902 ਦੇ ਹੁਨਾਲ ਅਤੇ ਪਤਝੜ ਵਿੱਚ "ਇਸਕਰਾ" ਨੇ ਅਤਿ-ਅੰਤ ਸਾਵਧਾਨੀ ਤੋਂ ਕੰਮ ਲਿਆ। ਅਖ਼ੀਰ ਹੱਦਾਂ

---

* ਵੇਖੋ ਦੂਜੀ ਕਾਂਗਰਸ ਦੀ ਕਾਰਵਾਈ, ਪੰਨਾ 20।

ਵਾਹੁਣ ਦਾ ਕੰਮ ਖ਼ਤਮ ਹੋ ਗਿਆ—ਜਿਹਾ ਕਿ ਅਸਾਂ ਸਾਰਿਆਂ ਕਬੂਲ ਕੀਤਾ। ਜਥੇਬੰਦਕ ਕਮੇਟੀ 1902 ਦੇ ਐਨ ਅਖ਼ੀਰ ਉੱਤੇ ਕਾਇਮ ਕੀਤੀ ਗਈ। "ਇਸਕਰਾ" ਨੇ ਇਹਦੀ ਮਜ਼ਬੂਤੀ ਨਾਲ਼ ਸਥਾਪਤੀ ਦਾ ਸੁਆਗਤ ਕੀਤਾ ਅਤੇ ਅੰਕ 32 ਦੇ ਇੱਕ **ਸੰਪਾਦਕੀ** ਲੇਖ ਵਿੱਚ ਕਿਹਾ ਕਿ ਪਾਰਟੀ ਕਾਂਗਰਸ ਬੁਲਾਇਆ ਜਾਣਾ ਇੱਕ **ਅਤਿ-ਅੰਤ ਫ਼ੌਰੀ** ਅਤੇ ਜ਼ਰੂਰੀ ਕਾਰਜ ਹੈ। ਸੋ, ਸਾਡੇ ਉੱਤੇ ਜਿਹੜਾ ਦੋਸ਼ ਉੱਕਾ ਹੀ ਨਹੀਂ ਲਾਇਆ ਜਾ ਸਕਦਾ ਉਹ ਦੂਜੀ ਕਾਂਗਰਸ ਬੁਲਾਉਣ ਵਿੱਚ ਕਾਹਲ ਕਰਨ ਦਾ ਹੈ। ਅਸਾਂ ਸਗੋਂ ਇਸ ਕਹਾਵਤ ਤੋਂ ਅਗਵਾਈ ਲਈ, ਕੱਟਣ ਤੋਂ ਪਹਿਲਾਂ ਆਪਣੇ ਕੱਪੜੇ ਨੂੰ ਸੱਤ ਵਾਰ ਨਾਪੋ; ਅਤੇ ਸਾਨੂੰ ਇਹ ਆਸ ਕਰਨ ਦਾ ਹਰ ਸਦਾਚਾਰਕ ਹੱਕ ਸੀ ਕਿ ਜਦੋਂ ਇੱਕ ਵਾਰ ਕੱਪੜਾ ਕੱਟ ਲਿਆ ਗਿਆ ਤਾਂ ਸਾਡੇ ਸਾਥੀ ਸ਼ਿਕਾਇਤ ਕਰਨਾ ਅਤੇ ਇਹਨੂੰ ਹਰ ਪਾਸਿਓਂ ਮੁੜ ਨਾਪਣਾ ਸ਼ੁਰੂ ਨਹੀਂ ਕਰ ਦੇਣਗੇ।

ਜਥੇਬੰਦਕ ਕਮੇਟੀ ਨੂੰ ਦੂਜੀ ਕਾਂਗਰਸ ਲਈ ਬਹੁਤ ਠੀਕ-ਠੀਕ (ਉਹ ਲੋਕ ਜਿਹੜੇ ਇਹਨਾਂ ਸ਼ਬਦਾਂ ਨੂੰ ਆਪਣੀ ਸਿਆਸੀ ਕਾਇਰਤਾ ਉੱਤੇ ਪਰਦਾ ਪਾਉਣ ਲਈ ਵਰਤ ਰਹੇ ਹਨ, ਕਹਿਣਗੇ ਮਰਯਾਦਾਵਾਦੀ ਅਤੇ ਨੌਕਰਸ਼ਾਹੀਵਾਦੀ) ਨਿਯਮ ਤਿਆਰ ਕੀਤੇ, ਉਹਨਾਂ ਨੂੰ ਸਾਰੀਆਂ ਕਮੇਟੀਆਂ ਤੋਂ ਪ੍ਰਵਾਨ ਕਰਵਾਇਆ ਅਤੇ ਅੰਤ ਉਹਨਾਂ ਦੀ ਤਸਦੀਕ ਕੀਤੀ, ਹੋਰ ਗੱਲਾਂ ਤੋਂ ਬਿਨਾਂ 18ਵੇਂ ਨੁਕਤੇ ਵਿੱਚ ਇਹ ਕਹਿੰਦੇ ਹੋਏ ਕਿ "ਕਾਂਗਰਸ ਦੇ ਸਾਰੇ ਨਿਰਣੇ ਅਤੇ ਉਹਦੇ ਵੱਲੋਂ ਕੀਤੀਆਂ ਗਈਆਂ ਸਾਰੀਆਂ ਚੋਣਾਂ, ਪਾਰਟੀ ਦੇ ਨਿਰਣੇ ਹਨ ਅਤੇ ਸਾਰੀਆਂ ਪਾਰਟੀ ਜਥੇਬੰਦੀਆਂ ਲਈ ਲਾਜ਼ਮੀ ਹਨ। ਉਹ ਕਿਸੇ ਬਹਾਨੇ ਕਿਸੇ ਵੱਲੋਂ ਵੰਗਾਰੇ ਨਹੀਂ ਜਾ ਸਕਦੇ ਅਤੇ ਕੇਵਲ ਅਗਲੀ ਪਾਰਟੀ ਕਾਂਗਰਸ ਹੀ ਉਹਨਾਂ ਨੂੰ ਮਨਸੂਖ਼ ਜਾਂ ਉਹਨਾਂ ਵਿੱਚ ਤਰਮੀਮ ਕਰ ਸਕਦੀ ਹੈ।"* ਆਪਣੇ ਆਪ ਵਿੱਚ ਇਹ ਸ਼ਬਦ ਕਿੰਨੇ ਮਾਸੂਮ ਹਨ, ਹੈਂ ਨਾ, ਜਿਹੜੇ ਉਸ ਸਮੇਂ, ਕੁੱਝ ਸਵੈ-ਸਿੱਧ ਵਜੋਂ ਕਬੂਲ ਕਰ ਲਏ ਗਏ; ਇਹਦੇ ਬਾਵਜੂਦ ਅੱਜ ਉਹ ਕਿੰਨੇ ਅਜੀਬ ਜਾਪਦੇ ਹਨ—"ਘੱਟਗਿਣਤੀ" ਵਿਰੁੱਧ ਇੱਕ ਫ਼ੈਸਲੇ ਜਿਹੇ! ਇਹ ਨੁਕਤਾ ਕਿਉਂ ਸ਼ਾਮਲ ਕੀਤਾ ਗਿਆ? ਕੇਵਲ ਇੱਕ ਰਸਮੀ ਕਾਰਵਾਈ ਵਜੋਂ? ਨਿਰਸੰਦੇਹ ਨਹੀਂ। ਇਹ ਧਾਰਾ ਲੋੜੀਂਦੀ ਜਾਪਦੀ ਸੀ ਅਤੇ ਲੋੜੀਂਦੀ ਸੀ ਕਿਉਂਕਿ ਸਾਡੀ ਪਾਰਟੀ ਕਈ ਨਿੱਖੜੀਆਂ ਅਤੇ ਸੁਤੰਤਰ ਟੋਲੀਆਂ ਤੋਂ ਬਣਦੀ ਸੀ, ਜਿਹੜੀਆਂ ਹੋ ਸਕਦਾ ਹੈ ਕਾਂਗਰਸ ਨੂੰ ਪ੍ਰਵਾਨ ਕਰਨੋਂ ਇਨਕਾਰ ਕਰ ਦੇਣ। ਇਹ ਧਾਰਾ ਅਸਲ ਵਿੱਚ ਸਾਰੇ ਇਨਕਲਾਬੀਆਂ ਦੀ **ਆਜ਼ਾਦ ਇੱਛਾ** ਪ੍ਰਗਟ ਕਰਦੀ ਸੀ (ਜਿਸ ਸੰਬੰਧੀ ਅੱਜ ਇੰਨੀਆਂ ਅਤੇ ਇੰਨੀਆਂ ਅਪ੍ਰਸੰਗਕ ਗੱਲਾਂ ਕੀਤੀਆਂ ਜਾ ਰਹੀਆਂ ਹਨ, ਇਸਤਲਾਹ "ਆਜ਼ਾਦ" ਬੜੀ ਮੁਲਾਇਮੀ ਨਾਲ਼ ਉਸ ਉੱਤੇ ਲਾਗੂ ਕੀਤੀ ਜਾ ਰਹੀ ਹੈ ਜਿਸਨੂੰ ਅਸਲ ਵਿੱਚ "ਮੌਜੀਪੁਣਾ" ਕਹਿਣਾ ਚਾਹੀਦਾ ਹੈ)। ਇਹ ਸਾਰੇ ਰੂਸੀ ਸੋਸ਼ਲ-ਡੈਮੋਕ੍ਰੈਟਾਂ ਵੱਲੋਂ ਪ੍ਰਸਪਰ ਦਿੱਤੇ **ਕੌਲ** ਦੇ ਤੁਲ ਸੀ। ਇਹਦਾ ਨਿਸ਼ਾਨਾ ਇਸ ਗੱਲ ਦੀ ਜ਼ਾਮਨੀ ਦੇਣਾ ਸੀ ਕਿ ਕਾਂਗਰਸ ਜਿਹੜੀ ਅਥਾਹ ਯਤਨ, ਖ਼ਤਰਾ ਅਤੇ ਖ਼ਰਚਾ ਲਾਜ਼ਮੀ ਬਣਾਉਂਦੀ ਹੈ, ਵਿਅਰਥ ਨਾ ਜਾਵੇ, ਤੇ ਕਾਂਗਰਸ ਇੱਕ ਸਾਂਗ ਵਿੱਚ ਤਬਦੀਲ ਨਾ ਹੋ ਜਾਵੇ। ਇਹਨੇ ਪਹਿਲਾਂ ਤੋਂ ਹੀ ਕਾਂਗਰਸ ਵੱਲੋਂ ਲਏ ਨਿਰਣਿਆਂ ਅਤੇ ਕੀਤੀਆਂ **ਚੋਣਾਂ ਨੂੰ** ਨਾ ਮੰਨਣ

* ਵੇਖੋ ਦੂਜੀ ਕਾਂਗਰਸ ਦੀ ਕਾਰਵਾਈ, ਪੰਨੇ 22-23 ਅਤੇ 380।

ਨੂੰ **ਕੌਲ ਤੋੜਨਾ** ਬਣਾ ਦਿੱਤਾ ਸੀ।

ਹੁਣ ਜਦੋਂ ਨਵਾਂ "ਇਸਕਰਾ" ਇਹ ਨਵੀਂ ਲੱਭਤ ਲੱਭਦਾ ਹੈ ਕਿ ਕਾਂਗਰਸ ਦੈਵੀ ਨਹੀਂ ਸੀ ਅਤੇ ਇਹਦੇ ਨਿਰਣੇ ਅਟੁੱਟ ਨਹੀਂ ਇਸ ਤਰ੍ਹਾਂ ਉਹ ਕਿਸ ਦਾ ਠੱਠਾ ਉਡਾ ਰਿਹਾ ਹੈ? ਕੀ ਇਸ ਲੱਭਤ ਦੇ ਅਰਥ "ਜਥੇਬੰਦੀ ਸੰਬੰਧੀ ਨਵੇਂ ਵਿਚਾਰ" ਹਨ ਜਾਂ ਪੁਰਾਣੀ ਪੈੜ ਲੁਕਾਉਣ ਦੇ ਨਵੇਂ ਯਤਨ?

## ਅ. ਕਾਂਗਰਸ ਵਿੱਚ ਵੱਖ ਵੱਖ ਟੋਲੀਆਂ ਦੀ ਮਹੱਤਤਾ

ਸੋ, ਕਾਂਗਰਸ ਅਤਿ-ਅੰਤ ਧਿਆਨ ਨਾਲ਼ ਕੀਤੀ ਤਿਆਰੀ ਅਤੇ ਅਤਿ-ਅੰਤ ਮੁਕੰਮਲ ਪ੍ਰਤੀਨਿਧਤਾ ਦੇ ਅਧਾਰ ਉੱਤੇ ਬੁਲਾਈ ਗਈ। ਇਹ ਆਮ ਪ੍ਰਵਾਨਗੀ ਕਿ ਇਹਦੀ ਬਣਤਰ ਠੀਕ ਸੀ ਅਤੇ ਇਹਦੇ ਫ਼ੈਸਲੇ ਸਭ ਲਈ ਪ੍ਰਵਾਨ ਕਰਨੇ **ਉੱਕਾ ਹੀ** ਲਾਜ਼ਮੀ ਹੋਣਗੇ, ਕਾਂਗਰਸ ਦੇ ਜੁੜ ਬਹਿਣ ਪਿੱਛੋਂ ਸਭਾਪਤੀ ਦੇ ਭਾਸ਼ਣ ਵਿੱਚ ਵੀ ਪ੍ਰਗਟ ਹੋਈ (ਕਾਰਵਾਈ, ਪੰਨਾ 54)।

ਕਾਂਗਰਸ ਦਾ ਮੁੱਖ ਕਾਰਜ ਕੀ ਸੀ? ਉਹਨਾਂ ਅਸੂਲਾਂ ਅਤੇ ਜਥੇਬੰਦਕ ਵਿਚਾਰਾਂ ਦੇ ਆਧਾਰ ਉੱਤੇ, ਜਿਹੜੇ "ਇਸਕਰਾ" ਨੇ ਪੇਸ਼ ਕੀਤੇ ਅਤੇ ਵਿਸਥਾਰੇ, ਇੱਕ **ਅਸਲੀ** ਪਾਰਟੀ ਸਿਰਜਣਾ। ਇਹ ਗੱਲ ਕਿ ਇਹ ਉਹ ਸੇਧ ਸੀ ਜਿਸ ਵਿੱਚ ਕਾਂਗਰਸ ਨੇ ਕੰਮ ਕਰਨਾ ਸੀ, "ਇਸਕਰਾ" ਦੀਆਂ ਤਿੰਨ ਵਰ੍ਹਿਆਂ ਦੀਆਂ ਸਰਗਰਮੀਆਂ ਅਤੇ ਕਮੇਟੀਆਂ ਦੀ ਬਹੁਗਿਣਤੀ ਦੁਆਰਾ ਇਹਦੀ ਪ੍ਰਵਾਨਗੀ ਕਾਰਨ ਪਹਿਲਾਂ ਹੀ ਮਿਥੀ ਹੋਈ ਸੀ। "ਇਸਕਰਾ" ਦਾ ਪ੍ਰੋਗਰਾਮ ਅਤੇ ਮੁਹਾਣ ਪਾਰਟੀ ਦਾ ਪ੍ਰਗਰਾਮ ਅਤੇ ਮੁਹਾਣ ਬਣ ਜਾਣਾ ਸੀ; "ਇਸਕਰਾ" ਦੀਆਂ ਜਥੇਬੰਦਕ ਪਲਾਨਾਂ ਪਾਰਟੀ ਦੀ ਜਥੇਬੰਦੀ ਦੇ ਨਿਯਮਾਂ ਵਿੱਚ ਸਾਕਾਰ ਹੋਣੀਆਂ ਸਨ। ਪਰ ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਅਜਿਹਾ ਘੋਲ਼ ਤੋਂ ਬਿਨਾਂ ਨਹੀਂ ਸੀ ਹੋ ਸਕਦਾ: ਕਿਉਂਕਿ ਕਾਂਗਰਸ 'ਚ ਅਤਿ-ਅੰਤ ਪ੍ਰਤੀਨਿਧਤਾ ਸੀ, ਹਿੱਸਾ ਲੈਣ ਵਾਲ਼ਿਆਂ ਵਿੱਚ ਉਹ ਜਥੇਬੰਦੀਆਂ ਵੀ ਸਨ ਜਿਨ੍ਹਾਂ "ਇਸਕਰਾ" ਵਿਰੁੱਧ ਜ਼ੋਰਦਾਰ ਲੜਾਈ ਕੀਤੀ ਸੀ ("ਬੁੰਦ"[5] ਅਤੇ "ਰਾਬੋਚੇਏ ਦੇਲੋ"[6]) ਅਤੇ ਅਜਿਹੀਆਂ ਜਥੇਬੰਦੀਆਂ ਸਨ ਜਿਹੜੀਆਂ ਜ਼ਬਾਨੀ-ਕਲਾਮੀ "ਇਸਕਰਾ" ਦੇ ਮੁੱਖ ਬੁਲਾਰਾ ਹੋਣ ਨੂੰ ਕਬੂਲ ਕਰਦੀਆਂ ਹੋਈਆਂ ਅਸਲ ਵਿੱਚ ਆਪਣੀਆਂ ਪਲਾਨਾਂ ਉੱਤੇ ਚਲਦੀਆਂ ਸਨ ਅਤੇ ਅਸੂਲ ਦੇ ਮਾਮਲਿਆਂ ਉੱਤੇ ਡਾਵਾਂਡੋਲ ਸਨ ("ਯੁਜ਼੍ਹਨੀ ਰਾਬੋਚੀ"[7] ਟੋਲੀ ਅਤੇ ਉਹਦੇ ਨਾਲ਼ ਨੇੜਵੀਂ ਤਰ੍ਹਾਂ ਸੰਬੰਧਤ ਕੁੱਝ ਕਮੇਟੀਆਂ ਦੇ ਪ੍ਰਤੀਨਿਧ)। ਇਹਨਾਂ ਪ੍ਰਸਥਿਤੀਆਂ ਵਿੱਚ ਕਾਂਗਰਸ **"ਇਸਕਰਾ" ਮੁਹਾਣ ਦੀ ਜਿੱਤ ਲਈ ਘੋਲ਼ ਦਾ ਪਿੜ** ਬਣੇ ਬਿਨਾਂ ਨਹੀਂ ਸੀ ਰਹਿ ਸਕਦੀ। ਤੇ ਉਹ ਅਜਿਹਾ ਹੀ ਪਿੜ ਬਣ ਗਈ, ਇਹ ਸਭਨਾਂ ਲਈ ਇੱਕ ਦਮ ਸਪਸ਼ਟ ਹੋ ਜਾਵੇਗਾ ਜਿਹੜੇ ਇਹਦੀ ਕਾਰਵਾਈ ਜ਼ਰਾ ਕੁ ਵੀ ਧਿਆਨ ਨਾਲ਼ ਪੜ੍ਹਨਗੇ। ਹੁਣ ਸਾਡਾ ਕਾਰਜ ਵੱਖ ਵੱਖ ਮਸਲਿਆਂ ਉੱਤੇ ਕਾਂਗਰਸ ਵਿੱਚ ਪ੍ਰਗਟ ਹੋਈਆਂ ਟੋਲੀਆਂ ਦੀ ਪੈੜ ਲੱਭਣਾ ਅਤੇ, ਕਾਰਵਾਈ ਦੀ ਠੀਕ ਠੀਕ ਵਾਕਫ਼ੀ ਦੇ ਅਧਾਰ ਉੱਤੇ ਮੁੱਖ ਟੋਲੀਆਂ ਵਿੱਚੋਂ ਹਰ ਇੱਕ ਦਾ ਸਿਆਸੀ ਮੁਹਾਂਦਰਾ ਲੱਭਣਾ ਹੈ। ਇਹ ਐਨ ਕਿਹੜੀਆਂ

ਟੋਲੀਆਂ, ਮੁਹਾਣ ਅਤੇ ਭਾਹਾਂ ਸਨ, ਜਿਨ੍ਹਾਂ ਕਾਂਗਰਸ ਵਿੱਚ "ਇਸਕਰਾ" ਦੀ ਅਗਵਾਈ ਹੇਠ ਇੱਕੋ ਇੱਕ ਪਾਰਟੀ ਵਿੱਚ ਇੱਕਮੁਠ ਹੋਣਾ ਸੀ ? —ਬਹਿਸਾਂ ਅਤੇ ਵੋਟਾਂ ਦਾ ਵਿਸ਼ਲੇਸ਼ਣ ਕਰਕੇ ਅਸਾਂ ਲਾਜ਼ਮੀ ਤੌਰ ਉੱਤੇ ਇਹੋ ਦਰਸਾਉਣਾ ਹੈ। ਸਾਡੇ ਸੋਸ਼ਲ-ਡੈਮੋਕ੍ਰੈਟ ਜੋ ਕੁੱਝ ਹਨ, ਉਹਦੇ ਅਧਿਐਨ ਅਤੇ ਉਹਨਾਂ ਵਿਚਕਾਰ ਵਖੇਵਿਆਂ ਨੂੰ ਸਮਝਣ, ਅਤੇ ਉਹਨਾਂ ਦੇ ਕਾਰਨਾਂ ਦੂਹਾਂ ਲਈ ਇਹਦਾ ਸਪਸ਼ਟੀਕਰਨ ਬੁਨਿਆਦੀ ਮਹੱਤਤਾ ਵਾਲ਼ਾ ਹੈ। ਇਸੇ ਲਈ ਲੀਗ[8] ਦੀ ਕਾਂਗਰਸ ਵਿੱਚ ਆਪਣੀ ਤਕਰੀਰ ਅਤੇ ਨਵੇਂ "ਇਸਕਰਾ" ਦੇ ਸੰਪਾਦਕਾਂ ਦੇ ਨਾਂ ਆਪਣੇ ਖ਼ਤ ਵਿੱਚ ਮੈਂ ਵੱਖ ਵੱਖ ਟੋਲੀਆਂ ਦੇ ਵਿਸ਼ਲੇਸ਼ਣ ਨੂੰ ਪਹਿਲੀ ਥਾਂ ਦਿੱਤੀ। "ਘੱਟਗਿਣਤੀ" ਵਿੱਚੋਂ ਮੇਰੇ ਵਿਰੋਧੀ (ਜਿਨ੍ਹਾਂ ਦਾ ਮੁਖੀ ਮਾਰਤੋਵ ਸੀ) ਇਸ ਪ੍ਰਸ਼ਨ ਦੇ ਸਾਰਤੱਤ ਨੂੰ ਸਮਝਣੋਂ ਉੱਕਾ ਹੀ ਅਸਮਰੱਥ ਰਹੇ। ਲੀਗ ਦੀ ਕਾਂਗਰਸ ਸਮੇਂ ਉਹਨਾਂ ਆਪਣੇ ਆਪ ਨੂੰ ਵਿਸਥਾਰ ਦੀ ਸੋਧ, ਆਪਣੇ ਆਪ ਨੂੰ ਮੌਕਾਪ੍ਰਸਤੀ ਵੱਲ ਝੁਲ ਜਾਣ ਦੇ ਦੋਸ਼ ਤੋਂ "ਬੇਕਸੂਰ" ਸਿੱਧ ਕਰਨ ਦੇ ਯਤਨ ਕਰਨ ਤੱਕ ਸੀਮਤ ਰੱਖਿਆ, ਪਰ ਉਹਨਾਂ **ਕੋਈ ਹੋਰ** ਖਾਕਾ ਖਿੱਚਕੇ ਕਾਂਗਰਸ ਵਿੱਚ ਟੋਲੀਆਂ ਦੇ ਮੇਰੇ ਵਿਸ਼ਲੇਸ਼ਣ ਦਾ ਮੁਕਾਬਲਾ ਕਰਨ ਦਾ ਯਤਨ ਤੱਕ ਨਾ ਕੀਤਾ। ਹੁਣ ਮਾਰਤੋਵ "ਇਸਕਰਾ" (ਅੰਕ 56) ਵਿੱਚ ਕਾਂਗਰਸ ਵਿੱਚ ਵੱਖ ਵੱਖ ਸਿਆਸੀ ਟੋਲੀਆਂ ਦੀ ਸਪਸ਼ਟ ਤੌਰ ਉੱਤੇ ਹੱਦਬੰਦੀ ਕਰਨ ਦੇ ਹਰ ਯਤਨ ਨੂੰ ਨਰੋਲ "ਮੰਡਲ ਰਾਜ-ਨੀਤੀ" ਵਜੋਂ ਪੇਸ਼ ਕਰਦਾ ਹੈ। ਸਖ਼ਤ ਭਾਸ਼ਾ ਹੈ, ਸਾਥੀ ਮਾਰਤੋਵ! ਪਰ ਨਵੇਂ "ਇਸਕਰਾ" ਦੀ ਸਖ਼ਤ ਭਾਸ਼ਾ ਦੀ ਇਹ ਅਨੋਖੀ ਸਿਫ਼ਤ ਹੈ: ਬੰਦੇ ਨੂੰ ਕਾਂਗਰਸ ਤੋਂ ਲੈਕੇ ਸਾਡੇ ਵਖਰੇਵੇਂ ਦੇ ਸਾਰੇ ਪੜਾਆਂ ਨੂੰ ਮੁੜ ਪੇਸ਼ ਕਰਨ ਦੀ ਹੀ ਲੋੜ ਹੈ ਅਤੇ ਇਹ ਸਖ਼ਤ ਭਾਸ਼ਾ **ਪੂਰੀ ਤਰ੍ਹਾਂ ਅਤੇ ਬੁਨਿਆਦੀ ਤੌਰ ਉੱਤੇ** ਅਜੋਕੇ ਸੰਪਾਦਕ ਮੰਡਲ ਵਿਰੁੱਧ ਹੋ ਜਾਂਦੀ ਹੈ। ਤੁਸੀਂ, ਅਖੌਤੀ ਪਾਰਟੀ ਸੰਪਾਦਕੋ, ਜਿਹੜੇ ਮੰਡਲ ਰਾਜ-ਨੀਤੀ ਦੀਆਂ ਇੰਨੀਆਂ ਗੱਲਾਂ ਕਰਦੇ ਹੋ, ਜ਼ਰਾ ਆਪਣੇ ਉੱਤੇ ਨਿਗਾਹ ਮਾਰੋ।

ਹੁਣ ਮਾਰਤੋਵ ਨੂੰ ਕਾਂਗਰਸ ਵਿੱਚ ਸਾਡੇ ਘੋਲ਼ ਦੇ ਤੱਥ ਇੰਨੇ ਅਸੁਖਾਵੇਂ ਲਗਦੇ ਹਨ ਕਿ ਉਹ ਉਹਨਾਂ ਨੂੰ ਉੱਕਾ ਅੱਖੋਂ ਉਹਲੇ ਕਰਨਾ ਚਾਹੁੰਦਾ ਹੈ। ਉਹ ਕਹਿੰਦਾ ਹੈ, " 'ਇਸਕਰਾ'-ਵਾਦੀ ਉਹ ਹੈ ਜਿਸਨੇ ਪਾਰਟੀ ਕਾਂਗਰਸ ਵਿੱਚ ਅਤੇ ਉਸ ਤੋਂ ਪਹਿਲਾਂ 'ਇਸਕਰਾ' ਨਾਲ਼ ਪੂਰਨ ਇੱਕਮੁਠਤਾ ਪ੍ਰਗਟ ਕੀਤੀ, ਉਹਦੇ ਪ੍ਰੋਗਰਾਮ ਅਤੇ ਜਥੇਬੰਦੀ ਸੰਬੰਧੀ ਉਹਦੇ ਵਿਚਾਰਾਂ ਦੀ ਪੁਸ਼ਟੀ ਕੀਤੀ ਅਤੇ ਉਹਦੀ ਜਥੇਬੰਦਕ ਨੀਤੀ ਦੀ ਹਮਾਇਤ ਕੀਤੀ। ਕਾਂਗਰਸ ਵਿੱਚ ਚਾਲ੍ਹੀ ਤੋਂ ਵੱਧ ਅਜਿਹੇ "ਇਸਕਰਾ"-ਵਾਦੀ ਸਨ—'ਇਸਕਰਾ' ਦੇ ਪ੍ਰੋਗਰਾਮ ਅਤੇ 'ਇਸਕਰਾ' ਨੂੰ ਪਾਰਟੀ ਦੇ ਕੇਂਦਰੀ ਬੁਲਾਰੇ ਵਜੋਂ ਪ੍ਰਵਾਨ ਕਰਨ ਦੇ ਹੱਕ ਵਿੱਚ ਪਏ ਵੋਟਾਂ ਦੀ ਇੰਨੀ ਗਿਣਤੀ ਸੀ।" ਕਾਂਗਰਸ ਦੀ ਕਾਰਵਾਈ ਖੋਲ੍ਹੋ ਅਤੇ ਤੁਹਾਨੂੰ ਪਤਾ ਲੱਗੇਗਾ ਕਿ ਪ੍ਰੋਗਰਾਮ, ਅਕੀਮੋਵ ਤੋਂ ਬਿਨਾਂ ਜਿਸਨੇ ਕਿਸੇ ਪਾਸੇ ਵੋਟ ਨਾ ਦਿੱਤੀ, **ਸਭਨਾਂ** (ਪੰਨਾ 233) ਦੀਆਂ ਵੋਟਾਂ ਨਾਲ਼ ਪ੍ਰਵਾਨ ਕੀਤਾ ਗਿਆ। ਇਉਂ ਸਾਥੀ ਮਾਰਤੋਵ ਇਹ ਦਰਸਾਉਣਾ ਚਾਹੁੰਦਾ ਹੈ ਕਿ ਬੁੰਦਵਾਦੀਆਂ, ਅਤੇ ਬਰੂਕੇਰੇ ਅਤੇ ਮਾਰਤੀਨੋਵ ਨੇ "ਇਸਕਰਾ" ਨਾਲ਼ ਆਪਣੀ "ਪੂਰਨ ਇੱਕਮੁਠਤਾ" **ਪ੍ਰਗਟ ਕੀਤੀ** ਅਤੇ ਜਥੇਬੰਦੀ ਸੰਬੰਧੀ ਇਹ ਵਿਚਾਰਾਂ ਦੀ **ਪੁਸ਼ਟੀ ਕੀਤੀ**! ਇਹ ਹਾਸੋ-ਹੀਣੀ ਗੱਲ ਹੈ। ਇਸ ਤੱਥ ਨੂੰ ਕਿ ਕਾਂਗਰਸ **ਤੋਂ ਪਿੱਛੋਂ** ਉਹ **ਸਾਰੇ** ਜਿਨ੍ਹਾਂ ਹਿੱਸਾ ਲਿਆ

ਪਾਰਟੀ ਦੇ ਸਾਵੇਂ ਮੈਂਬਰ ਬਣ ਗਏ (ਅਤੇ ਸਾਰੇ ਵੀ ਨਹੀਂ ਕਿਉਂਕਿ ਬੁੰਦਵਾਦੀ ਵੱਖ ਹੋ ਗਏ ਸਨ) ਇਥੇ ਧੜੇਬੰਦੀ ਦੇ ਉਸਦੇ ਸਵਾਲ ਨਾਲ਼ ਗਡ-ਮਡ ਕੀਤਾ ਜਾਂਦਾ ਹੈ ਜਿਸ ਨੇ ਕਾਂਗਰਸ **ਵਿੱਚ** ਘੋਲ਼ ਪੈਦਾ ਕੀਤਾ। **ਉਹਨਾਂ ਅੰਸ਼ਾਂ ਦੇ**, ਜਿਹੜੇ ਕਾਂਗਰਸ ਤੋਂ ਪਿੱਛੋਂ "ਬਹੁਗਿਣਤੀ" ਅਤੇ "ਘੱਟਗਿਣਤੀ" ਬਣੇ, ਵਿਸ਼ਲੇਸ਼ਣ ਦੀ ਥਾਂ ਸਾਨੂੰ ਸਰਕਾਰੀ ਵਾਕੰਸ਼, "ਪ੍ਰੋਗਰਾਮ ਨੂੰ ਕਬੂਲ ਕੀਤਾ" ਮਿਲਦਾ ਹੈ!

"ਇਸਕਰਾ" ਨੂੰ ਕੇਂਦਰੀ ਬੁਲਾਰੇ ਵਜੋਂ ਕਬੂਲ ਕਰਨ ਸੰਬੰਧੀ ਵੋਟਾਂ ਨੂੰ ਹੀ ਲਓ। ਤੁਸੀਂ ਵੇਖੋਗੇ ਕਿ ਇਹ ਮਾਰਤੀਨੋਵ ਹੀ ਸੀ — ਜਿਸਨੂੰ ਸਾਥੀ ਮਾਰਤੋਵ ਉਸ ਦਲੇਰੀ ਨਾਲ਼ ਜਿਹੜੀ ਕਿ ਚੰਗੇਰੇ ਆਸ਼ੇ ਲਈ ਵਰਤੇ ਜਾਣ ਦੀ ਹੱਕਦਾਰ ਹੈ, ਹੁਣ "ਇਸਕਰਾ" ਦੇ ਜਥੇਬੰਦਕ ਵਿਚਾਰਾਂ ਅਤੇ ਉਹਦੀ ਜਥੇਬੰਦਕ ਨੀਤੀ ਦੀ ਹਮਾਇਤ ਕਰਦਾ ਦੱਸਦਾ ਹੈ—ਜਿਸਨੇ ਪ੍ਰਸਤਾਵ ਦੇ ਦੋ ਹਿੱਸਿਆਂ ਨੂੰ ਵੱਖ ਵੱਖ ਕਰਨ ਉੱਤੇ ਜ਼ੋਰ ਦਿੱਤਾ: "ਇਸਕਰਾ" ਨੂੰ ਨਰੋਲ ਕੇਂਦਰੀ ਬੁਲਾਰੇ ਵਜੋਂ ਪ੍ਰਵਾਨ ਕਰਨਾ ਅਤੇ ਉਹਦੀਆਂ ਸੇਵਾਵਾਂ ਨੂੰ ਮਾਨਤਾ ਦੇਣੀ। ਜਦੋਂ ਪ੍ਰਸਤਾਵ ਦੇ ਪਹਿਲੇ ਹਿੱਸੇ ("ਇਸਕਰਾ" ਦੀਆਂ ਸੇਵਾਵਾਂ ਨੂੰ ਮਾਨਤਾ ਦੇਣਾ ਅਤੇ ਉਹਦੇ ਨਾਲ਼ **ਇੱਕਮੁਠਤਾ** ਪ੍ਰਗਟ ਕਰਨਾ) ਉੱਤੇ ਵੋਟ ਲਏ ਗਏ ਤਾਂ ਹੱਕ ਵਿੱਚ **ਕੇਵਲ ਇਕੱਤੀ ਵੋਟ** ਪਏ; ਦੋ ਵੋਟ ਵਿਰੁੱਧ ਸਨ (ਅਕੀਮੋਵ ਅਤੇ ਬਰੂਕੇਰੇ) ਅਤੇ ਗਿਆਰਾਂ ਨੇ ਕਿਸੇ ਪਾਸੇ ਵੋਟ ਨਾ ਦਿੱਤੇ (ਮਾਰਤੀਨੋਵ, ਪੰਜ ਬੁੰਦਵਾਦੀ ਅਤੇ ਸੰਪਾਦਕ ਮੰਡਲ ਦੇ ਪੰਜ ਵੋਟ: ਮਾਰਤੋਵ ਅਤੇ ਮੇਰੇ ਦੋ ਦੋ ਵੋਟ ਅਤੇ ਪਲੈਖ਼ਾਨੋਵ ਦਾ ਇੱਕ)। ਇਹਦੇ ਸਿੱਟੇ ਵਜੋਂ "ਇਸਕਰਾ"—ਵਿਰੋਧੀ ਟੋਲੀ ਇੱਥੇ ਵੀ ਸਪਸ਼ਟ ਹੈ (ਪੰਜ ਬੁੰਦਵਾਦੀ ਅਤੇ ਤਿੰਨ "ਰਾਬੋਚੇਏ ਦੇਲੋ"-ਵਾਦੀ), ਇੱਕ ਅਜਿਹੀ ਟੋਲੀ ਜਿਹੜੀ ਮਾਰਤੋਵ ਦੇ ਅਜੋਕੇ ਵਿਚਾਰਾਂ ਲਈ ਅਤਿ-ਅੰਤ ਲਾਭਦਾਇਕ ਹੈ ਅਤੇ ਜਿਹੜੀ ਉਹਨੇ ਆਪ ਚੁਣੀ ਹੈ। ਪ੍ਰਸਤਾਵ ਦੇ ਦੂਜੇ ਹਿੱਸੇ ਉੱਤੇ ਵੋਟਾਂ ਲੈਣ ਨੂੰ ਲਓ—ਮੰਤਵਾਂ ਦੇ ਬਿਆਨ ਜਾਂ ਇਹਦੇ ਨਾਲ਼ ਇੱਕਮੁਠਤਾ ਪ੍ਰਗਟ ਕੀਤੇ ਬਿਨਾਂ "ਇਸਕਰਾ" ਨੂੰ ਕੇਂਦਰੀ ਬੁਲਾਰੇ ਵਜੋਂ ਪ੍ਰਵਾਨ ਕਰਨਾ (ਕਾਰਵਾਈ, ਪੰਨਾ 147): 44 ਨੇ **ਹੱਕ ਵਿੱਚ** ਵੋਟ ਦਿੱਤੇ, ਜਿਨ੍ਹਾਂ ਨੂੰ ਅੱਜ ਦਾ ਮਾਰਤੋਵ "ਇਸਕਰਾ"-ਵਾਦੀਆਂ ਦੀ ਸਾਰਣੀ ਵਿੱਚ ਰੱਖਦਾ ਹੈ, ਪੈਣ ਵਾਲ਼ੇ ਵੋਟਾਂ ਦੀ ਗਿਣਤੀ ਇਕਵੰਜਾ ਸੀ; ਸੰਪਾਦਕਾਂ ਦੇ, ਜਿਨ੍ਹਾਂ ਕਿਸੇ ਪਾਸੇ ਵੋਟ ਨਾ ਦਿੱਤਾ, ਪੰਜ ਵੋਟ ਘਟਾਉਂਦੇ ਹੋਏ, ਸਾਡੇ ਕੋਲ 46 ਰਹਿ ਜਾਂਦੇ ਹਨ; ਦੋ ਨੇ **ਵਿਰੁੱਧ** ਵੋਟ ਦਿੱਤੇ (ਅਕੀਮੋਵ ਅਤੇ ਬਰੂਕੇਰੇ); ਇਹਦੇ ਸਿੱਟੇ ਵਜੋਂ ਬਾਕੀ 44 ਵਿੱਚ **ਸਾਰੇ ਪੰਜ ਬੁੰਦਵਾਦੀ** ਸ਼ਾਮਲ ਹਨ। ਅਤੇ, ਇਸ ਲਈ, ਕਾਂਗਰਸ ਵਿੱਚ ਬੁੰਦਵਾਦੀਆਂ ਨੇ " 'ਇਸਕਰਾ' ਨਾਲ਼ ਮੁਕੰਮਲ ਇੱਕਮੁਠਤਾ ਪ੍ਰਗਟ ਕੀਤੀ"—ਇਉਂ ਸਰਕਾਰੀ "ਇਸਕਰਾ" ਸਰਕਾਰੀ ਇਤਿਹਾਸ ਲਿਖਦਾ ਹੈ! ਘਟਨਾਵਾਂ ਦੀ ਲੜੀ ਤੋਂ ਕੁੱਝ ਅੱਗੇ ਜਾਂਦੇ ਹੋਏ ਅਸੀਂ ਪਾਠਕ ਨੂੰ ਇਸ ਸਰਕਾਰੀ ਸੱਚ ਦੇ ਅਸਲੀ ਕਾਰਨ ਦਸਦੇ ਹਾਂ: **ਜੇ ਬੁੰਦਵਾਦੀ ਅਤੇ "ਰਾਬੋਚੇਏ ਦੇਲੋ"-ਵਾਦੀ ਕਾਂਗਰਸ ਤੋਂ ਵੱਖ ਨਾ ਹੋ ਗਏ ਹੁੰਦੇ** ਤਾਂ "ਇਸਕਰਾ" ਦਾ ਅਜੋਕਾ ਸੰਪਾਦਕ ਮੰਡਲ ਸੱਚਮੁਚ ਪਾਰਟੀ ਸੰਪਾਦਕ ਮੰਡਲ ਹੋ ਸਕਦਾ ਸੀ ਅਤੇ ਹੁੰਦਾ (ਅਤੇ ਅਰਧ-ਪਾਰਟੀ ਸੰਪਾਦਕ ਮੰਡਲ ਨਾ ਹੁੰਦਾ, ਜਿਵੇਂ ਉਹ ਅੱਜਕੱਲ ਹੈ); ਇਸੇ ਲਈ ਅੱਜ ਦੇ ਇਹਨਾਂ ਭਰੋਸੇਯੋਗ ਰੱਖਿਅਕਾਂ ਦੇ, ਅਖੌਤੀ ਤੌਰ ਉੱਤੇ ਪਾਰਟੀ ਸੰਪਾਦਕ ਮੰਡਲ ਦੇ

“ਇਸਕਰਾ”-ਵਾਦੀ ਹੋਣ ਦਾ ਐਲਾਨ ਕਰਨਾ ਲਾਜ਼ਮੀ ਸੀ। ਪਰ ਮੈਂ ਇਸ ਸੰਬੰਧੀ ਵਧੇਰੇ ਵਿਸਥਾਰ ਨਾਲ਼ ਗੱਲ ਅੱਗੇ ਚੱਲਕੇ ਕਰਾਂਗਾ।

ਅਗਲਾ ਸਵਾਲ ਹੈ: ਜੇ ਕਾਂਗਰਸ “ਇਸਕਰਾ”-ਵਾਦੀ ਅਤੇ “ਇਸਕਰਾ”-ਵਿਰੋਧੀ ਅੰਸ਼ਾਂ ਵਿਚਕਾਰ ਘੋਲ਼ ਸੀ ਤਾਂ ਕੀ ਵਿਚਕਾਰਲੇ, ਡਾਵਾਂਡੋਲ ਅੰਸ਼ ਕੋਈ ਨਹੀਂ ਸਨ ਜਿਹੜੇ ਦੁਹਾਂ ਵਿਚਕਾਰ ਡੋਲਦੇ ? ਜੋ ਕੋਈ ਵੀ ਸਾਡੀ ਪਾਰਟੀ ਤੋਂ ਅਤੇ ਹਰ ਤਰ੍ਹਾਂ ਦੀਆਂ ਕਾਂਗਰਸਾਂ ਤੋਂ ਜਾਣੂ ਹੈ, ਉਹਦੀ ਰੁਚੀ ਇਸ ਪ੍ਰਸ਼ਨ ਦਾ ਉੱਤਰ a priori* ਹਾਂ ਵਿੱਚ ਦੇਣ ਵੱਲ ਹੋਵੇਗਾ। ਸਾਥੀ ਮਾਰਤੋਵ ਹੁਣ ਇਹਨਾਂ ਡਾਵਾਂਡੋਲ ਅੰਸ਼ਾਂ ਦਾ ਚੇਤਾ ਕਰਨੋ ਬਹੁਤ ਝਿਜਕਦਾ ਹੈ, ਸੋ ਉਹ “ਯੁਜ਼ਨੀ ਰਾਬੋਚੀ” ਟੋਲੀ ਅਤੇ ਉਹਨਾਂ ਡੈਲੀਗੇਟਾਂ ਨੂੰ ਜਿਹੜੇ ਉਹਨਾਂ ਵੱਲ ਝੁਕਾਅ ਰੱਖਦੇ ਸਨ ਲਖਣਾਇਕ “ਇਸਕਰਾ”-ਵਾਦੀਆਂ ਵਜੋਂ ਅਤੇ ਉਹਨਾਂ ਨਾਲ਼ ਸਾਡੇ ਮਤ-ਭੇਦਾਂ ਨੂੰ ਨਿਗੂਣੇ ਅਤੇ ਮਹੱਤਵਹੀਨ ਵਜੋਂ ਪੇਸ਼ ਕਰਦਾ ਹੈ। ਚੰਗੇ ਭਾਗੀਂ ਸਾਡੇ ਕੋਲ ਹੁਣ ਕਾਰਵਾਈ ਦਾ ਮੁਕੰਮਲ ਪਾਠ ਹੈ ਅਤੇ ਇਸ ਸਵਾਲ ਦਾ ਉੱਤਰ—ਨਿਰਸੰਦੇਹ, ਤੱਥਾਂ ਦੇ ਸਵਾਲ— ਦਾ ਉੱਤਰ ਦਸਤਾਵੇਜ਼ੀ ਗਵਾਹੀ ਦੇ ਅਧਾਰ ਉੱਤੇ ਦੇ ਸਕਦੇ ਹਾਂ। ਅਸਾਂ ਉਪਰ ਕਾਂਗਰਸ ਵਿੱਚ ਆਮ ਤੌਰ ਉੱਤੇ ਟੋਲੀਆਂ ਸੰਬੰਧੀ ਜੋ ਕੁੱਝ ਕਿਹਾ ਸੀ ਉਹ, ਨਿਰਸੰਦੇਹ, ਇਸ ਸਵਾਲ ਦਾ ਉੱਤਰ ਹੋਣ ਦਾ ਦਾਹਵਾ ਨਹੀਂ ਕਰਦਾ, ਸਗੋਂ ਇਹਨੂੰ ਕੇਵਲ ਠੀਕ ਠੀਕ ਢੰਗ ਨਾਲ਼ ਪੇਸ਼ ਹੀ ਕਰਦਾ ਹੈ।

ਸਿਆਸੀ ਟੋਲੀਆਂ ਦੇ ਵਿਸ਼ਲੇਸ਼ਣ ਤੋਂ ਬਿਨਾਂ, ਕਾਂਗਰਸ ਦੇ ਵੱਖ ਵੱਖ ਧੜਿਆਂ ਵਿਚਕਾਰ ਘੋਲ਼ ਹੋਣ ਦੇ ਚਿੱਤਰ ਤੋਂ ਬਿਨਾਂ, ਸਾਡੇ ਵਿਚਕਾਰ ਵਖੇਵਾਂ ਉੱਕਾ ਹੀ ਨਹੀਂ ਸਮਝਿਆ ਜਾ ਸਕਦਾ। ਮਾਰਤੋਵ ਵਲੋਂ ਬੁੰਦਵਾਦੀਆਂ ਤੱਕ ਨੂੰ “ਇਸਕਰਾ”-ਵਾਦੀਆਂ ਨਾਲ਼ ਪਰ੍ਹੇਬੰਦ ਕਰਕੇ ਵੱਖ ਵੱਖ ਧੜਿਆਂ ਨੂੰ ਅੱਖੋਂ ਉਹਲੇ ਕਰਨ ਦਾ ਯਤਨ ਸਵਾਲ ਤੋਂ ਬਸ ਭੱਜ ਨਿਕਲਣਾ ਹੀ ਹੈ। ਇਥੋਂ ਤੱਕ ਕਿ a priori (ਮੁੱਢ ਤੋਂ ਹੀ), ਕਾਂਗਰਸ ਤੋਂ ਪਹਿਲਾਂ ਰੂਸੀ ਸੋਸ਼ਲ-ਡੈਮੋਕ੍ਰੈਟਕ ਲਹਿਰ ਦੇ ਇਤਿਹਾਸ ਦੇ ਅਧਾਰ ਉੱਤੇ (ਪਿੱਛੋਂ ਜਾਕੇ ਤਸਦੀਕ ਅਤੇ ਵਿਸਥਾਰ-ਪੂਰਵਕ ਅਧਿਐਨ ਲਈ) ਤਿੰਨ ਮੁੱਖ ਟੋਲੀਆਂ ਵੇਖੀਆਂ ਜਾਂਦੀਆਂ ਹਨ: “ਇਸਕਰਾ”-ਵਾਦੀ, “ਇਸਕਰਾ”-ਵਿਰੋਧੀ ਅਤੇ ਜਕੋ-ਤਕੇ ਵਾਲੇ ਡਾਵਾਂਡੋਲ ਅੰਸ਼।

## ੲ. ਕਾਂਗਰਸ ਦਾ ਸ਼ੁਰੂ ਹੋਣਾ। ਜਥੇਬੰਦਕ ਕਮੇਟੀ ਦੀ ਘਟਨਾ

ਬਹਿਸਾਂ ਅਤੇ ਵੋਟਾਂ ਦਾ ਵਿਸ਼ਲੇਸ਼ਣ ਕਰਨ ਦਾ ਸਭ ਤੋਂ ਸਹੂਲਤ ਵਾਲ਼ਾ ਢੰਗ ਉਹਨਾਂ ਨੂੰ ਕਾਂਗਰਸ ਦੀਆਂ ਬੈਠਕਾਂ ਦੇ ਕ੍ਰਮ ਅਨੁਸਾਰ ਲੈਣਾ ਹੈ, ਤਾਂ ਜੁ ਜਿਉਂ ਜਿਉਂ ਉਹ ਵਧੇਰੇ ਅਤੇ ਹੋਰ ਵਧੇਰੇ ਪ੍ਰਤੱਖ ਹੋਣ ਲੱਗ ਪਏ, ਤਾਂ ਸਿਲਸਿਲੇਵਾਰ ਢੰਗ ਨਾਲ਼ ਸਿਆਸੀ ਰੰਗਤਾਂ ਨੂੰ ਲਿਆ ਜਾਵੇ। ਕੇਵਲ ਜਦੋਂ ਉੱਕਾ ਹੀ ਜ਼ਰੂਰੀ ਹੋਵੇਗਾ ਨੇੜਿਉਂ ਜੁੜੇ ਸਵਾਲਾਂ ਜਾਂ ਆਪੋ ਵਿੱਚ ਮਿਲਦੀਆਂ ਜੁਲਦੀਆਂ ਟੋਲੀਆਂ ਨੂੰ ਇਕੱਠੇ ਵਿਚਾਰਨ ਲਈ ਕਾਲ-ਕ੍ਰਮ ਲੜੀ

---

* ਮੁੱਢ ਤੋਂ ਹੀ। **—ਅਨੁ.**

ਤੋਂ ਇੱਕ ਪਾਸੇ ਜਾਇਆ ਜਾਵੇਗਾ। ਨਿਰਪੱਖਤਾ ਲਈ ਅਸੀਂ **ਸਾਰੇ** ਮਹੱਤਵਪੂਰਨ ਵੋਟਾਂ ਨੂੰ ਲਵਾਂਗੇ, ਨਿਰਸੰਦੇਹ, ਨਿੱਕੇ ਮੋਟੇ ਮਾਮਲਿਆਂ ਉੱਤੇ ਅਨੇਕ ਵੋਟਾਂ ਨੂੰ ਛੱਡ ਦਿਆਂਗੇ, ਜਿਨ੍ਹਾਂ ਸਾਡੀ ਕਾਂਗਰਸ ਵਿੱਚ ਹੱਦੋਂ ਵੱਧ ਸਮਾਂ ਲਿਆ, (ਅੰਸ਼ਕ ਤੌਰ ਉੱਤੇ ਕਮਿਸ਼ਨਾਂ ਅਤੇ ਪੂਰਨ ਸਮਾਗਮਾਂ ਵਿੱਚ ਸਮੱਗਰੀ ਨੂੰ ਵੰਡਣ ਵਿੱਚ ਸਾਡੀ ਨਾਤਜ਼ਰੇਬਕਾਰੀ ਕਾਰਨ ਅਤੇ ਅੰਸ਼ਕ ਤੌਰ ਉੱਤੇ ਸ਼ਾਬਦਕ ਹੇਰ ਫੇਰ ਕਾਰਨ, ਜਿਹੜਾ ਲਗਭਗ ਅੜਿਚਣਾਂ ਡਾਹੁਣਾ ਬਣਦਾ ਸੀ)।

ਪਹਿਲਾ ਸਵਾਲ ਜਿਸਨੇ ਬਹਿਸ ਪੈਦਾ ਕੀਤੀ, ਜਿਸਨੇ ਧੜਿਆਂ ਦੇ ਫ਼ਰਕ ਪ੍ਰਗਟ ਕਰਨੇ ਸ਼ੁਰੂ ਕੀਤੇ, ਉਹ ਇਹ ਸੀ ਕਿ (ਕਾਂਗਰਸ ਦੇ "ਕੰਮ ਦੇ ਪ੍ਰੋਗਰਾਮ" ਵਿੱਚ) ਇਸ ਮਦ ਨੂੰ ਪਹਿਲ ਦਿੱਤੀ ਜਾਵੇ ਜਾਂ ਨਾ: "ਪਾਰਟੀ ਵਿੱਚ 'ਬੁੰਦ' ਦੀ ਪ੍ਰਸਥਿਤੀ" (ਕਾਰਵਾਈ, ਪੰਨੇ 29-33)। "ਇਸਕਰਾ"-ਵਾਦੀਆਂ ਦੇ ਨਜ਼ਰੀਏ ਤੋਂ, ਜਿਹੜਾ ਪਲੈਖ਼ਾਨੋਵ, ਮਾਰਤੋਵ, ਤਰਾਤਸਕੀ ਨੇ ਅਤੇ ਮੈਂ ਪੇਸ਼ ਕੀਤਾ, ਇਸ ਮਾਮਲੇ ਸੰਬੰਧੀ ਕੋਈ ਸ਼ੱਕ ਨਹੀਂ ਸੀ ਹੋ ਸਕਦਾ। ਪਾਰਟੀ ਤੋਂ "ਬੁੰਦ" ਦੇ ਵੱਖ ਹੋਣ ਨੇ ਉੱਘੜਵੇਂ ਢੰਗ ਨਾਲ਼ ਸਾਡੇ ਵਿਚਾਰ ਦੀ ਪੁਸ਼ਟੀ ਕੀਤੀ: ਜੇ "ਬੁੰਦ" ਸਾਡੇ ਰਾਹ ਜਾਣੋਂ ਅਤੇ ਜਥੇਬੰਦੀ ਦੇ ਉਹ ਅਸੂਲ, ਜਿਸ ਨਾਲ਼ ਪਾਰਟੀ ਦੀ ਬਹੁਗਿਣਤੀ "ਇਸਕਰਾ" ਨਾਲ਼ ਸਹਿਮਤ ਸੀ, ਕਬੂਲ ਕਰਨੋਂ ਇਨਕਾਰੀ ਸੀ ਤਾਂ ਇਹ "ਵਿਖਾਵਾ ਕਰਨਾ" ਕਿ ਅਸੀਂ ਇੱਕੋ ਰਸਤੇ ਉੱਤੇ ਜਾ ਰਹੇ ਹਾਂ, ਵਿਅਰਥ ਅਤੇ ਊਲ-ਜਲੂਲ ਸੀ ਅਤੇ ਕੇਵਲ ਕਾਂਗਰਸ ਨੂੰ ਲਮਕਾਉਂਦਾ (ਜਿਵੇਂ ਬੁੰਦਵਾਦੀਆਂ ਨੇ ਸਚਮੁਚ ਲਮਕਾਇਆ)। ਮਾਮਲਾ ਪਹਿਲਾਂ ਹੀ ਸਾਡੇ ਸਾਹਿਤ ਵਿੱਚ ਪੂਰੀ ਤਰ੍ਹਾਂ ਸਪਸ਼ਟ ਕੀਤਾ ਜਾ ਚੁੱਕਾ ਸੀ ਅਤੇ ਕਿਸੇ ਵੀ ਥੋੜ੍ਹੇ ਜਿਹੇ ਵਿਚਾਰਵਾਨ ਪਾਰਟੀ ਮੈਂਬਰ ਲਈ ਇਹ ਗੱਲ ਸਪਸ਼ਟ ਸੀ ਕਿ ਕਰਨ ਵਾਲੀ ਗੱਲ ਬਸ ਖਰੀ ਤਰਾਂ ਸਵਾਲ ਪੇਸ਼ ਕਰਨ ਤੇ ਦੋ ਟੁੱਕ ਤੇ ਇਮਾਨਦਾਰੀ ਨਾਲ਼ ਚੋਣ ਕਰਨ ਦੀ ਸੀ: ਖ਼ੁਦ-ਅਖ਼ਤਿਆਰੀ (ਉਸ ਹਾਲਤ ਵਿੱਚ ਅਸੀਂ ਇੱਕੋ ਰਾਹ ਜਾ ਰਹੇ ਹਾਂ), ਜਾਂ ਸੰਘ (ਜਿਸ ਹਾਲਤ ਵਿੱਚ ਸਾਡੇ ਰਾਹ ਵੱਖ-ਵੱਖ ਹਨ)।

ਆਪਣੀ ਸਾਰੀ ਨੀਤੀ ਵਿੱਚ ਟਾਲ-ਮਟੋਲੀ, ਬੁੰਦਵਾਦੀ ਇੱਥੇ ਵੀ ਟਾਲਮਟੋਲ ਕਰਨਾ ਅਤੇ ਮਾਮਲਾ ਅੱਗੇ ਪਾਉਣਾ ਚਾਹੁੰਦੇ ਸਨ। ਸਾਥੀ ਅਕੀਮੋਵ ਉਹਨਾਂ ਨਾਲ਼ ਸ਼ਾਮਲ ਹੋ ਗਿਆ, ਜਿਸਨੇ ਸਪਸ਼ਟ ਤੌਰ ਉੱਤੇ "ਰਾਬੋਚੇਏ ਦੇਲੋ" ਦੇ ਪੈਰੋਕਾਰਾਂ ਵੱਲੋਂ, ਜਥੇਬੰਦੀ ਦੇ ਸਵਾਲਾਂ ਉੱਤੇ "ਇਸਕਰਾ" ਨਾਲ਼ ਮਤਭੇਦਾਂ ਨੂੰ ਇੱਕ ਦਮ ਪੇਸ਼ ਕੀਤਾ (ਕਾਰਵਾਈ, ਪੰਨਾ 31)। "ਬੁੰਦ" ਅਤੇ "ਰਾਬੋਚੇਏ ਦੇਲੋ" ਦੀ ਹਮਾਇਤ ਸਾਥੀ ਮਾਖੋਵ ਨੇ ਕੀਤੀ (ਜਿਹੜਾ ਨਿਕੋਲਾਯੇਵ ਕਮੇਟੀ ਦੇ ਦੋ ਵੋਟਾਂ ਦੀ ਪ੍ਰਤੀਨਿਧਤਾ ਕਰਦਾ ਸੀ, ਜਿਸ ਕਮੇਟੀ ਨੇ ਥੋੜ੍ਹਾ ਸਮਾਂ ਪਹਿਲਾਂ "ਇਸਕਰਾ" ਨਾਲ਼ ਇੱਕਮੁਠਤਾ ਪ੍ਰਗਟ ਕੀਤੀ ਸੀ!)। ਸਾਥੀ ਮਾਖੋਵ ਲਈ ਸਾਰਾ ਮਾਮਲਾ ਅਸਪਸ਼ਟ ਸੀ ਅਤੇ ਉਹਦੇ ਖ਼ਿਆਲ ਵਿੱਚ, ਇੱਕ ਹੋਰ "ਦੁਖਦੀ ਰੋਗ" ਸੀ "ਜਮਹੂਰੀ ਪ੍ਰਣਾਲੀ ਜਾਂ, ਇਹਦੇ ਉਲਟ[ਇਸ ਵੱਲ ਧਿਆਨ ਦੇਣਾ!] ਕੇਂਦਰਵਾਦ"—ਐਨ ਸਾਡੇ ਅਜੋਕੇ "ਪਾਰਟੀ" ਸੰਪਾਦਕ ਮੰਡਲ ਵਾਂਗ, ਜਿਸਨੇ ਕਾਂਗਰਸ ਵਿੱਚ ਅਜੇ ਇਹ "ਦੁਖਦੀ ਰੋਗ" ਨਹੀਂ ਸੀ ਪਛਾਣੀ!

"ਇਸਕਰਾ"-ਵਾਦੀਆਂ ਦਾ "ਬੁੰਦ", "ਰਾਬੋਚੇਏ ਦੇਲੋ" ਅਤੇ ਸਾਥੀ ਮਾਖੋਵ ਨੇ

ਵਿਰੋਧ ਕੀਤਾ, ਜਿਨ੍ਹਾਂ ਕੋਲ ਰਲਕੇ ਉਹ ਦਸ ਵੋਟ ਸਨ ਜਿਹੜੇ ਸਾਡੇ ਵਿਰੁੱਧ ਪਾਏ ਗਏ (ਪੰਨਾ 33)। **ਤੀਹ ਵੋਟ ਹੱਕ ਵਿੱਚ** ਪਾਏ ਗਏ—ਇਹ ਉਹ ਅੰਕ ਹੈ, ਜਿਸ ਦੁਆਲੇ ਜਿਵੇਂ ਕਿ ਅਸੀਂ ਅੱਗੇ ਚੱਲ ਕੇ ਵੇਖਾਂਗੇ "ਇਸਕਰਾ"-ਵਾਦੀਆਂ ਲਈ ਵੋਟ ਬਦਲਦੇ ਰਹੇ। ਗਿਆਰਾਂ ਨੇ ਕਿਸੇ ਪਾਸੇ ਵੋਟ ਨਾ ਦਿੱਤੇ, ਸਪਸ਼ਟ ਤੌਰ ਉੱਤੇ ਉਹ ਮੁਕਾਬਲਾ ਕਰ ਰਹੀਆਂ ਦੁਹਾਂ "ਧਿਰਾਂ" ਵਿੱਚੋਂ ਕਿਸੇ ਦਾ ਸਾਥ ਨਹੀਂ ਸਨ ਦੇਣਾ ਚਾਹੁੰਦੇ। ਇਹ ਗੱਲ ਧਿਆਨ ਵਿੱਚ ਰੱਖਣਾ ਰੌਚਕ ਹੈ ਕਿ ਜਦੋਂ ਅਸਾਂ "ਬੁੰਦ" ਦੇ ਨਿਯਮਾਂ ਦੇ ਦੂਜੇ ਪੈਰੇ ਉੱਤੇ ਵੋਟ ਲਏ ਤਾਂ (ਇਹ ਇਸ ਦੂਜੇ ਪੈਰੇ ਦਾ ਰੱਦ ਕੀਤਾ ਜਾਣਾ ਹੀ ਸੀ ਜਿਸ ਕਾਰਨ "ਬੁੰਦ" ਪਾਰਟੀ ਤੋਂ ਵੱਖ ਹੋ ਗਿਆ) ਤਾਂ ਇਹਦੇ ਹੱਕ ਵਿੱਚ ਅਤੇ ਵੋਟ ਨਾ ਦੇਣ ਵਾਲਿਆਂ ਦੀ ਗਿਣਤੀ ਵੀ ਦਸ ਬਣਦੀ ਸੀ (ਕਾਰਵਾਈ, ਪੰਨਾ 289), ਵੋਟ ਨਾ ਦੇਣ ਵਾਲ਼ੇ ਤਿੰਨ "ਰਾਬੋਚੇਏ ਦੇਲੋ"-ਵਾਦੀ (ਬਰੂਕੇਰੇ, ਮਾਰਤੀਨੋਵ, ਅਤੇ ਅਕੀਮੋਵ) ਅਤੇ ਸਾਥੀ ਮਾਖੋਵ। ਸਪਸ਼ਟ ਤੌਰ ਉੱਤੇ ਏਜੰਡੇ ਉੱਤੇ "ਬੁੰਦ" ਦੀ **ਥਾਂ** ਸੰਬੰਧੀ ਧਿਰਾਂ ਦਾ ਬਣਨਾ **ਸਬੱਬੀ ਨਹੀਂ** ਸੀ। ਸਾਫ਼ ਸੀ ਕਿ ਉਹ ਸਾਰੇ ਸਾਥੀ "ਇਸਕਰਾ" ਨਾਲ਼ ਕੇਵਲ ਬਹਿਸ ਦੇ ਤਰੀਕੇ ਦੇ ਤਕਨੀਕੀ ਸਵਾਲਾਂ ਸੰਬੰਧੀ ਹੀ ਨਹੀਂ, ਸਗੋਂ **ਤੱਤ ਵਿੱਚ ਵੀ** ਅਸਹਿਮਤ ਸਨ। "ਰਾਬੋਚੇਏ ਦੇਲੋ" ਸੰਬੰਧੀ, ਤੱਤ ਦਾ ਇਹ ਮਤ-ਭੇਦ ਸਭ ਲਈ ਸਪਸ਼ਟ ਸੀ, ਜਿਥੇ ਕਿ ਸਾਥੀ ਮਾਖੋਵ ਨੇ "ਬੁੰਦ" ਦੇ ਵੱਖ ਹੋਣ ਉੱਤੇ ਦਿੱਤੇ ਭਾਸ਼ਣ ਵਿੱਚ ਆਪਣੇ ਵਤੀਰੇ ਦੀ ਵੀ ਵਿਆਖਿਆ ਕੀਤੀ ਜਿਸਦੇ ਢੰਗ ਦੀ ਰੀਸ ਨਹੀਂ ਕੀਤੀ ਜਾ ਸਕਦੀ (ਕਾਰਵਾਈ, ਪੰਨੇ 289-90)। ਇਸ ਭਾਸ਼ਨ ਵੱਲ ਥੋੜ੍ਹਾ ਧਿਆਨ ਦੇਣਾ ਵਾਜਬ ਹੈ। ਸਾਥੀ ਮਾਖੋਵ ਨੇ ਕਿਹਾ ਕਿ ਸੰਘ ਨੂੰ ਰੱਦ ਕਰਦੇ ਪ੍ਰਸਤਾਵ ਤੋਂ ਪਿੱਛੋਂ, "ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਵਿੱਚ 'ਬੁੰਦ' ਦੀ ਪੋਜ਼ੀਸ਼ਨ ਮੇਰੇ ਲਈ ਸਿਧਾਂਤਕ ਸਵਾਲ ਹੋਣੋਂ ਹਟ ਗਈ ਅਤੇ ਇਤਿਹਾਸਕ ਤੌਰ ਉੱਤੇ ਵਿਕਸਤ ਹੋਈ ਕੌਮੀ ਜਥੇਬੰਦੀ ਦੇ ਸੰਬੰਧ ਵਿੱਚ ਅਮਲੀ ਸਿਆਸਤ ਦਾ ਇੱਕ ਸਵਾਲ ਬਣ ਗਈ।" "ਇਥੇ", ਬੁਲਾਰੇ ਨੇ ਗੱਲ ਜਾਰੀ ਰੱਖੀ, "ਮੈਂ ਉਹਨਾਂ ਸਾਰੇ ਸਿੱਟਿਆਂ ਨੂੰ ਮੁੱਖ ਰੱਖੇ ਬਿਨਾਂ ਨਹੀਂ ਸਾਂ ਰਹਿ ਸਕਦਾ, ਜਿਹੜੇ ਸਾਡੇ ਵੋਟ ਕਾਰਨ ਨਿਕਲ ਸਕਦੇ ਸਨ, ਅਤੇ ਇਸੇ ਲਈ ਇਹਦੀ ਸਮੁੱਚਤਾ ਵਿੱਚ ਪੈਰਾ ਦੋ ਲਈ ਵੋਟ ਦਿੱਤਾ ਹੁੰਦਾ।" ਸਾਥੀ ਮਾਖੋਵ ਨੇ ਬੜੇ ਸ਼ਲਾਘਾਯੋਗ ਢੰਗ ਨਾਲ਼ "ਅਮਲੀ ਸਿਆਸਤ" ਦੀ ਭਾਵਨਾ ਸਮੋ ਲਈ ਹੈ: ਅਸੂਲੀ ਤੌਰ ਉੱਤੇ ਉਹਨੇ ਸੰਘ ਨੂੰ **ਪਹਿਲਾਂ ਹੀ** ਰੱਦ ਕਰ ਦਿੱਤਾ ਹੈ, ਅਤੇ **ਇਸ ਲਈ** ਅਮਲ ਵਿੱਚ ਉਹਨੇ ਨਿਯਮਾਂ ਵਿੱਚ ਇੱਕ ਅਜਿਹਾ ਨੁਕਤਾ ਸ਼ਾਮਲ ਕਰਨ ਲਈ **ਵੋਟ ਦਿੱਤਾ** ਹੁੰਦਾ ਜਿਹੜਾ ਸੰਘ ਦਾ ਲਖਾਇਕ ਹੁੰਦਾ। ਅਤੇ ਇਸ "ਅਮਲੀ" ਸਾਥੀ ਨੇ ਅਸੂਲਾਂ ਸੰਬੰਧੀ ਆਪਣੇ ਗੰਭੀਰ ਨਜ਼ਰੀਏ ਦੀ ਵਿਆਖਿਆ ਇਹਨਾਂ ਸ਼ਬਦਾਂ ਨਾਲ਼ ਕੀਤੀ: "ਪਰ [ਸ਼ਚੇਦਰਿਨ ਦੀ ਪ੍ਰਸਿੱਧ "ਪਰ!"] ਕਿਉਂਕਿ ਮੇਰੇ ਇੱਕ ਜਾਂ ਦੂਜੇ ਪਾਸੇ ਵੋਟ ਦੇਣ ਦੀ ਮਹੱਤਤਾ ਕੇਵਲ ਅਸੂਲੀ ਹੀ ਹੁੰਦੀ [!!] ਅਤੇ ਕਾਂਗਰਸ ਦੇ ਬਾਕੀ ਡੈਲੀਗੇਟਾਂ ਦੇ ਲਗਭਗ ਸਰਬ-ਸੰਮਤੀ ਨਾਲ਼ ਕਿਤੇ ਵੋਟਾਂ ਨੂੰ ਮੁੱਖ ਰੱਖਦੇ ਹੋਏ ਇਹਦੀ ਕੋਈ ਅਮਲੀ ਮਹੱਤਤਾ ਨਾ ਹੁੰਦੀ, ਅਸੂਲੀ ਤੌਰ ਉੱਤੇ..." [ਰੱਬ ਅਜਿਹੇ ਅਸੂਲਾਂ ਤੋਂ ਸਾਡੀ ਰੱਖਿਆ ਕਰੇ!] "ਆਪਣੇ ਅਤੇ 'ਬੁੰਦ' ਦੇ ਡੈਲੀਗੇਟਾਂ ਵਿਚਕਾਰ, ਜਿਨ੍ਹਾਂ ਹੱਕ ਵਿੱਚ ਵੋਟ ਦਿੱਤੇ, ਫ਼ਰਕ ਪ੍ਰਤੱਖ ਕਰਨ ਲਈ ਮੈਂ ਕਿਸੇ ਪਾਸੇ

ਵੋਟ ਨਾ ਦਿੱਤਾ। ਇਹਦੇ ਉਲਟ, ਜੇ 'ਬੁੰਦ' ਦੇ ਡੈਲੀਗੇਟਾਂ ਨੇ ਵੋਟ ਨਾ ਦਿੱਤੇ ਹੁੰਦੇ, ਜਿਹਾ ਕਿ ਉਹ ਪਹਿਲਾਂ ਜ਼ੋਰ ਦੇ ਰਹੇ ਸਨ, ਤਾਂ ਮੈਂ ਹੱਕ ਵਿੱਚ ਵੋਟ ਦਿੱਤਾ ਹੁੰਦਾ।" ਕੀ ਤੁਸੀਂ ਇਹਦਾ ਸਿਰ ਪੈਰ ਲੱਭ ਸਕਦੇ ਹੋ ? ਇੱਕ ਅਸੂਲੀ ਬੰਦਾ ਉੱਚੀ ਅਵਾਜ਼ ਵਿੱਚ "ਹਾਂ" ਕਹਿਣੋਂ ਸੰਕੋਚ ਕਰਦਾ ਹੈ ਕਿਉਂਕਿ ਜਦੋਂ ਹਰ ਇੱਕ "ਨਾਂਹ" ਕਹਿ ਰਿਹਾ ਸੀ ਤਾਂ ਇਹ ਅਮਲੀ ਤੌਰ ਉੱਤੇ ਵਿਅਰਥ ਹੁੰਦਾ।

ਏਜੰਡੇ ਉੱਤੇ "ਬੁੰਦ" ਦੇ ਸਥਾਨ ਦੀ ਮਦ ਤੋਂ ਪਿੱਛੋਂ ਕਾਂਗਰਸ ਵਿੱਚ "ਬੋਰਬਾ"[9] ਟੋਲੀ ਦਾ ਮਸਲਾ ਆ ਗਿਆ; ਇਹਦੇ ਸਿੱਟੇ ਵਜੋਂ ਵੀ ਅਤਿ-ਅੰਤ ਰੌਚਕ ਟੋਲੀਆਂ ਬਣੀਆਂ ਅਤੇ ਇਹਦਾ ਵੀ ਕਾਂਗਰਸ ਦੇ ਅਤਿ-ਅੰਤ "ਦੁਖਦੇ" ਮਾਮਲਿਆਂ, ਅਰਥਾਤ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਨਾਲ਼ ਨੇੜਵਾਂ ਸੰਬੰਧ ਸੀ। ਜਿਹੜੀ ਕਮੇਟੀ ਕਾਂਗਰਸ ਦੀ ਬਣਤਰ ਮਿਥਣ ਲਈ ਬਣਾਈ ਗਈ, ਉਹਨੇ ਜਥੇਬੰਦ ਕਮੇਟੀ ਵੱਲੋਂ **ਦੋ ਵਾਰ** ਪ੍ਰਵਾਨ ਕੀਤੇ ਨਿਰਣੇ (ਵੇਖੋ ਕਾਰਵਾਈ, ਪੰਨੇ 383 ਅਤੇ 394) ਅਤੇ **ਪਿਛਲੇਰੇ ਦੇ ਪ੍ਰਤੀਨਿਧਾਂ ਦੀ ਇਸ ਕਮੇਟੀ ਸੰਬੰਧੀ** ਰਿਪੋਰਟ (ਪੰਨਾ 35) ਨੂੰ ਮੁੱਖ ਰੱਖਦੇ ਹੋਏ "ਬੋਰਬਾ" ਟੋਲੀ ਨੂੰ ਸੱਦਾ ਦੇਣ ਵਿਰੁੱਧ ਨਿਰਣਾ ਕੀਤਾ।

ਇਸ ਉੱਤੇ ਸਾਥੀ ਯੇਗੋਰੋਵ, **ਜਥੇਬੰਦਕ ਕਮੇਟੀ ਦੇ ਇੱਕ ਮੈਂਬਰ**, ਨੇ ਕਿਹਾ ਕਿ " 'ਬੋਰਬਾ' ਦਾ ਸਵਾਲ" (ਧਿਆਨ ਨਾਲ਼ ਵੇਖਣਾ, "ਬੋਰਬਾ" ਦਾ ਅਤੇ ਇਹਦੇ ਕਿਸੇ ਖ਼ਾਸ ਮੈਂਬਰ ਦਾ ਨਹੀਂ) ਉਹਦੇ ਲਈ ਨਵਾਂ ਹੈ ਅਤੇ ਮੁਲਤਵੀ ਕੀਤੇ ਜਾਣ ਦੀ ਮੰਗ ਕੀਤੀ। ਜਥੇਬੰਦਕ ਕਮੇਟੀ ਦੇ ਇੱਕ ਮੈਂਬਰ ਲਈ, ਜਿਸਨੇ ਦੋ ਵਾਰ ਨਿਰਣਾ ਕੀਤਾ ਸੀ, ਸਵਾਲ ਨਵਾਂ ਕਿਵੇਂ ਹੋ ਸਕਦਾ, ਇੱਕ ਭੇਤ ਰਿਹਾ ਹੈ। ਸਥਗਤੀ ਦੇ ਸਮੇਂ ਵਿੱਚ ਜਥੇਬੰਦਕ ਕਮੇਟੀ ਨੇ ਇੱਕ ਇਕੱਤ੍ਰਤਾ ਕੀਤੀ (ਕਾਰਵਾਈ, ਪੰਨਾ 40), ਜਿਸ ਵਿੱਚ ਉਹ ਮੈਂਬਰ ਸ਼ਾਮਲ ਹੋਏ ਜਿਹੜੇ ਕਾਂਗਰਸ ਵਿੱਚ ਮੌਜੂਦ ਸਨ (ਜਥੇਬੰਦਕ ਕਮੇਟੀ ਦੇ ਕਈ ਮੈਂਬਰ, "ਇਸਕਰਾ" ਜਥੇਬੰਦੀ ਦੇ ਪੁਰਾਣੇ ਮੈਂਬਰ ਕਾਂਗਰਸ ਵਿੱਚ ਨਹੀਂ ਸਨ)।* ਫਿਰ "ਬੋਰਬਾ" ਸੰਬੰਧੀ ਬਹਿਸ ਸ਼ੁਰੂ ਹੋ ਗਈ। "ਰਾਬੋਚੇਏ ਦੇਲੋ"-ਵਾਦੀ (ਮਾਰਤੀਨੋਵ, ਅਕੀਮੋਵ, ਅਤੇ ਬਰੂਕੇਰੇ—ਪੰਨੇ 36-38) ਹੱਕ ਵਿੱਚ ਸਨ, "ਇਸਕਰਾ"-ਵਾਦੀ (ਪਾਵਲੋਵਿਚ, ਸੋਰੋਕਿਨ, ਲਾਂਗੇ, ਤਰਾਤਸਕੀ, ਮਾਰਤੋਵ ਅਤੇ ਹੋਰ)—ਵਿਰੁੱਧ। ਕਾਂਗਰਸ ਫਿਰ ਉਹਨਾਂ ਟੋਲੀਆਂ ਵਿੱਚ ਵੰਡੀ ਗਈ, ਜਿਨ੍ਹਾਂ ਤੋਂ ਅਸੀਂ ਜਾਣੂ ਹਾਂ। "ਬੋਰਬਾ" ਸੰਬੰਧੀ ਘੋਲ਼ ਬੜਾ ਸਖ਼ਤ ਸੀ, ਅਤੇ ਸਾਥੀ ਮਾਰਤੋਵ ਨੇ ਇੱਕ ਬੜੀ ਵੇਰਵੇ-ਸਹਿਤ (ਪੰਨਾ 38) ਅਤੇ "ਲੜਾਕੂ" ਤਕਰੀਰ ਕੀਤੀ, ਜਿਸ ਵਿੱਚ ਉਹਨੇ ਠੀਕ ਤਰ੍ਹਾਂ ਰੂਸ ਅਤੇ ਵਿਦੇਸ਼ਾਂ ਵਿੱਚ ਟੋਲੀਆਂ ਦੀ "ਪ੍ਰਤੀਨਿਧਤਾ ਦੀ ਨਾਬਰਾਬਰੀ" ਵੱਲ ਜੋ ਸੰਕੇਤ ਕੀਤਾ, ਅਤੇ ਕਿਹਾ ਕਿ ਕਿਸੇ ਵਿਦੇਸ਼ੀ ਟੋਲੀ ਨੂੰ ਕੋਈ "ਵਿਸ਼ੇਸ਼ ਅਧਿਕਾਰ" ਦੇਣਾ ਸ਼ਾਇਦ ਹੀ "ਠੀਕ" ਹੋਵੇਗਾ (ਸੁਨਹਿਰੀ ਸ਼ਬਦ, ਕਾਂਗਰਸ ਤੋਂ ਪਿੱਛੋਂ ਦੀਆਂ ਘਟਨਾਵਾਂ ਦੀ

---

* ਇਸ ਇਕੱਤ੍ਰਤਾ ਸੰਬੰਧੀ ਪਾਵਲੋਵਿਚ ਦਾ "ਖ਼ਤ" ਵੇਖੋ, ਜਿਹੜਾ ਜਥੇਬੰਦਕ ਕਮੇਟੀ ਦਾ ਮੈਂਬਰ ਸੀ ਅਤੇ ਜਿਹੜਾ ਕਾਂਗਰਸ ਤੋਂ ਪਹਿਲਾਂ **ਸਰਬ-ਸੰਮਤੀ ਨਾਲ਼**, ਸੰਪਾਦਕ ਮੰਡਲ ਦੇ ਇਤਬਾਰੀ ਪ੍ਰਤੀਨਿਧ ਵਜੋਂ, ਇਹਦਾ ਸੱਤਵਾਂ ਮੈਂਬਰ ਚੁਣਿਆ ਗਿਆ ਸੀ (ਲੀਗ ਦੀ ਕਾਰਵਾਈ, ਪੰਨਾ 44)।

ਰੋਸ਼ਨੀ ਵਿੱਚ, ਅੱਜ ਵਿਸ਼ੇਸ਼ ਤੌਰ ਉੱਤੇ ਗਿਆਨ-ਵਰਧਕ ਹਨ) ਅਤੇ ਇਹ ਕਿ ਸਾਨੂੰ "ਉਸ ਪਾਰਟੀ ਵਿੱਚ, ਅਸੂਲਾਂ ਨੂੰ ਮੁੱਖ ਰੱਖਣ ਕਾਰਨ ਹੱਕੀ ਨਾ ਹੁੰਦੀ ਹੋਈ ਫੁੱਟ ਜਿਸਦੀ ਲਖਣਾਇਕ ਹੈ, ਜਥੇਬੰਦਕ ਗੜ-ਬੜ ਦਾ" ਉਤਸ਼ਾਹ ਨਹੀਂ ਵਧਾਉਣਾ ਚਾਹੀਦਾ (ਸਾਡੀ ਪਾਰਟੀ ਕਾਂਗਰਸ ਵਿੱਚ "ਘੱਟਗਿਣਤੀ"... ਲਈ ਕਿਆ ਕਸ ਕੇ ਜੜੀ ਹੈ!)। ਬੁਲਾਰਿਆਂ ਦੀ ਸੂਚੀ ਖ਼ਤਮ ਹੋ ਜਾਣ ਤੱਕ "ਰਾਬੋਚੇਏ ਦੇਲੋ" ਦੇ ਪੈਰੋਕਾਰਾਂ ਤੋਂ ਬਿਨਾਂ "ਬੋਰਬਾ" ਦੇ ਹੱਕ ਵਿੱਚ **ਕੋਈ ਨਾ** ਨਿੱਤਰਿਆ (ਪੰਨਾ 40)। ਸਾਥੀ ਅਕੀਮੋਵ ਅਤੇ ਉਹਦੇ ਮਿੱਤਰਾਂ ਦੇ ਹੱਕ ਵਿੱਚ ਇਹ ਗੱਲ ਕਹੀ ਜਾਣੀ ਚਾਹੀਦੀ ਹੈ ਕਿ ਘੱਟੋ-ਘੱਟ ਉਹਨਾਂ ਵਲ਼-ਵਲੇਵੇਂ ਨਾ ਮਾਰੇ ਅਤੇ ਲੁਕੇ ਨਾ, ਸਗੋਂ ਖਰੀ ਤਰ੍ਹਾਂ ਅਤੇ ਦਲੀਲ ਦਿੱਤੇ ਮੰਤਵਾਂ ਨਾਲ਼ ਆਪਣੀ ਸੇਧ ਦੀ ਹਮਾਇਤ ਕੀਤੀ, ਖ਼ਰੀ ਤਰ੍ਹਾਂ ਉਹ ਕੁੱਝ ਕਿਹਾ ਜੋ ਉਹ ਕਹਿਣਾ ਚਾਹੁੰਦੇ ਸਨ।

ਬੁਲਾਰਿਆਂ ਦੀ ਸੂਚੀ ਮੁੱਕਣ **ਪਿੱਛੋਂ**, ਜਦੋਂ **ਖ਼ੁਦ ਮਸਲੇ ਸੰਬੰਧੀ** ਬੋਲਣਾ ਨਿਯਮਾਂ ਦੇ ਵਿਰੁੱਧ ਸੀ, ਸਾਥੀ ਯੇਗੋਰੋਵ ਨੇ "ਜ਼ੋਰ ਨਾਲ਼ ਮੰਗ ਕੀਤੀ ਕਿ ਜਥੇਬੰਦਕ ਕਮੇਟੀ ਵੱਲੋਂ ਹੁਣੇ ਹੁਣੇ ਪ੍ਰਵਾਨ ਕੀਤੇ ਇੱਕ ਨਿਰਣੇ ਉੱਤੇ ਵਿਚਾਰ ਕੀਤੀ ਜਾਵੇ"। ਇਹ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਡੈਲੀਗੇਟ ਇਸ ਚਾਲ ਉੱਤੇ ਭੜਕ ਉੱਠੇ ਅਤੇ ਸਭਾਪਤੀ ਸਾਥੀ ਪਲੈਖ਼ਾਨੋਵ ਨੇ ਇਸ ਗੱਲ ਉੱਤੇ ਆਪਣੀ "ਹੈਰਾਨੀ ਪ੍ਰਗਟ ਕੀਤੀ ਕਿ ਸਾਥੀ ਯੇਗੋਰੋਵ ਆਪਣੀ ਇਸ ਮੰਗ ਉੱਤੇ ਜ਼ੋਰ ਦੇਂਦਾ ਹੈ"। ਬੰਦਾ ਸੋਚ ਸਕਦਾ ਹੈ, ਇੱਕ ਗੱਲ ਜਾਂ ਦੂਜੀ: ਜਾਂ ਤਾਂ ਵਿਚਾਰੇ ਜਾ ਰਹੇ ਸਵਾਲ ਸੰਬੰਧੀ ਕਾਂਗਰਸ ਸਾਹਮਣੇ ਖੁੱਲ੍ਹਾ ਅਤੇ ਨਿਸ਼ਚਿਤ ਸਟੈਂਡ ਅਪਣਾਓ, ਜਾਂ ਕੁੱਝ ਨਾ ਕਹੋ। ਪਰ ਬੁਲਾਰਿਆਂ ਦੀ ਸੂਚੀ ਮੁੱਕ ਜਾਣ ਦੇਣਾ ਅਤੇ ਫਿਰ "ਬਹਿਸ ਦੇ ਉੱਤਰ" ਦੇ ਨਾਂ ਉੱਤੇ ਕਾਂਗਰਸ ਦੇ ਸਾਹਮਣੇ, ਐਨ ਉਸ ਵਿਸ਼ੇ ਸੰਬੰਧੀ ਜਿਸ ਉੱਤੇ ਵਿਚਾਰ ਹੁੰਦੀ ਰਹੀ ਹੈ, ਜਥੇਬੰਦਕ ਕਮੇਟੀ ਦਾ ਇੱਕ **ਨਵਾਂ** ਨਿਰਣਾ ਪੇਸ਼ ਕਰਨਾ, ਪਿੱਠ ਵਿੱਚ ਛੁਰਾ ਮਾਰਨਾ ਸੀ!

ਜਦੋਂ ਦੁਪਹਿਰ ਦੇ ਖਾਣੇ ਤੋਂ ਪਿੱਛੋਂ ਇਕੱਤ੍ਰਤਾ ਫਿਰ ਸ਼ੁਰੂ ਹੋਈ ਤਾਂ, ਬਿਊਰੋ ਨੇ ਜਿਹੜਾ ਅਜੇ ਤੱਕ ਭੁਚਲਾਇਆ ਹੋਇਆ ਸੀ, "ਰਸਮੀ ਕਾਰਵਾਈ" ਛੱਡ ਦੇਣ ਅਤੇ ਅਖ਼ੀਰੀ ਢੰਗ ਦਾ ਜਿਹੜਾ ਕਾਂਗਰਸਾਂ ਵਿੱਚ ਅਤਿਅੰਤ ਔਖੀ ਪ੍ਰਸਥਿਤੀ ਵਿੱਚ ਅਪਣਾਇਆ ਜਾਂਦਾ ਹੈ, ਅਰਥਾਤ "ਸਾਥੀਆਂ ਵਾਲੀ ਵਿਆਖਿਆ" ਦਾ ਸਹਾਰਾ ਲੈਣ ਦਾ ਨਿਰਣਾ ਕੀਤਾ। ਜਥੇਬੰਦਕ ਕਮੇਟੀ ਦੇ ਪ੍ਰਤੀਨਿਧ, ਪੋਪੋਵ ਨੇ ਕਮੇਟੀ ਦੇ ਨਿਰਣੇ ਦਾ ਐਲਾਨ ਕੀਤਾ, ਜਿਹੜਾ ਇੱਕ, ਪਾਵਲੋਵਿਚ (ਪੰਨਾ 43) ਦੇ ਮੁਕਾਬਲੇ ਉੱਤੇ ਸਾਰੇ ਮੈਂਬਰਾਂ ਵਲੋਂ ਪ੍ਰਵਾਨ ਕੀਤਾ ਗਿਆ ਸੀ ਅਤੇ ਜਿਹੜਾ ਕਾਂਗਰਸ ਅੱਗੇ ਸਿਫ਼ਾਰਸ਼ ਕਰਦਾ ਸੀ ਕਿ ਉਹ ਰਿਆਜ਼ਾਨੋਵ ਨੂੰ ਸੱਦਾ ਦੇਵੇ।

ਪਾਵਲੋਵਿਚ ਨੇ ਕਿਹਾ ਕਿ ਉਹਨੇ ਜਥੇਬੰਦਕ ਕਮੇਟੀ ਦੀ ਇਕੱਤ੍ਰਤਾ ਦੇ ਉਚਿਤ ਹੋਣ ਨੂੰ ਵੰਗਾਰਿਆ ਸੀ ਅਤੇ ਹੁਣ ਵੀ ਵੰਗਾਰਦਾ ਹੈ, ਅਤੇ ਇਹ ਕਿ ਕਮੇਟੀ ਦਾ ਨਵਾਂ ਨਿਰਣਾ "**ਪਹਿਲਾਂ ਦੇ ਨਿਰਣਿਆਂ ਦਾ ਨਿਖੇਧ ਕਰਦਾ ਹੈ**"। ਇਸ ਬਿਆਨ ਨੇ ਹੰਗਾਮਾ ਖੜਾ ਕਰ ਦਿੱਤਾ। ਸਾਥੀ ਯੇਗੋਰੋਵ ਨੇ, ਉਹ ਵੀ ਜਥੇਬੰਦਕ ਕਮੇਟੀ ਦਾ ਮੈਂਬਰ ਅਤੇ "ਯੁਜ਼੍ਹਨੀ ਰਾਬੋਚੀ" ਟੋਲੀ ਦਾ ਮੈਂਬਰ ਸੀ, ਵਿਵਾਦ ਹੇਠਲੇ ਸਵਾਲ ਦਾ ਸਿੱਧਾ ਉੱਤਰ ਦੇਣੋਂ ਟਾਲਮਟੋਲ

ਕੀਤੀ ਅਤੇ ਕੇਂਦਰੀ ਨੁਕਤੇ ਨੂੰ ਅਨੁਸ਼ਾਸਨ ਦਾ ਸਵਾਲ ਬਣਾਉਣ ਦਾ ਯਤਨ ਕੀਤਾ। ਉਹਨੇ ਦਾਅਵਾ ਕੀਤਾ ਕਿ ਸਾਥੀ ਪਾਵਲੋਵਿਚ ਨੇ ਪਾਰਟੀ ਅਨੁਸ਼ਾਸਨ ਦੀ ਉਲੰਘਣਾ ਕੀਤੀ ਹੈ (!), ਕਿਉਂਕਿ, ਉਹਦਾ ਰੋਸ ਸੁਣਨ ਪਿੱਛੋਂ ਜਥੇਬੰਦਕ ਕਮੇਟੀ ਨੇ ਨਿਰਣਾ ਕੀਤਾ ਸੀ ਕਿ "ਪਾਵਲੋਵਿਚ ਦੀ ਅਸੰਮਤੀ ਵਾਲ਼ੀ ਰਾਏ ਕਾਂਗਰਸ ਦੇ ਸਾਹਮਣੇ ਪੇਸ਼ ਨਾ ਕੀਤੀ ਜਾਵੇ"। ਬਹਿਸ ਪਾਰਟੀ ਅਨੁਸ਼ਾਸਨ ਵੱਲ ਚਲੀ ਗਈ, ਅਤੇ, ਡੈਲੀਗੇਟਾਂ ਦੀਆਂ ਜ਼ੋਰਦਾਰ ਤਾੜੀਆਂ ਵਿਚਕਾਰ, ਪਲੈਖ਼ਾਨੋਵ ਨੇ ਸਾਥੀ ਯੇਗੋਰੋਵ ਦੀ ਸਿੱਖਿਆ ਲਈ ਵਿਆਖਿਆ ਕੀਤੀ ਕਿ **"ਸਾਡੇ ਵਿੱਚ ਅਨੁਸ਼ਾਸਨ ਵਾਲੀਆਂ ਹਦਾਇਤਾਂ ਜਿਹੀ ਕੋਈ ਸ਼ੈਅ ਨਹੀਂ"** (ਪੰਨਾ 42; ਪੰਨਾ 379, ਕਾਂਗਰਸ ਲਈ ਨਿਯਮ, ਨੁਕਤਾ 7 ਨਾਲ਼ ਮੁਕਾਬਲਾ ਕਰੋ: "ਡੈਲੀਗੇਟਾਂ ਦੇ ਅਧਿਕਾਰਾਂ ਉੱਤੇ ਬੰਧੇਜ ਵਾਲੀਆਂ ਹਦਾਇਤਾਂ ਰਾਹੀਂ ਰੋਕ ਬਿਲਕੁਲ ਨਾ ਲਾਈ ਜਾਵੇ। ਆਪਣੇ ਅਧਿਕਾਰਾਂ ਦੀ ਵਰਤੋਂ ਵਿੱਚ, ਡੈਲੀਗੇਟ ਉੱਕਾ ਹੀ ਆਜ਼ਾਦ ਅਤੇ ਮੁਕਤ ਹਨ")। "ਕਾਂਗਰਸ ਸਰਵਉੱਚ ਪਾਰਟੀ ਅਧਿਕਰਣ ਹੈ", ਅਤੇ, ਇਹਦੇ ਸਿੱਟੇ ਵਜੋਂ ਜਿਹੜਾ ਕਿਸੇ ਵੀ ਤਰ੍ਹਾਂ ਕਿਸੇ ਡੈਲੀਗੇਟ ਨੂੰ ਪਾਰਟੀ ਜੀਵਨ ਦਾ **ਕੋਈ ਵੀ** ਸਵਾਲ **ਸਿੱਧੀ ਤਰ੍ਹਾਂ** ਕਾਂਗਰਸ ਦੇ ਸਾਹਮਣੇ ਲਿਜਾਣੋਂ ਰੋਕਦਾ ਹੈ, ਉਹ ਪਾਰਟੀ ਅਨੁਸ਼ਾਸਨ ਅਤੇ ਕਾਂਗਰਸ ਦੇ ਨਿਯਮਾਂ ਦੀ ਉਲੰਘਣਾ ਕਰਦਾ ਹੈ। ਮਾਮਲਾ ਇਥੋਂ ਤੱਕ ਘਟ ਗਿਆ: ਮੰਡਲ ਜਾਂ ਪਾਰਟੀ ? ਕੀ ਵੱਖ-ਵੱਖ ਸੰਸਥਾਵਾਂ ਅਤੇ ਮੰਡਲਾਂ ਦੇ ਕਾਲਪਨਿਕ ਹੱਕਾਂ ਅਤੇ ਨਿਯਮਾਂ ਦੇ ਨਾਂ ਉੱਤੇ ਕਾਂਗਰਸ ਦੇ ਡੈਲੀਗੇਟਾਂ ਦੇ ਹੱਕਾਂ ਉੱਤੇ ਰੋਕ ਲਾਈ ਜਾਣੀ ਸੀ ਜਾਂ ਪਾਰਟੀ ਦੀਆਂ ਅਸਲੀ ਅਧਿਕਾਰਿਤ ਸੰਸਥਾਵਾਂ ਦੀ ਸਥਾਪਤੀ ਤੱਕ **ਸਾਰੀਆਂ** ਹੇਠਲੀਆਂ ਸੰਸਥਾਵਾਂ ਅਤੇ ਪੁਰਾਣੀਆਂ ਟੋਲੀਆਂ ਕਾਂਗਰਸ ਦੇ ਸਨਮੁਖ **ਪੂਰਨ ਤੌਰ ਉੱਤੇ** ਅਤੇ ਨਾਂ ਵਿੱਚ ਹੀ ਨਹੀਂ ਸਗੋਂ ਅਸਲ ਵਿੱਚ ਤੋੜ ਦਿੱਤੀਆਂ ਜਾਣੀਆਂ ਸਨ ? ਪਾਠਕ ਇਸ ਤੋਂ ਪਹਿਲਾਂ ਹੀ ਵੇਖ ਲਵੇਗਾ ਕਿ ਇਸ ਕਾਂਗਰਸ ਦੇ ਐਨ ਮੁੱਢ ਤੋਂ ਹੀ (ਤੀਜੀ ਬੈਠਕ) ਅਸੂਲ ਦੇ ਨਜ਼ਰੀਏ ਤੋਂ ਇਹ ਵਿਵਾਦ ਪਾਰਟੀ ਦੀ ਅਸਲ ਮੁੜ-ਸਥਾਪਤੀ ਲਈ ਕਿੰਨੀ ਡੂੰਘੀ ਮਹੱਤਤਾ ਵਾਲ਼ਾ ਸੀ। ਇੱਕ ਤਰ੍ਹਾਂ, ਇਸ ਵਿਵਾਦ ਵਿੱਚ ਪੁਰਾਣੇ ਮੰਡਲਾਂ ਅਤੇ ਨਿੱਕੀਆਂ ਟੋਲੀਆਂ ("ਯੁਜ਼ਨੀ ਰਾਬੋਚੀ" ਜਿਹੀਆਂ) ਅਤੇ ਪੁਨਰ-ਜਾਗ੍ਰਤ ਪਾਰਟੀ ਵਿਚਕਾਰ ਟੱਕਰ ਕੇਂਦਰਤ ਹੋਈ ਸੀ। "ਇਸਕਰਾ"-ਵਿਰੋਧੀ ਟੋਲੀਆਂ ਨੇ ਆਪਣੇ ਆਪ ਨੂੰ ਇੱਕਦਮ ਪ੍ਰਗਟ ਕੀਤਾ: ਬੁੰਦਵਾਦੀ ਅਬਰਾਮਸਨ, ਅਜੋਕੇ "ਇਸਕਰਾ" ਦੇ ਸੰਪਾਦਕ ਮੰਡਲ ਦੇ ਉਸ ਜੁਸ਼ੀਲੇ ਇਤਿਹਾਦੀ ਸਾਥੀ ਮਾਰਤੀਨੋਵ, ਅਤੇ ਸਾਡੇ ਮਿੱਤਰ ਸਾਥੀ ਮਾਖੋਵ, ਸਾਰਿਆਂ ਨੇ ਪਾਵਲੋਵਿਚ ਵਿਰੁੱਧ ਯੇਗੋਰੋਵ ਅਤੇ "ਯੁਜ਼ਨੀ ਰਾਬੋਚੀ" ਟੋਲੀ ਦਾ ਸਾਥ ਦਿੱਤਾ। ਸਾਥੀ ਮਾਰਤੀਨੋਵ, ਜਿਹੜਾ ਹੁਣ ਜਥੇਬੰਦੀ ਵਿੱਚ "ਜਮਹੂਰੀਅਤ" ਦੀ ਹਮਾਇਤ ਕਰਨ ਵਿੱਚ ਮਾਰਤੋਵ ਅਤੇ ਐਕਸਲਰੋਦ ਨਾਲ਼ ਬਿਦਦਾ ਹੈ, ਫ਼ੌਜ ਦੀ... ਉਦਾਹਰਣ ਦੇਣ ਤੱਕ ਗਿਆ, ਜਿੱਥੇ ਉਚੇਰੇ ਅਧਿਕਰਣ ਅੱਗੇ ਅਪੀਲ ਨੀਵੇਰੇ ਰਾਹੀਂ ਕੀਤੀ ਜਾ ਸਕਦੀ ਹੈ!! ਜਿਹੜਾ ਕੋਈ ਕਾਂਗਰਸ ਵਿੱਚ ਮੌਜੂਦ ਸੀ ਜਾਂ ਜਿਸਨੇ ਕਾਂਗਰਸ ਤੋਂ ਪਹਿਲਾਂ ਸਾਡੀ ਪਾਰਟੀ ਦੇ ਅੰਦਰਲੇ ਇਤਿਹਾਸ ਦਾ ਧਿਆਨ ਨਾਲ਼ ਅਧਿਐਨ ਕੀਤਾ ਹੈ, ਉਹਦੇ ਲਈ ਇਸ "ਗਠਵੇਂ" "ਇਸਕਰਾ"-ਵਿਰੋਧੀ ਵਿਰੋਧ ਦਾ ਸੱਚਾ ਅਰਥ ਬਿਲਕੁਲ ਸਪਸ਼ਟ ਸੀ। ਵਿਰੋਧ ਦਾ ਮੰਤਵ ਸੀ (ਜਿਹੜਾ

ਸ਼ਾਇਦ ਇਹਦੇ ਸਾਰੇ ਪ੍ਰਤੀਨਿਧਾਂ ਨੇ ਅਨੁਭਵ ਨਹੀਂ ਕੀਤਾ, ਅਤੇ ਜਿਸ ਲਈ ਕਈ ਵਾਰ ਕੇਵਲ ਸਿਥਲਤਾ ਦੇ ਬਲ ਨਾਲ਼ ਚੱਲਿਆ ਗਿਆ) ਨਿੱਕੇ, ਤੁੱਛ ਟੋਲੀਆਂ ਦੀ ਆਜ਼ਾਦੀ, ਵਿਅਕਤੀਵਾਦ ਅਤੇ ਸੌੜੇ ਹਿਤਾਂ ਦੀ ਉਸ ਵਿਸ਼ਾਲ ਪਾਰਟੀ ਵੱਲੋਂ ਨਿਗਲ ਲੈਣ ਵਿਰੁੱਧ ਰੱਖਿਆ ਕਰਨੀ ਜਿਹੜੀ "ਇਸਕਰਾ" ਦੇ ਅਸੂਲਾਂ ਅਨੁਸਾਰ ਉਸਾਰੀ ਜਾ ਰਹੀ ਸੀ।

ਸਾਥੀ ਮਾਰਤੋਵ ਨੇ, ਜਿਸਨੇ ਅਜੇ ਤੱਕ ਮਾਰਤੀਨੋਵ ਨਾਲ਼ ਸ਼ਕਤੀਆਂ ਸਾਂਝੀਆਂ ਨਹੀਂ ਸਨ ਕੀਤੀਆਂ, ਸਵਾਲ ਵੱਲ ਐਨ ਇਸੇ ਕੋਣ ਤੋਂ ਪਹੁੰਚ ਅਪਣਾਈ। ਸਾਥੀ ਮਾਰਤੋਵ ਉਹਨਾਂ ਵਿਰੁੱਧ ਮੈਦਾਨ ਵਿੱਚ ਨਿੱਤਰਿਆ, ਅਤੇ ਹੱਕੀ ਤੌਰ ਉੱਤੇ ਅਜਿਹਾ ਕੀਤਾ, ਜਿਨ੍ਹਾਂ ਦਾ "ਪਾਰਟੀ ਅਨੁਸ਼ਾਸਨ ਦਾ ਸੰਕਲਪ **ਨੀਵੇਂ** ਦਰਜੇ ਦੀ ਉਸ ਟੋਲੀ ਪ੍ਰਤੀ ਇਨਕਲਾਬੀ ਦੇ ਕਰਤੱਵ ਤੋਂ ਅੱਗੇ ਨਹੀਂ ਜਾਂਦਾ, ਜਿਸ ਵਿੱਚ ਉਹ ਸ਼ਾਮਲ ਹਨ"। "ਇੱਕਮੁਠ ਪਾਰਟੀ ਅੰਦਰ ਕੋਈ **ਜਬਰੀ** [ਸ਼ਬਦ ਉੱਤੇ ਜ਼ੋਰ ਮਾਰਤੋਵ ਨੇ ਦਿੱਤਾ ਹੈ] ਧੜੇਬੰਦੀ ਸਹਾਰੀ ਨਹੀਂ ਜਾ ਸਕਦੀ", ਉਹਨੇ ਮੰਡਲ ਮਾਨਸਿਕਤਾ ਦੇ ਹਾਮੀਆਂ ਨੂੰ ਸਮਝਾਇਆ, ਇਹ ਨਾ ਵੇਖਦੇ ਹੋਏ ਕਿ ਕਾਂਗਰਸ ਦੇ ਅੰਤ ਉੱਤੇ ਅਤੇ ਉਸ ਤੋਂ ਪਿੱਛੋਂ ਇਹ ਸ਼ਬਦ ਉਹਦੇ ਸਿਆਸੀ ਵਤੀਰੇ ਲਈ ਕਿਹੋ ਜਿਹੀ ਮੂੰਗਲੀ ਸਾਬਤ ਹੋਵੇਗੀ।... ਇੱਕ ਜਬਰੀ ਧੜੇਬੰਦੀ ਜਥੇਬੰਦਕ ਕਮੇਟੀ ਦੇ ਸੰਬੰਧ ਵਿੱਚ ਨਹੀਂ ਸਹਾਰੀ ਜਾ ਸਕਦੀ, ਪਰ ਸੰਪਾਦਕ ਮੰਡਲ ਵਿੱਚ ਬਹੁਤ ਸੁਹਣੀ ਤਰ੍ਹਾਂ ਸਹਾਰੀ ਜਾ ਸਕਦੀ ਹੈ। ਜਦੋਂ ਉਹ ਕੇਂਦਰ ਦੇ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ ਤਾਂ ਮਾਰਤੋਵ ਜਬਰੀ ਧੜੇਬੰਦੀ ਦੀ ਨਿਖੇਧੀ ਕਰਦਾ ਹੈ ਪਰ ਜਿਸ ਘੜੀ ਉਹ ਵੇਖਦਾ ਹੈ ਕਿ ਕੇਂਦਰ ਦੀ ਬਣਤਰ ਨਾਲ਼ ਸਹਿਮਤ ਨਹੀਂ ਤਾਂ ਉਹ ਇੱਕਦਮ ਇਹਦੀ ਹਮਾਇਤ ਕਰਦਾ ਹੈ।...

ਇਹ ਗੱਲ ਧਿਆਨ ਵਿੱਚ ਰੱਖਣੀ ਰੋਚਕ ਹੈ ਕਿ ਆਪਣੇ ਭਾਸ਼ਣ ਵਿੱਚ ਸਾਥੀ ਮਾਰਤੋਵ ਨੇ ਨਾ ਕੇਵਲ ਸਾਥੀ ਯੇਗੋਰੋਵ ਦੀ "ਡੂੰਘੀ ਗ਼ਲਤੀ" ਉੱਤੇ ਹੀ ਜ਼ੋਰ ਦਿੱਤਾ, ਸਗੋਂ ਜਥੇਬੰਦਕ ਕਮੇਟੀ ਦੀ ਸਿਆਸੀ ਅਸਥਿਰਤਾ ਉੱਤੇ ਵੀ ਜ਼ੋਰ ਦਿੱਤਾ। ਉਹ ਰੋਹ ਨਾਲ਼ ਕੂਕ ਉਠਿਆ, "ਜਥੇਬੰਦਕ ਕਮੇਟੀ ਵੱਲੋਂ ਇੱਕ ਤਜਵੀਜ਼ ਪੇਸ਼ ਕੀਤੀ ਗਈ ਹੈ, ਜਿਹੜੀ ਕਮੇਟੀ ਦੀ ਰਿਪੋਰਟ ਦੇ [ਜਿਹੜੀ, ਅਸੀਂ ਵਾਧਾ ਕਰਦੇ ਹਾਂ, ਜਥੇਬੰਦਕ ਕਮੇਟੀ ਦੇ ਮੈਂਬਰਾਂ ਦੀ ਰਿਪੋਰਟ ਉੱਤੇ ਅਧਾਰਤ ਸੀ, —ਪੰਨਾ 43, ਕੋਲਤਸੋਵ ਦੀ ਟਿੱਪਣੀ ] ਅਤੇ **ਜਥੇਬੰਦਕ ਕਮੇਟੀ ਦੀਆਂ ਆਪਣੀਆਂ ਪਹਿਲੀਆਂ ਸਿਫ਼ਾਰਸ਼ਾਂ ਦੇ ਉਲਟ ਜਾਂਦੀ ਹੈ।**" (ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ)। ਜਿਹਾ ਕਿ ਅਸੀਂ ਵੇਖਦੇ ਹਾਂ, **ਉਸ ਸਮੇਂ** ਮਾਰਤੋਵ ਨੇ ਸਪਸ਼ਟ ਤੌਰ ਉੱਤੇ ਅਨੁਭਵ ਕੀਤਾ ਕਿ "ਬੋਰਬਾ" ਦੀ ਥਾਂ ਰਿਆਜ਼ਾਨੋਵ ਨੂੰ ਦੇਣਾ ਕਿਸੇ ਵੀ ਤਰ੍ਹਾਂ ਜਥੇਬੰਦਕ ਕਮੇਟੀ ਦੇ ਅਮਲਾਂ ਦੇ ਵਿਰੋਧੀਪੁਣੇ ਅਤੇ ਅਸਥਿਰਤਾ ਨੂੰ ਦੂਰ ਨਹੀਂ ਕਰਦਾ। (ਪਾਰਟੀ ਮੈਂਬਰ ਲੀਗ ਕਾਂਗਰਸ ਦੀ ਕਾਰਵਾਈ, ਪੰਨਾ 57 ਤੋਂ ਵੇਖ ਸਕਦੇ ਹਨ ਕਿ ਆਪਣੇ ਝੂਲ ਕੇ ਦੂਜੇ ਪਾਸੇ ਜਾਣ ਤੋਂ ਪਿੱਛੋਂ ਮਾਰਤੋਵ ਮਾਮਲੇ ਨੂੰ ਕਿਵੇਂ ਵਿਚਾਰਦਾ ਸੀ)। ਮਾਰਤੋਵ ਨੇ ਉਸ ਸਮੇਂ ਆਪਣੇ ਆਪ ਨੂੰ ਅਨੁਸ਼ਾਸਨ ਦੇ ਮਸਲੇ ਦੇ ਵਿਸ਼ਲੇਸ਼ਣ ਤੱਕ ਸੀਮਤ ਨਾ ਰੱਖਿਆ; ਉਹਨੇ ਕੋਰੇ ਢੰਗ ਨਾਲ਼ ਜਥੇਬੰਦਕ ਕਮੇਟੀ ਤੋਂ ਪੁੱਛਿਆ: "**ਤਬਦੀਲੀ** ਜ਼ਰੂਰੀ ਬਣਾਉਣ ਵਾਲ਼ੀਆਂ ਕਿਹੜੀਆਂ ਨਵੀਆਂ ਹਾਲਤਾਂ ਪੈਦਾ ਹੋ ਗਈਆਂ ਹਨ ?" (ਸ਼ਬਦ ਉੱਤੇ ਜ਼ੋਰ ਮੈਂ ਦਿੱਤਾ ਹੈ।) ਅਤੇ ਨਿਸ਼ਚੇ ਹੀ, ਜਦੋਂ

ਜਥੇਬੰਦਕ ਕਮੇਟੀ ਨੇ ਇਹ ਸਿਫ਼ਾਰਸ਼ ਕੀਤੀ ਤਾਂ ਉਹਦੇ ਵਿੱਚ ਆਪਣੀ ਰਾਏ ਦੀ ਖੁੱਲ੍ਹੀ ਹਮਾਇਤ ਕਰਨ ਦੀ ਹਿੰਮਤ ਨਾ ਪਈ, ਜਿਵੇਂ ਅਕੀਮੋਵ ਅਤੇ ਹੋਰਾਂ ਨੇ ਕੀਤਾ। ਮਾਰਤੋਵ ਇਸ ਤੋਂ ਇਨਕਾਰੀ ਹੈ (ਲੀਗ ਦੀ ਕਾਰਵਾਈ, ਪੰਨਾ 56), ਪਰ ਜਿਹੜਾ ਕੋਈ ਕਾਂਗਰਸ ਦੀ ਕਾਰਵਾਈ ਵੇਖਦਾ ਹੈ ਉਹ ਵੇਖੇਗਾ ਕਿ ਉਹ ਗ਼ਲਤ ਹੈ। ਜਥੇਬੰਦਕ ਕਮੇਟੀ ਦੀ ਸਿਫ਼ਾਰਸ਼ ਪੇਸ਼ ਕਰਦੇ ਹੋਏ ਪੋਪੋਵ ਨੇ ਮੰਤਵਾਂ ਸੰਬੰਧੀ **ਇੱਕ ਸ਼ਬਦ ਤੱਕ ਨਾ** ਕਿਹਾ (ਪਾਰਟੀ ਕਾਂਗਰਸ, ਕਾਰਵਾਈ, ਪੰਨਾ 41)। ਯੇਗੋਰੋਵ ਨੇ ਮਸਲੇ ਨੂੰ ਅਨੁਸ਼ਾਸਨ ਦੇ ਮਾਮਲੇ ਵੱਲ ਤਬਦੀਲ ਕਰ ਦਿੱਤਾ ਅਤੇ ਖ਼ੁਦ ਸਵਾਲ ਸੰਬੰਧੀ ਜੋ ਕੁੱਝ ਕਿਹਾ ਉਹ ਇਹ ਸੀ: "ਹੋ ਸਕਦਾ ਹੈ ਜਥੇਬੰਦਕ ਕਮੇਟੀ ਸਾਹਮਣੇ ਨਵੇਂ ਕਾਰਨ ਹੋਣ" [ਪਰ ਕੀ ਉਹਦੇ ਕੋਲ ਇਹ ਸਨ, ਅਤੇ ਇਹ ਨਵੇਂ ਕਾਰਨ ਕੀ ਸਨ, ਇਹ ਅਗਿਆਤ ਹੈ]; "ਹੋ ਸਕਦਾ ਹੈ ਉਹ ਕਿਸੇ ਨੂੰ ਨਾਮਜ਼ਦ ਕਰਨਾ ਭੁੱਲ ਗਈ ਹੋਵੇ, ਇਤਿ-ਆਦਿ।" [ਇਹ "ਇਤਿ-ਆਦਿ" ਇੱਕੋ ਇੱਕ ਆਸਰਾ ਸੀ, ਕਿਉਂਕਿ ਜਥੇਬੰਦਕ ਕਮੇਟੀ "ਬੋਰਬਾ" ਸੰਬੰਧੀ **ਭੁੱਲ** ਨਹੀਂ ਸੀ ਸਕਦੀ, ਜਿਸ ਸੰਬੰਧੀ ਇਹਨੇ ਕਾਂਗਰਸ ਤੋਂ ਪਹਿਲਾਂ ਦੋ ਵਾਰ ਅਤੇ ਇੱਕ ਵਾਰ ਕਮੇਟੀ ਵਿੱਚ ਵਿਚਾਰ ਕੀਤੀ।] "ਜਥੇਬੰਦਕ ਕਮੇਟੀ ਨੇ ਇਹ ਨਿਰਣਾ ਇਸ ਲਈ ਨਹੀਂ ਕੀਤਾ ਕਿ ਉਹਨੇ 'ਬੋਰਬਾ' ਟੋਲੀ ਵੱਲ ਆਪਣਾ ਵਤੀਰਾ ਤਬਦੀਲ ਕਰ ਲਿਆ ਹੈ, ਸਗੋਂ ਇਸ ਲਈ ਕਿ ਉਹ ਸਰਗਰਮੀਆਂ ਦੇ ਐਨ ਮੁੱਢ ਤੋਂ ਹੀ ਪਾਰਟੀ ਦੀ ਭਵਿੱਖ ਦੀ ਕੇਂਦਰੀ ਜਥੇਬੰਦੀ ਦੇ ਰਾਹ ਵਿੱਚੋਂ ਬੇਲੋੜੀਆਂ ਚਟਾਨਾਂ ਹਟਾਉਣਾ ਚਾਹੁੰਦੀ ਹੈ।" ਇਹ ਕਾਰਨ ਨਹੀਂ ਸਗੋਂ ਕਾਰਨ ਤੋਂ ਭੱਜਣਾ ਹੈ। ਹਰ ਸੁਹਿਰਦ ਸੋਸ਼ਲ-ਡੈਮੋਕ੍ਰੈਟ (ਅਤੇ ਸਾਨੂੰ ਕਾਂਗਰਸ ਦੇ ਕਿਸੇ ਡੈਲੀਗੇਟ ਦੀ ਸੁਹਿਰਦਤਾ ਸੰਬੰਧੀ ਨਿੱਕੇ ਤੋਂ ਨਿੱਕਾ ਸ਼ੱਕ ਵੀ ਨਹੀਂ) ਉਹਨਾਂ ਨੂੰ ਹਟਾਉਣਾ ਚਾਹੁੰਦਾ ਹੈ ਜਿਨ੍ਹਾਂ ਨੂੰ **ਉਹ** ਡੁੱਬੀਆਂ ਚਟਾਨਾਂ **ਸਮਝਦਾ ਹੈ** ਅਤੇ ਉਹਨਾਂ ਨੂੰ **ਉਹਨਾਂ ਢੰਗਾਂ ਨਾਲ਼** ਹਟਾਉਣਾ ਚਾਹੁੰਦਾ ਹੈ ਜਿਨ੍ਹਾਂ ਨੂੰ **ਉਹ** ਯੋਗ **ਸਮਝਦਾ ਹੈ।** ਕਾਰਨ ਦੱਸਣ ਦੇ ਅਰਥ ਕੇਵਲ ਮਾਮਲਿਆਂ ਸੰਬੰਧੀ ਆਪਣੇ ਵਿਚਾਰ ਸਾਫ਼ ਤੌਰ ਉੱਤੇ ਪੇਸ਼ ਕਰਨਾ ਅਤੇ ਉਹਨਾਂ ਦੀ ਵਿਆਖਿਆ ਕਰਨਾ ਹੈ ਅਤੇ ਘਿਸੀਆਂ ਪਿਸੀਆਂ ਗੱਲਾਂ ਨਾਲ਼ ਡੰਗ ਟਪਾਉਣਾ ਨਹੀਂ। ਅਤੇ ਉਹ " 'ਬੋਰਬਾ' ਵੱਲ ਆਪਣੇ ਵਤੀਰਾ ਤਬਦੀਲ" ਕੀਤੇ ਬਿਨਾਂ ਕਾਰਨ **ਨਹੀਂ ਸਨ ਦੱਸ ਸਕਦੇ**, ਕਿਉਂਕਿ ਆਪਣੇ ਪਹਿਲੇ ਅਤੇ ਉਲਟ ਨਿਰਣਿਆਂ ਵਿੱਚ ਵੀ ਜਥੇਬੰਦਕ ਕਮੇਟੀ ਨੂੰ ਡੁੱਬੀਆਂ ਚਟਾਨਾਂ ਹਟਾਉਣ ਸੰਬੰਧੀ ਫ਼ਿਕਰਮੰਦੀ ਸੀ, ਪਰ ਉਸ ਸਮੇਂ ਉਹਨੇ ਐਨ ਉਲਟ ਨੂੰ ਇਹ "ਚਟਾਨਾਂ" ਸਮਝਿਆ। ਅਤੇ ਸਾਥੀ ਮਾਰਤੋਵ ਨੇ ਬੜੀ ਸਖ਼ਤੀ ਨਾਲ਼ ਅਤੇ ਠੀਕ ਤਰ੍ਹਾਂ ਇਸ ਦਲੀਲ ਉੱਤੇ ਹਮਲਾ ਕੀਤਾ, ਇਹ ਕਹਿੰਦੇ ਹੋਏ ਕਿ ਇਹ "**ਤੁੱਛ**" ਹੈ, ਕਿ "**ਮਸਲੇ ਨੂੰ ਦਬਾਉਣ**" ਦੀ ਇੱਛਾ ਤੋਂ ਉਤਸ਼ਾਹਤ ਹੋਇਆ ਹੈ, ਅਤੇ ਜਥੇਬੰਦਕ ਕਮੇਟੀ ਨੂੰ ਸਲਾਹ ਦਿੱਤੀ ਕਿ "**ਉਹ ਇਸ ਗੱਲੋਂ ਨਾ ਡਰੇ ਕਿ ਲੋਕ ਕੀ ਕਹਿਣਗੇ**"। ਇਹ ਸ਼ਬਦ ਉਸ ਸਿਆਸੀ ਧੜੇ ਦਾ ਪੂਰਨ ਲੱਛਣੀਕਰਨ ਕਰਦੇ ਹਨ, ਜਿਸਨੇ ਕਾਂਗਰਸ ਵਿੱਚ ਇੰਨਾ ਵੱਡਾ ਹਿੱਸਾ ਅਦਾ ਕੀਤਾ, ਅਤੇ ਜਿਸਦਾ ਉੱਘੜਵਾਂ ਲੱਛਣ ਐਨ ਉਹਦੀ ਆਜ਼ਾਦੀ ਦੀ ਅਣਹੋਂਦ, ਉਹਦੀ ਤੁੱਛਤਾ, ਉਹਦੀ ਖ਼ੁਦ ਆਪਣੀ ਸੇਧ ਦੀ ਅਣਹੋਂਦ, ਉਹਦਾ ਇਸ ਗੱਲ ਦਾ ਡਰ ਕਿ ਲੋਕ ਕੀ ਕਹਿਣਗੇ, ਉਹਦੀ ਦੋ ਨਿਸ਼ਚਿਤ ਧਿਰਾਂ ਵਿਚਕਾਰ

ਲਗਾਤਾਰ ਡਾਵਾਂਡੋਲਤਾ, ਉਹਦਾ ਆਪਣਾ ਨਿਸ਼ਚਾ ਸਪਸ਼ਟ ਤੌਰ ਉੱਤੇ ਬਿਆਨ ਕਰਨੋਂ ਡਰਨਾ—ਮੁਕਦੀ ਗੱਲ "ਜਿਲ੍ਹਣ"* ਦੇ ਸਾਰੇ ਲੱਛਣ ਹਨ।

ਲਗਦੇ ਹੱਥ, ਅਸਥਿਰ ਟੋਲੀ ਦੇ ਸਿਆਸੀ ਕਾਇਰਤਾ ਦਾ ਇੱਕ ਸਿੱਟਾ ਇਹ ਸੀ ਕਿ ਬੁੰਦਵਾਦੀ ਯੂਦਿਨ (ਪੰਨਾ 53) ਤੋਂ ਬਿਨਾਂ **ਕਿਸੇ ਨੇ** ਕਾਂਗਰਸ ਦੇ ਸਾਹਮਣੇ ਇਸ ਮਤਲਬ ਦਾ ਪ੍ਰਸਤਾਵ ਪੇਸ਼ ਨਾ ਕੀਤਾ ਕਿ "ਬੋਰਬਾ" ਟੋਲੀ ਦੇ ਪ੍ਰਤੀਨਿਧਾਂ ਵਿੱਚੋਂ ਇੱਕ ਨੂੰ ਸੱਦਾ ਦਿੱਤਾ ਜਾਵੇ। ਯੂਦਿਨ ਦੇ ਪ੍ਰਸਤਾਵ ਨੂੰ ਪੰਜ ਵੋਟ ਮਿਲੇ—ਜਾਪਦਾ ਹੈ ਸਾਰੇ ਬੁੰਦਵਾਦੀ, ਡਾਵਾਂਡੋਲ ਅੰਸ਼ਾਂ ਨੇ ਫਿਰ ਆਪਣੀ ਧਿਰ ਤਬਦੀਲ ਕਰ ਲਈ ਸੀ! ਇਸ ਵਿਚਕਾਰਲੀ ਟੋਲੀ ਦੇ ਵੋਟਾਂ ਦੀ ਗਿਣਤੀ ਕਿੰਨੀ ਵੱਡੀ ਸੀ ਇਹ ਇਸ ਸਵਾਲ ਸੰਬੰਧੀ ਕੋਲਤਸੋਵ ਅਤੇ ਯੂਦਿਨ ਦੇ ਪ੍ਰਸਤਾਵਾਂ ਉੱਤੇ ਪਏ ਵੋਟਾਂ ਤੋਂ ਸਪਸ਼ਟ ਹੈ: "ਇਸਕਰਾ"-ਵਾਦੀਆਂ ਨੂੰ 32 ਵੋਟ ਮਿਲੇ (ਪੰਨਾ 47), ਬੁੰਦਵਾਦੀਆਂ ਨੂੰ 16, ਅਰਥਾਤ "ਇਸਕਰਾ"-ਵਿਰੋਧੀਆਂ ਦੇ ਅੱਠ ਵੋਟਾਂ ਤੋਂ ਬਿਨਾਂ, ਸਾਥੀ ਮਾਖੋਵ ਦੇ ਦੋ ਵੋਟ (ਵੇਖੋ ਪੰਨਾ 46), "ਯੁਜ਼ਨੀ ਰਾਬੋਚੀ" ਟੋਲੀ ਦੇ ਚਾਰ ਵੋਟ ਅਤੇ ਦੋ ਹੋਰ। ਅਸੀਂ ਛੇਤੀ ਹੀ ਦਰਸਾਵਾਂਗੇ ਕਿ ਇਸ ਪਰ੍ਹੇਬੰਦੀ ਨੂੰ ਕਿਸੇ ਵੀ ਤਰ੍ਹਾਂ ਸਬੱਬੀ ਨਹੀਂ ਸਮਝਿਆ ਜਾ ਸਕਦਾ; ਪਰ ਪਹਿਲਾਂ ਆਓ ਅਸੀਂ ਸੰਖੇਪ ਤੌਰ ਉੱਤੇ ਜਥੇਬੰਦਕ ਕਮੇਟੀ ਘਟਨਾ ਸੰਬੰਧੀ ਮਾਰਤੋਵ ਦੇ **ਅਜੋਕੇ** ਨਜ਼ਰੀਏ ਨੂੰ ਲਈਏ। ਮਾਰਤੋਵ ਨੇ ਲੀਗ ਵਿੱਚ ਕਿਹਾ ਕਿ "ਪਾਵਲੋਵਿਚ ਅਤੇ ਹੋਰਾਂ ਨੇ ਜੋਸ਼ ਭੜਕਾਇਆ"। ਪਰ ਇਹ ਵੇਖਣ ਲਈ ਕਿ "ਬੋਰਬਾ" ਅਤੇ ਜਥੇਬੰਦਕ ਕਮੇਟੀ ਵਿਰੁੱਧ ਸਭ ਤੋਂ ਲੰਮੇ, ਸਭ ਤੋਂ ਗਰਮ ਅਤੇ ਸਭ ਤੋਂ ਤਿੱਖੇ ਭਾਸ਼ਣ ਮਾਰਤੋਵ ਨੇ ਦਿੱਤੇ, ਬੰਦੇ ਦੇ ਬਸ ਕਾਂਗਰਸ ਦੀ ਕਾਰਵਾਈ ਵੇਖਣ ਦੀ ਹੀ ਲੋੜ ਹੈ। ਪਾਵਲੋਵਿਚ ਉਤੇ "ਦੋਸ਼" ਥੋਪਣ ਦਾ ਯਤਨ ਕਰਕੇ ਉਹ ਕੇਵਲ ਆਪਣੀ ਅਸਥਿਰਤਾ ਦਰਸਾਉਂਦਾ ਹੈ; ਕਾਂਗਰਸ ਤੋਂ ਪਹਿਲਾਂ ਉਹਨੇ ਪਾਵਲੋਵਿਚ ਨੂੰ ਸੰਪਾਦਕ ਮੰਡਲ ਦਾ ਸੱਤਵਾਂ ਮੈਂਬਰ ਚੁਣਨ ਵਿੱਚ ਸਹਾਇਤਾ ਦਿੱਤੀ; ਕਾਂਗਰਸ ਵਿੱਚ ਉਹਨੇ ਯੇਗੋਰੋਵ ਵਿਰੁੱਧ ਆਪਣੇ ਆਪ ਨੂੰ ਪੂਰੀ ਤਰ੍ਹਾਂ ਪਾਵਲੋਵਿਚ ਨਾਲ਼ ਸੰਬੰਧਤ ਕੀਤਾ (ਪੰਨਾ 44); ਪਰ ਪਿੱਛੋਂ, ਪਾਵਲੋਵਿਚ ਹੱਥੋਂ ਹਾਰ ਖਾਕੇ ਉਹ ਉਹਦੇ ਉੱਤੇ "ਜੋਸ਼ ਭੜਕਾਉਣ" ਦਾ ਦੋਸ਼ ਲਾਉਂਦਾ ਹੈ। ਇਹ ਹਾਸੋਹੀਣੀ ਗੱਲ ਹੈ।

---

* ਅੱਜ ਸਾਡੀ ਪਾਰਟੀ ਵਿੱਚ ਅਜਿਹੇ ਲੋਕ ਹਨ ਜਿਹੜੇ ਇਹ ਸ਼ਬਦ ਸੁਣਕੇ ਭੈ-ਭੀਤ ਹੋ ਜਾਂਦੇ ਹਨ, ਅਤੇ ਵਿਵਾਦ ਦੇ ਗ਼ੈਰ-ਸਾਥੀਆਂ ਵਾਲ਼ੇ ਢੰਗਾਂ ਸੰਬੰਧੀ ਡੰਡ ਪਾ ਦੇਂਦੇ ਹਨ। ਇਹ ਭਾਵੁਕਤਾ ਦਾ ਅਨੋਖਾ ਵਿਗਾੜ ਹੈ ਜਿਸਦਾ ਕਾਰਨ... ਸਰਕਾਰੀ ਰੂਪ ਦੀ ਗ਼ਲਤ ਢੰਗ ਨਾਲ਼ ਲਾਗੂ ਕੀਤੀ ਭਾਵਨਾ ਹੈ! ਸ਼ਾਇਦ ਹੀ ਕੋਈ ਅਜਿਹੀ ਰਾਜਸੀ ਪਾਰਟੀ ਹੈ ਜਿਹੜੀ ਅੰਦਰਲੇ ਘੋਲ਼ਾਂ ਤੋਂ ਜਾਣੂ ਹੈ, ਜਿਹੜੀ ਇਸ ਪ੍ਰੀਭਾਸ਼ਾ ਤੋਂ ਬਿਨਾਂ ਗੁਜ਼ਾਰਾ ਕਰ ਸਕੀ ਹੈ, ਜਿਸ ਨਾਲ਼ ਉਹਨਾਂ ਅਸਥਿਰ ਅੰਸ਼ਾਂ ਨੂੰ, ਜਿਹੜੇ ਦੋ ਵਿਵਾਦ ਕਰ ਰਹੀਆਂ ਧਿਰਾਂ ਵਿਚਕਾਰ ਡੋਲਦੇ ਹਨ, ਸਦਾ ਮਿਥਿਆ ਗਿਆ ਹੈ। ਇੱਥੋਂ ਤੱਕ ਕਿ ਜਰਮਨ ਵੀ, ਜਿਹੜੇ ਆਪਣੇ ਅੰਦਰਲੇ ਘੋਲ਼ ਨਿਸ਼ਚਿਤ ਹੱਦਾਂ ਦੇ ਅੰਦਰ ਰੱਖਣਾ ਜਾਣਦੇ ਹਨ ਸ਼ਬਦ "Versumpft" ("ਜਿਲ੍ਹਣ ਵਿੱਚ ਖੁੱਭਿਆ"**—ਸੰਪਾ.**) ਕਾਰਨ ਗੁੱਸੇ ਨਹੀਂ ਹੁੰਦੇ, ਭੈ-ਭੀਤ ਨਹੀਂ ਹੁੰਦੇ ਅਤੇ ਹਾਸੋਹੀਣੀ ਸਰਕਾਰੀ ਬਨਾਉਟੀ ਲੱਜਾ ਨਹੀਂ ਵਿਖਾਉਂਦੇ।

ਮਾਰਤੋਵ "ਇਸਕਰਾ" (ਅੰਕ 56) ਵਿੱਚ ਇਸ ਗੱਲ ਦੀ ਮਹਤਤਾ ਸੰਬੰਧੀ ਵੱਧ ਚੜ੍ਹ ਕੇ ਗੱਲ ਕਰਦਾ ਹੈ ਜਿਹੜੀ ਇਸ ਗੱਲ ਨੂੰ ਦਿੱਤੀ ਗਈ ਕਿ ਅਮਕੇ ਜਾਂ ਢਮਕੇ ਸੱਦਾ ਦਿੱਤਾ ਜਾਵੇ। ਪਰ ਇੱਕ ਵਾਰ ਫਿਰ ਵਿੰਅਗ ਦਾ ਰੁਖ਼ ਮਾਰਤੋਵ ਵਿਰੁੱਧ ਹੋ ਜਾਂਦਾ ਹੈ, ਕਿਉਂਕਿ ਇਹ ਜਥੇਬੰਦਕ ਕਮੇਟੀ ਘਟਨਾ ਹੀ ਸੀ ਜਿਸਨੇ ਅਮਕੇ ਜਾਂ ਢਮਕੇ ਨੂੰ ਕੇਂਦਰੀ ਕਮੇਟੀ ਜਾਂ ਕੇਂਦਰੀ ਬਣਤਰ ਵਿੱਚ ਸੱਦਾ ਦੇਣ ਸੰਬੰਧੀ ਵਿਵਾਦ ਛੇੜਿਆ। ਇਹ ਦੇਖਕੇ ਕਿ ਤੁਹਾਡੀ **ਆਪਣੀ** "ਨੀਵੀਂ ਪੱਧਰ ਦੀ ਟੋਲੀ" (ਪਾਰਟੀ ਦੇ ਮੁਕਾਬਲੇ 'ਚ) ਨਾਲ਼ ਸੰਬੰਧਤ ਹੈ ਜਾਂ ਕਿਸੇ **ਹੋਰ** ਦੀ, ਦੋ ਵੱਖ ਵੱਖ ਗਜ਼ਾਂ ਨਾਲ਼ ਨਾਪਣਾ ਗੈਰ ਵਾਜਿਬ ਗੱਲ ਹੈ। ਇਹ ਐਨ ਖ਼ੂਹ-ਦੇ-ਡੱਡੂ ਵਾਲ਼ਾ ਅਤੇ ਮੰਡਲ ਵਤੀਰਾ ਹੈ ਅਤੇ ਪਾਰਟੀ ਵਤੀਰਾ ਨਹੀਂ। ਲੀਗ ਵਿਖੇ ਮਾਰਤੋਵ ਦੀ ਤਕਰੀਰ (ਪੰਨਾ 57) ਅਤੇ ਕਾਂਗਰਸ ਵਿੱਚ ਉਹਦੀ ਤਕਰੀਰ (ਪੰਨਾ 44) ਦਾ ਸਾਦਾ ਮੁਕਾਬਲਾ ਚੋਖੀ ਤਰ੍ਹਾਂ ਇਹ ਦਰਸਾ ਦੇਵੇਗਾ। ਮਾਰਤੋਵ ਨੇ ਲੀਗ ਵਿੱਚ inter alia* ਕਿਹਾ, "ਮੈਂ ਨਹੀਂ ਸਮਝ ਸਕਦਾ ਕਿ ਲੋਕ ਕਿਵੇਂ ਆਪਣੇ ਆਪ ਨੂੰ "ਇਸਕਰਾ"-ਵਾਦੀ ਹੋਣ ਤੋਂ ਸ਼ਰਮਾਉਂਦੇ ਹਨ"। "ਆਪਣੇ ਨੂੰ ਨਾਂ ਦੇਣ" ਅਤੇ "ਹੋਣ" ਵਿਚਕਾਰ—ਕਥਨੀ ਅਤੇ ਕਰਨੀ ਵਿਚਕਾਰ ਫ਼ਰਕ ਸਮਝਣ ਦੀ ਇੱਕ ਅਨੋਖੀ ਅਸਫ਼ਲਤਾ। ਕਾਂਗਰਸ ਵਿੱਚ ਮਾਰਤੋਵ ਨੇ ਆਪ ਆਪਣੇ ਆਪ ਨੂੰ ਜਬਰੀ ਧੜੇਬੰਦੀ ਦਾ ਵਿਰੋਧੀ **ਕਿਹਾ**, ਇਹਦੇ ਬਾਵਜੂਦ, ਕਾਂਗਰਸ ਤੋਂ ਪਿੱਛੋਂ ਉਹ ਉਹਨਾਂ ਦਾ ਹਾਮੀ **ਬਣ ਗਿਆ**।...

## ਸ. "ਯੁਜ਼ਨੀ ਰਾਬੋਚੀ" ਟੋਲੀ ਦਾ ਤੋੜਿਆ ਜਾਣਾ

ਸ਼ਾਇਦ ਜਥੇਬੰਧਕ ਕਮੇਟੀ ਦੇ ਸਵਾਲ ਸੰਬੰਧੀ ਡੈਲੀਗੇਟਾਂ ਦੀ ਪਰ੍ਹੇਬੰਦੀ ਸਬੱਬੀਂ ਜਾਪੇ। ਪਰ ਅਜਿਹਾ ਵਿਚਾਰ ਗ਼ਲਤ ਹੋਵੇਗਾ, ਅਤੇ ਇਹਨੂੰ ਦੂਰ ਕਰਨ ਲਈ ਅਸੀਂ ਕਾਲ-ਕ੍ਰਮ ਤੋਂ ਪਰੇ ਜਾਵਾਂਗੇ ਅਤੇ ਇੱਕ ਅਜਿਹੀ ਘਟਨਾ ਨੂੰ ਘੋਖਾਂਗੇ ਜਿਹੜੀ ਕਾਂਗਰਸ ਦੇ ਅਖ਼ੀਰ ਉੱਤੇ ਹੋਈ ਪਰ ਜਿਸਦਾ ਹੁਣੇ ਵਿਚਾਰ ਅਧੀਨ ਪ੍ਰਸ਼ਨ ਨਾਲ਼ ਨੇੜਵਾਂ ਸੰਬੰਧ ਹੈ। ਇਹ ਘਟਨਾ "ਯੁਜ਼ਨੀ ਰਾਬੋਚੀ" ਟੋਲੀ ਦਾ ਤੋੜਿਆ ਜਾਣਾ ਸੀ। "ਇਸਕਰਾ" ਦੇ ਜਥੇਬੰਦਕ ਮੁਹਾਣ - ਪਾਰਟੀ ਸ਼ਕਤੀਆਂ ਦੀ ਮੁਕੰਮਲ ਇੱਕ-ਮਿਕਤਾ ਅਤੇ ਉਹਨਾਂ ਨੂੰ ਵੰਡਣ ਵਾਲੀ ਗੜ-ਬੜ ਦਾ ਅੰਤ — ਦੀ ਟੋਲੀਆਂ ਵਿੱਚੋਂ **ਇੱਕ** ਦੇ ਹਿਤਾਂ ਨਾਲ਼ ਟੱਕਰ ਹੋਈ, ਜਿਸਨੇ ਉਸ ਸਮੇਂ ਲਾਹੇਵੰਦਾ ਕੰਮ ਕੀਤਾ ਸੀ ਜਦੋਂ ਕੋਈ ਅਸਲੀ ਪਾਰਟੀ ਨਹੀਂ ਸੀ, ਪਰ ਜਿਹੜੀ, ਹੁਣ ਜਦੋਂ ਕੰਮ ਕੇਂਦਰੀਕ੍ਰਿਤ ਜਾ ਰਿਹਾ ਸੀ, ਵਾਧੂ ਹੋ ਗਈ ਸੀ। ਮੰਡਲ ਦੇ ਹਿਤਾਂ ਦੇ ਨਜ਼ਰੀਏ ਤੋਂ, "ਯੁਜ਼ਨੀ ਰਾਬੋਚੀ" ਟੋਲੀ ਨੂੰ "ਨਿਰੰਤਰਤਾ" ਅਤੇ ਅਖੰਡਤਾ ਦਾ "ਇਸਕਰਾ" ਦੇ ਸੰਪਾਦਕ ਮੰਡਲ ਨਾਲ਼ੋਂ ਘੱਟ ਹੱਕ ਨਹੀਂ ਸੀ। ਪਰ ਪਾਰਟੀ ਦੇ ਹਿਤਾਂ ਵਿੱਚ ਆਪਣੀਆਂ ਸ਼ਕਤੀਆਂ "ਯੋਗ ਪਾਰਟੀ ਜਥੇਬੰਦੀਆਂ" ਦੇ ਹੱਥ ਦੇਣ ਦੀ ਪੂਰਤੀ ਕਰਨਾ ਇਹਦਾ ਕਰਤੱਵ ਸੀ (ਪੰਨਾ 313, ਕਾਂਗਰਸ ਵੱਲੋਂ ਪ੍ਰਵਾਨ ਕੀਤੇ ਪ੍ਰਸਤਾਵ ਦਾ ਅੰਤ)। ਮੰਡਲ ਹਿਤਾਂ ਅਤੇ "ਖ਼ੂਹ-ਦੇ-

---

* ਹੋਰ ਗੱਲਾਂ ਤੋਂ ਬਿਨਾਂ। **—ਅਨੁ.**

ਡੱਡੂਪੁਣੇ” ਦੇ ਦ੍ਰਿਸ਼ਟੀਕੋਣ ਤੋਂ ਇੱਕ ਲਾਹੇਵੰਦੀ ਟੋਲੀ ਦਾ ਤੋੜਿਆ ਜਾਣਾ, ਜਿਹੜਾ ਉਸੇ ਤਰ੍ਹਾਂ ਇਸ ਗੱਲ ਦਾ ਚਾਹਵਾਨ ਨਹੀਂ ਸੀ ਜਿਵੇਂ “ਇਸਕਰਾ” ਦਾ ਪੁਰਾਣਾ ਸੰਪਾਦਕ ਮੰਡਲ, “ਨਾਜ਼ੁਕ ਮਾਮਲੇ” ਤੋਂ ਬਿਨਾਂ ਹੋਰ ਕੁੱਝ ਨਹੀਂ ਸੀ ਜਾਪ ਸਕਦਾ (ਸਾਥੀ ਰੂਸੋਵ ਅਤੇ ਸਾਥੀ ਡਿਊਸ਼ ਵੱਲੋਂ ਵਰਤਿਆ ਵਾਕੰਸ਼)। ਪਰ ਪਾਰਟੀ ਦੇ ਹਿਤਾਂ ਅਨੁਸਾਰ ਇਹਦਾ ਤੋੜਿਆ ਜਾਣਾ, ਇਹਨੂੰ ਪਾਰਟੀ ਵਿੱਚ “ਸਮੋ ਲਿਆ ਜਾਣਾ” (ਗੁਸੇਵ ਦਾ ਵਾਕੰਸ਼), ਜ਼ਰੂਰੀ ਸੀ। “ਯੁਜ਼ਨੀ ਰਾਬੋਚੀ” ਟੋਲੀ ਨੇ ਦੋ-ਟੂਕ ਐਲਾਨ ਕੀਤਾ ਕਿ ਉਹ ਆਪਣੇ ਤੋੜੇ ਦਿੱਤੇ ਗਏ ਹੋਣ ਦਾ ਐਲਾਨ ਕਰਨਾ “ਉੱਕਾ ਹੀ ਜ਼ਰੂਰੀ ਨਹੀਂ ਸਮਝਦੀ” ਅਤੇ ਮੰਗ ਕੀਤੀ ਕਿ “ਕਾਂਗਰਸ ਨਿਸ਼ਚਿਤ ਤੌਰ ਉੱਤੇ ਆਪਣੀ ਰਾਏ ਦਾ ਐਲਾਨ ਕਰੇ”, ਅਤੇ “ਇੱਕ ਦਮ ਹਾਂ ਜਾਂ ਨਾਂਹ” ਦਾ ਐਲਾਨ ਕਰੇ। “ਯੁਜ਼ਨੀ ਰਾਬੋਚੀ” ਟੋਲੀ ਨੇ ਆਪਣੇ ਤੋੜੇ ਜਾਣ ਤੋਂ ਪਿੱਛੋਂ... ਖੁੱਲ੍ਹਮ-ਖੁੱਲ੍ਹਾ ਉਸੇ “ਨਿਰੰਤਰਤਾ” ਦੀ ਦੁਹਾਈ ਦਿੱਤੀ ਜਿਹੜੀ ਦੀ “ਇਸਕਰਾ” ਦੇ ਪੁਰਾਣੇ ਸੰਪਾਦਕ ਮੰਡਲ ਨੇ ਦੇਣੀ ਸ਼ੁਰੂ ਕੀਤੀ ਸੀ! ਸਾਥੀ ਯੇਗੋਰੋਵ ਨੇ ਕਿਹਾ, “ਭਾਵੇਂ ਵਿਅਕਤੀਗਤ ਤੌਰ ਉੱਤੇ ਅਸੀਂ ਸਾਰੇ ਇੱਕ ਪਾਰਟੀ ਦੇ ਮੈਂਬਰ ਹਾਂ, ਇਹਦੇ ਬਾਵਜੂਦ ਇਹ ਕਈ ਜਥੇਬੰਦੀਆਂ ਤੋਂ ਬਣਦੀ ਹੈ, ਜਿਨ੍ਹਾਂ ਨੂੰ **ਇਤਿਹਾਸਕ ਹੋਂਦਾਂ ਵਜੋਂ** ਮੁੱਖ ਰੱਖਣਾ ਹੀ ਹੈ।... ਜੇ ਅਜਿਹੀ ਜਥੇਬੰਦੀ **ਪਾਰਟੀ ਨੂੰ ਨੁਕਸਾਨ ਨਹੀਂ ਪੁਚਾਉਂਦੀ ਤਾਂ ਇਹਨੂੰ ਤੋੜਨ ਦੀ ਕੋਈ ਲੋੜ ਨਹੀਂ।**”

ਇਉਂ **ਅਸੂਲ** ਦਾ ਇੱਕ ਮਹੱਤਵਪੂਰਨ ਸਵਾਲ ਪੂਰੀ ਸਪਸ਼ਟਤਾ ਨਾਲ਼ ਉਠਾਇਆ ਗਿਆ, ਅਤੇ ਸਾਰੇ “ਇਸਕਰਾ”-ਵਾਦੀਆਂ ਨੇ—ਕਿਉਂਕਿ ਉਹਨਾਂ ਦੇ ਆਪਣੇ ਮੰਡਲ ਹਿਤ ਅਜੇ ਤੱਕ ਸਾਹਮਣੇ ਨਹੀਂ ਸਨ ਆਏ—ਡਾਵਾਂਡੋਲ ਅੰਸ਼ਾਂ ਵਿਰੁੱਧ ਇੱਕ ਨਿਰਣਾਇਕ ਸਟੈਂਡ ਲਿਆ (ਬੁੰਦਵਾਦੀ ਅਤੇ “ਰਾਬੋਚੇਏ ਦੇਲੋ”-ਵਾਦੀਆਂ ਵਿੱਚੋਂ ਦੋ ਪਹਿਲਾਂ ਹੀ ਕਾਂਗਰਸ ’ਚੋਂ ਚਲੇ ਗਏ ਸਨ; ਪਰ ਉਹ ਤਨੋਂ ਮਨੋਂ “ਇਤਿਹਾਸਕ ਹੋਂਦਾਂ ਨੂੰ ਮੁੱਖ ਰੱਖਣ” ਦੇ ਹੱਕ ਵਿੱਚ ਹੁੰਦੇ)। ਵੋਟਾਂ ਲਏ ਜਾਣ ਦਾ ਸਿੱਟਾ ਸੀ **ਇਕੱਤੀ ਹੱਕ ਵਿੱਚ**, ਪੰਜ ਵਿਰੁੱਧ ਅਤੇ ਪੰਜਾਂ ਨੇ ਕਿਸੇ ਪਾਸੇ ਵੋਟ ਨਾ ਦਿੱਤਾ (“ਯੂਜ਼ਨੀ ਰਾਬੋਚੀ” ਟੋਲੀ ਦੇ ਚਾਰ ਵੋਟ ਅਤੇ, ਇੱਕ ਹੋਰ, ਉਹਦੇ ਪਹਿਲਾਂ ਦੇ ਐਲਾਨਾਂ ਤੋਂ ਨਿਰਣਾ ਕਰਦੇ ਹੋਏ—ਪੰਨਾ 308, ਬਹੁਤ ਸੰਭਵ ਹੈ, ਬੇਲੋਵ ਦਾ)। “ਇਸਕਰਾ” ਦੀ ਇਕਸਾਰ ਜਥੇਬੰਦਕ ਪਲਾਨ ਦਾ ਵਿਰੋਧ ਕਰਨ ਅਤੇ ਪਾਰਟੀ ਭਾਵਨਾ ਦੇ ਮੁਕਾਬਲੇ ਉੱਤੇ ਮੰਡਲ ਭਾਵਨਾ ਦੀ ਹਮਾਇਤ ਕਰਨ ਵਾਲ਼ੀ **ਦਸ ਵੋਟਾਂ** ਦੀ ਟੋਲੀ ਇੱਥੇ ਸਪਸ਼ਟ ਤੌਰ ਉੱਤੇ ਵੇਖੀ ਜਾ ਸਕਦੀ ਹੈ। ਬਹਿਸ ਦੇ ਦੌਰਾਨ “ਇਸਕਰਾ”-ਵਾਦੀਆਂ ਨੇ ਸਵਾਲ ਨੂੰ ਐਨ ਅਸੂਲ ਦੇ ਨਜ਼ਰੀਏ ਤੋਂ ਪੇਸ਼ ਕੀਤਾ (ਵੇਖੋ ਲਾਂਗੇ ਦੀ ਤਕਰੀਰ, ਪੰਨਾ 315), ਉਹਨਾਂ ਸੌੜੇ ਅਨਾੜੀਪੁਣੇ ਅਤੇ ਅਸੰਗਠਨ ਦਾ ਵਿਰੋਧ ਕੀਤਾ, ਵੱਖ ਵੱਖ ਸੰਸਥਾਵਾਂ ਦੀਆਂ “ਹਮਦਰਦੀਆਂ” ਦਾ ਧਿਆਨ ਰੱਖਣ ਤੋਂ ਨਾਂਹ ਕੀਤੀ ਅਤੇ ਖੁੱਲ੍ਹਮ-ਖੁੱਲ੍ਹਾ ਐਲਾਨ ਕੀਤਾ ਕਿ “ਜੇ ‘ਯੁਜ਼ਨੀ ਰਾਬੋਚੀ’ ਟੋਲੀ ਦੇ ਸਾਥੀ, ਪਹਿਲਾਂ, ਵਰ੍ਹਾ ਜਾਂ ਦੋ ਵਰ੍ਹੇ ਪਹਿਲਾਂ, ਵਧੇਰੇ ਸਖ਼ਤੀ ਨਾਲ਼ ਅਸੂਲ ਉੱਤੇ ਦ੍ਰਿੜ੍ਹ ਰਹਿੰਦੇ ਤਾਂ ਪਾਰਟੀ ਦੀ ਏਕਤਾ ਅਤੇ ਪ੍ਰੋਗਰਾਮ ਦੇ ਨਿਯਮਾਂ ਦੀ ਏਕਤਾ, ਜਿਸਦੀ ਅਸਾਂ ਇੱਥੇ ਮਨਜ਼ੂਰੀ ਦਿੱਤੀ ਹੈ, ਵਧੇਰੇ ਛੇਤੀ ਪ੍ਰਾਪਤ ਕਰ ਲਈ ਗਈ ਹੁੰਦੀ।” ਓਰਲੋਵ, ਗੁਸੇਵ, ਲਯਾਦੋਵ, ਮੁਰਾਵੀਓਵ, ਰੂਸੋਵ, ਪਾਵਲੋਵਿਚ, ਗਲੇਬੋਵ ਅਤੇ

ਗੋਰਿਨ, ਸਾਰੇ ਇਸ ਢੰਗ ਨਾਲ਼ ਬੋਲੇ। ਅਤੇ ਕਾਂਗਰਸ ਵਿੱਚ "ਯੁਜ਼ਨੀ ਰਾਬੋਚੀ" ਦੀ, ਮਾਖੋਵ ਅਤੇ ਹੋਰਾਂ ਦੀ ਨੀਤੀ ਅਤੇ "ਸੇਧ" ਵਿੱਚ ਅਸੂਲ ਦੀ ਅਣਹੋਂਦ ਵੱਲ ਕੀਤੇ ਗਏ ਸੰਕੇਤਾਂ ਉੱਤੇ ਰੋਸ ਪ੍ਰਗਟ ਕਰਨਾ ਤਾਂ ਇੱਕ ਪਾਸੇ ਰਿਹਾ, ਇਸ ਸੰਬੰਧੀ ਕੋਈ ਇਤਰਾਜ਼ ਰੱਖਣ ਦੀ ਥਾਂ "ਘੱਟਗਿਣਤੀ" ਦੇ "ਇਸਕਰਾ"-ਵਾਦੀਆਂ ਨੇ ਡਿਉਸ਼ ਰਾਹੀਂ ਜ਼ੋਰਦਾਰ ਢੰਗ ਨਾਲ਼ ਆਪਣੇ ਆਪ ਨੂੰ ਇਹਨਾਂ ਵਿਚਾਰਾਂ ਨਾਲ਼ ਜੋੜਿਆ, "ਗੜਬੜ" ਦੀ ਨਿਖੇਧੀ ਕੀਤੀ ਅਤੇ "ਉਸ ਦੋ-ਟੁਕ ਢੰਗ ਦਾ ਸਵਾਗਤ ਕੀਤਾ" (ਪੰਨਾ 315), ਜਿਸ ਨਾਲ਼ ਉਸੇ ਸਾਥੀ ਰੂਸੋਵ ਨੇ ਇਹ "ਸਵਾਲ ਪੇਸ਼ ਕੀਤਾ", ਉਸੇ ਸਾਥੀ ਰੂਸੋਵ ਨੇ ਜਿਸ ਵਿੱਚ **ਉਸੇ ਸਮਾਗਮ ਵਿੱਚ** ਪੁਰਾਣੇ ਸੰਪਾਦਕ ਮੰਡਲ ਦਾ ਸਵਾਲ ਖ਼ਾਲਸ ਪਾਰਟੀ ਅਧਾਰ ਉੱਤੇ "ਦੋ ਟੁਕ ਢੰਗ ਨਾਲ਼ ਪੇਸ਼ ਕਰਨ" ਦੀ—ਕਿਆ ਉਪਦਰ !—ਦਲੇਰੀ ਸੀ (ਪੰਨਾ 325)।

ਉਹਨੂੰ ਤੋੜਨ ਦੀ ਤਜਵੀਜ਼ ਨੇ "ਯੁਜ਼ਨੀ ਰਾਬੋਚੀ" ਟੋਲੀ ਦਾ ਪ੍ਰਚੰਡ ਗ਼ੁੱਸਾ ਜਗਾਇਆ, ਜਿਸਦੀਆਂ ਪੈੜਾਂ ਕਾਰਵਾਈ ਵਿੱਚ ਵੇਖੀਆਂ ਜਾ ਸਕਦੀਆਂ ਹਨ (ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਕਾਰਵਾਈ ਬਹਿਸਾਂ ਦਾ ਕੇਵਲ ਫਿੱਕਾ ਪ੍ਰਤੀਬਿੰਬ ਦੇਂਦੀ ਹੈ, ਕਿਉਂਕਿ ਉਹ ਪੂਰੀਆਂ ਤਕਰੀਰਾਂ ਨਹੀਂ ਸਗੋਂ ਬਹੁਤ ਸੰਖੇਪ ਕੀਤੇ ਹੋਏ ਸਾਰ ਜਾਂ ਟੂਕਾਂ ਦੇਂਦੀ ਹੈ)। ਇਥੋਂ ਤੱਕ ਕਿ ਸਾਥੀ ਯੇਗੋਰੋਵ ਨੇ "ਯੁਜ਼ਨੀ ਰਾਬੋਚੀ" ਟੋਲੀ ਦੇ ਨਾਲ਼ "ਰਾਬੋਚਾਯਾ ਮਿਸਲ"[10] ਦਾ ਬਸ ਨਾਂ ਲਏ ਜਾਣ ਨੂੰ ਹੀ ਇੱਕ "ਝੂਠ" ਕਿਹਾ—ਇਹ ਉਸ ਵਤੀਰੇ ਦੀ ਇੱਕ ਲਖਣਾਇਕ ਉਦਾਹਰਣ ਹੈ ਜਿਹੜੀ ਇਕਸਾਰ ਆਰਥਕਤਾਵਾਦੀਆਂ ਵੱਲ ਕਾਂਗਰਸ ਵਿੱਚ ਪ੍ਰਚਲਤ ਸੀ। ਬਹੁਤ ਪਿੱਛੋਂ ਜਾਕੇ ਵੀ, 37ਵੀਂ ਬੈਠਕ ਵਿੱਚ, ਯੇਗੋਰੋਵ ਨੇ ਅਤਿਅੰਤ ਚਿੜ੍ਹ ਨਾਲ਼ "ਯੁਜ਼ਨੀ ਰਾਬੋਚੀ" ਦੇ ਤੋੜੇ ਜਾਣ ਦੀ ਗੱਲ ਕੀਤੀ (ਪੰਨਾ 356), ਉਹਨੇ ਇਹ ਬੇਨਤੀ ਕੀਤੀ ਕਿ ਇਹ ਗੱਲ ਕਾਰਵਾਈ ਵਿੱਚ ਨੋਟ ਕੀਤੀ ਜਾਵੇ ਕਿ "ਯੁਜ਼ਨੀ ਰਾਬੋਚੀ" ਸੰਬੰਧੀ ਬਹਿਸ ਸਮੇਂ ਟੋਲੀ ਦੇ ਮੈਂਬਰਾਂ ਤੋਂ ਪ੍ਰਕਾਸ਼ਨਾਂ ਲਈ ਰਕਮਾਂ ਸੰਬੰਧੀ ਜਾਂ ਕੇਂਦਰੀ ਬੁਲਾਰੇ ਅਤੇ ਕੇਂਦਰੀ ਕਮੇਟੀ ਵੱਲੋਂ ਕੰਟਰੋਲ ਸੰਬੰਧੀ ਕੁੱਝ ਨਾ ਪੁੱਛਿਆ ਗਿਆ। "ਯੁਜ਼ਨੀ ਰਾਬੋਚੀ" ਸਬੰਧੀ ਬਹਿਸ ਵਿੱਚ ਸਾਥੀ ਪੋਪੋਵ ਨੇ ਸੰਕੇਤ ਕੀਤਾ ਕਿ ਇੱਕ ਨਿੱਗਰ ਬਹੁਗਿਣਤੀ ਨੇ ਟੋਲੀ ਦੀ ਹੋਣੀ ਪਹਿਲਾਂ ਹੀ ਮਿਥ ਦਿੱਤੀ ਸੀ। **"ਹੁਣ"**, ਉਹਨੇ ਕਿਹਾ (ਪੰਨਾ 316) **"ਸਾਥੀ ਗੁਸੇਵ ਅਤੇ ਓਰਲੋਵ ਦੀਆਂ ਤਕਰੀਰਾਂ ਪਿੱਛੋਂ ਇਹ ਗੱਲ ਸਪਸ਼ਟ ਹੈ।"** ਇਹਨਾਂ ਸ਼ਬਦਾਂ ਦੇ ਅਰਥਾਂ ਸੰਬੰਧੀ ਗ਼ਲਤੀ ਨਹੀਂ ਲੱਗ ਸਕਦੀ: ਹੁਣ ਜਦੋਂ "ਇਸਕਰਾ"-ਵਾਦੀਆਂ ਨੇ ਆਪਣੀ ਰਾਏ ਬਿਆਨ ਕਰ ਦਿੱਤੀ ਸੀ, ਅਤੇ ਪ੍ਰਸਤਾਵ ਪੇਸ਼ ਕੀਤਾ ਸੀ, ਸਭ ਕੁੱਝ ਸਪਸ਼ਟ ਸੀ, ਅਰਥਾਤ, ਇਹ ਸਪਸ਼ਟ ਸੀ ਕਿ "ਯੁਜ਼ਨੀ ਰਾਬੋਚੀ" ਟੋਲੀ ਉਹਦੀਆਂ ਆਪਣੀਆਂ ਇੱਛਾਵਾਂ ਵਿਰੁੱਧ ਤੋੜ ਦਿੱਤੀ ਜਾਵੇਗੀ। ਇੱਥੇ "ਯੁਜ਼ਨੀ ਰਾਬੋਚੀ" ਦੇ ਬੁਲਾਰੇ ਨੇ "ਇਸਕਰਾ"-ਵਾਦੀਆਂ (ਅਤੇ, ਇਸ ਤੋਂ ਵੀ ਵੱਧ, ਗੁਸੇਵ ਅਤੇ ਓਰਲੋਵ ਜਿਹੇ "ਇਸਕਰਾ"-ਵਾਦੀਆਂ) ਅਤੇ ਉਹਦੇ ਆਪਣੇ ਹਾਮੀਆਂ ਵਿਚਕਾਰ, ਜਥੇਬੰਦਕ ਨੀਤੀ ਸੰਬੰਧੀ ਵੱਖ ਵੱਖ "ਸੇਧਾਂ" ਦੀ ਪ੍ਰਤੀਨਿਧਤਾ ਕਰਨ ਵਾਲਿਆਂ ਵਜੋਂ ਫ਼ਰਕ ਕੀਤਾ। ਅਤੇ ਜਦੋਂ ਅਜੋਕਾ "ਇਸਕਰਾ" "ਯੁਜ਼ਨੀ ਰਾਬੋਚੀ" ਟੋਲੀ ਨੂੰ (ਐਨ ਸੰਭਵ ਹੈ, ਮਾਖੋਵ ਨੂੰ ਵੀ ?) "ਲਖਣਾਇਕ 'ਇਸਕਰਾ'-ਵਾਦੀਆਂ"

ਵਜੋਂ ਪੇਸ਼ ਕਰਦਾ ਹੈ, ਇਸ ਤੋਂ ਕੇਵਲ ਇਹ ਸਿੱਧ ਹੁੰਦਾ ਹੈ ਕਿ ਨਵਾਂ ਸੰਪਾਦਕ ਮੰਡਲ (ਇਸ ਟੋਲੀ ਦੇ ਨਜ਼ਰੀਏ ਤੋਂ) ਕਾਂਗਰਸ ਦੀਆਂ ਸਭ ਤੋਂ ਮਹਤੱਵਪੂਰਨ ਘਟਨਾਵਾਂ ਭੁੱਲ ਗਿਆ ਹੈ ਅਤੇ ਇਹ ਦਰਸਾਉਣ ਵਾਲ਼ੀ ਸ਼ਾਹਦੀ ਉੱਤੇ ਪਰਦਾ ਪਾਉਣਾ ਚਾਹੁੰਦਾ ਹੈ ਕਿ ਕਿਹੜੇ ਅੰਸ਼ਾਂ ਨੇ ਰਲਕੇ ਉਹ ਕੁੱਝ ਬਣਾਇਆ ਹੈ, ਜੋ "ਘੱਟਗਿਣਤੀ" ਕਰਕੇ ਜਾਣੀ ਜਾਣ ਲੱਗ ਪਈ।

ਮੰਦੇ ਭਾਗੀਂ ਇੱਕ ਜਨਤਕ ਰਸਾਲੇ ਦੇ ਸਵਾਲ ਉੱਤੇ ਕਾਂਗਰਸ ਵਿੱਚ ਵਿਚਾਰ ਨਾ ਕੀਤੀ ਗਈ। ਸਾਰੇ "ਇਸਕਰਾ"-ਵਾਦੀਆਂ ਨੇ ਕਾਂਗਰਸ ਤੋਂ ਪਹਿਲਾਂ ਅਤੇ ਖ਼ੁਦ ਕਾਂਗਰਸ ਦੇ ਦੌਰਾਨ, ਬੈਠਕਾਂ ਤੋਂ ਬਾਹਰ, ਇਹਨੂੰ ਸਰਗਰਮੀ ਨਾਲ਼ ਵਿਚਾਰਿਆ, ਅਤੇ ਉਹ ਇਸ ਗੱਲ ਉੱਤੇ ਸਹਿਮਤ ਹੋਏ ਕਿ ਪਾਰਟੀ ਦੇ ਜੀਵਨ ਵਿੱਚ ਹਾਲ ਦੀ ਘੜੀ ਅਜਿਹੀ ਪ੍ਰਕਾਸ਼ਨਾ ਸ਼ੁਰੂ ਕਰਨਾ ਜਾਂ ਮੌਜੂਦ ਪ੍ਰਕਾਸ਼ਨਾਵਾਂ ਵਿੱਚੋਂ ਕਿਸੇ ਇੱਕ ਨੂੰ ਅਜਿਹੀ ਵਿੱਚ ਤਬਦੀਲ ਕਰਨਾ ਅਨੁਚਿਤ ਹੋਵੇਗਾ। "ਇਸਕਰਾ"-ਵਿਰੋਧੀਆਂ ਨੇ ਕਾਂਗਰਸ ਵਿੱਚ ਇਹਦੇ ਉਲਟ ਰਾਏ ਦਿੱਤੀ; "ਯੁਜ਼ਨ੍ਹੀ ਰਾਬੋਚੀ" ਟੋਲੀ ਨੇ ਵੀ ਆਪਣੀ ਰਿਪੋਰਟ ਵਿੱਚ ਅਜਿਹਾ ਹੀ ਕੀਤਾ; ਅਤੇ ਇਸ ਤੱਥ ਦਾ ਕਿ ਇੱਕ ਪ੍ਰਸਤਾਵ, ਜਿਸ ਉੱਤੇ ਦਸ ਦਸਖ਼ਤ ਸਨ, ਪੇਸ਼ ਨਾ ਕੀਤਾ ਗਿਆ, ਕਾਰਨ ਕੇਵਲ ਸਬੱਬ ਜਾਂ ਇੱਕ "ਨਿਰਾਸ਼" ਮਸਲਾ ਉਠਾਉਣ ਦੀ ਰੁਚੀ ਨਾ ਹੋਣਾ ਦੱਸਿਆ ਜਾ ਸਕਦਾ ਹੈ।

## ਹ. ਭਾਸ਼ਾਵਾਂ ਦੀ ਬਰਾਬਰੀ ਦੀ ਘਟਨਾ

ਆਉ ਅਸੀਂ ਹੁਣ ਬੈਠਕਾਂ ਦੇ ਕਾਲ-ਕ੍ਰਮ ਅਨੁਸਾਰ ਕਾਂਗਰਸ ਵੱਲ ਮੁੜੀਏ।

ਅਸਾਂ ਹੁਣ ਯਕੀਨੀ ਤੌਰ 'ਤੇ ਵੇਖ ਲਿਆ ਹੈ ਕਿ ਕਾਂਗਰਸ ਦੇ ਆਪਣਾ ਅਸਲੀ ਕੰਮ ਵਿਚਾਰਨਾ ਸ਼ੁਰੂ ਕਰਨ ਤੋਂ ਵੀ ਪਹਿਲਾਂ, "ਇਸਕਰਾ"-ਵਿਰੋਧੀਆਂ ਦੀ ਇੱਕ ਪੂਰੀ ਤਰ੍ਹਾਂ ਨਿਸ਼ਚਿਤ ਟੋਲੀ ਸਪਸ਼ਟ ਤੌਰ ਉੱਤੇ ਪ੍ਰਗਟ ਹੋ ਗਈ ਸੀ (ਅੱਠ ਵੋਟਾਂ), ਸਗੋਂ ਵਿਚਕਾਰਲੇ ਅਤੇ ਅਸਥਿਰ ਅੰਸ਼ਾਂ ਦੀ ਇੱਕ ਟੋਲੀ ਵੀ ਪ੍ਰਗਟ ਹੋਈ ਸੀ, ਜਿਹੜੀ ਅੱਠ "ਇਸਕਰਾ"-ਵਿਰੋਧੀਆਂ ਦੀ ਹਮਾਇਤ ਕਰਨ ਅਤੇ ਉਹਨਾਂ ਦੇ ਵੋਟ ਸੋਲ਼ਾਂ ਜਾਂ ਅਠਾਰਾਂ ਤੱਕ ਵਧਾਉਣ ਲਈ ਤਿਆਰ ਸੀ।

"ਬੁੰਦ" ਦੀ ਪੋਜ਼ੀਸ਼ਨ ਦੇ ਸਵਾਲ ਨੇ, ਜਿਸ ਉੱਤੇ ਕਾਂਗਰਸ ਵਿੱਚ ਅਤਿਅੰਤ, ਹੱਦੋਂ ਵੱਧ ਵਿਸਥਾਰ ਨਾਲ਼ ਵਿਚਾਰ ਕੀਤੀ ਗਈ, ਆਪਣੇ ਆਪ ਨੂੰ ਅਸੂਲ ਦਾ ਨਿਰਣਾ ਕਰਨ ਤੱਕ ਘਟਾ ਲਿਆ, ਜਿੱਥੇ ਕਿ ਅਮਲੀ ਨਿਰਣੇ ਦਾ ਸਵਾਲ ਜਥੇਬੰਦੀ ਉੱਤੇ ਵਿਚਾਰ ਕਰਨ ਤੱਕ ਅੱਗੇ ਪਾ ਦਿੱਤਾ ਗਿਆ। ਕਿਉਂਕਿ ਵਿਚਾਰ ਅਧੀਨ ਨੁਕਤੇ ਨੂੰ ਕਾਂਗਰਸ ਤੋਂ ਪਹਿਲਾਂ ਅਖ਼ਬਾਰਾਂ ਵਿੱਚ ਬਹੁਤ ਸਾਰੀ ਥਾਂ ਦਿੱਤੀ ਗਈ ਸੀ, ਇਸ ਲਈ ਕਾਂਗਰਸ ਵਿੱਚ ਹੋਈ ਬਹਿਸ ਨੇ ਸਾਪੇਖ ਤੌਰ ਉੱਤੇ ਥੋੜ੍ਹਾ ਅਜਿਹਾ ਪੈਦਾ ਕੀਤਾ, ਜਿਹੜਾ ਨਵਾਂ ਸੀ। ਪਰ ਇਹ ਕਹਿਣਾ ਲਾਜ਼ਮੀ ਹੈ ਕਿ "ਰਾਬੋਚੇਏ ਦੇਲੋ" ਦੇ ਹਾਮੀਆਂ (ਮਾਰਤੀਨੋਵ, ਅਕੀਮੋਵ, ਅਤੇ ਬਰੂਕੇਰੇ) ਨੇ, ਮਾਰਤੋਵ ਦੇ ਪ੍ਰਸਤਾਵ ਨਾਲ਼ ਸਹਿਮਤ ਹੁੰਦੇ ਹੋਏ, ਇਹ ਇਤਰਾਜ਼ ਰੱਖਿਆ ਕਿ ਉਹ ਇਹਦੇ ਤੋਂ ਕੱਢੇ ਸਿੱਟਿਆਂ ਨੂੰ ਨਾਕਾਫ਼ੀ ਸਮਝਦੇ ਹਨ ਅਤੇ ਉਹਨਾਂ ਨਾਲ਼ ਅਸਹਿਮਤ ਹਨ (ਪੰਨੇ 69, 73, 83 ਅਤੇ 86)।

"ਬੂੰਦ" ਦੀ ਪੋਜ਼ੀਸ਼ਨ ਉੱਤੇ ਵਿਚਾਰ ਕਰਨ ਪਿੱਛੋਂ, ਕਾਂਗਰਸ ਪ੍ਰੋਗਰਾਮ ਵੱਲ ਚਲੀ ਗਈ। ਇਹ ਬਹਿਸ ਮੁੱਖ ਤੌਰ ਉੱਤੇ ਵਿਸਥਾਰ ਦੀਆਂ ਤਰਮੀਮਾਂ ਦੁਆਲੇ ਘੁੰਮਦੀ ਹੈ, ਜਿਹੜੀ ਕੋਈ ਰੌਚਕਤਾ ਨਹੀਂ ਪੈਦਾ ਕਰਦੀਆਂ। ਅਸੂਲ ਦੇ ਮਸਲੇ ਸੰਬੰਧੀ "ਇਸਕਰਾ"-ਵਿਰੋਧੀਆਂ ਦੇ ਵਿਰੋਧ ਦਾ ਪ੍ਰਗਟਾ ਆਪਮੁਹਾਰਤਾ ਅਤੇ ਚੇਤਨਤਾ ਸੰਬੰਧੀ ਪ੍ਰਸਿੱਧ ਪੇਸ਼ਕਾਰੀ ਉੱਤੇ ਸਾਥੀ ਮਾਰਤੀਨੋਵ ਦੇ ਹਮਲੇ ਵਿੱਚ ਹੋਇਆ। ਨਿਰਸੰਦੇਹ, ਬੂੰਦਵਾਦੀਆਂ ਅਤੇ "ਰਾਬੋਚੇਏ ਦੇਲੋ"-ਵਾਦੀਆਂ ਵਿੱਚੋਂ ਹਰ ਇੱਕ ਨੇ ਮਾਰਤੀਨੋਵ ਦੀ ਹਮਾਇਤ ਕੀਤੀ। ਇਸ ਇਤਰਾਜ਼ ਦੇ ਖਰੇ ਹੋਣ ਵੱਲ ਹੋਰਾਂ ਤੋਂ ਬਿਨਾਂ ਸਾਥੀ ਮਾਰਤੋਵ ਅਤੇ ਪਲੈਖ਼ਾਨੋਵ ਨੇ ਧਿਆਨ ਦਿਵਾਇਆ। ਇਹ ਗੱਲ ਇੱਕ ਮਿਸਾਲ ਵਜੋਂ ਚੇਤੇ ਰੱਖਣੀ ਚਾਹੀਦੀ ਹੈ ਕਿ (ਜਾਪਦਾ ਹੈ ਮੁੜ ਵਿਚਾਰਨ ਪਿੱਛੋਂ) "ਇਸਕਰਾ" ਦਾ ਸੰਪਾਦਕ ਮੰਡਲ ਮਾਰਤੀਨੋਵ ਦੀ ਧਿਰ ਵਿੱਚ ਚਲਾ ਗਿਆ ਹੈ ਅਤੇ ਹੁਣ ਉਸ ਦੇ ਉਲਟ ਕਹਿ ਰਿਹਾ ਹੈ ਜਿਹੜਾ ਉਹਨਾਂ ਕਾਂਗਰਸ ਵਿੱਚ ਕਿਹਾ ਸੀ![11] ਜਾਪਦਾ ਹੈ ਕਿ ਇਹ "ਨਿਰੰਤਰਤਾ" ਦੇ ਪ੍ਰਸਿੱਧ ਨਿਯਮ ਅਨੁਸਾਰ ਹੈ।... ਸਾਡੇ ਲਈ ਬਸ ਉਦੋਂ ਤੱਕ ਉਡੀਕਣ ਦੀ ਲੋੜ ਹੈ ਜਦੋਂ ਤੱਕ ਸੰਪਾਦਕ ਮੰਡਲ ਨੇ ਸਵਾਲ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਹੋਵੇ ਅਤੇ ਸਾਡੇ ਅੱਗੇ ਇਸ ਗੱਲ ਦੀ ਵਿਆਖਿਆ ਕਰ ਦੇਵੇ ਕਿ ਉਹ ਕਿਸ ਹੱਦ ਤੱਕ ਮਾਰਤੀਨੋਵ ਨਾਲ਼ ਸਹਿਮਤ ਹਨ, ਐਨ ਕਿਹੜੇ ਨੁਕਤਿਆਂ ਸੰਬੰਧੀ ਅਤੇ ਕਦੋਂ ਤੋਂ। ਉਦੋਂ ਤੱਕ, ਅਸੀਂ ਕੇਵਲ ਇਹ ਪੁੱਛਦੇ ਹਾਂ, ਕੀ ਕਿਸੇ ਨੇ ਕਦੀ ਕੋਈ ਅਜਿਹਾ **ਪਾਰਟੀ** ਬੁਲਾਰਾ ਵੇਖਿਆ ਹੈ, ਜਿਸਦਾ ਸੰਪਾਦਕ ਮੰਡਲ ਕਾਂਗਰਸ ਪਿੱਛੋਂ ਉਸ ਗੱਲ ਦਾ ਐਨ ਉਲਟ ਕਹਿੰਦਾ ਹੈ ਜੋ ਕੁੱਝ ਉਹਨੇ ਕਾਂਗਰਸ ਵਿੱਚ ਕਿਹਾ ?

"ਇਸਕਰਾ" ਨੂੰ ਕੇਂਦਰੀ ਬੁਲਾਰੇ ਵਜੋਂ ਕਬੂਲ ਕਰਨ ਸੰਬੰਧੀ ਦਲੀਲਾਂ ਨੂੰ ਛੱਡਦੇ ਹੋਏ (ਅਸਾਂ ਉਹਨਾਂ ਨੂੰ ਉੱਪਰ ਲਿਆ) ਅਤੇ ਨਿਯਮਾਂ ਸਬੰਧੀ ਦਲੀਲਾਂ ਨੂੰ ਵੀ (ਜਿਨ੍ਹਾਂ ਨੂੰ ਨਿਯਮਾਂ ਸੰਬੰਧੀ ਸਮੁੱਚੀ ਬਹਿਸ ਦੇ ਨਾਲ਼ ਵਿਚਾਰਨਾ ਵਧੇਰੇ ਸੁਖਾਵਾਂ ਹੋਵੇਗਾ), ਆਓ ਅਸੀਂ ਪ੍ਰੋਗਰਾਮ ਉੱਤੇ ਹੋਈ ਬਹਿਸ ਸਮੇਂ ਪ੍ਰਗਟ ਹੋਈਆਂ ਅਸੂਲਾਂ ਦੀਆਂ ਰੰਗਤਾਂ ਨੂੰ ਲਈਏ। ਸਭ ਤੋਂ ਪਹਿਲਾਂ ਆਓ ਅਸੀਂ ਅਤਿਅੰਤ ਲਖਣਾਇਕ ਖ਼ਾਸੇ ਵਾਲ਼ੇ ਇੱਕ ਵਿਸਥਾਰ ਨੂੰ ਲਈਏ, ਨਿਸਬਤੀ ਪ੍ਰਤੀਨਿਧਤਾ ਉੱਤੇ ਬਹਿਸ। "ਯੁਜ਼੍ਹਨੀ ਰਾਬੋਚੀ" ਦੇ ਸਾਥੀ ਯੇਗੋਰੋਵ ਨੇ ਇਹ ਨੁਕਤਾ ਪ੍ਰੋਗਰਾਮ ਵਿੱਚ ਸ਼ਾਮਲ ਕਰਨ ਦੀ ਹਮਾਇਤ ਕੀਤੀ ਅਤੇ ਅਜਿਹੇ ਢੰਗ ਨਾਲ਼ ਕੀਤੀ ਜਿਸਨੇ ਪੋਸਾਦੋਵਸਕੀ (ਘੱਟਗਿਣਤੀ ਦੇ "ਇਸਕਰਾ"-ਵਾਦੀ) ਤੋਂ ਇਹ ਹੱਕੀ ਗੱਲ ਅਖਵਾਈ ਕਿ "ਰਾਏ ਦਾ ਗੰਭੀਰ ਫ਼ਰਕ ਹੈ"। "ਇਸ ਸੰਬੰਧੀ ਕੋਈ ਸ਼ੱਕ ਨਹੀਂ," ਸਾਥੀ ਪੋਸਾਦੋਵਸਕੀ ਨੇ ਕਿਹਾ, "ਕਿ ਅਸੀਂ ਹੇਠਲੇ ਬੁਨਿਆਦੀ ਸਵਾਲ ਸੰਬੰਧੀ ਸਹਿਮਤ ਨਹੀਂ ਹੋ ਸਕਦੇ: **ਕੀ ਅਸੀਂ ਆਪਣੀ ਭਵਿੱਖ ਦੀ ਨੀਤੀ ਨੂੰ ਕੁੱਝ ਬੁਨਿਆਦੀ ਜਮਹੂਰੀ ਅਸੂਲਾਂ ਦੇ ਅਧੀਨ ਕਰ ਦੇਈਏ ਅਤੇ ਉਹਨਾਂ ਨੂੰ ਨਿਰਪੇਖ ਕਦਰ ਦੇਈਏ**, ਜਾਂ ਕੀ ਸਾਰੇ ਜਮਹੂਰੀ ਅਸੂਲ ਮੁਕੰਮਲ ਤੌਰ ਉੱਤੇ ਪਾਰਟੀ ਦੇ ਹਿਤਾਂ ਦੇ ਅਧੀਨ ਕੀਤੇ ਜਾਣ ? ਮੈਂ ਨਿਰਣਾਇਕ ਢੰਗ ਨਾਲ਼ ਪਿਛਲੇਰੇ ਦੇ ਹੱਕ ਵਿੱਚ ਹਾਂ।" ਹੋਰ ਵੀ ਨਿਸ਼ਚਿਤ ਅਤੇ ਜ਼ੋਰਦਾਰ ਢੰਗ ਨਾਲ਼ "ਜਮਹੂਰੀ ਅਸੂਲਾਂ ਦੀ ਨਿਰਪੇਖ ਕਦਰ" ਅਤੇ ਉਹਨਾਂ ਨੂੰ "ਅਮੂਰਤ" ਢੰਗ ਨਾਲ਼ ਵਿਚਾਰਨ ਦਾ ਵਿਰੋਧ ਕਰਦੇ ਹੋਏ

ਪਲੈਖ਼ਾਨੋਵ ਨੇ ਆਪਣੇ ਆਪ ਨੂੰ ਪੋਸਾਦੋਵਸਕੀ ਨਾਲ਼ "ਪੂਰੀ ਤਰ੍ਹਾਂ ਸੰਬੰਧਤ ਕੀਤਾ"। "ਖ਼ਿਆਲੀ ਤੌਰ ਉੱਤੇ", ਉਹਨੇ ਕਿਹਾ, "ਇੱਕ ਪ੍ਰਸਥਿਤੀ ਵਿਚਾਰੀ ਜਾ ਸਕਦੀ ਹੈ ਜਿਥੇ ਸੋਸ਼ਲ-ਡੈਮੋਕ੍ਰੈਟ ਹਰ ਇੱਕ ਲਈ ਵੋਟ ਦੇ ਹੱਕ ਦਾ ਵਿਰੋਧ ਕਰਨਗੇ। ਇੱਕ ਸਮਾਂ ਸੀ ਜਦੋਂ ਇਟਲੀ ਦੇ ਗਣਰਾਜਾਂ ਦੀ ਬੁਰਜੂਆਜ਼ੀ ਰਾਠਸ਼ਾਹੀ ਦੇ ਲੋਕਾਂ ਨੂੰ ਸਿਆਸੀ ਹੱਕਾਂ ਤੋਂ ਵਿਰਵਾ ਕਰਦੀ ਸੀ। ਇਨਕਲਾਬੀ ਪ੍ਰੋਲੇਤਾਰੀ ਉੱਪਰਲੀਆਂ ਜਮਾਤਾਂ ਦੇ ਸਿਆਸੀ ਹੱਥ ਉਸੇ ਤਰ੍ਹਾਂ ਸੀਮਤ ਕਰ ਸਕਦਾ ਹੈ, ਜਿਸ ਤਰ੍ਹਾਂ ਉਪਰਲੀਆਂ ਜਮਾਤਾਂ ਉਹਦੇ ਸਿਆਸੀ ਹੱਕਾਂ ਨੂੰ ਸੀਮਤ ਕਰਦੀਆਂ ਹੁੰਦੀਆਂ ਸਨ।" ਪਲੈਖ਼ਾਨੋਵ ਦੀ ਤਕਰੀਰ ਦਾ ਤਾੜੀਆਂ ਅਤੇ **ਛੀ-ਛੀ ਨਾਲ਼** ਸੁਆਗਤ ਕੀਤਾ ਗਿਆ। ਪਲੈਖ਼ਾਨੋਵ ਨੇ ਕਿਸੇ ਦੇ Zwischenruf* ਵਿਰੁੱਧ ਰੋਸ ਪ੍ਰਗਟ ਕੀਤਾ, "ਤੁਹਾਨੂੰ ਛੀ-ਛੀ ਨਹੀਂ ਕਰਨੀ ਚਾਹੀਦੀ", ਅਤੇ ਸਾਥੀਆਂ ਨੂੰ ਕਿਹਾ ਕਿ ਉਹ ਆਪਣੇ ਪ੍ਰਦਰਸ਼ਨ ਨੂੰ ਸੀਮਤ ਨਾ ਕਰਨ, ਸਾਥੀ ਯੇਗੋਰੋਵ ਖੜ੍ਹਾ ਹੋ ਗਿਆ ਅਤੇ ਕਿਹਾ: "ਕਿਉਂਕਿ ਅਜਿਹੀਆਂ ਤਕਰੀਰਾਂ ਤਾੜੀਆਂ ਵਜਵਾਉਂਦੀਆਂ ਹਨ, ਇਸ ਲਈ ਮੈਂ ਛੀ-ਛੀ ਕਰਨ ਉੱਤੇ ਮਜਬੂਰ ਹੋਇਆ"। ਗੋਲਦਬਲਾਤ ("ਬੁੰਦ" ਦੇ ਇੱਕ ਡੈਲੀਗੇਟ) ਨਾਲ਼ ਰਲਕੇ, ਸਾਥੀ ਯੇਗੋਰੋਵ ਨੇ ਪੋਸਾਦੋਵਸਕੀ ਅਤੇ ਪਲੈਖ਼ਾਨੋਵ ਦੇ ਵਿਚਾਰਾਂ ਨੂੰ ਲਲਕਾਰਿਆ। ਮੰਦੇ ਭਾਗੀਂ ਬਹਿਸ ਖ਼ਤਮ ਕਰ ਦਿੱਤੀ ਗਈ ਅਤੇ ਇਹ ਸਵਾਲ ਜਿਹੜਾ ਇਹਦੇ ਵਿੱਚ ਉਭਰਿਆ ਸੀ, ਪਿੜ ਵਿੱਚੋਂ ਲੋਪ ਹੋ ਗਿਆ। ਪਰ ਹੁਣ ਸਾਥੀ ਮਾਰਤੋਵ ਵੱਲੋਂ ਲੀਗ ਕਾਂਗਰਸ ਵਿੱਚ ਇਹ ਕਹਿ ਕੇ: "ਇਹਨਾਂ ਸ਼ਬਦਾਂ [ਪਲੈਖ਼ਾਨੋਵ ਦਿਆਂ] ਨੇ ਡੈਲੀਗੇਟਾਂ ਵਿੱਚੋਂ ਕੁੱਝ ਦਾ ਗ਼ੁੱਸਾ ਭੜਕਾਇਆ; ਇਸ ਤੋਂ ਬਚਿਆ ਜਾ ਸਕਦਾ ਸੀ ਜੇ ਸਾਥੀ ਪਲੈਖ਼ਾਨੋਵ ਇਹ ਵਾਧਾ ਕਰ ਦੇਂਦਾ ਕਿ ਨਿਰਸੰਦੇਹ ਅਜਿਹੀ ਤ੍ਰਾਸਦਿਕ ਹਾਲਤ ਦੀ ਕਲਪਨਾ ਕਰਨਾ ਅਸੰਭਵ ਹੈ, ਜਿਸ ਵਿੱਚ ਪ੍ਰੋਲੇਤਾਰੀ ਨੂੰ, ਆਪਣੀ ਪੋਜ਼ੀਸ਼ਨ ਮਜ਼ਬੂਤ ਬਣਾਉਣ ਲਈ ਅਖ਼ਬਾਰਾਂ ਦੀ ਆਜ਼ਾਦੀ ਜਿਹੇ ਸਿਆਸੀ ਹੱਕਾਂ ਨੂੰ ਪੈਰਾਂ ਹੇਠ ਮਧੋਲਣਾ ਪਵੇਗਾ।... (**ਪਲੈਖ਼ਾਨੋਵ**: 'Merci'**)" (ਲੀਗ ਦੀ ਕਾਰਵਾਈ, ਪੰਨਾ 58)। ਇਹਦੀ ਮਹੱਤਤਾ ਘਟਾਉਣ ਜਾਂ ਇਥੋਂ ਤੱਕ ਕਿ ਉਸ ਤੋਂ ਉੱਕਾ ਹੀ ਇਨਕਾਰ ਕਰਨ ਦਾ ਯਤਨ ਕਰਨਾ ਵਿਅਰਥ ਹੈ। ਇਹ ਵਿਆਖਿਆ **ਕਾਂਗਰਸ ਵਿਚ** ਸਾਥੀ ਪੋਸਾਦੋਵਸਕੀ ਦੇ ਇਸ ਦੋ ਟੂਕ ਬਿਆਨ ਦਾ **ਸਿੱਧੀ ਤਰ੍ਹਾਂ** ਖੰਡਣ ਕਰਦੀ ਹੈ ਕਿ ਇੱਕ "ਬੁਨਿਆਦੀ ਸਵਾਲ" ਸੰਬੰਧੀ "ਗੰਭੀਰ ਰਾਏ ਦਾ ਵਖਰੇਵਾਂ" ਅਤੇ ਮਤ-ਭੇਦ ਹਨ। ਇਸ ਬੁਨਿਆਦੀ ਸਵਾਲ ਸੰਬੰਧੀ ਕਾਂਗਰਸ ਵਿੱਚ ਸਾਰੇ "ਇਸਕਰਾ"-ਵਾਦੀਆਂ ਨੇ "ਇਸਕਰਾ"-ਵਿਰੋਧੀ "ਸੱਜੇ ਪੱਖ" (ਗੋਲਦਬਲਾਤ) ਅਤੇ ਕਾਂਗਰਸ ਦੇ "ਕੇਂਦਰ" (ਯੇਗੋਰੋਵ) ਦਾ ਵਿਰੋਧ ਕੀਤਾ। ਇਹ ਤੱਥ ਹੈ ਅਤੇ ਬੰਦਾ ਬਿਨਾਂ ਝਿਜਕੇ ਕਹਿ ਸਕਦਾ ਹੈ ਕਿ ਜੇ "ਕੇਂਦਰ" ਨੂੰ (ਮੈਨੂੰ ਆਸ ਹੈ ਇਹ ਸ਼ਬਦ ਨਰਮੀ ਦੇ "ਸਰਕਾਰੀ" ਹਾਮੀਆਂ ਨੂੰ ਕਿਸੇ ਹੋਰ ਨਾਲ਼ੋਂ ਘੱਟ ਧੱਕਾ ਪਹੁੰਚਾਵੇਗਾ...) **"ਕਿਸੇ ਰੋਕ ਤੋਂ ਬਿਨਾਂ"** (ਸਾਥੀ ਯੇਗੋਰੋਵ ਜਾਂ ਮਾਖੋਵ ਦੇ ਮੂੰਹੋਂ) ਇਸ ਜਾਂ ਇਹੋ ਜਿਹੇ ਹੋਰ ਸਵਾਲਾਂ ਸੰਬੰਧੀ ਬੋਲਣ ਦਿੱਤਾ ਜਾਂਦਾ ਤਾਂ ਰਾਏ ਦਾ ਗੰਭੀਰ ਮਤ-ਭੇਦ

* ਸਰੋਤਿਆਂ ਵੱਲੋਂ ਦਖ਼ਲ। **—ਸੰਪਾ.**

** ਧੰਨਵਾਦ। **—ਅਨੁ.**

ਇੱਕਦਮ ਪ੍ਰਗਟ ਹੋ ਜਾਂਦਾ।

ਇਹ "ਭਾਸ਼ਾਵਾਂ ਦੀ ਬਰਾਬਰੀ" ਦੇ ਮਾਮਲੇ ਉੱਤੇ ਹੋਰ ਵੀ ਸਪਸ਼ਟਤਾ ਨਾਲ਼ ਪ੍ਰਤੱਖ ਹੋਇਆ (ਕਾਰਵਾਈ, ਪੰਨਾ 171 ਅਤੇ ਉਸ ਤੋਂ ਅੱਗੇ)। ਇਸ ਮਾਮਲੇ ਵਿੱਚ ਬਹਿਸ ਇੰਨੀ ਉਘੜਵੀਂ ਨਹੀਂ ਸੀ ਜਿੰਨਾ ਵੋਟ ਪਏ ਜਾਣੇ: ਜਿੰਨੀ ਵਾਰ ਵੋਟ ਲਏ ਗਏ ਉਹਨੂੰ ਗਿਣਦੇ ਹੋਏ ਸਾਨੂੰ **ਸੋਲ੍ਹਾਂ** ਦੀ ਹੈਰਾਨੀਜਨਕ ਗਿਣਤੀ ਮਿਲਦੀ ਹੈ! ਕਾਹਦੇ ਸੰਬੰਧੀ ? ਇਸ ਸੰਬੰਧੀ ਕਿ ਕੀ ਪ੍ਰੋਗਰਾਮ ਵਿੱਚ ਸਾਰੇ ਨਾਗਰਿਕਾਂ ਦੀ ਲਿੰਗ, ਆਦਿ, ਅਤੇ **ਭਾਸ਼ਾਵਾਂ** ਦੇ ਵਿਤਕਰੇ ਤੋਂ ਬਿਨਾਂ ਬਰਾਬਰੀ ਮਿਥ ਦੇਣਾ ਕਾਫ਼ੀ ਹੈ ਜਾਂ "ਭਾਸ਼ਾ ਦੀ ਅਜ਼ਾਦੀ", "ਭਾਸ਼ਾਵਾਂ ਦੀ ਬਰਾਬਰੀ" ਮਿਥਣਾ ਲਾਜ਼ਮੀ ਹੈ। ਸਾਥੀ ਮਾਰਤੋਵ ਨੇ ਲੀਗ ਦੀ ਕਾਂਗਰਸ ਵਿਖੇ ਇਸ ਘਟਨਾ ਦਾ ਚੋਖਾ ਠੀਕ ਲੱਛਣੀਕਰਨ ਕੀਤਾ ਜਦੋਂ ਉਹਨੇ ਕਿਹਾ ਕਿ "ਪ੍ਰੋਗਰਾਮ ਦੇ ਇੱਕ ਨੁਕਤੇ ਸੰਬੰਧੀ ਨਿਕਚੂ ਜਿਹਾ ਵਿਵਾਦ ਇੱਕ ਅਸੂਲ ਦਾ ਮਾਮਲਾ ਬਣ ਗਿਆ, ਕਿਉਂਕਿ ਅੱਧੀ ਕਾਂਗਰਸ ਪ੍ਰੋਗਰਾਮ ਨੂੰ ਵਗਾਹ ਮਾਰਨ ਲਈ ਤਿਆਰ ਸੀ।" ਐਨ ਇਹੋ ਗੱਲ ਹੈ।* ਵਿਵਾਦ ਦਾ ਫ਼ੌਰੀ ਕਾਰਨ ਸੱਚਮੁਚ ਨਿਕਚੂ ਜਿਹਾ ਸੀ, ਪਰ ਇਹ ਨਿਸ਼ਚੇ ਹੀ **ਅਸੂਲ** ਦਾ ਪ੍ਰਸ਼ਨ ਬਣ ਗਿਆ ਅਤੇ ਇਹਦੇ ਸਿੱਟੇ ਵਜੋਂ ਇਹਨੇ ਭਿਆਨਕ ਕੌੜੇ ਰੂਪ ਧਾਰਨ ਕਰ ਲਏ, ਇਥੋਂ ਤੱਕ ਕਿ ਪ੍ਰੋਗਰਾਮ ਕਮੇਟੀ ਨੂੰ "**ਉਲਟਾਉਣ**" ਦੇ ਯਤਨਾਂ ਤੱਕ, ਲੋਕਾਂ ਉੱਤੇ "**ਕਾਂਗਰਸ ਨੂੰ ਕੁਰਾਹੇ ਪਾਉਣ**" ਦਾ ਸ਼ੱਕ ਕਰਨ (ਜਿਵੇਂ ਯੇਗੋਰੋਵ ਨੇ ਮਾਰਤੋਵ ਉੱਤੇ ਸ਼ੱਕ ਕੀਤਾ), ਅਤੇ ਅਤਿਅੰਤ ਗਾਲ੍ਹਾਂ ਭਰੀਆਂ... ਦੀਆਂ ਨਿੱਜੀ ਟਿੱਪਣੀਆਂ ਤੱਕ (ਪੰਨਾ 178)। ਇਥੋਂ ਤੱਕ ਕਿ ਸਾਥੀ ਪੋਪੋਵ ਨੇ ਵੀ ਦੁੱਖ ਪ੍ਰਗਟ ਕੀਤਾ ਕਿ ਕੇਵਲ ਤੁੱਛ ਗੱਲਾਂ ਨੇ ਹੀ **ਅਜਿਹੇ ਵਾਯੂ-ਮੰਡਲ**

---

* ਮਾਰਤੋਵ ਨੇ ਵਾਧਾ ਕੀਤਾ: "ਇਸ ਅਵਸਰ ਉੱਤੇ ਖੋਤਿਆਂ ਸੰਬੰਧੀ ਪਲੈਖ਼ਾਨੋਵ ਦੀ ਟਿਚਕਰ ਨੇ ਬਹੁਤ ਨੁਕਸਾਨ ਪੁਚਾਇਆ।" (ਜਦੋਂ ਭਾਸ਼ਾ ਦੀ ਅਜ਼ਾਦੀ ਦੇ ਮਸਲੇ ਉੱਤੇ ਵਿਚਾਰ ਹੋ ਰਹੀ ਸੀ ਤਾਂ, ਮੇਰਾ ਖ਼ਿਆਲ ਹੈ, ਇੱਕ ਬੁੰਦਵਾਦੀ ਨੇ ਹੋਰ ਸੰਸਥਾਵਾਂ ਦੇ ਨਾਲ਼ ਘੋੜੇ-ਪਾਲ ਫ਼ਾਰਮਾਂ ਦਾ ਵੀ ਵਰਣਨ ਕੀਤਾ, ਜਿਸ ਉੱਤੇ ਪਲੈਖ਼ਾਨੋਵ ਨੇ ਉੱਚੀ ਘੁਸਰ-ਮੁਸਰ ਵਿੱਚ ਕਿਹਾ: "ਘੋੜੇ ਨਹੀਂ ਬੋਲਦੇ, ਪਰ ਖੋਤੇ ਕਦੀ ਕਦੀ ਬੋਲਦੇ ਹਨ"।) ਮੈਨੂੰ ਇਸ ਟਿਚਕਰ ਵਿੱਚ ਕੁੱਝ ਨਰਮ, ਲਿਹਾਜ਼ਦਾਰ, ਸੁਚੱਜਾ ਜਾਂ ਲਚਕਦਾਰ ਨਹੀਂ ਦਿਸਦਾ। ਪਰ ਮੈਨੂੰ ਇਹ ਗੱਲ ਅਜੀਬ ਲਗਦੀ ਹੈ ਕਿ ਮਾਰਤੋਵ ਨੇ, ਜਿਸਨੇ ਇਹੇ ਮੰਨਿਆ ਕਿ ਵਿਵਾਦ **ਅਸੂਲ ਦਾ ਮਾਮਲਾ** ਬਣ ਗਿਆ, ਇਸ ਗੱਲ ਦਾ ਵਿਸ਼ਲੇਸ਼ਣ ਕਰਨ ਦਾ ਕੋਈ ਯਤਨ ਨਾ ਕੀਤਾ ਕਿ ਇਹ ਅਸੂਲ ਕੀ ਸੀ ਅਤੇ ਇੱਥੇ ਵਿਚਾਰਾਂ ਦੀਆਂ ਕਿਨ੍ਹਾਂ ਭਾਹਾਂ ਨੂੰ ਪ੍ਰਗਟਾਵਾ ਮਿਲਿਆ, ਸਗੋਂ ਉਹਨੇ ਆਪਣੇ ਆਪ ਨੂੰ ਟਿਚਰਾਂ ਦੀ "ਹਾਨੀਕਾਰਤਾ" ਤੱਕ ਸੀਮਤ ਰੱਖਿਆ। ਇਹ, ਨਿਰਸੰਦੇਹ, ਨੌਕਰਸ਼ਾਹੀ ਅਤੇ ਰਸਮੀ ਵਤੀਰਾ ਹੈ! ਇਹ ਸੱਚ ਹੈ ਕਿ "ਕਾਂਗਰਸ ਵਿੱਚ" ਕਾਟਵੀਆਂ ਟਿਚਕਰਾਂ ਨੇ "ਬਹੁਤ ਨੁਕਸਾਨ ਕੀਤਾ", ਜਿਹੜੀਆਂ ਕੇਵਲ ਬੁੰਦਵਾਦੀਆਂ ਉੱਤੇ ਹੀ ਨਾ ਕੀਤੀਆਂ ਗਈਆਂ, ਸਗੋਂ ਉਹਨਾਂ ਵੱਲੋਂ ਵੀ ਕੀਤੀਆਂ ਗਈਆਂ ਜਿਨ੍ਹਾਂ ਦੀ ਬੁੰਦਵਾਦੀਆਂ ਨੇ ਕਈ ਵਾਰ ਹਮਾਇਤ ਕੀਤੀ ਅਤੇ ਇੱਥੋਂ ਤੱਕ ਕਿ ਹਾਰ ਤੋਂ ਬਚਾਇਆ। ਪਰ, ਜਦੋਂ ਇੱਕ ਵਾਰ ਤੁਸੀਂ ਇਹ ਮੰਨ ਲਓ ਕਿ ਘਟਨਾ ਵਿੱਚ ਅਸੂਲ ਸ਼ਾਮਲ ਸਨ ਤਾਂ ਤੁਸੀਂ ਆਪਣੇ ਆਪ ਨੂੰ ਕੁੱਝ ਟਿਚਰਾਂ ਦੇ "ਅਣ-ਆਗਿਆ-ਯੋਗ" (ਲੀਗ ਦੀ ਕਾਰਵਾਈ, ਪੰਨਾ 58) ਤੱਕ ਹੀ ਸੀਮਤ ਨਹੀਂ ਰੱਖ ਸਕਦੇ।

ਨੂੰ ਜਨਮ ਦਿੱਤਾ ਹੈ (ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ, ਪੰਨਾ 182) ਜਿਹੋ ਜਿਹਾ ਤਿੰਨ ਇਕੱਤ੍ਰਤਾਵਾਂ ਵਿੱਚ ਪ੍ਰਗਟ ਹੋਇਆ (16ਵੀਂ, 17ਵੀਂ ਅਤੇ 18ਵੀਂ)।

ਇਹ ਸਾਰੀਆਂ ਗੱਲਾਂ ਬੜੇ ਨਿਸ਼ਚਿਤ ਰੂਪ ਵਿੱਚ ਅਤੇ ਦੋ ਟੁਕ ਢੰਗ ਨਾਲ਼ ਇਸ ਅਤਿਅੰਤ ਮਹੱਤਵਪੂਰਨ ਤੱਥ ਵੱਲ ਸੰਕੇਤ ਕਰਦੀਆਂ ਹਨ ਕਿ "ਸ਼ੱਕ" ਦਾ ਵਾਯੂ-ਮੰਡਲ ਅਤੇ ਟੱਕਰ ਦੇ ਅਤਿਅੰਤ ਕੌੜੇ ਰੂਪ ("ਉਲਟਾਉਣਾ")—ਜਿਸ ਲਈ ਪਿੱਛੋਂ ਲੀਗ ਦੀ ਕਾਂਗਰਸ ਵਿੱਚ "ਇਸਕਰਾ"-ਵਾਦੀ ਬਹੁਗਿਣਤੀ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ!—ਅਸਲ ਵਿੱਚ **ਸਾਡੇ ਬਹੁਗਿਣਤੀ ਅਤੇ ਘੱਟਗਿਣਤੀ ਵਿੱਚ ਵੰਡੇ ਜਾਣ ਤੋਂ ਬਹੁਤ ਪਹਿਲਾਂ ਹੋਂਦ ਵਿੱਚ** ਆ ਗਏ ਸਨ। ਮੈਂ ਇਹ ਗੱਲ ਦੁਹਰਾਉਂਦਾ ਹਾਂ, ਇਹ ਬਹੁਤ ਮਹੱਤਤਾ ਵਾਲ਼ਾ ਤੱਥ ਹੈ, ਇੱਕ ਬੁਨਿਆਦੀ ਤੱਥ, ਅਤੇ ਇਹਨੂੰ ਸਮਝਣ ਵਿੱਚ ਅਸਫ਼ਲਤਾ ਬਹੁਤ ਸਾਰੇ ਲੋਕਾਂ ਨੂੰ ਕਾਂਗਰਸ ਦੇ ਅੰਤ ਉੱਤੇ ਬਹੁਗਿਣਤੀ ਦੇ ਨਕਲੀ ਹੋਣ ਸੰਬੰਧੀ ਬੇਸਮਝ ਸਿੱਟੇ ਤੱਕ ਲੈ ਜਾਂਦੀ ਹੈ। ਸਾਥੀ ਮਾਰਤੋਵ ਦੇ ਅਜੋਕੇ ਨਜ਼ਰੀਏ ਤੋਂ, ਜਿਹੜਾ ਇਹ ਦਾਅਵਾ ਕਰਦਾ ਹੈ ਕਿ ਕਾਂਗਰਸ ਦੇ ਡੈਲੀਗੇਟਾਂ ਦੇ ਦਸਾਂ ਵਿੱਚੋਂ ਨੌਂ ਹਿੱਸੇ "ਇਸਕਰਾ"-ਵਾਦੀ ਸਨ, ਇਹ ਤੱਥ ਕਿ "ਕੇਵਲ ਤੁੱਛਤਾਈਆਂ", ਇੱਕ "ਨਿਕਚੂ" ਕਾਰਨ, ਅਜਿਹੀ ਟੱਕਰ ਨੂੰ ਜਨਮ ਦੇ ਸਕਿਆ ਜਿਹੜੀ "ਅਸੂਲ ਦਾ ਮਾਮਲਾ" ਬਣ ਗਈ ਅਤੇ ਲਗਭਗ ਕਾਂਗਰਸ ਦੇ ਇੱਕ ਕਮੀਸ਼ਨ ਨੂੰ ਉਲਟਾਉਣ ਤੱਕ ਅੱਪੜ ਗਈ, ਵਿਆਖਿਆ ਨਾ ਹੋ ਸਕਣ ਯੋਗ ਅਤੇ ਵਾਹਯਾਤ ਹੈ। "ਹਾਨੀਕਾਰਕ" ਟਿੱਚਰਾਂ ਸੰਬੰਧੀ ਰੋਣ-ਪਿੱਟਣ ਅਤੇ ਹੱਥ ਮਲਣ ਰਾਹੀਂ ਇਸ **ਤੱਥ** ਤੋਂ ਟਾਲਮਟੋਲ ਕਰਨੀ ਵਾਹਯਾਤ ਹੋਵੇਗਾ। ਕੋਈ ਕਾਟਵੀਂ ਟਿਚਕਰ ਵਿਵਾਦ ਨੂੰ **ਅਸੂਲ** ਦਾ ਮਾਮਲਾ ਨਹੀਂ ਸੀ ਬਣਾ ਸਕਦੀ; ਕੇਵਲ ਕਾਂਗਰਸ ਵਿਚਲੀਆਂ ਸਿਆਸੀ ਟੋਲੀਆਂ ਦੇ ਖ਼ਾਸੇ ਕਾਰਨ ਇਹ ਅਜਿਹਾ ਬਣ ਸਕਦਾ ਸੀ। ਇਹ ਕਾਟਵੀਆਂ ਟਿੱਪਣੀਆਂ ਜਾਂ ਟਿਚਕਰਾਂ ਨਹੀਂ ਸਨ ਜਿਨ੍ਹਾਂ ਵਿਵਾਦ ਨੂੰ ਜਨਮ ਦਿੱਤਾ—ਇਹ ਕੇਵਲ ਇਸ ਤੱਥ ਦੀ **ਨਿਸ਼ਾਨੀ** ਸਨ ਕਿ ਖ਼ੁਦ ਕਾਂਗਰਸ ਵਿਚਲੀਆਂ ਟੋਲੀਆਂ ਵਿੱਚ ਇੱਕ "ਵਿਰੋਧ" ਲੁਕਿਆ ਹੋਇਆ ਸੀ, ਕਿ ਇਹਦੇ ਵਿੱਚ ਵਿਰੋਧ ਦੀ ਸਾਰੀ ਸਮੱਗਰੀ ਲੁਕੀ ਹੋਈ ਸੀ, ਕਿ ਇਹਦੇ ਵਿੱਚ ਇੱਕ ਅੰਦਰੂਨੀ ਅਣਮੇਲ ਸੀ ਜਿਹੜਾ ਘੱਟ ਤੋਂ ਘੱਟ ਕਾਰਨ ਉੱਤੇ, ਅਤਿਅੰਤ **ਨਿਗੂਣੀ ਗੱਲ ਉੱਤੇ ਵੀ** ਜ਼ੋਰਦਾਰ ਤਰੀਕੇ ਨਾਲ਼ ਫੁੱਟ ਪਿਆ।

ਦੂਜੇ ਹੱਥ, ਉਸ ਨਜ਼ਰੀਏ ਤੋਂ ਜਿਸ ਨਾਲ਼ ਮੈਂ ਕਾਂਗਰਸ ਨੂੰ ਵੇਖਦਾ ਹਾਂ, ਅਤੇ ਘਟਨਾਵਾਂ ਦੀ ਇੱਕ ਨਿਸ਼ਚਿਤ ਸਿਆਸੀ ਵਿਆਖਿਆ ਵਜੋਂ ਜਿਸਦੀ ਪ੍ਰੋੜ੍ਹਤਾ ਕਰਨਾ ਮੈਂ ਆਪਣਾ ਫ਼ਰਜ਼ ਸਮਝਦਾ ਹਾਂ, ਭਾਵੇਂ ਇਹ ਵਿਆਖਿਆ ਕੁੱਝ ਲੋਕਾਂ ਨੂੰ ਕਿੰਨੀ ਦੁਖਦਾਈ ਕਿਉਂ ਨਾ ਜਾਪੇ—ਇਸ ਨਜ਼ਰੀਏ ਤੋਂ ਇੱਕ "ਨਿਗੂਣੇ" ਕਾਰਨ ਕਰਕੇ **ਅਸੂਲ** ਦੀ ਜਿਹੜੀ ਤੀਖਣ ਟੱਕਰ ਸ਼ੁਰੂ ਹੋ ਗਈ ਉਹ ਐਨ ਵਿਆਖਿਆ ਯੋਗ ਅਤੇ ਅਟੱਲ ਸੀ। ਕਿਉਂਕਿ ਕਾਂਗਰਸ ਵਿੱਚ "ਇਸਕਰਾ"-ਵਾਦੀਆਂ ਅਤੇ "ਇਸਕਰਾ"-ਵਿਰੋਧੀਆਂ ਵਿਚਕਾਰ, ਕਿਉਂਕਿ ਉਹਨਾਂ ਅਤੇ ਅਸਥਿਰ ਅੰਸ਼ਾਂ ਵਿਚਕਾਰ ਟੱਕਰ **ਸਾਰਾ ਸਮਾਂ** ਚਲਦੀ ਰਹੀ, ਅਤੇ ਕਿਉਂਕਿ "ਇਸਕਰਾ"-ਵਿਰੋਧੀਆਂ ਨਾਲ਼ ਰਲਕੇ ਪਿਛਲੇਰਿਆਂ ਕੋਲ ਵੋਟਾਂ ਦਾ ਤੀਜਾ ਹਿੱਸਾ ਸੀ (51 ਵਿਚੋਂ 8+10=18, ਮੇਰੀ ਗਿਣਤੀ ਅਨੁਸਾਰ, ਜਿਹੜੀ ਨਿਰਸੰਦੇਹ ਅੰਦਾਜ਼ਾ ਹੈ), ਇਹ ਗੱਲ

ਉੱਕਾ ਹੀ ਸਪਸ਼ਟ ਅਤੇ ਸੁਭਾਵਕ ਹੈ ਕਿ **ਇੱਕ ਨਿਕੀ ਜਿਹੀ ਘੱਟਗਿਣਤੀ ਦੇ ਵੀ "ਇਸਕਰਾ"-ਵਾਦੀਆਂ ਤੋਂ ਵੱਖ ਹੋਣ** ਦਾ ਸਿੱਟਾ "ਇਸਕਰਾ"-ਵਿਰੋਧੀ ਮੁਹਾਣ ਦੀ ਜਿੱਤ ਦੀ ਸੰਭਾਵਨਾ ਪੈਦਾ ਕਰ ਦੇਂਦਾ ਅਤੇ ਇਸ ਲਈ ਇਹਨੇ ਇੰਨਾ ਜਨੂੰਨੀ ਘੋਲ਼ ਪੈਦਾ ਕੀਤਾ। ਇਹ ਗ਼ੈਰਵਾਜਿਬ ਕਾਟਵੀਆਂ ਟਿੱਪਣੀਆਂ ਅਤੇ ਹਮਲਿਆਂ ਦਾ ਸਿੱਟਾ ਨਹੀਂ, ਸਗੋਂ ਸਿਆਸੀ ਮੇਲ ਦਾ ਸਿੱਟਾ ਸੀ। ਇਹ ਕਾਟਵੀਆਂ ਟਿੱਪਣੀਆਂ ਨਹੀਂ ਸਨ ਜਿਨ੍ਹਾਂ ਸਿਆਸੀ ਟੱਕਰ ਨੂੰ ਜਨਮ ਦਿੱਤਾ; ਇਹ ਕਾਂਗਰਸ ਦੀਆਂ ਟੋਲੀਆਂ ਵਿੱਚ ਸਿਆਸੀ ਟੱਕਰ ਦੀ ਹੋਂਦ ਸੀ ਜਿਸਨੇ ਕਾਟਵੀਆਂ ਟਿੱਪਣੀਆਂ ਅਤੇ ਹਮਲਿਆਂ ਨੂੰ ਜਨਮ ਦਿੱਤਾ—ਇਹ ਫ਼ਰਕ ਕਾਂਗਰਸ ਦੀ ਸਿਆਸੀ ਮਹੱਤਤਾ ਅਤੇ ਇਹਦੇ ਸਿੱਟਿਆਂ ਦੇ ਮੁਲਾਂਕਣ ਕਰਨ ਵਿੱਚ ਮਾਰਤੋਵ ਅਤੇ ਮੇਰੇ ਵਿਚਕਾਰ ਅਸੂਲੀ ਤੌਰ ਉੱਤੇ ਬੁਨਿਆਦੀ ਫ਼ਰਕ ਨੂੰ ਪ੍ਰਗਟ ਕਰਦਾ ਹੈ।

ਕੁੱਲ ਮਿਲਾਕੇ, ਕਾਂਗਰਸ ਦੇ ਦੌਰਾਨ "ਇਸਕਰਾ"-ਵਾਦੀਆਂ ਦੀ ਥੋੜ੍ਹੀ ਜਿਹੀ ਗਿਣਤੀ ਦੇ ਬਹੁਗਿਣਤੀ ਤੋਂ ਵੱਖ ਹੋਣ ਦੀਆਂ ਤਿੰਨ ਘਟਨਾਵਾਂ ਹੋਈਆਂ—ਭਾਸ਼ਾਵਾਂ ਦੀ ਬਰਾਬਰੀ ਦੇ ਪ੍ਰਸ਼ਨ ਉੱਤੇ, ਨਿਯਮਾਂ ਦੇ ਪਹਿਲੇ ਪੈਰੇ ਉੱਤੇ, ਅਤੇ ਚੋਣਾਂ ਉੱਤੇ—ਅਤੇ ਤਿੰਨਾਂ ਹੀ ਮੌਕਿਆਂ ਉੱਤੇ ਇੱਕ ਸਖ਼ਤ ਘੋਲ਼ ਹੋਇਆ, ਜਿਸਦਾ ਸਿੱਟਾ ਉਹ ਗੰਭੀਰ ਸੰਕਟ ਨਿਕਲਿਆ ਜਿਹੜਾ ਅਸੀਂ ਪਾਰਟੀ ਵਿੱਚ ਅੱਜ ਵੇਖਦੇ ਹਾਂ। ਇਸ ਸੰਕਟ ਅਤੇ ਇਸ ਘੋਲ਼ ਦੀ ਸਿਆਸੀ ਸੂਝ ਲਈ ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਆਪ ਨੂੰ ਟਿਚਕਰਾਂ ਦੇ ਅਣ-ਆਗਿਆਯੋਗ ਹੋਣ ਸੰਬੰਧੀ ਵਾਕੰਸ਼ਾਂ ਤੱਕ ਹੀ ਸੀਮਤ ਨਾ ਰੱਖੀਏ, ਸਗੋਂ ਲਾਜ਼ਮੀ ਤੌਰ ਉੱਤੇ ਉਹਨਾਂ ਧਿਰਾਂ ਦੀ, ਜਿਹੜੀਆਂ ਕਾਂਗਰਸ ਵਿੱਚ ਟਕਰਾਈਆਂ, ਸਿਆਸੀ ਦਲਬੰਦੀ ਨੂੰ ਮੁੱਖ ਰੱਖੀਏ। ਇਸ ਲਈ ਜਿਥੋਂ ਤਕ ਮਤ-ਭੇਦਾਂ ਦੇ ਕਾਰਨਾਂ ਦਾ ਪਤਾ ਕੱਢਣ ਦਾ ਸਵਾਲ ਹੈ, "ਭਾਸ਼ਾਵਾਂ ਦੀ ਬਰਾਬਰੀ" ਦੀ ਘਟਨਾ ਦੂਹਰੀ ਰੌਚਕਤਾ ਵਾਲ਼ੀ ਹੈ, ਕਿਉਂਕਿ ਉਸ ਸਮੇਂ ਮਾਰਤੋਵ ਅਜੇ "ਇਸਕਰਾ"-ਵਾਦੀ ਸੀ (ਅਜੇ ਸੀ!) ਅਤੇ ਉਹ "ਇਸਕਰਾ"-ਵਿਰੋਧੀਆਂ ਅਤੇ "ਕੇਂਦਰ" ਵਿਰੁੱਧ ਸ਼ਾਇਦ ਕਿਸੇ ਹੋਰ ਨਾਲ਼ੋਂ ਵਧੇਰੇ ਜ਼ੋਰ ਨਾਲ਼ ਲੜਿਆ।

ਜੰਗੀ ਸਾਥੀ ਮਾਰਤੋਵ ਅਤੇ ਬੁੰਦਵਾਦੀਆਂ ਦੇ ਨੇਤਾ ਸਾਥੀ ਲੀਬਰ ਵਿਚਕਾਰ ਇੱਕ ਵਿਵਾਦ ਨਾਲ਼ ਸ਼ੁਰੂ ਹੋਈ (ਪੰਨੇ 171-172)। ਮਾਰਤੋਵ ਨੇ ਦਲੀਲ ਦਿੱਤੀ ਕਿ "ਨਾਗਰਿਕਾਂ ਦੀ ਬਰਾਬਰੀ" ਦੀ ਮੰਗ ਕਾਫ਼ੀ ਹੈ। "ਭਾਸ਼ਾ ਦੀ ਅਜ਼ਾਦੀ" ਰੱਦ ਕਰ ਦਿੱਤੀ ਗਈ, ਪਰ ਇੱਕ ਦਮ "ਭਾਸ਼ਾਵਾਂ ਦੀ ਬਰਾਬਰੀ" ਦੀ ਤਜਵੀਜ਼ ਕੀਤੀ ਗਈ ਅਤੇ ਸਾਥੀ ਯੇਗੋਰੋਵ ਸਾਥੀ ਲੀਬਰ ਨਾਲ਼ ਮੈਦਾਨ ਵਿੱਚ ਕੁੱਦ ਪਿਆ। ਸਾਥੀ ਮਾਰਤੋਵ ਨੇ ਕਿਹਾ ਕਿ "ਜਦੋਂ ਬੁਲਾਰੇ ਇਸ ਗੱਲ ਉੱਤੇ ਜ਼ੋਰ ਦੇਂਦੇ ਹਨ ਕਿ ਕੌਮੀਅਤਾਂ ਬਰਾਬਰ ਹਨ ਅਤੇ ਨਾਬਰਾਬਰੀ ਨੂੰ ਭਾਸ਼ਾਵਾਂ ਦੇ ਖੇਤਰ ਵਿੱਚ ਤਬਦੀਲ ਕਰ ਦੇਂਦੇ ਹਨ", ਤਾਂ ਇਹ ਖ਼ਾਲਸ **ਜੜ੍ਹ-ਪੂਜਾਵਾਦ** ਹੈ, "ਜਿੱਥੇ ਕਿ ਮਾਮਲੇ ਉੱਤੇ ਐਨ ਉਲਟੇ ਕੋਣ ਤੋਂ ਵਿਚਾਰ ਕੀਤੀ ਜਾਣੀ ਚਾਹੀਦੀ ਹੈ: ਕੌਮੀਅਤਾਂ ਦੀ ਨਾਬਰਾਬਰੀ ਦੀ ਹੋਂਦ ਹੈ ਅਤੇ ਇਹਦੇ ਪ੍ਰਗਟਾਵਾਂ ਵਿੱਚੋਂ ਇੱਕ ਇਹ ਹੈ ਕਿ ਕੁੱਝ ਕੌਮਾਂ ਦੇ ਲੋਕ ਆਪਣੀ ਮਾਤ ਭਾਸ਼ਾ ਵਰਤਣ ਦੇ ਹੱਕ ਤੋਂ ਵਿਰਵੇ ਹਨ" (ਪੰਨਾ 172)। ਇਥੇ ਮਾਰਤੋਵ ਉੱਕਾ ਹੀ ਠੀਕ ਸੀ। ਲੀਬਰ ਅਤੇ ਯੇਗੋਰੋਵ ਦਾ ਆਪਣੇ ਸੂਤਰੀਕਰਨ ਉੱਤੇ ਜ਼ੋਰ

ਦੇਣ ਅਤੇ ਇਹ ਵਿਖਾਉਣ ਦਾ ਉੱਕਾ ਹੀ ਨਿਰਾਧਾਰ ਯਤਨ ਕਿ ਅਸੀਂ ਕੌਮੀਅਤਾਂ ਦੀ ਬਰਾਬਰੀ ਦੇ ਨਿਯਮ ਦੀ ਰੱਖਿਆ ਕਰਨ ਲਈ ਤਿਆਰ ਨਹੀਂ ਜਾਂ ਅਜਿਹਾ ਕਰਨ ਦੇ ਨਿਰਯੋਗ ਹਾਂ, ਸਚਮੁਚ ਇੱਕ ਤਰ੍ਹਾਂ ਦਾ ਜੜ੍ਹ-ਪੂਜਵਾਦ ਸੀ। ਅਸਲ ਵਿੱਚ ਉਹ "ਜੜ੍ਹ-ਪੂਜਕਾਂ" ਵਾਂਗ ਸ਼ਬਦ ਦੀ ਰੱਖਿਆ ਕਰ ਰਹੇ ਸਨ ਅਤੇ ਅਸੂਲ ਦੀ ਨਹੀਂ, ਉਹ ਅਜਿਹਾ ਅਸੂਲ ਦੀ ਗ਼ਲਤੀ ਕਰਨ ਦੇ ਡਰ ਕਾਰਨ ਨਹੀਂ ਸਨ ਕਰ ਰਹੇ ਸਗੋਂ ਇਸ ਡਰ ਤੋਂ ਕਰ ਰਹੇ ਸਨ ਕਿ ਲੋਕ ਕੀ ਕਹਿਣਗੇ। ਇਹ ਡਾਵਾਂਡੋਲ ਖ਼ਸਲਤ (ਜੇ "ਹੋਰਾਂ" ਸਾਡੇ ਉੱਤੇ ਇਸ ਲਈ ਦੋਸ਼ ਲਾਇਆ ਤਾਂ ?) —ਜਿਹੜੀ ਜਥੇਬੰਦਕ ਕਮੇਟੀ ਦੀ ਘਟਨਾ ਸੰਬੰਧੀ ਪਹਿਲਾਂ ਹੀ ਵੇਖੀ ਜਾ ਚੁੱਕੀ ਹੈ—ਬਹੁਤ ਸਪਸ਼ਟ ਤੌਰ ਉੱਤੇ ਸਾਡੇ ਸਮੁੱਚੇ "ਕੇਂਦਰ" ਨੇ ਵਿਖਾਈ। ਉਹਨਾਂ ਦੇ ਇੱਕ ਹੋਰ ਬੁਲਾਰੇ, ਖਾਣਾਂ ਦੇ ਇਲਾਕੇ ਦੇ ਡੈਲੀਗੇਟ ਲਵੋਵ ਨੇ, ਜਿਹੜਾ "ਯੁਜ਼ਨੀ ਰਾਬੋਚੀ" ਦੇ ਨੇੜੇ ਖੜਾ ਸੀ, ਕਿਹਾ ਕਿ "ਭਾਸ਼ਾਵਾਂ ਦੇ ਦਬਾਏ ਜਾਣ ਦਾ ਸਵਾਲ, ਜਿਹੜਾ ਸਰਹੱਦੀ ਇਲਾਕਿਆਂ ਨੇ ਉਠਾਇਆ ਹੈ, ਬਹੁਤ ਹੀ ਗੰਭੀਰ ਹੈ। ਸਾਡੇ ਪ੍ਰੋਗਰਾਮ ਵਿੱਚ ਭਾਸ਼ਾ ਸੰਬੰਧੀ ਇੱਕ ਨੁਕਤਾ ਸ਼ਾਮਲ ਕਰਨਾ ਅਤੇ ਇਉਂ ਸੋਸ਼ਲ-ਡੈਮੋਕ੍ਰੈਟਾਂ ਉੱਤੇ ਰੂਸ ਪੱਖੀ ਪ੍ਰਵਿਰਤੀਆਂ ਦਾ ਸ਼ੱਕ ਹੋਣ ਦੀ ਹਰ ਸੰਭਾਵਨਾ ਦੂਰ ਕਰਨਾ ਮਹੱਤਵਪੂਰਨ ਹੈ।" ਇਹ ਸਵਾਲ ਦੀ "ਗੰਭੀਰਤਾ" ਦੀ ਅਨੋਖੀ ਵਿਆਖਿਆ ਹੈ। ਇਹ ਬਹੁਤ ਗੰਭੀਰ ਹੈ **ਕਿਉਂਕਿ** ਸਰਹੱਦੀ ਇਲਾਕਿਆਂ ਦੇ ਸੰਭਵ ਸ਼ੱਕ ਜ਼ਰੂਰ ਹੀ ਦੂਰ ਕੀਤੇ ਜਾਣੇ ਚਾਹੀਦੇ ਹਨ। ਬੁਲਾਰਾ ਸਵਾਲ ਦੇ ਤੱਤ ਸੰਬੰਧੀ ਉੱਕਾ ਹੀ ਕੁੱਝ ਨਹੀਂ ਕਹਿੰਦਾ, ਉਹ ਜੜ੍ਹ-ਪੂਜਾਵਾਦ, ਦੇ ਦੋਸ਼ ਦਾ ਖੰਡਣ ਨਹੀਂ ਕਰਦਾ ਸਗੋਂ ਇਹਦੀ ਪੁਸ਼ਟੀ ਪੂਰੀ ਤਰ੍ਹਾਂ ਕਰਦਾ ਹੈ, ਕਿਉਂਕਿ ਉਹ ਖ਼ੁਦ ਆਪਣੀ ਦਲੀਲ ਦੇ ਖੋਖਲੇਪਣ ਨੂੰ ਵਿਖਾਉਂਦਾ ਅਤੇ ਕੇਵਲ ਉਸ ਸੰਬੰਧੀ ਗੱਲ ਕਰਦਾ ਹੈ ਜੋ ਸਰਹੱਦੀ ਇਲਾਕੇ ਕਹਿ ਸਕਦੇ ਹਨ। ਉਹਨੂੰ ਦੱਸਿਆ ਜਾਂਦਾ ਹੈ—ਉਹ ਜੋ ਕੁੱਝ ਕਹਿ **ਸਕਦੇ ਹਨ**, ਉਹ **ਝੂਠ** ਹੋਵੇਗਾ। ਪਰ ਇਹ ਪਰਖਣ ਦੀ ਥਾਂ ਕਿ ਉਹ ਸੱਚ ਹੈ ਜਾਂ ਨਹੀਂ ਉਹ ਉੱਤਰ ਦੇਂਦਾ ਹੈ: **"ਉਹ ਸ਼ੱਕ ਕਰ ਸਕਦੇ ਹਨ।"**

ਸਵਾਲ ਦੀ **ਅਜਿਹੀ** ਪੇਸ਼ਕਾਰੀ, ਜਿਹੜੀ ਇਸ ਦਾਅਵੇ ਨਾਲ਼ ਜੁੜੀ ਹੋਈ ਹੈ ਕਿ ਇਹ ਗੰਭੀਰ ਅਤੇ ਮਹੱਤਵਪੂਰਨ ਹੈ, ਨਿਰਸੰਦੇਹ ਅਸੂਲ ਦਾ ਮਸਲਾ ਖੜਾ ਕਰਦੀ ਹੈ, ਪਰ ਕਿਸੇ ਵੀ ਤਰ੍ਹਾਂ ਉਹੋ ਜਿਹਾ ਨਹੀਂ ਜਿਹੋ ਜਿਹਾ ਲੀਬਰਾਂ, ਯੇਗੋਰੋਵਾਂ ਅਤੇ ਲਵੋਵਾਂ ਵੱਲੋਂ ਇਸ ਵਿੱਚ ਵੇਖਿਆ ਜਾਵੇਗਾ। ਇਸ ਵਿੱਚ ਸ਼ਾਮਲ ਅਸੂਲ ਇਹ ਹੈ: ਕੀ ਅਸੀਂ ਇਹ ਪਾਰਟੀ ਦੀਆਂ ਜਥੇਬੰਦੀਆਂ ਅਤੇ ਮੈਂਬਰਾਂ ਉੱਤੇ ਛੱਡ ਦੇਈਏ ਕਿ ਉਹ ਪ੍ਰੋਗਰਾਮ ਦੇ ਆਮ ਅਤੇ ਬੁਨਿਆਦੀ ਥੀਸਿਸ ਆਪਣੀਆਂ ਖ਼ਾਸ ਹਾਲਤਾਂ ਉੱਤੇ ਲਾਗੂ ਕਰਨ ਅਤੇ ਅਜਿਹੇ ਇਸਤੇਮਾਲ ਦੇ ਮੰਤਵ ਨਾਲ਼ ਉਹਨਾਂ ਨੂੰ ਵਿਕਸਤ ਕਰਨ, ਜਾਂ ਕੀ ਅਸਾਂ, ਕੇਵਲ ਸ਼ੱਕ ਦੇ ਡਰ ਕਾਰਨ, ਆਪਣੇ ਪ੍ਰੋਗਰਾਮ ਨੂੰ ਵਿਸਥਾਰਾਂ, ਤੁੱਛਤਾਈਆਂ, ਦੁਹਰਾਉਆਂ ਅਤੇ ਹੁਜਤਬਾਜ਼ੀ ਨਾਲ਼ ਭਰ ਦੇਣਾ ਹੈ ? ਇੱਥੇ ਜਿਹੜਾ ਅਸੂਲ ਸ਼ਾਮਲ ਹੈ ਉਹ ਇਹ ਹੈ ਕਿ ਸੋਸ਼ਲ-ਡੈਮੋਕ੍ਰੈਟ ਸ਼ਬਦ ਅਡੰਬਰੀ ਵਿਰੁੱਧ ਲੜਾਈ ਵਿੱਚ ਬੁਨਿਆਦੀ ਜਮਹੂਰੀ ਹੱਕਾਂ ਅਤੇ ਆਜ਼ਾਦੀਆਂ ਉੱਤੇ ਰੋਕ ਲਾਉਣ ਦਾ ਯਤਨ ਕਿਵੇਂ ਵੇਖ (ਦਾ "ਸ਼ਕ ਕਰ") ਸਕਦੇ ਹਨ ? ਅਖ਼ੀਰ ਅਸੀਂ ਕਦੋਂ ਸ਼ਬਦ ਅਡੰਬਰੀ ਦੀ ਜੜ੍ਹ-ਪੂਜਾਵਾਦੀ ਉਪਾਸਨਾ ਤੋਂ ਆਪਣਾ ਖਹਿੜਾ ਛੁਡਾਵਾਂਗੇ ?—ਇਹ ਸੀ

ਉਹ ਵਿਚਾਰ ਜਿਹੜਾ "ਭਾਸ਼ਾਵਾਂ" ਉੱਤੇ ਘੋਲ਼ ਨੂੰ ਵੇਖਦੇ ਹੋਏ ਸਾਨੂੰ ਅਹੁੜਿਆ।

ਇਸ ਘੋਲ਼ ਵਿੱਚ ਡੈਲੀਗੇਟਾਂ ਦੀ ਪਰ੍ਹੇਬੰਦੀ ਨਾਂ ਲੈ ਕੇ ਲਏ ਗਏ ਚੋਖੇ ਵੋਟਾਂ ਰਾਹੀਂ ਬਹੁਤ ਸਪਸ਼ਟ ਹੋ ਜਾਂਦੀ ਹੈ। ਅਜਿਹਾ ਤਿੰਨ ਵਾਰ ਹੋਇਆ। ਸਾਰਾ ਸਮਾਂ "ਇਸਕਰਾ" ਦੀ ਕੋਰ ਦਾ "ਇਸਕਰਾ"-ਵਿਰੋਧੀਆਂ (ਅੱਠ ਵੋਟਾਂ) ਅਤੇ, ਨਿੱਕੇ-ਮੋਟੇ ਉਤਾਰ-ਚੜ੍ਹਾ ਨਾਲ਼ ਸਮੁੱਚੇ ਕੇਂਦਰ ਨੇ ਨਿੱਗਰ ਵਿਰੋਧ ਕੀਤਾ (ਮਾਖੋਵ, ਲਵੋਵ, ਯੇਗੋਰੋਵ, ਪੋਪੋਵ, ਮੇਦਵੇਦੇਵ, ਇਵਾਨੋਵ, ਤਸਾਰੀਓਵ ਅਤੇ ਬੇਲੋਵ—ਕੇਵਲ ਅਖ਼ੀਰੀ ਦੋ ਸ਼ੁਰੂ ਵਿੱਚ ਡਾਵਾਂਡੋਲ ਰਹੇ, ਕਦੀ ਵੋਟ ਨਾ ਦਿੱਤਾ, ਕਦੀ ਸਾਡੇ ਨਾਲ਼ ਦਿੱਤਾ, ਅਤੇ ਕੇਵਲ ਤੀਜੀ ਵਾਰ ਵੋਟ ਲਏ ਜਾਣ ਉੱਤੇ ਹੀ ਉਹਨਾਂ ਦੀ ਪੋਜ਼ੀਸ਼ਨ ਪੂਰੀ ਤਰ੍ਹਾਂ ਨਿਸ਼ਚਿਤ ਹੋ ਗਈ)। "ਇਸਕਰਾ"-ਵਾਦੀਆਂ ਵਿੱਚੋਂ ਕਈ ਸਾਥ ਛੱਡ ਗਏ—ਮੁੱਖ ਤੌਰ ਉੱਤੇ ਕਾਕੇਸ਼ੀਆਈ (ਤਿੰਨ ਜਿਨ੍ਹਾਂ ਕੋਲ ਛੇ ਵੋਟ ਸਨ)—ਅਤੇ ਇਸੇ ਕਾਰਨ ਅਖ਼ੀਰ "ਜੜ੍ਹ-ਪੂਜਕਾਂ" ਦਾ ਹੱਥ ਉੱਪਰ ਹੋ ਗਿਆ। ਤੀਜੀ ਵਾਰ ਵੋਟ ਲਏ ਜਾਣ ਸਮੇਂ, ਜਦੋਂ ਦੁਹਾਂ ਮੁਹਾਣਾਂ ਦੇ ਪ੍ਰਤੀਨਿਧਾਂ ਨੇ ਆਪਣੀ ਪੋਜ਼ੀਸ਼ਨ ਅਤਿਅੰਤ ਪੂਰਨਤਾ ਨਾਲ਼ ਸਪਸ਼ਟ ਕਰ ਦਿੱਤੀ ਸੀ, ਤਿੰਨ ਕਾਕੇਸ਼ੀਆਈ, ਜਿਨ੍ਹਾਂ ਕੋਲ ਛੇ ਵੋਟ ਸਨ, ਬਹੁਗਿਣਤੀ "ਇਸਕਰਾ"-ਵਾਦੀਆਂ ਦਾ ਸਾਥ ਛੱਡ ਗਏ ਅਤੇ ਦੂਜੀ ਧਿਰ ਵਿੱਚ ਚਲੇ ਗਏ; ਦੋ ਡੈਲੀਗੇਟ-ਪੋਸਾਦੋਵਸਕੀ ਅਤੇ ਕੋਸਤਿਚ—ਜਿਨ੍ਹਾਂ ਕੋਲ ਦੋ ਵੋਟ ਸਨ, ਘੱਟਗਿਣਤੀ "ਇਸਕਰਾ"-ਵਾਦੀਆਂ ਦਾ ਸਾਥ ਛੱਡ ਗਏ। ਪਹਿਲਾਂ ਦੋ ਵਾਰ ਵੋਟਾਂ ਲਏ ਜਾਣ ਸਮੇਂ ਹੇਠ ਲਿਖੇ ਦੂਜੀ ਧਿਰ ਵੱਲ ਚਲੇ ਗਏ ਸਨ ਜਾਂ ਕਿਸੇ ਪਾਸੇ ਵੋਟ ਨਹੀਂ ਸੀ ਦਿੱਤਾ: ਲੇਨਸਕੀ, ਸਤੀਪਾਨੋਵ ਅਤੇ ਗੋਰਸਕੀ "ਇਸਕਰਾ"-ਵਾਦੀ ਬਹੁਗਿਣਤੀ ਵਿੱਚੋਂ, ਅਤੇ ਡਿਊਸ਼ ਘੱਟਗਿਣਤੀ ਵਿੱਚੋਂ। **(ਕੁੱਲ ਤੇਤੀ ਵਿੱਚੋਂ) ਅੱਠ "ਇਸਕਰਾ"-ਵਾਦੀਆਂ ਦੇ ਵੋਟਾਂ ਸਮੇਂ ਸਾਥ ਛੱਡ ਜਾਣ ਨੇ "ਇਸਕਰਾ"-ਵਿਰੋਧੀਆਂ ਅਤੇ ਡਾਵਾਂਡੋਲ ਤੱਤਾਂ ਨੂੰ ਉਤਮਤਾ ਦੇ ਦਿੱਤੀ।** ਕਾਂਗਰਸ ਵਿੱਚ ਪਰ੍ਹੇਬੰਦੀ ਦਾ ਇਹ **ਬੁਨਿਆਦੀ ਤੱਥ** ਹੀ ਸੀ ਜਿਹੜਾ (ਕੇਵਲ **ਹੋਰ** "ਇਸਕਰਾ"-ਵਾਦੀਆਂ ਦੇ ਸਾਥ ਛੱਡ ਜਾਣ ਨਾਲ਼) ਨਿਯਮਾਂ ਦੀ ਪਹਿਲੇ ਪੈਰੇ ਉੱਤੇ ਵੋਟ ਲਏ ਜਾਣ ਸੰਬੰਧੀ ਅਤੇ ਚੋਣਾਂ ਸਮੇਂ ਦੁਹਰਾਇਆ ਗਿਆ। ਇਹ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਜਿਹੜੇ ਚੋਣਾਂ ਵਿੱਚ ਹਾਰ ਗਏ, ਹੁਣ ਉਸ ਹਾਰ ਦੇ **ਸਿਆਸੀ ਕਾਰਨਾਂ** ਵੱਲ, ਧਿਰਾਂ ਦੀ ਟੱਕਰ ਦੇ, ਜਿਸਨੇ ਡਾਵਾਂਡੋਲ ਅਤੇ ਸਿਆਸੀ ਪੱਖੋਂ ਕਾਇਰ ਤੱਤਾਂ ਨੂੰ ਹੌਲੀ ਹੌਲੀ ਪ੍ਰਗਟ ਕੀਤਾ ਅਤੇ ਉਹਨਾਂ ਨੂੰ ਸਦਾ ਵਧੇਰੇ ਬੇਕਿਰਕੀ ਨਾਲ਼ ਪਾਰਟੀ ਦੀਆਂ ਅੱਖਾਂ ਵਿੱਚ ਨੰਗਾ ਕੀਤਾ, ਉਹ **ਆਰੰਭ-ਬਿੰਦੂਆਂ ਵੱਲੋਂ** ਆਪਣੀਆਂ ਅੱਖਾਂ ਧਿਆਨ ਨਾਲ਼ ਬੰਦ ਕਰ ਲੈਂਦੇ ਹਨ। ਭਾਸ਼ਾਵਾਂ ਦੀ ਬਰਾਬਰੀ ਦੀ ਘਟਨਾ ਸਾਨੂੰ ਇਹ ਟੱਕਰ ਹੋਰ ਵਧੇਰੇ ਸਪਸ਼ਟਤਾ ਨਾਲ਼ ਵਿਖਾਉਂਦੀ ਹੈ ਕਿਉਂਕਿ ਉਸ ਸਮੇਂ ਤੱਕ ਸਾਥੀ ਮਾਰਤੋਵ ਨੇ ਅਜੇ ਅਕੀਮੋਵ ਅਤੇ ਮਾਖੋਵ ਦੀ ਸ਼ਲਾਘਾ ਅਤੇ ਪ੍ਰਵਾਨਗੀ ਨਹੀਂ ਸੀ ਕਮਾਈ।

## ਕ. ਜ਼ਰਅਈ ਪ੍ਰੋਗਰਾਮ

"ਇਸਕਰਾ"-ਵਿਰੋਧੀਆਂ ਅਤੇ "ਕੇਂਦਰ" ਦੀ ਅਸੂਲੀ ਤੌਰ ਉੱਤੇ ਡਾਵਾਂਡੋਲਤਾ ਜ਼ਰਅਈ ਪ੍ਰੋਗਰਾਮ ਉੱਤੇ ਬਹਿਸ ਵਿੱਚ ਵੀ ਸਪਸ਼ਟ ਤੌਰ ਉੱਤੇ ਉੱਭਰੀ, ਜਿਸ ਬਹਿਸ ਨੇ ਕਾਂਗਰਸ ਦਾ ਕਿੰਨਾ ਸਾਰਾ ਸਮਾਂ ਲਿਆ (ਵੇਖੋਂ ਕਾਰਵਾਈ, ਪੰਨੇ 190-226) ਅਤੇ ਬਹੁਤ ਸਾਰੇ ਅਤਿਅੰਤ ਰੌਚਕ ਸਵਾਲ ਖੜੇ ਕੀਤੇ। ਜਿਹਾ ਕਿ ਆਸ ਕੀਤੀ ਜਾ ਸਕਦੀ ਸੀ (ਸਾਥੀ ਲੀਬਰ ਅਤੇ ਯੇਗੋਰੋਵ ਵੱਲੋਂ ਕੁੱਝ ਨਿੱਕੀਆਂ ਮੋਟੀਆਂ ਟਿੱਪਣੀਆਂ ਪਿੱਛੋਂ) ਪ੍ਰੋਗਰਾਮ ਵਿਰੁੱਧ ਮੁੱਖ ਮੁਹਿੰਮ ਸਾਥੀ ਮਾਰਤੀਨੋਵ ਨੇ ਸ਼ੁਰੂ ਕੀਤੀ। ਉਹਨੇ "ਇਹ ਵਿਸ਼ੇਸ਼ ਇਤਿਹਾਸਕ ਬੇਇਨਸਾਫ਼ੀ", ਜਿਸ ਰਾਹੀਂ, ਉਹਨੇ ਦਾਅਵਾ ਕੀਤਾ, ਅਸੀਂ ਪਰੋਖ ਤੌਰ ਉਤੇ "ਹੋਰ ਇਤਿਹਾਸਕ ਬੇਇਨਸਾਫ਼ੀਆਂ ਨੂੰ ਪਵਿੱਤਰ ਕਰ ਰਹੇ ਹਾਂ", ਦੂਰ ਕਰਨ ਸੰਬੰਧੀ ਪੁਰਾਣੀ ਦਲੀਲ ਦਿੱਤੀ, ਇਤਿ-ਆਦਿ। ਸਾਥੀ ਯੇਗੋਰੋਵ ਉਹਦੇ ਨਾਲ਼ ਸ਼ਾਮਲ ਹੋ ਗਿਆ, ਉਹਨੂੰ ਇਥੋਂ ਤੱਕ ਲੱਗਿਆ ਕਿ "ਇਸ ਪ੍ਰੋਗਰਾਮ ਦੀ ਮਹੱਤਤਾ ਅਸਪਸ਼ਟ ਹੈ। ਕੀ ਇਹ ਸਾਡੇ ਲਈ ਪ੍ਰੋਗਰਾਮ ਹੈ, ਅਰਥਾਤ, ਕੀ ਇਹ ਸਾਡੀਆਂ ਮੰਗਾਂ ਨੂੰ ਪ੍ਰੀਭਾਸ਼ਤ ਕਰਦਾ ਹੈ, ਜਾਂ ਕੀ ਅਸੀਂ ਇਹਨੂੰ ਜਨਤਕ ਬਣਾਉਣਾ ਚਾਹੁੰਦੇ ਹਾਂ ?" ( ! ? ! ?) ਸਾਥੀ ਲੀਬਰ ਨੇ ਕਿਹਾ ਕਿ "ਉਹ ਉਹੋ ਨੁਕਤੇ ਪੇਸ਼ ਕਰਨਾ ਚਾਹੇਗਾ ਜਿਹੜੇ ਸਾਥੀ ਯੇਗੋਰੋਵ ਨੇ ਪੇਸ਼ ਕੀਤੇ ਹਨ"। ਸਾਥੀ ਮਾਖੋਵ ਆਪਣੇ ਸਦਾ ਵਾਲ਼ੇ ਨਿਸ਼ਚਿਤ ਢੰਗ ਨਾਲ਼ ਬੋਲਿਆ ਅਤੇ ਕਿਹਾ ਕਿ "ਬੁਲਾਰਿਆਂ ਦੀ ਬਹੁਗਿਣਤੀ [ ?] ਨਿਸ਼ਚਿਤ ਤੌਰ ਉਤੇ ਇਹ ਨਹੀਂ ਸਮਝ ਸਕਦੀ ਕਿ ਪੇਸ਼ ਕੀਤੇ ਪ੍ਰੋਗਰਾਮ ਦੇ ਅਰਥ ਕੀ ਹਨ ਅਤੇ ਇਹਦੇ ਨਿਸ਼ਾਨੇ ਕੀ ਹਨ"। ਵੇਖੋ ਨਾ, ਤਜਵੀਜ਼ ਕੀਤਾ ਪ੍ਰੋਗਰਾਮ, "ਸੋਸ਼ਲ-ਡੈਮੋਕ੍ਰੈਟਕ ਜ਼ਰਅਈ ਪ੍ਰੋਗਰਾਮ ਤਾਂ ਉੱਕਾ ਹੀ ਨਹੀਂ ਸਮਝਿਆ ਜਾ ਸਕਦਾ"; ਇਹਦੇ ਵਿੱਚੋਂ... "ਕੁੱਝ ਕੁੱਝ ਇਤਿਹਾਸਕ ਬੇਇਨਸਾਫ਼ੀਆਂ ਦੂਰ ਕਰਨ ਦੀ ਖੇਡ ਦੀ ਬੋ ਆਉਂਦੀ ਹੈ"; ਇਹਦੇ ਵਿੱਚ "ਦੰਭ ਅਤੇ ਮਾਅਰਕੇਬਾਜ਼ੀ ਦੀ ਨਿਸ਼ਾਨੀ" ਦਿਸਦੀ ਹੈ। ਇਸ ਗੂੜ੍ਹਤਾ ਦੇ ਸਿਧਾਂਤਕ ਸੱਚਾਈ ਦੇ ਸਬੂਤ ਵਜੋਂ ਉਹ ਭੰਡ-ਚਿੱਤਰ ਅਤੇ ਹੱਦੋਂ ਵੱਧ ਸਰਲਤਾ ਆਈ ਜੋ ਉਜੱਡ ਮਾਰਕਸਵਾਦ ਵਿੱਚ ਇੰਨੀ ਰਵਾਜੀ ਹੈ: ਸਾਨੂੰ ਦੱਸਿਆ ਜਾਂਦਾ ਹੈ ਕਿ "ਇਸਕਰਾ"-ਵਾਦੀ "ਕਿਸਾਨਾਂ ਨੂੰ ਕਿਸੇ ਅਜਿਹੀ ਸ਼ੈ ਵਜੋਂ ਲੈਣਾ ਚਾਹੁੰਦੇ ਹਨ ਜਿਹੜੀ ਬਣਤਰ ਵਿੱਚ ਇੱਕ-ਜਾਨ ਹੈ; ਪਰ ਕਿਉਂਕਿ ਕਿਸਾਨੀ ਲੰਮਾ ਸਮਾਂ ਪਹਿਲਾਂ ਜਮਾਤਾਂ ਵਿੱਚ ਵੰਡੀ ਗਈ ਸੀ [ ?], ਇੱਕੋ ਇੱਕ ਪ੍ਰੋਗਰਾਮ ਪੇਸ਼ ਕਰਨਾ ਲਾਜ਼ਮੀ ਤੌਰ ਉੱਤੇ ਸਾਰੇ ਪ੍ਰੋਗਰਾਮ ਨੂੰ ਦੰਭੀ ਬਣਾ ਦੇਵੇਗਾ ਅਤੇ ਜਦੋਂ ਇਹਨੂੰ ਅਮਲ ਵਿੱਚ ਲਿਆਂਦਾ ਗਿਆ ਤਾਂ ਇਹਨੂੰ ਮਾਅਰਕੇਬਾਜ਼ ਬਣਾ ਦੇਵੇਗਾ" (ਪੰਨਾ 202)। ਇਥੇ ਸਾਥੀ ਮਾਖੋਵ ਉਹ ਅਸਲੀ ਕਾਰਨ "ਕਹਿ ਗਿਆ ਹੈ" ਜਿਸ ਕਾਰਨ ਸਾਡੇ ਜ਼ਰਅਈ ਪ੍ਰੋਗਰਾਮ ਨੂੰ ਅਨੇਕ ਸੋਸ਼ਲ-ਡੈਮੋਕ੍ਰੈਟਾਂ ਵੱਲੋਂ ਅਪ੍ਰਵਾਨਗੀ ਮਿਲਦੀ ਹੈ, ਜਿਹੜੇ "ਇਸਕਰਾ" ਨੂੰ ਤਾਂ "ਕਬੂਲ ਕਰਨ" ਲਈ ਤਿਆਰ ਹਨ (ਜਿਵੇਂ ਖ਼ੁਦ ਸਾਥੀ ਮਾਖੋਵ ਨੇ ਕੀਤਾ) ਪਰ ਜਿਹੜੇ ਇਹਦਾ ਮੁਹਾਣ, ਇਹਦਾ ਸਿਧਾਂਤਕ ਅਤੇ ਦਾਅ-ਪੇਚਾਂ ਸੰਬੰਧੀ ਪੋਜ਼ੀਸ਼ਨ ਸਮਝਣੋਂ ਅਸਲੋਂ ਹੀ ਅਸਮਰੱਥ ਰਹੇ ਹਨ। ਇਹ ਰੂਸੀ ਕਿਸਾਨ ਆਰਥਕਤਾ ਦੀ ਅਜੋਕੀ ਪ੍ਰਣਾਲੀ ਜਿਹੇ ਇੰਨੇ ਪੇਚਦਾਰ ਅਤੇ ਬਹੁਪੱਖੀ ਵਰਤਾਰੇ ਉੱਤੇ ਲਾਗੂ ਕੀਤੇ ਗਏ ਰੂਪ ਵਿੱਚ

ਮਾਰਕਸਵਾਦ ਦਾ ਗੰਵਾਰੂਕਰਨ ਸੀ ਜਿਹੜਾ ਸਾਡਾ ਪ੍ਰੋਗਰਾਮ ਸਮਝਣ ਦੀ ਅਸਫ਼ਲਤਾ ਦਾ ਕਾਰਨ ਸੀ ਅਤੇ ਹੈ ਅਤੇ ਵਿਸਥਾਰਾਂ ਸੰਬੰਧੀ ਮਤਭੇਦ ਨਹੀਂ। ਅਤੇ ਸੋ ਇਸ ਉਜੱਡ-ਮਾਰਕਸਵਾਦੀ ਪੋਜ਼ੀਸ਼ਨ ਉੱਤੇ "ਇਸਕਰਾ"-ਵਿਰੋਧੀ ਪੋਜ਼ੀਸ਼ਨ ਨੇਤਾ (ਲੀਬਰ ਅਤੇ ਮਾਰਤੀਨੋਵ) ਅਤੇ "ਕੇਂਦਰ" ਦੇ (ਯੇਗੋਰੋਵ ਅਤੇ ਮਾਖੋਵ) ਛੇਤੀ ਹੀ ਸੁਰਮੇਲ ਉੱਤੇ ਅੱਪੜ ਗਏ। ਸਾਥੀ ਯੇਗੋਰੋਵ ਨੇ "ਯੁਜ਼ਨੀ ਰਾਬੋਚੀ ਅਤੇ ਇਹਦੇ ਵੱਲ ਝੁਕ ਰਹੀਆਂ ਟੋਲੀਆਂ ਅਤੇ ਮੰਡਲਾਂ ਦੇ ਲਖਣਾਇਕ ਲੱਛਣਾਂ ਵਿੱਚੋਂ ਇੱਕ ਨੂੰ ਖੁੱਲ੍ਹਾ ਪ੍ਰਗਟਾ ਦਿੱਤਾ, ਕਿਸਾਨ ਲਹਿਰ ਦੀ ਮਹੱਤਤਾ ਸਮਝਣ ਵਿੱਚ ਉਹਨਾਂ ਦੀ ਅਸਫ਼ਲਤਾ, ਉਹਨਾਂ ਦੀ ਇਹ ਸਮਝਣੋਂ ਅਸਫ਼ਲਤਾ ਕਿ ਇਹ ਇਹਦੀ ਮਹੱਤਤਾ ਦਾ ਵਧਾ ਕੇ ਸਮਝਣਾ ਨਹੀਂ ਸੀ ਸਗੋਂ ਘਟਾ ਕੇ ਸਮਝਣਾ (ਅਤੇ ਇਹਨੂੰ ਵਰਤਣ ਲਈ ਸ਼ਕਤੀਆਂ ਦੀ ਅਣਹੋਂਦ) ਸੀ ਜਿਹੜੀ ਪ੍ਰਸਿੱਧ ਕਿਸਾਨ ਬਗ਼ਾਵਤਾਂ ਵਿੱਚੋਂ ਪਹਿਲੀ ਪ੍ਰਸਿੱਧ ਬਗ਼ਾਵਤ ਸਮੇਂ ਸਾਡੇ ਸੋਸ਼ਲ-ਡੈਮੋਕ੍ਰੈਟਾਂ ਦੀ ਕਮਜ਼ੋਰੀ ਸਾਬਿਤ ਹੋਈ ਸੀ। "ਮੈਂ ਕਿਸਾਨ ਲਹਿਰ ਲਈ ਸੰਪਾਦਕ ਮੰਡਲ ਦੀ ਦੀਵਾਨਗੀ ਵਿੱਚ ਕਿਸੇ ਵੀ ਤਰ੍ਹਾਂ ਭਿਆਲ ਨਹੀਂ", ਸਾਥੀ ਯੇਗੋਰੋਵ ਨੇ ਕਿਹਾ, "ਇੱਕ ਅਜਿਹੀ ਦੀਵਾਨਗੀ ਜਿਸਦਾ ਕਿਸਾਨ ਬਗ਼ਾਵਤਾਂ ਦੇ ਸਮੇਂ ਤੋਂ ਅਨੇਕ ਸੋਸ਼ਲ-ਡੈਮੋਕ੍ਰੈਟ ਸ਼ਿਕਾਰ ਹੋ ਗਏ ਹਨ"। ਪਰ ਮੰਦੇ-ਭਾਗੀਂ ਸਾਥੀ ਯੇਗੋਰੋਵ ਨੇ ਕਾਂਗਰਸ ਨੂੰ ਇਸ ਗੱਲ ਦਾ ਕੋਈ ਠੀਕ ਠੀਕ ਵਿਚਾਰ ਦੇਣ ਦਾ ਯਤਨ ਨਹੀਂ ਕੀਤਾ ਕਿ **ਸੰਪਾਦਕ ਮੰਡਲ** ਦੀ ਇਹ ਦੀਵਾਨਗੀ ਕਾਹਦੇ ਵਿੱਚ ਹੈ; ਉਹਨੇ "ਇਸਕਰਾ" ਵੱਲੋਂ ਛਾਪੀ ਕਿਸੇ ਸਮੱਗਰੀ ਵੱਲ ਨਿਸ਼ਚਿਤ ਸੰਕੇਤ ਨਹੀਂ ਕੀਤਾ। ਨਾਲ਼ੇ ਉਹ ਇਹ ਗੱਲ ਭੁੱਲ ਗਿਆ ਕਿ **ਸਾਡੇ** ਜ਼ਰਅਈ ਪ੍ਰੋਗਰਾਮ ਦੇ **ਸਾਰੇ** ਬੁਨਿਆਦੀ ਨੁਕਤੇ "ਇਸਕਰਾ" ਨੇ ਆਪਣੇ ਤੀਜੇ ਅੰਕ ਵਿੱਚ, ਕਿਸਾਨ ਗੜਬੜਾਂ ਸ਼ੁਰੂ ਹੋਣ **ਤੋਂ ਬਹੁਤ ਪਹਿਲਾਂ** ਵਿਸਥਾਰੇ ਸਨ। ਜਿਨ੍ਹਾਂ ਦੀ "ਇਸਕਰਾ" ਦੀ "ਪ੍ਰਵਾਨਗੀ" ਕੇਵਲ ਜ਼ਬਾਨੀ ਕਲਾਮੀ ਹੀ ਨਹੀਂ ਸੀ, ਚੰਗਾ ਹੁੰਦਾ ਜੇ ਉਹ ਇਹਦੇ ਸਿਧਾਂਤਕ ਅਤੇ ਦਾਅ-ਪੇਚਾਂ ਸੰਬੰਧੀ ਅਸੂਲਾਂ ਵੱਲ ਕੁੱਝ ਵਧੇਰੇ ਧਿਆਨ ਦੇਂਦੇ।

"ਨਹੀਂ, ਅਸੀਂ ਕਿਸਾਨਾਂ ਵਿੱਚ ਬਹੁਤ ਕੁੱਝ ਨਹੀਂ ਕਰ ਸਕਦੇ!" ਸਾਥੀ ਯੇਗੋਰੋਵ ਕੂਕਿਆ, ਅਤੇ ਉਹਨੇ ਅੱਗੇ ਚੱਲ ਕੇ ਇਸ ਗੱਲ ਦਾ ਸੰਕੇਤ ਕੀਤਾ ਕਿ ਇਹ ਕੂਕ ਕਿਸੇ ਨਿਸ਼ਚਿਤ "ਦੀਵਾਨਗੀ" ਵਿਰੁੱਧ ਰੋਸ ਵਜੋਂ ਨਹੀਂ ਸੀ, ਸਗੋਂ ਸਾਡੀ ਪੂਰੀ ਪੋਜ਼ੀਸ਼ਨ ਤੋਂ ਇਨਕਾਰ ਸੀ: "ਇਹਦਾ ਅਰਥ ਇਹ ਹੈ ਕਿ ਸਾਡੇ ਨਾਹਰੇ ਮਾਅਰਕੇਬਾਜ਼ਾਂ ਦੇ ਨਾਅਰਿਆਂ ਨਾਲ਼ ਮੁਕਾਬਲਾ ਨਹੀਂ ਕਰ ਸਕਦੇ।" ਇੱਕ ਬੇਅਸੂਲੇ ਵਤੀਰੇ ਦਾ ਇੱਕ ਅਤਿ-ਅੰਤ ਲਖਣਾਇਕ ਸੂਤਰੀਕਰਨ, ਜਿਹੜਾ ਸਭ ਕੁੱਝ ਨੂੰ ਵੱਖ ਵੱਖ ਪਾਰਟੀਆਂ ਦੇ ਨਾਅਰਿਆਂ ਵਿਚਕਾਰ "ਮੁਕਾਬਲੇ" ਤਕ ਸੀਮਤ ਕਰ ਦੇਂਦਾ ਹੈ! ਅਤੇ ਇਹ ਬੁਲਾਰੇ ਦੇ ਸਿਧਾਂਤਕ ਵਿਆਖਿਆਵਾਂ ਨਾਲ਼ ਆਪਣੇ "ਸੰਤੁਸ਼ਟ" ਹੋਣ ਦਾ ਐਲਾਨ ਸੀ, ਜਿਹੜੀਆਂ ਦੱਸਦੀਆਂ ਸਨ ਕਿ ਅਸੀਂ, ਅਸਥਾਈ ਅਸਫ਼ਲਤਾਵਾਂ ਤੋਂ ਨਿਰਾਸ਼ ਹੋਏ ਬਿਨਾਂ, ਆਪਣੀ ਐਜੀਟੇਸ਼ਨ ਵਿੱਚ ਸਥਾਈ ਸਫ਼ਲਤਾਵਾਂ ਲਈ ਯਤਨ ਕਰਦੇ ਹਾਂ, ਅਤੇ ਇਹ ਕਿ (ਸਾਡੇ "ਨਾਲ਼ ਬਿਦਣ ਵਾਲ਼ਿਆਂ" ਦੇ... ਥੋੜ੍ਹੇ ਸਮੇਂ ਦੇ ਗਰਜਵੇਂ ਚੀਕ-ਚਹਾੜੇ ਦੇ ਮੁਕਾਬਲੇ ਉੱਤੇ) ਸਥਾਈ ਸਫ਼ਲਤਾ ਉਨਾ ਚਿਰ ਅਸੰਭਵ ਹੈ ਜਿੰਨਾ ਚਿਰ ਪ੍ਰੋਗਰਾਮ ਦਾ ਪੱਕਾ ਸਿਧਾਂਤਕ ਅਧਾਰ ਨਾ ਹੋਵੇ (ਪੰਨਾ 196)। ਇਸ "ਸੰਤੋਖ"

ਵਿੱਚ ਕਿਹੋ ਜਿਹੀ ਗੜਬੜ ਪ੍ਰਗਟਾਈ ਗਈ ਹੈ, ਜਿੱਥੋਂ ਤੋਂ ਪਿੱਛੋਂ ਪੁਰਾਣੇ ਆਰਥਕਤਾਵਾਦ ਤੋਂ, ਜਿਸ ਲਈ "ਨਾਹਰਿਆਂ ਦਾ ਮੁਕਾਬਲਾ" ਸਭ ਕੁੱਝ ਦਾ ਨਿਰਣਾ ਕਰਦਾ ਸੀ—ਨਾ ਕੇਵਲ ਜ਼ਰਅਈ ਸਵਾਲ ਸੰਬੰਧੀ ਸਗੋਂ ਆਰਥਕ ਅਤੇ ਸਿਆਸੀ ਘੋਲ਼ ਦੇ ਸਾਰੇ ਦਾਅਪੇਚ ਅਤੇ ਸਾਰੇ ਪ੍ਰੋਗਰਾਮ ਦਾ—ਲਈਆਂ ਗੰਵਾਰੂ ਨਸੀਹਤਾਂ ਦਾ ਦੁਹਰਾਉਣਾ ਆਉਂਦਾ ਹੈ! ਸਾਥੀ ਯੇਗੋਰੋਵ ਨੇ ਕਿਹਾ, "ਤੁਸੀਂ ਖੇਤ ਮਜ਼ਦੂਰ ਨੂੰ ਕੱਟੀ ਗਈ ਭੋਂ[12] ਲਈ ਧਨੀ ਕਿਸਾਨ ਦੇ ਮੋਢੇ ਨਾਲ਼ ਮੋਢਾ ਜੋੜ ਕੇ ਲੜਨ ਲਈ ਪ੍ਰੇਰ ਨਹੀਂ ਸਕੋਗੇ, ਜਿਹੜੀ ਕੋਈ ਥੋੜ੍ਹੀ ਹੱਦ ਤਕ ਪਹਿਲਾਂ ਹੀ ਇਸ ਧਨੀ ਕਿਸਾਨ ਦੇ ਹੱਥਾਂ ਵਿੱਚ!"

ਇਥੇ ਇੱਕ ਵਾਰ ਫਿਰ ਉਹੋ ਹੱਦੋਂ ਵੱਧ ਸਰਲੀਕਰਨ ਹੈ, ਜਿਹੜਾ ਬਿਨਾਂ ਸ਼ੱਕ ਸਾਡੇ ਮੌਕਾਪ੍ਰਸਤ ਆਰਥਕਤਾਵਾਦੀ ਦੇ ਤੁਲ ਹੈ, ਜਿਹੜਾ ਇਸ ਗੱਲ ਉੱਤੇ ਜ਼ੋਰ ਦੇਂਦਾ ਸੀ ਕਿ ਪ੍ਰੋਲੇਤਾਰੀ ਨੂੰ ਉਸ ਕੁੱਝ ਲਈ ਲੜਨ ਲਈ "ਪ੍ਰੇਰਨਾ" ਅਸੰਭਵ ਹੈ, ਜੋ ਬਹੁਤ ਹੱਦ ਤੱਕ ਬੁਰਜੂਆਜ਼ੀ ਦੇ ਹੱਥਾਂ ਵਿੱਚ ਹੈ ਅਤੇ ਭਵਿੱਖ ਵਿੱਚ ਹੋਰ ਵਧੇਰੇ ਉਸਦੇ ਹੱਥਾਂ ਵਿੱਚ ਜਾਵੇਗਾ। ਇਥੇ ਇੱਕ ਵਾਰ ਫਿਰ ਉਹ ਉਜੱਡਤਾ ਹੈ, ਜਿਹੜੀ ਖੇਤ ਮਜ਼ਦੂਰ ਅਤੇ ਧਨੀ ਕਿਸਾਨ ਵਿਚਕਾਰ ਸਰਮਾਏਦਾਰ ਸੰਬੰਧਾਂ ਦੀਆਂ ਰੂਸੀ ਵਿਸ਼ੇਸ਼ਤਾਈਆਂ ਨੂੰ ਭੁੱਲ ਜਾਂਦੀ ਹੈ। ਅਸਲ ਵਿੱਚ ਕੱਟੀ ਗਈ ਭੋਂ ਅੱਜ ਖੇਤ ਮਜ਼ਦੂਰ ਨੂੰ **ਵੀ** ਉਸੇ ਤਰ੍ਹਾਂ ਦਬਾਉਂਦੀ ਹੈ ਅਤੇ ਉਹਨੂੰ ਦਾਸਤਾ ਦੀ ਇਸ ਹਾਲਤ ਤੋਂ ਮੁਕਤੀ ਲਈ ਲੜਨ ਲਈ ਪ੍ਰੇਰਨ ਦੀ ਕੋਈ ਲੋੜ ਨਹੀਂ। ਇਹ ਕੁੱਝ ਬੁੱਧੀਜੀਵੀ ਹਨ, ਜਿਨ੍ਹਾਂ ਨੂੰ "ਪ੍ਰੇਰਨ" ਦੀ ਲੋੜ ਹੈ—ਆਪਣੇ ਕਾਰਜਾਂ ਬਾਰੇ ਵਧੇਰੇ ਵਿਸ਼ਾਲ ਨਜ਼ਰੀਆ ਅਪਣਾਉਣ ਲਈ ਪ੍ਰੇਰਨ ਦੀ, ਨਿਸ਼ਚਿਤ ਸਵਾਲਾਂ ਉੱਤੇ ਵਿਚਾਰ ਕਰਦੇ ਹੋਏ ਘੜੇ-ਘੜਾਏ ਗੁਰਾਂ ਨੂੰ ਤਿਆਗਣ ਲਈ ਪ੍ਰੇਰਨ ਦੀ, ਇਤਿਹਾਸਕ ਹਾਲਤ ਨੂੰ ਮੁੱਖ ਰੱਖਣ ਲਈ ਪ੍ਰੇਰਨ ਦੀ, ਜਿਹੜੀ ਸਾਡੇ ਆਸ਼ਿਆਂ ਨੂੰ ਪੇਚਦਾਰ ਬਣਾਉਂਦੀ ਅਤੇ ਤਬਦੀਲ ਕਰਦੀ ਹੈ। ਕੇਵਲ ਇਹ ਭਰਮ ਹੀ ਕਿ ਮੂਜ਼ੀਕ* ਮੂਰਖ ਹੈ—ਇੱਕ ਅਜਿਹਾ ਭਰਮ ਜਿਹੜਾ, ਜਿਵੇਂ ਸਾਥੀ ਮਾਰਤੋਵ ਨੇ ਠੀਕ ਤਰ੍ਹਾਂ ਟਿੱਪਣੀ ਕੀਤੀ (ਪੰਨਾ 202), ਸਾਥੀ ਮਾਖੋਵ ਅਤੇ ਜ਼ਰਅਈ ਪ੍ਰੋਗਰਾਮ ਦੇ ਹੋਰ ਵਿਰੋਧੀਆਂ ਦੀਆਂ ਤਕਰੀਰਾਂ ਵਿੱਚ ਪਛਾਣਿਆ ਜਾ ਸਕਦਾ ਹੈ—ਕੇਵਲ ਇਹ ਭਰਮ ਹੀ ਇਸ ਗੱਲ ਦੀ ਵਿਆਖਿਆ ਕਰਦਾ ਹੈ ਕਿ ਇਹ ਵਿਰੋਧੀ ਸਾਡੇ ਖੇਤ ਮਜ਼ਦੂਰ ਦੇ ਜੀਵਨ ਦੀ ਵਾਸਤਵਿਕ ਹਾਲਤਾਂ ਕਿਉਂ ਭੁੱਲ ਜਾਂਦੇ ਹਨ।

ਸਵਾਲ ਨੂੰ ਕਿਰਤੀ ਅਤੇ ਸਰਮਾਏਦਾਰ ਵਿਚਕਾਰ ਨੰਗੇ ਫ਼ਰਕ ਤਕ ਸਿੱਧੜ ਬਣਾਕੇ, ਸਾਡੇ "ਕੇਂਦਰ" ਦੇ ਬੁਲਾਰੇ ਨੇ, ਜਿਹਾ ਕਿ ਅਕਸਰ ਹੁੰਦਾ ਹੈ, ਆਪਣੀ ਤੰਗ-ਨਜ਼ਰੀ ਮੂਜ਼ੀਕ ਸਿਰ ਮੜ੍ਹਣ ਦਾ ਯਤਨ ਕੀਤਾ। "ਕਿਉਂਕਿ ਮੈਂ ਮੂਜ਼ੀਕ ਨੂੰ ਐਨ ਉਹਦੇ ਸੌੜੇ ਜਮਾਤੀ ਦੀਆਂ ਹੱਦਾਂ ਅੰਦਰ ਇੱਕ ਚਲਾਕ ਬੰਦਾ ਸਮਝਦਾ ਹਾਂ", ਸਾਥੀ ਮਾਖੋਵ ਨੇ ਕਿਹਾ, "ਮੇਰਾ ਇਹ ਨਿਸ਼ਚਾ ਹੈ ਕਿ ਉਹ ਕਬਜ਼ੇ ਅਤੇ ਵੰਡ ਦੇ ਨਿੱਕ-ਬੁਰਜੂਆ ਆਸ਼ੇ ਦੀ ਹਮਾਇਤ ਕਰੇਗਾ।" ਸਪਸ਼ਟ ਤੌਰ ਉੱਤੇ ਇਥੇ ਦੋ ਗੱਲਾਂ ਗਡ-ਮਡ ਕੀਤੀਆਂ ਗਈਆਂ ਹਨः ਮੂਜ਼ੀਕ ਦੇ ਜਮਾਤੀ ਨਜ਼ਰੀਏ ਦਾ ਨਿੱਕ-ਬੁਰਜੂਆ ਵਜੋਂ ਲੱਛਣੀਕਰਣ ਅਤੇ **ਇਸ ਨਜ਼ਰੀਏ ਨੂੰ** "ਤੰਗ ਹੱਦਾਂ"

* ਕਿਸਾਨ। **—ਅਨੁ.**

ਤੱਕ ਰੋਕਣਾ, **ਘਟਾਉਣਾ**। ਇਸੇ ਸੀਮਤ ਕਰਨ ਵਿੱਚ ਯੇਗੋਰੋਵਾਂ ਅਤੇ ਮਾਖੋਵਾਂ ਦੀ ਗ਼ਲਤੀ ਹੈ, (ਐਨ ਉਸੇ ਤਰ੍ਹਾਂ ਜਿਵੇਂ ਪ੍ਰੋਲੇਤਾਰੀ ਦੇ ਨਜ਼ਰੀਏ ਨੂੰ "ਤੰਗ ਹੱਦਾਂ" ਤੱਕ ਸੀਮਤ ਕਰਨਾ ਵਿੱਚ ਮਾਰਤੀਨੋਵਾਂ ਅਤੇ ਅਕੀਮੋਵਾਂ ਦੀ ਗ਼ਲਤੀ ਸੀ)। ਕਿਉਂਕਿ ਇਤਿਹਾਸ ਅਤੇ ਤਰਕ ਦੋਵੇਂ ਸਾਨੂੰ ਦਰਸਾਉਂਦੇ ਹਨ ਕਿ ਨਿੱਕ-ਬੁਰਜੂਆ ਜਮਾਤੀ ਨਜ਼ਰੀਆ, ਨਿੱਕੀ ਬੁਰਜੂਆਜ਼ੀ ਦੇ ਦੂਹਰੇ ਖ਼ਾਸੇ ਕਾਰਨ ਘੱਟ ਜਾਂ ਵੱਧ ਤੰਗ, ਅਤੇ ਘੱਟ ਜਾਂ ਵੱਧ ਅੱਗੇਵਧੂ ਹੋ ਸਕਦਾ ਹੈ। ਅਤੇ ਮੂਜ਼ੀਕ ਦੇ ਨਜ਼ਰੀਏ ਦੀ ਤੰਗੀ ("ਮੂਰਖਤਾ") ਕਾਰਨ, ਜਾਂ ਇਸ ਕਾਰਨ ਕਿ ਉਹਦੇ ਉੱਤੇ ਤੁਅੱਸਬਾਂ ਦਾ ਪ੍ਰਭਾਵ ਹੈ, ਹੱਥ ਉੱਤੇ ਹੱਥ ਧਰਕੇ ਬਹਿਣ ਦੀ ਥਾਂ, ਇਹ ਲਾਜ਼ਮੀ ਹੈ ਕਿ ਅਸੀਂ ਉਹਦਾ ਨਜ਼ਰੀਆ ਵਿਸ਼ਾਲ ਕਰਨ ਲਈ ਅਤੇ ਉਹਦੇ ਤਰਕ ਨੂੰ ਉਹਦੇ ਤੁਅੱਸਬਾਂ ਉੱਤੇ ਜਿੱਤ ਪ੍ਰਾਪਤ ਕਰਨ ਵਿੱਚ ਸਹਾਇਤਾ ਦੇਣ ਲਈ ਨਿਰੰਤਰ ਕੰਮ ਕਰੀਏ।

ਰੂਸੀ ਜ਼ਰਈ ਸਵਾਲ ਸੰਬੰਧੀ ਉਜੱਡ-"ਮਾਰਕਸਵਾਦੀ" ਵਿਚਾਰ ਸਾਥੀ ਮਾਖੋਵ ਦੇ ਭਾਸ਼ਣ ਦੇ ਅੰਤ ਵਿੱਚ ਸਿਖਰ ਉੱਤੇ ਅੱਪੜੇ, ਜਿਸ ਵਿੱਚ "ਇਸਕਰਾ" ਦੇ ਪੁਰਾਣੇ ਸੰਪਾਦਕ ਮੰਡਲ ਦੇ ਉਸ ਵਫ਼ਾਦਾਰ ਹਮਾਇਤੀ ਨੇ ਆਪਣੇ ਅਸੂਲ ਪੇਸ਼ ਕੀਤੇ। ਇਹ ਗੱਲ ਐਵੇਂ ਹੀ ਨਹੀਂ ਸੀ ਕਿ ਉਹਨਾਂ ਸ਼ਬਦਾਂ ਦਾ ਤਾੜੀਆਂ ਨਾਲ਼ ਸੁਆਗਤ ਕੀਤਾ ਗਿਆ... ਇਹ ਠੀਕ ਹੈ, ਇਹ ਵਿਅੰਗ ਭਰੀਆਂ ਤਾੜੀਆਂ ਸਨ। ਪਲੈਖ਼ਾਨੋਵ ਦੇ ਇਸ ਬਿਆਨ ਉੱਤੇ ਭੜਕ ਕੇ ਕਿ ਅਸੀਂ ਆਮ ਮੁੜ-ਵੰਡ[13] ਲਈ ਲਹਿਰ ਤੋਂ ਉੱਕਾ ਹੀ ਨਹੀਂ ਡਰਦੇ ਅਤੇ ਇਹ ਕਿ ਅਸੀਂ ਇਸ ਅੱਗੇਵਧੂ (ਬੁਰਜੂਆ ਅੱਗੇਵਧੂ) ਲਹਿਰ ਨੂੰ ਰੋਕਣ ਵਾਲੇ ਨਹੀਂ ਹੋਵਾਂਗੇ, ਸਾਥੀ ਮਾਖੋਵ ਨੇ ਕਿਹਾ, "ਨਿਰਸੰਦੇਹ, ਮੈਂ ਨਹੀਂ ਜਾਣਦਾ ਬਦਕਿਸਮਤੀ ਕਿਸ ਗੱਲ ਨੂੰ ਕਹਾਂ। ਪਰ ਇਹ ਇਨਕਲਾਬ, ਜੇ ਇਹਨੂੰ ਇਹ ਨਾਂ ਦਿੱਤਾ ਜਾ ਸਕਦਾ ਹੈ, ਇਨਕਲਾਬੀ ਨਹੀਂ ਹੋਵੇਗਾ। ਇਹਨੂੰ ਇਨਕਲਾਬ ਨਹੀਂ ਸਗੋਂ ਪਿੱਛੇ ਹਟਣਾ ਕਹਿਣਾ ਵਧੇਰੇ ਸਹੀ ਹੋਵੇਗਾ (**ਹਾਸਾ**), ਇੱਕ ਅਜਿਹਾ ਇਨਕਲਾਬ ਜਿਹੜਾ ਫ਼ਸਾਦ ਦੇ ਵਧੇਰੇ ਨੇੜੇ ਹੋਵੇਗਾ।... ਅਜਿਹਾ ਇਨਕਲਾਬ ਸਾਨੂੰ ਪਿਛੇ ਧੱਕ ਦੇਵੇਗਾ, ਅਤੇ ਉਸ ਥਾਂ ਅੱਪੜਨ ਲਈ ਜਿੱਥੇ ਅਸੀਂ ਖੜੇ ਹਾਂ ਕੁੱਝ ਸਮੇਂ ਦੀ ਲੋੜ ਹੋਵੇਗੀ। ਅੱਜ ਸਾਡੇ ਕੋਲ ਉਸ ਨਾਲ਼ੋਂ ਵੱਧ ਹੈ ਜਿੰਨਾ ਫ਼ਰਾਂਸੀਸੀ ਇਨਕਲਾਬ ਸਮੇਂ ਸੀ। (**ਵਿਅੰਗਆਤਮਕ ਤਾੜੀਆਂ**), ਸਾਡੇ ਕੋਲ ਇੱਕ ਸੋਸ਼ਲ-ਡੈਮੋਕ੍ਰੈਟਕ ਪਾਰਟੀ ਹੈ (**ਹਾਸਾ**)।..." ਹਾਂ, ਮਾਖੋਵ ਵਾਂਗ ਦਲੀਲਾਂ ਦੇਣ ਵਾਲ਼ੀ ਸੋਸ਼ਲ-ਡੈਮੋਕ੍ਰੈਟਕ ਪਾਰਟੀ, ਜਾਂ ਜਿਸ ਦੀਆਂ ਮਾਖੋਵ ਦੇ ਵਿਚਾਰਾਂ ਵਾਲ਼ੀਆਂ ਕੇਂਦਰੀ ਸੰਸਥਾਵਾਂ ਹੁੰਦੀਆਂ, ਕੇਵਲ ਇਸ ਗੱਲ ਦੀ ਹੱਕਦਾਰ ਸੀ ਕਿ ਉਹਦਾ ਠੱਠਾ ਉਡਾਇਆ ਜਾਵੇ।...

ਇਉਂ ਅਸੀਂ ਵੇਖਦੇ ਹਾਂ ਕਿ ਜ਼ਰਈ ਪ੍ਰੋਗਰਾਮ ਵੱਲੋਂ ਉਠਾਏ ਖ਼ਾਲਸ ਸਿਧਾਂਤਕ ਸਵਾਲਾਂ ਸੰਬੰਧੀ ਵੀ, ਪਹਿਲਾਂ ਹੀ ਜਾਣੀਆਂ ਪਛਾਣੀਆਂ ਟੋਲੀਆਂ ਇੱਕਦਮ ਪ੍ਰਗਟ ਹੋ ਗਈਆਂ। "ਇਸਕਰਾ"-ਵਿਰੋਧੀ (ਅੱਠ ਵੋਟ) ਉਜੱਡ ਮਾਰਕਸਵਾਦ ਵੱਲੋਂ ਮੈਦਾਨ ਵਿੱਚ ਕੁੱਦ ਪਏ ਅਤੇ "ਕੇਂਦਰ" ਦੇ ਨੇਤਾ, ਯੇਗੋਰੋਵ ਅਤੇ ਮਾਖੋਵ, ਉਹਨਾਂ ਦੇ ਪਿੱਛੇ ਪਿੱਛੇ ਘਿਸਟਦੇ ਆਏ, ਸਦਾ ਗ਼ਲਤੀ ਕਰਦੇ ਹੋਏ ਅਤੇ ਉਸੇ ਤੰਗ ਨਜ਼ਰੀਏ ਵਿੱਚ ਭਟਕਦੇ। ਇਸ ਲਈ ਇਹ ਐਨ ਸੁਭਾਵਕ ਹੈ ਕਿ ਸਿੱਟਾ ਜ਼ਰਈ ਪ੍ਰੋਗਰਾਮ ਦੇ ਕਈ ਨੁਕਤਿਆਂ ਉੱਤੇ ਵੋਟ ਲਏ ਜਾਣ

ਸਮੇਂ ਤੀਹ ਅਤੇ ਪੈਂਤੀ ਵੋਟ ਹੱਕ ਵਿੱਚ ਹੋਣ ਵਿੱਚ ਨਿਕਲਿਆ ਹੋਵੇ (ਪੰਨੇ 225 ਅਤੇ 226), ਅਰਥਾਤ, ਲਗਭਗ ਉਨੀ ਹੀ ਗਿਣਤੀ ਜਿੰਨੀ ਅਸਾਂ "ਬੁੰਦ" ਦੇ ਮਸਲੇ ਸੰਬੰਧੀ ਵੇਖੀ ਸੀ, ਜਥੇਬੰਦਕ ਕਮੇਟੀ ਦੇ ਸਵਾਲ ਸੰਬੰਧੀ ਅਤੇ "ਯੁਜ਼ਨੀ ਰਾਬੋਚੀ" ਨੂੰ ਬੰਦ ਕਰਨ ਦੇ ਮਾਮਲੇ ਵਿੱਚ। ਕਿਸੇ ਅਜਿਹੇ ਮਸਲੇ ਦੇ ਸਾਹਮਣੇ ਆਉਣ ਦੀ ਲੋੜ ਸੀ ਜਿਹੜਾ ਐਨ ਸਥਾਪਤ ਅਤੇ ਰਵਾਇਤੀ ਸਾਂਚੇ ਵਿੱਚ ਨਹੀਂ ਸੀ ਆਉਂਦਾ, ਅਤੇ ਜਿਹੜਾ ਅਨੋਖੇ ਅਤੇ ਨਵੇਂ (ਜਰਮਨਾਂ ਲਈ ਨਵੇਂ) ਸਮਾਜੀ ਅਤੇ ਆਰਥਕ ਸੰਬੰਧਾਂ ਉੱਤੇ ਮਾਰਕਸ ਦੇ ਸਿਧਾਂਤ ਨੂੰ ਕੁੱਝ ਆਜ਼ਾਦ ਰੂਪ ਵਿੱਚ ਲਾਗੂ ਕਰਨ ਦੀ ਮੰਗ ਕਰਦਾ ਸੀ, ਤਾਂ "ਇਸਕਰਾ"-ਵਾਦੀ, ਜਿਹੜੇ ਮਸਲਿਆਂ ਦੇ ਹਾਣੀ ਹੋ ਨਿਬੜਦੇ ਵੋਟਾਂ ਦੇ ਪੰਜਾਂ ਵਿੱਚੋਂ ਤਿੰਨ ਹਿੱਸੇ ਬਣਦੇ, ਜਿੱਥੇ ਕਿ ਸਾਰਾ "ਕੇਂਦਰ" ਮੁੜਦਾ ਅਤੇ ਲੀਬਰਾਂ ਅਤੇ ਮਾਰਤੀਨੋਵਾਂ ਪਿੱਛੇ ਲਗ ਜਾਂਦਾ। ਇਹਦੇ ਬਾਵਜੂਦ ਸਾਥੀ ਮਾਰਤੋਵ ਇਸ ਸਪਸ਼ਟ ਤੱਥ ਉੱਤੇ ਪਰਦਾ ਪਾਉਣ ਦਾ ਯਤਨ ਕਰਦਾ ਹੈ, ਡਰਿਆ ਹੋਇਆ ਵੋਟਾਂ ਦਾ ਕੋਈ ਵੀ ਵਰਣਨ ਕਰਨੋਂ ਸੰਕੋਚ ਕਰਦਾ ਹੈ, ਜਿਥੇ ਰਾਏ ਦੀਆਂ ਭਿੰਨਤਾਵਾਂ ਸਪਸ਼ਟ ਤੌਰ ਉੱਤੇ ਪ੍ਰਗਟ ਹੋਈਆਂ!

ਬਹਿਸ ਤੋਂ ਇਹ ਗੱਲ ਸਾਫ਼ ਤੌਰ ਉੱਤੇ ਸਪਸ਼ਟ ਹੈ ਕਿ "ਇਸਕਰਾ"-ਵਾਦੀਆਂ ਨੂੰ ਕਾਂਗਰਸ ਦੇ ਚੋਖੇ ਹਿੱਸੇ, ਪੰਜਾਂ ਵਿੱਚੋਂ ਦੋ ਵਿਰੁੱਧ ਲੜਨਾ ਪਿਆ ਸੀ। ਇਸ ਪ੍ਰਸ਼ਨ ਸੰਬੰਧੀ ਕਾਕੇਸ਼ੀਆਈ ਸਾਥੀਆਂ ਨੇ ਉੱਕਾ ਹੀ ਠੀਕ ਦ੍ਰਿਸ਼ਟੀਕੋਣ ਅਪਣਾਇਆ—ਪੂਰੀ ਸੰਭਵਤਾ ਇਹ ਹੈ, ਕਿ ਮੁੱਖ ਤੌਰ ਉੱਤੇ ਇਸ ਤੱਥ ਕਾਰਨ ਕਿ ਆਪਣੇ ਇਲਾਕਿਆਂ ਵਿੱਚ ਜਗੀਰਦਾਰੀ ਦੀਆਂ ਅਨੇਕ ਰਹਿੰਦ-ਖੂੰਹਦਾਂ ਵੱਲੋਂ ਅਪਣਾਏ ਰੂਪਾਂ ਨੇ ਉਹਨਾਂ ਨੂੰ ਉਹਨਾਂ ਸਕੂਲੀ ਮੁੰਡਿਆਂ ਵਾਲ਼ੇ ਅਮੂਰਤ ਅਤੇ ਨੰਗੇ ਫ਼ਰਕਾਂ ਤੋਂ ਪਰ੍ਹਾਂ ਰੱਖਿਆ ਜਿਨ੍ਹਾਂ ਨਾਲ਼ ਮਾਖੋਵਾਂ ਦੀ ਤਸੱਲੀ ਹੋ ਗਈ। ਮਾਰਤੀਨੋਵ ਅਤੇ ਲੀਬਰ, ਮਾਖੋਵ ਅਤੇ ਯੇਗੋਰੋਵ ਦਾ ਮੁਕਾਬਲਾ ਕੀਤਾ ਪਲੈਖ਼ਾਨੋਵ ਨੇ, ਗੁਸੇਵ ਨੇ (ਜਿਸਨੇ ਕਿਹਾ ਕਿ "ਰੂਸ ਵਿੱਚ ਸਰਗਰਮ ਸਾਥੀਆਂ ਵਿੱਚ ਉਹਦਾ ਵਾਹ ਸਾਡੇ ਪਿੰਡਾਂ ਸਾਡੇ ਵਿੱਚ ਕੰਮ ਸੰਬੰਧੀ ਉਹੋ ਜਿਹੇ ਨਿਰਾਸ਼ਾਵਾਦੀ ਵਿਚਾਰਾਂ ਨਾਲ਼ ਅਕਸਰ ਪਿਆ ਹੈ" ਜਿਹੋ ਜਿਹੇ ਸਾਥੀ ਯੇਗੋਰੋਵ ਦੇ ਹਨ), ਕੋਸਤਰੋਵ ਨੇ, ਕਾਰਸਕੀ ਨੇ ਅਤੇ ਟਰਾਟਸਕੀ ਨੇ। ਪਿਛਲੇਰੇ ਨੇ ਠੀਕ ਹੀ ਟਿੱਪਣੀ ਕੀਤੀ ਕਿ ਜ਼ਰਅਈ ਪ੍ਰੋਗਰਾਮ ਦੇ ਪੜਚੋਲੀਆਂ ਦੀ "ਨੇਕ-ਨੀਅਤੀ ਨਾਲ਼ ਦਿੱਤੀ ਸਲਾਹ" ਵਿਚੋਂ "**ਖੂਹ-ਦੇ-ਡੱਡੂ** ਦੀ ਬਹੁਤ ਬੋ ਆਉਂਦੀ ਹੈ"। ਕੇਵਲ ਇਹ ਕਹਿਣ ਦੀ ਲੋੜ ਹੈ ਕਿ ਕਿਉਂਕਿ ਅਸੀਂ ਕਾਂਗਰਸ ਵਿੱਚ ਸਿਆਸੀ ਪਰ੍ਹੇਬੰਦੀ ਦਾ ਅਧਿਐਨ ਕਰ ਰਹੇ ਹਾਂ, ਜਦੋਂ ਉਹਨੇ ਆਪਣੀ ਤਕਰੀਰ ਦੇ ਇਸ ਹਿੱਸੇ (ਪੰਨਾ 208) ਵਿੱਚ ਸਾਥੀ ਲਾਂਗੇ ਨੂੰ ਯੇਗੋਰੋਵ ਅਤੇ ਮਾਖੋਵ ਦੇ ਨਾਲ਼ ਰੱਖਿਆ ਤਾਂ ਉਕਾ ਹੀ ਠੀਕ ਨਹੀਂ ਸੀ। ਜਿਹੜਾ ਕੋਈ ਕਾਰਵਾਈ ਧਿਆਨ ਨਾਲ਼ ਪੜ੍ਹੇਗਾ ਉਹ ਵੇਖ ਲਵੇਗਾ ਕਿ ਲਾਂਗੇ ਅਤੇ ਗੋਰਿਨ ਨੇ ਯੇਗੋਰੋਵ ਅਤੇ ਮਾਖੋਵ ਨਾਲ਼ੋਂ ਉੱਕਾ ਵੱਖਰਾ ਸਟੈਂਡ ਲਿਆ। ਲਾਂਗੇ ਅਤੇ ਗੋਰਿਨ ਨੂੰ ਕੱਟੀ ਗਈ ਭੋਂ ਸੰਬੰਧੀ ਨੁਕਤੇ ਦਾ ਸੂਤਰੀਕਰਨ ਪਸੰਦ ਨਾ ਆਇਆ, ਉਹਨਾਂ ਸਾਡੇ ਜ਼ਰਅਈ ਪ੍ਰੋਗਰਾਮ ਦਾ ਸਾਰ ਪੂਰੀ ਤਰ੍ਹਾਂ ਸਮਝ ਲਿਆ, ਪਰ ਉਹਨਾਂ ਇਹਨੂੰ **ਵੱਖਰੇ ਢੰਗ ਨਾਲ਼** ਲਾਗੂ ਕਰਨ ਦਾ ਯਤਨ ਕੀਤਾ, ਉਹਨਾਂ ਉਹ ਲੱਭਣ ਦਾ ਉਸਾਰੂ ਯਤਨ ਕੀਤਾ ਜੋ ਕੁੱਝ ਉਹ ਵਧੇਰੇ ਬੇਦਾਗ਼

ਸੂਤਰੀਕਰਨ ਸਮਝਦੇ ਸਨ, ਅਤੇ ਆਪਣੇ ਪ੍ਰਸਤਾ ਪੇਸ਼ ਕਰਨ ਵਿੱਚ ਉਹਨਾਂ ਦਾ ਨਿਸ਼ਾਨਾ ਜਾਂ ਤਾਂ ਪ੍ਰੋਗਰਾਮ ਦੇ ਲੇਖਕਾਂ ਨੂੰ ਮਨਾ ਲੈਣਾ ਅਤੇ ਜਾਂ ਸਾਰੇ ਗ਼ੈਰ-"ਇਸਕਰਾ"-ਵਾਦੀਆਂ ਵਿਰੁੱਧ ਉਹਨਾਂ ਦਾ ਸਾਥ ਦੇਣਾ ਸੀ। ਉਦਾਹਰਣ ਵਜੋਂ ਇਸ ਗੱਲ ਸੰਬੰਧੀ ਨਿਸ਼ਚਾ ਹੋਣ ਲਈ ਲੋੜ ਕੇਵਲ ਇਸ ਗੱਲ ਦੀ ਹੈ ਕਿ ਬੰਦਾ ਮਾਖੋਵ ਦੇ ਸਾਰਾ ਜ਼ਰਅਈ ਪ੍ਰੋਗਰਾਮ ਰੱਦ ਕਰਨ ਦੇ ਪ੍ਰਸਤਾਵਾਂ (ਪੰਨਾ 212, **ਨੌਂ** ਹੱਕ ਵਿੱਚ, 38 ਵਿਰੁੱਧ) ਜਾਂ ਇਹਦੇ ਵਿੱਚ ਵੱਖ ਵੱਖ ਨੁਕਤਿਆਂ (ਪੰਨਾ 216, ਆਦਿ) ਦਾ ਮੁਕਾਬਲਾ ਲਾਂਗੇ ਦੀ ਪੋਜ਼ੀਸ਼ਨ ਨਾਲ਼ ਕਰੇ, ਜਿਸਨੇ ਕਟੀ ਗਈ ਭੋਂ ਸੰਬੰਧੀ ਆਪਣਾ ਸੂਤਰੀਕਰਨ **ਪੇਸ਼ ਕੀਤਾ** (ਪੰਨਾ 225)।*

ਉਹਨਾਂ ਦਲੀਲਾਂ ਵੱਲ ਸੰਕੇਤ ਕਰਦੇ ਹੋਏ ਜਿਨ੍ਹਾਂ ਵਿੱਚੋਂ "ਖੂਹ-ਦੇ-ਡੱਡੂਪੁਣੇ" ਦੀ ਬੋ ਆਉਂਦੀ ਸੀ, ਸਾਥੀ ਤਰਾਤਸਕੀ ਨੇ ਇਸ ਗੱਲ ਵੱਲ ਧਿਆਨ ਦਿਵਾਇਆ ਕਿ "ਇਹ ਲਾਜ਼ਮੀ ਹੈ ਕਿ ਆਉਂਦੇ ਇਨਕਲਾਬੀ ਸਮੇਂ ਵਿੱਚ ਅਸੀਂ ਆਪਣਾ ਨਾਤਾ ਕਿਸਾਨੀ ਨਾਲ਼ ਜੋੜੀਏ"।... "ਇਸ ਕਾਰਜ ਦੇ ਸਨਮੁੱਖ ਮਾਖੋਵ ਅਤੇ ਯੇਗੋਰੋਵ ਦਾ ਸ਼ੰਕਾਵਾਦ ਅਤੇ ਸਿਆਸੀ 'ਦੂਰ-ਦ੍ਰਿਸ਼ਟਤਾ' ਕਿਸੇ ਵੀ ਨੇੜ-ਦ੍ਰਿਸ਼ਟਾ ਨਾਲ਼ੋਂ ਖ਼ਤਰਨਾਕ ਹਨ।" ਘੱਟਗਿਣਤੀ "ਇਸਕਰਾ"-ਵਾਦੀਆਂ ਵਿੱਚੋਂ ਇੱਕ ਸਾਥੀ ਕੋਸਤਿਚ ਨੇ ਬੜੇ ਯੋਗ ਢੰਗ ਨਾਲ਼ ਸਾਥੀ ਮਾਖੋਵ ਦੀ "ਆਪਣੀ, ਆਪਣੇ ਅਸੂਲਾਂ ਦੀ ਸਥਿਰਤਾ ਦੀ ਅਨਿਸ਼ਚਿਤਤਾ" ਵੱਲ ਧਿਆਨ ਦਿਵਾਇਆ—ਇੱਕ ਅਜਿਹਾ ਵਰਣਨ ਜਿਹਾ "ਕੇਂਦਰ" ਲਈ ਅਖ਼ੀਰੀ ਭੋਰੇ ਤੱਕ ਯੋਗ ਹੈ। "ਆਪਣੇ ਨਿਰਾਸ਼ਾਵਾਦ ਵਿੱਚ ਸਾਥੀ ਮਾਖੋਵ ਸਾਥੀ ਯੇਗੋਰੋਵ ਨਾਲ਼ ਸਗਵਾਂ ਹੈ, ਭਾਵੇਂ ਉਹਨਾਂ ਵਿੱਚ ਰੰਗਤ ਦਾ ਫ਼ਰਕ ਹੈ", ਸਾਥੀ ਕੋਸਤਿਚ ਨੇ ਗੱਲ ਜਾਰੀ ਰੱਖਦੇ ਹੋਏ ਕਿਹਾ। "ਉਹ ਇਹ ਭੁੱਲ ਜਾਂਦਾ ਹੈ ਕਿ ਸੋਸ਼ਲ-ਡੈਮੋਕ੍ਰੈਟ ਪਹਿਲਾਂ ਹੀ ਕਿਸਾਨੀ ਵਿੱਚ ਕੰਮ ਕਰ ਰਹੇ ਹਨ, ਜਿਥੋਂ ਤੱਕ ਸੰਭਵ ਹੋਵੇ ਪਹਿਲਾਂ ਹੀ ਉਹਨਾਂ ਦੀ ਲਹਿਰ ਦੀ ਅਗਵਾਈ ਕਰ ਰਹੇ ਹਨ। ਅਤੇ ਇਹ ਨਿਰਾਸ਼ਾਵਾਦ ਉਹਨਾਂ ਦੇ ਕੰਮ ਦੇ ਖੇਤਰ ਨੂੰ ਸੌੜਾ ਕਰਦਾ ਹੈ" (ਪੰਨਾ 210)।

ਪ੍ਰੋਗਰਾਮ ਸੰਬੰਧੀ ਕਾਂਗਰਸ ਵਿੱਚ ਹੋਈ ਬਹਿਸ ਦਾ ਆਪਣਾ ਨਿਰੀਖਣ ਖ਼ਤਮ ਕਰਦੇ ਹੋਏ ਵਿਰੋਧਵਾਦੀ ਮੁਹਾਣਾਂ ਦੀ ਹਮਾਇਤ ਕਰਨ ਦੇ ਵਿਸ਼ੇ ਉੱਤੇ ਹੋਈ ਸੰਖੇਪ ਬਹਿਸ ਦਾ ਵਰਣਨ ਕਰਨਾ ਯੋਗ ਹੋਵੇਗਾ। ਸਾਡਾ ਪ੍ਰੋਗਰਾਮ ਸਪਸ਼ਟ ਤੌਰ ਉੱਤੇ ਕਹਿੰਦਾ ਹੈ ਕਿ ਸੋਸ਼ਲ-ਡੈਮੋਕ੍ਰੈਟਕ ਪਾਰਟੀ "ਹਰ ਉਸ **ਵਿਰੋਧਵਾਦੀ** ਅਤੇ ਇਨਕਲਾਬੀ ਲਹਿਰ ਦੀ" ਹਮਾਇਤ ਕਰਦੀ ਹੈ **"ਜਿਸਦਾ ਨਿਸ਼ਾਨਾ ਰੂਸ ਵਿੱਚ ਵਿਦਮਾਨ ਸਮਾਜੀ ਅਤੇ ਸਿਆਸੀ ਪ੍ਰਣਾਲੀ ਵਿਰੁੱਧ ਹੈ"**। ਬੰਦਾ ਇਹ ਸੋਚ ਸਕਦਾ ਹੈ ਕਿ ਇਹ ਅਖ਼ੀਰੀ ਮਦ ਇਸ ਗੱਲ ਨੂੰ ਬਿਲਕੁਲ ਸਪਸ਼ਟ ਕਰਦੀ ਹੈ ਕਿ ਅਸੀਂ **ਐਨ ਕਿਹੜੇ** ਵਿਰੋਧਵਾਦੀ ਮੁਹਾਣਾਂ ਦੀ ਹਮਾਇਤ ਕਰਦੇ ਹਾਂ। ਭਾਵੇਂ ਇਹ ਫ਼ਰਜ਼ ਕਰਨਾ ਔਖਾ ਹੈ ਕਿ ਅਜਿਹੇ ਸਵਾਲ ਸੰਬੰਧੀ, ਜਿਸਨੂੰ ਇੰਨਾ ਪੂਰੀ ਤਰ੍ਹਾਂ ਚਿੱਥਿਆ ਗਿਆ ਹੈ ਕੋਈ "ਉਲਝਣ ਜਾਂ ਭੁਲੇਖਾ" ਸੰਭਵ ਸੀ। ਇਹਦੇ ਬਾਵਜੂਦ, ਸਾਡੀ ਪਾਰਟੀ ਵਿੱਚ ਜਿਹੜੀਆਂ ਵੱਖ ਵੱਖ ਵੰਨਗੀਆਂ ਲੰਮੇ ਸਮੇਂ ਤੋਂ ਵਿਕਸਤ ਹੋਈਆਂ ਹਨ, ਉਹਨਾਂ **ਇਥੇ ਵੀ** ਆਪਣੇ ਆਪ ਨੂੰ ਇੱਕਦਮ ਪ੍ਰਗਟ ਕੀਤਾ! ਸਪਸ਼ਟ ਤੌਰ ਉੱਤੇ ਮਾਮਲਾ ਭੁਲੇਖਿਆਂ ਦਾ ਨਹੀਂ

* ਗੋਰਿਨ ਦਾ ਭਾਸ਼ਣ ਵੀ ਵੇਖੋ, ਪੰਨਾ 213।

ਸਗੋਂ ਵੱਖ-ਵੱਖ **ਰੰਗਤਾਂ** ਦਾ ਸੀ। ਮਾਖੋਵ, ਲੀਬਰ ਅਤੇ ਮਾਰਤੀਨੋਵ ਨੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਅਤੇ ਇੱਕ ਵਾਰ ਫਿਰ ਇੰਨੀ "ਗੁਥਵੀਂ" ਘੱਟਗਿਣਤੀ ਸਾਬਤ ਹੋਏ ਕਿ ਐਨ ਸੰਭਵ ਹੈ ਕਿ ਸਾਥੀ ਮਾਰਤੋਵ ਇਹਨੂੰ ਵੀ ਗਾਂਢੇ-ਸਾਂਢੇ, ਚਾਲਾਂ, ਕੂਟਨੀਤੀ ਅਤੇ ਹੋਰ ਸੁਹਣੀਆਂ ਗੱਲਾਂ ਦਾ ਸਿੱਟਾ ਦੱਸੇਗਾ (ਵੇਖੋ ਲੀਗ ਦੀ ਕਾਂਗਰਸ ਵਿੱਚ ਉਹਦਾ ਭਾਸ਼ਣ), ਜਿਹੋ ਜਿਹੀ ਗੱਲ ਦਾ ਸਹਾਰਾ ਉਹ ਲੋਕ ਲੈਂਦੇ ਹਨ ਜਿਹੜੇ ਘੱਟਗਿਣਤੀ ਅਤੇ ਬਹੁਗਿਣਤੀ ਦੁਹਾਂ ਦੀਆਂ "ਗੁੱਥਵੀਆਂ" ਟੋਲੀਆਂ ਬਣਨ ਦੇ ਸਿਆਸੀ ਕਾਰਨ ਸਮਝਣੋਂ ਅਸਮਰੱਥ ਹਨ।

ਮਾਖੋਵ ਨੇ ਇੱਕ ਵਾਰ ਫਿਰ ਮਾਰਕਸਵਾਦ ਦਾ ਉਜੱਡ ਸਰਲੀਕਰਨ ਪੇਸ਼ ਕੀਤਾ। "ਸਾਡੀ ਇੱਕੋ ਇੱਕ ਇਨਕਲਾਬੀ ਜਮਾਤ ਪ੍ਰੋਲੇਤਾਰੀ ਹੈ", ਉਹਨੇ ਕਿਹਾ, ਅਤੇ ਇਸ ਉਥਾਨਕਾ ਤੋਂ ਉਹਨੇ ਇੱਕਦਮ ਇੱਕ ਅਸ਼ੁੱਧ ਸਿੱਟਾ ਕੱਢਿਆ: "ਬਾਕੀ ਸਭ ਕਿਸੇ ਕੰਮ ਦੇ ਨਹੀਂ, ਉਹ ਕੇਵਲ ਪਿਛਲੱਗ ਹਨ (**ਆਮ ਹਾਸਾ**)।... ਹਾਂ, ਪਿਛਲੱਗ ਹਨ, ਅਤੇ ਉਹ ਕੇਵਲ ਲਾਭ ਉਠਾਉਣਾ ਚਾਹੁੰਦੇ ਹਨ। ਮੈਂ ਉਹਨਾਂ ਦੀ ਹਮਾਇਤ ਕਰਨ ਦੇ ਵਿਰੁੱਧ ਹਾਂ" (ਪੰਨਾ 226)। ਸਾਥੀ ਮਾਖੋਵ ਦੇ ਆਪਣੀ ਪੋਜ਼ੀਸ਼ਨ ਦੇ ਅਦੁੱਤੀ ਸੂਤਰੀਕਰਨ ਨੇ (ਉਹਦੇ ਹਾਮੀਆਂ ਵਿੱਚ) ਬਹੁਤ ਸਾਰਿਆਂ ਨੂੰ ਔਖ ਵਿੱਚ ਪਾਇਆ, ਪਰ ਅਸਲ ਵਿੱਚ ਲੀਬਰ ਅਤੇ ਮਾਰਤੀਨੋਵ ਉਹਦੇ ਨਾਲ਼ ਸਹਿਮਤ ਸਨ, ਜਦੋਂ ਉਹਨਾਂ ਸ਼ਬਦ "ਵਿਰੋਧਵਾਦ" ਕੱਢ ਦਿੱਤੇ ਜਾਣ ਜਾਂ "ਜਮਹੂਰੀ-ਵਿਰੋਧਵਾਦੀ" ਦਾ ਵਾਧਾ ਕਰਕੇ ਇਹਨੂੰ ਸੀਮਤ ਕਰਨ ਦੀ ਤਜਵੀਜ਼ ਪੇਸ਼ ਕੀਤੀ। ਪਲੈਖ਼ਾਨੋਵ ਹੱਕੀ ਤੌਰ ਉਤੇ ਮਾਰਤੀਨੋਵ ਦੀ ਇਸ ਤਰਮੀਮ ਵਿਰੁੱਧ ਪਿੜ ਵਿੱਚ ਨਿਤਰਿਆ। "ਇਹ ਲਾਜ਼ਮੀ ਹੈ ਕਿ ਅਸੀਂ ਉਦਾਰਪੰਥੀਆਂ ਦੀ ਪੜਚੋਲ ਕਰੀਏ", ਉਹਨੇ ਕਿਹਾ, "ਉਹਨਾਂ ਦੀ ਬੇਦਲੀਲੀ ਦਾ ਪਾਜ ਉਘਾੜੀਏ। ਇਹ ਠੀਕ ਹੈ।... ਪਰ, ਸੋਸ਼ਲ-ਡੈਮੋਕ੍ਰੈਟਕ ਤੋਂ ਬਿਨਾਂ ਹੋਰ ਸਾਰੀਆਂ ਲਹਿਰਾਂ ਦੀ ਸੌੜ ਅਤੇ ਮਜਬੂਰੀਆਂ ਦਾ ਪਾਜ ਉਘਾੜਦੇ ਹੋਏ ਹੀ ਸਾਡਾ ਕਰਤੱਵ ਹੈ ਕਿ ਅਸੀਂ ਪ੍ਰੋਲੇਤਾਰੀ ਨੂੰ ਸਮਝਾਈਏ ਕਿ ਇੱਕ ਅਜਿਹਾ ਵਿਧਾਨ ਵੀ, ਜਿਹੜਾ ਹਰ ਇੱਕ ਨੂੰ ਵੋਟ ਦਾ ਹੱਕ ਨਹੀਂ ਦੇਂਦਾ ਇੱਕ-ਪੁਰਖੀ ਰਾਜ ਦੇ ਮੁਕਾਬਲੇ ਉੱਤੇ ਇੱਕ ਕਦਮ ਅੱਗੇ ਵੱਲ ਹੈ, ਅਤੇ ਇਹ ਕਿ ਇਸੇ ਲਈ ਉਹਨੂੰ ਵਿਦਮਾਨ ਪ੍ਰਣਾਲੀ ਨੂੰ ਅਜਿਹੇ ਵਿਧਾਨ ਉੱਤੇ ਪਹਿਲ ਨਹੀਂ ਦੇਣੀ ਚਾਹੀਦੀ।" ਸਾਥੀ ਮਾਰਤੀਨੋਵ, ਲੀਬਰ ਅਤੇ ਮਾਖੋਵ ਇਸ ਨਾਲ਼ ਸਹਿਮਤ ਨਾ ਹੋਏ ਅਤੇ ਆਪਣੇ ਦ੍ਰਿਸ਼ਟੀਕੋਣ ਉੱਤੇ ਡਟੇ ਰਹੇ ਜਿਸ ਉਤੇ ਐਕਸਲਰੋਦ, ਸਤਾਰੋਵਰ ਅਤੇ ਤਰਾਤਸਕੀ ਨੇ ਹਮਲਾ ਕੀਤਾ ਅਤੇ ਇੱਕ ਵਾਰ ਫਿਰ ਪਲੈਖ਼ਾਨੋਵ ਨੇ। ਸਾਥੀ ਮਾਖੋਵ ਇਸ ਅਵਸਰ ਉੱਤੇ ਆਪਣੇ ਆਪ ਨੂੰ ਵੀ ਮਾਤ ਪਾਉਣ ਵਿੱਚ ਸਫ਼ਲ ਹੋ ਗਿਆ। ਪਹਿਲਾਂ ਉਹਨੇ ਕਿਹਾ ਕਿ ਹੋਰ ਜਮਾਤਾਂ (ਪ੍ਰੋਲੇਤਾਰੀ ਤੋਂ ਬਿਨਾਂ ਹੋਰ) "ਕਿਸੇ ਕੰਮ ਦੀਆਂ ਨਹੀਂ" ਅਤੇ ਇਹ ਕਿ ਉਹ "ਉਹਨਾਂ ਦੀ ਹਮਾਇਤ ਕਰਨ ਦੇ ਵਿਰੁੱਧ ਹੈ"। ਫਿਰ ਉਹਨੇ ਇਹ ਮੰਨਣ ਦੀ ਮਿਹਰ ਕੀਤੀ ਕਿ "ਜਿੱਥੇ ਇਹ ਲਾਜ਼ਮੀ ਤੌਰ ਉੱਤੇ ਪਿੱਛੇਖਿਚੂ ਹੁੰਦੀ ਹੈ, ਬੁਰਜੂਆ ਅਕਸਰ ਅੱਗੇਵਧੂ ਹੁੰਦੀ ਹੈ—ਉਦਾਹਰਣ ਵਜੋਂ ਜਗੀਰਦਾਰੀ ਅਤੇ ਇਹਦੀ ਰਹਿੰਦ-ਖੂੰਹਦਾਂ ਵਿਰੁੱਧ ਘੋਲ਼ ਵਿੱਚ"। "ਪਰ ਕੁੱਝ ਟੋਲੀਆਂ ਹੁੰਦੀਆਂ ਹਨ", ਉਹਨੇ ਗੱਲ ਜਾਰੀ ਰੱਖੀ, "ਜਿਹੜੀਆਂ ਸਦਾ [ ?] ਪਿੱਛੇਖਿਚੂ ਰਹਿੰਦੀਆਂ ਹਨ—ਦਸਤਕਾਰ ਅਜਿਹੇ ਹਨ।" ਅਜਿਹੇ ਸਨ ਸਿਧਾਂਤ ਦੇ ਉਹ

ਮਾਣਕ, ਜਿਨ੍ਹਾਂ ਤੱਕ ਸਾਡੇ "ਕੇਂਦਰ" ਦੇ ਐਨ ਉਹ ਨੇਤਾ ਅੱਪੜੇ ਸਨ ਜਿਨ੍ਹਾਂ ਪਿੱਛੋਂ ਜਾਕੇ ਪੁਰਾਣੇ ਸੰਪਾਦਕ ਮੰਡਲ ਦੇ ਹੱਕ ਵਿੱਚ ਮੂੰਹੋਂ ਇੰਨੀ ਝੱਗ ਵਗਾਈ! ਪੱਛਮੀ ਯੂਰਪ ਵਿੱਚ ਵੀ, ਜਿਥੇ ਦਸਤਕਾਰੀ ਸੰਘ ਪ੍ਰਣਾਲੀ ਇੰਨੀ ਮਜ਼ਬੂਤ ਸੀ, ਸ਼ਹਿਰਾਂ ਦੀ ਹੋਰ ਨਿੱਕੀ ਬੁਰਜੂਆਜ਼ੀ ਵਾਂਗ ਦਸਤਕਾਰ ਹੀ ਸਨ, ਜਿਨ੍ਹਾਂ ਇੱਕ-ਪੁਰਖੀ ਰਾਜ ਦੇ ਨਿਗਾਰ ਦੇ ਸਮੇਂ ਵਿੱਚ ਅਸਧਾਰਨ ਇਨਕਲਾਬੀ ਭਾਵਨਾ ਵਿਖਾਈ। ਅਤੇ ਸਾਡੇ ਰੂਸੀ ਸੋਸ਼ਲ-ਡੈਮੋਕ੍ਰੈਟਾਂ ਲਈ ਬਿਨਾਂ ਸੋਚੇ ਸਮਝੇ ਉਹ ਕੁੱਝ ਦੁਹਰਾਉਣਾ ਜੋ ਕੁੱਝ ਸਾਡੇ ਪੱਛਮੀ ਯੂਰਪੀ ਸਾਥੀ ਅਜੋਕੇ ਦਸਤਕਾਰਾਂ ਸੰਬੰਧੀ, ਅਰਥਾਤ, ਉਸ ਯੁਗ ਦੇ ਦਸਤਕਾਰਾਂ ਸੰਬੰਧੀ ਜਿਹੜੇ ਇੱਕ-ਪੁਰਖੀ ਰਾਜ ਦੇ ਪਤਨ ਤੋਂ ਇੱਕ ਜਾਂ ਅੱਧੀ ਸਦੀ ਨਾਲ਼ ਨਿਖੜੇ ਹੋਏ ਹਨ। ਰੂਸ ਦੇ ਦਸਤਕਾਰਾਂ ਦੇ ਬੁਰਜੂਆਜ਼ੀ ਦੇ ਮੁਕਾਬਲੇ ਉੱਤੇ ਪਿੱਛੇਖਿਚੂ ਹੋਣ ਸੰਬੰਧੀ ਗੱਲ ਕਰਨਾ ਤੋਤੇ ਵਾਂਗ ਰਟੇ ਹੋਏ ਇੱਕ ਘੜੇ-ਘੜਾਏ ਵਾਕੰਸ਼ ਨੂੰ ਦੁਹਰਾਉਣਾ ਹੈ।

ਮੰਦੇ-ਭਾਗੀਂ ਕਾਰਵਾਈ ਵਿੱਚ ਇਸ ਪ੍ਰਸ਼ਨ ਸੰਬੰਧੀ ਮਾਰਤੀਨੋਵ, ਮਾਖੋਵ ਅਤੇ ਲੀਬਰ ਦੀਆਂ ਰੱਦ ਕੀਤੀਆਂ ਤਰਮੀਮਾਂ ਦੇ ਹੱਕ ਵਿੱਚ ਪਏ ਵੋਟਾਂ ਦਾ ਉਲੇਖ ਨਹੀਂ। ਬੰਦਾ ਬਸ ਇੰਨਾ ਕਹਿ ਸਕਦਾ ਹੈ ਕਿ, ਇੱਥੇ ਵੀ, "ਇਸਕਰਾ"—ਵਿਰੋਧੀ ਤੱਤਾਂ ਦੇ ਨੇਤਾ, ਅਤੇ "ਕੇਂਦਰ" ਦੇ ਨੇਤਾਵਾਂ ਵਿੱਚੋਂ ਇੱਕ* ਨੇ ਇਸਕਰਾ-ਵਾਦੀਆਂ ਵਿਰੁੱਧ ਦਲਬੰਦੀ ਵਿੱਚ ਆਪਣੀਆਂ ਸ਼ਕਤੀਆਂ ਸਾਂਝੀਆਂ ਕੀਤੀਆਂ। **ਪ੍ਰੋਗਰਾਮ** ਉੱਤੇ **ਸਮੁੱਚੀ** ਬਹਿਸ ਦਾ ਨਚੋੜ ਪੇਸ਼ ਕਰਦੇ ਹੋਏ ਬੰਦਾ ਇਹ ਵੇਖੇ ਬਿਨਾਂ ਨਹੀਂ ਰਹਿ ਸਕਦਾ ਕਿ ਬਹਿਸਾਂ ਵਿੱਚੋਂ ਜਿਹੜੀਆਂ ਕੁੱਝ ਵੀ ਭਖਵੀਆਂ ਸਨ ਅਤੇ ਜਿਨ੍ਹਾਂ ਆਮ ਰੋਚਕਤਾ ਉਭਾਰੀ, ਉਹਨਾਂ ਵਿੱਚੋਂ **ਇੱਕ ਵੀ** ਅਜਿਹੀ ਨਹੀਂ ਸੀ ਜਿਸਨੇ ਧਿਰਾਂ ਦਾ ਉਹ ਫ਼ਰਕ ਪ੍ਰਗਟ ਨਾ ਕੀਤਾ ਹੋਵੇ, ਜਿਸਨੂੰ ਸਾਥੀ ਮਾਰਤੋਵ ਅਤੇ ਨਵਾਂ ਸੰਪਾਦਕ ਮੰਡਲ ਹੁਣ ਇੰਨੇ ਧਿਆਨ ਨਾਲ਼ ਅੱਖੋਂ ਉਹਲੇ ਕਰ ਰਹੇ ਹਨ।

## ਖ. ਪਾਰਟੀ ਨਿਯਮ। ਸਾਥੀ ਮਾਰਤੋਵ ਦਾ ਖਰੜਾ

ਪ੍ਰੋਗਰਾਮ ਤੋਂ ਕਾਂਗਰਸ ਪਾਰਟੀ ਨਿਯਮਾਂ ਵੱਲ ਚਲੀ ਗਈ (ਅਸੀਂ ਕੇਂਦਰੀ ਬੁਲਾਰੇ ਦਾ ਸਵਾਲ, ਜਿਸ ਨੂੰ ਉੱਪਰ ਲਿਆ ਗਿਆ ਹੈ, ਅਤੇ ਡੈਲੀਗੇਟਾਂ ਦੀਆਂ ਰਿਪੋਰਟਾਂ, ਜਿਹੜੀਆਂ

---

* "ਕੇਂਦਰ" ਦਾ ਇੱਕ ਹੋਰ ਨੇਤਾ, ਸਾਥੀ ਯੇਗੋਰੋਵ ਇੱਕ ਵੱਖਰੇ ਅਵਸਰ ਉੱਤੇ ਵਿਰੋਧਵਾਦੀ ਮੁਹਾਣਾਂ ਦੀ ਹਮਾਇਤ ਕਰਨ ਦੇ ਪ੍ਰਸ਼ਨ ਉੱਤੇ ਬੋਲਿਆ, ਸੋਸ਼ਲਿਸਟ-ਇਨਕਲਾਬੀਆਂ[14] ਸੰਬੰਧੀ ਐਕਸਲਰੋਦ ਦੇ ਪ੍ਰਸਤਾਵ ਸੰਬੰਧੀ (ਪੰਨਾ 359)। ਸਾਥੀ ਯੇਗੋਰੋਵ ਨੂੰ ਪ੍ਰੋਗਰਾਮ ਵਿੱਚ ਹਰ ਵਿਰੋਧਵਾਦੀ ਅਤੇ ਇਨਕਲਾਬੀ ਲਹਿਰ ਦੀ **ਹਮਾਇਤ** ਦੀ ਮੰਗ ਅਤੇ ਸੋਸ਼ਲਿਸਟ-ਇਨਕਲਾਬੀਆਂ ਅਤੇ ਉਦਾਰਪੰਥੀਆਂ ਵੱਲ **ਦਵੈਖੀ** ਵਤੀਰੇ ਵਿਚਕਾਰ "ਵਿਰੋਧ" ਦਿਸਿਆ। ਇੱਕ ਹੋਰ ਰੂਪ ਵਿੱਚ ਅਤੇ ਪ੍ਰਸ਼ਨ ਵੱਲ ਇੱਕ ਵੱਖਰੇ ਕੋਣ ਤੋਂ ਆਉਂਦੇ ਹੋਏ, ਸਾਥੀ ਯੇਗੋਰੋਵ ਨੇ ਮਾਰਕਸਵਾਦ ਦਾ ਉਹੋ ਸੌੜਾ ਸੰਕਲਪ, "ਇਸਕਰਾ" ਦੇ ਦ੍ਰਿਸ਼ਟੀਕੋਣ ਵੱਲ (ਜਿਸਨੂੰ ਉਹਨੇ "ਪ੍ਰਵਾਨਗੀ ਦੇ ਦਿੱਤੀ ਸੀ") ਉਹੋ ਅਸਥਿਰ, ਅਰਧ-ਵਿਰੋਧੀ ਵਤੀਰਾ ਅਪਣਾਇਆ, ਜਿਹੋ ਜਿਹਾ ਸਾਥੀ ਮਾਖੋਵ, ਲੀਬਰ ਅਤੇ ਮਾਰਤੀਨੋਵ ਨੇ ਅਪਣਾਇਆ ਸੀ।

ਡੈਲੀਗੇਟਾਂ ਦੀ ਬਹੁ-ਗਿਣਤੀ ਮੰਦੇ-ਭਾਗੀਂ ਸੰਤੋਖਜਨਕ ਢੰਗ ਨਾਲ਼ ਪੇਸ਼ ਨਾ ਕਰ ਸਕੀ, ਛੱਡ ਦੇਂਦੇ ਹਾਂ)। ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਨਿਯਮਾਂ ਦਾ ਸਵਾਲ ਸਾਡੇ ਸਾਰਿਆਂ ਲਈ ਅਥਾਹ ਮਹੱਤਤਾ ਵਾਲ਼ਾ ਸੀ। ਅਖ਼ੀਰ, "ਇਸਕਰਾ" ਨੇ ਮੁੱਢ ਤੋਂ ਹੀ ਨਾ ਕੇਵਲ ਅਖ਼ਬਾਰੀ ਬੁਲਾਰੇ ਦਾ ਹੀ ਕੰਮ ਕੀਤਾ ਸਗੋਂ ਇੱਕ **ਜਥੇਬੰਦਕ** ਧੁਰੇ ਦਾ ਵੀ ਕੰਮ ਕੀਤਾ। ਚੌਥੇ ਅੰਕ ਦੇ ਸੰਪਾਦਕੀ ਲੇਖ ("ਕਿੱਥੋਂ ਮੁੱਢ ਬੰਨ੍ਹਿਆ ਜਾਵੇ ?") ਵਿੱਚ "ਇਕਸਰਾ" ਨੇ ਜਥੇਬੰਦੀ ਦੀ ਪੂਰੀ ਪਲਾਨ ਪੇਸ਼ ਕੀਤੀ ਸੀ*, ਜਿਸ ਉੱਤੇ ਉਹ **ਤਿੰਨ ਵਰ੍ਹਿਆਂ** ਦੇ ਸਮੇਂ ਲਈ ਨੇਮਬੱਧ ਢੰਗ ਨਾਲ਼ ਅਤੇ ਨਿਰੰਤਰ ਚਲਦਾ ਰਿਹਾ। ਜਦੋਂ ਦੂਜੀ ਪਾਰਟੀ ਕਾਂਗਰਸ ਨੇ "ਇਸਕਰਾ" ਨੂੰ ਕੇਂਦਰੀ ਬੁਲਾਰੇ ਵਜੋਂ ਪ੍ਰਵਾਨ ਕੀਤਾ, ਇਸ ਵਿਸ਼ੇ ਸੰਬੰਧੀ ਪ੍ਰਸਤਾਵ ਦੀ ਪ੍ਰਸਤਾਵਨਾ ਦੇ ਪਹਿਲੇ ਤਿੰਨ ਨੁਕਤੇ (ਪੰਨਾ 147) **ਐਨ ਇਸ ਜਥੇਬੰਦਕ ਪਲਾਨ ਅਤੇ 'ਇਸਕਰਾ' ਦੇ ਜਥੇਬੰਦਕ ਵਿਚਾਰਾਂ ਨੂੰ**: ਪਾਰਟੀ ਦੇ **ਅਮਲੀ** ਕੰਮ ਦੀ ਅਗਵਾਈ ਕਰਨ ਵਿੱਚ ਇਹਦੇ ਰੋਲ ਅਤੇ ਇਹਨੇ ਏਕਤਾ ਪ੍ਰਾਪਤ ਕਰਨ ਵਿੱਚ ਜਿਹੜਾ ਉੱਘਾ ਰੋਲ ਅਦਾ ਕੀਤਾ ਸੀ, ਉਹਨੂੰ ਸਮਰਪਤ ਸੀ। ਇਸ ਲਈ, ਇਹ ਐਨ ਸੁਭਾਵਕ ਸੀ, ਕਿ "ਇਕਸਰਾ" ਦਾ ਕੰਮ ਅਤੇ ਪਾਰਟੀ ਨੂੰ ਜਥੇਬੰਦ ਕਰਨ ਦਾ ਸਾਰਾ ਕੰਮ, **ਸਚਮੁਚ** ਪਾਰਟੀ ਦੀ ਪੁਨਰ-ਸਥਾਪਤੀ ਦਾ ਕੰਮ, ਉਸ ਸਮੇਂ ਤੱਕ ਖ਼ਤਮ ਹੋਇਆ **ਨਹੀਂ ਸੀ** ਸਮਝਿਆ **ਜਾ ਸਕਦਾ** ਜਦੋਂ ਤੱਕ ਜਥੇਬੰਦੀ ਸੰਬੰਧੀ ਨਿਸ਼ਚਿਤ ਵਿਚਾਰ ਸਮੁੱਚੀ ਪਾਰਟੀ ਵੱਲੋਂ ਪ੍ਰਵਾਨ ਨਾ ਕਰ ਲਏ ਜਾਣ ਅਤੇ ਵਿਧੀ-ਵਤ ਢੰਗ ਨਾਲ਼ ਧਾਰਾਵਾਹਤ ਨਾ ਕੀਤੇ ਜਾਣ। ਪਾਰਟੀ ਦੀ ਜਥੇਬੰਦੀ ਸੰਬੰਧੀ ਨਿਯਮਾਂ ਨੇ ਇਹ ਕਾਰਜ ਪੂਰਾ ਕਰਨਾ ਸੀ।

"ਇਸਕਰਾ" ਨੇ ਜਿਹੜੇ ਮੁੱਖ ਵਿਚਾਰਾਂ ਨੂੰ ਪਾਰਟੀ ਦਾ ਅਧਾਰ ਬਣਾਉਣ ਦਾ ਯਤਨ ਕੀਤਾ, ਬੁਨਿਆਦੀ ਤੌਰ ਉੱਤੇ ਉਹ ਹੇਠ ਲਿਖੀਆਂ ਦੋ ਗੱਲਾਂ ਹੋ ਨਿਬੜਦੇ ਸਨ: ਪਹਿਲਾ, ਕੇਂਦਰਵਾਦ ਦਾ ਵਿਚਾਰ, ਜਿਹੜਾ ਅਸੂਲੀ ਤੌਰ ਉੱਤੇ ਜਥੇਬੰਦੀ ਦੇ ਨਿਸ਼ਚਿਤ ਅਤੇ ਵਿਸਥਾਰ ਵਾਲ਼ੇ ਸਵਾਲਾਂ ਦੇ ਹੱਲ ਦਾ ਢੰਗ ਪ੍ਰੀਭਾਸ਼ਤ ਕਰਦਾ ਹੈ; ਦੂਜਾ, ਵਿਚਾਰਧਾਰਕ ਅਗਵਾਈ ਲਈ ਇੱਕ ਬੁਲਾਰੇ, ਇੱਕ ਅਖ਼ਬਾਰ ਦਾ ਵਿਸ਼ੇਸ਼ ਕਾਰਜ—ਇੱਕ ਅਜਿਹਾ ਵਿਚਾਰ ਜਿਹੜਾ ਸਿਆਸੀ ਗ਼ੁਲਾਮੀ ਦੀਆਂ ਵਿਦਮਾਨ ਪ੍ਰਸਥਿਤੀਆਂ ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਕ ਕਿਰਤੀ-ਜਮਾਤੀ ਲਹਿਰ ਦੀਆਂ ਅਸਥਾਈ ਅਤੇ ਵਿਸ਼ੇਸ਼ ਲੋੜਾਂ ਨੂੰ ਮੁੱਖ ਰੱਖਦਾ ਸੀ, ਜਦੋਂ ਇਨਕਲਾਬੀ ਹਮਲੇ ਦੇ ਅਮਲਾਂ ਲਈ **ਮੁਢਲਾ** ਅੱਡਾ ਵਿਦੇਸ਼ ਵਿੱਚ ਸਥਾਪਤ ਕੀਤਾ ਗਿਆ

* "ਇਸਕਰਾ" ਦੇ ਕੇਂਦਰੀ ਬੁਲਾਰੇ ਵਜੋਂ ਪ੍ਰਵਾਨ ਕੀਤੇ ਜਾਣ ਸੰਬੰਧੀ ਆਪਣੇ ਭਾਸ਼ਣ ਵਿੱਚ ਸਾਥੀ ਪੋਪੋਵ ਨੇ ਹੋਰ ਗੱਲਾਂ ਤੋਂ ਬਿਨਾਂ ਕਿਹਾ: "ਮੈਨੂੰ ਲੇਖ 'ਕਿੱਥੋਂ ਮੁੱਢ ਬੰਨ੍ਹਿਆ ਜਾਵੇ ?' ਚੇਤੇ ਹੈ, ਜਿਹੜਾ 'ਇਸਕਰਾ' ਨੰ. 3 ਜਾਂ 4 ਵਿੱਚ ਛਪਿਆ। ਰੂਸ ਵਿੱਚ ਸਰਗਰਮ ਸਾਥੀਆਂ ਵਿੱਚੋਂ ਬਹੁਤ ਸਾਰਿਆਂ ਨੂੰ ਇਹ ਕੁਚੱਜਾ ਲੇਖ ਲੱਗਾ; ਹੋਰਾਂ ਨੂੰ ਇਹਦੀ ਪਲਾਨ ਅਣੋਖੀ ਲੱਗੀ ਅਤੇ ਬਹੁਗਿਣਤੀ [ ?—ਸ਼ਾਇਦ ਸਾਥੀ ਪੋਪੋਵ ਦੁਆਲੇ ਬਹੁਗਿਣਤੀ] ਨੇ ਇਹਦਾ ਕਾਰਨ ਕੇਵਲ ਹਿਰਸ਼ ਸਮਝਿਆ" (ਪੰਨਾ 140)। ਜਿਹਾ ਕਿ ਪਾਠਕ ਵੇਖਦਾ ਹੈ, ਮੇਰੇ ਲਈ ਆਪਣੇ ਰਾਜਸੀ ਵਿਚਾਰਾਂ ਦਾ ਕਾਰਨ ਹਿਰਸ਼ ਦੱਸਿਆ ਜਾਣਾ ਕੋਈ ਨਵੀਂ ਗੱਲ ਨਹੀਂ—ਇੱਕ ਅਜਿਹੀ ਵਿਆਖਿਆ ਜਿਸਨੂੰ ਸਾਥੀ ਐਕਸਲਰੋਦ ਅਤੇ ਸਾਥੀ ਮਾਰਤੋਵ ਨਵੇਂ ਸਿਰਿਓਂ ਢਾਲ ਰਹੇ ਹਨ।

ਸੀ। ਅਸੂਲ ਦੇ ਇੱਕ ਮਾਮਲੇ ਵਜੋਂ ਪਹਿਲੇ ਵਿਚਾਰ ਦਾ ਸਮੁੱਚੇ ਨਿਯਮਾਂ ਵਿੱਚ ਰਚਿਆ ਹੋਣਾ ਲਾਜ਼ਮੀ ਸੀ; ਦੂਜੇ ਨੇ, ਜਿਹੜਾ ਸਮੇਂ ਅਤੇ ਅਮਲ ਦੇ ਢੰਗ ਦੀਆਂ ਅਸਥਾਈ ਪ੍ਰਸਥਿਤੀਆਂ ਕਾਰਨ ਲੋੜੀਂਦਾ ਬਣਿਆ ਇੱਕ ਨਿਸ਼ਚਿਤ ਵਿਚਾਰ ਸੀ, **ਦੋ ਕੇਂਦਰ**, **ਇੱਕ ਕੇਂਦਰੀ ਬੁਲਾਰਾ ਅਤੇ ਇੱਕ ਕੇਂਦਰੀ ਕਮੇਟੀ** ਸਥਾਪਤ ਕਰਨ ਦੀ ਤਜਵੀਜ਼ ਕਾਰਨ ਕੇਂਦਰਵਾਦ ਤੋਂ **ਜਾਪਦੇ** ਕੁਰਾਹੇ ਦਾ ਰੂਪ ਧਾਰਿਆ। ਪਾਰਟੀ ਜਥੇਬੰਦੀ ਦੇ ਇਹ ਦੋਵੇਂ "ਇਸਕਰਾ" ਦਾ ਮੁੱਖ ਵਿਚਾਰ ਮੈਂ "ਇਸਕਰਾ" ਦੇ ਸੰਪਾਦਕੀ (ਅੰਕ 4) ਵਿੱਚ "ਕਿੱਥੋਂ ਮੁੱਢ ਬੰਨ੍ਹਿਆ ਜਾਵੇ?" ਅਤੇ "ਕੀ ਕਰਨਾ ਚਾਹੀਦਾ ਹੈ?"* ਵਿੱਚ ਵਿਕਸਤ ਕੀਤੇ ਸਨ ਅਤੇ ਅੰਤ ਇੱਕ ਅਜਿਹੇ ਰੂਪ ਵਿੱਚ ਜਿਹੜਾ ਨਿਯਮਾਂ ਦਾ ਲਗਭਗ ਪੂਰਨ ਰੂਪ ਸੀ, "ਇੱਕ ਸਾਥੀ ਦੇ ਨਾਂ ਖ਼ਤ" ਵਿੱਚ ਉਹਨਾਂ ਦੀ ਵਿਆਖਿਆ ਕੀਤੀ ਗਈ ਸੀ। ਯਥਾਰਥ ਵਿੱਚ, ਜੇ "ਇਸਕਰਾ" ਦੀ ਪ੍ਰਵਾਨਗੀ ਕੇਵਲ ਨਾਂ-ਮਾਤਰ, ਇੱਕ ਕੇਵਲ ਪ੍ਰੰਪਰਾਗਤ ਵਾਕੰਸ਼ ਹੀ ਨਹੀਂ ਸੀ ਤਾਂ ਕਰਨ ਗੋਚਰਾ ਕੰਮ ਬਸ ਇੰਨਾ ਸੀ ਕਿ ਨਿਯਮਾਂ ਦੇ ਪੈਰਿਆਂ ਵਿੱਚ, ਜਿਨ੍ਹਾਂ ਇਹਨਾਂ ਵਿਚਾਰਾਂ ਨੂੰ ਰੂਪ ਦੇਣਾ ਸੀ, ਸੂਤਰਬੱਧ ਕਰਨਾ ਸੀ। "ਇੱਕ ਸਾਥੀ ਦੇ ਨਾਂ ਖ਼ਤ" ਦੀ ਨਵੀਂ ਛਾਪ ਲਈ ਮੁਖਬੰਧ ਵਿੱਚ ਮੈਂ ਪਹਿਲਾਂ ਹੀ ਇਸ ਗੱਲ ਵੱਲ ਧਿਆਨ ਦਿਵਾਇਆ ਹੈ ਕਿ ਪਾਰਟੀ ਨਿਯਮਾਂ ਦਾ ਉਸ ਪੈਂਫ਼ਲਟ ਨਾਲ਼ ਸਾਦਾ ਮੁਕਾਬਲਾ ਦੁਹਾਂ ਵਿੱਚ ਸ਼ਾਮਲ ਜਥੇਬੰਦੀ ਦੇ ਵਿਚਾਰਾਂ ਦੀ ਮੁਕੰਮਲ ਇੱਕਰੂਪਤਾ ਸਾਬਤ ਕਰਨ ਲਈ ਕਾਫ਼ੀ ਹੈ।

"ਇਸਕਰਾ" ਦੀ ਜਥੇਬੰਦੀ ਸੰਬੰਧੀ ਵਿਚਾਰਾਂ ਨੂੰ ਨਿਯਮਾਂ ਵਿੱਚ ਸੂਤਰਬੱਧ ਕਰਨ ਸੰਬੰਧੀ ਇਹ ਲਾਜ਼ਮੀ ਹੈ ਕਿ ਮੈਂ ਸਾਥੀ ਮਾਰਤੋਵ ਵੱਲੋਂ ਦੱਸੀ ਇੱਕ ਨਿਸ਼ਚਿਤ ਘਟਨਾ ਨਾਲ਼ ਨਿਬੜਾਂ। "... ਤੱਥ ਦਾ ਇੱਕ ਬਿਆਨ", ਮਾਰਤੋਵ ਨੇ ਲੀਗ ਦੀ ਕਾਂਗਰਸ ਸਮੇਂ ਕਿਹਾ (ਪੰਨਾ 58), "ਤੁਹਾਨੂੰ ਦੱਸੇਗਾ ਕਿ ਇਸ ਪੈਰੇ [ਅਰਥਾਤ, ਪੈਰਾ 1] ਸੰਬੰਧੀ ਮੇਰੀ ਮੌਕਾਪ੍ਰਸਤ ਉਕਾਈ ਲੈਨਿਨ ਲਈ ਕਿੰਨੀ ਆਸੋਂ ਉਲਟ ਸੀ। ਕਾਂਗਰਸ ਤੋਂ ਡੇਢ ਜਾਂ ਦੋ ਮਹੀਨੇ ਪਹਿਲਾਂ ਮੈਂ ਲੈਨਿਨ ਨੂੰ ਆਪਣਾ ਖਰੜਾ ਵਿਖਾਇਆ, ਜਿਸ ਵਿੱਚ ਪੈਰਾ 1 ਐਨ ਉਸ ਤਰ੍ਹਾਂ ਸੂਤਰਬੱਧ ਸੀ ਜਿਵੇਂ ਮੈਂ ਇਹ ਕਾਂਗਰਸ ਅੱਗੇ ਪੇਸ਼ ਕੀਤਾ ਸੀ। ਲੈਨਿਨ ਨੇ ਮੇਰੇ ਖਰੜੇ ਉੱਤੇ ਇਸ ਕਾਰਨ ਇਤਰਾਜ਼ ਕੀਤਾ ਕਿ ਉਹ ਬਹੁਤ ਵਿਸਥਾਰ-ਪੂਰਵਕ ਸੀ, ਅਤੇ ਮੈਨੂੰ ਕਿਹਾ ਕਿ ਉਹਨੂੰ ਕੇਵਲ ਪੈਰਾ 1 - ਪਾਰਟੀ ਮੈਂਬਰਸ਼ਿਪ ਦਾ ਪ੍ਰੀਭਾਸ਼ਣ — ਪਸੰਦ ਸੀ ਅਤੇ ਉਹ ਕੁੱਝ ਤਬਦੀਲੀਆਂ ਸਹਿਤ ਇਹਨੂੰ ਆਪਣੇ ਨਿਯਮਾਂ ਵਿੱਚ ਸ਼ਾਮਲ ਕਰ ਲਵੇਗਾ ਕਿਉਂਕਿ ਉਹਦੇ ਵਿਚਾਰ ਅਨੁਸਾਰ ਮੇਰਾ ਸੂਤਰੀਕਰਨ ਢੁਕਵਾਂ ਨਹੀਂ ਸੀ। ਇਉਂ ਲੈਨਿਨ ਨੂੰ ਲੰਮੇ ਸਮੇਂ ਤੋਂ ਮੇਰੇ ਸੂਤਰੀਕਰਨ ਦੀ ਜਾਣਕਾਰੀ ਸੀ, ਉਹਨੂੰ ਇਸ ਵਿਸ਼ੇ ਸੰਬੰਧੀ ਮੇਰੇ ਵਿਚਾਰਾਂ ਦਾ ਪਤਾ ਸੀ। ਸੋ ਤੁਸੀਂ ਵੇਖ ਸਕਦੇ ਹੋ ਕਿ ਮੈਂ ਸੰਜੋਅ ਵਿੱਚੋਂ ਮੂੰਹ ਨੰਗਾ ਕਰਕੇ ਕਾਂਗਰਸ ਵਿਖੇ ਆਇਆ, ਕਿ ਮੈਂ ਆਪਣੇ ਵਿਚਾਰ ਉੱਕਾ ਹੀ ਨਾ ਲੁਕਾਏ। ਮੈਂ ਉਹਨੂੰ ਚੇਤਾਵਨੀ ਦਿੱਤੀ ਕਿ ਮੈਂ ਪ੍ਰਸਪਰ ਕੁਆਪਸ਼ਨ ਦਾ ਵਿਰੋਧ ਕਰਾਂਗਾ, ਕੇਂਦਰੀ ਕਮੇਟੀ ਅਤੇ ਕੇਂਦਰੀ ਬੁਲਾਰੇ, ਇਤਿ-ਆਦਿ ਲਈ ਕੁਆਪਸ਼ਨ ਲਈ

---

* ਵ. ਇ. ਲੈਨਿਨ, ਚੋਣਵੀਆਂ ਕਿਰਤਾਂ (ਪੰਜਾਬੀ ਛਾਪ, ਪ੍ਰਗਤੀ ਪ੍ਰਕਾਸ਼ਨ, ਮਾਸਕੋ), ਸੈਂਚੀ 1, ਪੰਨੇ 139-359। **—ਅਨੁ.**

ਸਰਬ-ਸੰਮਤੀ ਦੇ ਨਿਯਮ ਦਾ ਵਿਰੋਧ ਕਰਾਂਗਾ।"

ਜਿਥੋਂ ਤੱਕ ਪ੍ਰਸਪਰ ਕੁਆਪਸ਼ਨ ਸੰਬੰਧੀ ਚੇਤਾਵਨੀ ਦਾ ਸੰਬੰਧ ਹੈ ਅਸੀਂ ਇਹਦੀ ਯੋਗ ਥਾਂ ਉੱਤੇ ਵੇਖਾਂਗੇ ਕਿ ਇਸ ਸੰਬੰਧੀ ਮਾਮਲਾ ਕੀ ਸੀ। ਆਓ ਅਸੀਂ ਹਾਲ ਦੀ ਘੜੀ ਮਾਰਤੋਵ ਦੇ ਨਿਯਮਾਂ ਦੇ ਇਸ "ਸੰਜੋਅ ਵਿੱਚੋਂ ਮੂੰਹ ਨੰਗਾ ਰੱਖਣ" ਨੂੰ ਲਈਏ। ਲੀਗ ਕਾਂਗਰਸ ਸਮੇਂ, ਚੇਤੇ ਤੋਂ ਇਸ ਕੁਢੱਬੇ ਖਰੜੇ ਦੀ ਗੱਲ ਦੁਹਰਾਉਂਦੇ ਹੋਏ (ਜਿਹੜਾ ਮਾਰਤੋਵ ਨੇ ਆਪ ਹੀ ਕਾਂਗਰਸ ਵਿੱਚ ਵਾਪਸ ਲੈ ਲਿਆ ਕਿਉਂਕਿ ਇਹ ਕੁਢੱਬਾ ਸੀ, ਪਰ ਕਾਂਗਰਸ ਤੋਂ ਪਿੱਛੋਂ ਆਪਣੀ ਲਖਣਾਇਕ ਇਕਸਾਰਤਾ ਨਾਲ਼ ਸਾਹਮਣੇ ਲੈ ਆਂਦਾ), ਜਿਹਾ ਕਿ ਅਕਸਰ ਹੁੰਦਾ ਹੈ, ਮਾਰਤੋਵ ਚੋਖਾ ਭੁੱਲ ਗਿਆ ਹੈ ਅਤੇ ਇਸੇ ਲਈ ਇੱਕ ਵਾਰ ਫਿਰ ਮਾਮਲਾ ਭੁਚਲਾ ਗਿਆ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਨਿੱਜੀ ਗੱਲ ਬਾਤ ਤੋਂ ਟੂਕਾਂ ਦੇਣ ਅਤੇ ਚੇਤੇ ਉੱਤੇ ਨਿਰਭਰ ਕਰਨ (ਲੋਕ ਅਚੇਤ ਤੌਰ ਉੱਤੇ ਉਹ ਕੁੱਝ ਚੇਤੇ ਰੱਖਦੇ ਹਨ ਜਿਹੜਾ ਉਹਨਾਂ ਦੇ ਹੱਕ ਵਿੱਚ ਹੋਵੇ!) ਵਿਰੁੱਧ ਚਿਤਾਉਣੀ ਦੇਣ ਲਈ ਚੋਖੇ ਮਾਮਲੇ ਹੋਏ ਹਨ—ਇਹਦੇ ਬਾਵਜੂਦ ਹੋਰ ਸਮੱਗਰੀ ਨਾ ਹੋਣ ਕਾਰਨ ਸਾਥੀ ਮਾਰਤੋਵ ਨੇ ਨੁਕਸਦਾਰ ਸਮੱਗਰੀ ਵਰਤੀ। ਅੱਜ ਸਾਥੀ ਪਲੈਖ਼ਾਨੋਵ ਵੀ ਉਹਦੀ ਰੀਸ ਕਰ ਰਿਹਾ ਹੈ—ਸਪਸ਼ਟ ਤੌਰ ਉੱਤੇ ਭੈੜੀ ਉਦਾਹਰਣ ਲਾਗ ਵਾਲ਼ੀ ਹੁੰਦੀ ਹੈ।

ਮੈਂ ਮਾਰਤੋਵ ਦੇ ਖਰੜੇ ਦੇ ਪੈਰਾ 1 ਦਾ ਵਿਚਾਰ "ਪਸੰਦ" ਨਹੀਂ ਸਾਂ ਕਰ ਸਕਦਾ, ਕਿਉਂਕਿ ਉਸ ਖਰੜੇ ਵਿੱਚ **ਕੋਈ ਵਿਚਾਰ** ਨਹੀਂ ਸੀ ਜਿਹੜਾ ਕਾਂਗਰਸ ਵਿੱਚ ਸਾਹਮਣੇ ਆਇਆ। ਉਹਦਾ ਚੇਤਾ ਉਹਨੂੰ ਧੋਖਾ ਦੇ ਰਿਹਾ ਹੈ। ਮੈਂ ਸੁਭਾਗਾ ਸਾਂ ਕਿ ਮੈਨੂੰ ਆਪਣੇ ਕਾਗ਼ਜ਼ਾਂ ਵਿੱਚ ਮਾਰਤੋਵ ਦਾ ਖਰੜਾ ਲੱਭ ਪਿਆ, ਅਤੇ ਉਸ ਵਿੱਚ "**ਪੈਰਾ 1 ਉਸ ਤਰ੍ਹਾਂ ਸੂਤਰਬੱਧ ਨਹੀਂ ਕੀਤਾ ਗਿਆ ਜਿਵੇਂ ਉਹਨੇ ਇਹ ਕਾਂਗਰਸ ਵਿੱਚ ਪੇਸ਼ ਕੀਤਾ ਸੀ।**" ਇਹ ਰਹੀ "ਸੰਜੋਅ ਵਿਚੋਂ ਮੂੰਹ ਨੰਗਾ ਰੱਖਣ" ਦੀ ਗੱਲ!

ਮਾਰਤੋਵ ਦੇ ਖਰੜੇ ਵਿੱਚ ਪੈਰਾ 1: "ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦਾ ਮੈਂਬਰ ਉਹ ਬੰਦਾ ਹੈ ਜਿਹੜਾ, ਇਹਦਾ ਪ੍ਰੋਗਰਾਮ ਕਬੂਲ ਕਰਦਾ ਹੋਇਆ ਪਾਰਟੀ ਦੀਆਂ ਸੰਸਥਾਵਾਂ (ਸੋ!) ਦੇ ਕੰਟਰੋਲ ਅਤੇ ਦਿਸ਼ਾ ਅਧੀਨ ਕੰਮ ਕਰਦਾ ਹੈ।"

ਮੇਰੇ ਖਰੜੇ ਵਿੱਚ ਪਹਿਲਾ ਪੈਰਾ: "ਪਾਰਟੀ ਦਾ ਮੈਂਬਰ ਉਹ ਹੈ ਜਿਹੜਾ ਇਹਦੇ ਪ੍ਰੋਗਰਾਮ ਨੂੰ ਕਬੂਲ ਕਰਦਾ ਹੈ, ਵਿੱਤ ਸਹਾਇਤਾ ਦੇਂਦਾ ਅਤੇ ਪਾਰਟੀ ਦੀ ਕਿਸੇ ਜਥੇਬੰਦੀ ਵਿੱਚ ਨਿੱਜੀ ਸ਼ਮੂਲੀਅਤ, ਦੁਹਾਂ ਢੰਗਾਂ ਨਾਲ਼ ਇਹਦੀ ਸਹਾਇਤਾ ਕਰਦਾ ਹੈ।"

ਇਸ ਢੰਗ ਨਾਲ਼ ਮਾਰਤੋਵ ਨੇ ਕਾਂਗਰਸ ਸਮੇਂ ਪਹਿਲਾ ਪੈਰਾ ਸੂਤਰਬੱਧ ਕੀਤਾ ਅਤੇ ਕਾਂਗਰਸ ਨੇ ਪ੍ਰਵਾਨ ਕੀਤਾ: "ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦਾ ਮੈਂਬਰ ਉਹ ਹੈ ਜਿਹੜਾ ਇਹਦਾ ਪ੍ਰੋਗਰਾਮ ਪ੍ਰਵਾਨ ਕਰਦਾ ਹੈ, ਪੈਸੇ ਨਾਲ਼ ਪਾਰਟੀ ਦੀ ਸਹਾਇਤਾ ਕਰਦਾ ਹੈ, ਅਤੇ ਉਹਦੀਆਂ ਜਥੇਬੰਦੀਆਂ ਵਿੱਚੋਂ ਇੱਕ ਹੀ ਨਿਗਰਾਨੀ ਹੇਠ ਇਹਨੂੰ ਨੇਮਬੱਧ ਨਿੱਜੀ ਸਹਾਇਤਾ ਦੇਂਦਾ ਹੈ।"

ਇਹਨਾਂ ਨੂੰ ਇਉਂ ਨਾਲ਼ ਨਾਲ਼ ਰੱਖਣ ਤੋਂ ਇਹ ਗੱਲ ਸਪਸ਼ਟ ਹੈ ਕਿ ਮਾਰਤੋਵ ਦੇ

ਖਰੜੇ ਵਿੱਚ ਕੋਈ **ਵਿਚਾਰ** ਨਹੀਂ, ਬਸ ਕੇਵਲ ਇੱਕ **ਥੋਥਾ ਵਾਕੰਸ਼** ਹੈ। ਇਹ ਗੱਲ ਕਿ ਪਾਰਟੀ ਮੈਂਬਰਾਂ ਲਈ ਪਾਰਟੀ ਦੀਆਂ **ਸੰਸਥਾਵਾਂ** ਦੇ ਕੰਟਰੋਲ ਅਤੇ ਨਿਗਰਾਨੀ ਹੇਠ ਕੰਮ ਕਰਨਾ ਲਾਜ਼ਮੀ ਹੈ, ਕੋਈ ਅਰਥ ਨਹੀਂ ਰੱਖਦੀ; **ਹੋਰ ਤਰ੍ਹਾਂ ਹੋ ਵੀ ਨਹੀਂ ਸਕਦਾ**; ਅਤੇ ਕੇਵਲ ਉਹ ਲੋਕ ਇਸ ਸੰਬੰਧੀ ਗੱਲਾਂ ਕਰਦੇ ਹਨ ਜਿਨ੍ਹਾਂ ਨੂੰ ਕੁੱਝ ਕਹੇ ਬਿਨਾਂ ਬੋਲਣ ਨਾਲ਼ ਪਿਆਰ ਹੈ, ਜਿਹੜੇ "ਨਿਯਮਾਂ" ਨੂੰ ਲਫ਼ੌਜ਼ਬਾਜ਼ੀ ਅਤੇ ਨੌਕਰਸ਼ਾਹੀ ਗੁਰਾਂ ਦੇ ਹੜ੍ਹ ਵਿੱਚ ਡੋਬ ਦੇਣਾ ਚਾਹੁੰਦੇ ਹਨ (ਅਰਥਾਤ, ਅਜਿਹੇ ਗੁਰ ਜਿਹੜੇ ਕੰਮ ਲਈ ਨਿਕੰਮੇ ਹੁੰਦੇ ਹਨ ਅਤੇ ਜਿਹੜੇ ਨੁਮਾਇਸ਼ ਲਈ ਕੰਮ ਦੇ ਸਮਝੇ ਜਾਂਦੇ ਹਨ)। ਪਹਿਲੇ ਪੈਰੇ ਦਾ **ਵਿਚਾਰ** ਕੇਵਲ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਇਹ ਪ੍ਰਸ਼ਨ ਪੁੱਛਿਆ ਜਾਂਦਾ ਹੈ: ਕੀ **ਪਾਰਟੀ ਦੀਆਂ ਸੰਸਥਾਵਾਂ** ਉਹਨਾਂ ਪਾਰਟੀ ਮੈਂਬਰਾਂ ਨੂੰ **ਸਚਮੁਚ** ਹਦਾਇਤ ਦੇਣ ਦਾ ਕੰਮ ਕਰ ਸਕਦੀਆਂ ਹਨ ਜਿਹੜੇ **ਪਾਰਟੀ ਦੀਆਂ ਜਥੇਬੰਦੀਆਂ** ਵਿੱਚੋਂ ਕਿਸੇ ਵਿੱਚ **ਸ਼ਾਮਲ ਨਹੀਂ**? ਮਾਰਤੋਵ ਦੇ ਖਰੜੇ ਵਿੱਚ ਇਸ ਵਿਚਾਰ ਦੀ ਰੁਮਕ ਤੱਕ ਵੀ ਨਹੀਂ। ਇਸ ਲਈ "ਇਸ ਵਿਸ਼ੇ ਸੰਬੰਧ" ਸਾਥੀ ਮਾਰਤੋਵ ਦੇ "ਵਿਚਾਰਾਂ" ਤੋਂ **ਮੈਂ ਜਾਣੂ ਨਹੀਂ ਸਾਂ ਹੋ ਸਕਦਾ**, ਕਿਉਂਕਿ ਸਾਥੀ ਮਾਰਤੋਵ ਦੇ ਖਰੜੇ ਵਿੱਚ **ਇਸ ਵਿਸ਼ੇ ਸੰਬੰਧੀ ਕੋਈ ਵਿਚਾਰ ਨਹੀਂ**। ਸਾਥੀ ਮਾਰਤੋਵ ਵੱਲੋਂ ਤੱਥ ਦਾ ਬਿਆਨ ਇੱਕ **ਬੌਂਦਲਾਹਟ** ਹੈ।

ਦੂਜੇ ਹੱਥ, ਸਾਥੀ ਮਾਰਤੋਵ ਸੰਬੰਧੀ ਹੀ, ਇਹ ਕਹਿਣਾ ਲਾਜ਼ਮੀ ਹੈ ਕਿ ਉਹ ਮੇਰੇ ਖਰੜੇ ਤੋਂ "ਇਸ ਵਿਸ਼ੇ ਸੰਬੰਧੀ ਮੇਰੇ ਵਿਚਾਰਾਂ ਤੋਂ ਜਾਣੂ ਸੀ" ਅਤੇ ਉਹਨੇ ਉਹਨਾਂ ਵਿਰੁੱਧ ਰੋਸ ਪ੍ਰਗਟ ਨਾ ਕੀਤਾ, ਉਹਨਾਂ ਨੂੰ ਰੱਦ ਨਾ ਕੀਤਾ, ਸੰਪਾਦਕ ਮੰਡਲ ਵਿੱਚ, ਭਾਵੇਂ ਮੇਰਾ ਖਰੜਾ ਕਾਂਗਰਸ ਤੋਂ ਦੋ ਜਾਂ ਤਿੰਨ ਹਫ਼ਤੇ ਪਹਿਲਾਂ ਹਰ ਇੱਕ ਨੂੰ ਵਿਖਾਇਆ ਗਿਆ ਸੀ, ਜਾਂ ਡੈਲੀਗੇਟਾਂ ਨਾਲ਼ ਗੱਲ ਬਾਤ ਕਰਦੇ ਸਮੇਂ ਜਿਹੜੇ **ਕੇਵਲ** ਮੇਰੇ ਖਰੜੇ ਤੋਂ ਜਾਣੂ ਸਨ। ਇਸ ਤੋਂ ਵੱਧ, **ਕਾਂਗਰਸ ਵਿੱਚ** ਜਦੋਂ ਮੈਂ ਨਿਯਮਾਂ ਦਾ ਆਪਣਾ ਖਰੜਾ ਪੇਸ਼ ਕੀਤਾ* ਅਤੇ **ਨਿਯਮ ਕਮੇਟੀ ਦੀ ਚੋਣ ਤੋਂ ਪਹਿਲਾਂ** ਉਹਨਾਂ ਦੀ ਹਮਾਇਤ ਕੀਤੀ ਤਾਂ ਸਾਥੀ ਮਾਰਤੋਵ ਨੇ ਬੜੇ ਸਪਸ਼ਟ ਢੰਗ

---

* ਲਗਦੇ ਹੱਥ, ਕਾਰਵਾਈ ਕਮੇਟੀ ਨੇ, ਜ਼ਮੀਮਾ XI ਵਿੱਚ "**ਲੈਨਿਨ ਵੱਲੋਂ ਕਾਂਗਰਸ ਵਿੱਚ ਪੇਸ਼ ਕੀਤਾ**" ਨਿਯਮਾਂ ਦਾ ਖਰੜਾ ਛਾਪਿਆ ਹੈ (ਪੰਨਾ 393)। ਇੱਥੇ ਕਾਰਵਾਈ ਕਮੇਟੀ ਨੇ ਵੀ ਥੋੜ੍ਹੀ ਜਿਹੀ ਗੜਬੜ ਕਰ ਦਿੱਤੀ ਹੈ। ਉਹਨੇ ਮੇਰੇ **ਪਹਿਲੇ** ਖਰੜੇ ਨੂੰ, ਜਿਹੜਾ ਸਾਰੇ ਡੈਲੀਗੇਟਾਂ ਨੂੰ ਵਿਖਾਇਆ ਗਿਆ (ਅਤੇ ਕਾਂਗਰਸ ਤੋਂ ਪਹਿਲਾਂ ਕਈਆਂ ਨੂੰ), **ਕਾਂਗਰਸ ਵਿੱਚ ਪੇਸ਼ ਕੀਤੇ** ਖਰੜੇ ਨਾਲ਼ ਗਡ-ਮਡ ਕਰ ਦਿੱਤਾ ਹੈ ਅਤੇ **ਪਹਿਲੇਰੇ ਨੂੰ** ਪਿਛਲੇਰੇ ਦੇ ਭੇਸ ਵਿੱਚ **ਛਾਪ ਦਿੱਤਾ ਹੈ।** ਨਿਰਸੰਦੇਹ, ਮੈਨੂੰ ਆਪਣੇ ਖਰੜਿਆਂ ਦੇ, **ਉਹਨਾਂ ਦੀ ਤਿਆਰੀ ਦੇ ਸਾਰੇ ਪੜਾਆਂ ਉੱਤੇ ਵੀ**, ਛਪਣ ਉੱਤੇ ਕੋਈ ਇਤਰਾਜ਼ ਨਹੀਂ, ਪਰ ਅਜਿਹੀ ਗੜਬੜ ਪੈਦਾ ਕਰਨ ਦੀ ਕੋਈ ਲੋੜ ਨਹੀਂ ਸੀ। ਅਤੇ ਗੜਬੜ ਪੈਦਾ ਕੀਤੀ ਗਈ ਹੈ, ਕਿਉਂਕਿ ਪੋਪੋਵ ਅਤੇ ਮਾਰਤੋਵ ਨੇ (ਪੰਨੇ 154 ਅਤੇ 157) ਖਰੜੇ ਵਿੱਚ ਉਹਨਾਂ ਸੂਤਰਾਂ ਉੱਤੇ ਪੜਚੋਲ ਕੀਤੀ ਸੀ ਜਿਹੜੇ ਉਸ ਖਰੜੇ ਵਿੱਚ ਸਨ ਜਿਹੜਾ ਮੈਂ ਅਸਲ ਵਿੱਚ ਕਾਂਗਰਸ ਵਿੱਚ ਪੇਸ਼ ਕੀਤਾ **ਜਿਹੜੇ** ਕਾਰਵਾਈ ਕਮੇਟੀ ਵੱਲੋਂ ਛਾਪੇ **ਖਰੜੇ ਵਿੱਚ ਨਹੀਂ** (ਵੇਖੋ ਪੰਨਾ 394, ਪੈਰੇ 7 ਅਤੇ 11)। ਥੋੜ੍ਹੇ ਜਿਹੇ ਹੋਰ ਧਿਆਨ ਨਾਲ਼ ਕੇਵਲ ਉਹਨਾਂ ਪੰਨਿਆਂ ਦਾ ਬਸ ਮੁਕਾਬਲਾ ਕਰਕੇ ਜਿਨ੍ਹਾਂ ਦਾ ਮੈਂ ਵਰਣਨ ਕੀਤਾ ਹੈ, ਗ਼ਲਤੀ ਸੌਖੇ ਹੀ ਠੀਕ ਕੀਤੀ ਜਾ ਸਕਦੀ ਸੀ।

ਨਾਲ਼ ਕਿਹਾ: "ਮੈਂ ਆਪਣੇ ਆਪ ਨੂੰ ਸਾਥੀ ਲੈਨਿਨ ਨੇ ਸਿੱਟਿਆਂ ਨਾਲ਼ ਜੋੜਦਾ ਹਾਂ। **ਕੇਵਲ ਦੋ ਨੁਕਤਿਆਂ ਉੱਤੇ ਮੈਂ ਉਹਦੇ ਨਾਲ਼ ਅਸਹਿਮਤ ਹਾਂ**" (ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ)— ਪ੍ਰੀਸ਼ਦ ਦੀ ਸਥਾਪਤੀ ਦੇ ਢੰਗ ਅਤੇ ਸਰਬ-ਸੰਮਤੀ ਨਾਲ਼ ਕੁਆਪਸ਼ਨ ਸੰਬੰਧੀ (ਪੰਨਾ 157)। ਅਜੇ ਤੱਕ ਪਹਿਲੇ ਪੈਰੇ ਸੰਬੰਧੀ **ਮਤਭੇਦਾਂ** ਸੰਬੰਧੀ **ਇੱਕ ਸ਼ਬਦ ਵੀ ਨਹੀਂ ਸੀ ਕਿਹਾ ਗਿਆ।**

ਘੇਰੇ ਦੀ ਹਾਲਤ ਸੰਬੰਧੀ ਆਪਣੇ ਪੈਂਫ਼ਲਟ ਵਿੱਚ ਸਾਥੀ ਮਾਰਤੋਵ ਨੇ ਆਪਣੇ ਨਿਯਮਾਂ ਨੂੰ ਇੱਕ ਵਾਰ ਫਿਰ ਅਤੇ ਬੜੇ ਵਿਸਥਾਰ ਨਾਲ਼ ਚੇਤੇ ਕਰਨਾ ਯੋਗ ਸਮਝਿਆ। ਉਹ ਸਾਨੂੰ ਨਿਸ਼ਚਾ ਦਿਵਾਉਂਦਾ ਹੈ ਕਿ ਉਹਦੇ ਨਿਯਮ, ਜਿਨ੍ਹਾਂ ਦੀ ਉਹ, ਕੁੱਝ ਨਿਗੂਣੇ ਜਿਹੇ ਵਿਸਥਾਰਾਂ ਤੋਂ ਬਿਨਾਂ ਹੁਣ ਵੀ ਹਮਾਇਤ ਕਰਨ ਲਈ ਤਿਆਰ ਹੈ (ਫ਼ਰਵਰੀ 1904—ਅਸੀਂ ਨਹੀਂ ਕਹਿ ਸਕਦੇ ਕਿ ਅੱਜ ਤੋਂ ਤਿੰਨ ਮਹੀਨੇ ਪਿੱਛੋਂ ਮਾਮਲਾ ਕਿਵੇਂ ਹੋਵੇਗਾ), "ਕੇਂਦਰਵਾਦ ਦੀ ਹੱਦੋਂ ਵੱਧ ਵਿਸਥਾਰ ਦੀ ਉਹਦੀ ਅਪ੍ਰਵਾਨਗੀ ਬੜੇ ਸਪਸ਼ਟ ਢੰਗ ਨਾਲ਼ ਪ੍ਰਗਟ ਕਰਦੇ ਹਨ" (ਪੰਨਾ IV)। ਜਿਸ ਕਾਰਨ, ਸਾਥੀ ਮਾਰਤੋਵ **ਹੁਣ** ਵਿਆਖਿਆ ਕਰਦਾ ਹੈ, ਉਹਨੇ ਆਪਣਾ ਖਰੜਾ ਕਾਂਗਰਸ ਸਾਹਮਣੇ ਪੇਸ਼ ਨਾ ਕੀਤਾ, ਪਹਿਲੀ ਥਾਵੇਂ ਇਹ ਸੀ, ਕਿ " 'ਇਸਕਰਾ' ਵਿੱਚ ਉਹਦੀ ਸਿਖਲਾਈ ਨੇ ਉਹਨੂੰ ਨਿਯਮਾਂ ਲਈ ਘਿਰਣਾ ਨਾਲ਼ ਭਰ ਦਿੱਤਾ ਸੀ" (ਜਦੋਂ ਉਹ ਉਹਨੂੰ ਸੂਤ ਆਉਂਦਾ ਹੈ ਸਾਥੀ ਮਾਰਤੋਵ ਲਈ "ਇਸਕਰਾ" ਦੇ ਅਰਥ ਇੱਕ ਸੌੜੀ ਮੰਡਲ ਭਾਵਨਾ ਨਹੀਂ, ਸਗੋਂ ਮੁਹਾਣਾਂ ਵਿੱਚ ਸਭ ਤੋਂ ਦ੍ਰਿੜ੍ਹ ਹੈ! ਪਰ ਇਹ ਬੜੀ ਮਾੜੀ ਗੱਲ ਹੈ ਕਿ "ਇਸਕਰਾ" ਵਿੱਚ ਸਾਥੀ ਮਾਰਤੋਵ ਦੀ ਤਿੰਨਾਂ ਵਰ੍ਹਿਆਂ ਦੀ ਸਿਖਲਾਈ ਨੇ ਉਹਨੂੰ ਉਹਨਾਂ ਅਰਾਜਕਤਾਵਾਦੀ ਵਾਕੰਸ਼ਾਂ ਲਈ ਘਿਰਣਾ ਨਾਲ਼ ਨਹੀਂ ਭਰਿਆ, ਜਿਨ੍ਹਾਂ ਨਾਲ਼ ਬੁੱਧੀਜੀਵੀ ਦੀ ਅਸਥਿਰ ਮਨੋ-ਭਾਵਨਾ ਸਾਂਝੀ ਰਾਏ ਨਾਲ਼ ਪ੍ਰਵਾਨ ਕੀਤੇ ਨਿਯਮਾਂ ਦੀ ਉਲੰਘਣਾ ਨੂੰ ਸਹੀ ਠਹਿਰਾਉਂਦੀ ਹੈ)। ਦੂਜੇ, ਕਿ, ਕੀ ਤੁਸੀਂ ਨਹੀਂ ਵੇਖਦੇ, ਕਿ ਸਾਥੀ ਮਾਰਤੋਵ "ਉਸ ਬੁਨਿਆਦੀ ਜਥੇਬੰਦਕ ਧੁਰੇ ਵਿੱਚ, ਜਿਹੜਾ 'ਇਸਕਰਾ' ਬਣਾਉਂਦਾ ਸੀ, ਕੋਈ ਅਣਮੇਲ ਦਾਖ਼ਲ ਕਰਨੋਂ" ਬਚਣਾ ਚਾਹੁੰਦਾ ਸੀ। ਬੜੇ ਸ਼ਾਨਦਾਰ ਢੰਗ ਨਾਲ਼ ਇਕਸਾਰ, ਹੈਂ ਨਾ? ਪਹਿਲੇ ਪੈਰੇ ਦੇ ਮੌਕਾਪ੍ਰਸਤ ਸੂਤਰੀਕਰਨ ਜਾਂ ਕੇਂਦਰਵਾਦ ਦੇ ਹੱਦੋਂ ਵੱਧ ਵਿਸਥਾਰ ਸੰਬੰਧੀ **ਅਸੂਲ** ਦੇ ਸਵਾਲ ਸੰਬੰਧੀ ਸਾਥੀ ਮਾਰਤੋਵ ਕਿਸੇ ਅਣਮੇਲ ਤੋਂ ਇੰਨਾ ਡਰਦਾ ਸੀ (ਜਿਹੜਾ ਕੇਵਲ ਸੌੜੇ ਮੰਡਲ ਨਜ਼ਰੀਏ ਤੋਂ ਹੀ ਭਿਆਨਕ ਹੈ) ਕਿ ਉਹਨੇ ਆਪਣੇ ਵਿਚਾਰ ਸੰਪਾਦਕ ਮੰਡਲ ਜਿਹੇ ਧੁਰੇ ਨੂੰ ਵੀ ਨਾ ਦੱਸੇ! ਕੇਂਦਰੀ ਸੰਸਥਾਵਾਂ ਦੀ ਬਣਤਰ ਦੇ **ਅਮਲੀ** ਮਸਲੇ ਉੱਤੇ "ਇਸਕਰਾ" ਜਥੇਬੰਦੀ ਦੀ ਬਹੁਗਿਣਤੀ ਦੀ ਰਾਏ (ਉਸ ਅਸਲੀ **ਬੁਨਿਆਦੀ ਜਥੇਬੰਦਕ ਧੁਰੇ**) ਵਿਰੁੱਧ ਸਾਥੀ ਮਾਰਤੋਵ ਨੇ "ਬੁੰਦ" ਅਤੇ "ਰਾਬੋਚੇਏ ਦੇਲੋ"-ਵਾਦੀਆਂ ਦੀ ਸਹਾਇਤਾ ਲਈ ਬੇਨਤੀ ਕੀਤੀ। ਆਪਣੇ ਵਾਕੰਸ਼ਾਂ ਵਿੱਚ "ਅਣਮੇਲ", ਜਿਹੜਾ ਅਰਧ-ਸੰਪਾਦਕ ਮੰਡਲ ਦੀ ਹਮਾਇਤ ਵਿੱਚ ਸੌੜੀ ਮੰਡਲ ਭਾਵਨਾ ਨੂੰ ਕੇਵਲ ਜਿਹੜੇ ਸਭ ਤੋਂ ਚੰਗੀ ਤਰ੍ਹਾਂ ਨਿਰਣਾ ਕਰਨ ਯੋਗ ਹਨ, ਉਹਨਾਂ ਨੂੰ ਹਾੜਨ ਸਮੇਂ "ਸੌੜੀ ਮੰਡਲ ਭਾਵਨਾ" ਤਿਆਗਣ ਲਈ ਇਹ ਚੋਰੀ ਛਪੇ ਅੰਦਰ ਲੈ ਆਉਂਦਾ ਹੈ—ਇਸ ਅਣਮੇਲ ਨੂੰ ਸਾਥੀ ਮਾਰਤੋਵ ਨਹੀਂ ਵੇਖਦਾ। ਉਹਨੂੰ ਸਜ਼ਾ ਦੇਣ ਲਈ ਅਸੀਂ ਉਹਦੇ ਨਿਯਮਾਂ ਦੇ ਖਰੜੇ ਦਾ **ਪੂਰੇ ਦਾ ਪੂਰਾ** ਪਾਠ ਪੇਸ਼

ਕਰਾਂਗੇ, ਆਪਣੇ ਵੱਲੋਂ ਅਸੀਂ ਕੇਵਲ ਇਹ ਸੰਕੇਤ ਕਰਾਂਗੇ ਕਿ ਉਹ ਕਿਹੜੇ **ਵਿਚਾਰ** ਅਤੇ ਕਿਹੜੇ **ਹੱਦੋਂ ਵੱਧ ਵਿਸਥਾਰ** ਪ੍ਰਗਟ ਕਰਦੇ ਹਨ।*

"ਪਾਰਟੀ ਨਿਯਮਾਂ ਦਾ ਖਰੜਾ। —I. ਪਾਰਟੀ ਮੈਂਬਰੀ 1)—ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦਾ ਉਹ ਮੈਂਬਰ ਹੈ, ਜਿਹੜਾ ਇਹਦਾ ਪ੍ਰੋਗਰਾਮ ਪ੍ਰਵਾਨ ਕਰਦਾ ਹੋਇਆ, ਪਾਰਟੀ ਦੀਆਂ ਸੰਸਥਾਵਾਂ ਦੇ ਕੰਟਰੋਲ ਅਧੀਨ ਅਤੇ ਦਿਸ਼ਾ ਅਨੁਸਾਰ ਇਹਦੇ ਮੰਤਵ ਪ੍ਰਾਪਤ ਕਰਨ ਲਈ ਸਰਗਰਮੀ ਨਾਲ਼ ਕੰਮ ਕਰਦਾ ਹੈ। —2) ਪਾਰਟੀ ਦੇ ਹਿਤਾਂ ਨਾਲ਼ ਕਿਸੇ ਅਣਮੇਲ ਕਾਰਵਾਈ ਲਈ ਕਿਸੇ ਪਾਰਟੀ ਮੈਂਬਰ ਦਾ ਪਾਰਟੀ ਵਿੱਚੋਂ ਕੱਢੇ ਜਾਣ ਦਾ ਨਿਰਣਾ ਕੇਂਦਰੀ ਕਮੇਟੀ ਕਰੇਗੀ। [ਕਾਰਨ ਦੇਂਦੇ ਹੋਏ, ਕੱਢੇ ਜਾਣ ਦੀ ਸਜ਼ਾ ਪਾਰਟੀ ਦੀਆਂ ਫਾਈਲਾਂ ਵਿੱਚ ਸਾਂਭ ਕੇ ਰੱਖੀ ਜਾਵੇਗੀ ਅਤੇ, ਬੇਨਤੀ ਕੀਤੇ ਜਾਣ ਉੱਤੇ, ਕਿਸੇ ਵੀ ਪਾਰਟੀ ਕਮੇਟੀ ਨੂੰ ਦਿੱਤੀ ਜਾਵੇਗੀ। ਕਿਸੇ ਮੈਂਬਰ ਨੂੰ ਕੱਢਣ ਦੇ ਨਿਰਣੇ ਵਿਰੁੱਧ, ਦੋ ਜਾਂ ਹੋਰ ਕਮੇਟੀਆਂ ਦੀ ਬੇਨਤੀ ਉੱਤੇ, ਪਾਰਟੀ ਕਾਂਗਰਸ ਅੱਗੇ ਅਪੀਲ ਕੀਤੀ ਜਾ ਸਕਦੀ ਹੈ।]" ...ਮੈਂ ਚੁਕੋਰ ਬ੍ਰੈਕਟਾਂ ਰਾਹੀਂ ਮਾਰਤੋਵ ਦੇ ਖਰੜੇ ਦੀਆਂ ਉਹਨਾਂ ਧਾਰਾਵਾਂ ਵੱਲ ਸੰਕੇਤ ਕਰਾਂਗਾ, ਜਿਹੜੀਆਂ **ਸਪਸ਼ਟ ਤੌਰ ਉੱਤੇ** ਅਰਥਹੀਣ ਹਨ, ਜਿਨ੍ਹਾਂ ਵਿੱਚ ਨਾ ਕੇਵਲ "ਵਿਚਾਰਾਂ" ਸਗੋਂ ਕਿਸੇ ਨਿਸ਼ਚਿਤ ਸ਼ਰਤਾਂ ਜਾਂ ਲੋੜਾਂ ਦੇ ਹੋਣ ਦੀ ਵੀ ਅਣਹੋਂਦ ਹੈ—ਜਿਵੇਂ "ਨਿਯਮਾਂ" ਵਿੱਚ ਇਹ ਅਮੋਲ ਵੇਰਵਾ ਕਿ ਕੱਢੇ ਜਾਣ ਦੀ ਸਜ਼ਾ **ਐਨ ਕਿੱਥੇ** ਰੱਖੀ ਜਾਣੀ ਚਾਹੀਦੀ ਹੈ ਜਾਂ ਇਹ ਧਾਰਾ ਕਿ ਕਿਸੇ ਮੈਂਬਰ ਨੂੰ ਕੱਢਣ ਦੇ ਕੇਂਦਰੀ ਕਮੇਟੀ ਦੇ ਨਿਰਣੇ (ਅਤੇ ਆਮ ਤੌਰ ਉੱਤੇ ਸਾਰੇ ਨਿਰਣਿਆਂ ?) ਵਿਰੁੱਧ ਕਾਂਗਰਸ ਅੱਗੇ ਅਪੀਲ ਕੀਤੀ ਜਾ ਸਕਦੀ ਹੈ। ਨਿਰਸੰਦੇਹ ਇਹ ਲਫ਼ੌਜ਼ਬਾਜ਼ੀ ਦਾ ਹੱਦੋਂ ਵੱਧ ਵਿਸਥਾਰ ਜਾਂ ਅਸਲੀ ਨੌਕਰਸ਼ਾਹੀ ਰੀਤੀਵਾਦ, ਜਿਹੜਾ ਵਾਧੂ, ਸਪਸ਼ਟ ਤੌਰ ਉੱਤੇ ਲਾਲ-ਫ਼ੀਤਾਸ਼ਾਹੀ ਨੁਕਤੇ ਅਤੇ ਪੈਰੇ ਲਿਖਦਾ ਹੈ। "...II. ਸਥਾਨਕ ਕਮੇਟੀਆਂ। —3) ਸਥਾਨਕ ਕੰਮ ਵਿੱਚ ਪਾਰਟੀ ਕਮੇਟੀਆਂ ਪਾਰਟੀ ਦੀ ਪ੍ਰਤੀਨਿਧਤਾ ਕਰਦੀਆਂ ਹਨ..." (ਕਿੰਨ੍ਹਾਂ ਨਵਾਂ ਅਤੇ ਚਤੁਰ!)। —"... 4) [ਦੂਜੀ ਕਾਂਗਰਸ ਸਮੇਂ ਜਿਨ੍ਹਾਂ ਦੀ ਹੋਂਦ ਸੀ ਅਤੇ ਜਿਨ੍ਹਾਂ ਨੂੰ ਇਸ ਵਿੱਚ ਪ੍ਰਤੀਨਿਧਤਾ ਪ੍ਰਾਪਤ ਸੀ ਉਹਨਾਂ ਨੂੰ ਪਾਰਟੀ ਕਮੇਟੀਆਂ ਵਜੋਂ ਪ੍ਰਵਾਨ ਕੀਤਾ ਜਾਂਦਾ ਹੈ।] —5) ਪੈਰਾ ਚਾਰ ਵਿੱਚ ਜਿਨ੍ਹਾਂ ਦਾ ਜ਼ਿਕਰ ਆਇਆ ਉਹਨਾਂ ਤੋਂ ਬਿਨਾਂ ਨਵੀਆਂ ਪਾਰਟੀ ਕਮੇਟੀਆਂ ਨੂੰ ਕੇਂਦਰੀ ਕਮੇਟੀ ਥਾਪੇਗੀ [ਜਿਹੜੀ ਜਾਂ ਤਾਂ ਵਿਦਮਾਨ ਮੈਂਬਰਸ਼ਿਪ ਨੂੰ ਇੱਕ ਕਮੇਟੀ ਵਜੋਂ ਪ੍ਰਵਾਨ ਕਰ ਲਵੇਗੀ ਅਤੇ ਜਾਂ ਪਿਛਲੇਰੀ ਨੂੰ ਨਵੇਂ ਸਿਰਿਓਂ ਬਣਾਕੇ ਇੱਕ ਸਥਾਨਕ ਕਮੇਟੀ ਸਥਾਪਤ ਕਰੇਗੀ]।

---

* ਇੱਥੇ ਮੈਂ ਇਹ ਕਹਿ ਦਿਆਂ ਕਿ ਮੰਦੇ ਭਾਗੀਂ ਮੈਂ ਸਾਥੀ ਮਾਰਤੋਵ ਦੇ ਖਰੜੇ ਦਾ ਪਹਿਲਾ ਪਾਠ ਨਹੀਂ ਲੱਭ ਸਕਿਆ, ਜਿਸ ਵਿੱਚ ਲਗਭਗ ਅਠਤਾਲੀ ਪੈਰ੍ਹੇ ਸਨ ਅਤੇ ਜਿਹੜਾ ਇਸ ਤੋਂ ਵੀ ਵੱਧ ਨਕਾਰਾ ਰੀਤੀਵਾਦ ਦੇ "ਹੱਦੋਂ ਵੱਧ ਵਿਸਥਾਰ" ਦਾ ਸ਼ਿਕਾਰ ਸੀ।

—6) ਕਮੇਟੀਆਂ ਕੁਆਪਸ਼ਨ ਰਾਹੀਂ ਆਪਣੇ ਮੈਂਬਰਾਂ ਦੀ ਗਿਣਤੀ ਵਧਾ ਸਕਦੀਆਂ ਹਨ। —7) ਕੇਂਦਰੀ ਕਮੇਟੀ ਨੂੰ ਹੱਕ ਹੈ ਕਿ ਉਹ ਸਥਾਨਕ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਦੇ ਤੀਜੇ ਹਿੱਸੇ ਤੋਂ ਵੱਧ ਨਾ ਹੋਵੇ।..." ਇਹ ਨੌਕਰਸ਼ਾਹੀ ਦੀ ਨਿਪੁੰਨ ਉਦਾਹਰਣ ਹੈ। ਤੀਜੇ ਹਿੱਸੇ ਤੋਂ ਵੱਧ ਕਿਉਂ ਨਹੀਂ ? ਇਹਦਾ ਮੰਤਵ ਕੀ ਹੈ ? ਇਸ ਰੋਕ ਦਾ ਅਰਥ ਕੀ ਹੈ ਜਿਹੜੀ ਕਿਸੇ ਗੱਲ ਉੱਤੇ ਰੋਕ ਨਹੀਂ ਲਾਉਂਦੀ, ਇਸ ਗੱਲ ਨੂੰ ਮੁੱਖ ਰੱਖਦੇ ਹੋਏ ਕਿ **ਵਾਧਾ** ਘੜੀ ਮੁੜੀ ਦੁਹਰਾਇਆ ਜਾ ਸਕਦਾ ਹੈ ?— "...8) [ਜੇ ਕੋਈ ਕਮੇਟੀ ਤਦੀ ਕਾਰਨ ਟੋਟੇ ਹੋ ਜਾਵੇ ਜਾਂ ਟੁੱਟ ਜਾਵੇ" (ਕੀ ਇਹਦਾ ਅਰਥ ਹੈ ਕਿ ਅਜੇ ਸਾਰੇ ਮੈਂਬਰ ਗ੍ਰਿਫ਼ਤਾਰ ਨਹੀਂ ਹੋਏ ?), "ਕੇਂਦਰੀ ਕਮੇਟੀ ਉਹਨੂੰ ਮੁੜ-ਸਥਾਪਤ ਕਰੇਗੀ।"]... (ਸੱਤਵੇਂ ਪੈਰੇ ਨੂੰ ਮੁੱਖ ਰੱਖੇ ਬਿਨਾਂ ? ਕੀ ਸਾਥੀ ਮਾਰਤੋਵ ਨੂੰ ਅੱਠਵੇਂ ਪੈਰੇ ਅਤੇ ਨਿਯਮਤ ਆਚਰਣ ਸੰਬੰਧੀ ਉਹਨਾਂ ਰੂਸੀ ਕਨੂੰਨਾਂ ਵਿੱਚ ਮੇਲ ਨਹੀਂ ਦਿਸਦਾ ਜਿਹੜੇ ਨਾਗਰਿਕਾਂ ਨੂੰ ਹੁਕਮ ਦੇਂਦੇ ਹਨ ਕਿ ਉਹ ਕੰਮ ਦੇ ਦਿਨਾਂ ਨੂੰ ਕੰਮ ਕਰਿਆ ਕਰਨ ਅਤੇ ਛੁੱਟੀਆਂ ਵਾਲ਼ੇ ਦਿਨੀਂ ਅਰਾਮ ਕਰਨ ?) —"...9) [ਕੋਈ ਨਿਯਮਕ ਪਾਰਟੀ ਕਾਂਗਰਸ ਕੇਂਦਰੀ ਕਮੇਟੀ ਨੂੰ ਕਿਸੇ ਸਥਾਨਕ ਕਮੇਟੀ ਦੀ ਬਣਤਰ ਸੁਧਾਰਨ ਦੀ ਹਦਾਇਤ ਦੇ ਸਕਦੀ ਹੈ ਜੇ ਪਿਛਲੇਰੀ ਦੀਆਂ ਸਰਗਰਮੀਆਂ ਪਾਰਟੀ ਹਿਤਾਂ ਨਾਲ਼ ਅਣਮੇਲ ਸਾਬਤ ਹੋਣ। ਅਜਿਹਾ ਹੋਣ ਦੀ ਹਾਲਤ ਵਿੱਚ ਵਿਦਮਾਨ ਕਮੇਟੀ ਖ਼ਤਮ ਹੋ ਗਈ ਸਮਝੀ ਜਾਵੇਗੀ ਅਤੇ ਉਹਦੇ ਅਮਲ ਦੇ ਇਲਾਕੇ ਵਿੱਚ ਸਾਥੀ ਉਹਦੀ ਅਧੀਨਗੀ* ਤੋਂ ਮੁਕਤ ਸਮਝੇ ਜਾਣਗੇ।"]... ਇਸ ਪੈਰੇ ਵਿਚਲਾ ਪ੍ਰਬੰਧ ਉਨਾ ਹੀ ਜ਼ਿਆਦਾ ਲਾਹੇਵੰਦਾ ਹੈ ਜਿੰਨੀ ਅੱਜ ਤੱਕ ਰੂਸੀ ਕਨੂੰਨ ਵਿੱਚ ਸ਼ਾਮਲ ਇਹ ਧਾਰਾ ਜਿਹੜੀ ਕਹਿੰਦੀ ਹੈ: ਧੁੱਤ ਹੋਣ ਦੀ ਹਰ ਹਾਰੀ ਸਾਰੀ ਲਈ ਮਨਾਹੀ ਕੀਤੀ ਜਾਂਦੀ ਹੈ। —"...10) [ਸਥਾਨਕ ਪਾਰਟੀ ਕਮੇਟੀਆਂ ਆਪਣੇ ਇਲਾਕਿਆਂ ਵਿੱਚ ਪਾਰਟੀ ਦੀਆਂ ਕੁੱਲ ਪ੍ਰਚਾਰਕ, ਐਜੀਟੇਸ਼ਨੀ ਅਤੇ ਜਥੇਬੰਦਕ ਸਰਗਰਮੀਆਂ ਚਲਾਉਣਗੀਆਂ ਅਤੇ ਕੇਂਦਰੀ ਕਮੇਟੀ ਅਤੇ ਕੇਂਦਰੀ ਬੁਲਾਰਿਆਂ ਨੂੰ ਉਹਨਾਂ ਨੂੰ ਸੌਂਪੇ ਗਏ ਆਮ ਪਾਰਟੀ ਕਾਰਜ ਪੂਰੇ ਕਰਨ ਵਿੱਚ ਹਰ ਸੰਭਵ ਸਹਾਇਤਾ ਦੇਣਗੀਆਂ"।]... ਉਫ਼! ਰੱਬ ਦੀ ਸੌਂਹ ਇਹ ਸਭ ਕੁੱਝ ਕੀ ਹੈ ?...—11) ["ਸਥਾਨਕ ਜਥੇਬੰਦੀ ਦਾ ਅੰਦਰਲਾ ਪ੍ਰਬੰਧ, ਕਿਸੇ ਕਮੇਟੀ ਅਤੇ ਉਹਦੇ ਅਧੀਨ ਟੋਲੀਆਂ ਵਿਚਕਾਰ ਸੰਬੰਧ" (ਸੁਣ ਰਿਹੈਂ ਸਾਥੀ ਐਕਸਲਰੋਦ), "ਅਤੇ ਇਹਨਾਂ ਟੋਲੀਆਂ ਦੇ ਅਖ਼ਤਿਆਰ ਅਤੇ ਖ਼ੁਦ-ਅਖ਼ਤਿਆਰੀ ਦੀਆਂ ਹੱਦਾਂ" (ਕੀ ਅਖ਼ਤਿਆਰ ਅਤੇ ਖ਼ੁਦ-ਅਖ਼ਤਿਆਰੀ ਦੀਆਂ

---

* ਅਸੀਂ ਸਾਥੀ ਐਕਸਲਰੋਦ ਦਾ ਧਿਆਨ ਇਸ ਸ਼ਬਦ ਵੱਲ ਦਿਵਾਉਂਦੇ ਹਾਂ। ਲਓ, ਇਹ ਕਿੰਨਾ ਭਿਆਨਕ ਹੈ! ਇਹਦੇ ਵਿੱਚ "ਜੈਕੋਬਿਨਵਾਦ" (ਅਤਿ-ਅੰਤ ਗਰਮ-ਖ਼ਿਆਲੀ **—ਅਨੁ.**) ਦੀਆਂ ਜੜ੍ਹਾਂ ਹਨ, ਜਿਹੜਾ ਇੱਥੋਂ ਤੱਕ... ਇੱਕ ਸੰਪਾਦਕ ਮੰਡਲ ਦੀ ਬਣਤਰ ਤਬਦੀਲ ਕਰਨ ਤੱਕ ਵੀ... ਚਲਾ ਜਾਂਦਾ ਹੈ...।

ਹੁੰਦਾਂ ਇੱਕੋ ਗੱਲ ਨਹੀਂ ?) "ਖ਼ੁਦ ਕਮੇਟੀ ਮਿਥੇਗੀ ਅਤੇ ਕੇਂਦਰੀ ਕਮੇਟੀ ਅਤੇ ਕੇਂਦਰੀ ਬੁਲਾਰਿਆਂ ਦੇ ਸੰਪਾਦਕ ਮੰਡਲਾਂ ਨੂੰ ਸੂਚਨਾ ਦੇਵੇਗੀ।"]...(ਇੱਕ ਭੁੱਲ: ਇਹ ਨਹੀਂ ਕਿਹਾ ਗਿਆ ਕਿ ਇਹ ਸੂਚਨਾ ਕਿੱਥੇ ਫ਼ਾਈਲ ਕੀਤੀ ਜਾਵੇਗੀ।)...—12) [ਕਮੇਟੀਆਂ ਦੇ ਅਧੀਨ ਸਾਰੀਆਂ ਟੋਲੀਆਂ ਅਤੇ ਵਿਅਕਤੀਗਤ ਪਾਰਟੀ ਮੈਂਬਰਾਂ ਨੂੰ ਇਹ ਹੱਕ ਹੈ ਕਿ ਉਹ ਮੰਗ ਕਰਨ ਕਿ ਕਿਸੇ ਵੀ ਵਿਸ਼ੇ ਸੰਬੰਧੀ ਉਹਨਾਂ ਦੀਆਂ ਰਾਵਾਂ ਅਤੇ ਸਿਫ਼ਾਰਸ਼ਾਂ ਪਾਰਟੀ ਦੀ ਕੇਂਦਰੀ ਕਮੇਟੀ ਅਤੇ ਕੇਂਦਰੀ ਬੁਲਾਰਿਆਂ ਨੂੰ ਭੇਜੀਆਂ ਜਾਣ।] —13) ਸਥਾਨਕ ਪਾਰਟੀ ਕਮੇਟੀਆਂ ਆਪਣੀ ਆਮਦਨ ਵਿੱਚੋਂ ਕੇਂਦਰੀ ਕਮੇਟੀ ਨੂੰ ਅਜਿਹੀਆਂ ਰਕਮਾਂ ਦੇਣਗੀਆਂ ਜਿਹੜੀਆਂ ਕੇਂਦਰੀ ਕਮੇਟੀ ਉਹਨਾਂ ਲਈ ਮਿਥੇਗੀ। —III. ਰੂਸੀ ਤੋਂ ਬਿਨਾਂ ਹੋਰ ਭਾਸ਼ਾਵਾਂ ਵਿੱਚ ਐਜੀਟੇਸ਼ਨ ਲਈ ਜਥੇਬੰਦੀਆਂ। —14) [ਕਿਸੇ ਗ਼ੈਰ-ਰੂਸੀ ਭਾਸ਼ਾ ਵਿੱਚ ਐਜੀਟੇਸ਼ਨ ਚਲਾਉਣ ਲਈ ਅਤੇ ਉਹਨਾਂ ਕਿਰਤੀਆਂ ਨੂੰ ਜਥੇਬੰਦ ਕਰਨ ਲਈ ਜਿਨ੍ਹਾਂ ਵਿੱਚ ਅਜਿਹੀ ਐਜੀਟੇਸ਼ਨ ਚਲਾਈ ਜਾਂਦੀ ਹੈ, ਉਹਨਾਂ ਥਾਵਾਂ ਉੱਤੇ ਜਿੱਥੇ ਅਜਿਹੀ ਵਿਸ਼ੇਸ਼ ਐਜੀਟੇਸ਼ਨ ਚਲਾਈ ਜਾ ਰਹੀ ਹੋਵੇ ਅਤੇ ਜਿੱਥੇ ਅਜਿਹੀਆਂ ਜਥੇਬੰਦੀਆਂ ਸਥਾਪਤ ਕਰਨ ਦੀ ਲੋੜ ਜਾਪੇ, ਵੱਖਰੀਆਂ ਜਥੇਬੰਦੀਆਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ।] —15) ਇਸ ਸਵਾਲ ਦਾ ਕਿ ਅਜਿਹੀ ਲੋੜ ਹੈ ਜਾਂ ਨਹੀਂ ਨਿਰਣਾ ਕੇਂਦਰੀ ਕਮੇਟੀ ਕਰੇਗੀ ਅਤੇ ਵਿਵਾਦੀ ਮਾਮਲਿਆਂ ਵਿੱਚ ਪਾਰਟੀ ਕਾਂਗਰਸ।"... ਇਸ ਪੈਰੇ ਦਾ ਪਹਿਲਾ ਹਿੱਸਾ ਨਿਯਮਾਂ ਵਿੱਚ ਪਿੱਛੋਂ ਕੀਤੇ ਪ੍ਰਬੰਧ ਕਾਰਨ ਵਾਧੂ ਹੈ, ਅਤੇ ਦੂਜਾ ਹਿੱਸਾ, ਵਿਵਾਦੀ ਮਾਮਲਿਆਂ ਸੰਬੰਧੀ, ਬੱਸ ਹਾਸੋਹੀਣਾ ਹੈ।... — "16) [ਪੈਰਾ 14 ਵਿੱਚ ਜਿਨ੍ਹਾਂ ਸਥਾਨਕ ਜਥੇਬੰਦੀਆਂ ਦਾ ਵਰਣਨ ਕੀਤਾ ਗਿਆ ਹੈ ਉਹ ਆਪਣੇ ਵਿਸ਼ੇਸ਼ ਮਾਮਲਿਆਂ ਵਿੱਚ ਖ਼ੁਦ-ਅਖ਼ਤਿਆਰ ਹੋਣਗੀਆਂ ਪਰ ਸਥਾਨਕ ਕਮੇਟੀ ਦੇ ਕੰਟਰੋਲ ਅਧੀਨ ਕੰਮ ਕਰਨਗੀਆਂ ਅਤੇ ਉਹਦੇ ਅਧੀਨ ਹੋਣਗੀਆਂ, ਇਸ ਕੰਟਰੋਲ ਅਤੇ ਅਧੀਨਗੀ ਦੇ ਰੂਪ ਅਤੇ ਵਿਸ਼ੇਸ਼ ਜਥੇਬੰਦੀ ਸਥਾਨਕ ਕਮੇਟੀਆਂ ਵੱਲੋਂ ਮਿਥੇ ਜਾਣਗੇ।"... (ਸੋ, ਰੱਬ ਦਾ ਸ਼ੁਕਰ ਏ! ਹੁਣ ਇਹ ਗੱਲ ਉੱਕਾ ਹੀ ਸਪਸ਼ਟ ਹੋ ਗਈ ਕਿ ਥੋਥੇ ਸ਼ਬਦਾਂ ਦਾ ਇਹ ਸਾਰਾ ਹੜ੍ਹ ਵਾਧੂ ਸੀ।)... "ਪਾਰਟੀ ਦੀ ਆਮ ਮਾਮਲਿਆਂ ਦੇ ਸੰਬੰਧ ਵਿੱਚ ਅਜਿਹੀਆਂ ਜਥੇਬੰਦੀਆਂ ਕਮੇਟੀ ਦੀ ਜਥੇਬੰਦੀ ਦੇ ਹਿੱਸੇ ਵਜੋਂ ਕੰਮ ਕਰਨਗੀਆਂ।] —17) [ਪੈਰਾ 14 ਵਿੱਚ ਜਿਨ੍ਹਾਂ ਸਥਾਨਕ ਜਥੇਬੰਦੀਆਂ ਦਾ ਵਰਣਨ ਹੈ ਉਹ ਆਪਣੇ ਵਿਸ਼ੇਸ਼ ਕਾਰਜ ਕਾਰਗਰ ਢੰਗ ਨਾਲ਼ ਨੇਪਰੇ ਚਾੜ੍ਹਣ ਲਈ ਖ਼ੁਦ-ਅਖ਼ਤਿਆਰ ਸੰਘ ਬਣਾ ਸਕਦੀਆਂ ਹਨ। ਇਹਨਾਂ ਲੀਗਾਂ ਕੋਲ਼ ਆਪਣੇ ਅਖ਼ਬਾਰ, ਪ੍ਰਬੰਧਕ ਸੰਸਥਾਵਾਂ ਆਦਿ ਹੋ ਸਕਦੀਆਂ ਹਨ, ਪਰ ਦੋਵੇਂ ਪਾਰਟੀ ਦੀ ਕੇਂਦਰੀ ਕਮੇਟੀ ਦੇ ਸਿੱਧੇ ਕੰਟਰੋਲ ਹੇਠ ਹੋਣਗੀਆਂ। ਇਹਨਾਂ ਲੀਗਾਂ ਦੇ ਨਿਯਮ ਉਹਨਾਂ ਵੱਲੋਂ ਘੜੇ ਜਾਣਗੇ ਪਰ ਉਹਨਾਂ ਲਈ ਕੇਂਦਰੀ ਕਮੇਟੀ ਦੀ

ਤਸਦੀਕ ਲਾਜ਼ਮੀ ਹੋਵੇਗੀ।] —18) [ਪੈਰਾ 17 ਵਿੱਚ ਜਿਨ੍ਹਾਂ ਖ਼ੁਦ-ਅਖ਼ਤਿਆਰ ਸੰਘਾਂ ਦਾ ਵਰਣਨ ਕੀਤਾ ਗਿਆ ਹੈ ਉਹਨਾਂ ਵਿੱਚ ਸਥਾਨਕ ਪਾਰਟੀ ਕਮੇਟੀਆਂ ਸ਼ਾਮਲ ਹੋ ਸਕਦੀਆਂ ਹਨ, ਜੇ ਵਿਸ਼ੇਸ਼ ਸਥਾਨਕ ਕਾਰਜਾਂ ਕਾਰਨ ਉਹ ਮੁੱਖ ਤੌਰ ਉੱਤੇ ਸੰਬੰਧਤ ਭਾਸ਼ਾ ਵਿੱਚ ਕੰਮ ਕਰਦੀਆਂ ਹਨ। **ਨੋਟ**। ਖ਼ੁਦ-ਅਖ਼ਤਿਆਰ ਸੰਘ ਦਾ ਹਿੱਸਾ ਹੁੰਦੀਆਂ ਹੋਈਆਂ ਉਹ ਪਾਰਟੀ ਦੀਆਂ ਕਮੇਟੀਆਂ ਹੋਣੋਂ ਹਟ ਨਹੀਂ ਜਾਂਦੀਆਂ।"]... (ਇਹ ਸਾਰਾ ਪੈਰਾ ਬੜੇ ਅਦਭੁਤ ਢੰਗ ਨਾਲ਼ ਚਤੁਰ ਹੈ ਅਤੇ ਨੋਟ ਤਾਂ ਹੋਰ ਵੀ ਅਜਿਹਾ ਹੈ।)...—"19) [ਕਿਸੇ ਖ਼ੁਦ-ਅਖ਼ਤਿਆਰ ਸੰਘ ਵਿੱਚ ਸ਼ਾਮਲ ਜਥੇਬੰਦੀਆਂ ਦੇ ਉਸ ਸੰਘ ਦੀ ਕੇਂਦਰੀ ਸੰਸਥਾਵਾਂ ਨਾਲ਼ ਸੰਬੰਧ ਸਥਾਨਕ ਕਮੇਟੀਆਂ ਦੇ ਕੰਟਰੋਲ ਵਿੱਚ ਹੋਣਗੇ।] —20) [ਖ਼ੁਦ-ਅਖ਼ਤਿਆਰ ਸੰਘਾਂ ਦੇ ਅਖ਼ਬਾਰ ਅਤੇ ਪ੍ਰਬੰਧਕ ਸੰਸਥਾਵਾਂ ਦਾ ਪਾਰਟੀ ਦੀ ਕੇਂਦਰੀ ਕਮੇਟੀ ਨਾਲ਼ ਉਹੋ ਸੰਬੰਧ ਹੋਵੇਗਾ ਜਿਹੜਾ ਸਥਾਨਕ ਕਮੇਟੀਆਂ ਦਾ।] —IV. ਕੇਂਦਰੀ ਕਮੇਟੀ ਅਤੇ ਪਾਰਟੀ ਦੀਆਂ ਅਖ਼ਬਾਰੀ ਸੰਸਥਾਵਾਂ। —21) [ਸਮੁੱਚੇ ਤੌਰ ਉੱਤੇ ਪਾਰਟੀ ਦੀ ਪ੍ਰਤੀਨਿਧਤਾ ਇਹਦੀ ਕੇਂਦਰੀ ਕਮੇਟੀ ਅਤੇ ਇਹਦੀਆਂ, ਸਿਆਸੀ ਅਤੇ ਸਿਧਾਂਤਕ ਅਖ਼ਬਾਰੀ ਸੰਸਥਾਵਾਂ ਕਰਨਗੀਆਂ।] —22) ਕੇਂਦਰੀ ਕਮੇਟੀ ਦੇ ਕਾਰਜ ਹੋਣਗੇ: ਪਾਰਟੀ ਦੀਆਂ ਸਾਰੀਆਂ ਅਮਲੀ ਸਰਗਰਮੀਆਂ ਦੀ ਆਮ ਅਗਵਾਈ ਕਰਨਾ; ਇਹਦੀਆਂ ਸ਼ਕਤੀਆਂ ਦੀ ਯੋਗ ਵਰਤੋਂ ਅਤੇ ਵੰਡ ਨਿਸ਼ਚਿਤ ਬਣਾਉਣਾ; ਪਾਰਟੀ ਦੇ ਸਾਰੇ ਹਿੱਸਿਆਂ ਦੀਆਂ ਸਰਗਰਮੀਆਂ ਉੱਤੇ ਕੰਟਰੋਲ ਕਰਨਾ; ਸਥਾਨਕ ਜਥੇਬੰਦੀਆਂ ਨੂੰ ਸਾਹਿਤ ਉਪਲਬਧ ਕਰਨਾ; ਪਾਰਟੀ ਦੀ ਤਕਨੀਕੀ ਬਣਤਰ ਨੂੰ ਜਥੇਬੰਦ ਕਰਨਾ; ਪਾਰਟੀ ਕਾਂਗਰਸਾਂ ਬੁਲਾਉਣਾ। —23) ਪਾਰਟੀ ਦੀਆਂ ਅਖ਼ਬਾਰੀ ਸੰਸਥਾਵਾਂ ਦੇ ਕਰਤੱਵ ਹੋਣਗੇ: ਪਾਰਟੀ ਜੀਵਨ ਦੀ ਵਿਚਾਰਧਾਰਕ ਸੇਧ ਚਲਾਉਣਾ; ਪਾਰਟੀ ਪ੍ਰੋਗਰਾਮ ਲਈ ਪ੍ਰਚਾਰ ਕਰਨਾ ਅਤੇ ਸੋਸ਼ਲ-ਡੈਮੋਕ੍ਰੇਸੀ ਦੇ ਸੰਸਾਰ ਦ੍ਰਿਸ਼ਟੀਕੋਣ ਦਾ ਸਿਧਾਂਤਕ ਅਤੇ ਆਮ ਸਮਝ ਆਉਣ ਵਾਲ਼ਾ ਵਿਸਥਾਰ ਚਲਾਉਣਾ। —24) ਸਾਰੀਆਂ ਸਥਾਨਕ ਪਾਰਟੀ ਕਮੇਟੀਆਂ ਅਤੇ ਖ਼ੁਦ-ਅਖ਼ਤਿਆਰ ਸੰਘ ਪਾਰਟੀ ਦੀ ਕੇਂਦਰੀ ਕਮੇਟੀ ਅਤੇ ਪਾਰਟੀ ਅਖ਼ਬਾਰਾਂ ਦੇ ਸੰਪਾਦਕ ਮੰਡਲ ਦੁਹਾਂ ਨਾਲ਼ ਸਿੱਧਾ ਸੰਬੰਧ ਸਥਾਪਤ ਰੱਖਣਗੇ ਅਤੇ ਸਮੇਂ ਸਮੇਂ ਉਹਨਾਂ ਨੂੰ ਲਹਿਰ ਦੀ ਅਤੇ ਉਹਨਾਂ ਦੇ ਇਲਾਕਿਆਂ ਵਿੱਚ ਜਥੇਬੰਦਕ ਕੰਮ ਦੀ ਉੱਨਤੀ ਸੰਬੰਧੀ ਸੂਚਨਾ ਦੇਣਗੇ। —25) ਪਾਰਟੀ ਦੀਆਂ ਅਖ਼ਬਾਰੀ ਸੰਸਥਾਵਾਂ ਦਾ ਸੰਪਾਦਕ ਮੰਡਲ ਪਾਰਟੀ ਕਾਂਗਰਸਾਂ ਵੱਲੋਂ ਥਾਪਿਆ ਜਾਵੇਗਾ ਅਤੇ ਅਗਲੀ ਕਾਂਗਰਸ ਤੱਕ ਕੰਮ ਕਰੇਗਾ। —26) [ਸੰਪਾਦਕ ਮੰਡਲ ਆਪਣੇ ਅੰਦਰਲੇ ਮਾਮਲਿਆਂ ਵਿੱਚ ਖ਼ੁਦ-ਅਖ਼ਤਿਆਰ ਹੋਵੇਗਾ] ਅਤੇ ਕਾਂਗਰਸਾਂ ਵਿਚਕਾਰਲੇ ਸਮੇਂ ਵਿੱਚ, ਹਰ ਮਾਮਲੇ ਵਿੱਚ ਕੇਂਦਰੀ ਕਮੇਟੀ ਨੂੰ ਸੂਚਨਾ ਦੇਕੇ ਆਪਣੀ ਮੈਂਬਰਸ਼ਿਪ ਵਧਾ ਜਾਂ ਤਬਦੀਲ ਕਰ ਸਕਦਾ ਹੈ। —27) ਕੇਂਦਰੀ ਕਮੇਟੀ ਦੇ ਸਾਰੇ ਬਿਆਨ ਜਾਂ ਉਹ ਸਾਰੇ ਬਿਆਨ

ਜਿਨ੍ਹਾਂ ਨੂੰ ਉਹਦੀ ਮਨਜ਼ੂਰੀ ਮਿਲੇ, ਕੇਂਦਰੀ ਕਮੇਟੀ ਦੀ ਮੰਗ ਕਰਨ ਉੱਤੇ, ਪਾਰਟੀ ਦੇ ਅਖ਼ਬਾਰ ਵਿੱਚ ਛਾਪੇ ਜਾਣਗੇ।—28) ਪਾਰਟੀ ਅਖ਼ਬਾਰਾਂ ਦੇ ਸੰਪਾਦਕ ਮੰਡਲ ਦੀ ਸਹਿਮਤੀ ਨਾਲ਼ ਵੱਖ ਵੱਖ ਰੂਪਾਂ ਦੇ ਸਾਹਿਤਕ ਕੰਮ ਲਈ ਵਿਸ਼ੇਸ਼ ਲੇਖਕਾਂ ਦੀਆਂ ਟੋਲੀਆਂ ਸਥਾਪਤ ਕਰ ਸਕਦੀ ਹੈ। —29) ਕੇਂਦਰੀ ਕਮੇਟੀ ਪਾਰਟੀ ਕਾਂਗਰਸਾਂ ਵੱਲੋਂ ਥਾਪੀ ਜਾਵੇਗੀ ਅਤੇ ਅਗਲੀ ਪਾਰਟੀ ਕਾਂਗਰਸ ਤਕ ਕੰਮ ਕਰੇਗੀ। ਗਿਣਤੀ ਦੀ ਰੋਕ ਤੋ ਬਿਨਾਂ, ਹਰ ਮਾਮਲੇ ਵਿੱਚ ਪਾਰਟੀ ਦੇ ਕੇਂਦਰੀ ਅਖ਼ਬਾਰ ਨੂੰ ਸੂਚਿਤ ਕਰਦੇ ਹੋਏ, ਕੇਂਦਰੀ ਕਮੇਟੀ ਕੁਆਪਸ਼ਨ ਰਾਹੀਂ ਆਪਣੀ ਮੈਂਬਰਸ਼ਿਪ ਵਧਾ ਸਕਦੀ ਹੈ। —V. ਵਿਦੇਸ਼ਾਂ ਵਿੱਚ ਪਾਰਟੀ ਜਥੇਬੰਦੀ। —30) ਵਿਦੇਸ਼ਾਂ ਵਿੱਚ ਪਾਰਟੀ ਜਥੇਬੰਦੀ ਵਿਦੇਸ਼ਾਂ ਵਿੱਚ ਰਹਿੰਦੇ ਰੂਸੀਆਂ ਵਿੱਚ ਪ੍ਰਚਾਰ ਦਾ ਕੰਮ ਕਰੇਗੀ ਅਤੇ ਉਹਨਾਂ ਵਿੱਚੋਂ ਸਮਾਜਵਾਦੀ ਤੱਤਾਂ ਨੂੰ ਜਥੇਬੰਦ ਕਰੇਗੀ। ਇਹਦੀ ਅਗਵਾਈ ਇੱਕ ਚੁਣੀ ਹੋਈ ਪ੍ਰਬੰਧਕ ਸੰਸਥਾ ਕਰੇਗੀ।—31) ਪਾਰਟੀ ਦੇ ਖ਼ੁਦ-ਅਖ਼ਤਿਆਰ ਸੰਘ ਆਪਣੇ ਵਿਸ਼ੇਸ਼ ਕਾਰਜ ਨੇਪਰੇ ਚਾੜ੍ਹਣ ਲਈ ਵਿਦੇਸ਼ਾਂ ਵਿੱਚ ਸ਼ਾਖ਼ਾਂ ਕਾਇਮ ਰੱਖ ਸਕਦੇ ਹਨ। ਇਹ ਸ਼ਾਖ਼ਾਂ ਵਿਦੇਸ਼ਾਂ ਵਿੱਚ ਆਮ ਜਥੇਬੰਦੀ ਦੇ ਅੰਦਰ ਖ਼ੁਦ-ਅਖ਼ਤਿਆਰ ਟੋਲੀਆਂ ਬਣਨਗੀਆਂ।—VI. ਪਾਰਟੀ ਕਾਂਗਰਸਾਂ।—32) ਪਾਰਟੀ ਦਾ ਸਰਵਉੱਚ ਅਧਿਕਰਣ ਕਾਂਗਰਸ ਹੈ। —33) [ਪਾਰਟੀ ਕਾਂਗਰਸ ਪਾਰਟੀ ਦਾ ਪ੍ਰੋਗਰਾਮ, ਨਿਯਮ ਅਤੇ ਸਰਗਰਮੀ ਦੇ ਆਗੂ ਅਸੂਲ ਮਿਥੇਗੀ; ਉਹ ਸਾਰੀਆਂ ਪਾਰਟੀ ਜਥੇਬੰਦੀਆਂ ਦੇ ਕੰਮ ਉਤੇ ਕੰਟਰੋਲ ਕਰੇਗੀ ਅਤੇ ਉਹਨਾਂ ਵਿਚਕਾਰ ਉੱਠਣ ਵਾਲ਼ੇ ਝਗੜੇ ਹੱਲ ਕਰੇਗੀ।] —34)ਪਾਰਟੀ ਕਾਂਗਰਸ ਵਿੱਚ ਪ੍ਰਤੀਨਿਧਤਾ ਦਾ ਹੱਕ ਹਾਸਲ ਹੋਵੇਗਾ: ੳ) ਸਾਰੀਆਂ ਸਥਾਨਕ ਪਾਰਟੀ ਕਮੇਟੀਆਂ ਨੂੰ; ਅ) ਪਾਰਟੀ ਦੇ ਸਾਰੇ ਖ਼ੁਦ-ਅਖ਼ਤਿਆਰ ਸੰਘਾਂ ਦੀਆਂ ਪ੍ਰਬੰਧਕ ਸੰਸਥਾਵਾਂ ਨੂੰ; ੲ) ਪਾਰਟੀ ਦੀ ਕੇਂਦਰੀ ਕਮੇਟੀ ਅਤੇ ਕੇਂਦਰੀ ਅਖ਼ਬਾਰਾਂ ਦੇ ਸੰਪਾਦਕ ਮੰਡਲਾਂ ਨੂੰ; ਸ) ਵਿਦੇਸ਼ਾਂ ਵਿੱਚ ਪਾਰਟੀ ਜਥੇਬੰਦੀ ਨੂੰ। —35) ਪ੍ਰਤੀਨਿਧਤਾ ਕਿਸੇ ਮੁਖ਼ਤਾਰ ਨੂੰ ਦਿੱਤੀ ਜਾ ਸਕਦੀ ਹੈ, ਪਰ ਕੋਈ ਡੈਲੀਗੇਟ ਤਿੰਨ ਤੋਂ ਵੱਧ ਪ੍ਰਤੀਨਿਧਤਾਵਾਂ ਨਹੀਂ ਰੱਖ ਸਕਦਾ। ਪ੍ਰਤੀਨਿਧਤਾ ਦੋ ਸਾਥੀਆਂ ਵਿੱਚ ਵੰਡੀ ਜਾ ਸਕਦੀ ਹੈ। ਬੰਧੇਜ ਵਾਲੀਆਂ ਹਦਾਇਤਾਂ ਦੀ ਮਨਾਹੀ ਹੈ।—36) ਕੇਂਦਰੀ ਕਮੇਟੀ ਨੂੰ ਅਜਿਹੇ ਲੋਕਾਂ ਨੂੰ ਬਹਿਸ ਵਿੱਚ ਹਿੱਸਾ ਲੈਣ ਲਈ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਸੱਦਾ ਦੇਣ ਦਾ ਅਧਿਕਾਰ ਹੋਵੇਗਾ ਜਿਨ੍ਹਾਂ ਦੀ ਸ਼ਮੂਲੀਅਤ ਲਾਹੇਵੰਦੀ ਹੋਵੇ।—37) ਪਾਰਟੀ ਦੇ ਪ੍ਰੋਗਰਾਮ ਜਾਂ ਨਿਯਮਾਂ ਵਿੱਚ ਤਬਦੀਲੀ ਦੋ-ਤਿਹਾਈ ਬਹੁਗਿਣਤੀ ਨਾਲ਼ ਕੀਤੀ ਜਾਵੇਗੀ। —38) ਜੇ ਉਹਦੇ ਵਿੱਚ ਉਸ ਸਮੇਂ ਵਿਦਮਾਨ ਕਮੇਟੀਆਂ ਦੇ ਅੱਧੇ ਤੋਂ ਵੱਧ ਦੀ ਪ੍ਰਤੀਨਿਧਤਾ ਹੋਵੇ ਤਾਂ ਕਾਂਗਰਸ ਯੋਗ ਢੰਗ ਨਾਲ਼ ਸਥਾਪਤ ਹੋਈ ਗਿਣੀ ਜਾਵੇਗੀ।—39) ਜਿਥੋਂ ਤੱਕ ਸੰਭਵ ਹੋ ਸਕੇ ਕਾਂਗਰਸਾਂ ਦੋ ਵਰ੍ਹਿਆਂ ਪਿੱਛੋਂ ਇੱਕ ਵਾਰ ਕੀਤੀਆਂ ਜਾਣਗੀਆਂ। [ਜੇ ਕੇਂਦਰੀ ਕਮੇਟੀ ਦੇ ਵਸੋਂ ਬਾਹਰੇ

ਕਿਸੇ ਕਾਰਨ ਇਸ ਸਮੇਂ ਵਿੱਚ ਕਾਂਗਰਸ ਨਾ ਹੋ ਸਕੇ ਤਾਂ ਕੇਂਦਰੀ ਕਮੇਟੀ ਖ਼ੁਦ ਆਪਣੀ ਜ਼ਿੰਮੇਵਾਰੀ ਉੱਤੇ ਕਾਂਗਰਸ ਅੱਗੇ ਪਾ ਦੇਵੇਗੀ।"]

ਕੋਈ ਵੀ ਪਾਠਕ, ਜਿਸਨੇ ਇੱਕ ਛੋਟ ਵਜੋਂ, ਇਹਨਾਂ ਅਖੌਤੀ ਨਿਯਮਾਂ ਨੂੰ ਅਖ਼ੀਰ ਤੱਕ ਪੜ੍ਹ ਲਿਆ ਹੋਵੇਗਾ, ਨਿਸ਼ਚੇ ਹੀ ਮੇਰੇ ਤੋਂ ਹੇਠ-ਲਿਖੇ ਸਿੱਟਿਆਂ ਲਈ ਵਿਸ਼ੇਸ਼ ਕਾਰਨਾਂ ਦੀ ਮੰਗ ਨਹੀਂ ਕਰੇਗਾ। ਪਹਿਲਾ ਸਿੱਟਾ: ਨਿਯਮਾਂ ਨੂੰ ਲਗਭਗ ਅਸਾਧ ਜਲੋਧਰ ਦੀ ਬਿਮਾਰੀ ਹੈ। ਦੂਜਾ ਸਿੱਟਾ: ਇਹਨਾਂ ਨਿਯਮਾਂ ਵਿੱਚ ਜਥੇਬੰਦਕ ਵਿਚਾਰਾਂ ਦੀ ਅਜਿਹੀ ਭਾਹ ਲੱਭਣਾ ਅਸੰਭਵ ਹੈ ਜਿਹੜੀ ਕੇਂਦਰਵਾਦ ਦੇ ਹੱਦੋਂ ਵੱਧ ਵਿਸਥਾਰ ਨੂੰ ਰੱਦ ਕਰਨ ਦਾ ਮੁਹਾਣ ਰੱਖਦੀ ਹੋਵੇ। ਤੀਜਾ ਸਿੱਟਾ: ਸਾਥੀ ਮਾਰਤੋਵ ਨੇ ਆਪਣੇ ਨਿਯਮਾਂ ਦੇ 39 ਵਿੱਚੋਂ 38 ਤੋਂ ਵੱਧ ਹਿੱਸੇ ਸੰਸਾਰ ਦੀਆਂ ਅੱਖਾਂ ਤੋਂ ਲੁਕਾਉਣ (ਅਤੇ ਪਾਰਟੀ ਕਾਂਗਰਸ ਵਿੱਚ ਬਹਿਸ ਤੋਂ ਰੋਕਣ) ਵਿੱਚ ਬਹੁਤ ਸਿਆਣਪ ਤੋਂ ਕੰਮ ਲਿਆ। ਕੇਵਲ ਇਹ ਗੱਲ ਅਨੋਖੀ ਹੈ ਕਿ ਇਸ ਲੁਕਾ ਸੰਬੰਧੀ ਉਹ ਸੰਜੋਅ ਵਿੱਚੋਂ ਮੂੰਹ ਨੰਗਾ ਰੱਖਣ ਦੀ ਗੱਲ ਕਰਦਾ ਹੈ।

## ਗ. "ਇਸਕਰਾ"-ਵਾਦੀਆਂ ਵਿੱਚ ਫੁੱਟ ਤੋਂ ਪਹਿਲਾਂ ਕੇਂਦਰਵਾਦ ਉੱਤੇ ਬਹਿਸ।

ਨਿਯਮਾਂ ਦੇ ਪਹਿਲੇ ਪੈਰੇ ਦੇ ਸੂਤਰੀਕਰਨ ਦੇ ਸਚਮੁਚ ਰੋਚਕ ਸਵਾਲ, ਇੱਕ ਅਜਿਹਾ ਸਵਾਲ ਜਿਸਨੇ ਨਿਰਸੰਦੇਹ ਵੱਖ ਵੱਖ ਧਿਰਾਂ ਦੀ ਹੋਂਦ ਪ੍ਰਗਟ ਕੀਤੀ, ਵੱਲ ਜਾਣ ਤੋਂ ਪਹਿਲਾਂ ਆਓ ਅਸੀਂ ਨਿਯਮਾਂ ਸੰਬੰਧੀ ਸੰਖੇਪ ਆਮ ਬਹਿਸ ਨੂੰ ਲਈਏ, ਜਿਸ ਵਿੱਚ ਕਾਂਗਰਸ ਦਾ 14ਵੇਂ ਅਤੇ 15ਵੇਂ ਸਮਾਗਮ ਲੱਗੇ। ਇਹ ਬਹਿਸ ਕੁੱਝ ਰੋਚਕਤਾ ਵਾਲ਼ੀ ਹੈ ਕਿਉਂਕਿ ਕੇਂਦਰੀ ਸੰਸਥਾਵਾਂ ਦੀ ਬਣਤਰ ਸੰਬੰਧੀ "ਇਸਕਰਾ" ਜਥੇਬੰਦੀ ਅੰਦਰ ਮੁਕੰਮਲ ਫੁੱਟ **ਤੋਂ ਪਹਿਲਾਂ ਹੋਈ**, ਜਿਥੇ ਕਿ ਨਿਯਮਾਂ ਉੱਤੇ ਪਿੱਛੋਂ ਹੋਈ ਬਹਿਸ ਆਮ ਤੌਰ ਉੱਤੇ ਅਤੇ ਕੁਆਪਸ਼ਨ ਸੰਬੰਧੀ ਖ਼ਾਸ ਤੌਰ ਉੱਤੇ "ਇਸਕਰਾ" ਜਥੇਬੰਦੀ ਵਿੱਚ ਇਸ ਫੁੱਟ **ਤੋਂ ਪਿੱਛੋਂ** ਹੋਈ। ਸੁਭਾਵਕ ਹੀ ਫੁੱਟ **ਤੋਂ ਪਹਿਲਾਂ** ਅਸੀਂ ਆਪਣੇ ਵਿਚਾਰ ਵਧੇਰੇ ਨਿਰਪੱਖਤਾ ਨਾਲ਼ ਪੇਸ਼ ਕਰ ਸਕਦੇ ਸਾਂ, ਇਹਨਾਂ ਅਰਥਾਂ ਵਿੱਚ ਕਿ ਉਹ ਕੇਂਦਰੀ ਕਮੇਟੀ ਦੀ ਨਿੱਜੀ ਬਣਤਰ ਸੰਬੰਧੀ ਵਿਚਾਰਾਂ ਤੋਂ ਵਧੇਰੇ ਆਜ਼ਾਦ ਸਨ, ਜਿਹੜਾ ਸਾਡੇ ਸਾਰਿਆਂ ਲਈ ਇੰਨਾ ਤਿੱਖਾ ਮਾਮਲਾ ਬਣ ਗਿਆ। ਜਿਹਾ ਕਿ ਮੈਂ ਪਹਿਲਾਂ ਹੀ ਕਿਹਾ ਹੈ, ਸਾਥੀ ਮਾਰਤੋਵ ਨੇ ਆਪਣੇ ਆਪ ਨੂੰ ਜਥੇਬੰਦੀ ਸੰਬੰਧੀ ਮੇਰੇ ਵਿਚਾਰਾਂ ਨਾਲ਼ ਜੋੜਿਆ (ਪੰਨਾ 157), ਉਹਨੇ ਕੇਵਲ ਇਹ ਇਤਰਾਜ਼ ਰੱਖਿਆ ਕਿ ਉਹ **ਵਿਸਥਾਰ ਦੇ** ਦੋ ਨੁਕਤਿਆਂ ਸੰਬੰਧੀ ਮੇਰੇ ਨਾਲ਼ ਸਹਿਮਤ ਨਹੀਂ। ਇਹਦੇ ਉਲਟ "ਇਸਕਰਾ"-ਵਿਰੋਧੀ ਅਤੇ "ਵਿਚਾਲਪੰਥੀ" ਦੋਵੇਂ "ਇਸਕਰਾ" ਦੀ ਜਥੇਬੰਦੀ ਸੰਬੰਧੀ ਵਿਚਾਰਾਂ ਦੀ ਸਾਰੀ **ਬੁਨਿਆਦੀ** ਪਲਾਨ (ਅਤੇ, ਇਹਦੇ ਸਿੱਟੇ ਵਜੋਂ ਸਮੁੱਚਤਾ ਉਹਨਾਂ ਦੇ ਵਿੱਚ ਨਿਯਮਾਂ) ਵਿਰੁੱਧ ਪਿੜ ਵਿੱਚ ਨਿੱਤਰੇ: ਕੇਂਦਰਵਾਦ ਵਿਰੁੱਧ ਅਤੇ "ਦੋ ਕੇਂਦਰਾਂ" ਵਿਰੁੱਧ। ਸਾਥੀ ਲੀਬਰ ਨੇ ਮੇਰੇ ਨਿਯਮਾਂ ਨੂੰ "ਜਥੇਬੰਦ ਬੇਇਤਬਾਰੀ" ਕਿਹਾ ਅਤੇ ਦੋ ਕੇਂਦਰਾਂ ਦੀ ਮੇਰੀ ਤਜਵੀਜ਼ ਵਿੱਚ

**ਅਕੇਂਦਰਵਾਦ** ਵੇਖੀ (ਜਿਹਾ ਕਿ ਸਾਥੀ ਪੋਪੋਵ ਅਤੇ ਯੇਗੋਰੋਵ ਨੇ ਵੀ ਕੀਤਾ)। ਸਾਥੀ ਅਕੀਮੋਵ ਸਥਾਨਕ ਕਮੇਟੀਆਂ ਦਾ ਅਧਿਕਾਰ-ਖੇਤਰ ਵਿਸ਼ਾਲ ਕਰਨਾ ਚਾਹੁੰਦਾ ਸੀ ਅਤੇ, ਵਿਸ਼ੇਸ਼ ਤੌਰ ਉੱਤੇ, ਉਹਨਾਂ ਨੂੰ "ਆਪਣੀ ਬਣਤਰ ਤਬਦੀਲ ਕਰਨ ਦਾ ਹੱਕ" ਦੇਣਾ ਚਾਹੁੰਦਾ ਸੀ। "ਉਹਨਾਂ ਨੂੰ ਅਮਲ ਦੀ ਵਧੇਰੇ ਆਜ਼ਾਦੀ ਦੇਣੀ ਚਾਹੀਦੀ ਹੈ।... ਸਥਾਨਕ ਕਮੇਟੀਆਂ ਉਹਨਾਂ ਦੇ ਇਲਾਕਿਆਂ ਵਿੱਚ ਸਰਗਰਮ ਕਾਰਕੁਨਾਂ ਵੱਲੋਂ ਚੁਣੀਆਂ ਜਾਣੀਆਂ ਚਾਹੀਦੀਆਂ ਹਨ, ਐਨ ਉਸੇ ਤਰ੍ਹਾਂ ਜਿਵੇਂ ਕੇਂਦਰੀ ਕਮੇਟੀ ਰੂਸ ਵਿੱਚ ਸਾਰੀਆਂ ਸਰਗਰਮ ਜਥੇਬੰਦੀਆਂ ਦੇ ਪ੍ਰਤੀਨਿਧਾਂ ਵੱਲੋਂ ਚੁਣੀ ਜਾਂਦੀ ਹੈ। ਅਤੇ ਜੇ ਇਹਦੀ ਆਗਿਆ ਨਹੀਂ ਦਿੱਤੀ ਜਾ ਸਕਦੀ, ਤਾਂ ਕੇਂਦਰੀ ਕਮੇਟੀ ਜਿੰਨੇ ਮੈਂਬਰ ਨਾਮਜ਼ਦ ਕਰ ਸਕਦੀ ਹੈ ਉਹਨਾਂ ਦੀ ਗਿਣਤੀ ਸੀਮਤ ਕਰ ਦਿੱਤੀ ਜਾਵੇ।..." (ਪੰਨਾ 158)। ਜਿਹਾ ਕਿ ਤੁਸੀਂ ਵੇਖਦੇ ਹੋ ਸਾਥੀ ਅਕੀਮੋਵ ਨੇ "ਕੇਂਦਰਵਾਦ ਦੇ ਹੱਦੋਂ ਵੱਧ ਵਿਸਥਾਰ" ਵਿਰੁੱਧ ਇੱਕ ਦਲੀਲ ਤਜਵੀਜ਼ ਕੀਤੀ, ਪਰ ਕੇਂਦਰੀ ਸੰਸਥਾਵਾਂ ਦੀ ਚੋਣ ਵਿੱਚ ਆਪਣੀ ਹਾਰ ਕਾਰਨ ਅਕੀਮੋਵ ਦੀ ਪੈੜ ਉੱਤੇ ਚੱਲਣ ਲਈ ਪ੍ਰੇਰਤ ਨਾ ਹੋਏ ਸਾਥੀ ਮਾਰਤੋਵ ਨੇ ਅਜਿਹੀਆਂ ਵਜ਼ਨੀ ਦਲੀਲਾਂ ਉੱਤੇ ਕੰਨ ਨਾ ਧਰਿਆ। ਉਹਨੇ ਉਦੋਂ ਵੀ ਕੰਨ ਨਾ ਧਰਿਆ ਜਦੋਂ ਸਾਥੀ ਅਕੀਮੋਵ ਨੇ ਉਹਦੇ ਅੱਗੇ **ਉਹਦੇ ਆਪਣੇ ਨਿਯਮਾਂ ਦਾ "ਵਿਚਾਰ"** ਰੱਖਿਆ (ਪੈਰਾ ਸੱਤ—ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਸੰਬੰਧੀ ਕੇਂਦਰੀ ਕਮੇਟੀ ਦੇ ਹੱਕਾਂ ਉੱਤੇ ਰੋਕ)! ਉਸ ਸਮੇਂ ਤੱਕ ਸਾਥੀ ਮਾਰਤੋਵ ਸਾਡੇ ਨਾਲ਼ "ਅਣਮੇਲ" ਨਹੀਂ ਸੀ ਚਾਹੁੰਦਾ ਇਸੇ ਕਾਰਨ ਉਹਨੇ ਸਾਥੀ ਅਕੀਮੋਵ ਅਤੇ ਆਪਣੇ ਆਪ ਦੁਹਾਂ ਨਾਲ਼ ਅਣਮੇਲ ਸਹਾਰਿਆ।... ਉਸ ਸਮੇਂ "ਘੋਰ ਕੇਂਦਰਵਾਦ" ਦੇ ਵਿਰੋਧੀ ਕੇਵਲ ਉਹ ਲੋਕ ਸਨ ਜਿਨ੍ਹਾਂ ਲਈ "ਇਸਕਰਾ" ਦਾ ਕੇਂਦਰਵਾਦ ਸਪਸ਼ਟ ਤੌਰ ਉੱਤੇ **ਹਾਨੀਕਾਰਕ** ਸੀ: ਅਕੀਮੋਵ, ਲੀਬਰ ਅਤੇ ਗੋਲਦਬਲਾਤ ਨੇ ਇਹਦਾ ਵਿਰੋਧ ਕੀਤਾ, ਯੇਗੋਰੋਵ ਅਤੇ ਉਹੋ ਜਿਹੇ ਹੋਰ ਧਿਆਨ ਅਤੇ ਸਾਵਧਾਨੀ ਨਾਲ਼ ਉਹਨਾਂ ਦੇ ਪਿੱਛੇ **ਚੱਲ ਰਹੇ ਸਨ** (ਪੰਨੇ 156 ਅਤੇ 276 ਵੇਖੋ) (ਤਾਂ ਜੁ ਜੇ ਲੋੜ ਪਵੇ ਤਾਂ ਉਹ ਪਿੱਛੇ ਹਟ ਸਕਣ)। ਉਦੋਂ ਅਜੇ ਪਾਰਟੀ ਦੀ ਬਹੁਤ ਵੱਡੀ ਬਹੁਗਿਣਤੀ ਨੂੰ ਇਸ ਗੱਲ ਦਾ ਨਿਸ਼ਚਾ ਸੀ ਕਿ ਇਹ "ਬੁੰਦ", "ਯੁਜ਼ਨੀ ਰਾਬੋਚੀ", ਆਦਿ ਦੇ ਤੰਗ ਨਜ਼ਰ, ਮੰਡਲ ਹਿਤ ਹੀ ਸਨ ਜਿਹੜੇ ਕੇਂਦਰਵਾਦ ਵਿਰੁੱਧ ਰੋਸ ਜਗਾਉਂਦੇ। ਸੱਚ ਤਾਂ ਇਹ ਹੈ ਕਿ, ਹੁਣ ਵੀ ਇਹ ਗੱਲ ਪਾਰਟੀ ਦੀ ਬਹੁਗਿਣਤੀ ਲਈ ਸਪਸ਼ਟ ਹੈ ਕਿ ਇਹ "ਇਸਕਰਾ" ਦੇ ਪੁਰਾਣੇ ਸੰਪਾਦਕ ਮੰਡਲ ਦੇ ਤੰਗ ਨਜ਼ਰ ਹਿਤ ਹੀ ਹਨ ਜਿਹੜੇ ਉਹਨੂੰ ਕੇਂਦਰਵਾਦ ਵਿਰੁੱਧ ਰੋਸ ਪ੍ਰਗਟ ਕਰਨ ਵੱਲ ਲਿਜਾਂਦੇ ਹਨ।...

ਉਦਾਹਰਣ ਵਜੋਂ, ਸਾਥੀ ਗੋਲਦਬਲਾਤ ਦੀ ਤਕਰੀਰ ਹੀ ਲਓ (ਪੰਨੇ 160-161)। ਉਹ ਮੇਰੇ "ਘੋਰ" ਕੇਂਦਰਵਾਦ ਵਿਰੁੱਧ ਉੱਚਾ ਨੀਵਾਂ ਹੁੰਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਇਹਦਾ ਸਿੱਟਾ ਹੇਠਲੀਆਂ ਜਥੇਬੰਦੀਆਂ ਦੀ "ਤਬਾਹੀ" ਹੋਵੇਗਾ, ਕਿ ਇਹ "ਕੇਂਦਰ ਨੂੰ ਹਰ ਮਾਮਲੇ ਵਿੱਚ ਦਖ਼ਲ ਦੇਣ ਦਾ ਬੇਰੋਕ-ਟੋਕ ਹੱਕ ਦੇਣ ਦੀ ਭਾਵਨਾ ਨਾਲ਼ ਪੂਰੀ ਤਰ੍ਹਾਂ ਗੜੁਚਿਆ ਹੋਇਆ ਹੈ", ਕਿ ਇਹ ਜਥੇਬੰਦੀਆਂ ਨੂੰ "ਕੇਵਲ ਇੱਕੋ ਇੱਕ" ਹੱਕ ਦੇਂਦਾ ਹੈ— "ਚੂੰ ਚਰਾਂ ਕੀਤੇ ਬਿਨਾਂ ਉੱਪਰੋਂ ਆਏ ਹੁਕਮਾਂ ਦੀ ਪਾਲਨਾ ਕਰਨਾ", ਆਦਿ। "ਖਰੜੇ ਵਿੱਚ

ਤਜਵੀਜ਼ ਕੀਤਾ ਕੇਂਦਰ ਆਪਣੇ ਆਪ ਨੂੰ ਸੁੰਨ ਵਿੱਚ ਵੇਖੇਗਾ, ਇਹਦੀਆਂ ਕੋਈ ਦੁਆਲੇ ਦੀਆਂ ਜਥੇਬੰਦੀਆਂ ਨਹੀਂ ਹੋਣਗੀਆਂ, ਸਗੋਂ ਇੱਕ ਬੇਡੌਲ ਜਿਹਾ ਸਮੂਹ ਹੋਵੇਗਾ ਜਿਸਨੂੰ ਇਹਦੇ ਕਾਰਜ-ਕਾਰੀ ਕਰਿੰਦੇ ਚਲਾਉਣਗੇ।" ਲਓ, ਇਹ ਤਾਂ ਐਨ ਉਸੇ ਤਰ੍ਹਾਂ ਦੀ **ਝੂਠੀ ਫ਼ਿਕਰੇਬਾਜ਼ੀ** ਹੈ ਜਿਹੋ ਜਿਹੀ ਮਾਰਤੋਵਾਂ ਅਤੇ ਐਕਸਲਰੋਦਾਂ ਨੇ ਕਾਂਗਰਸ ਵਿੱਚ ਆਪਣੀ ਹਾਰ ਤੋਂ ਪਿੱਛੋਂ ਸਾਡੇ ਸਾਹਮਣੇ ਰੱਖਣੀ ਸ਼ੁਰੂ ਕਰ ਦਿੱਤੀ। ਜਦੋਂ "ਬੁੰਦ" ਨੇ ਖ਼ੁਦ **ਆਪਣੀ** ਕੇਂਦਰੀ ਸੰਸਥਾ ਨੂੰ **ਹੋਰ ਵਧੇਰੇ ਨਿਸ਼ਚਿਤ** ਬੇਰੋਕ-ਟੋਕ ਹੱਕ (ਉਦਾਹਰਣ ਵਜੋਂ ਮੈਂਬਰਾਂ ਨੂੰ ਥਾਪਣਾ ਜਾਂ ਬਾਹਰ ਕੱਢਣਾ, ਅਤੇ ਇਥੋਂ ਤੱਕ ਕਿ ਕਾਂਗਰਸਾਂ ਵਿੱਚ ਡੈਲੀਗੇਟਾਂ ਨੂੰ ਹਿੱਸਾ ਲੈਣ ਦੇਣੋਂ ਨਾਂਹ ਕਰਨਾ) ਦੇਂਦੇ ਹੋਏ **ਸਾਡੀ** ਕੇਂਦਰਵਾਦ ਦਾ ਵਿਰੋਧ ਕੀਤਾ ਤਾਂ ਉਹਦਾ ਠੱਠਾ ਉਡਾਇਆ ਗਿਆ। ਅਤੇ ਜਦੋਂ ਮਾਮਲੇ ਨਿੱਖਰ ਗਏ ਤਾਂ **ਘੱਟਗਿਣਤੀ** ਦੀ ਭਕਾਈ ਦਾ ਵੀ ਠੱਠਾ ਉਡਾਇਆ ਜਾਵੇਗਾ, ਕਿਉਂਕਿ ਉਹਨੇ ਕੇਂਦਰਵਾਦ ਅਤੇ ਨਿਯਮਾਂ ਵਿਰੁੱਧ ਉਸ ਸਮੇਂ ਡੰਡ ਪਾਈ ਜਦੋਂ ਉਹ ਘੱਟਗਿਣਤੀ ਵਿੱਚ ਸਨ, ਪਰ ਜਿਉਂ ਹੀ ਉਹਨਾਂ ਆਪਣੇ ਆਪ ਨੂੰ ਬਹੁਗਿਣਤੀ ਬਣਾ ਲਿਆ ਤਾਂ ਇੱਕਦਮ ਨਿਯਮਾਂ ਦਾ ਲਾਭ ਉਠਾਇਆ।

ਦੋ ਕੇਂਦਰਾਂ ਦੇ ਪ੍ਰਸ਼ਨ ਸੰਬੰਧੀ ਵੀ ਪਰ੍ਹੇਬੰਦੀ ਬਿਲਕੁਲ ਸਪਸ਼ਟ ਸੀ: **ਸਾਰੇ** "ਇਸਕਰਾ"-ਵਾਦੀਆਂ ਦਾ ਲੀਬਰ ਵੱਲੋਂ, ਅਕੀਮੋਵ ਵੱਲੋਂ (ਜਿਹੜੇ ਹੁਣ ਅਖ਼ਬਾਰ ਦੇ ਪ੍ਰੀਸ਼ਦ ਵਿੱਚ ਕੇਂਦਰੀ ਕਮੇਟੀ ਉੱਤੇ ਭਾਰੂ ਹੋ ਜਾਣ ਸੰਬੰਧੀ ਜਾਣੀ-ਪਛਾਣੀ ਐਕਸਲਰੋਦ-ਮਾਰਤੋਵ ਸੁਰ ਅਲਾਪਣ ਵਾਲ਼ੇ ਸਭ ਤੋਂ ਪਹਿਲੇ ਸਨ) ਪੋਪੋਵ ਵੱਲੋਂ ਅਤੇ ਯੇਗੋਰੋਵ ਵੱਲੋਂ ਵਿਰੋਧ ਕੀਤਾ ਗਿਆ। ਜਥੇਬੰਦੀ ਸੰਬੰਧੀ ਉਹਨਾਂ ਵਿਚਾਰਾਂ ਤੋਂ ਜਿਹੜੇ **ਪੁਰਾਣੇ** "ਇਸਕਰਾ" ਨੇ ਪੇਸ਼ ਕੀਤੇ ਸਨ, (ਅਤੇ ਜਿਨ੍ਹਾਂ ਦੀ ਪੋਪੋਵਾਂ ਅਤੇ ਯੇਗੋਰੋਵਾਂ ਨੂੰ **ਜ਼ਬਾਨੀ** ਪ੍ਰੋੜ੍ਹਤਾ ਕਰ ਦਿੱਤੀ ਸੀ!) ਦੋ ਕੇਂਦਰਾਂ ਦੀ ਪਲਾਨ ਆਪਣੇ ਆਪ ਉਗੰਮਦੀ ਸੀ। **ਪੁਰਾਣੇ** "ਇਸਕਰਾ" ਦੀ ਪਲਾਨ "ਯੁਜ਼੍ਹਨੀ ਰਾਬੋਚੀ" ਦੀਆਂ ਪਲਾਨਾਂ ਦੀ ਕਾਟ ਕਰਦੀ ਸੀ, ਇੱਕ ਸਮਾਂਤਰ ਜਨਤਕ ਅਖ਼ਬਾਰ ਸਥਾਪਤ ਕਰਨ ਅਤੇ ਇਹਨੂੰ ਅਮਲੀ ਤੌਰ ਉੱਤੇ ਪ੍ਰਮੁੱਖ ਅਖ਼ਬਾਰ ਵਿੱਚ ਤਬਦੀਲ ਕਰਨ ਦੀਆਂ ਪਲਾਨਾਂ। ਇਹਦੇ ਵਿੱਚ ਉਸ ਵਿਰੋਧਾਭਾਸ ਦੀ ਜੜ੍ਹ ਹੈ, ਜਿਹੜਾ ਪਹਿਲੀ ਨਜ਼ਰੇ ਅਜੀਬ ਜਾਪਦਾ ਹੈ, ਕਿ ਸਾਰੇ "ਇਸਕਰਾ"-ਵਿਰੋਧੀ ਅਤੇ ਸਾਰੀ ਜਿਲ੍ਹਣ ਇੱਕ ਕੇਂਦਰੀ ਸੰਸਥਾ ਦੇ ਹੱਕ ਵਿੱਚ ਸਨ, ਅਰਥਾਤ, ਵੇਖਣ ਨੂੰ **ਵਧੇਰੇ ਕੇਂਦਰਵਾਦ ਦੇ ਹੱਕ ਵਿੱਚ।** ਨਿਰਸੰਦੇਹ, ਕੁੱਝ ਅਜਿਹੇ ਡੈਲੀਗੇਟ ਸਨ (ਵਿਸ਼ੇਸ਼ ਤੌਰ ਉੱਤੇ ਜਿਲ੍ਹਣ ਵਿੱਚ) ਜਿਨ੍ਹਾਂ ਨੂੰ ਇਸ ਗੱਲ ਦੀ ਸਪਸ਼ਟ ਸੂਝ ਨਹੀਂ ਸੀ ਕਿ "ਯੁਜ਼੍ਹਨੀ ਰਾਬੋਚੀ" ਦੀਆਂ ਜਥੇਬੰਦਕ ਪਲਾਨਾਂ ਦਾ ਸਿੱਟਾ ਕੀ ਹੋਵੇਗਾ, ਪਰ ਆਪਣੀ ਡਾਵਾਂਡੋਲਤਾ ਅਤੇ ਆਪਣੇ ਸੰਬੰਧੀ ਬੇਯਕੀਨੀ ਕਾਰਨ ਉਹ "ਇਸਕਰਾ"-ਵਿਰੋਧੀਆਂ ਦੇ ਪਿੱਛੇ ਚੱਲਣ ਲਈ ਪ੍ਰੇਰੇ ਗਏ।

ਨਿਯਮਾਂ ਉੱਤੇ ("ਇਸਕਰਾ"-ਵਾਦੀਆਂ ਵਿੱਚ ਫੁੱਟ ਤੋਂ ਪਹਿਲਾਂ) **ਇਸ** ਬਹਿਸ ਵਿੱਚ "ਇਸਕਰਾ"-ਵਾਦੀਆਂ ਵਿੱਚੋਂ ਮਾਰਤੋਵ (ਜਥੇਬੰਦੀ ਸੰਬੰਧੀ ਮੇਰੇ ਵਿਚਾਰਾਂ ਨਾਲ਼ "ਸੰਬੰਧ") ਅਤੇ ਤਰਾਤਸਕੀ ਦੀਆਂ ਤਕਰੀਰਾਂ ਵਿਸ਼ੇਸ਼ ਤੌਰ ਉੱਤੇ ਧਿਆਨਯੋਗ ਸਨ। ਪਿਛਲੇਰੇ ਨੇ ਸਾਥੀ ਅਕੀਮੋਵ ਅਤੇ ਲੀਬਰ ਨੂੰ ਜਿਹੜਾ ਜਵਾਬ ਦਿੱਤਾ ਉਹ ਕਾਂਗਰਸ-ਉਪ੍ਰੰਤ

"ਘੱਟਗਿਣਤੀ" ਦੇ ਵਤੀਰੇ ਅਤੇ ਸਿਧਾਂਤਾਂ ਦੇ ਪੂਰੀ ਤਰ੍ਹਾਂ ਝੂਠਾ ਹੋਣ ਨੂੰ ਨੰਗਾ ਕਰਦਾ ਹੈ। "ਨਿਯਮ, ਉਹਨੇ [ਸਾਥੀ ਅਕੀਮੋਵ ਨੇ] ਕਿਹਾ, ਕੇਂਦਰੀ ਕਮੇਟੀ ਦੇ ਅਧਿਕਾਰ-ਖੇਤਰ ਨੂੰ ਚੋਖੀ ਸ਼ੁੱਧਤਾ ਨਾਲ਼ ਪ੍ਰੀਭਾਸ਼ਤ ਨਹੀਂ ਕਰਦੇ। ਮੈਂ ਉਹਦੇ ਨਾਲ਼ ਸਹਿਮਤ ਨਹੀਂ ਹੋ ਸਕਦਾ। ਇਹਦੇ ਉਲਟ ਇਹ ਪ੍ਰੀਭਾਸ਼ਨ ਬਹੁਤ ਸ਼ੁੱਧ ਹੈ ਅਤੇ ਇਹਦਾ ਅਰਥ ਇਹ ਹੈ ਕਿ ਕਿਉਂਕਿ ਪਾਰਟੀ ਇੱਕ ਸਮੂਹ ਹੈ, ਇਸ ਲਈ ਲਾਜ਼ਮੀ ਹੈ ਕਿ ਸਥਾਨਕ ਕਮੇਟੀਆਂ ਉੱਤੇ ਇਹਦਾ ਕੰਟਰੋਲ ਨਿਸ਼ਚਿਤ ਬਣਾਇਆ ਜਾਵੇ। ਸਾਥੀ ਲੀਬਰ ਨੇ, ਮੇਰੀ ਗੱਲ ਉਧਾਰ ਲੈਂਦੇ ਹੋਏ ਕਿਹਾ ਕਿ ਨਿਯਮ "ਜਥੇਬੰਦ ਬੇਇਤਬਾਰੀ" ਹਨ। ਇਹ ਗੱਲ ਸੱਚ ਹੈ। ਪਰ ਮੈਂ ਇਹ ਵਾਕੰਸ਼ 'ਬੁੰਦ' ਦੇ ਬੁਲਾਰੇ ਵੱਲੋਂ ਤਜਵੀਜ਼ ਕੀਤੇ ਨਿਯਮਾਂ ਦੇ ਪ੍ਰਸੰਗ ਵਿੱਚ ਕਹੇ ਸਨ, ਜਿਹੜੇ ਪਾਰਟੀ ਦੇ ਇੱਕ ਹਿੱਸੇ ਦੇ ਇੱਕ ਅੰਸ਼ ਵੱਲੋਂ ਸਮੁੱਚੀ ਪਾਰਟੀ ਲਈ ਜਥੇਬੰਦ ਬੇਇਤਬਾਰੀ ਬਣਦੇ ਸਨ। ਦੂਜੇ ਹੱਥ, ਸਾਡੇ ਨਿਯਮ (ਉਸ ਸਮੇਂ, ਕੇਂਦਰੀ ਜਥੇਬੰਦੀਆਂ ਦੀ ਚੋਣ ਵਿੱਚ ਹਾਰ ਤੋਂ ਪਹਿਲਾਂ ਨਿਯਮ "ਸਾਡੇ" ਸਨ!) ਪਾਰਟੀ ਵੱਲੋਂ ਆਪਣੇ ਸਾਰੇ ਹਿੱਸਿਆਂ ਵੱਲ ਜਥੇਬੰਦ ਬੇਇਤਬਾਰੀ ਸਨ, ਅਰਥਾਤ ਸਾਰੇ ਸਥਾਨਕ, ਇਲਾਕਾਈ ਅਤੇ ਕੌਮੀ ਹਿੱਸਿਆਂ ਅਤੇ ਹੋਰ ਜਥੇਬੰਦੀਆਂ ਉੱਤੇ ਕੰਟਰੋਲ।" (ਪੰਨਾ 158)। ਹਾਂ, **ਇੱਥੇ ਸਾਡੇ** ਨਿਯਮ ਠੀਕ ਤਰ੍ਹਾਂ ਬਿਆਨ ਕੀਤੇ ਗਏ ਹਨ ਅਤੇ ਅਸੀਂ ਉਹਨਾਂ ਨੂੰ ਇਹ ਗੱਲ ਵਧੇਰੇ ਨਿਰੰਤਰ ਯਾਦ ਰੱਖਣ ਦੀ ਸਲਾਹ ਦੇਂਦੇ ਹਾਂ, ਜਿਹੜੇ ਹੁਣ ਸਾਫ਼ ਅੰਤਰ-ਆਤਮਾ ਨਾਲ਼ ਸਾਨੂੰ ਇਹ ਨਿਸ਼ਚਾ ਕਰਾਉਣ ਦਾ ਯਤਨ ਕਰ ਰਹੇ ਹਨ ਕਿ ਇਹ ਸਾਜ਼ਸ਼ੀ ਬਹੁਗਿਣਤੀ ਹੀ ਸੀ ਜਿਸਨੇ "ਜਥੇਬੰਦ ਬੇਇਤਬਾਰੀ" ਜਾਂ, ਜਿਹੜੀ ਉਹੋ ਗੱਲ ਹੈ, "ਘੇਰੇ ਦੀ ਹਾਲਤ" ਦੀ ਪ੍ਰਣਾਲੀ ਦੀ ਕਲਪਨਾ ਕੀਤੀ ਅਤੇ ਇਹਨੂੰ ਲਾਗੂ ਕੀਤਾ। ਬੰਦੇ ਲਈ ਇਸ ਭਾਸ਼ਣ ਦਾ ਵਿਦੇਸ਼ਾਂ ਵਿੱਚ ਲੀਗ ਦੀ ਕਾਂਗਰਸ ਵਿੱਚ ਦਿੱਤੇ ਭਾਸ਼ਣਾਂ ਨਾਲ਼ ਮੁਕਾਬਲਾ ਕਰਨ ਦੀ ਬਸ ਲੋੜ ਹੈ ਅਤੇ ਉਹਨੂੰ ਸਿਆਸੀ ਕਾਇਰਤਾ ਦੀ ਉਦਾਹਰਣ ਮਿਲ ਜਾਵੇਗੀ, ਇਸ ਗੱਲ ਦੀ ਉਦਾਹਰਣ ਕਿ ਮਾਰਤੋਵ ਅਤੇ ਉਹਦੇ ਸਾਥੀਆਂ ਦੇ ਵਿਚਾਰ, ਇਸ ਗੱਲ ਉੱਤੇ ਨਿਰਭਰ ਕਰਕੇ ਕਿ ਮਾਮਲਾ ਨੀਵੀਂ ਪੱਧਰ ਦੀ ਉਹਨਾਂ ਦੀ ਆਪਣੀ ਟੋਲੀ ਦਾ ਹੈ ਜਾਂ ਕਿਸੇ ਹੋਰ ਦੀ ਦਾ, ਕਿਵੇਂ ਤਬਦੀਲ ਹੋ ਜਾਂਦੇ।

## ਘ. ਨਿਯਮਾਂ ਦਾ ਪਹਿਲਾ ਪੈਰਾ

ਅਸਾਂ ਪਹਿਲਾਂ ਹੀ ਵੱਖ ਵੱਖ ਸੂਤਰੀਕਰਨਾਂ ਦੀ ਟੂਕ ਦਿੱਤੀ ਹੈ ਜਿਨ੍ਹਾਂ ਦੁਆਲੇ ਕਾਂਗਰਸ ਵਿੱਚ ਰੋਚਕ ਬਹਿਸਾਂ ਭੜਕ ਉੱਠੀਆਂ। ਇਸ ਬਹਿਸ ਨੇ ਲਗਭਗ ਕਾਂਗਰਸ ਦੀਆਂ ਦੋ ਬੈਠਕਾਂ ਲਈਆਂ ਅਤੇ ਇਹਦੇ ਲਈ **ਦੋ ਵਾਰ ਨਾਂ ਬੁਲਾਕੇ ਵੋਟ** ਲਏ ਗਏ (ਜੇ ਮੈਨੂੰ ਗ਼ਲਤੀ ਨਹੀਂ ਲੱਗ ਰਹੀ ਤਾਂ, ਸਮੁੱਚੀ ਕਾਂਗਰਸ ਵਿੱਚ ਕੁੱਲ ਅੱਠ ਵਾਰ ਨਾਂ ਬੁਲਾਕੇ ਵੋਟ ਲਏ ਗਏ, ਜਿਹੜਾ ਅਤਿਅੰਤ ਮਹੱਤਵਪੂਰਨ ਮਾਮਲਿਆਂ ਵਿੱਚ ਕੀਤਾ ਜਾਂਦਾ ਹੈ ਕਿਉਂਕਿ ਇਹਦੇ ਵਿੱਚ ਬਹੁਤ ਸਮਾਂ ਖ਼ਰਾਬ ਹੁੰਦਾ ਹੈ)। ਨਿਰਸੰਦੇਹ ਸਵਾਲ ਅਸੂਲ ਦਾ ਸੀ। ਕਾਂਗਰਸ ਵਿੱਚ ਬਹਿਸ ਦੌਰਾਨ ਰੋਚਕਤਾ ਅਥਾਹ ਸੀ। **ਸਾਰੇ** ਡੈਲੀਗੇਟਾਂ ਨੇ ਵੋਟ ਪਾਏ—ਇਹ ਸਾਡੀ ਕਾਂਗਰਸ (ਜਿਹਾ ਕਿ ਕਿਸੇ ਵੀ ਵੱਡੀ ਕਾਂਗਰਸ) ਵਿੱਚ ਇੱਕ ਅਸਧਾਰਨ ਘਟਨਾ ਹੈ ਅਤੇ ਅਜਿਹੀ

ਜਿਹੜੀ ਇਸੇ ਤਰ੍ਹਾਂ ਵਿਵਾਦੀਆਂ ਵੱਲੋਂ ਵਿਖਾਈ ਗਈ ਰੋਚਕਤਾ ਦੀ ਸ਼ਾਹਦੀ ਭਰਦੀ ਹੈ।

ਤਾਂ ਫਿਰ ਵਿਵਾਦੀ ਮਾਮਲੇ ਦਾ ਤੱਤ ਕੀ ਸੀ ? ਮੈਂ ਪਹਿਲਾਂ ਹੀ ਕਾਂਗਰਸ ਵਿੱਚ ਕਿਹਾ ਸੀ ਅਤੇ ਉਸਤੋਂ ਪਿੱਛੋਂ ਅਨੇਕ ਵਾਰ ਦੁਹਰਾਇਆ ਹੈ, ਕਿ "ਮੈਂ ਕਿਸੇ ਵੀ ਤਰ੍ਹਾਂ (ਪਹਿਲੇ ਪੈਰੇ ਸੰਬੰਧੀ) ਸਾਡੇ ਮਤ-ਭੇਦਾਂ ਨੂੰ ਪਾਰਟੀ ਲਈ ਜ਼ਿੰਦਗੀ ਜਾਂ ਮੌਤ ਦਾ ਇੰਨੀ ਬੁਨਿਆਦੀ ਮਹੱਤਤਾ ਵਾਲ਼ਾ ਮਾਮਲਾ ਨਹੀਂ ਸਮਝਦਾ। ਨਿਯਮਾਂ ਵਿੱਚ ਇੱਕ ਮੰਦ-ਭਾਗੀ ਧਾਰਾ ਕਾਰਨ ਅਸੀਂ ਨਿਸ਼ਚੇ ਹੀ ਤਬਾਹ ਨਹੀਂ ਹੋ ਜਾਣ ਲੱਗੇ !" (ਪੰਨਾ 250)। ਆਪਣੇ ਆਪ ਵਿੱਚ ਲਿਆਂ, ਇਹ ਮਤ-ਭੇਦ, ਭਾਵੇਂ ਇਹਨੇ ਅਸੂਲ ਦੀਆਂ ਵੰਨਗੀਆਂ ਪ੍ਰਗਟ ਕੀਤੀਆਂ, ਕਦੀ ਉਹ ਫੁੱਟ (ਅਸਲ ਵਿੱਚ, ਵਧੇਰੇ ਰੱਖ-ਰਖਾ ਤੋਂ ਬਿਨਾਂ ਗੱਲ ਕਰਦੇ ਹੋਏ, ਉਹ ਫੁੱਟ) ਨਾ ਲਿਆਉਂਦਾ, ਜਿਹੜੀ ਕਾਂਗਰਸ ਤੋਂ ਪਿੱਛੋਂ ਪਾਈ। ਪਰ ਹਰ **ਨਿੱਕਾ** ਮਤ-ਭੇਦ **ਵੱਡਾ** ਬਣ ਜਾਂਦਾ ਹੈ, ਜੇ ਇਹਦੇ ਉੱਤੇ ਜ਼ੋਰ ਦਿੱਤਾ ਜਾਵੇ, ਜੇ ਇਹਨੂੰ ਮੁੱਖ-ਭੂਮੀ ਵਿੱਚ ਰੱਖ ਦਿੱਤਾ ਜਾਵੇ, ਜੇ ਲੋਕ ਮਤ-ਭੇਦ ਦੀਆਂ ਸਾਰੀਆਂ ਜੜ੍ਹਾਂ ਅਤੇ ਟਹਿਣੀਆਂ ਢੂੰਡਣੀਆਂ **ਸ਼ੁਰੂ ਕਰ ਦੇਣ**। ਜੇ ਇਹ ਨਿਸ਼ਚਿਤ ਰੂਪ ਵਿੱਚ ਗ਼ਲਤ ਵਿਚਾਰਾਂ ਨੂੰ, ਨਵੀਆਂ ਅਤੇ ਵਾਧੂ ਫਾਂਟਾਂ ਕਾਰਨ, **ਅਰਾਜਕਤਾਵਾਦੀ** ਅਮਲਾਂ ਨਾਲ਼ ਮਿਲਾਇਆ ਜਾਵੇ, ਜਿਹੜੇ ਪਾਰਟੀ ਨੂੰ ਫੁੱਟ ਦੀ ਦਹਿਲੀਜ਼ ਉੱਤੇ ਲੈ ਆਉਂਦੇ ਹਨ ਤਾਂ ਹਰ **ਨਿੱਕਾ** ਮਤ-ਭੇਦ **ਅਥਾਹ** ਮਹੱਤਤਾ ਪ੍ਰਾਪਤ ਕਰ ਲੈਂਦਾ ਹੈ।

ਅਤੇ ਹਥਲੇ ਮਾਮਲੇ ਵਿੱਚ ਵੀ ਅਜਿਹਾ ਹੀ ਹੋਇਆ ਹੈ। ਪਹਿਲੇ ਪੈਰੇ ਸੰਬੰਧੀ ਸਾਪੇਖ ਤੌਰ ਉੱਤੇ ਨਿੱਕੇ ਜਿਹੇ ਮਤ-ਭੇਦ ਨੇ ਹੁਣ ਅਥਾਹ ਮਹੱਤਤਾ ਪ੍ਰਾਪਤ ਕਰ ਲਈ ਹੈ, ਕਿਉਂਕਿ ਇਸੇ ਨੇ ਘੱਟਗਿਣਤੀ ਦੀਆਂ ਮੌਕਾਪ੍ਰਸਤ ਗੰਭੀਰਤਾਵਾਂ ਅਤੇ ਅਰਾਜਕਤਾਵਾਦੀ ਫ਼ਿਕਰੇਬਾਜ਼ੀ ਵੱਲ ਹੁਲਾਰਾ ਸ਼ੁਰੂ ਕੀਤਾ (ਵਿਸ਼ੇਸ਼ ਤੌਰ ਉੱਤੇ ਲੀਗ ਦੀ ਕਾਂਗਰਸ ਵਿੱਚ ਅਤੇ ਉਸ ਤੋਂ ਪਿੱਛੋਂ ਨਵੇਂ "ਇਸਕਰਾ" ਦੇ ਪੰਨਿਆਂ ਉੱਤੇ ਵੀ)। ਇਹੋ ਸੀ ਜਿਹੜਾ "ਇਸਕਰਾ"-ਵਾਦੀ ਘੱਟਗਿਣਤੀ ਦੀ "ਇਸਕਰਾ"-ਵਿਰੋਧੀਆਂ ਅਤੇ ਜਿਲ੍ਹਣ ਨਾਲ਼ ਗੱਠਜੋੜ ਦਾ **ਮੁੱਢ ਬਣਿਆ**, ਜਿਸਨੇ ਚੋਣਾਂ ਦੇ ਸਮੇਂ ਤੱਕ ਅੰਤਮ ਅਤੇ ਨਿਸ਼ਚਿਤ ਰੂਪ ਧਾਰਿਆ ਅਤੇ ਜਿਸਨੂੰ ਸਮਝੇ ਬਿਨਾਂ ਕੇਂਦਰੀ ਜਥੇਬੰਦੀਆਂ ਦੀ ਬਣਤਰ ਸਬੰਧੀ ਮੁੱਖ ਅਤੇ ਬੁਨਿਆਦੀ ਮਤ-ਭੇਦ ਨੂੰ **ਸਮਝਣਾ ਅਸੰਭਵ ਹੈ**। ਪਹਿਲੇ ਪੈਰੇ ਸੰਬੰਧੀ ਮਾਰਤੋਵ ਅਤੇ ਐਕਸਲਰੋਦ ਦੀ ਨਿੱਕੀ ਜਿਹੀ ਗ਼ਲਤੀ ਸਾਡੇ ਭਾਂਡੇ ਵਿੱਚ ਪਹਿਲੀ ਤਰੇੜ ਸੀ (ਜਿਹਾ ਕਿ ਮੈਂ ਲੀਗ ਦੀ ਕਾਂਗਰਸ ਵਿੱਚ ਕਿਹਾ ਸੀ)। ਭਾਂਡਾ ਇੱਕ ਪੀਡੀ **ਗੰਢ** ਰਾਹੀਂ ਕਸਕੇ ਬੰਨ੍ਹਿਆ ਜਾ ਸਕਦਾ ਸੀ (ਅਤੇ ਜਲਾਦ ਦੀ ਗੰਢ ਰਾਹੀਂ ਨਹੀਂ, ਜਿਹਾ ਕਿ ਮਾਰਤੋਵ ਨੂੰ ਭੁਲੇਖਾ ਲੱਗਾ, ਜਿਹੜਾ ਲੀਗ ਦੀ ਕਾਂਗਰਸ ਵਿੱਚ ਸਾਰਾ ਸਮਾਂ ਪਾਗਲਪਣ ਦੀ ਹਾਲਤ ਵਿੱਚ ਸੀ।); ਜਾਂ **ਸਾਰੇ** ਯਤਨਾਂ ਦਾ ਰੁਖ਼ ਤਰੇੜ ਨੂੰ ਵੱਡਾ ਬਣਾਉਣ ਅਤੇ ਭਾਂਡੇ ਨੂੰ ਤੋੜਕੇ ਦੋ ਬਣਾਉਣ ਵੱਲ ਕੀਤਾ ਜਾ ਸਕਦਾ ਸੀ। ਅਤੇ ਬਾਈਕਾਟ ਅਤੇ ਜੁਸ਼ੀਲੇ ਮਾਰਤੋਵਵਾਦੀਆਂ ਦੀਆਂ ਹੋਰ ਅਰਾਜਕਤਾਵਾਦੀ ਚਾਲਾਂ ਸਦਕਾ ਐਨ ਇਹੋ ਕੁੱਝ ਹੋਇਆ। ਪਹਿਲੇ ਪੈਰੇ ਸਬੰਧੀ ਮਤ-ਭੇਦਾਂ ਨੇ ਕੇਂਦਰੀ ਸੰਸਥਾਵਾਂ ਦੀਆਂ ਚੋਣਾਂ ਵਿੱਚ ਕੋਈ ਨਿੱਕਾ ਹਿੱਸਾ ਨਾ ਪਾਇਆ, ਅਤੇ ਚੋਣਾਂ ਵਿੱਚ ਮਾਰਤੋਵ ਦੀ ਹਾਰ ਉਹਨੂੰ ਭੱਦੇ ਮਸ਼ੀਨੀ ਅਤੇ ਇਥੋਂ ਤੱਕ ਕਿ ਦੰਗਈ ਢੰਗਾਂ ਸਮੇਤ "ਅਸੂਲਾਂ ਸਬੰਧੀ ਘੋਲ਼" ਵੱਲ ਲੈ ਗਈ

(ਜਿਹਾ ਕਿ "ਵਿਦੇਸ਼ਾਂ ਵਿੱਚ ਰੂਸੀ ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਦੀ ਲੀਗ" ਵਿੱਚ ਉਹਦੇ ਭਾਸ਼ਣ)।

ਹੁਣ, ਜਦੋਂ ਇਹਨਾਂ ਸਾਰੀਆਂ ਘਟਨਾਵਾਂ ਤੋਂ ਪਿੱਛੋਂ ਪਹਿਲੇ ਪੈਰੇ ਦੇ ਸਵਾਲ ਨੇ **ਅਥਾਹ ਮਹੱਤਤਾ** ਪ੍ਰਾਪਤ ਕਰ ਲਈ ਹੈ, ਅਤੇ ਇਹ ਲਾਜ਼ਮੀ ਹੈ ਕਿ ਅਸੀਂ ਸਪਸ਼ਟ ਤੌਰ ਉੱਤੇ ਇਸ ਪੈਰੇ ਉੱਤੇ ਵੋਟਾਂ ਲਏ ਜਾਣ ਸਮੇਂ ਕਾਂਗਰਸ ਵਿੱਚ ਪਰ੍ਹੇਬੰਦੀਆਂ ਦੇ ਖ਼ਾਸੇ ਅਤੇ —ਇਸ ਤੋਂ ਵੀ ਵਧੇਰੇ ਮਹੱਤਵਪੂਰਨ— **ਰਾਵਾਂ ਦੀਆਂ ਉਹਨਾਂ ਵੰਨਗੀਆਂ** ਦੇ ਅਸਲੀ ਖ਼ਾਸੇ, ਜਿਨ੍ਹਾਂ ਆਪਣੇ ਆਪ ਨੂੰ ਪਹਿਲੇ ਪੈਰੇ ਉੱਤੇ ਪ੍ਰਗਟ ਕਰਨਾ ਸ਼ੁਰੂ ਕੀਤਾ, ਦੁਹਾਂ ਦੇ ਖ਼ਾਸੇ ਨੂੰ ਸਪਸ਼ਟ ਤੌਰ ਉੱਤੇ ਅਨੁਭਵ ਕਰੀਏ। **ਹੁਣ**, ਉਹਨਾਂ ਘਟਨਾਵਾਂ ਤੋਂ ਪਿੱਛੋਂ ਜਿਨ੍ਹਾਂ ਤੋਂ ਪਾਠਕ ਜਾਣੂ ਹੈ, ਸਵਾਲ ਦੀ **ਸਥਿਤੀ** ਕੁੱਲ ਇਸ ਤਰ੍ਹਾਂ ਹੈ: ਕੀ ਮਾਰਤੋਵ ਦਾ ਸੂਤਰੀਕਰਨ, ਜਿਸਦੀ ਐਕਸਲਰੋਦ ਨੇ ਹਮਾਇਤ ਕੀਤੀ, ਉਹਦੀ (ਜਾਂ ਉਹਨਾਂ ਦੀ) ਅਸਥਿਰਤਾ, ਡਾਵਾਂਡੋਲਤਾ ਅਤੇ, ਜਿਹਾ ਕਿ ਮੈਂ ਪਾਰਟੀ ਕਾਂਗਰਸ ਵਿੱਚ ਕਿਹਾ (333), ਉਹਨਾਂ ਦੇ ਜੋਰੇਸਵਾਦ[15] ਅਤੇ ਅਰਾਜਕਤਾ ਵੱਲ ਕੁਰਾਹੇ ਨੂੰ ਪ੍ਰਗਟ ਕਰਦੀ ਸੀ, ਜਿਹਾ ਕਿ ਪਲੈਖ਼ਾਨੋਵ ਨੇ ਲੀਗ ਦੀ ਕਾਂਗਰਸ ਵਿੱਚ ਕਿਹਾ (ਲੀਗ ਦੀ ਕਾਰਵਾਈ, ਪੰਨਾ 102 ਅਤੇ ਹੋਰ ਥਾਂ)। ਜਾਂ ਕੀ ਮੇਰਾ ਸੂਤਰੀਕਰਨ, ਜਿਸਦੀ ਪਲੈਖ਼ਾਨੋਵ ਨੇ ਹਮਾਇਤ ਕੀਤੀ, ਗ਼ਲਤ ਨੌਕਰਸ਼ਾਹੀ, ਰੀਤੀਵਾਦੀ, ਪਮਪਾਦੂਰ,[16] ਕੇਂਦਰਵਾਦ ਦੇ ਗ਼ੈਰ-ਸੋਸ਼ਲ-ਡੈਮੋਕ੍ਰੈਟਕ ਸੰਕਲਪ ਨੂੰ ਪ੍ਰਤੀਬਿੰਬਤ ਕਰਦਾ ਸੀ? **ਮੌਕਾਪ੍ਰਸਤੀ ਅਤੇ ਅਰਾਜਕਤਾ ਜਾਂ ਨੌਕਰਸ਼ਾਹੀ ਅਤੇ ਰੀਤੀਵਾਦ?** —ਜਦੋਂ ਨਿੱਕਾ ਮਤ-ਭੇਦ ਵੱਡਾ ਬਣ ਗਿਆ ਹੈ ਮਾਮਲਾ **ਹੁਣ** ਇਥੇ **ਖੜਾ** ਹੈ। ਅਤੇ ਮੇਰੇ ਸੂਤਰੀਕਰਨ ਦੇ ਹੱਕ ਵਿੱਚ ਅਤੇ ਵਿਰੋਧੀ ਦਲੀਲਾਂ ਨੂੰ **ਉਹਨਾਂ ਦੇ ਗੁਣਾਂ ਅਨੁਸਾਰ** ਵਿਚਾਰਦੇ ਹੋਏ, ਸਾਨੂੰ ਸਵਾਲ ਦੀ **ਐਨ ਇਹੋ** ਪੇਸ਼ਕਾਰੀ **ਚੇਤੇ ਰੱਖਣੀ ਚਾਹੀਦੀ ਹੈ**, ਜਿਹੜੀ ਘਟਨਾਵਾਂ ਨੇ ਸਾਡੇ ਸਾਰਿਆਂ ਉੱਤੇ ਠੋਸ ਦਿੱਤੀ ਹੈ, ਜਾਂ, ਜੇ ਇਹ ਗੱਲ ਬਹੁਤ ਲੱਛੇਦਾਰ ਨਾ ਸਮਝੀ ਜਾਵੇ ਤਾਂ ਇਤਿਹਾਸ ਨੇ ਵਿਕਸਤ ਕੀਤੀ ਹੈ।

ਆਓ ਅਸੀਂ ਕਾਂਗਰਸ ਦੀ ਬਹਿਸ ਦੇ ਵਿਸ਼ਲੇਸ਼ਣ ਨਾਲ਼ ਹੱਕ ਵਿੱਚ ਅਤੇ ਵਿਰੁੱਧ ਦਲੀਲਾਂ ਦੇ ਵਿਸ਼ਲੇਸ਼ਣ ਨਾਲ਼ ਮੁੱਢ ਬੰਨ੍ਹੀਏ। ਪਹਿਲਾ ਭਾਸ਼ਣ, ਸਾਥੀ ਯੇਗੋਰੋਵ ਦਾ, ਕੇਵਲ ਇਸ ਲਈ ਰੋਚਕ ਸੀ ਕਿ ਉਹਦਾ ਵਤੀਰਾ (non liquet*, ਇਹ ਗੱਲ ਅਜੇ ਮੇਰੇ ਲਈ ਸਪਸ਼ਟ ਨਹੀਂ, ਮੈਂ ਅਜੇ ਨਹੀਂ ਜਾਣਦਾ ਕਿ ਸੱਚ ਕਿੱਥੇ ਹੈ), ਕਈ ਡੈਲੀਗੇਟਾਂ ਦੇ ਵਤੀਰੇ ਦਾ ਲਖਣਾਇਕ ਸੀ, ਜਿਹੜੇ ਇਸ ਸੱਚਮੁਚ ਨਵੇਂ ਅਤੇ ਚੋਖੇ ਗੁੰਝਲਦਾਰ ਅਤੇ ਵਿਸਥਾਰ-ਪੂਰਵਕ ਸਵਾਲ ਦੀ ਸ਼ੁੱਧਤਾ ਅਤੇ ਗ਼ਲਤੀ ਸਮਝਣੋਂ ਅਸਮਰੱਥ ਸਨ। ਅਗਲੇ ਭਾਸ਼ਣ, ਸਾਥੀ ਐਕਸਲਰੋਦ ਦੇ ਨੇ, ਮਸਲੇ ਨੂੰ ਇੱਕਦਮ ਅਸੂਲ ਦਾ ਮਸਲਾ ਬਣਾ ਦਿੱਤਾ। ਇਹ ਪਹਿਲਾ ਭਾਸ਼ਣ ਸੀ ਜਿਹੜਾ ਉਹਨੇ ਦਿੱਤਾ ਅਤੇ ਉੱਘੇ "ਪ੍ਰੋਫ਼ੈਸਰ" ਨਾਲ਼ ਉਹਦੀ début** ਦੇ

---

* (ਲਾਤੀਨੀ ਭਾਸ਼ਾ) ਇਹ ਸਪਸ਼ਟ ਨਹੀਂ। **—ਅਨੁ.**

** ਯੂਰਪ ਅਤੇ ਅਮਰੀਕਾ ਦੇ ਸਰਦੇ ਪੁਜਦੇ ਪਰਿਵਾਰਾਂ ਵਿੱਚ ਇੱਕ ਰਿਵਾਜ। ਇਸ ਅਨੁਸਾਰ ਧੀ ਦੇ ਬਾਲਗ ਹੋਣ ਉੱਤੇ ਮਾਤਾ ਪਿਤਾ ਮਿੱਤਰਾਂ, ਰਿਸ਼ਤੇਦਾਰਾਂ ਨੂੰ ਪਾਰਟੀ ਦੇਂਦੇ ਹਨ, ਜਿਸ ਤੋਂ ਪਿੱਛੋਂ ਧੀ ਨੂੰ ਪਾਰਟੀਆਂ ਅਤੇ ਸਮਾਰੋਹਾਂ ਉੱਤੇ ਜਾਣ ਦੀ ਖੁੱਲ੍ਹ ਮਿਲ ਜਾਂਦੀ ਹੈ। **—ਅਨੁ.**

ਵਿਸ਼ੇਸ਼ ਤੌਰ ਉੱਤੇ ਸੁਭਾਗਾ ਹੋਣ ਦਾ ਦਾਅਵਾ ਤਾਂ ਉੱਕਾ ਹੀ ਨਹੀਂ ਕੀਤਾ ਜਾ ਸਕਦਾ। ਐਕਸਲਰੋਦ ਨੇ ਕਿਹਾ "ਮੇਰੇ ਵਿਚਾਰ ਅਨੁਸਾਰ ਇਹ ਲਾਜ਼ਮੀ ਹੈ ਕਿ ਅਸੀਂ ਪਾਰਟੀ ਅਤੇ ਜਥੇਬੰਦੀ ਦੇ ਸੰਕਲਪਾਂ ਵਿੱਚ ਫ਼ਰਕ ਕਰੀਏ। ਇਥੇ ਇਹਨਾਂ ਦੇ ਸੰਕਲਪਾਂ ਨੂੰ ਗਡ-ਮਡ ਕੀਤਾ ਜਾ ਰਿਹਾ ਹੈ। ਅਤੇ ਇਹ ਗੜਬੜ ਖ਼ਤਰਨਾਕ ਹੈ।" ਇਹ ਮੇਰੇ ਸੂਤਰੀਕਰਨ ਵਿਰੁੱਧ ਪਹਿਲੀ ਦਲੀਲ ਸੀ। ਇਹਨੂੰ ਵਧੇਰੇ ਧਿਆਨ ਨਾਲ਼ ਵੇਖੋ। ਜਦੋਂ ਮੈਂ ਕਹਿੰਦਾ ਹਾਂ ਕਿ ਪਾਰਟੀ **ਜਥੇਬੰਦੀਆਂ* ਦਾ ਕੁੱਲ ਜੋੜ** ਹੋਣੀ ਚਾਹੀਦੀ ਹੈ (ਅਤੇ ਕੇਵਲ ਹਿਸਾਬੀ ਜੋੜ ਨਹੀਂ ਸਗੋਂ ਸਮੂਹ), ਤਾਂ ਕੀ ਮੈਂ ਪਾਰਟੀ ਅਤੇ ਜਥੇਬੰਦੀ ਦੇ ਸੰਕਲਪਾਂ ਨੂੰ "ਗਡ-ਮਡ ਕਰ ਰਿਹਾ ਹਾਂ"? ਉੱਕਾ ਹੀ ਨਹੀਂ। ਅਜਿਹਾ ਕਰਕੇ ਮੈਂ ਸਪਸ਼ਟਤਾ ਅਤੇ ਸ਼ੁੱਧਤਾ ਨਾਲ਼ ਆਪਣੀ ਇੱਛਾ ਅਤੇ ਮੰਗ ਪੇਸ਼ ਕਰ ਰਿਹਾ ਹਾਂ ਕਿ, ਜਿਥੋਂ ਤੱਕ ਸਵਾਲ ਦੇ ਮੂਹਰੈਲ ਹੋਣ ਦਾ ਸੰਬੰਧ ਹੈ, ਪਾਰਟੀ ਉਨੀ **ਜਥੇਬੰਦ** ਹੋਵੇ, ਜਿੰਨਾ ਵੱਧ ਤੋਂ ਵੱਧ ਸੰਭਵ ਹੈ, ਕਿ ਪਾਰਟੀ ਆਪਣੀਆਂ ਸਫ਼ਾਂ ਵਿੱਚ ਕੇਵਲ ਉਹ ਅੰਸ਼ ਸ਼ਾਮਲ ਕਰੇ, ਜਿਹੜੇ **ਘੱਟ ਤੋਂ ਘੱਟ ਜਥੇਬੰਦੀ ਸੰਭਵ ਬਣਾਉਂਦੇ ਹਨ**। ਦੂਜੇ ਹੱਥ, ਮੇਰੇ ਵਿਰੋਧੀ ਪਾਰਟੀ ਵਿੱਚ ਜਥੇਬੰਦ ਅਤੇ ਗ਼ੈਰ-ਜਥੇਬੰਦ ਅੰਸ਼ਾਂ ਨੂੰ **ਇੱਕੋ ਰੱਸੇ ਬੰਨ੍ਹਣਾ ਚਾਹੁੰਦੇ ਹਨ**, ਉਹਨਾਂ ਨੂੰ ਜਿਹੜੇ ਆਪਣੇ ਆਪ ਨੂੰ ਕਿਸੇ ਸੇਧ ਦਾ ਅਨੁਸਾਰੀ ਬਣਾਉਂਦੇ ਹਨ ਅਤੇ ਉਹਨਾਂ ਨੂੰ ਜਿਹੜੇ ਨਹੀਂ ਬਣਾਉਂਦੇ, ਉੱਨਤ ਅਤੇ ਅਸਾਧ ਤੌਰ ਉੱਤੇ ਪਛੜਿਆਂ ਨੂੰ—ਕਿਉਂਕਿ ਅਸਾਧ ਤੌਰ ਉੱਤੇ ਪਛੜੇ ਜਥੇਬੰਦੀ ਵਿੱਚ ਸ਼ਾਮਲ ਹੋ ਸਕਦੇ ਹਨ। **ਇਹ ਗੜਬੜ** ਨਿਰਸੰਦੇਹ **ਖ਼ਤਰਨਾਕ** ਹੈ। ਐਕਸਲਰੋਦ ਨੇ ਹੋਰ "ਬੀਤੇ ਦੀਆਂ ਸਖ਼ਤੀ ਨਾਲ਼ ਗੁਪਤ ਅਤੇ ਕੇਂਦਰਿਤ ਜਥੇਬੰਦੀਆਂ ਦੀ ਉਦਾਹਰਣ ਦਿੱਤੀ" ("ਜ਼ੇਮਲੀਆ ਈ ਵੋਲੀਆ"[17] ਅਤੇ "ਨਰੋਦਨਾਯਾ ਵੋਲੀਆ"[18]): ਉਹਨੇ ਕਿਹਾ, ਉਹਨਾਂ ਦੁਆਲੇ "ਬਹੁਤ ਸਾਰੇ ਲੋਕ ਜੁੜੇ ਹੋਏ ਸਨ, ਜਿਹੜੇ ਜਥੇਬੰਦੀ ਵਿੱਚ ਸ਼ਾਮਲ ਨਹੀਂ ਸਨ ਪਰ ਇੱਕ ਜਾਂ ਦੂਜੀ ਤਰ੍ਹਾਂ ਇਹਦੀ ਸਹਾਇਤਾ ਕਰਦੇ ਸਨ ਅਤੇ ਜਿਨ੍ਹਾਂ ਨੂੰ

---

* ਸ਼ਬਦ "ਜਥੇਬੰਦੀ" ਆਮ ਤੌਰ ਉੱਤੇ ਦੋ ਅਰਥਾਂ ਵਿੱਚ ਵਰਤਿਆ ਜਾਂਦਾ ਹੈ, ਇੱਕ ਵਿਸ਼ਾਲ ਅਤੇ ਇੱਕ ਸੌੜਾ ਅਰਥ। ਸੌੜੇ ਅਰਥਾਂ ਵਿੱਚ ਇਹ ਘੱਟ ਤੋਂ ਘੱਟ ਜੁੜਤ ਵਾਲ਼ੇ ਰੂਪ ਵਿੱਚ ਲੋਕਾਂ ਦੇ ਇੱਕ ਵਿਅਕਤੀਗਤ ਧੁਰੇ ਦਾ ਸੰਕੇਤਕ ਹੈ। ਵਿਸ਼ਾਲ ਅਰਥਾਂ ਵਿੱਚ ਇਹ ਇੱਕ ਸਮੂਹ ਵਿੱਚ ਇੱਕਮੁਠ ਅਜਿਹੇ ਧੁਰਿਆਂ ਦਾ ਜੋੜ ਹੈ। ਉਦਾਹਰਣ ਵਜੋਂ ਜਲ-ਸੈਨਾ, ਸੈਨਾ ਅਤੇ ਰਾਜ ਇੱਕੋ ਸਮੇਂ ਜਥੇਬੰਦੀਆਂ ਦਾ ਸਮੂਹ ਹੈ (ਸ਼ਬਦ ਦੇ ਸੌੜੇਰੇ ਅਰਥਾਂ ਵਿੱਚ) ਅਤੇ ਬਹੁਤ ਸਾਰੀਆਂ ਸਮਾਜਕ ਜਥੇਬੰਦੀਆਂ ਤੋਂ ਬਣਦੇ ਹਨ (ਸ਼ਬਦ ਦੇ ਵਿਸ਼ਾਲ ਅਰਥਾਂ ਵਿੱਚ)। ਵਿੱਦਿਆ ਵਿਭਾਗ ਇੱਕ ਜਥੇਬੰਦੀ ਹੈ (ਸ਼ਬਦ ਦੇ ਵਿਸ਼ਾਲ ਅਰਥਾਂ ਵਿੱਚ)। ਅਤੇ ਇਹ ਕਈ ਜਥੇਬੰਦੀਆਂ ਤੋਂ ਬਣਦੀ ਹੈ (ਸ਼ਬਦ ਦੇ ਸੌੜੇਰੇ ਅਰਥਾਂ ਵਿੱਚ)। ਇਸ ਤਰ੍ਹਾਂ ਪਾਰਟੀ ਇੱਕ ਜਥੇਬੰਦੀ ਹੈ, ਇੱਕ ਜਥੇਬੰਦੀ **ਹੋਣੀ ਚਾਹੀਦੀ** ਹੈ (ਸ਼ਬਦ ਦੇ ਵਿਸ਼ਾਲ ਅਰਥਾਂ ਵਿੱਚ); ਅਤੇ, ਇਹਦੇ ਨਾਲ਼ ਹੀ ਨਾਲ਼, ਪਾਰਟੀ ਭਿੰਨ ਭਿੰਨ ਤਰ੍ਹਾਂ ਦੀਆਂ ਜਥੇਬੰਦੀਆਂ ਦੀ ਚੋਖੀ ਗਿਣਤੀ ਤੋਂ ਬਣਨੀ ਚਾਹੀਦੀ ਹੈ (ਸ਼ਬਦ ਦੇ ਸੌੜੇਰੇ ਅਰਥਾਂ ਵਿੱਚ)। ਇਸ ਲਈ, ਜਦੋਂ ਐਕਸਲਰੋਦ ਨੇ ਪਾਰਟੀ ਅਤੇ ਜਥੇਬੰਦੀ ਦੇ ਸੰਕਲਪਾਂ ਵਿਚਕਾਰ ਫ਼ਰਕ ਦੀ ਗੱਲ ਕੀਤੀ ਤਾਂ, ਉਹਨੇ, ਪਹਿਲੇ, "ਜਥੇਬੰਦੀ" ਸ਼ਬਦ ਦੇ ਵਿਸ਼ਾਲ ਅਤੇ ਸੌੜੇ ਅਰਥਾਂ ਵਿਚਕਾਰ ਫ਼ਰਕ ਨੂੰ ਮੁੱਖ ਨਾ ਰੱਖਿਆ, ਅਤੇ, ਦੂਜੇ, ਇਹ ਗੱਲ ਨਾ ਵੇਖੀ ਕਿ ਉਹ ਆਪ ਜਥੇਬੰਦ ਅਤੇ ਗ਼ੈਰ-ਜਥੇਬੰਦ ਅੰਸ਼ਾਂ ਨੂੰ **ਗਡ-ਮਡ ਕਰ ਰਿਹਾ ਹੈ।**

ਪਾਰਟੀ ਮੈਂਬਰ ਸਮਝਿਆ ਜਾਂਦਾ ਸੀ।... ਇਸ ਅਸੂਲ ਉੱਤੇ ਸੋਸ਼ਲ-ਡੈਮੋਕ੍ਰੈਟਕ ਜਥੇਬੰਦੀਆਂ ਵਿੱਚ ਹੋਰ ਵੀ ਸਖ਼ਤੀ ਨਾਲ਼ ਅਮਲ ਹੋਣਾ ਚਾਹੀਦਾ ਹੈ"। ਇਥੇ ਅਸੀਂ ਮਾਮਲੇ ਦੇ **ਬੁਨਿਆਦੀ ਨੁਕਤਿਆਂ** ਤੱਕ ਅੱਪੜਦੇ ਹਾਂ: ਕੀ "ਇਹ ਅਸੂਲ" ਸੱਚਮੁਚ ਸੋਸ਼ਲ-ਡੈਮੋਕ੍ਰੈਟਕ ਹੈ—ਇਹ ਅਸੂਲ ਜਿਹੜਾ ਉਹਨਾਂ ਲੋਕਾਂ ਨੂੰ ਜਿਹੜੇ ਪਾਰਟੀ ਦੀ ਕਿਸੇ ਜਥੇਬੰਦੀ ਵਿੱਚ ਸ਼ਾਮਲ ਨਹੀਂ, ਸਗੋਂ ਕੇਵਲ "ਇੱਕ ਜਾਂ ਦੂਜੇ ਢੰਗ ਨਾਲ਼ ਇਹਦੀ ਸਹਾਇਤਾ ਕਰਦੇ ਹਨ", ਆਪਣੇ ਆਪ ਨੂੰ ਪਾਰਟੀ ਮੈਂਬਰ ਕਹਿਣ ਦੀ ਆਗਿਆ ਦੇਂਦਾ ਹੈ? ਅਤੇ ਪਲੈਖ਼ਾਨੋਵ ਨੇ ਇਸ ਸਵਾਲ ਦਾ ਇੱਕੋ ਇੱਕ ਸੰਭਵ ਉੱਤਰ ਦਿੱਤਾ, ਜਦੋਂ ਉਹਨੇ ਕਿਹਾ: "ਐਕਸਲਰੋਦ ਸੱਤਰਵਿਆਂ ਦੀ ਉਦਾਹਰਣ ਦੇਣ ਵਿੱਚ ਗ਼ਲਤ ਸੀ। ਉਸ ਸਮੇਂ ਇੱਕ ਸੁਹਣੀ ਤਰ੍ਹਾਂ ਜਥੇਬੰਦ ਅਤੇ ਸ਼ਾਨਦਾਰ ਬੰਧੇਜ ਵਾਲ਼ਾ ਕੇਂਦਰ ਸੀ; ਜਿਸ ਦੇ ਦੁਆਲੇ ਵੱਖ ਵੱਖ ਪੱਧਰ ਦੀਆਂ ਜਥੇਬੰਦੀਆਂ ਸਨ, ਜਿਹੜੀਆਂ ਉਹਨੇ ਸਿਰਜੀਆਂ ਸਨ, ਅਤੇ ਉਹਨਾਂ ਜਥੇਬੰਦੀਆਂ ਤੋਂ ਬਾਹਰ ਜਿਸ ਗੱਲ ਦੀ ਹੋਂਦ ਸੀ ਉਹ ਸੀ ਘੜਮੱਸ, ਅਰਾਜਕਤਾ। ਉਸ ਘੜਮੱਸ ਦੇ ਅੰਗ ਅੰਸ਼ ਆਪਣੇ ਆਪ ਨੂੰ ਪਾਰਟੀ ਮੈਂਬਰ ਕਹਿੰਦੇ ਸਨ, ਪਰ ਇਸ ਨਾਲ਼ ਕਾਜ਼ ਨੂੰ ਲਾਭ ਪੁੱਜਣ ਦੀ ਥਾਂ ਨੁਕਸਾਨ ਹੀ ਹੋਇਆ। ਸਾਨੂੰ ਸੱਤਰਵਿਆਂ ਦੀ ਅਰਾਜਕਤਾ ਦੀ ਨਕਲ ਨਹੀਂ ਕਰਨੀ ਚਾਹੀਦੀ, ਸਗੋਂ ਉਸ ਤੋਂ ਬਚਣਾ ਚਾਹੀਦਾ ਹੈ।" ਇਉਂ "ਇਹ ਅਸੂਲ" ਜਿਸਨੂੰ ਸਾਥੀ ਐਕਸਲਰੋਦ ਇੱਕ ਸੋਸ਼ਲ-ਡੈਮੋਕ੍ਰੈਟਕ ਅਸੂਲ ਵਜੋਂ ਪੇਸ਼ ਕਰਨਾ ਚਾਹੁੰਦਾ ਹੈ, ਅਸਲ ਵਿੱਚ **ਅਰਾਜਕਤਾਵਾਦੀ ਅਸੂਲ** ਹੈ। ਇਹ ਦਲੀਲ ਰੱਦ ਕਰਨ ਲਈ ਇਹ ਲਾਜ਼ਮੀ ਹੈ ਕਿ ਬੰਦਾ ਇਹ ਦਰਸਾਵੇ ਕਿ ਜਥੇਬੰਦੀ ਤੋਂ ਬਾਹਰ ਕੰਟਰੋਲ, ਸੇਧ ਦੇਣਾ ਅਤੇ ਅਨੁਸ਼ਾਸਨ **ਸੰਭਵ** ਹਨ। ਅਤੇ ਇਹ ਕਿ "ਘੜਮੱਸ ਦੇ ਅੰਸ਼ਾਂ" ਨੂੰ ਪਾਰਟੀ ਮੈਂਬਰ ਦੀ ਪਦਵੀ ਦੇਣ ਦੀ **ਲੋੜ** ਹੈ। ਸਾਥੀ ਮਾਰਤੋਵ ਦੇ ਸੂਤਰੀਕਰਨ ਦੇ ਹਾਮੀ ਇਹਨਾਂ ਵਿੱਚੋਂ **ਕੋਈ ਵੀ** ਗੱਲ ਨਾ ਦਰਸਾ ਸਕੇ ਅਤੇ ਨਾ ਹੀ ਦਰਸਾ ਸਕਦੇ ਸਨ। ਸਾਥੀ ਐਕਸਲਰੋਦ ਨੇ ਉਦਾਹਰਣ ਵਜੋਂ "ਇੱਕ ਪ੍ਰੋਫ਼ੈਸਰ" ਨੂੰ ਲਿਆ "ਜਿਹੜਾ ਆਪਣੇ ਆਪ ਨੂੰ ਸੋਸ਼ਲ-ਡੈਮੋਕ੍ਰੈਟ ਸਮਝਦਾ ਸੀ ਅਤੇ ਆਪਣੇ ਅਜਿਹਾ ਹੋਣ ਦਾ ਐਲਾਨ ਕਰਦਾ ਸੀ"। ਇਸ ਉਦਾਹਰਣ ਵਿਚਲੇ ਵਿਚਾਰ ਨੂੰ ਪੂਰਾ ਕਰਨ ਲਈ, ਸਾਥੀ ਐਕਸਲਰੋਦ ਨੂੰ ਸਾਨੂੰ ਇਹ ਦੱਸਣ ਲਈ ਗੱਲ ਜਾਰੀ ਰੱਖਣੀ ਚਾਹੀਦੀ ਸੀ ਕਿ ਕੀ ਖ਼ੁਦ ਜਥੇਬੰਦ ਸੋਸ਼ਲ-ਡੈਮੋਕ੍ਰੈਟ ਇਸ ਪ੍ਰੋਫ਼ੈਸਰ ਨੂੰ ਸੋਸ਼ਲ-ਡੈਮੋਕ੍ਰੈਟ ਸਮਝਦੇ ਸਨ? ਇਹ ਹੋਰ ਸਵਾਲ ਪੇਸ਼ ਕਰਨ ਵਿੱਚ ਅਸਫ਼ਲ ਰਹਿ ਕੇ ਸਾਥੀ ਐਕਸਲਰੋਦ ਨੇ ਆਪਣੀ ਦਲੀਲ ਅੱਧਵਾਟੀ ਛੱਡ ਦਿੱਤੀ। ਅਖ਼ੀਰ ਇੱਕ ਜਾਂ ਦੂਜੀ ਗੱਲ। ਜਾਂ ਤਾਂ ਜਥੇਬੰਦ ਸੋਸ਼ਲ-ਡੈਮੋਕ੍ਰੈਟ ਵਿਚਾਰ ਅਧੀਨ ਪ੍ਰੋਫ਼ੈਸਰ ਨੂੰ ਸੋਸ਼ਲ-ਡੈਮੋਕ੍ਰੈਟ ਸਮਝਦੇ ਹਨ, ਉਸ ਹਾਲਤ ਵਿੱਚ ਉਹ ਉਹਨੂੰ ਸੋਸ਼ਲ-ਡੈਮੋਕ੍ਰੈਟਕ ਜਥੇਬੰਦੀਆਂ ਵਿੱਚੋਂ ਇੱਕ ਵਿੱਚ ਕਿਉਂ ਨਾ ਸ਼ਾਮਲ ਕਰ ਲੈਣ? ਕਿਉਂਕਿ ਜੇ ਪ੍ਰੋਫ਼ੈਸਰ ਨੂੰ ਇਉਂ ਭਰਤੀ ਕਰ ਲਿਆ ਜਾਂਦਾ ਹੈ, ਉਹਦਾ "ਐਲਾਨ" ਉਹਦੇ ਅਮਲਾਂ ਲਈ ਜ਼ਿੰਮੇਵਾਰ ਹੋਵੇਗਾ, ਅਤੇ ਥੋਥੀਆਂ ਗੱਲਾਂ ਨਹੀਂ ਹੋਵੇਗਾ (ਜਿਵੇਂ ਪ੍ਰੋਫ਼ੈਸਰਾਂ ਦੇ ਐਲਾਨ ਬਹੁਤ ਅਕਸਰ ਹੁੰਦੇ ਹਨ)। ਜਾਂ ਜਥੇਬੰਦ ਸੋਸ਼ਲ-ਡੈਮੋਕ੍ਰੈਟ ਪ੍ਰੋਫ਼ੈਸਰ ਨੂੰ ਸੋਸ਼ਲ-ਡੈਮੋਕ੍ਰੈਟ **ਨਹੀਂ** ਸਮਝਦੇ, ਜਿਸ ਹਾਲਤ ਵਿੱਚ ਉਹਨੂੰ ਪਾਰਟੀ ਮੈਂਬਰ ਦਾ ਮਾਣ ਵਾਲ਼ਾ ਅਤੇ ਜ਼ਿੰਮੇਵਾਰ ਨਾਂ ਵਰਤਣ ਦੀ ਆਗਿਆ ਦੇਣਾ ਵਾਹਯਾਤ,

ਬੇਅਰਥ ਅਤੇ **ਹਾਨੀਕਾਰਕ** ਹੋਵੇਗਾ। ਸੋ ਮਾਮਲਾ ਆਪਣੇ ਆਪ ਨੂੰ ਇਹਨਾਂ ਦੋ ਬਦਲਾਂ ਤੱਕ ਸੀਮਤ ਕਰ ਲੈਂਦਾ ਹੈ: ਜਥੇਬੰਦੀ ਦੇ ਨਿਯਮ ਨੂੰ ਇਕਸਾਰ ਲਾਗੂ ਕਰਨਾ, ਜਾਂ ਅਸੰਗਠਨ ਅਤੇ ਅਰਾਜਕਤਾ ਨੂੰ ਪਵਿੱਤਰਾਉਣਾ ? ਕੀ ਅਸਾਂ **ਸੋਸ਼ਲ-ਡੈਮੋਕ੍ਰੈਟਾਂ** ਦੇ ਪਹਿਲਾਂ ਹੀ ਬਣ ਚੁੱਕੇ ਧੁਰੇ ਦੁਆਲੇ ਪਾਰਟੀ ਉਸਾਰਨੀ ਹੈ, ਜਿਸ ਨੇ, ਉਦਾਹਰਣ ਵਜੋਂ, ਪਾਰਟੀ ਕਾਂਗਰਸ ਕੀਤੀ, ਅਤੇ ਜਿਸਨੂੰ ਹਰ ਤਰ੍ਹਾਂ ਦੀਆਂ ਪਾਰਟੀ ਜਥੇਬੰਦੀਆਂ ਵਿਸ਼ਾਲ ਕਰਨੀਆਂ ਅਤੇ ਗਿਣਤੀ ਵਿੱਚ ਵਧਾਉਣੀਆਂ ਚਾਹੀਦੀਆਂ ਹਨ; ਜਾਂ ਕੀ ਅਸਾਂ ਆਪਣੇ ਆਪ ਨੂੰ ਇਸ ਪਰਚਾਉਣ ਵਾਲ਼ੇ **ਵਾਕੰਸ਼** ਨਾਲ਼ ਸੰਤੁਸ਼ਟ ਕਰ ਲੈਣਾ ਹੈ ਕਿ ਜਿਹੜੇ ਸਹਾਇਤਾ ਦੇਂਦੇ ਹਨ ਉਹ ਸਾਰੇ ਪਾਰਟੀ ਮੈਂਬਰ ਹਨ ? ਸਾਥੀ ਐਕਸਲਰੋਦ ਨੇ ਕਿਹਾ, "ਜੇ ਅਸੀਂ ਲੈਨਿਨ ਦਾ ਗੁਰ ਅਪਣਾ ਲਈਏ ਤਾਂ ਅਸੀਂ ਉਹਨਾਂ ਦੇ ਇੱਕ ਹਿੱਸੇ ਨੂੰ ਬੇੜੀ ਵਿਚੋਂ ਬਾਹਰ ਸੁੱਟ ਰਹੇ ਹੋਵਾਂਗੇ, ਜਿਹੜੇ ਭਾਵੇਂ ਸਿੱਧੀ ਤਰ੍ਹਾਂ ਕਿਸੇ ਪਾਰਟੀ ਜਥੇਬੰਦੀ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕਦੇ, ਇਹਦੇ ਬਾਵਜੂਦ ਪਾਰਟੀ ਮੈਂਬਰ ਹਨ।" ਸਾਥੀ ਐਕਸਲਰੋਦ ਮੇਰੇ ਉੱਤੇ ਸੰਕਲਪਾਂ ਦੀ ਜਿਸ ਗੜਬੜ ਦਾ ਦੋਸ਼ ਲਾਉਣਾ ਚਾਹੁੰਦਾ ਸੀ, ਉਹ ਉਹਦੇ ਆਪਣੇ ਮਾਮਲੇ ਵਿੱਚ ਉੱਘੜ ਕੇ ਸਾਹਮਣੇ ਆਈ ਹੈ: ਉਹ ਪਹਿਲਾਂ ਹੀ ਇਹ ਗੱਲ ਸੁੱਤੇ ਸਿੱਧ ਮੰਨ ਲੈਂਦਾ ਹੈ ਕਿ ਉਹ ਸਾਰੇ ਜਿਹੜੇ ਸਹਾਇਤਾ ਦੇਂਦੇ ਹਨ ਪਾਰਟੀ ਦੇ ਮੈਂਬਰ **ਹਨ**, ਜਦ ਕਿ ਸਾਰੀ ਬਹਿਸ ਇਸੇ ਸੰਬੰਧੀ ਹੈ ਅਤੇ ਸਾਡੇ ਵਿਰੋਧੀਆਂ ਨੇ ਅਜੇ ਤੱਕ ਅਜਿਹੀ ਵਿਆਖਿਆ ਦੀ ਲੋੜ ਅਤੇ ਕਦਰ **ਸਾਬਤ ਕਰਨੀ** ਹੈ। "ਬੇੜੀ ਵਿੱਚੋਂ ਬਾਹਰ ਸੁੱਟਣ" ਦੇ ਵਾਕੰਸ਼ ਦੇ ਅਰਥ ਕੀ ਹਨ, ਜਿਹੜਾ ਪਹਿਲੀ ਨਜ਼ਰੇ ਬੜਾ ਭਿਆਨਕ ਜਾਪਦਾ ਹੈ ? ਜੇ ਕੇਵਲ ਪਾਰਟੀ ਜਥੇਬੰਦੀਆਂ ਵਜੋਂ ਮਾਨਤਾ ਪ੍ਰਾਪਤ ਜਥੇਬੰਦੀਆਂ ਦੇ ਮੈਂਬਰ ਹੀ ਪਾਰਟੀ ਮੈਂਬਰ ਸਮਝੇ ਜਾਂਦੇ ਹਨ, ਉਹ ਲੋਕ ਜਿਹੜੇ "ਸਿੱਧੀ ਤਰ੍ਹਾਂ" ਕਿਸੇ ਪਾਰਟੀ ਜਥੇਬੰਦੀ ਵਿੱਚ ਸ਼ਾਮਲ ਨਹੀਂ ਹੋ ਸਕਦੇ, ਇਹਦੇ ਬਾਵਜੂਦ ਅਜਿਹੀਆਂ ਜਥੇਬੰਦੀਆਂ ਵਿੱਚ ਕੰਮ ਕਰ ਸਕਦੇ ਹਨ ਜਿਹੜੀਆਂ ਪਾਰਟੀ ਦੀਆਂ ਨਹੀਂ ਪਰ ਜਿਹੜੀਆਂ ਉਹਦੇ ਨਾਲ਼ ਸਬੰਧਤ ਹਨ। ਇਹਦੇ ਸਿੱਟੇ ਵਜੋਂ ਉਹਨਾਂ ਨੂੰ ਕੰਮ ਕਰਨੋਂ, ਲਹਿਰ ਵਿੱਚ ਹਿੱਸਾ ਲੈਣੋਂ ਰੋਕਣ ਦੇ ਅਰਥਾਂ ਵਿੱਚ ਕਿਸੇ ਬੇੜੀ ਵਿੱਚੋਂ ਬਾਹਰ ਸੁੱਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹਦੇ ਉਲਟ **ਅਸਲੀ** ਸੋਸ਼ਲ-ਡੈਮੋਕ੍ਰੈਟਾਂ ਤੋਂ ਬਣੀਆਂ ਸਾਡੀਆਂ ਪਾਰਟੀ ਜਥੇਬੰਦੀਆਂ ਜਿੰਨੀਆਂ ਵਧੇਰੇ ਮਜ਼ਬੂਤ ਹੋਣਗੀਆਂ, ਪਾਰਟੀ ਦੇ **ਅੰਦਰ** ਜਿੰਨੀ ਘੱਟ ਡਾਵਾਂਡੋਲਤਾ ਅਤੇ ਅਸਥਿਰਤਾ ਹੋਵੇਗੀ, ਆਪਣੇ ਦੁਆਲੇ ਦੀ ਅਤੇ ਇਹਦੀ ਅਗਵਾਈ ਹੇਠਲੀ ਕਿਰਤੀ-ਜਮਾਤ **ਜਨਤਾ** ਦੇ ਅੰਸ਼ਾਂ ਉੱਤੇ ਪਾਰਟੀ ਦਾ ਪ੍ਰਭਾਵ ਉਨਾ ਹੀ ਵਧੇਰੇ ਵਿਸ਼ਾਲ, ਵਧੇਰੇ ਵੰਨ-ਸੁਵੰਨਾ, ਵਧੇਰੇ ਭਰਪੂਰ ਅਤੇ ਵਧੇਰੇ ਸਫ਼ਲ ਹੋਵੇਗਾ। ਅਖ਼ੀਰ, ਕਿਰਤੀ-ਜਮਾਤ ਦੇ ਕਿਰਤੀ-ਜਮਾਤ ਵਜੋਂ ਪਾਰਟੀ ਨੂੰ ਸਮੁੱਚੀ ਜਮਾਤ ਨਾਲ਼ ਉੱਕਾ ਹੀ ਗਡ-ਮਡ ਨਹੀਂ ਕਰਨਾ ਚਾਹੀਦਾ ਹੈ। ਅਤੇ ਸਾਥੀ ਐਕਸਲਰੋਦ ਐਨ ਇਸ ਗੜਬੜ ਦਾ ਦੋਸ਼ੀ ਹੈ (ਇਹ ਗੱਲ ਸਾਡੇ ਮੌਕਾਪ੍ਰਸਤ ਆਰਥਕਤਾਵਾਦ ਦੀ ਆਮ ਤੌਰ ਉੱਤੇ ਲਖਣਾਇਕ ਹੈ) ਜਦੋਂ ਉਹ ਕਹਿੰਦਾ ਹੈ: "ਪਹਿਲਾਂ ਅਤੇ ਸਭ ਤੋਂ ਪਹਿਲਾਂ, ਨਿਰਸੰਦੇਹ, ਅਸੀਂ ਪਾਰਟੀ ਦੇ ਸਭ ਤੋਂ ਵਧ ਸਰਗਰਮ ਅੰਸ਼ਾਂ ਦੀ ਇੱਕ ਜਥੇਬੰਦੀ ਖੜੀ ਕਰ ਰਹੇ ਹਾਂ; ਇਨਕਲਾਬੀਆਂ ਦੀ ਇੱਕ ਜਥੇਬੰਦੀ; ਪਰ ਕਿਉਂਕਿ ਅਸੀਂ

ਇੱਕ ਜਮਾਤ ਦੀ ਪਾਰਟੀ ਹਾਂ, ਇਸ ਲਈ ਇਹ ਲਾਜ਼ਮੀ ਹੈ ਕਿ ਅਸੀਂ ਇਸ ਗੱਲ ਦਾ ਧਿਆਨ ਰੱਖੀਏ ਕਿ ਅਸੀਂ ਚੇਤੰਨ ਤੌਰ ਉੱਤੇ ਉਹਨਾਂ ਲੋਕਾਂ ਨੂੰ ਪਾਰਟੀ ਦੀਆਂ ਸਫ਼ਾਂ ਵਿੱਚੋਂ ਬਾਹਰ ਨਾ ਰੱਖੀਏ, ਜਿਹੜੇ, ਭਾਵੇਂ ਸ਼ਾਇਦ ਬਹੁਤ ਸਰਗਰਮੀ ਨਾਲ਼ ਤਾਂ ਨਹੀਂ, ਪਰ ਆਪਣੇ ਆਪ ਨੂੰ ਪਾਰਟੀ ਨਾਲ਼ ਸਬੰਧਤ ਕਰਦੇ ਹਨ।" ਪਹਿਲੀ ਗੱਲ, ਸੋਸ਼ਲ–ਡੈਮੋਕ੍ਰੈਟਕ ਕਿਰਤੀ–ਜਮਾਤ ਪਾਰਟੀ ਦੇ ਸਰਗਰਮ ਅੰਸ਼ਾਂ ਵਿੱਚ ਨਾ ਕੇਵਲ ਇਨਕਲਾਬੀਆਂ ਦੀਆਂ ਜਥੇਬੰਦੀਆਂ ਹੋਣਗੀਆਂ, ਸਗੋਂ ਕਿਰਤੀਆਂ ਦੀਆਂ ਜਥੇਬੰਦੀਆਂ ਦਾ **ਇੱਕ ਪੂਰਾ ਸਮੂਹ** ਹੋਵੇਗਾ, ਜਿਨ੍ਹਾਂ ਨੂੰ ਪਾਰਟੀ ਦੀਆਂ ਜਥੇਬੰਦੀਆਂ ਵਜੋਂ ਪ੍ਰਵਾਨ ਕੀਤਾ ਜਾਵੇਗਾ। ਦੂਜੇ, ਕਿਵੇਂ, ਕਿਸ ਤਰਕ ਰਾਹੀਂ, ਇਹ ਤੱਥ ਕਿ ਅਸੀਂ ਕਿਰਤੀ–ਜਮਾਤ ਦੀ ਪਾਰਟੀ ਹਾਂ, ਇਹ ਸਿੱਟਾ ਕੱਢਦਾ ਹੈ ਕਿ ਜਿਹੜੇ ਪਾਰਟੀ ਵਿੱਚ **ਸ਼ਾਮਲ** ਹਨ ਅਤੇ ਜਿਹੜੇ ਪਾਰਟੀ ਨਾਲ਼ **ਸਬੰਧਤ** ਹਨ, ਉਹਨਾਂ ਵਿਚਕਾਰ ਫ਼ਰਕ ਕਰਨ ਦੀ ਲੋੜ ਨਹੀਂ ? ਇਹਦੇ ਐਨ ਉਲਟ: ਕਿਉਂਕਿ ਚੇਤਨਤਾ ਦੇ ਪੱਧਰ ਅਤੇ ਸਰਗਰਮੀ ਦੇ ਪੱਧਰ ਵਿੱਚ ਫ਼ਰਕ ਹਨ, ਇਸ ਲਈ ਪਾਰਟੀ ਨਾਲ਼ ਨੇੜਤਾ ਦੇ ਪੱਧਰ ਵਿੱਚ ਫ਼ਰਕ ਕਰਨਾ ਲਾਜ਼ਮੀ ਹੈ। ਅਸੀਂ ਕਿਰਤੀ–ਜਮਾਤ ਦੀ ਪਾਰਟੀ ਹਾਂ, ਅਤੇ ਇਸੇ ਲਈ ਇਹ ਲਾਜ਼ਮੀ ਹੈ ਕਿ **ਲਗਭਗ ਸਮੁੱਚੀ ਜਮਾਤ** (ਅਤੇ ਯੁੱਧ ਦੇ ਸਮਿਆਂ ਵਿੱਚ, ਘਰੇਲੂ–ਜੰਗ ਦੇ ਸਮੇਂ ਵਿੱਚ ਸਾਰੀ ਜਮਾਤ) ਸਾਡੀ ਪਾਰਟੀ ਦੀ ਅਗਵਾਈ ਹੇਠ ਕੰਮ ਕਰੇ, ਜਿੰਨੀ ਵੱਧ ਤੋਂ ਵੱਧ ਨੇੜਤਾ ਨਾਲ਼ ਸੰਭਵ ਹੋ ਸਕੇ, ਪਾਰਟੀ ਨਾਲ਼ ਜੁੜ ਜਾਵੇ। ਪਰ ਇਹ ਸੋਚਣਾ ਕਿ ਸਰਮਾਏਦਾਰੀ ਅਧੀਨ, ਸਮੁੱਚੀ ਜਮਾਤ ਜਾਂ ਲਗਭਗ ਸਾਰੀ ਜਮਾਤ ਕਦੀ ਇਹਦੇ ਹਰਾਵਲ, ਸੋਸ਼ਲ–ਡੈਮੋਕ੍ਰੈਟਕ ਪਾਰਟੀ ਦੀ ਚੇਤਨਤਾ ਅਤੇ ਸਰਗਰਮੀ ਦੀ ਪੱਧਰ ਤੱਕ ਉੱਠ ਸਕਦੀ ਹੈ, ਮਾਨੀਲੋਵਵਾਦ[19] ਅਤੇ "ਪੂਛਵਾਦ" ਹੋਵੇਗਾ। ਕਿਸੇ ਹੋਸ਼ਮੰਦ ਸੋਸ਼ਲ–ਡੈਮੋਕ੍ਰੈਟ ਨੇ ਕਦੀ ਸ਼ੱਕ ਨਹੀਂ ਕੀਤਾ ਕਿ ਸਰਮਾਏਦਾਰੀ ਅਧੀਨ ਟਰੇਡ ਯੂਨੀਅਨ ਜਥੇਬੰਦੀਆਂ ਵੀ (ਜਿਹੜੀਆਂ ਵਧੇਰੇ ਆਦਿ–ਕਾਲੀਨ ਅਤੇ ਅਣਵਿਕਸਤ ਹਿੱਸਿਆਂ ਨੂੰ ਵੱਧ ਤੋਂ ਵੱਧ ਸਮਝ ਆਉਣ ਵਾਲੀਆਂ ਹਨ) ਸਮੁੱਚੀ ਜਾਂ ਲਗਭਗ ਸਮੁੱਚੀ, ਕਿਰਤੀ ਜਮਾਤ ਨੂੰ ਆਪਣੀ ਵਲਗਣ ਵਿੱਚ ਲੈਣੋਂ ਅਸਮਰੱਥ ਹਨ। ਹਰਾਵਲ ਅਤੇ ਉਹਦੇ ਵੱਲ ਖਿੱਚੀ ਆ ਰਹੀ ਸਾਰੀ ਜਨਤਾ ਵਿੱਚਕਾਰ ਫ਼ਰਕ ਭੁੱਲ ਜਾਣ, ਹਰਾਵਲ ਦੇ ਸਦਾ ਵਧੇਰੇ ਵਿਸ਼ਾਲ ਹਿੱਸਿਆਂ ਨੂੰ ਆਪਣੀ ਪੱਧਰ ਤੱਕ **ਉੱਪਰ ਚੁੱਕਣ** ਦੇ ਕਰਤੱਵ ਨੂੰ ਭੁੱਲ ਜਾਣ, ਦੇ ਅਰਥ ਹਨ ਬਸ ਆਪਣੇ ਆਪ ਨੂੰ ਧੋਖਾ ਦੇਣਾ, ਆਪਣੀਆਂ ਅੱਖਾਂ ਸਾਡੇ ਕਾਰਜਾਂ ਦੀ ਵਿਸ਼ਾਲਤਾ ਵੱਲੋਂ ਬੰਦ ਕਰ ਲੈਣਾ, ਇਹਨਾਂ ਕਾਰਜਾਂ ਨੂੰ ਸੌੜਾ ਕਰ ਦੇਣਾ। ਅਤੇ ਜਿਹੜੇ ਕੇਵਲ ਸਾਥ ਦੇਂਦੇ ਹਨ ਅਤੇ ਜਿਹੜੇ ਵਿੱਚ ਸ਼ਾਮਲ ਹਨ, ਜਿਹੜੇ ਚੇਤੰਨ ਅਤੇ ਸਰਗਰਮ ਹਨ ਅਤੇ ਜਿਹੜੇ ਕੇਵਲ ਸਹਾਇਤਾ ਕਰਦੇ ਹਨ, ਉਹਨਾਂ ਵਿਚਕਾਰ ਫ਼ਰਕ ਮੇਟ ਦੇਣਾ, ਇਹ ਅਜਿਹਾ ਅੱਖਾਂ ਬੰਦ ਕਰਨਾ ਹੀ ਹੈ, ਇਹ ਅਜਿਹਾ ਭੁੱਲ ਜਾਣਾ ਹੀ ਹੈ।

ਜਥੇਬੰਦਕ ਢਿੱਲਪੁਣੇ ਨੂੰ **ਹੱਕੀ ਠਹਿਰਾਉਣ ਲਈ**, ਜਥੇਬੰਦੀ ਨੂੰ ਅਸੰਗਠਨ ਨਾਲ਼ ਗਡ–ਮਡ ਕਰਨ ਨੂੰ **ਹੱਕੀ ਠਹਿਰਾਉਣ ਲਈ** ਇਹ ਦਲੀਲ ਦੇਣਾ ਕਿ ਅਸੀਂ ਇੱਕ ਜਮਾਤ ਦੀ ਪਾਰਟੀ ਹਾਂ, ਨਾਦੇਜ਼ਦਿਨ ਦੀ ਗ਼ਲਤੀ ਦੁਹਰਾਉਣਾ ਹੈ, ਜਿਸਨੇ "ਲਹਿਰ ਦੀਆਂ 'ਜੜ੍ਹਾਂ' ਦੀ

ਡੂੰਘਾਈ ਦੇ ਦਾਰਸ਼ਨਿਕ ਅਤੇ ਸਮਾਜੀ-ਇਤਿਹਾਸਕ ਸਵਾਲ ਨੂੰ ਤਕਨੀਕੀ ਅਤੇ ਜਥੇਬੰਦਕ ਸਵਾਲ ਨਾਲ਼ ਗਡ-ਮਡ ਕੀਤਾ" ("ਕੀ ਕਰਨਾ ਲੋੜੀਏ ?")*। ਇਹੋ ਗੜ-ਬੜ ਹੈ, ਜਿਹੜੀ ਸਾਥੀ ਐਕਸਲਰੋਦ ਦੇ ਚਤੁਰ ਹੱਥਾਂ ਨੇ ਫੈਲਾਈ ਹੈ, ਜਿਸਨੂੰ ਦਰਜਨਾਂ ਵਾਰ ਉਹਨਾਂ ਬੁਲਾਰਿਆਂ ਨੇ ਦੁਹਰਾਇਆ ਹੈ, ਜਿਨ੍ਹਾਂ ਸਾਥੀ ਮਾਰਤੋਵ ਦੇ ਸੂਤਰੀਕਰਨ ਦੀ ਹਮਾਇਤ ਕੀਤੀ। "ਪਾਰਟੀ ਮੈਂਬਰ ਦੀ ਉਪਾਧੀ ਜਿੰਨੀ ਵਧੇਰੇ ਵਿਸ਼ਾਲ ਪੱਧਰ ਉੱਤੇ ਫੈਲ ਜਾਂਦੀ ਹੈ, ਉਨਾ ਹੀ ਚੰਗੇਰਾ ਹੈ", ਮਾਰਤੋਵ ਨੇ ਕਿਹਾ, ਪਰ, ਇਹ ਵਿਆਖਿਆ ਕੀਤੇ ਬਿਨਾਂ ਕਿ ਵਿਸ਼ਾਲ ਪੱਧਰ ਉੱਤੇ ਫ਼ੈਲੀ **ਉਪਾਧੀ** ਦਾ, ਜਿਹੜੀ ਤੱਥ ਨਾਲ਼ ਮੇਲ ਨਹੀਂ ਖਾਂਦੀ, ਲਾਭ ਕੀ ਹੋਵੇਗਾ। ਕੀ ਇਸ ਗੱਲ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਕਿ ਜਿਹੜੇ ਪਾਰਟੀ ਮੈਂਬਰ ਪਾਰਟੀ ਜਥੇਬੰਦੀ ਵਿੱਚ ਸ਼ਾਮਲ ਨਹੀਂ, ਉਹਨਾਂ ਉੱਤੇ ਕੰਟਰੋਲ ਕੇਵਲ ਇਹ ਕਹਾਣੀ ਹੈ। ਵਿਸ਼ਾਲ ਪੱਧਰ ਉੱਤੇ ਫੈਲੀ ਕਹਾਣੀ ਲਾਭਦਾਇਕ ਨਹੀਂ ਸਗੋਂ ਹਾਨੀਕਾਰਕ ਹੁੰਦੀ ਹੈ। "ਜੇ ਹਰ ਹੜਤਾਲੀ, ਆਪਣੇ ਅਮਲਾਂ ਲਈ ਹਰ ਪ੍ਰਦਰਸ਼ਨਕਾਰੀ ਆਪਣੇ ਪਾਰਟੀ ਮੈਂਬਰ ਹੋਣ ਦਾ ਐਲਾਨ ਕਰ ਦੇਵੇ ਤਾਂ ਸਾਨੂੰ ਖ਼ੁਸ਼ੀ ਹੋਣੀ ਚਾਹੀਦੀ" (ਪੰਨਾ 239)। ਕੀ ਸੱਚਮੁਚ ਅਜਿਹਾ ਹੈ ? **ਹਰ ਹੜਤਾਲੀ ਨੂੰ ਆਪਣੇ ਆਪ ਦੇ ਪਾਰਟੀ ਮੈਂਬਰ ਹੋਣ ਦਾ ਐਲਾਨ ਕਰਨ** ਦਾ ਹੱਕ ਹੋਣਾ ਚਾਹੀਦਾ ਹੈ ? ਇਸ ਕਥਨ ਵਿੱਚ ਸਾਥੀ ਮਾਰਤੋਵ ਸੋਸ਼ਲ-ਡੈਮੋਕ੍ਰੇਸੀ ਨੂੰ ਕੇਵਲ ਹੜਤਾਲ ਕਰਨ ਦੀ ਹੱਦ ਤੱਕ **ਨੀਵਾਂ ਕਰਕੇ**, ਆਪਣੀ ਗ਼ਲਤੀ ਨੂੰ ਇੱਕਦਮ ਵਾਹਯਾਤੀ ਦੀ ਹੱਦ ਤੱਕ ਲੈ ਜਾਂਦਾ ਹੈ, ਇਉਂ ਉਹ ਅਕੀਮੋਵਾਂ ਦੀ ਗ਼ਲਤੀ ਨੂੰ ਦੁਹਰਾਉਂਦਾ ਹੈ। ਜੇ ਸੋਸ਼ਲ-ਡੈਮੋਕ੍ਰੈਟ ਹਰ ਹੜਤਾਲ ਦੀ ਅਗਵਾਈ ਕਰਨ ਵਿੱਚ ਸਫ਼ਲ ਹੁੰਦੇ ਤਾਂ ਸਾਨੂੰ ਕੇਵਲ ਖ਼ੁਸ਼ੀ ਹੀ ਹੁੰਦੀ, ਕਿਉਂਕਿ ਇਹ ਉਹਨਾਂ ਦਾ ਸਾਦਾ ਅਤੇ ਵਿਵਾਦ ਰਹਿਤ ਫਰਜ਼ ਹੈ ਕਿ ਉਹ ਪ੍ਰੋਲੇਤਾਰੀ ਦੇ ਜਮਾਤੀ ਘੋਲ਼ ਦੇ ਹਰ ਪ੍ਰਗਟਾਅ ਨੂੰ ਸੇਧ ਦੇਣ ਅਤੇ ਹੜਤਾਲਾਂ ਉਸ ਘੋਲ਼ ਦੇ ਅਤਿਅੰਤ ਡੂੰਘੇ ਅਤੇ ਅਤਿਅੰਤ ਬਲਵਾਨ ਪ੍ਰਗਟਾਵਾਂ ਵਿੱਚੋਂ ਇੱਕ ਹਨ। ਪਰ ਜੇ ਅਸਾਂ ਘੋਲ਼ ਦੇ ਇਸ ਬੁਨਿਆਦੀ ਰੂਪ ਨੂੰ, ਜਿਹੜਾ ipso facto** ਟਰੇਡ ਯੂਨੀਅਨ ਰੂਪ ਤੋਂ ਵੱਧ ਕੁੱਝ ਨਹੀਂ, ਸਰਬ-ਪੱਖੀ, ਚੇਤੰਨ ਸੋਸ਼ਲ-ਡੈਮੋਕ੍ਰੈਟਕ ਘੋਲ਼ ਨਾਲ਼ **ਇੱਕ-ਮਿੱਕ ਕਰੀਏ** ਤਾਂ ਅਸੀਂ ਪੂਛਵਾਦੀ ਹੋਵਾਂਗੇ। ਅਸੀਂ ਮੌਕਾਪ੍ਰਸਤ ਢੰਗ ਨਾਲ਼ ਇੱਕ **ਖ਼ਾਲਸ ਝੂਠ ਨੂੰ ਹੱਕੀ ਠਹਿਰਾ ਰਹੇ ਹੋਵਾਂਗੇ**, ਜੇ ਅਸੀਂ ਹਰ ਹੜਤਾਲੀ ਨੂੰ "ਆਪਣੇ ਆਪ ਨੂੰ ਪਾਰਟੀ ਮੈਂਬਰ ਹੋਣ ਦਾ ਐਲਾਨ" ਕਰਨ ਦਾ ਹੱਕ ਦੇ ਦੇਈਏ, ਕਿਉਂਕਿ ਅਜਿਹਾ "ਐਲਾਨ" **ਮਾਮਲਿਆਂ ਦੀ ਬਹੁਗਿਣਤੀ ਵਿੱਚ "ਝੂਠ"** ਹੋਵੇਗਾ। ਜੇ ਉਸ ਅਸੀਮ ਅਸੰਗਠਨ, ਜਬਰ ਅਤੇ ਝੁਠਲਾਉਣ ਦੇ ਸਨਮੁੱਖ, ਜਿਨ੍ਹਾਂ ਰਾਹੀਂ ਸਰਮਾਏਦਾਰੀ ਲਾਜ਼ਮੀ ਤੌਰ ਉੱਤੇ ਕਿਰਤੀਆਂ ਦੇ ਅਜਿਹੇ ਵਿਸ਼ਾਲ "ਅਸਿੱਖਿਅਤ", ਅਕੁਸ਼ਲ ਹਿੱਸਿਆਂ ਨੂੰ ਦਬਾ ਕੇ ਰੱਖਦੀ ਹੈ, ਜੇ ਅਸੀਂ ਆਪਣੇ ਆਪ ਨੂੰ ਅਤੇ ਹੋਰਾਂ ਨੂੰ ਇਹ ਨਿਸ਼ਚਾ ਕਰਾਉਣ ਦਾ

---

* ਵੇਖੋ, ਵ. ਇ. ਲੈਨਿਨ, ਚੋਣਵੀਆਂ ਕਿਰਤਾਂ, (ਪੰਜਾਬੀ) ਸੈਂਚੀ 1, ਪੰਨਾ 139, ਪ੍ਰਗਤੀ ਪ੍ਰਕਾਸ਼ਨ, ਮਾਸਕੋ **—ਸੰਪਾ.**

* ਐਨ ਤੱਥ ਕਾਰਨ, ਅਸਲੀਅਤ ਵਿੱਚ। **—ਅਨੁ.**

ਯਤਨ ਕਰੀਏ ਕਿ **ਹਰ ਹੜਤਾਲੀ** ਸੋਸ਼ਲ-ਡੈਮੋਕ੍ਰੈਟ ਅਤੇ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦਾ ਮੈਂਬਰ **ਹੋ ਸਕਦਾ ਹੈ**, ਤਾਂ ਅਸੀਂ ਸਵੈ-ਮਗਨ ਸੁਪਨੇਸਾਜ਼ੀ ਤੋਂ ਕੰਮ ਲੈ ਰਹੇ ਹੋਵਾਂਗੇ। "**ਹੜਤਾਲੀ**" ਦੀ ਇਹ ਉਦਾਹਰਣ ਹਰ ਹੜਤਾਲ ਨੂੰ ਸੋਸ਼ਲ-ਡੈਮੋਕ੍ਰੈਟਕ ਢੰਗ ਨਾਲ਼ ਸੇਧ ਦੇਣ ਦੀ **ਇਨਕਲਾਬੀ ਤਾਂਘ** ਅਤੇ **ਮੌਕਾਪ੍ਰਸਤ-ਫ਼ਿਕਰੇਬਾਜ਼ੀ** ਵਿਚਕਾਰ, ਜਿਹੜੀ **ਹਰ** ਹੜਤਾਲੀ ਦੇ ਪਾਰਟੀ ਮੈਂਬਰ ਹੋਣ ਦਾ ਐਲਾਨ ਕਰਦੀ ਹੈ, ਫ਼ਰਕ ਨੂੰ ਵਧੇਰੇ ਸਪਸ਼ਟਤਾ ਨਾਲ਼ ਸਾਹਮਣੇ ਲਿਆਉਂਦੀ ਹੈ। ਅਸੀਂ ਇੱਕ ਜਮਾਤ ਦੀ ਪਾਰਟੀ ਹਾਂ ਕਿਉਂਕਿ ਅਸੀਂ **ਯਥਾਰਥ ਵਿੱਚ** ਲਗਭਗ ਸਮੁੱਚੀ ਜਾਂ ਇਥੋਂ ਤੱਕ ਕਿ ਸਮੁੱਚੀ ਪ੍ਰੋਲੇਤਾਰੀ ਜਮਾਤ ਦੀ ਸੋਸ਼ਲ-ਡੈਮੋਕ੍ਰੈਟਿਕ ਢੰਗ ਨਾਲ਼ ਅਗਵਾਈ ਕਰਦੇ ਹਾਂ; ਪਰ ਕੇਵਲ ਅਕੀਮੋਵ ਹੀ ਇਸਤੋਂ ਇਹ ਸਿੱਟਾ ਕੱਢ ਸਕਦੇ ਹਨ ਕਿ ਇਹ ਲਾਜ਼ਮੀ ਹੈ ਕਿ ਅਸੀਂ **ਸ਼ਬਦਾਂ ਵਿੱਚ** ਪਾਰਟੀ ਅਤੇ ਜਮਾਤ ਨੂੰ ਸਗਵਾਂ ਦੱਸੀਏ।

"ਮੈਂ ਸਾਜ਼ਸ਼ੀ ਜਥੇਬੰਦੀ ਤੋਂ ਡਰਦਾ ਨਹੀਂ", ਸਾਥੀ ਮਾਰਤੋਵ ਨੇ ਉਸੇ ਭਾਸ਼ਣ ਵਿੱਚ ਕਿਹਾ, "ਮੇਰੇ ਲਈ ਸਾਜ਼ਸ਼ੀ ਜਥੇਬੰਦੀ ਦੇ ਤਾਂ ਹੀ ਅਰਥ ਹਨ ਜੇ ਇਹ ਇੱਕ ਵਿਸ਼ਾਲ ਸੋਸ਼ਲ-ਡੈਮੋਕ੍ਰੈਟਕ ਕਿਰਤੀ-ਜਮਾਤੀ ਪਾਰਟੀ ਨਾਲ਼ ਘਿਰੀ ਹੋਵੇ" (ਪੰਨਾ 239)। ਨਿਸ਼ਚਿਤ ਹੋਣ ਲਈ ਉਹਨੂੰ ਕਹਿਣਾ ਚਾਹੀਦਾ ਸੀ: ਜੇ ਇਹ ਵਿਸ਼ਾਲ ਕਿਰਤੀ-ਜਮਾਤੀ **ਲਹਿਰ** ਨਾਲ਼ ਘਿਰੀ ਹੋਵੇ। ਅਤੇ ਇਸ ਰੂਪ ਵਿੱਚ ਸਾਥੀ ਮਾਰਤੋਵ ਦੀ ਪ੍ਰਸਤਾਵਨਾ ਨਾ ਕੇਵਲ ਵਿਵਾਦ ਰਹਿਤ ਹੁੰਦੀ, ਸਗੋਂ ਇੱਕ ਖ਼ਾਲਸ ਸੁੱਤੇ-ਸਿੱਧ ਗੱਲ ਬਣ ਜਾਂਦੀ। ਮੈਂ ਇਸ ਗੱਲ ਵੱਲ ਵਧੇਰੇ ਧਿਆਨ ਦੇ ਰਿਹਾ ਹਾਂ ਕਿਉਂਕਿ ਪਿੱਛੋਂ ਬੋਲਣ ਵਾਲ਼ੇ ਬੁਲਾਰਿਆਂ ਨੇ ਸਾਥੀ ਮਾਰਤੋਵ ਦੀ ਸੁੱਤੇ-ਸਿੱਧ ਗੱਲ ਨੂੰ ਬੜੀ **ਪ੍ਰਚੱਲਤ ਅਤੇ ਬੜੀ ਉਜੱਡ** ਘਿਸੀ-ਪਿਟੀ ਗੱਲ ਵਿੱਚ ਤਬਦੀਲ ਕਰ ਦਿੱਤਾ ਕਿ ਲੈਨਿਨ "ਪਾਰਟੀ ਮੈਂਬਰਾਂ ਦੇ ਕੁੱਲ-ਜੋੜ ਨੂੰ ਸਾਜ਼ਸ਼ੀਆਂ ਦੇ ਕੁੱਲ-ਜੋੜ ਤੱਕ ਸੀਮਤ ਕਰਨਾ ਚਾਹੁੰਦਾ ਹੈ" ਇਹ ਸਿੱਟਾ, ਜਿਹੜਾ ਕੇਵਲ ਮੁਸਕਾਨ ਹੀ ਲਿਆ ਸਕਦਾ ਹੈ, ਸਾਥੀ ਪੋਸਾਦੋਵਸਕੀ ਅਤੇ ਸਾਥੀ ਪੋਪੋਵ ਦੁਹਾਂ ਨੇ ਕੱਢਿਆ ਸੀ; ਅਤੇ ਜਦੋਂ ਮਾਰਤੀਨੋਵ ਅਤੇ ਅਕੀਮੋਵ ਨੇ ਇਹਨੂੰ ਅਪਣਾ ਲਿਆ ਤਾਂ, ਇੱਕ ਮੌਕਾਪ੍ਰਸਤ ਵਾਕੰਸ਼ ਵਜੋਂ ਇਹਦਾ ਖ਼ਾਸਾ ਉੱਕਾ ਹੀ ਸਪਸ਼ਟ ਹੋ ਗਿਆ। ਹੁਣ ਸਾਥੀ ਐਕਸਲਰੋਦ ਪਾਠਕ ਨੂੰ ਜਥੇਬੰਦੀ ਸਬੰਧੀ ਨਵੇਂ "ਇਸਕਰਾ" ਦੇ ਨਵੇਂ ਸੰਪਾਦਕ ਮੰਡਲ ਦੇ ਨਵੇਂ ਵਿਚਾਰਾਂ ਤੋਂ ਜਾਣੂ ਕਰਾਉਣ ਲਈ ਇਸੇ ਦਲੀਲ ਨੂੰ ਵਿਕਸਤ ਕਰ ਰਿਹਾ ਹੈ। ਪਹਿਲਾਂ ਹੀ ਕਾਂਗਰਸ ਵਿੱਚ, ਐਨ ਪਹਿਲੀ ਬੈਠਕ ਸਮੇਂ ਜਿੱਥੇ ਪਹਿਲੇ ਪੈਰੇ ਉੱਤੇ ਵਿਚਾਰ ਕੀਤੀ ਗਈ ਸੀ, ਮੈਂ ਵੇਖਿਆ ਕਿ ਸਾਡੇ ਵਿਰੋਧੀ ਇਸ ਘਟੀਆ ਦਲੀਲ ਨੂੰ ਆਪਣੇ ਲਈ ਵਰਤਣਾ ਚਾਹੁੰਦੇ ਹਨ, ਅਤੇ ਇਸੇ ਲਈ ਮੈਂ ਆਪਣੇ ਭਾਸ਼ਣ ਵਿੱਚ ਚੇਤਾਵਨੀ ਦਿੱਤੀ (ਪੰਨਾ 240): "ਇਹ ਕਲਪਨਾ ਨਹੀਂ ਕਰਨੀ ਚਾਹੀਦੀ ਕਿ ਪਾਰਟੀ ਜਥੇਬੰਦੀਆਂ ਕੇਵਲ ਪੇਸ਼ਾਵਰ ਇਨਕਲਾਬੀਆਂ ਤੋਂ ਬਣਨੀਆਂ ਚਾਹੀਦੀਆਂ ਹਨ। ਸਾਨੂੰ ਹਰ ਤਰ੍ਹਾਂ, ਦਰਜਿਆਂ ਅਤੇ ਧਿਰਾਂ ਦੀਆਂ ਅਤਿਅੰਤ ਭਿੰਨ-ਭਿੰਨ ਜਥੇਬੰਦੀਆਂ ਚਾਹੀਦੀਆਂ ਹਨ, ਅਤਿਅੰਤ ਸੀਮਤ ਅਤੇ ਗੁਪਤ ਤੋਂ ਲੈਕੇ ਅਤੇ ਬਹੁਤ ਵਿਸ਼ਾਲ, ਖੁੱਲ੍ਹੀ ਅਤੇ ਢਿੱਲੀ ਜਥੇਬੰਦੀ ਵਾਲ਼ੀਆਂ।" ਇਹ ਇੰਨਾ ਸਪਸ਼ਟ ਅਤੇ ਸਵੈ-ਪ੍ਰਤੱਖ ਹੈ ਕਿ ਮੈਂ ਇਹਦੇ ਵਿਸਥਾਰ ਵਿੱਚ ਜਾਣ ਦੀ ਲੋੜ ਨਹੀਂ ਸਮਝਦਾ। ਪਰ ਅੱਜ ਜਦੋਂ ਅਸੀਂ ਇੰਨੇ ਸਾਰੇ ਪੱਖਾਂ

ਵਿੱਚ ਪਿੱਛੇ ਖਿੱਚੇ ਗਏ ਹਾਂ, ਬੰਦੇ ਨੂੰ ਇਸ ਵਿਸ਼ੇ ਸੰਬੰਧੀ "ਪੁਰਾਣੇ ਸਬਕ ਦੁਹਰਾਉਣੇ" ਪੈਂਦੇ ਹਨ। ਅਜਿਹਾ ਕਰਨ ਲਈ ਮੈਂ "ਕੀ ਕਰਨਾ ਚਾਹੀਦਾ ਹੈ ?" ਅਤੇ "ਇੱਕ ਸਾਥੀ ਦੇ ਨਾਂ ਖ਼ਤ" ਵਿੱਚੋਂ ਕੁੱਝ ਟੂਕਾਂ ਦਿਆਂਗਾ।

"...ਪਰ ਅਲੈਕਸੇਯੇਵ ਅਤੇ ਮੁਈਸ਼ਕਿਨ ਜਿਹੇ, ਖ਼ਾਲਤੂਰਿਨ ਅਤੇ ਜ਼ੇਲਯਾਬੋਵ ਜਿਹੇ ਨੇਤਾਵਾਂ ਦਾ ਇੱਕ ਗਰੁੱਪ, ਅਤਿਅੰਤ ਸੱਚੇ ਤੇ ਅਮਲੀ ਅਰਥਾਂ ਵਿੱਚ ਸਿਆਸੀ ਕਾਰਜਾਂ ਨਾਲ਼ ਨਿਬੜਣ ਯੋਗ ਹੈ, ਇਸੇ ਕਾਰਨ ਅਤੇ ਜਿਸ ਹੱਦ ਤੱਕ ਕਿ ਉਹਨਾਂ ਦੇ ਜੁਸ਼ੀਲੇ ਪ੍ਰਚਾਰ ਨੂੰ ਆਪਮੁਹਾਰੇ ਤੌਰ ਉੱਤੇ ਜਾਗ ਰਹੀ ਜਨਤਾ ਵਿੱਚੋਂ ਹੁੰਗਾਰਾ ਮਿਲਦਾ ਹੈ, ਅਤੇ ਉਹਨਾਂ ਦੀ ਜ਼ਿੰਦਾਦਿਲ ਤਾਕਤ ਦਾ ਇਨਕਲਾਬੀ ਜਮਾਤ ਵੀ ਉਤਸ਼ਾਹ ਨਾਲ਼ ਦੇਂਦੀ ਅਤੇ ਹਮਾਇਤ ਕਰਦੀ ਹੈ।" ਸੋਸ਼ਲ-ਡੈਮੋਕ੍ਰੈਟਕ **ਪਾਰਟੀ** ਬਣਨ ਲਈ ਇਹ ਲਾਜ਼ਮੀ ਹੈ ਕਿ ਅਸੀਂ ਐਨ ਇਸ **ਜਮਾਤ** ਦੀ **ਹਮਾਇਤ** ਜਿੱਤੀਏ। ਇਹ ਨਹੀਂ ਕਿ ਪਾਰਟੀ ਨੇ ਸਾਜ਼ਸ਼ੀ ਜਥੇਬੰਦੀ ਨੂੰ ਘੇਰਿਆ ਹੋਵੇ, ਜਿਹਾ ਕਿ ਸਾਥੀ ਮਾਰਤੋਵ ਨੇ ਵਿਚਾਰ ਪ੍ਰਗਟ ਕੀਤਾ, ਸਗੋਂ ਇਹ ਕਿ ਇਨਕਲਾਬੀ ਜਮਾਤ, ਪ੍ਰੋਲੇਤਾਰੀ ਨੇ ਪਾਰਟੀ ਨੂੰ ਘੇਰਿਆ ਹੋਵੇ, ਪਿਛਲੇਰੀ ਵਿੱਚ ਸਾਜ਼ਸ਼ੀ ਅਤੇ ਗ਼ੈਰ-ਸਾਜ਼ਸ਼ੀ ਦੋਵੇਂ ਤਰ੍ਹਾਂ ਦੀਆਂ ਜਥੇਬੰਦੀਆਂ ਹੋਣੀਆਂ ਚਾਹੀਦੀਆਂ ਹਨ।

"...ਆਰਥਕ ਘੋਲ਼ ਲਈ ਕਿਰਤੀਆਂ ਦੀਆਂ ਜਥੇਬੰਦੀਆਂ ਟਰੇਡ-ਯੂਨੀਅਨ ਜਥੇਬੰਦੀਆਂ ਹੋਣੀਆਂ ਚਾਹੀਦੀਆਂ ਹਨ। ਇਹ ਲਾਜ਼ਮੀ ਹੈ ਕਿ ਜਿਥੋਂ ਤਕ ਸੰਭਵ ਹੋ ਸਕੇ ਹਰ ਸੋਸ਼ਲ-ਡੈਮੋਕ੍ਰੈਟਕ ਕਿਰਤੀ ਇਹਨਾਂ ਜਥੇਬੰਦੀਆਂ ਦੀ ਸਹਾਇਤਾ ਕਰੇ ਅਤੇ ਉਹਨਾਂ ਵਿੱਚ ਸਰਗਰਮੀ ਨਾਲ਼ ਕੰਮ ਕਰੇ।... ਪਰ, ਜਿੱਥੇ ਇਹ ਗੱਲ ਠੀਕ ਹੈ, ਨਿਸ਼ਚੇ ਹੀ ਇਹ ਮੰਗ ਕਰਨਾ ਸਾਡੇ ਹਿਤਾਂ ਵਿੱਚ ਨਹੀਂ ਕਿ ਕੇਵਲ ਸੋਸ਼ਲ-ਡੈਮੋਕ੍ਰੈਟ ਹੀ ਟਰੇਡ ਯੂਨੀਅਨਾਂ ਦੀ ਮੈਂਬਰੀ ਦੇ ਪਾਤਰ ਹੋਣ, ਕਿਉਂਕਿ ਇਹ ਗੱਲ ਕੇਵਲ ਜਨਤਾ ਉੱਤੇ ਪ੍ਰਭਾਵ ਦੇ ਖੇਤਰ ਨੂੰ ਸੀਮਤ ਹੀ ਕਰੇਗੀ। ਹਰ ਉਸ ਕਿਰਤੀ ਨੂੰ ਜਿਹੜਾ ਮਾਲਕਾਂ ਅਤੇ ਹਕੂਮਤ ਵਿਰੁੱਧ ਘੋਲ਼ ਲਈ ਇੱਕ-ਮੁਠ ਹੋਣ ਦੀ ਲੋੜ ਨੂੰ ਸਮਝਦਾ ਹੈ, ਟਰੇਡ ਯੂਨੀਅਨ ਵਿੱਚ ਸ਼ਾਮਲ ਹੋਣ ਦਿਓ। ਜੇ ਉਹ ਉਹਨਾਂ ਸਾਰਿਆਂ ਨੂੰ, ਜਿਨ੍ਹਾਂ ਘੱਟੋ ਘੱਟ ਸੂਝ ਦੀ ਇਹ ਬੁਨਿਆਦੀ ਪੱਧਰ ਪ੍ਰਾਪਤ ਕਰ ਲਈ ਹੈ ਇੱਕ-ਮੁਠ ਕਰਦੀਆਂ, ਬਹੁਤ **ਵਿਸ਼ਾਲ** ਜਥੇਬੰਦੀਆਂ ਨਹੀਂ ਹਨ ਤਾਂ ਟਰੇਡ ਯੂਨੀਅਨ ਦੇ ਮੰਤਵ ਦੀ ਪ੍ਰਾਪਤੀ ਹੀ ਅਸੰਭਵ ਹੋਵੇਗੀ। ਜਿੰਨੀਆਂ ਵਿਸ਼ਾਲ ਇਹ ਜਥੇਬੰਦੀਆਂ ਹੋਣਗੀਆਂ, ਉਨਾ ਹੀ ਵਿਸ਼ਾਲ ਉਹਨਾਂ ਉੱਤੇ ਸਾਡਾ ਪ੍ਰਭਾਵ ਹੋਵੇਗਾ — ਇੱਕ ਅਜਿਹਾ ਪ੍ਰਭਾਵ, ਜਿਹੜਾ ਆਰਥਕ ਘੋਲ਼ ਦੇ "ਆਪ-ਮੁਹਾਰੇ" ਵਿਕਾਸ ਕਾਰਨ ਨਹੀਂ ਸਗੋਂ ਟਰੇਡ ਯੂਨੀਅਨ ਦੇ ਸੋਸ਼ਲਿਸਟ ਮੈਂਬਰਾਂ ਵੱਲੋਂ ਆਪਣੇ ਸਾਥੀਆਂ ਉੱਤੇ ਪ੍ਰਭਾਵ ਪਾਉਣ ਦੇ ਸਿੱਧੇ ਅਤੇ ਚੇਤੰਨ ਯਤਨ ਦਾ ਸਿੱਟਾ ਹੈ।" (ਪੰਨਾ 86)। ਲੱਗੇ ਹੱਥ ਟਰੇਡ ਯੂਨੀਅਨ ਦੀ ਉਦਾਹਰਣ ਪਹਿਲੇ ਪੈਰੇ ਸਬੰਧੀ ਵਿਵਾਦੀ ਸਵਾਲ ਦੇ ਮੁਲੰਕਣ ਲਈ ਵਿਸ਼ੇਸ਼ ਤੌਰ ਉੱਤੇ ਮਹਤੱਵਪੂਰਨ ਹੈ। ਕਿ ਇਹਨਾਂ ਯੂਨੀਅਨਾਂ ਨੂੰ **ਲਾਜ਼ਮੀ ਤੌਰ ਉੱਤੇ** ਸੋਸ਼ਲ-ਡੈਮੋਕ੍ਰੈਟਕ ਜਥੇਬੰਦੀਆਂ "ਦੇ ਕੰਟਰੋਲ ਅਤੇ ਅਗਵਾਈ ਹੇਠ" ਕੰਮ ਕਰਨਾ ਚਾਹੀਦਾ ਹੈ, ਇਸ ਸੰਬੰਧੀ ਸੋਸ਼ਲ-ਡੈਮੋਕ੍ਰੈਟਾਂ ਵਿੱਚ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ। ਪਰ **ਉਹਨਾਂ ਅਧਾਰਾਂ ਉੱਤੇ** ਟਰੇਡ ਯੂਨੀਅਨਾਂ ਦੇ ਸਾਰੇ ਮੈਂਬਰਾਂ ਨੂੰ

"ਆਪਣੇ" ਪਾਰਟੀ ਮੈਂਬਰ ਹੋਣ ਦਾ "ਐਲਾਨ ਕਰਨ" ਦਾ ਹੱਕ ਦੇ ਦੇਣਾ, ਇੱਕ ਸਪਸ਼ਟ ਵਾਹਯਾਤੀ ਹੋਵੇਗੀ ਅਤੇ ਦੂਹਰਾ ਖ਼ਤਰਾ ਬਣੇਗੀ: ਇੱਕ ਹੱਥ, ਟਰੇਡ-ਯੂਨੀਅਨ ਲਹਿਰ ਦੀਆਂ ਹੱਦਾਂ **ਸੌੜੀਆਂ ਕਰਨ** ਅਤੇ ਇਉਂ ਕਿਰਤੀਆਂ ਦੀ ਇੱਕਮੁਠਤਾ ਕਮਜ਼ੋਰ ਕਰਨ ਦਾ; ਅਤੇ ਦੂਜੇ ਹੱਥ, ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੇ ਦਰ ਅਸਪਸ਼ਟਤਾ ਅਤੇ ਅਸਿਥਰਤਾ ਲਈ ਖੋਲ੍ਹਣ ਦਾ। ਜਰਮਨ ਸੋਸ਼ਲ-ਡੈਮੋਕ੍ਰੈਟਾਂ ਨੂੰ ਇੱਕ ਅਮਲੀ ਮਾਮਲੇ ਵਿੱਚ ਅਜਿਹਾ ਮਸਲਾ ਹੱਲ ਕਰਨਾ ਪਿਆ, ਹੈਂਬਰਗ ਦੇ ਠੇਕੇ ਉੱਤੇ ਕੰਮ ਕਰਨ ਵਾਲ਼ੇ ਰਾਜਾਂ ਦੇ ਪ੍ਰਸਿੱਧ ਮਾਮਲੇ[20] ਵਿੱਚ। ਸੋਸ਼ਲ-ਡੈਮੋਕ੍ਰੈਟ ਇੱਕ ਛਿਣ ਲਈ ਵੀ ਇਹ ਐਲਾਨ ਕਰਨੋਂ ਨਾ ਜਕੇ ਕਿ ਸੋਸ਼ਲ-ਡੈਮੋਕ੍ਰੈਟਾਂ ਦੀਆਂ ਅੱਖਾਂ ਵਿੱਚ ਹੜਤਾਲ ਤੋੜਨਾ ਬੇਅਸੂਲਾ ਕੰਮ ਹੈ, ਅਰਥਾਤ, ਇਹ ਕਬੂਲਣੋਂ ਕਿ ਹੜਤਾਲ ਦੀ ਅਗਵਾਈ ਕਰਨਾ ਅਤੇ ਹਮਾਇਤ ਕਰਨਾ ਉਹਨਾਂ ਦੀ **ਆਪਣੀ** ਬੁਨਿਆਦੀ ਜ਼ਿੰਮੇਵਾਰੀ ਹੈ; ਪਰ ਇਹਦੇ ਨਾਲ਼ ਹੀ ਨਾਲ਼ ਉਹਨਾਂ ਪਾਰਟੀ ਦੇ ਹਿਤਾਂ ਨੂੰ ਟਰੇਡ ਯੂਨੀਅਨਾਂ ਦੇ ਹਿਤਾਂ ਨਾਲ਼ ਸਗਵਾਂ ਕਰਨ ਦੀ ਮੰਗ, ਵਿਅਕਤੀਗਤ ਟਰੇਡ ਯੂਨੀਅਨਾਂ ਦੇ ਵਿਅਕਤੀਗਤ ਕਦਮਾਂ ਲਈ **ਪਾਰਟੀ ਨੂੰ ਜ਼ਿੰਮੇਵਾਰ ਬਣਾਉਣ** ਦੀ ਮੰਗ ਦ੍ਰਿੜ੍ਹਤਾ ਨਾਲ਼ ਰੱਦ ਕਰ ਦਿੱਤੀ। ਪਾਰਟੀ ਨੂੰ ਟਰੇਡ ਯੂਨੀਅਨਾਂ ਵਿੱਚ ਆਪਣੀ ਭਾਵਨਾ ਭਰਨ ਅਤੇ ਉਹਨਾਂ ਨੂੰ ਆਪਣੇ ਪ੍ਰਭਾਵ ਹੇਠ ਲਿਆਉਣ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਉਹ ਕਰੇਗੀ; ਪਰ ਅਜਿਹਾ ਕਰਨ ਲਈ ਇਹ ਲਾਜ਼ਮੀ ਹੈ ਕਿ ਉਹ ਇਹਨਾਂ ਯੂਨੀਅਨਾਂ ਵਿੱਚ ਪੂਰੀ ਤਰ੍ਹਾਂ ਸੋਸ਼ਲ-ਡੈਮੋਕ੍ਰੈਟਕ ਅੰਸ਼ਾਂ ਨੂੰ (ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੇ ਅੰਸ਼ਾਂ ਨੂੰ) ਉਹਨਾਂ ਨਾਲ਼ੋਂ ਨਖੇੜੇ ਜਿਹੜੇ ਪੂਰੀ ਤਰ੍ਹਾਂ ਜਮਾਤੀ ਚੇਤੰਨ ਅਤੇ ਸਿਆਸੀ ਤੌਰ ਉੱਤੇ ਸਰਗਰਮ ਨਹੀਂ ਅਤੇ ਉਹਨਾਂ ਨੂੰ ਗਡ-ਮਡ ਨਾ ਕਰੇ, ਜਿਵੇਂ ਸਾਥੀ ਐਕਸਲਰੋਦ ਚਾਹੁੰਦਾ ਹੈ ਅਸੀਂ ਕਰੀਏ।

"... ਅਤਿ-ਅੰਤ ਗੁਪਤ ਕਾਰਜਾਂ ਦਾ ਇਨਕਲਾਬੀਆਂ ਦੀ ਜਥੇਬੰਦੀ ਵਿੱਚ ਕੇਂਦਰੀਕਰਣ ਬਹੁਤ ਵੱਡੀ ਗਿਣਤੀ ਵਿੱਚ ਉਹਨਾਂ ਹੋਰ ਜਥੇਬੰਦੀਆਂ ਦੀ ਸਰਗਰਮੀ ਦੇ ਫੈਲਾਉ ਤੇ ਗੁਣਵੱਤਾ ਨੂੰ ਘਟਾਵੇਗਾ ਨਹੀਂ, ਸਗੋਂ ਚੰਗੇਰਾ ਬਣਾਵੇਗਾ, ਜਿਹੜੀਆਂ ਵਿਸ਼ਾਲ ਜਨਤਾ ਲਈ ਹਨ ਅਤੇ ਇਸੇ ਲਈ ਵੱਧ ਤੋਂ ਵੱਧ ਸੰਭਵ ਹੱਦ ਤੱਕ ਢਿੱਲੀਆਂ ਅਤੇ ਗ਼ੈਰ-ਗੁਪਤ ਹਨ, ਜਿਹਾ ਕਿ ਕਿਰਤੀਆਂ ਦੀਆਂ ਟਰੇਡ ਯੂਨੀਅਨਾਂ; ਕਿਰਤੀਆਂ ਦੇ ਸਵੈ-ਵਿੱਦਿਆ ਮੰਡਲ, ਗ਼ੈਰ-ਕਨੂੰਨੀ ਸਾਹਿਤ ਪੜ੍ਹਨ ਲਈ ਮੰਡਲ ਅਤੇ ਵਸੋਂ ਦੇ **ਸਾਰੇ** ਹਿੱਸਿਆਂ ਵਿੱਚ ਸੋਸ਼ਲਿਸਟ ਅਤੇ ਜਮਹੂਰੀ ਮੰਡਲ ਵੀ, ਇਤਿ-ਆਦਿ। ਇਹ ਲਾਜ਼ਮੀ ਹੈ ਕਿ ਸਾਡੇ ਅਜਿਹੇ ਮੰਡਲ, ਟਰੇਡ ਯੂਨੀਅਨਾਂ ਅਤੇ ਜਥੇਬੰਦੀਆਂ, ਹਰ ਥਾਂ **ਵੱਧ ਤੋਂ ਵੱਧ** ਸੰਭਵ ਗਿਣਤੀ ਵਿੱਚ ਹੋਣ ਅਤੇ ਕਾਰਜਾਂ ਦੀ ਵਿਸ਼ਾਲ ਤੋਂ ਵਿਸ਼ਾਲ ਵੰਨ-ਸੁਵੰਨਤਾ ਸਹਿਤ ਹੋਣ; ਪਰ ਉਹਨਾਂ ਨੂੰ **ਇਨਕਲਾਬੀਆਂ** ਦੀਆਂ ਜਥੇਬੰਦੀਆਂ ਨਾਲ਼ **ਗਡ-ਮਡ ਕਰਨਾ** ਅਤੇ ਉਹਨਾਂ ਵਿਚਕਾਰ ਸੀਮਾ-ਰੇਖਾ ਨੂੰ ਖ਼ਤਮ ਕਰ ਦੇਣਾ, ਵਾਹਯਾਤ ਅਤੇ ਹਾਨੀਕਾਰਕ ਹੋਵੇਗਾ..." (ਪੰਨਾ 96)। ਇਹ ਟੂਕ ਦਰਸਾਉਂਦੀ ਹੈ ਕਿ ਸਾਥੀ ਮਾਰਤੋਵ ਦਾ ਮੈਨੂੰ ਇਹ ਚੇਤੇ ਕਰਾਉਣਾ ਕਿ ਇਨਕਲਾਬੀਆਂ ਦੀ ਜਥੇਬੰਦੀ ਕਿਰਤੀਆਂ ਦੀਆਂ ਵਿਸ਼ਾਲ ਜਥੇਬੰਦੀਆਂ ਨਾਲ਼ **ਘਿਰੀ** ਹੋਣੀ ਚਾਹੀਦੀ ਹੈ, ਕਿੰਨਾ ਕੁਥਾਂ ਸੀ। ਮੈਂ ਇਸ ਗੱਲ ਵੱਲ "ਕੀ ਕਰਨਾ ਚਾਹੀਦਾ ਹੈ?" ਵਿੱਚ ਪਹਿਲਾਂ ਹੀ

ਧਿਆਨ ਦਵਾ ਚੁੱਕਾ ਸਾਂ ਅਤੇ "ਇੱਕ ਸਾਥੀ ਦੇ ਨਾਂ ਖ਼ਤ" ਵਿੱਚ ਮੈਂ ਇਹ ਵਧੇਰੇ ਨਿਸ਼ਚਿਤ ਰੂਪ ਵਿੱਚ ਪੇਸ਼ ਕੀਤਾ। ਉਥੇ ਮੈਂ ਲਿਖਿਆ ਸੀ, ਕਾਰਖ਼ਾਨਾ ਮੰਡਲ "ਸਾਡੇ ਲਈ ਵਿਸ਼ੇਸ਼ ਤੌਰ ਉੱਤੇ ਮਹੱਤਵਪੂਰਨ ਹਨ: ਲਹਿਰ ਦੀ ਮੁੱਖ ਸ਼ਕਤੀ **ਵੱਡੇ** ਕਾਰਖ਼ਾਨਿਆਂ ਵਿੱਚ ਕਿਰਤੀਆਂ ਦੀ ਜਥੇਬੰਦੀ ਵਿੱਚ ਹੈ, ਕਿਉਂਕਿ ਵੱਡੇ ਕਾਰਖ਼ਾਨਿਆਂ (ਅਤੇ ਮਿੱਲਾਂ) ਵਿੱਚ ਨਾ ਕੇਵਲ ਗਿਣਤੀ ਦੇ ਪੱਖੋਂ, ਸਗੋਂ ਇਸ ਤੋਂ ਵਧੇਰੇ ਪ੍ਰਭਾਵ, ਵਿਕਾਸ ਅਤੇ ਲੜਾਕੂ ਸਮਰੱਥਾ ਦੇ ਪੱਖੋਂ ਕਿਰਤੀ ਜਮਾਤ ਦਾ ਪ੍ਰਮੁੱਖ ਹਿੱਸਾ ਹੈ। ਹਰ ਕਾਰਖ਼ਾਨਾ ਸਾਡੀ ਗੜ੍ਹੀ ਹੋਣਾ ਚਾਹੀਦਾ ਹੈ। ... ਕਾਰਖਾਨਾ ਸਬ-ਕਮੇਟੀਆਂ ਨੂੰ ਸਾਰੇ ਕਾਰਖ਼ਾਨੇ, ਵੱਧ ਤੋਂ ਵੱਧ ਸੰਭਵ ਗਿਣਤੀ ਵਿੱਚ ਕਿਰਤੀਆਂ ਨੂੰ ਹਰ ਤਰ੍ਹਾਂ ਦੇ ਮੰਡਲਾਂ (ਜਾਂ ਕਾਰਕੁਨਾਂ) ਦੇ ਜਾਲ ਦੀ ਵਲਗਣ ਵਿੱਚ ਲੈਣ ਦਾ ਯਤਨ ਕਰਨਾ ਚਾਹੀਦਾ ਹੈ।... ਸਾਰੀਆਂ ਟੋਲੀਆਂ, ਮੰਡਲਾਂ, ਸਬ-ਕਮੇਟੀਆਂ ਆਦਿ ਨੂੰ ਕਮੇਟੀ ਦੀਆਂ ਸੰਸਥਾਵਾਂ ਜਾਂ ਇੱਕ ਕਮੇਟੀ ਦੀਆਂ ਸ਼ਾਖ਼ਾਂ ਦਾ ਦਰਜਾ ਪ੍ਰਾਪਤ ਹੋਣਾ ਚਾਹੀਦਾ ਹੈ। ਉਹਨਾਂ ਵਿੱਚੋਂ ਕੁੱਝ ਰੂਸੀ ਸੋਸ਼ਲ-ਡੈਮੋਕ੍ਰੇਟਕ ਲੇਬਰ ਪਾਰਟੀ ਵਿੱਚ ਸ਼ਾਮਲ ਹੋਣ ਦੀ ਇੱਛਾ ਸਿੱਧੀ ਤਰ੍ਹਾਂ ਪ੍ਰਗਟ ਕਰਨਗੀਆਂ ਅਤੇ, ਜੇ **ਕਮੇਟੀ ਉਹਨਾਂ ਦੀ ਤਸਦੀਕ ਕਰ ਦੇਵੇ**, ਪਾਰਟੀ ਵਿੱਚ ਸਾਮਲ ਹੋ ਜਾਣਗੀਆਂ ਅਤੇ (ਕਮੇਟੀ ਦੀ ਹਦਾਇਤ ਉੱਤੇ ਜਾਂ ਉਹਦੇ ਨਾਲ਼ ਸਹਿਮਤੀ ਰਾਹੀਂ) ਨਿਸ਼ਚਿਤ ਕਾਰਜ ਸਾਂਭ ਲੈਣਗੀਆਂ, ਪਾਰਟੀ ਸੰਸਥਾਵਾਂ ਦੇ ਆਦੇਸ਼ ਮੰਨਣ ਦਾ ਇਕਰਾਰ ਕਰਨਗੀਆਂ, ਉਹਨਾਂ ਨੂੰ **ਉਹੋ ਹੱਕ ਹੋਣਗੇ ਜਿਹੜੇ ਸਾਰੇ ਪਾਰਟੀ ਮੈਂਬਰਾਂ ਨੂੰ ਪ੍ਰਾਪਤ ਹਨ**, ਅਤੇ ਉਹਨਾਂ ਨੂੰ ਕਮੇਟੀ ਦੀ ਮੈਂਬਰੀ ਲਈ ਫ਼ੌਰੀ ਉਮੀਦਵਾਰ ਸਮਝਿਆ ਜਾਵੇਗਾ, ਆਦਿ। ਹੋਰ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਵਿੱਚ **ਸ਼ਾਮਲ ਨਹੀਂ ਹੋਣਗੇ** ਅਤੇ ਉਹਨਾਂ ਨੂੰ ਪਾਰਟੀ ਮੈਂਬਰਾਂ ਵੱਲੋਂ ਸਥਾਪਤ ਕੀਤੇ ਮੰਡਲਾਂ, ਜਾਂ ਪਾਰਟੀ ਦੀ ਇੱਕ ਜਾਂ ਦੂਜੀ ਟੋਲੀ ਨਾਲ਼ ਸੰਬੰਧਿਤ ਹੋਣ ਦਾ ਦਰਜਾ ਪ੍ਰਾਪਤ ਹੋਵੇਗਾ, ਆਦਿ," (ਪੰਨੇ 17-18)। ਮੈਂ ਜਿਹੜੇ ਸ਼ਬਦਾਂ ਉੱਤੇ ਜ਼ੋਰ ਦਿੱਤਾ ਹੈ ਉਹ ਇਸ ਗੱਲ ਨੂੰ ਵਿਸੇਸ਼ ਤੌਰ ਉੱਤੇ ਸਪਸ਼ਟ ਕਰਦੇ ਹਨ ਕਿ ਪਹਿਲੇ ਪੈਰੇ ਦੇ ਮੇਰੇ ਸੂਤਰੀਕਰਨ ਦਾ **ਵਿਚਾਰ** ਪਹਿਲਾਂ ਹੀ "ਇੱਕ ਸਾਥੀ ਦੇ ਨਾਂ ਖ਼ਤ" ਵਿੱਚ ਪੂਰੀ ਤਰ੍ਹਾਂ ਪ੍ਰਗਟ ਕੀਤਾ ਗਿਆ ਸੀ। ਪਾਰਟੀ ਵਿੱਚ ਸ਼ਾਮਲ ਹੋਣ ਲਈ ਸ਼ਰਤਾਂ ਵੱਲ ਉਥੇ ਸਿੱਧੀ ਤਰ੍ਹਾਂ ਸੰਕੇਤ ਕੀਤਾ ਗਿਆ ਹੈ: 1) ਜਥੇਬੰਦੀ ਦੀ ਕੁੱਝ ਪੱਧਰ ਅਤੇ 2) ਪਾਰਟੀ ਕਮੇਟੀ ਵੱਲੋਂ ਤਸਦੀਕ। ਇੱਕ ਪੰਨਾ ਅੱਗੇ ਜਾਕੇ ਮੈਂ ਮੋਟੇ ਤੌਰ ਉੱਤੇ ਇਸ ਗੱਲ ਵੱਲ ਸੰਕੇਤ ਕੀਤਾ ਹੈ ਕਿ ਕਿਹੜੀਆਂ ਟੋਲੀਆਂ ਜਾਂ ਜਥੇਬੰਦੀਆਂ ਪਾਰਟੀ ਵਿੱਚ ਸ਼ਾਮਲ ਕੀਤੀਆਂ (ਜਾਂ ਨਾ ਕੀਤੀਆਂ) ਜਾਣ। "ਵੰਡਾਵੀਆਂ ਟੋਲੀਆਂ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ ਅਤੇ ਉਹਨਾਂ ਨੂੰ ਇਹਦੇ ਮੈਂਬਰਾਂ ਅਤੇ ਅਧਿਕਾਰੀਆਂ ਦੀ ਕੁੱਝ ਗਿਣਤੀ ਦੀ ਵਾਕਫ਼ੀ ਹੋਣੀ ਚਾਹੀਦੀ ਹੈ। ਕਿਰਤ ਦੀਆਂ ਹਾਲਤਾਂ ਅਤੇ ਟਰੇਡ-ਯੂਨੀਅਨ ਮੰਗਾਂ ਘੜਣ ਵਾਲ਼ੀਆਂ ਟੋਲੀਆਂ ਲਈ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦਾ ਹਿੱਸਾ ਹੋਣਾ ਲਾਜ਼ਮੀ ਨਹੀਂ। ਵਿਦਿਆਰਥੀਆਂ, ਅਫ਼ਸਰਾਂ ਜਾਂ ਦਫ਼ਤਰੀ ਮੁਲਾਜ਼ਮਾਂ ਦੀਆਂ ਟੋਲੀਆਂ ਜਿਹੜੀਆਂ ਇੱਕ ਜਾਂ ਦੋ ਪਾਰਟੀ ਮੈਂਬਰਾਂ ਨਾਲ਼ **ਰਲਕੇ** ਸਵੈ-ਵਿੱਦਿਆ ਵਿੱਚ ਰੁੱਝੀਆਂ ਹੋਈਆਂ ਹਨ, ਕਈ ਹਾਲਤਾਂ ਵਿੱਚ ਉਹਨਾਂ ਨੂੰ ਇਸ ਗੱਲ ਦਾ ਪਤਾ ਤੱਕ ਨਹੀਂ ਹੋਣਾ ਚਾਹੀਦਾ ਹੈ ਕਿ

ਉਹ ਪਾਰਟੀ ਦੇ ਮੈਂਬਰ ਹਨ, ਆਦਿ" (ਪੰਨੇ 18-19)।

ਇਥੇ ਤੁਹਾਡੇ ਕੋਲ਼ "ਸੰਜੋਅ ਵਿੱਚੋਂ ਮੂੰਹ ਨੰਗਾ" ਹੋਣ ਦੇ ਵਿਸ਼ੇ ਉੱਤੇ ਵਧੇਰੇ ਸਮੱਗਰੀ ਹੈ! ਜਿਥੇ ਕਿ ਸਾਥੀ ਮਾਰਤੋਵ ਦੇ ਖਰੜੇ ਦਾ ਗੁਰ-ਮੰਤਰ ਪਾਰਟੀ ਅਤੇ ਜਥੇਬੰਦੀਆਂ ਵਿਚਕਾਰ ਸੰਬੰਧਾਂ ਨੂੰ ਛੂੰਹਦਾ ਵੀ ਨਹੀਂ, ਉਥੇ ਮੈਂ ਕਾਂਗਰਸ ਤੋਂ ਲਗਭਗ ਇੱਕ ਵਰ੍ਹਾ ਪਹਿਲਾਂ ਇਹ ਕਿਹਾ ਸੀ ਕਿ ਕੁੱਝ ਜਥੇਬੰਦੀਆਂ ਪਾਰਟੀ ਵਿੱਚ ਸ਼ਾਮਲ ਹੋਣੀਆਂ ਚਾਹੀਦੀਆਂ ਹਨ ਅਤੇ ਕੁੱਝ ਨਹੀਂ। "ਇੱਕ ਸਾਥੀ ਦੇ ਨਾਂ ਖ਼ਤ" ਵਿੱਚ ਉਹ ਵਿਚਾਰ ਪਹਿਲਾਂ ਹੀ ਸਪਸ਼ਟ ਤੌਰ ਉੱਤੇ ਉਲੀਕਿਆਂ ਹੋਇਆ ਸੀ ਜਿਹੜਾ ਮੈਂ ਕਾਂਗਰਸ ਵਿੱਚ ਪੇਸ਼ ਕੀਤਾ। ਮਾਮਲਾ ਬਹੁਤ ਸਪਸ਼ਟ ਰੂਪ ਵਿੱਚ ਇਉਂ ਪੇਸ਼ ਕੀਤਾ ਜਾ ਸਕਦਾ ਹੈ। ਆਮ ਤੌਰ ਉੱਤੇ ਜਥੇਬੰਦੀ ਦੀ ਪੱਧਰ ਅਤੇ ਵਿਸ਼ੇਸ਼ ਤੌਰ ਉੱਤੇ ਜਥੇਬੰਦੀ ਦੀ ਗੁਪਤਤਾ ਦੇ ਆਧਾਰ ਉੱਤੇ ਮੋਟੇ ਤੌਰ ਉੱਤੇ ਹੇਠ ਲਿਖੀਆਂ ਤੈਆਂ ਨਖੇੜੀਆਂ ਜਾ ਸਕਦੀਆਂ ਹਨ: 1) ਇਨਕਲਾਬੀਆਂ ਦੀਆਂ ਜਥੇਬੰਦੀਆਂ, 2) ਕਿਰਤੀਆਂ ਦੀਆਂ ਜਥੇਬੰਦੀਆਂ, ਜਿਹੜੀਆਂ ਵੱਧ ਤੋਂ ਵੱਧ ਸੰਭਵ ਹੱਦ ਤੱਕ ਵਿਸ਼ਾਲ ਹੋਣ (ਮੈਂ ਆਪਣੇ ਆਪ ਨੂੰ ਕਿਰਤੀ ਜਮਾਤ ਤੱਕ ਸੀਮਤ ਰੱਖਦਾ ਹਾਂ, ਇਸ ਗੱਲ ਨੂੰ ਸਵੈ-ਪ੍ਰਤੱਖ ਸਮਝਦੇ ਹੋਏ ਕਿ ਹੋਰ ਜਮਾਤਾਂ ਦੇ ਕੁੱਝ ਅੰਸ਼ ਵੀ ਇਥੇ ਸ਼ਾਮਲ ਕੀਤੇ ਜਾ ਸਕਦੇ ਹਨ)। ਇਹ ਦੋ ਤੈਆਂ ਪਾਰਟੀ ਬਣਾਉਂਦੀਆਂ ਹਨ। ਇਸ ਤੋਂ ਅੱਗੇ, 3) ਪਾਰਟੀ ਨਾਲ਼ ਸੰਬੰਧਤ ਕਿਰਤੀਆਂ ਦੀਆਂ ਜਥੇਬੰਦੀਆਂ; 4) ਕਿਰਤੀਆਂ ਦੀਆਂ ਅਜਿਹੀਆਂ ਜਥੇਬੰਦੀਆਂ ਜਿਹੜੀਆਂ ਪਾਰਟੀ ਨਾਲ਼ ਸੰਬੰਧਤ ਨਹੀਂ ਪਰ ਅਸਲ ਵਿੱਚ ਇਹਦੀ ਅਗਵਾਈ ਅਤੇ ਕੰਟਰੋਲ ਅਧੀਨ ਹਨ; 5) ਕਿਰਤੀ ਸ਼੍ਰੇਣੀ ਦੇ ਗ਼ੈਰ-ਜਥੇਬੰਦ ਅੰਸ਼, ਜਿਹੜੇ ਅੰਸ਼ਕ ਤੌਰ ਉੱਤੇ ਸੋਸ਼ਲ-ਡੈਮੋਕਰੈਟਕ ਪਾਰਟੀ ਦੀ ਅਗਵਾਈ ਅਧੀਨ ਆਉਂਦੇ ਹਨ, ਹਰ ਹਾਲਤ ਵਿੱਚ ਜਮਾਤੀ ਘੋਲ਼ ਦੇ ਵੱਡੇ ਉਭਾਰਾਂ ਸਮੇਂ। ਮੇਰੇ ਸਾਹਮਣੇ ਮਾਮਲਾ ਲਗਭਗ ਇਸ ਢੰਗ ਨਾਲ਼ ਆਉਂਦਾ ਹੈ। ਜਿਵੇਂ ਸਾਥੀ ਮਾਰਤੋਵ ਇਹਨੂੰ ਵੇਖਦਾ ਹੈ, ਉਸ ਅਨੁਸਾਰ ਪਾਰਟੀ ਦੀ ਸੀਮਾ-ਰੇਖਾ ਉੱਕਾ ਹੀ ਅਸਪਸ਼ਟ ਰਹਿੰਦੀ ਹੈ, ਕਿਉਂਕਿ "ਹਰ ਹੜਤਾਲੀ ਆਪਣੇ ਪਾਰਟੀ ਮੈਂਬਰ ਹੋਣ ਦਾ ਐਲਾਨ" ਕਰ ਸਕਦਾ ਹੈ। ਅਜਿਹੀ ਢਿੱਲ ਦਾ ਕੀ ਲਾਭ ਹੈ? ਇੱਕ ਵਿਸ਼ਾਲ ਪੱਧਰ ਉੱਤੇ ਫੈਲੀ "ਉਪਾਧੀ"। ਇਹਦਾ ਨੁਕਸਾਨ ਇਹ ਹੈ ਕਿ ਇਹ ਇੱਕ **ਅਸੰਗਠਨ ਕਰਨ ਵਾਲ਼ਾ** ਵਿਚਾਰ ਪੈਦਾ ਕਰਦੀ ਹੈ, ਜਮਾਤ ਅਤੇ ਪਾਰਟੀ ਨੂੰ ਗਡ-ਮਡ ਕਰਨਾ।

ਅਸਾਂ ਜਿਹੜੀਆਂ ਆਮ ਪ੍ਰਸਤਾਵਨਾਵਾਂ ਪੇਸ਼ ਕੀਤੀਆਂ ਹਨ ਉਹਨਾਂ ਦੀ ਵਿਆਖਿਆ ਲਈ ਆਓ ਅਸੀਂ ਪਹਿਲੇ ਪੈਰੇ ਉੱਤੇ ਕਾਂਗਰਸ ਵਿੱਚ ਹੋਈ ਹੋਰ ਬਹਿਸ ਉਤੇ ਇੱਕ ਉੱਡਦੀ ਉੱਡਦੀ ਨਿਗਾਹ ਮਾਰੀਏ। ਸਾਥੀ ਬਰੂਕੇਰੇ ਨੇ ਮੇਰੇ ਸੂਤਰੀਕਰਨ ਦੇ ਹੱਕ ਵਿੱਚ ਐਲਾਨ ਕੀਤਾ (ਜਿਸ ਉੱਤੇ ਸਾਥੀ ਮਾਰਤੋਵ ਨੂੰ ਬਹੁਤ ਜ਼ਿਆਦਾ ਖ਼ੁਸ਼ੀ ਹੋਈ), ਪਰ ਮਾਰਤੋਵ ਨਾਲ਼ ਸਾਥੀ ਅਕੀਮੋਵ ਦੇ ਏਕੇ ਦੇ ਉਲਟ ਮੇਰੇ ਨਾਲ਼ **ਉਹਦਾ** ਏਕਾ ਉਹਦੇ ਭੁਲੇਖੇ ਉੱਤੇ ਆਧਾਰਤ ਨਿਕਲਿਆ। ਸਾਥੀ ਬਰੂਕੇਰੇ "ਨਿਯਮਾਂ ਨਾਲ਼ ਸਮੁੱਚੇ ਤੌਰ ਉੱਤੇ, ਉਹਨਾਂ ਦੀ ਸਾਰੀ ਭਾਵਨਾ ਨਾਲ਼ ਸਹਿਮਤ ਨਹੀਂ" ਸੀ (ਪੰਨਾ 239), ਅਤੇ ਮੇਰੇ ਸੂਤਰੀਕਰਨ ਦੀ **ਜਮਹੂਰੀਅਤ ਦੇ ਅਧਾਰ ਵਜੋਂ**, ਜਿਸਦੇ "ਰਾਬੋਚੇਏ ਦੇਲੋ" ਦੇ ਹਾਮੀ ਚਾਹਵਾਨ ਸਨ, ਹਮਾਇਤ

ਕੀਤੀ। ਸਾਥੀ ਬਰੂਕੇਰੇ ਇਸ ਅਨੁਭਵ ਤੱਕ ਉੱਪਰ ਨਹੀਂ ਸੀ ਉੱਠਿਆ ਕਿ ਸਿਆਸੀ ਘੋਲ਼ ਵਿੱਚ ਕਈ ਵਾਰ **ਛੁਟੇਰੀ ਬੁਰਾਈ ਨੂੰ ਚੁਣਨ** ਦੀ ਲੋੜ ਹੁੰਦੀ ਹੈ; ਸਾਥੀ ਬਰੁਕੇਰੇ ਨੇ ਇਹ ਅਨੁਭਵ ਨਾ ਕੀਤਾ ਕਿ ਸਾਡੇ ਜਿਹੀ ਕਾਂਗਰਸ ਵਿੱਚ ਜਮਹੂਰੀਅਤ ਦੀ ਹਮਾਇਤ ਕਰਨਾ ਵਿਅਰਥ ਹੈ। ਸਾਥੀ ਅਕੀਮੋਵ ਵਧੇਰੇ ਤਾਕ ਸੀ। ਜਦੋਂ ਉਹਨੇ ਕਿਹਾ ਕਿ "ਸਾਥੀ ਮਾਰਤੋਵ ਅਤੇ ਲੈਨਿਨ ਇਸ ਸਬੰਧੀ ਬਹਿਸ ਰਹੇ ਹਨ ਕਿ ਕਿਹੜਾ [ਸੂਤਰੀਕਰਨ] ਉਹਨਾਂ ਦਾ ਸਾਂਝਾ ਮੰਤਵ ਸਭ ਤੋਂ ਚੰਗੀ ਤਰ੍ਹਾਂ ਪ੍ਰਾਪਤ ਕਰੇਗਾ" (ਪੰਨਾ 252); "ਬਰੁਕੇਰੇ ਅਤੇ ਮੈਂ", ਉਹਨੇ ਗੱਲ ਜਾਰੀ ਰੱਖੀ, "ਉਹ ਚੁਣਨਾ ਚਾਹੁੰਦੇ ਹਨ **ਜਿਹੜਾ ਇਹ ਮੰਤਵ ਘੱਟ ਤੋਂ ਘੱਟ ਹੱਦ ਤੱਕ ਪ੍ਰਾਪਤ ਕਰੇਗਾ।** ਇਸ ਨਜ਼ਰੀਏ ਤੋਂ ਮੈਂ ਮਾਰਤੋਵ ਦਾ ਸੂਤਰੀਕਰਨ ਚੁਣਦਾ ਹਾਂ।" ਅਤੇ ਸਾਥੀ ਅਕੀਮੋਵ ਨੇ ਖੁੱਲ੍ਹੀ ਤਰ੍ਹਾਂ ਵਿਆਖਿਆ ਕੀਤੀ ਕਿ ਉਹ "ਉਹਨਾਂ ਦੇ ਐਨ ਨਿਸ਼ਾਨੇ" (ਅਰਥਾਤ, ਪਲੈਖ਼ਾਨੋਵ, ਮਾਰਤੋਵ ਦੇ ਅਤੇ ਮੇਰੇ—ਇਨਕਲਾਬੀਆਂ ਦੀ ਸੇਧ ਦੇਣ ਵਾਲ਼ੀ ਜਥੇਬੰਦੀ ਦੀ ਸਿਰਜਣਾ) ਨੂੰ "ਅਮਲ ਵਿੱਚ ਨਾ ਆਉਣ ਵਾਲ਼ਾ ਅਤੇ ਹਾਨੀਕਾਰਕ" ਸਮਝਦਾ ਹੈ; ਸਾਥੀ ਮਾਰਤੀਨੋਵ* ਵਾਂਗ, ਉਹਨੇ ਇਸ ਆਰਥਕਤਾਵਾਦੀ ਵਿਚਾਰ ਦੀ ਹਮਾਇਤ ਕੀਤੀ ਕਿ "ਇਨਕਲਾਬੀਆਂ ਦੀ ਜਥੇਬੰਦੀ" ਦੀ ਲੋੜ ਨਹੀਂ ਸੀ। ਉਹਨੂੰ "ਨਿਸ਼ਚਾ" ਸੀ "ਕਿ ਜੀਵਨ ਦੇ ਯਥਾਰਥ ਅਖ਼ੀਰ ਧੁਸ ਮਾਰਕੇ ਸਾਡੀ ਪਾਰਟੀ ਵਿੱਚ ਘੁਸ ਆਉਣਗੇ, ਭਾਵੇਂ ਤੁਸੀਂ ਉਹਨਾਂ ਦਾ ਰਾਹ ਮਾਰਤੋਵ ਦੇ ਸੂਤਰੀਕਰਨ ਨਾਲ਼ ਰੋਕੋ ਜਾਂ ਲੈਨਿਨ ਦੇ ਨਾਲ਼"। "ਜੀਵਨ ਦੇ ਯਥਾਰਥਾਂ" ਦੇ ਇਸ "ਪੂਛਵਾਦੀ" ਸੰਕਲਪ ਨੂੰ ਇਥੇ ਵਿਚਾਰਨ ਦੀ ਕੋਈ ਲੋੜ ਨਾ ਹੁੰਦੀ ਜੇ ਉਹ ਸਾਥੀ ਮਾਰਤੋਵ ਦੇ ਮਾਮਲੇ ਵਿੱਚ ਵੀ ਨਾ ਮਿਲਦੇ। ਸਾਥੀ ਮਾਰਤੋਵ ਦਾ ਦੂਜਾ ਭਾਸ਼ਣ (ਪੰਨਾ 245) ਇੰਨਾ ਰੋਚਕ ਹੈ ਕਿ ਉਹ ਵਿਸਥਾਰ ਨਾਲ਼ ਨਿਰੀਖਣ ਦਾ ਪਾਤਰ ਹੈ।

ਸਾਥੀ ਮਾਰਤੋਵ ਦੀ ਪਹਿਲੀ ਦਲੀਲ: ਪਾਰਟੀ ਜਥੇਬੰਦੀਆਂ ਵੱਲੋਂ ਉਹਨਾਂ ਮੈਂਬਰਾਂ ਉੱਤੇ ਕੰਟਰੋਲ ਜਿਹੜੇ ਉਹਨਾਂ ਵਿੱਚ ਸ਼ਾਮਲ ਨਹੀਂ, "ਸੰਭਵ ਹੈ, ਕਿਉਂਕਿ, ਕਿਸੇ ਨੂੰ ਕੋਈ ਕਾਰਜ ਸੌਂਪ ਕੇ, ਕਮੇਟੀ ਉਹਦੇ ਉੱਤੇ ਨਿਗਾਹ ਰੱਖ ਸਕੇਗੀ" (ਪੰਨਾ 245)। ਇਹ ਥੀਸਸ ਅਦਭੁੱਤ ਤੌਰ ਉੱਤੇ ਲਖਣਾਇਕ ਹੈ, ਕਿਉਂਕਿ, ਜੇ ਮਨੁੱਖ ਇਉਂ ਪੇਸ਼ ਕਰ ਸਕੇ, ਇਹ ਇਸ ਗੱਲ ਦਾ "ਭੇਦ ਦੱਸ ਦੇਂਦਾ ਹੈ" ਕਿ ਮਾਰਤੋਵ ਦੇ ਸੂਤਰੀਕਰਨ ਦੀ **ਕਿਸਨੂੰ** ਲੋੜ ਹੈ ਅਤੇ ਇਹ

---

* ਇਹ ਠੀਕ ਹੈ ਕਿ ਸਾਥੀ ਮਾਰਤੀਨੋਵ ਸਾਥੀ ਅਕੀਮੋਵ ਤੋਂ ਵੱਖਰਾ ਹੋਣਾ ਚਾਹੁੰਦਾ ਸੀ, ਉਹ ਇਹ ਦਰਸਾਉਣਾ ਚਾਹੁੰਦਾ ਸੀ ਕਿ ਸਾਜ਼ਸ਼ੀ ਦੇ ਅਰਥ ਗੁਪਤ ਨਹੀਂ, ਕਿ ਦੋ ਸ਼ਬਦਾਂ ਦੇ ਪਿੱਛੇ ਦੋ ਵੱਖ ਵੱਖ ਸੰਕਲਪ ਸਨ। ਫ਼ਰਕ ਕੀ ਹੈ, ਨਾ ਹੀ ਸਾਥੀ ਮਾਰਤੀਨੋਵ ਨੇ, ਨਾ ਹੀ ਸਾਥੀ ਐਕਸਲਰੋਦ ਨੇ, ਜਿਹੜਾ ਹੁਣ ਉਹਦੀ ਪੈੜ ਉੱਤੇ ਚੱਲ ਰਿਹਾ ਹੈ, ਕਦੀ ਇਹਦੀ ਵਿਆਖਿਆ ਕੀਤੀ। ਸਾਥੀ ਮਾਰਤੀਨੋਵ ਨੇ ਇਉਂ "ਅਮਲ ਕੀਤਾ" ਜਿਵੇਂ ਮੈਂ—ਉਦਾਹਰਣ ਵਜੋਂ "ਕੀ ਕਰਨਾ ਚਾਹੀਦਾ ਹੈ ?" ਵਿੱਚ (ਅਤੇ "ਕਾਰਜਾਂ" ਵਿੱਚ ਵੀ) "ਰਾਜਸੀ ਘੋਲ਼ ਨੂੰ ਸਾਜ਼ਸ਼ ਤੱਕ **ਸੀਮਤ ਰੱਖਣ**" ਦਾ ਸਖ਼ਤੀ ਨਾਲ਼ ਵਿਰੋਧ ਨਾ ਕੀਤਾ ਹੋਵੇ। ਸਾਥੀ ਮਾਰਤੀਨੋਵ ਇਹ ਚਾਹੁੰਦਾ ਸੀ ਕਿ ਉਹਦੇ ਸਰੋਤੇ ਇਹ ਗੱਲ **ਭੁੱਲ ਜਾਣ** ਕਿ ਮੈਂ ਜਿਨ੍ਹਾਂ ਲੋਕਾਂ ਵਿਰੁੱਧ ਲੜਦਾ ਰਿਹਾ ਹਾਂ, ਉਹਨਾਂ ਉਸੇ ਤਰ੍ਹਾਂ **ਇਨਕਲਾਬੀਆਂ ਦੀ ਜਥੇਬੰਦੀ** ਦੀ ਲੋੜ **ਨਹੀਂ ਸੀ ਵੇਖੀ**, ਜਿਵੇਂ ਸਾਥੀ ਅਕੀਮੋਵ ਹੁਣ ਨਹੀਂ ਵੇਖਦਾ।

**ਅਸਲ ਤੱਥ ਵਿੱਚ** ਕਿਸਦੀ ਸੇਵਾ ਕਰੇਗਾ—ਆਜ਼ਾਦ ਕਾਰਜ ਕਰਨ ਵਾਲ਼ੇ ਬੁੱਧੀਜੀਵੀ ਜਾਂ ਕਿਰਤੀਆਂ ਦੀਆਂ ਟੋਲੀਆਂ ਜਾਂ ਕਿਰਤੀ ਜਨ-ਸਮੂਹ। ਤੱਥ ਤਾਂ ਇਹ ਹੈ ਕਿ ਮਾਰਤੋਵ ਦੇ ਸੂਤਰੀਕਰਨ ਦੀਆਂ ਦੋ ਸੰਭਵ ਵਿਆਖਿਆਵਾਂ ਹੋ ਸਕਦੀਆਂ ਹਨ: 1) ਕਿ ਜਿਹੜਾ ਵੀ ਇਹਦੀਆਂ ਜਥੇਬੰਦੀਆਂ ਵਿੱਚੋਂ ਇੱਕ ਦੀ ਅਗਵਾਈ ਅਧੀਨ ਪਾਰਟੀ ਨੂੰ ਨੇਮਬੱਧ ਨਿੱਜੀ ਸਹਾਇਤਾ ਦੇਂਦਾ ਹੈ, ਉਹਨੂੰ "**ਆਪਣੇ**" ਪਾਰਟੀ ਮੈਂਬਰ ਹੋਣ ਦਾ "**ਐਲਾਨ ਕਰਨ**" (ਸਾਥੀ ਮਾਰਤੋਵ ਦੇ ਆਪਣੇ ਸ਼ਬਦ) ਦਾ ਹੱਕ ਹੈ; 2) ਜਿਹੜਾ ਵੀ ਉਹਦੀ ਅਗਵਾਈ ਹੇਠ ਉਹਨੂੰ ਨੇਮਬੱਧ ਨਿੱਜੀ ਸਹਾਇਤਾ ਦੇਂਦਾ ਹੈ, ਕਿਸੇ ਪਾਰਟੀ ਜਥੇਬੰਦੀ ਨੂੰ ਉਹਨੂੰ ਪਾਰਟੀ ਮੈਂਬਰ **ਸਮਝਣ ਦਾ ਹੱਕ** ਹੈ। ਕੇਵਲ ਪਹਿਲੀ ਵਿਆਖਿਆ ਹੀ "ਹਰ ਹੜਤਾਲੀ" ਨੂੰ ਆਪਣੇ ਆਪ ਨੂੰ ਪਾਰਟੀ ਮੈਂਬਰ ਸਮਝਣ ਦਾ ਹੱਕ ਦੇਂਦੀ ਹੈ ਅਤੇ ਤਦਅਨੁਸਾਰ **ਕੇਵਲ ਇਸੇ ਨੇ** ਹੀ ਇੱਕ ਦਮ ਲੀਬਰਾਂ, ਅਕੀਮੋਵਾਂ ਅਤੇ ਮਾਰਤੀਨੋਵਾਂ ਦਾ ਦਿਲ ਜਿੱਤ ਲਿਆ। ਪਰ ਇਹ ਸੂਤਰੀਕਰਨ ਸਪਸ਼ਟ ਤੌਰ ਉੱਤੇ ਇੱਕ ਵਾਕੰਸ਼ ਤੋਂ ਬਿਨਾਂ ਕੁੱਝ ਨਹੀਂ, ਕਿਉਂਕਿ ਇਹ ਸਾਰੀ ਕਿਰਤ ਜਮਾਤ ਉੱਤੇ ਲਾਗੂ ਹੁੰਦਾ ਹੈ, ਅਤੇ ਪਾਰਟੀ ਅਤੇ ਜਮਾਤ ਵਿਚਕਾਰ ਵਖਰੇਵਾਂ ਖ਼ਤਮ ਕਰ ਦਿੱਤਾ ਜਾਵੇਗਾ; "ਹਰ ਹੜਤਾਲੀ" ਉੱਤੇ ਕੰਟਰੋਲ ਅਤੇ ਅਗਵਾਈ ਦੇਣ ਦੀ ਗੱਲ ਕੇਵਲ "ਸੰਕੇਤਕ" ਹੀ ਹੋ ਸਕਦਾ ਹੈ। ਇਸੇ ਲਈ ਆਪਣੀ ਦੂਜੀ ਤਕਰੀਰ ਵਿੱਚ, ਸਾਥੀ ਮਾਰਤੋਵ ਇੱਕਦਮ ਦੂਜੀ ਵਿਆਖਿਆ ਵਿੱਚ ਤਿਲਕ ਗਿਆ (ਭਾਵੇਂ, ਬਰੈਕਟਾਂ ਵਿੱਚ ਇਹ ਕਹਿ ਦੇਣਾ ਲਾਜ਼ਮੀ ਹੈ ਕਿ ਜਦੋਂ ਉਹਨੇ ਕੋਸਤਿਚ ਦਾ ਪ੍ਰਸਤਾਵ[21] ਰੱਦ ਕੀਤਾ ਤਾਂ ਕਾਂਗਰਸ ਨੇ **ਇਹ ਸਿੱਧੀ ਤਰ੍ਹਾਂ ਰੱਦ ਕਰ ਦਿੱਤੀ** —ਪੰਨਾ 255), ਅਰਥਾਤ, ਕਿ ਕਮੇਟੀ ਕਾਰਜ ਸੌਂਪ ਸਕਦੀ ਅਤੇ ਉਹਨਾਂ ਦੀ ਪੂਰਤੀ ਉੱਤੇ ਨਿਗਾਹ ਰੱਖ ਸਕਦੀ ਹੈ। ਨਿਰਸੰਦੇਹ, ਅਜਿਹੇ ਵਿਸ਼ੇਸ਼ ਕਾਰਜ ਕਿਰਤੀਆਂ ਦੇ **ਸਮੂਹ** ਨੂੰ, ਉਹਨਾਂ **ਹਜ਼ਾਰਾਂ** ਪ੍ਰੋਲੇਤਾਰੀਆਂ ਨੂੰ (ਜਿਨ੍ਹਾਂ ਦੀ ਸਾਥੀ ਐਕਸਲਰੋਦ ਅਤੇ ਮਾਰਤੀਨੋਵ ਨੇ ਗੱਲ ਕੀਤੀ) ਨਹੀਂ ਸੌਂਪੇ ਜਾਣਗੇ—ਉਹ ਐਨ ਉਹਨਾਂ **ਪ੍ਰੋਫ਼ੈਸਰਾਂ** ਨੂੰ ਦਿੱਤੇ ਜਾਣਗੇ ਜਿਨ੍ਹਾਂ ਦਾ ਸਾਥੀ ਐਕਸਲਰੋਦ ਨੇ ਵਰਣਨ ਕੀਤਾ, ਉਹਨਾਂ **ਹਾਈ ਸਕੂਲ ਦੇ ਵਿਦਿਆਰਥੀਆਂ** ਨੂੰ ਦਿੱਤੇ ਜਾਣਗੇ ਜਿਨ੍ਹਾਂ ਸਬੰਧੀ ਸਾਥੀ ਲੀਬਰ ਅਤੇ ਸਾਥੀ ਪੋਪੋਵ ਨੂੰ ਇੰਨੀ ਫ਼ਿਕਰਮੰਦੀ ਸੀ (ਪੰਨਾ 241), ਅਤੇ ਉਹਨਾਂ **ਇਨਕਲਾਬੀ ਨੌਜੁਆਨਾਂ** ਨੂੰ, ਜਿਨ੍ਹਾਂ ਵੱਲ ਸਾਥੀ ਐਕਸਲਰੋਦ ਨੇ ਆਪਣੇ ਦੂਜੇ ਭਾਸ਼ਣ ਵਿੱਚ ਸੰਕੇਤ ਕੀਤਾ (ਪੰਨਾ 242)। ਮੁੱਕਦੀ ਗੱਲ, ਸਾਥੀ ਮਾਰਤੋਵ ਦਾ ਗੁਰ ਜਾਂ ਤਾਂ ਇੱਕ ਬੇਜਾਨ ਸ਼ਬਦ ਰਹੇਗਾ ਜਾਂ ਇੱਕ ਥੋਥਾ ਵਾਕੰਸ਼, ਜਾਂ ਉਹ ਮੁੱਖ ਅਤੇ ਲਗਭਗ ਅਨੰਨ ਤੌਰ ਉੱਤੇ "**ਬੁੱਧੀਜੀਵੀਆਂ ਨੂੰ, ਜਿਹੜੇ ਪੂਰੀ ਤਰ੍ਹਾਂ ਬੁਰਜੂਆ ਵਿਅਕਤੀਵਾਦ ਨਾਲ਼ ਗੜੁੱਚੇ ਹੋਏ ਹਨ**" ਅਤੇ ਕਿਸੇ ਜਥੇਬੰਦੀ ਵਿੱਚ ਸ਼ਾਮਲ ਹੋਣ ਦੇ ਇੱਛਕ ਨਹੀਂ, ਲਾਭ ਪੁਚਾਵੇਗਾ। **ਜ਼ਬਾਨੀ ਕਲਾਮੀ** ਮਾਰਤੋਵ ਦਾ ਸੂਤਰੀਕਰਨ ਪ੍ਰੋਲੇਤਾਰੀ ਦੀਆਂ ਵਿਸ਼ਾਲ ਪਰਤਾਂ ਦੇ ਹਿਤਾਂ ਦੀ ਰੱਖਿਆ ਕਰਦਾ ਹੈ; ਪਰ **ਤੱਥ ਵਿੱਚ** ਉਹਨਾਂ **ਬੁਰਜੂਆ ਬੁੱਧੀਜੀਵੀਆਂ** ਦੇ ਹਿਤਾਂ ਦੀ ਸੇਵਾ ਕਰਦਾ ਹੈ, ਜਿਹੜੇ ਪ੍ਰੋਲੇਤਾਰੀ ਬੰਧੇਜ ਅਤੇ ਜਥੇਬੰਦੀ ਤੋਂ ਜਕਦੇ ਹਨ। ਕੋਈ ਇਸ ਗੱਲ ਤੋਂ ਇਨਕਾਰ ਕਰਨ ਦੀ ਹਿੰਮਤ ਨਹੀਂ ਕਰੇਗਾ ਕਿ ਨਵੀਨ ਸਰਮਾਏਦਾਰ ਸਮਾਜ ਦੀ **ਇੱਕ ਵਿਸ਼ੇਸ਼ ਪਰਤ ਵਜੋਂ ਬੁੱਧੀਜੀਵੀਆਂ** ਦਾ ਲੱਛਣ ਮੁੱਖ ਤੌਰ

ਉੱਤੇ, **ਐਨ ਵਿਅਕਤੀਵਾਦ**, ਬੰਧੇਜ ਅਤੇ ਜਥੇਬੰਦੀ ਲਈ ਨਿਰਯੋਗਤਾ ਹੈ (ਉਦਾਹਰਣ ਵਜੋਂ, ਵੇਖੋ ਬੁੱਧੀਜੀਵੀਆਂ ਸੰਬੰਧੀ ਕਾਊਤਸਕੀ ਦੇ ਉੱਘੇ ਲੇਖ)। ਲਗਦੇ ਹੱਥ, ਇਹ ਉਹ ਲੱਛਣ ਹੈ ਜਿਹੜਾ ਇਸ ਸਮਾਜੀ ਪਰਤ ਨੂੰ ਪ੍ਰੋਲੇਤਾਰੀ ਤੋਂ ਅਸੁਖਾਵੇਂ ਢੰਗ ਨਾਲ਼ ਵੱਖ ਕਰਦਾ ਹੈ; ਇਹ ਬੁੱਧੀਜੀਵੀ ਦੇ ਪਿਲਪਿਲੇਪੁਣੇ ਅਤੇ ਅਸਥਿਰਤਾ ਦੇ, ਜਿਸਨੂੰ ਪ੍ਰੋਲੇਤਾਰੀ ਇੰਨਾ ਅਕਸਰ ਅਨੁਭਵ ਕਰਦਾ ਹੈ, ਮੁੱਖ ਕਾਰਨਾਂ ਵਿੱਚੋਂ ਇੱਕ ਹੈ, ਅਤੇ ਬੁੱਧੀਜੀਵੀਆਂ ਦਾ ਇਹ ਲੱਛਣ ਉਹਦੇ ਜੀਵਨ ਦੇ ਆਮ ਢੰਗ ਨਾਲ਼, ਉਹਦੇ ਉਪਜੀਵਕਾ ਪ੍ਰਾਪਤ ਕਰਨ ਦੇ ਢੰਗ ਨਾਲ਼, ਨੇੜਵੀਂ ਤਰ੍ਹਾਂ ਜੁੜਿਆ ਹੋਇਆ ਹੈ, ਜਿਹੜਾ ਬਹੁਤ ਪੱਖਾਂ ਤੋਂ **ਹੋਂਦ ਦੇ ਨਿੱਕ-ਬੁਰਜੂਆ** ਢੰਗ ਦੇ ਨੇੜੇ ਹੈ (ਨਿੱਖੜ ਕੇ, ਜਾਂ ਬਹੁਤ ਨਿੱਕੀਆਂ ਟੋਲੀਆਂ ਵਿੱਚ ਕੰਮ ਕਰਨਾ, ਆਦਿ)। ਅਤੇ ਅਖ਼ੀਰ ਇਹ ਸਬੱਬੀ ਨਹੀਂ ਹੈ ਕਿ ਸਾਥੀ ਮਾਰਤੋਵ ਦੇ ਸੂਤਰੀਕਰਨ ਦੇ ਹਾਮੀਆਂ ਨੂੰ ਪ੍ਰੋਫ਼ੈਸਰਾਂ ਅਤੇ ਹਾਈ ਸਕੂਲ ਦੇ ਵਿਦਿਆਰਥੀਆਂ ਦੀ ਉਦਾਹਰਣ ਦੇਣੀ ਪਈ! ਇਹ ਵਿਸ਼ਾਲ ਪ੍ਰੋਲੇਤਾਰੀ ਘੋਲ਼ ਦੇ ਹਾਮੀ ਨਹੀਂ ਸਨ, ਜਿਹੜੇ ਪਹਿਲੇ ਪੈਰੇ ਉੱਤੇ ਵਿਵਾਦ ਸਮੇਂ, ਬੁਨਿਆਦੀ ਤੌਰ ਉੱਤੇ ਗਰਮ-ਖ਼ਿਆਲੀ ਸਾਜ਼ਸ਼ੀ ਜਥੇਬੰਦੀ ਦੇ ਹੱਕ 'ਚ ਪਿੜ ਵਿੱਚ ਨਿੱਤਰੇ, ਜਿਹਾ ਕਿ ਮਾਰਤੀਨੋਵ ਅਤੇ ਐਕਸਲਰੋਦ ਨੇ ਸੋਚਿਆ, ਸਗੋਂ **ਬੁਰਜੂਆ-ਬੁੱਧੀਜੀਵੀ ਵਿਅਕਤੀਵਾਦ** ਦੇ ਹਾਮੀ ਸਨ ਜਿਹੜੇ **ਪ੍ਰੋਲੇਤਾਰੀ ਜਥੇਬੰਦੀ ਅਤੇ ਅਨੁਸ਼ਾਸਨ** ਦੇ ਹਾਮੀਆਂ ਵਿਰੁੱਧ ਨਿੱਤਰੇ।

ਸਾਥੀ ਪੋਪੋਵ ਨੇ ਕਿਹਾ: "ਹਰ ਥਾਂ, ਸੇਂਟ-ਪੀਟਰਜ਼ਬਰਗ ਅਤੇ ਨਿਕੋਲਾਯੇਵ ਜਾਂ ਓਡੇਸਾ ਵਿੱਚ, ਜਿਹਾ ਕਿ ਉਥੋਂ ਦੇ ਪ੍ਰਤੀਨਿਧ ਸ਼ਾਹਦੀ ਭਰਦੇ ਹਨ, ਦਰਜਨਾਂ ਕਿਰਤੀ ਹਨ, ਜਿਹੜੇ ਸਾਹਿਤ ਵੰਡ ਰਹੇ ਹਨ ਅਤੇ ਜ਼ਬਾਨੀ ਐਜੀਟੇਸ਼ਨ ਫੈਲਾ ਰਹੇ ਹਨ ਪਰ ਜਿਨ੍ਹਾਂ ਨੂੰ ਜਥੇਬੰਦੀ ਦੇ ਮੈਂਬਰ ਨਹੀਂ ਸਮਝਿਆ ਜਾ ਸਕਦਾ। ਉਹਨਾਂ ਨੂੰ ਜਥੇਬੰਦੀ ਨਾਲ਼ ਸੰਬੰਧਤ ਕੀਤਾ ਜਾ ਸਕਦਾ ਹੈ, ਪਰ ਮੈਂਬਰ ਨਹੀਂ ਸਮਝਿਆ ਜਾ ਸਕਦਾ" (ਪੰਨਾ 241)। ਉਹਨਾਂ ਨੂੰ ਕਿਸੇ ਜਥੇਬੰਦੀ ਦੇ ਮੈਂਬਰ ਕਿਉਂ ਨਹੀਂ ਸਮਝਿਆ ਜਾ ਸਕਦਾ, ਇਹ ਸਾਥੀ ਪੋਪੋਵ ਦਾ ਭੇਤ ਰਿਹਾ। ਮੈਂ ਪਹਿਲਾਂ ਹੀ "ਇੱਕ ਸਾਥੀ ਦੇ ਨਾਂ ਖ਼ਤ" ਵਿੱਚੋਂ ਇਹ ਵਿਖਾਉਣ ਲਈ ਟੂਕ ਦਿੱਤੀ ਹੈ ਕਿ ਇਹਨਾਂ ਸਾਰੇ ਕਿਰਤੀਆਂ ਨੂੰ (ਦਰਜਨਾਂ ਨਹੀਂ ਸੈਂਕੜਿਆਂ ਦੀ ਗਿਣਤੀ ਵਿੱਚ) ਇੱਕ ਜਥੇਬੰਦੀ ਵਿੱਚ ਸ਼ਾਮਲ ਕੀਤਾ ਜਾਣਾ ਸੰਭਵ ਅਤੇ ਲੋੜੀਂਦਾ ਦੋਵੇਂ ਹੈ, ਅਤੇ, ਇਹੋ ਨਹੀਂ, ਇਹਨਾਂ ਜਥੇਬੰਦੀਆਂ ਵਿੱਚੋਂ ਬਹੁਤ ਸਾਰੀਆਂ ਪਾਰਟੀ ਦੀਆਂ ਹੋ ਸਕਦੀਆਂ ਹਨ ਅਤੇ ਹੋਣੀਆਂ ਚਾਹੀਦੀਆਂ ਹਨ।

ਸਾਥੀ ਮਾਰਤੋਵ ਦੀ ਦੂਜੀ ਦਲੀਲ: "ਲੈਨਿਨ ਦੀ ਰਾਏ ਵਿੱਚ ਪਾਰਟੀ ਵਿੱਚ ਪਾਰਟੀ ਜਥੇਬੰਦੀਆਂ ਤੋਂ ਬਿਨਾਂ ਹੋਰ ਕੋਈ ਜਥੇਬੰਦੀਆਂ ਨਹੀਂ ਹੋਣੀਆਂ ਚਾਹੀਦੀਆਂ।..." ਬਿਲਕੁਲ ਠੀਕ!... "ਇਹਦੇ ਉਲਟ, ਮੇਰੀ ਰਾਏ ਵਿੱਚ ਅਜਿਹੀਆਂ ਜਥੇਬੰਦੀਆਂ ਦੀ ਹੋਂਦ ਹੋਣੀ ਚਾਹੀਦੀ ਹੈ। ਜੀਵਨ ਉਸ ਨਾਲ਼ੋਂ ਤੇਜ਼ੀ ਨਾਲ਼ ਜਥੇਬੰਦੀਆਂ ਸਿਰਜਦਾ ਅਤੇ ਪੈਦਾ ਕਰਦਾ ਹੈ, ਜਿਸ ਨਾਲ਼ ਅਸੀਂ ਉਹਨਾਂ ਨੂੰ ਪੇਸ਼ਾਵਰ ਇਨਕਲਾਬੀਆਂ ਦੀ ਆਪਣੀ ਲੜਾਕੂ ਜਥੇਬੰਦੀ ਵਿੱਚ ਸ਼ਾਮਲ ਕਰ ਸਕਦੇ ਹਾਂ।..." ਇਹ ਗੱਲ ਦੋ ਪੱਖਾਂ ਤੋਂ ਗਲਤ ਹੈ: 1) "ਜੀਵਨ" ਇਨਕਲਾਬੀਆਂ ਦੀਆਂ ਕਾਰਗਰ ਜਥੇਬੰਦੀਆਂ ਦੀ ਜਿਹੜੀ ਗਿਣਤੀ ਪੈਦਾ ਕਰਦਾ ਹੈ, ਉਹ

ਉਸ ਨਾਲ਼ੋਂ ਬਹੁਤ ਘੱਟ ਹੈ ਜਿੰਨੀਆਂ ਦੀ ਸਾਨੂੰ ਲੋੜ ਹੈ, ਜਿੰਨੀਆਂ ਦੀ ਕਿਰਤੀ-ਜਮਾਤੀ ਲਹਿਰ ਨੂੰ ਲੋੜ ਹੈ; 2) ਸਾਡੀ ਪਾਰਟੀ ਇਨਕਲਾਬੀਆਂ ਦੀਆਂ ਜਥੇਬੰਦੀਆਂ ਦੀ ਹੀ ਨਹੀਂ ਸਗੋਂ ਕਿਰਤੀਆਂ ਦੀਆਂ ਜਥੇਬੰਦੀਆਂ ਦੇ ਸਮੂਹ ਦੀ ਵੀ ਦਰਜੇਬੰਦੀ ਹੋਣੀ ਚਾਹੀਦੀ ਹੈ।... "ਲੈਨਿਨ ਦਾ ਵਿਚਾਰ ਹੈ ਕਿ ਪਾਰਟੀ ਦੀ ਕੇਂਦਰੀ ਕਮੇਟੀ ਨੂੰ ਕੇਵਲ ਉਹੋ ਜਿਹੀਆਂ ਨੂੰ ਪਾਰਟੀ ਜਥੇਬੰਦੀ ਦੀ ਉਪਾਧੀ ਦੇਣੀ ਚਾਹੀਦੀ ਹੈ, ਜਿਹੜੀਆਂ ਅਸੂਲਾਂ ਦੇ ਮਾਮਲੇ ਵਿੱਚ ਉੱਕਾ ਹੀ ਭਰੋਸੇਯੋਗ ਹਨ। ਪਰ ਸਾਥੀ ਬਰੂਕੇਰੇ ਬਹੁਤ ਚੰਗੀ ਤਰ੍ਹਾਂ ਸਮਝਦਾ ਹੈ ਕਿ ਜੀਵਨ [ਸੋ!] ਆਪਣੀ ਤਾਕਤ ਵਿਖਾਵੇਗਾ ਅਤੇ ਜਥੇਬੰਦੀਆਂ ਦੇ ਇੱਕ ਸਮੂਹ ਨੂੰ ਪਾਰਟੀ ਦੇ ਬਾਹਰ ਨਾ ਰਹਿ ਦੇਣ ਜਾਣ ਲਈ ਉਹਨਾਂ ਦਾ ਖ਼ਾਸਾ ਪੂਰੀ ਤਰ੍ਹਾਂ ਭਰੋਸੇਯੋਗ ਨਾ ਹੋਣ ਦੇ ਬਾਵਜੂਦ ਕੇਂਦਰੀ ਕਮੇਟੀ ਨੂੰ ਉਹਨਾਂ ਨੂੰ ਜਾਇਜ਼ ਬਣਾਉਣਾ ਪਵੇਗਾ, ਇਸ ਲਈ ਸਾਥੀ ਬਰੂਕੇਰੇ ਆਪਣੇ ਆਪ ਨੂੰ ਲੈਨਿਨ ਨਾਲ਼ ਚਲਾਉਂਦਾ ਹੈ।..." "ਜੀਵਨ" ਦਾ ਕਿਆ ਪੂਛਵਾਦੀ ਸੰਕਲਪ ਹੈ! ਨਿਰਸੰਦੇਹ, ਜੇ **ਲਾਜ਼ਮੀ ਤੌਰ ਉੱਤੇ** ਕੇਂਦਰੀ ਕਮੇਟੀ ਅਜਿਹੇ ਲੋਕਾਂ ਤੋਂ ਬਣਨੀ ਸੀ, ਜਿਹੜੇ ਆਪਣੀਆਂ ਰਾਵਾਂ ਤੋਂ ਅਗਵਾਈ ਨਹੀਂ ਲੈਂਦੇ, (ਜਥੇਬੰਦਕ ਕਮੇਟੀ ਦੀ ਘਟਨਾ ਵੇਖੋ), ਫਿਰ "ਜੀਵਨ ਆਪਣੀ ਤਾਕਤ" ਵਿਖਾਵੇਗਾ, ਇਹਨਾਂ ਅਰਥਾਂ ਵਿੱਚ ਕਿ ਪਾਰਟੀ ਵਿੱਚ ਸਭ ਤੋਂ ਪਛੜੇ ਅੰਸ਼ਾਂ ਦਾ ਹੱਥ ਉੱਪਰ ਹੋ ਜਾਵੇਗਾ (**ਜਿਹਾ ਕਿ ਅਸਲ ਵਿੱਚ ਹੁਣ ਹੋ ਗਿਆ ਹੈ ਜਦੋਂ ਪਛੜੇ ਅੰਸ਼ਾਂ ਨੇ ਪਾਰਟੀ ਵਿੱਚ "ਘੱਟਗਿਣਤੀ" ਵਜੋਂ ਰੂਪ ਧਾਰ ਲਿਆ ਹੈ**)। ਪਰ ਕੋਈ **ਸਿਆਣਾ** ਕਾਰਨ ਨਹੀਂ ਦੱਸਿਆ ਜਾ ਸਕਦਾ, ਜਿਹੜਾ ਕਿਸੇ **ਹੋਸ਼ਮੰਦ** ਕੇਂਦਰੀ ਕਮੇਟੀ ਨੂੰ "ਬੇਇਤਬਾਰੇ" ਅੰਸ਼ਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਲਈ ਪ੍ਰੇਰ ਸਕੇ "ਜੀਵਨ" ਵੱਲ, ਜਿਹੜਾ ਬੇਇਤਬਾਰੇ ਅੰਸ਼ਾਂ ਨੂੰ "ਪੈਦਾ ਕਰਦਾ ਹੈ", ਇਸ ਸੰਕੇਤ ਰਾਹੀਂ ਸਾਥੀ ਮਾਰਤੋਵ ਨੇ ਆਪਣੀ ਜਥੇਬੰਦੀ ਦੀ ਪਲਾਨ ਦਾ ਖ਼ਾਲਸ ਮੌਕਾਪ੍ਰਸਤ ਖ਼ਾਸਾ ਪ੍ਰਗਟ ਪ੍ਰਗਟ ਕਰ ਦਿੱਤਾ ਹੈ!... "ਜਿੱਥੋਂ ਤੱਕ ਮੇਰਾ ਸਬੰਧ ਹੈ, ਮੈਂ ਸਮਝਦਾ ਹਾਂ", ਉਹਨੇ ਗੱਲ ਜਾਰੀ ਰੱਖੀ, "ਕਿ ਜੇ ਅਜਿਹੀ ਜਥੇਬੰਦੀ [ਅਜਿਹੀ ਜਿਹੜੀ ਪੂਰੀ ਤਰ੍ਹਾਂ ਭਰੋਸੇਯੋਗ ਨਹੀਂ] ਪਾਰਟੀ ਦਾ ਪ੍ਰੋਗਰਾਮ ਅਤੇ ਪਾਰਟੀ ਦਾ ਕੰਟਰੋਲ ਕਬੂਲ ਕਰ ਲੈਂਦੀ ਹੈ ਤਾਂ ਅਸੀਂ ਇਹਨੂੰ, ਇਉਂ ਪਾਰਟੀ ਜਥੇਬੰਦੀ ਬਣਾਏ ਬਿਨਾਂ, ਪਾਰਟੀ ਵਿੱਚ ਸ਼ਾਮਲ ਕਰ ਸਕਦੇ ਹਾਂ। ਮੈਂ ਇਸ ਗੱਲ ਨੂੰ ਇੱਕ ਬੜੀ ਵੱਡੀ ਜਿੱਤ ਸਮਝਾਂਗਾ ਕਿ ਜੇ, ਉਦਾਹਰਣ ਵਜੋਂ, 'ਆਜ਼ਾਦਾਂ' ਦੀ ਕੋਈ ਯੂਨੀਅਨ ਇਹ ਐਲਾਨ ਕਰੇ ਕਿ ਉਹ ਸੋਸ਼ਲ-ਡੈਮੋਕ੍ਰੇਸੀ ਦਾ ਪ੍ਰੋਗਰਾਮ ਕਬੂਲ ਕਰਦੀ ਹੈ ਅਤੇ ਪਾਰਟੀ ਵਿੱਚ ਸ਼ਾਮਲ ਹੋ ਰਹੀ ਹੈ; ਪਰ, ਇਹਦਾ ਅਰਥ ਇਹ ਨਹੀਂ ਕਿ ਅਸੀਂ ਯੂਨੀਅਨ ਨੂੰ ਪਾਰਟੀ ਜਥੇਬੰਦੀ ਵਿੱਚ ਸ਼ਾਮਲ ਕਰਦੇ ਹਾਂ।..." ਅਜਿਹਾ ਹੈ ਉਹ ਰੋਲ-ਘਚੋਲਾ ਜਿਹੜਾ ਮਾਰਤੋਵ ਦਾ ਸੂਤਰੀਕਰਨ ਪੈਦਾ ਕਰਦਾ ਹੈ: ਪਾਰਟੀ ਦੀਆਂ ਗ਼ੈਰ-ਪਾਰਟੀ ਜਥੇਬੰਦੀਆਂ! ਜ਼ਰਾ **ਉਹਦੀ** ਵਿਉਂਤ ਨੂੰ ਵਿਚਾਰੋ: ਪਾਰਟੀ =1) ਇਨਕਲਾਬੀਆਂ ਦੀਆਂ ਜਥੇਬੰਦੀਆਂ,+2) ਪਾਰਟੀ ਜਥੇਬੰਦੀਆਂ ਵਜੋਂ ਪ੍ਰਵਾਨ ਕੀਤੀਆਂ ਜਾਂਦੀਆਂ ਕਿਰਤੀਆਂ ਦੀਆਂ ਜਥੇਬੰਦੀਆਂ, +3) ਕਿਰਤੀਆਂ ਦੀਆਂ ਜਥੇਬੰਦੀਆਂ ਜਿਹੜੀਆਂ ਪਾਰਟੀ ਜਥੇਬੰਦੀਆਂ ਵਜੋਂ ਪ੍ਰਵਾਨ ਨਹੀਂ ਕੀਤੀਆਂ ਜਾਂਦੀਆਂ (ਜਿਨ੍ਹਾਂ ਵਿੱਚ ਮੁੱਖ ਤੌਰ ਉੱਤੇ "ਆਜ਼ਾਦ" ਸ਼ਾਮਲ ਹਨ), +4) ਵੱਖ ਵੱਖ ਕਾਰਜ ਕਰਨ ਵਾਲ਼ੇ

ਵਿਅਕਤੀ (ਪ੍ਰੋਫ਼ੈਸਰ, ਹਾਈ ਸਕੂਲਾਂ ਦੇ ਵਿਦਿਆਰਥੀ, ਆਦਿ), +5) "ਹਰ ਹੜਤਾਲੀ"। ਇਸ ਸ਼ਾਨਦਾਰ ਪਲਾਨ ਦੇ ਨਾਲ਼ ਅਸੀਂ ਸਾਥੀ ਲੀਬਰ ਦੇ ਸ਼ਬਦ ਰੱਖ ਸਕਦੇ ਹਾਂ: "ਸਾਡਾ ਕਾਰਜ ਕੇਵਲ ਜਥੇਬੰਦੀਆਂ ਜਥੇਬੰਦ ਕਰਨਾ ਨਹੀਂ [ !!] ਅਸੀਂ ਇੱਕ ਪਾਰਟੀ ਜਥੇਬੰਦ ਕਰ ਸਕਦੇ ਹਾਂ ਅਤੇ ਸਾਨੂੰ ਜ਼ਰੂਰ ਹੀ ਕਰਨੀ ਚਾਹੀਦੀ ਹੈ" (ਪੰਨਾ 241)। ਹਾਂ, ਨਿਰਸੰਦੇਹ, ਅਸੀਂ ਅਜਿਹਾ ਕਰ ਸਕਦੇ ਹਾਂ ਅਤੇ ਸਾਨੂੰ ਜ਼ਰੂਰ ਹੀ ਅਜਿਹਾ ਕਰਨਾ ਚਾਹੀਦਾ ਹੈ, ਪਰ ਇਹਦੇ ਲਈ ਜਿਸ ਗੱਲ ਦੀ ਲੋੜ ਹੈ ਉਹ "ਜਥੇਬੰਦੀਆਂ ਜਥੇਬੰਦ ਕਰਨ" ਸੰਬੰਧੀ ਅਰਥਹੀਣ ਸ਼ਬਦ ਨਹੀਂ, ਸਗੋਂ ਇਹ **ਦੋ-ਟੁਕ ਮੰਗ ਹੈ** ਕਿ ਪਾਰਟੀ ਦੇ ਮੈਂਬਰ ਯਥਾਰਥ ਵਿੱਚ ਇੱਕ **ਜਥੇਬੰਦੀ** ਖੜੀ ਕਰਨੀ ਸ਼ੁਰੂ ਕਰਨ। ਜਿਹੜਾ ਬੰਦਾ "ਪਾਰਟੀ ਜਥੇਬੰਦ" ਕਰਨ ਦੀ ਗੱਲ ਕਰਦਾ ਹੈ ਅਤੇ ਇਹਦੇ ਬਾਵਜੂਦ ਹਰ ਤਰ੍ਹਾਂ ਦੇ ਅਸੰਗਠਨ ਅਤੇ ਫੁੱਟ ਉੱਤੇ ਪਰਦਾ ਪਾਉਣ ਲਈ ਸ਼ਬਦ ਪਾਰਟੀ ਵਰਤਦਾ ਹੈ ਤਾਂ ਉਹ ਥੋਥੇ ਸ਼ਬਦਾਂ ਦਾ ਸਹਾਰਾ ਲੈ ਰਿਹਾ ਹੈ।

"ਸਾਡਾ ਸੂਤਰੀਕਰਨ", ਸਾਥੀ ਮਾਰਤੋਵ ਨੇ ਕਿਹਾ, "ਇਨਕਲਾਬੀਆਂ ਦੀ ਜਥੇਬੰਦੀ ਅਤੇ ਜਨਤਾ ਵਿਚਕਾਰ ਜਥੇਬੰਦੀਆਂ ਦੀ ਲੜੀ ਹੋਣ ਦੀ ਇੱਛਾ ਪ੍ਰਗਟ ਕਰਦਾ ਹੈ।" ਇਹ ਅਜਿਹਾ ਨਹੀਂ ਕਰਦਾ। ਸੱਚਮੁਚ ਲਾਜ਼ਮੀ ਇੱਛਾ ਐਨ ਉਹ ਕੁੱਝ ਹੈ ਜੋ ਕੁੱਝ ਮਾਰਤੋਵ ਦਾ ਸੂਤਰੀਕਰਨ **ਪੇਸ਼ ਨਹੀਂ ਕਰਦਾ**, ਕਿਉਂਕਿ ਇਹ **ਜਥੇਬੰਦ ਹੋਣ ਲਈ ਕੋਈ ਉਤਸਾਹ ਪੇਸ਼ ਨਹੀਂ ਕਰਦਾ**, ਇਹਦੇ ਵਿੱਚ ਜਥੇਬੰਦ ਹੋਣ ਦੀ ਮੰਗ ਨਹੀਂ, ਇਹ ਜਥੇਬੰਦ ਨੂੰ ਅਣ-ਜਥੇਬੰਦ ਤੋਂ ਵੱਖ ਨਹੀਂ ਕਰਦਾ। ਇਹ ਬਸ ਇੱਕ **ਉਪਾਧੀ*** ਹੀ ਪੇਸ਼ ਕਰਦਾ ਹੈ, ਇਸ ਸਬੰਧ ਵਿੱਚ ਅਸੀਂ

* ਲੀਗ ਦੀ ਕਾਂਗਰਸ ਵਿੱਚ ਸਾਥੀ ਮਾਰਤੋਵ ਨੇ ਆਪਣੇ ਸੂਤਰੀਕਰਨ ਦੇ ਹੱਕ ਵਿੱਚ ਇੱਕ ਹੋਰ ਦਲੀਲ ਪੇਸ਼ ਕੀਤੀ, ਇੱਕ ਅਜਿਹੀ ਦਲੀਲ ਜਿਹੜੀ ਠੱਠਾ ਉਡਾਏ ਜਾਣ ਦੀ ਹੱਕਦਾਰ ਹੈ। "ਅਸੀਂ ਇਹ ਕਹਿ ਸਕਦੇ ਹਾਂ", ਉਹਨੇ ਕਿਹਾ, "ਕਿ ਸ਼ਬਦੀ ਅਰਥਾਂ ਵਿੱਚ ਲਿਆਂ, ਲੈਨਿਨ ਦਾ ਸੂਤਰੀਕਰਨ **ਕੇਂਦਰੀ ਕਮੇਟੀ ਦੇ ਕਰਿੰਦਿਆਂ ਨੂੰ** ਪਾਰਟੀ ਵਿੱਚੋਂ ਕੱਢਦਾ ਹੈ, ਕਿਉਂਕਿ ਉਹ ਇੱਕ ਜਥੇਬੰਦੀ ਨਹੀਂ ਬਣਦੇ" (ਪੰਨਾ 59)। ਜਿਹਾ ਕਿ ਕਾਰਵਾਈ ਵਿੱਚ ਲਿਖਿਆ ਹੈ, ਲੀਗ ਕਾਂਗਰਸ ਵਿੱਚ ਵੀ ਇਸ ਦਲੀਲ ਦਾ **ਹਾਸੇ ਨਾਲ਼** ਸੁਆਗਤ ਕੀਤਾ ਗਿਆ। ਸਾਥੀ ਮਾਰਤੋਵ ਦਾ ਵਿਚਾਰ ਹੈ ਕਿ ਉਹ ਜਿਹੜੀ "ਔਖ" ਦਾ ਵਰਣਨ ਕਰ ਰਿਹਾ ਹੈ, ਕੇਂਦਰੀ ਕਮੇਟੀ ਦੇ ਕਰਿੰਦਿਆਂ ਨੂੰ "ਕੇਂਦਰੀ ਕਮੇਟੀ ਦੀ ਇੱਕ ਜਥੇਬੰਦੀ" ਵਿੱਚ ਸ਼ਾਮਲ ਕਰਕੇ ਉਹ ਦੂਰ ਕੀਤਾ ਜਾ ਸਕਦਾ ਹੈ। ਪਰ ਨੁਕਤਾ ਇਹ ਨਹੀਂ। ਨੁਕਤਾ ਇਹ ਹੈ ਕਿ ਸਾਥੀ ਮਾਰਤੋਵ ਦੀ ਉਦਾਹਰਣ ਉੱਘੜਵੇਂ ਢੰਗ ਨਾਲ਼ ਦਰਸਾਉਂਦੀ ਹੈ ਕਿ **ਉਹ ਪਹਿਲੇ ਪੈਰ੍ਹੇ ਦਾ ਵਿਚਾਰ ਸਮਝਣ ਵਿੱਚ ਉੱਕਾ ਹੀ ਅਸਫ਼ਲ ਰਿਹਾ ਹੈ।** ਇਹ ਪੰਡਤਾਊ ਪੜਚੋਲ ਦਾ ਨਿਪਟ ਨਮੂਨਾ ਸੀ, ਜਿਹੜਾ ਸੱਚਮੁਚ ਠੱਠਾ ਉਡਾਏ ਜਾਣ ਦਾ ਅਧਿਕਾਰੀ ਸੀ। **ਰਸਮੀ ਤੌਰ ਉੱਤੇ** ਗੱਲ ਕਰਦਿਆਂ ਲੋੜ ਬਸ ਇਸ ਗੱਲ ਦੀ ਸੀ ਕਿ "ਕੇਂਦਰੀ ਕਮੇਟੀ ਦੇ ਕਰਿੰਦਿਆਂ ਦੀ ਇੱਕ ਜਥੇਬੰਦੀ" ਸਥਾਪਤ ਕੀਤੀ ਜਾਵੇ, ਇਹਨੂੰ ਪਾਰਟੀ ਵਿੱਚ ਸ਼ਾਮਲ ਕਰਨ ਸਬੰਧੀ ਇੱਕ ਪ੍ਰਸਤਾਵ ਪ੍ਰਵਾਨ ਕੀਤਾ ਜਾਵੇ ਅਤੇ ਉਹ "ਔਕੜ" ਜਿਸਨੇ ਸਾਥੀ ਮਾਰਤੋਵ ਤੋਂ ਇੰਨੀ ਮਗਜ਼-ਪੱਚੀ ਕਰਵਾਈ, ਇੱਕਦਮ ਲੋਪ ਹੋ ਜਾਵੇਗੀ। ਜਿਵੇਂ ਕਿ ਮੈਂ ਉਹਨੂੰ ਸੂਤਰਬੱਧ ਕੀਤਾ ਪਹਿਲੇ ਪੈਰੇ ਦਾ **ਵਿਚਾਰ** ਜਥੇਬੰਦ ਹੋਣ ਲਈ **ਉਤਸ਼ਾਹ** ਹੈ; ਇਹ **ਵਾਸਤਵਿਕ** ਕੰਟਰੋਲ ਅਤੇ ਅਗਵਾਈ **ਨਿਸ਼ਚਿਤ ਬਣਾਉਣ** ਤੋਂ ਬਣਦਾ ਹੈ। ਇਹ ਸਵਾਲ ਕਿ ਕੇਂਦਰੀ ਕਮੇਟੀ ਦੇ ਕਰਿੰਦੇ ਪਾਰਟੀ ਵਿੱਚ ਹੋਣਗੇ ⇨

ਸਾਥੀ ਐਕਸਲਰੋਦ ਦੀ ਗਲ ਚੇਤੇ ਕੀਤੇ ਬਿਨਾਂ ਨਹੀਂ ਰਹਿ ਸਕਦੇ: "ਕੋਈ ਫ਼ਰਮਾਨ ਉਹਨਾਂ [ਇਨਕਲਾਬੀ ਜੁਆਨਾਂ ਦੇ ਮੰਡਲਾਂ ਅਤੇ ਉਹਨਾਂ ਜਿਹੇ ਹੋਰਾਂ] ਅਤੇ ਵਿਅਕਤੀਆਂ ਨੂੰ ਆਪਣੇ ਆਪ ਨੂੰ ਸੋਸ਼ਲ-ਡੈਮੋਕ੍ਰੈਟ ਕਹਿਣੋਂ ਨਹੀਂ ਰੋਕ ਸਕਦਾ" (ਬਿਲਕੁਲ ਸਚ!) "ਅਤੇ ਇਥੋਂ ਤੱਕ ਕਿ ਆਪਣੇ ਆਪ ਨੂੰ ਪਾਰਟੀ ਦਾ ਹਿੱਸਾ ਸਮਝਣੋਂ ਨਹੀਂ ਰੋਕ ਸਕਦਾ"— **ਨਹੀਂ** ਇਹ **ਉਕਾ ਹੀ ਠੀਕ ਨਹੀਂ**! ਕਿਸੇ ਦੇ ਆਪਣੇ ਆਪ ਨੂੰ ਸੋਸ਼ਲ-ਡੈਮੋਕ੍ਰੈਟ ਕਹਿਣ ਦੀ ਮਨਾਹੀ ਕਰਨਾ ਅਸੰਭਵ ਅਤੇ **ਨਿਰਾਰਥਕ** ਹੈ, ਕਿਉਂਕਿ **ਸਿੱਧੇ ਅਰਥਾਂ ਵਿੱਚ** ਇਸ ਸ਼ਬਦ ਦੇ ਅਰਥ ਕੇਵਲ ਨਿਸ਼ਚਿਆਂ ਦੇ ਇੱਕ ਨਿਸ਼ਚਿਤ ਪ੍ਰਬੰਧ ਦੇ ਸੂਚਕ ਹਨ, ਅਤੇ ਨਿਸ਼ਚਿਤ ਜਥੇਬੰਦਕ ਸੰਬੰਧਾਂ ਦੇ ਨਹੀਂ। ਪਰ ਜਿਥੋਂ ਤਕ ਵੱਖ ਵੱਖ ਮੰਡਲਾਂ ਦੇ "ਆਪਣੇ ਆਪ ਨੂੰ ਪਾਰਟੀ ਦਾ ਹਿੱਸਾ ਸਮਝਣ" ਦੀ ਮਨਾਹੀ ਦਾ ਸੰਬੰਧ ਹੈ, ਜੇ ਇਹ ਮੰਡਲ ਅਤੇ ਵਿਅਕਤੀ ਪਾਰਟੀ ਨੂੰ ਨੁਕਸਾਨ ਪੁਚਾਉਂਦੇ, ਭ੍ਰਸ਼ਟ ਬਣਾਉਂਦੇ ਅਤੇ ਇਹਨੂੰ ਅਸੰਗਠਤ ਕਰਦੇ ਹਨ, ਤਾਂ ਅਜਿਹਾ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਣਾ ਚਾਹੀਦਾ ਹੈ। ਜੇ ਉਹ ਕਿਸੇ ਮੰਡਲ ਦੇ "ਆਪਣੇ ਆਪ ਨੂੰ" ਸਮੂਹ ਦਾ "ਹਿੱਸਾ ਸਮਝਣ" ਉਤੇ "ਫ਼ਰਮਾਨ ਰਾਹੀਂ ਪਾਬੰਦੀ" ਨਹੀਂ ਲਾ ਸਕਦੀ ਤਾਂ **ਪਾਰਟੀ** ਦੀ ਇੱਕ ਸਮੂਹ ਵਜੋਂ, ਇੱਕ ਸਿਆਸੀ ਹੋਂਦ ਵਜੋਂ ਗਲ ਕਰਨਾ ਵਾਹਯਾਤ ਹੋਵੇਗਾ! ਉਸ ਹਾਲਤ ਵਿੱਚ ਪਾਰਟੀ ਵਿੱਚੋਂ ਕੱਢੇ ਜਾਣ ਦੀ ਕਾਰਜ-ਵਿਧੀ ਅਤੇ ਸ਼ਰਤਾਂ ਨੂੰ ਪ੍ਰੀਭਾਸ਼ਤ ਕਰਨ ਦੇ ਅਰਥ ਕੀ ਹੋਣਗੇ? ਸਾਥੀ ਐਕਸਲਰੋਦ ਨੇ ਸਾਥੀ ਮਾਰਤੋਵ ਦੀ ਬੁਨਿਆਦੀ ਗ਼ਲਤੀ ਨੂੰ

---

ਜਾਂ ਨਹੀਂ, **ਬੁਨਿਆਦੀ ਤੌਰ ਉੱਤੇ** ਵਾਹਯਾਤ ਹੈ, ਕਿਉਂਕਿ **ਐਨ ਇਸ ਤੱਥ ਕਾਰਨ ਕਿ ਉਹਨਾਂ ਨੂੰ ਕਰਿੰਦੇ ਥਾਪਿਆ ਗਿਆ ਹੈ** ਅਤੇ ਇਹ ਕਿ ਉਹਨਾਂ ਨੂੰ ਕਰਿੰਦਿਆਂ ਵਜੋਂ ਰੱਖਿਆ ਜਾਂਦਾ ਹੈ, ਉਹਨਾਂ ਉੱਤੇ **ਵਾਸਤਵਿਕ** ਕੰਟਰੋਲਦੀ ਪੂਰੀ ਤਰ੍ਹਾਂ ਅਤੇ ਨਿਰਪੇਖ ਤੌਰ ਉੱਤੇ ਜ਼ਾਮਨੀ ਹੁੰਦੀ ਹੈ। ਇਹਦੇ ਸਿੱਟੇ ਵਜੋਂ, ਇੱਥੇ ਜਥੇਬੰਦ ਅਤੇ ਗ਼ੈਰ-ਜਥੇਬੰਦ ਦਾ ਕੋਈ ਪ੍ਰਸ਼ਨ ਹੀ ਨਹੀਂ ਉਠਦਾ (ਜਿਹੜੀ ਸਾਥੀ ਮਾਰਤੋਵ ਦੇ ਸੂਤਰੀਕਰਨ ਵਿੱਚ ਬੁਨਿਆਦੀ ਗ਼ਲਤੀ ਹੈ)। ਸਾਥੀ ਮਾਰਤੋਵ ਦਾ ਸੂਤਰੀਕਰਨ ਕਿਉਂ ਉੱਕਾ ਹੀ ਠੀਕ ਨਹੀਂ, ਇਸ ਲਈ ਕਿ ਇਹ ਕਿਸੇ ਨੂੰ ਵੀ, ਕਿਸੇ ਮੌਕਾਪ੍ਰਸਤ ਨੂੰ, ਕਿਸੇ ਲਫ਼ੌੜੀ ਨੂੰ, ਕਿਸੇ "ਪ੍ਰੋਫ਼ੈਸਰ" ਅਤੇ "ਹਾਈ ਸਕੂਲ ਦੇ" ਕਿਸੇ "ਵਿਦਿਆਰਥੀ" ਨੂੰ ਇਹ ਆਗਿਆ ਦੇਂਦਾ ਹੈ ਕਿ ਉਹ **ਆਪਣੇ** ਪਾਰਟੀ ਮੈਂਬਰ ਹੋਣ ਦਾ **ਐਲਾਨ ਕਰ ਦੇਵੇ**। ਅਜਿਹੀ ਉਦਾਹਰਣਾਂ ਦੇਕੇ, ਜਿਨ੍ਹਾਂ ਵਿੱਚ ਲੋਕਾਂ ਦੇ ਆਪਹੁਦਰੇ ਢੰਗ ਨਾਲ਼ ਆਪਣੇ ਆਪ ਨੂੰ ਪਾਰਟੀ ਮੈਂਬਰ ਦੱਸਣ ਜਾਂ ਕਹਿਣ ਦਾ ਕੋਈ ਸਵਾਲ ਨਹੀਂ, ਆਪਣੇ ਸੂਤਰੀਕਰਨ ਦੀ ਇਸ **ਐਕਲੀਜ਼ ਦੀ ਅੱਡੀ ਨੂੰ ਗੱਲਾਂ ਕਰਕੇ** ਹਊ-ਪਰੇ ਕਰਨ ਦਾ ਸਾਥੀ ਮਾਰਤੋਵ ਦਾ ਯਤਨ ਵਿਅਰਥ ਹੈ। (**ਐਕਲੀਜ਼ ਦੀ ਅੱਡੀ—**ਪ੍ਰਸਿੱਧ ਯੂਨਾਨੀ ਮਿਥਿਹਾਸਕ ਸੂਰਮਾ, ਮਿਰਮਿਦਾਨਾਂ ਦੇ ਬਾਦਸ਼ਾਹ ਪੇਲਿਉਸ ਅਤੇ ਸਮੁੰਦਰ ਦੀ ਦੇਵੀ ਥੇਤੀਸ ਦਾ ਪੁੱਤਰ। ਜਨਮ ਸਮੇਂ ਉਹਦੀ ਮਾਂ ਨੇ ਉਹਨੂੰ ਸਤਿਕਸ ਦਰਿਆ ਦੇ ਪਾਣੀ ਵਿੱਚ ਡੋਬਾ ਦਿੱਤਾ, ਜਿਸ ਨਾਲ਼ ਉਹਦਾ ਸਾਰਾ ਸਰੀਰ ਇੰਨਾ ਕਰੜਾ ਹੋ ਗਿਆ ਕਿ ਕੋਈ ਹਥਿਆਰ ਉਹਨੂੰ ਕੱਟ ਨਹੀਂ ਸੀ ਸਕਦਾ। ਕੇਵਲ ਉਹ ਅੱਡੀ ਜਿਸ ਨਾਲ਼ ਉਹਦੀ ਮਾਂ ਨੇ ਉਹਨੂੰ ਫੜਿਆ ਹੋਇਆ ਸੀ ਨਰਮ ਰਹਿ ਗਈ। ਅਖ਼ੀਰ ਉੱਥੇ ਜ਼ਹਿਰ ਵਿੱਚ ਬੁਝਾ ਤੀਰ ਲੱਗਣ ਨਾਲ਼ ਉਹਦੀ ਮੌਤ ਹੋਈ। ਅਲੰਕਾਰਕ ਭਾਸ਼ਾ ਵਿੱਚ ਦਲੀਲ ਦਾ ਉਹ ਹਿੱਸਾ ਜਿਸ ਉੱਤੇ ਚੋਟ ਹੋਣ ਨਾਲ਼ ਉਹਦਾ ਉੱਕਾ ਹੀ ਖੰਡਣ ਹੋ ਜਾਵੇ। **—ਅਨੁ**.)

ਸਪਸ਼ਟ ਵਾਹਯਾਤੀ—ਉਹਨੇ ਤਾਂ ਇਹਨੂੰ ਇੱਕ **ਮੌਕਾਪ੍ਰਸਤ ਸਿਧਾਂਤ** ਤੱਕ ਵੀ ਚੁੱਕ ਦਿੱਤਾ, ਜਦੋਂ ਉਹਨੇ ਇਹ ਵਾਧਾ ਕੀਤਾ; "ਲੈਨਿਨ ਵੱਲੋਂ ਸੂਤਰਬੱਧ ਕੀਤੇ ਰੂਪ ਵਿੱਚ ਪਹਿਲਾ ਪੈਰਾ ਪ੍ਰੋਲੇਤਾਰੀ ਦੀ ਸੋਸ਼ਲ–ਡੈਮੋਕ੍ਰੈਟਕ ਪਾਰਟੀ ਦੇ ਐਨ ਖ਼ਾਸੇ [ !!] ਅਤੇ ਮੰਤਵਾਂ ਨਾਲ਼ ਟਕਰਾਉਂਦਾ ਹੈ" (ਪੰਨਾ 243)। ਇਹਦੇ ਅਰਥ ਪਾਰਟੀ ਤੋਂ ਅਸੂਲੀ ਤੌਰ ਉੱਤੇ ਪ੍ਰੋਲੇਤਾਰੀ ਦੇ ਐਨ ਆਸ਼ਿਆਂ ਦੇ ਜਮਾਤੀ ਘੋਲ਼ ਨਾਲ਼ੋਂ ਵੱਧ ਮੰਗ ਕਰਨ ਨਾਲ਼ੋਂ ਕੁੱਝ ਨਹੀਂ। ਇਹ ਹੈਰਾਨ ਕਰਨ ਵਾਲ਼ੀ ਗੱਲ ਨਹੀਂ ਕਿ ਅਕੀਮੋਵ ਦਿਲੋਂ ਮਨੋਂ ਇਸ **ਸਿਧਾਂਤ** ਦੇ ਹੱਕ ਵਿੱਚ ਸੀ।

ਸਾਥੀ ਐਕਸਲਰੋਦ ਦੇ ਹੱਕ ਵਿੱਚ ਇਹ ਗੱਲ ਕਹੀ ਜਾਣੀ ਚਾਹੀਦੀ ਹੈ—ਜਿਹੜਾ **ਹੁਣ** ਇਸ ਸਪਸ਼ਟ ਤੌਰ ਉੱਤੇ ਮੌਕਾਪ੍ਰਸਤੀ ਵੱਲ ਝੁਕਦੇ ਗ਼ਲਤ ਸੂਤਰੀਕਰਨ ਨੂੰ **ਨਵੇਂ** ਵਿਚਾਰਾਂ ਦੇ ਬੀਜ ਵਿੱਚ ਤਬਦੀਲ ਕਰਨਾ ਚਾਹੁੰਦਾ ਹੈ—ਕਿ ਇਹਦੇ ਉਲਟ ਕਾਂਗਰਸ ਵਿੱਚ ਉਹਨੇ "ਸੌਦੇਬਾਜ਼ੀ ਲਈ" ਤਤਪਰਤਾ ਪ੍ਰਗਟ ਕੀਤੀ, ਇਹ ਕਹਿੰਦੇ ਹੋਏ, "ਪਰ ਮੈਂ ਵੇਖਦਾ ਹਾਂ ਕਿ ਮੈਂ ਇੱਕ ਖੁਲ੍ਹੇ ਬੂਹੇ ਨੂੰ ਖੜਕਾ ਰਿਹਾ ਹਾਂ..." (ਮੈਨੂੰ ਨਵੇਂ "ਇਸਕਰਾ" ਵਿੱਚ ਵੀ ਇਹੋ ਕੁੱਝ ਦਿਸਦਾ ਹੈ)... "ਕਿਉਂਕਿ ਆਪਣੇ ਲਾਗਵੇਂ ਮੰਡਲਾਂ ਨਾਲ਼, ਜਿਨ੍ਹਾਂ ਨੂੰ ਪਾਰਟੀ ਜਥੇਬੰਦੀ ਦਾ ਹਿੱਸਾ ਸਮਝਿਆ ਜਾਣਾ ਹੈ, ਲੈਨਿਨ ਮੇਰੀ ਮੰਗ ਮੰਨਣ ਵੱਲ ਅੱਗੇ ਵਧਦਾ ਹੈ।" (ਨਾ ਕੇਵਲ ਲਾਗਵੇਂ ਹਲਕਿਆਂ ਨਾਲ਼ ਸਗੋਂ ਹਰ ਤਰ੍ਹਾਂ ਦੀ ਕਿਰਤੀਆਂ ਦੀਆਂ ਯੂਨੀਅਨਾਂ ਨਾਲ਼: ਵੇਖੋ ਕਾਰਵਾਈ ਦਾ ਪੰਨਾ 242, ਸਾਥੀ ਸਤਰਾਖ਼ੋਵ ਦਾ ਭਾਸ਼ਣ, ਅਤੇ "ਕੀ ਕਰਨਾ ਚਾਹੀਦਾ ਹੈ ?" ਅਤੇ "ਇੱਕ ਸਾਥੀ ਦੇ ਨਾਂ ਖ਼ਤ" ਵਿੱਚੋਂ ਉੱਪਰ ਦਿੱਤੀਆਂ ਟੂਕਾਂ।)... "ਵਿਅਕਤੀ ਬਾਕੀ ਰਹਿ ਜਾਣਗੇ, ਪਰ ਇੱਥੇ ਵੀ ਅਸੀਂ ਸੌਦਾ ਕਰ ਸਕਦੇ ਹਾਂ"। ਮੈਂ ਸਾਥੀ ਐਕਸਲਰੋਦ ਨੂੰ ਉੱਤਰ ਦਿੱਤਾ ਸੀ ਕਿ ਆਮ ਤੌਰ ਉੱਤੇ ਮੈਂ ਸੌਦੇਬਾਜ਼ੀ ਦੇ ਵਿਰੁੱਧ ਨਹੀਂ, ਅਤੇ ਇਹ ਲਾਜ਼ਮੀ ਹੈ ਕਿ ਹੁਣ ਮੈਂ ਇਸ ਗੱਲ ਦੀ ਵਿਆਖਿਆ ਕਰਾਂ ਕਿ ਇਹ ਗੱਲ ਕਿਸ ਅਰਥ ਵਿੱਚ ਕਹੀ ਗਈ ਸੀ। ਜਿਥੋਂ ਤੱਕ ਵਿਅਕਤੀਆਂ—ਉਹਨਾਂ ਸਾਰੇ ਪ੍ਰੋਫ਼ੈਸਰਾਂ, ਹਾਈ ਸਕੂਲ ਦੇ ਵਿਦਿਆਰਥੀਆਂ ਆਦਿ—ਦਾ ਸਬੰਧ ਹੈ ਮੈਂ ਉਕਾ ਹੀ ਰਿਆਇਤਾਂ ਦੇਣ ਲਈ ਤਿਆਰ ਨਾ ਹੁੰਦਾ; ਪਰ ਜੇ ਕਿਰਤੀਆਂ ਦੀਆਂ ਜਥੇਬੰਦੀਆਂ ਸਬੰਧੀ ਸ਼ੱਕ ਪ੍ਰਗਟ ਕੀਤੇ ਗਏ ਹੁੰਦੇ (ਜਿਹਾ ਕਿ ਮੈਂ ਉੱਪਰ ਸਾਬਤ ਕੀਤਾ ਹੈ, ਅਜਿਹੇ ਸ਼ੱਕਾਂ ਦੀ ਨਿਰਾਧਾਰਤਾ ਦੇ ਬਾਵਜੂਦ) ਮੈਂ ਆਪਣੇ ਪਹਿਲੇ ਪੈਰੇ ਵਿੱਚ ਕੁੱਝ ਹੇਠ ਲਿਖਿਆ ਸ਼ਾਮਲ ਕਰਨ ਲਈ ਤਿਆਰ ਹੋ ਜਾਂਦਾ: "ਜਿਹੜੀਆਂ ਕਿਰਤੀ ਜਥੇਬੰਦੀਆਂ ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦਾ ਪ੍ਰੋਗਰਾਮ ਅਤੇ ਨਿਯਮ ਕਬੂਲ ਕਰਦੀਆਂ ਹਨ ਉਹਨਾਂ ਨੂੰ ਵੱਡੀ ਤੋਂ ਵੱਡੀ ਸੰਭਵ ਗਿਣਤੀ ਵਿੱਚ ਪਾਰਟੀ ਜਥੇਬੰਦੀਆਂ ਵਿੱਚ ਸ਼ਾਮਲ ਕਰ ਲਿਆ ਜਾਵੇ।" ਕਰੜਾਈ ਨਾਲ਼ ਗੱਲ ਕਰਦਿਆਂ, ਨਿਰਸੰਦੇਹ, ਅਜਿਹੀਆਂ ਸਿਫ਼ਾਰਸ਼ਾਂ ਲਈ ਥਾਂ ਨਿਯਮਾਂ ਵਿੱਚ ਨਹੀਂ, ਜਿਹੜੇ ਨਿਯਮਕ ਪ੍ਰੀਭਾਸ਼ਾਵਾਂ ਤੱਕ ਸੀਮਤ ਰਹਿਣੇ ਚਾਹੀਦੇ ਹਨ ਸਗੋਂ ਵਿਆਖਿਆ ਕਰਨ ਵਾਲੀਆਂ ਟਿੱਪਣੀਆਂ ਅਤੇ ਪੈਂਫ਼ਲਟਾਂ ਵਿੱਚ ਹੈ (ਅਤੇ ਮੈਂ ਪਹਿਲਾਂ ਹੀ ਇਸ ਗੱਲ ਵੱਲ ਧਿਆਨ ਦਿਵਾ ਚੁੱਕਾ ਹਾਂ ਕਿ ਮੈਂ ਆਪਣੇ ਪੈਂਫ਼ਲਟਾਂ ਵਿੱਚ ਨਿਯਮ ਤਿਆਰ ਕੀਤੇ ਜਾਣ ਤੋਂ ਬਹੁਤ ਪਹਿਲਾਂ ਅਜਿਹੀਆਂ ਵਿਆਖਿਆਵਾਂ ਦੇ ਚੁੱਕਾ ਸਾਂ); ਪਰ ਘੱਟੋ ਘੱਟ ਅਜਿਹੇ ਨੋਟ ਵਿੱਚ ਅਜਿਹੇ **ਗ਼ਲਤ** ਵਿਚਾਰਾਂ ਦਾ ਪਰਛਾਵਾਂ ਤੱਕ

ਨਾ ਹੁੰਦਾ ਜਿਨ੍ਹਾਂ ਦਾ ਸਿੱਟਾ ਅਸੰਗਠਨ ਨਿੱਕਲ ਸਕਦਾ ਹੈ, **ਮੌਕਾਪ੍ਰਸਤ** ਦਲੀਲਾਂ* ਅਤੇ **"ਅਰਾਜਕਤਾਵਾਦੀ ਸੰਕਲਪਾਂ"** ਦਾ ਪਰਛਾਵਾਂ ਤੱਕ ਨਾ ਹੁੰਦਾ ਜਿਹੜੇ ਸਾਥੀ ਮਾਰਤੋਵ ਦੇ ਸੂਤਰੀਕਰਨ ਵਿੱਚ ਗੁੰਦੇ ਹੋਏ ਹਨ।

---

* ਦਲੀਲਾਂ ਦੀ ਇਸ ਪਟੀ ਵਿੱਚ, ਜਿਹੜੀਆਂ ਉਸ ਸਮੇਂ ਅਟੱਲ ਤੌਰ ਉੱਤੇ ਫੁੱਟ ਪੈਂਦੀਆਂ ਹਨ ਜਦੋਂ ਮਾਰਤੋਵ ਦਾ ਸੂਤਰੀਕਰਨ ਨੂੰ ਹੱਕੀ ਠਹਿਰਾਉਣ ਦੇ ਯਤਨ ਕੀਤੇ ਜਾਂਦੇ ਹਨ, ਵਿਸ਼ੇਸ਼ ਤੌਰ ਉੱਤੇ ਸਾਥੀ ਤਰਾਤਸਕੀ ਦਾ ਬਿਆਨ (ਪੰਨੇ 248 ਅਤੇ 346) ਕਿ "ਮੌਕਾਪ੍ਰਸਤੀ ਨਿਯਮਾਂ ਵਿੱਚ ਇੱਕ ਜਾਂ ਦੂਜੀ ਧਾਰਾ ਨਾਲ਼ੋਂ ਵਧੇਰੇ ਪੇਚਦਾਰ ਕਾਰਨਾਂ ਕਾਰਨ ਪੈਦਾ ਹੁੰਦਾ ਹੈ [ਜਾਂ: ਡੂੰਘੇਰਿਆਂ ਕਾਰਨ ਮਿਥਿਆ ਜਾਂਦਾ ਹੈ]; ਇਹ ਬੁਰਜੂਆ ਸਮਾਜ ਅਤੇ ਪ੍ਰੋਲੇਤਾਰੀ ਦੇ ਵਿਕਾਸ ਦੀ ਸਾਪੇਖ ਪੱਧਰ ਰਾਹੀਂ ਹੋਂਦ ਵਿੱਚ ਲਿਆਇਆ ਜਾਂਦਾ ਹੈ।..." ਮਾਮਲਾ ਇਹ ਨਹੀਂ ਕਿ ਨਿਯਮ ਮੌਕਾਪ੍ਰਸਤੀ ਨੂੰ ਜਨਮ ਦੇ ਸਕਦੇ ਹਨ, ਸਗੋਂ ਇਹ ਹੈ ਕਿ ਉਹਨਾਂ ਦਾ ਸਹਾਇਤਾ ਨਾਲ਼ ਮੌਕਾਪ੍ਰਸਤੀ ਵਿਰੁੱਧ ਇੱਕ ਘੱਟ ਜਾਂ ਵੱਧ ਤੇਜ਼ ਹਥਿਆਰ ਘੜਿਆ ਜਾ ਸਕਦਾ ਹੈ। ਇਹਦੇ ਕਾਰਨ ਜਿੰਨੇ ਡੂੰਘੇ ਹੋਣ ਇਹ ਹਥਿਆਰ ਉਨਾ ਹੀ ਤਿੱਖਾ ਹੋਣਾ ਚਾਹੀਦਾ ਹੈ। ਇਸ ਲਈ ਅਜਿਹੇ ਸੂਤਰੀਕਰਨ ਨੂੰ **ਹੱਕੀ ਠਹਿਰਾਉਣਾ** ਜਿਹੜਾ ਇਸ ਅਧਾਰ ਉੱਤੇ ਕਿ ਮੌਕਾਪ੍ਰਸਤੀ ਦੇ "ਡੂੰਘੇ ਕਾਰਨ" ਹਨ, ਮੌਕਾਪ੍ਰਸਤੀ ਲਈ ਦਰ ਖੋਲ੍ਹ ਦੇਂਦਾ ਹੈ, ਪਹਿਲੇ ਦਰਜੇ ਦਾ "ਪੂਛਵਾਦ" ਹੈ। ਜਦੋਂ ਸਾਥੀ ਤਰਾਤਸਕੀ ਸਾਥੀ ਲੀਬਰ ਦਾ ਵਿਰੋਧੀ ਸੀ ਤਾਂ ਇਹ ਸਮਝਦਾ ਸੀ ਕਿ ਨਿਯਮ ਸਮੂਹ ਵੱਲੋਂ ਅੰਸ਼ ਵੱਲ, ਅਗਵਾਨੂ ਵੱਲੋਂ ਪਛੜੇ ਦਸਤੇ ਵੱਲ "ਜਥੇਬੰਦ ਬੇਇਤਬਾਰੀ" ਦਾ ਪ੍ਰਗਟਾਅ ਹਨ; ਪਰ ਜਦੋਂ ਸਾਥੀ ਤਰਾਤਸਕੀ ਸਾਥੀ ਲੀਬਰ ਦੀ ਧਿਰ ਵੱਲ ਚਲਾ ਗਿਆ, ਉਹ ਇਹ ਗੱਲ ਭੁੱਲ ਗਿਆ ਅਤੇ ਇਥੋਂ ਤੱਕ ਕਿ "ਗੁੰਝਲਦਾਰ ਕਾਰਨਾਂ", "ਪ੍ਰੋਲੇਤਾਰੀ ਦੀ ਪੱਧਰ", ਆਦਿ ਸਬੰਧੀ ਗੱਲਾਂ ਕਰਕੇ ਸਾਡੇ ਵੱਲੋਂ ਇਸ ਬੇਇਤਬਾਰੀ (ਮੌਕਾਪ੍ਰਸਤੀ ਵੱਲ ਬੇਇਤਬਾਰੀ) ਦੀ **ਕਮਜ਼ੋਰੀ** ਅਤੇ **ਸਾਡੀ** ਜਥੇਬੰਦੀ ਦੀ ਅਸਥਿਰਤਾ ਨੂੰ ਹੱਕੀ ਠਹਿਰਾਉਣ ਲੱਗ ਪਿਆ। ਇਹ ਹੈ ਸਾਥੀ ਤਰਾਤਸਕੀ ਦੀ ਇੱਕ ਹੋਰ ਦਲੀਲ: "ਇੱਕ ਜਾਂ ਦੂਜੇ ਢੰਗ ਨਾਲ਼ ਜਥੇਬੰਦ ਬੁੱਧੀਜੀਵੀ ਜੁਆਨਾਂ ਲਈ ਪਾਰਟੀ ਦੇ ਮੈਂਬਰਾਂ ਦੀ ਸੂਚੀ ਵਿੱਚ **ਆਪਣੇ ਆਪ ਨੂੰ ਸ਼ਾਮਲ ਕਰਨਾ** ਸੌਖੇਰਾ ਹੁੰਦਾ ਹੈ [ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ]।" ਐਨ ਇਹੋ ਗੱਲ ਹੈ। ਇਸੇ ਲਈ ਉਹ ਸੂਤਰੀਕਰਨ ਹੀ ਹੈ, ਜਿਸ ਰਾਹੀਂ ਗ਼ੈਰ-ਜਥੇਬੰਦ ਅੰਸ਼ ਵੀ **ਆਪਣੇ** ਪਾਰਟੀ ਦੇ ਮੈਂਬਰ ਹੋਣ ਦਾ **ਐਲਾਨ ਕਰ ਸਕਦੇ ਹਨ**, ਜਿਸ ਵਿੱਚ ਬੌਧਕ ਅਸਪਸ਼ਟਤਾ ਦਾ ਨੁਕਸ ਹੈ ਅਤੇ ਮੇਰੇ ਸੂਤਰੀਕਰਨ ਵਿੱਚ ਨਹੀਂ, ਜਿਹੜਾ **"ਆਪਣੇ ਆਪ ਨੂੰ"** ਸੂਚੀ ਵਿੱਚ "ਸ਼ਾਮਲ ਕਰਨ" ਦੇ ਹੱਕ ਨੂੰ **ਦੂਰ ਕਰਦਾ ਹੈ।** ਸਾਥੀ ਤਰਾਤਸਕੀ ਨੇ ਕਿਹਾ ਕਿ ਜੇ ਕੇਂਦਰੀ ਕਮੇਟੀ ਮੌਕਾਪ੍ਰਸਤਾਂ ਦੀ ਕਿਸੇ ਜਥੇਬੰਦੀ ਨੂੰ "ਪ੍ਰਵਾਨ ਕਰਨੋਂ ਇਨਕਾਰ ਕਰ ਦੇਂਦੀ ਹੈ" ਤਾਂ ਅਜਿਹਾ ਕੁੱਝ ਵਿਅਕਤੀਆਂ ਦੇ ਚਰਿੱਤਰ ਕਾਰਨ ਹੋਵੇਗਾ, ਅਤੇ ਕਿਉਂਕਿ ਇਹ ਵਿਅਕਤੀ, ਰਾਜਨੀਤਕ ਸ਼ਖ਼ਸੀਅਤਾਂ ਵਜੋਂ ਜਾਣੇ ਹੋਏ ਹੋਣਗੇ, ਉਹ ਖ਼ਤਰਨਾਕ ਨਹੀਂ ਹੋਣਗੇ ਅਤੇ ਆਮ ਪਾਰਟੀ ਬਾਈਕਾਟ ਰਾਹੀਂ ਉਹਨਾਂ ਨੂੰ ਕੱਢਿਆ ਜਾ ਸਕੇਗਾ। ਇਹ ਗੱਲ ਕੇਵਲ ਉਸ ਹਾਲਤ ਵਿੱਚ ਠੀਕ ਹੈ ਜਦੋਂ ਲੋਕਾਂ ਨੂੰ **ਪਾਰਟੀ ਵਿੱਚੋਂ ਕੱਢਣਾ** ਹੁੰਦਾ ਹੈ (ਅਤੇ ਉਦੋਂ ਵੀ ਅੱਧਾ ਸੱਚ ਹੈ, ਕਿਉਂਕਿ ਜਥੇਬੰਦ ਪਾਰਟੀ ਮੈਂਬਰਾਂ ਨੂੰ ਵੋਟਾਂ ਰਾਹੀਂ **ਕੱਢਦੀ** ਹੈ ਅਤੇ ਬਾਈਕਾਟ ਰਾਹੀਂ ਨਹੀਂ)। ਉਹਨਾਂ ਵਧੇਰੇ ਆਮ ਹਾਲਤਾਂ ਵਿੱਚ ਜਿਥੇ **ਬਾਹਰ ਕੱਢਣਾ** ਵਾਹਯਾਤ ਹੋਵੇਗਾ ਅਤੇ ਜਦੋਂ ਲੋੜ ਬਸ **ਕੰਟਰੋਲ** ਦੀ ਹੋਵੇਗੀ। ਕੰਟਰੋਲ ਦੇ ਮੰਤਵਾਂ ਲਈ, ਕੇਂਦਰੀ ਕਮੇਟੀ, ਕੁੱਝ ਸ਼ਰਤਾਂ ਲਾਕੇ, **ਜਾਣ ਬੁੱਝ** ➪

ਇਹ ਅਖ਼ੀਰੀ ਪ੍ਰਗਟਾਅ ਜਿਹੜਾ ਮੈਂ ਟੂਕ ਚਿੰਨ੍ਹਾਂ ਵਿੱਚ ਦਿੱਤਾ ਹੈ, ਸਾਥੀ ਪਾਵਲੋਵਿਚ ਦਾ ਹੈ, ਜਿਸਨੇ "**.ਗੈਰ-ਜ਼ਿੰਮੇਵਾਰ** ਅਤੇ ਸਵੈ-**ਪ੍ਰਵੇਸ਼ਕ** ਪਾਰਟੀ ਮੈਂਬਰਾਂ" ਦੀ ਪ੍ਰਵਾਨਗੀ ਦਾ ਬਿਲਕੁਲ ਹੱਕੀ ਤੌਰ ਉੱਤੇ **ਅਰਾਜਕਤਾ** ਵਜੋਂ ਲੱਛਣੀਕਰਨ ਕੀਤਾ। "ਸਾਦੀ ਭਾਸ਼ਾ ਵਿੱਚ ਗੱਲ ਕਰਦਿਆਂ", ਮੇਰਾ ਸੂਤਰੀਕਰਨ ਸਾਥੀ ਲੀਬਰ ਨੂੰ ਸਮਝਾਉਂਦੇ ਹੋਏ, ਸਾਥੀ ਪਾਵਲੋਵਿਚ ਨੇ ਕਿਹਾ, "ਇਹਦਾ ਅਰਥ ਇਹ ਹੈ: ਜੇ ਤੁਸੀਂ ਪਾਰਟੀ ਮੈਂਬਰ ਬਣਨਾ ਚਾਹੁੰਦੇ ਹੋ ਤਾਂ ਤੁਹਾਡਾ ਜਥੇਬੰਦਕ ਸਬੰਧਾਂ ਦਾ ਕਬੂਲਣਾ ਵੀ ਸਹਿਜ-ਭਾਵੀ ਨਹੀਂ ਹੋਣਾ ਚਾਹੀਦਾ"। ਭਾਵੇਂ ਇਹ "ਸਾਦੀ ਭਾਸ਼ਾ ਵਿੱਚ ਗੱਲ ਕਰਨਾ" ਕਿੰਨਾ ਵੀ ਸਾਦਾ ਸੀ, ਜਾਪਦਾ ਹੈ ਇਹ ਫ਼ਾਲਤੂ ਨਹੀਂ ਸੀ (ਜਿਹਾ ਕਿ ਕਾਂਗਰਸ ਤੋਂ ਪਿੱਛੋਂ ਦੀਆਂ ਘਟਨਾਵਾਂ ਨੇ ਦਰਸਾ ਦਿੱਤਾ ਹੈ) ਨਾ ਕੇਵਲ ਅਨੇਕ ਸ਼ੱਕੀ ਪ੍ਰੋਫ਼ੈਸਰਾਂ ਅਤੇ ਹਾਈ ਸਕੂਲ ਦੇ ਵਿਦਿਆਰਥੀਆਂ ਲਈ ਸਗੋਂ ਪੂਰੀ ਤਰ੍ਹਾਂ ਇਮਾਨਦਾਰ ਪਾਰਟੀ ਮੈਂਬਰਾਂ ਲਈ, ਸਿਖਰ ਉਤਲੇ ਲੋਕਾਂ ਲਈ ਵੀ।... ਕਿਸੇ ਤਰ੍ਹਾਂ ਘੱਟ ਇਨਸਾਫ਼ ਨਾਲ਼ ਨਹੀਂ, ਸਾਥੀ ਪਾਵਲੋਵਿਚ ਨੇ ਸਾਥੀ ਮਾਰਤੋਵ ਦੇ ਸੂਤਰੀਕਰਨ ਅਤੇ ਵਿਗਿਆਨਕ ਸੋਸ਼ਲਿਜ਼ਮ ਦੇ ਉਸ ਨਿਯਮ ਵਿਚਕਾਰ, ਜਿਸਦਾ ਸਾਥੀ ਮਾਰਤੋਵ ਨੇ ਇੰਨੇ ਅਢੁਕਵੇਂ ਢੰਗ ਨਾਲ਼ ਹਵਾਲਾ ਦਿੱਤਾ ਸੀ: "ਸਾਡੀ ਪਾਰਟੀ ਅਚੇਤੰਨ ਅਮਲ ਦਾ ਚੇਤੰਨ ਬੁਲਾਰਾ ਹੈ।" ਐਨ ਇਹੋ ਗੱਲ ਹੈ। ਅਤੇ ਐਨ ਇਸੇ ਕਾਰਨ "ਹਰ ਹੜਤਾਲੀ" ਲਈ ਆਪਣੇ ਪਾਰਟੀ ਮੈਂਬਰ ਹੋਣ ਦਾ ਐਲਾਨ ਕਰਨ ਦਾ ਹੱਕ ਹੋਣ ਦੀ ਇੱਛਾ ਕਰਨਾ ਗ਼ਲਤ ਹੈ, ਕਿਉਂਕਿ ਜੇ "ਹਰ ਹੜਤਾਲ" ਤਾਕਤਵਰ ਜਮਾਤੀ ਸਹਿਜ-ਭਾਵ ਅਤੇ ਜਮਾਤੀ ਘੋਲ਼ ਦਾ ਆਪਮੁਹਾਰਾ ਪ੍ਰਗਟਾਵਾ ਨਾ ਹੁੰਦੀ, ਜਿਹੜੀ ਅਟੱਲ ਤੌਰ ਉੱਤੇ ਸਮਾਜੀ ਇਨਕਲਾਬ ਵੱਲ ਲੈ ਜਾ ਰਹੀ ਹੈ, ਸਗੋਂ ਉਸ ਅਮਲ ਦਾ **ਚੇਤੰਨ ਪ੍ਰਗਟਾਅ** ਹੁੰਦੀ, ਤਾਂ... ਤਾਂ ਆਮ ਹੜਤਾਲ ਅਰਾਜਕਤਾਵਾਦੀ ਪ੍ਰਗਟਾਵਾ ਨਾ ਹੁੰਦੀ, ਤੇ ਸਾਡੀ ਪਾਰਟੀ ਨੇ ਫ਼ੌਰੀ ਤੌਰ ਉੱਤੇ ਸਮੁੱਚੀ

---

⇨ **ਕੇ** ਇੱਕ ਅਜਿਹੀ ਜਥੇਬੰਦੀ ਨੂੰ ਪਾਰਟੀ ਵਿੱਚ ਸ਼ਾਮਲ ਕਰ ਸਕਦੀ ਹੈ, ਜਿਹੜੀ ਪੂਰੀ ਤਰ੍ਹਾਂ ਭਰੋਸੇਯੋਗ ਨਹੀਂ ਪਰ ਕੰਮ ਕਰਨ ਯੋਗ ਹੈ; ਉਹ ਉਹਦੀ ਪਰਖ ਕਰਨ ਦੇ, **ਉਹਨੂੰ ਠੀਕ ਰਾਹ ਵੱਲ ਸੇਧ ਦੇਣ** ਦੇ, ਅਗਵਾਈ ਰਾਹੀਂ ਉਹਦੇ ਅੰਸ਼ਕ ਕੁਰਾਹੇ ਦੂਰ ਕਰਨ, ਆਦਿ, ਦੇ ਮੰਤਵ ਨਾਲ਼ ਅਜਿਹਾ ਕਰ ਸਕਦੀ ਹੈ। ਇਹ ਖ਼ਤਰਨਾਕ ਨਹੀਂ ਹੋਵੇਗਾ, ਜੇ ਪਾਰਟੀ ਦੀਆਂ ਸਫ਼ਾਂ ਵਿੱਚ "**ਸਵੈ-ਪ੍ਰਵੇਸ਼**" ਦੀ ਆਗਿਆ ਨਾ ਦਿੱਤੀ ਜਾਵੇ। ਅਕਸਰ ਇਹ ਗ਼ਲਤ ਵਿਚਾਰਾਂ ਅਤੇ ਗ਼ਲਤ ਦਾਅ-ਪੇਚਾਂ ਦੇ **ਖੁੱਲ੍ਹੇ** ਅਤੇ **ਜ਼ਿੰਮੇਵਾਰ**, ਕੰਟਰੋਲ ਅਧੀਨ ਪ੍ਰਗਟਾਅ (ਅਤੇ ਬਹਿਸ) ਲਈ ਲਾਹੇਵੰਦਾ ਹੋਵਗਾ। "ਪਰ ਜੇ ਨਿਯਮਕ ਪ੍ਰੀਭਾਸ਼ਾਵਾਂ ਦੇ ਵਾਸਤਵਿਕ ਸੰਬੰਧਾਂ ਦਾ ਅਨੁਸਾਰੀ ਹੋਣਾ ਹੈ ਤਾਂ ਇਹ ਲਾਜ਼ਮੀ ਹੈ ਕਿ ਸਾਥੀ ਲੈਨਿਨ ਦਾ ਸੂਤਰੀਕਰਨ ਰੱਦ ਕੀਤਾ ਜਾਵੇ", ਸਾਥੀ ਤਰਾਤਸਕੀ ਨੇ ਕਿਹਾ ਅਤੇ ਇੱਕ ਵਾਰ ਉਹਨੇ ਇੱਕ ਮੌਕਾਪ੍ਰਸਤ ਵਾਂਗ ਗੱਲ ਕੀਤੀ। ਵਾਸਤਵਿਕ ਸਬੰਧ ਕੋਈ ਮੁਰਦਾ ਗੱਲ ਨਹੀਂ, ਉਹ ਜਿਉਂਦੇ ਅਤੇ ਵਿਕਾਸ ਕਰਦੇ ਹਨ। ਨਿਯਮਕ ਪ੍ਰੀਭਾਸ਼ਾਵਾਂ ਉਹਨਾਂ ਸੰਬੰਧਾਂ ਦੇ ਦਰਜੇਵਾਰ ਵਿਕਾਸ ਦੀਆਂ ਅਨੁਸਾਰੀ ਹੋ ਸਕਦੀਆਂ ਹਨ, ਪਰ (ਜੇ ਪ੍ਰੀਭਾਸ਼ਾਵਾਂ ਭੈੜੀਆਂ ਹੋਣ) ਤਾਂ ਉਹ ਅਵੰਨਤੀ ਜਾਂ ਖੜੋਤ ਦੀਆਂ "ਅਨੁਸਾਰੀ" ਵੀ ਹੋ ਸਕਦੀਆਂ ਹਨ। ਸਾਥੀ ਮਾਰਤੋਵ ਦੇ "ਮਾਮਲੇ" ਵਿੱਚ ਪਿਛਲੇਰੀ ਹਾਲਤ ਹੈ।

ਕਿਰਤੀ ਜਮਾਤ ਨੂੰ **ਆਪਣੀ ਵਲਗਣ ਵਿੱਚ ਲੈ ਲਿਆ ਹੁੰਦਾ** ਅਤੇ, ਇਹਦੇ ਸਿੱਟੇ ਵਜੋਂ, **ਸਮੁੱਚੇ ਤੌਰ ਉੱਤੇ ਬੁਰਜੂਆ ਸਮਾਜ** ਦਾ ਅੰਤ ਕਰ ਦਿੱਤਾ ਹੁੰਦਾ। ਜੇ ਇਹਨੇ **ਯਥਾਰਥ ਵਿੱਚ** ਚੇਤੰਨ ਬੁਲਾਰਾ ਬਣਨਾ ਹੈ ਤਾਂ ਇਹ ਲਾਜ਼ਮੀ ਹੈ ਕਿ ਪਾਰਟੀ ਅਜਿਹੇ ਜਥੇਬੰਦਕ ਸੰਬੰਧ ਘੜਨ ਯੋਗ ਹੋਵੇ ਜਿਹੜੇ ਚੇਤੰਨਤਾ ਦਾ ਇੱਕ **ਨਿਸ਼ਚਿਤ ਪੱਧਰ ਬਣਾਉਂਦੇ** ਹਨ ਅਤੇ ਨੇਮ ਨਾਲ਼ ਇਸ ਪੱਧਰ ਨੂੰ ਉੱਚਾ ਕਰੇ। "ਜੇ ਅਸਾਂ ਮਾਰਤੋਵ ਦੇ ਰਾਹ ਜਾਣਾ ਹੈ", ਸਾਥੀ ਪਾਵਲੋਵਿਚ ਨੇ ਕਿਹਾ, "ਸਾਨੂੰ ਸਭ ਤੋਂ ਪਹਿਲਾਂ **ਪ੍ਰੋਗਰਾਮ** ਪ੍ਰਵਾਨ ਕਰਨ ਸਬੰਧੀ ਧਾਰਾ ਕੱਢ ਦੇਣੀ ਚਾਹੀਦੀ ਹੈ, ਕਿਉਂਕਿ ਇਸ ਤੋਂ ਪਹਿਲਾਂ ਕਿ ਕੋਈ ਪ੍ਰੋਗਰਾਮ ਪ੍ਰਵਾਨ ਕੀਤਾ ਜਾਵੇ, ਇਹ ਲਾਜ਼ਮੀ ਹੈ ਕਿ ਇਸ ਵਿੱਚ ਨਿਪੁੰਨਤਾ ਪ੍ਰਾਪਤ ਕੀਤੀ ਜਾਵੇ ਅਤੇ ਇਹਨੂੰ ਸਮਝਿਆ ਜਾਵੇ।... ਪ੍ਰੋਗਰਾਮ ਦੀ ਪ੍ਰਵਾਨਗੀ ਰਾਜਸੀ ਚੇਤੰਨਤਾ ਦੀ ਚੋਖੀ ਉੱਚੀ ਪੱਧਰ ਪਹਿਲਾਂ ਹੀ ਮਿਥ ਲੈਂਦੀ ਹੈ।" ਅਸੀਂ ਸੋਸ਼ਲ-ਡੈਮੋਕ੍ਰੇਸੀ ਦੀ **ਹਮਾਇਤ**, ਉਹ ਜਿਸ ਘੋਲ਼ ਦੀ ਅਗਵਾਈ ਕਰਦੀ ਹੈ ਉਸ ਵਿੱਚ **ਸ਼ਮੂਲੀਅਤ ਨੂੰ** ਕਿਸੇ ਤਰ੍ਹਾਂ ਦੀਆਂ ਮੰਗਾਂ (ਨਿਪੁੰਨਤਾ, ਸੂਝ, ਆਦਿ) ਨਾਲ਼ ਨਕਲੀ ਤੌਰ ਉੱਤੇ **ਸੀਮਤ** ਨਹੀਂ ਹੋਣ ਦਿਆਂਗੇ, ਕਿਉਂਕਿ ਖ਼ੁਦ ਇਹ **ਸ਼ਮੂਲੀਅਤ**, ਇਹਦਾ ਹੋਣਾ ਹੀ, ਚੇਤੰਨਤਾ ਅਤੇ ਜਥੇਬੰਦੀ ਦੇ ਸਹਿ-ਭਾਵ ਨੂੰ **ਵਾਧਾ ਦੇਂਦਾ ਹੈ** ਪਰ ਕਿਉਂਕਿ **ਅਸੀਂ** ਨੇਮ-ਬੱਧ ਢੰਗ ਨਾਲ਼ **ਇੱਕ ਪਾਰਟੀ ਵਿੱਚ ਇਕੱਠੇ ਹੋਏ ਹਾਂ** ਇਹ ਲਾਜ਼ਮੀ ਹੈ ਕਿ ਅਸੀਂ ਇਸ ਗੱਲ ਦਾ ਧਿਆਨ ਰੱਖੀਏ ਕਿ ਇਹ ਨੇਮ-ਬੱਧ ਹੋਵੇ।

ਇਹ ਗੱਲ ਕਿ ਪ੍ਰੋਗਰਾਮ ਸਬੰਧੀ ਸਾਥੀ ਪਾਵਲੋਵਿਚ ਦੀ ਚੇਤਾਵਨੀ ਫ਼ਜ਼ੂਲ ਨਹੀਂ ਸੀ **ਇੱਕਦਮ**, **ਐਨ ਉਸੇ** ਬੈਠਕ ਵਿੱਚ ਹੀ ਸਪਸ਼ਟ ਹੋ ਗਈ। ਸਾਥੀ ਅਕੀਮੋਵ ਅਤੇ ਸਾਥੀ ਲੀਬਰ ਨੇ, ਜਿਨ੍ਹਾਂ ਸਾਥੀ ਮਾਰਤੋਵ ਦੇ ਸੂਤਰੀਕਰਨ ਦੀ ਪ੍ਰਵਾਨਗੀ ਨਿਸ਼ਚਿਤ ਬਣਾਈ*, **ਇੱਕਦਮ** ਇਹ ਮੰਗ ਕਰਕੇ ਕਿ ਪ੍ਰੋਗਰਾਮ ਸਬੰਧੀ ਵੀ (ਪਾਰਟੀ ਦੀ "ਮੈਂਬਰੀ" ਲਈ) ਕੇਵਲ ਸਹਿਜ-ਭਾਵੀ ਪ੍ਰਵਾਨਗੀ, ਕੇਵਲ "ਬੁਨਿਆਦੀ ਨਿਯਮਾਂ" ਦੀ ਪ੍ਰਵਾਨਗੀ ਦੀ ਮੰਗ ਕੀਤੀ ਜਾਵੇ, ਆਪਣਾ ਅਸਲੀ ਖ਼ਾਸਾ ਪ੍ਰਗਟ ਕਰ ਦਿੱਤਾ। "ਸਾਥੀ ਅਕੀਮੋਵ ਦੀ ਤਜਵੀਜ਼ ਸਾਥੀ ਮਾਰਤੋਵ ਦੇ ਨਜ਼ਰੀਏ ਤੋਂ ਬਿਲਕੁਲ ਤਰਕਸੰਗਤ ਹੈ", ਸਾਥੀ ਪਾਵਲੋਵਿਚ ਨੇ ਟਿੱਪਣੀ ਕੀਤੀ। ਮੰਦੇ-ਭਾਗੀਂ, ਅਸੀਂ ਕਾਰਵਾਈ ਤੋਂ ਇਹ ਨਹੀਂ ਜਾਣ ਸਕਦੇ ਕਿ ਅਕੀਮੋਵ ਦੀ ਤਜਵੀਜ਼ ਨੂੰ **ਕਿੰਨੇ** ਵੋਟ ਮਿਲੇ—ਪੂਰੀ ਸੰਭਾਵਨਾ ਇਹ ਹੈ ਕਿ ਸੱਤ ਤੋਂ ਘੱਟ ਨਹੀਂ (ਪੰਜ

* ਵੋਟਾਂ ਸਨ ਅਠਾਈ ਹੱਕ ਵਿੱਚ ਅਤੇ ਬਾਈ ਵਿਰੁੱਧ। ਅੱਠ "ਇਸਕਰਾ"-ਵਿਰੋਧੀਆਂ ਵਿੱਚੋਂ, ਸੱਤ ਮਾਰਤੋਵ ਦੇ ਹੱਕ ਵਿੱਚ ਸਨ ਅਤੇ ਇੱਕ ਮੇਰੇ ਹੱਕ ਵਿੱਚ। ਮੌਕਾਪ੍ਰਸਤਾਂ ਦੀ ਸਹਾਇਤਾ ਤੋਂ ਬਿਨਾਂ ਸਾਥੀ ਮਾਰਤੋਵ ਆਪਣੇ ਮੌਕਾਪ੍ਰਸਤ ਸੂਤਰੀਕਰਨ ਦੀ ਸਫ਼ਲਤਾ ਪ੍ਰਾਪਤ ਨਾ ਕਰ ਸਕਦਾ। (ਲੀਗ ਦੀ ਕਾਂਗਰਸ ਵਿੱਚ ਸਾਥੀ ਮਾਰਤੋਵ ਨੇ ਬੜੀ ਅਸਫ਼ਲਤਾ ਨਾਲ਼ ਇਸ ਅਵਿਵਾਦੀ ਤੱਥ ਦਾ ਖੰਡਣ ਕਰਨ ਦਾ ਯਤਨ ਕੀਤਾ, ਕਿਸੇ ਕਾਰਨ ਉਹਨੇ ਕੇਵਲ ਬੁੰਦਵਾਦੀਆਂ ਦੀਆਂ ਵੋਟਾਂ ਚੇਤੇ ਰੱਖੀਆਂ ਅਤੇ ਸਾਥੀ ਅਕੀਮੋਵ ਅਤੇ ਉਹਦੇ ਮਿੱਤਰਾਂ ਦੀਆਂ ਵੋਟਾਂ ਨੂੰ ਭੁੱਲ ਗਿਆ—ਜਾਂ ਸਗੋਂ ਉਹਨਾਂ ਨੂੰ **ਕੇਵਲ** ਉਦੋਂ ਚੇਤੇ ਰੱਖਿਆ ਜਦੋਂ ਉਹ ਮੇਰੇ ਵਿਰੁੱਧ ਕੰਮ ਆ ਸਕਦੀਆਂ ਸਨ: ਸਾਥੀ ਬਰੂਕੇਰੇ ਦੀ ਮੇਰੇ ਨਾਲ਼ ਸੰਮਤੀ)।

ਬੁੰਦਵਾਦੀ, ਅਕੀਮੋਵ, ਅਤੇ ਬਰੂਕੇਰੇ)। ਅਤੇ ਇਹ **ਸੱਤ** ਡੈਲੀਗੇਟਾਂ ਦਾ ਕਾਂਗਰਸ ਤੋਂ ਚਲੇ ਜਾਣਾ ਹੀ ਸੀ ਜਿਸਨੇ ਉਹ "ਗਠਵੀਂ ਬਹੁਗਿਣਤੀ" ਨੂੰ ("ਇਸਕਰਾ"-ਵਿਰੋਧੀ, "ਕੇਂਦਰ" ਅਤੇ ਮਾਰਤੋਵਵਾਦੀ) ਜਿਹੜੀ ਪਹਿਲੇ ਪੈਰੇ ਸਬੰਧੀ ਬਣਨੀ ਸ਼ੁਰੂ ਹੋਈ ਸੀ, ਇੱਕ ਗਠਵੀਂ ਘੱਟਗਿਣਤੀ ਵਿੱਚ ਤਬਦੀਲ ਕਰ ਦਿੱਤਾ। ਇਹ **ਸੱਤ** ਡੈਲੀਗੇਟਾਂ ਦਾ ਚਲੇ ਜਾਣਾ ਹੀ ਸੀ ਜਿਹੜਾ ਪੁਰਾਣੇ ਸੰਪਾਦਕ-ਮੰਡਲ ਦੀ ਤਸਦੀਕ ਕਰਨ ਦੇ ਪ੍ਰਸਤਾਵ ਦੇ ਰੱਦ ਕੀਤੇ ਜਾਣ ਦਾ ਕਾਰਨ ਬਣਿਆ—"ਇਸਕਰਾ" ਦੇ ਸੰਪਾਦਨ ਵਿੱਚ "ਲਗਾਤਾਰਤਾ" ਦਾ ਅਖੌਤੀ ਘੋਰ ਖੰਡਨ! ਇਹ ਇੱਕ ਅਨੋਖਾ **ਸਾਤਾ** ਸੀ, ਜਿਹੜਾ "ਇਸਕਰਾ" ਦੀ "ਲਗਾਤਾਰਤਾ" ਦੀ ਇੱਕੋ ਇੱਕ ਮੁਕਤੀ ਅਤੇ ਜ਼ਾਮਨੀ ਬਣਦਾ ਸੀ: ਬੁੰਦਵਾਦੀ, ਅਕੀਮੋਵ ਅਤੇ ਬਰੂਕੇਰੇ, ਅਰਥਾਤ ਐਨ ਉਹ ਡੈਲੀਗੇਟ ਜਿਨ੍ਹਾਂ "ਇਸਕਰਾ" ਨੂੰ ਕੇਂਦਰੀ ਬੁਲਾਰੇ ਵਜੋਂ ਪ੍ਰਵਾਨ ਕਰਨ ਦੇ **ਮੰਤਵਾਂ** ਵਿਰੁੱਧ ਵੋਟ ਦਿੱਤੇ ਸਨ, ਐਨ ਉਹ ਡੈਲੀਗੇਟ ਜਿਨ੍ਹਾਂ ਦੀ ਮੌਕਾਪ੍ਰਸਤੀ ਨੂੰ ਕਾਂਗਰਸ ਨੇ ਦਰਜਨਾਂ ਵਾਰ ਮੰਨਿਆ ਸੀ ਅਤੇ ਵਿਸ਼ੇਸ਼ ਤੌਰ ਉੱਤੇ ਪ੍ਰੋਗਰਾਮ ਦੇ ਸਬੰਧ ਵਿੱਚ ਪਹਿਲੇ ਪੈਰੇ ਦੀ ਸੁਰ **ਨੀਵੀਂ ਕਰਨ** ਸਬੰਧੀ ਮਾਰਤੋਵ ਅਤੇ ਪਲੈਖ਼ਾਨੋਵ ਨੇ ਵਿਸ਼ੇਸ਼ ਤੌਰ ਉੱਤੇ ਪ੍ਰਵਾਨ ਕੀਤਾ ਸੀ। "ਇਸਕਰਾ" ਦੀ "ਲਗਾਤਾਰਤਾ" ਦੀ ਰੱਖਿਆ "ਇਸਕਰਾ"-ਵਿਰੋਧੀ ਕਰਦੇ ਹਨ! — ਇਹ ਗੱਲ ਸਾਨੂੰ ਕਾਂਗਰਸ-ਉਪ੍ਰੰਤ ਤਰਾਸ-ਕਾਮੇਦੀ **ਤੱਕ** ਲੈ ਜਾਂਦੀ ਹੈ।

*   *   *

ਨਿਯਮਾਂ ਦੇ ਪਹਿਲੇ ਪੈਰੇ ਸੰਬੰਧੀ ਵੋਟਾਂ ਨੇ ਐਨ ਉਸੇ ਪ੍ਰਕਾਰ ਦਾ ਵਰਤਾਰਾ ਪ੍ਰਗਟ ਕੀਤਾ ਜਿਹੋ ਜਿਹਾ ਭਾਸ਼ਾਵਾਂ ਦੀ ਬਰਾਬਰੀ ਦੀ ਘਟਨਾ ਸਬੰਧੀ ਪ੍ਰਗਟ ਹੋਇਆ ਸੀ: (ਲਗਭਗ) "ਇਸਕਰਾ" ਬਹੁਗਿਣਤੀ ਦੇ ਇੱਕ ਚੁਥਾਈ ਦੇ ਸਾਥ ਛੱਡ ਜਾਣ ਕਾਰਨ "ਇਸਕਰਾ"-ਵਿਰੋਧੀਆਂ ਦੀ ਜਿੱਤ ਸੰਭਵ ਹੋਈ, ਜਿਨ੍ਹਾਂ ਨੂੰ "ਕੇਂਦਰ" ਦੀ ਹਮਾਇਤ ਪ੍ਰਾਪਤ ਸੀ। ਨਿਰਸੰਦੇਹ, ਅਜਿਹੇ ਵਿਅਕਤੀਗਤ ਵੋਟ ਸਨ, ਜਿਨ੍ਹਾਂ ਚਿੱਤਰ ਦੀ ਮੁਕੰਮਲ ਸੁਡੋਲਤਾ ਵਿੱਚ ਵਿਘਨ ਪਾਇਆ—ਸਾਡੀ ਕਾਂਗਰਸ ਜਿਹੇ ਵੱਡੇ ਇਕੱਠ ਵਿੱਚ ਕੁੱਝ "ਭੁੱਲੇ-ਭਟਕੇ" ਹੋਣਾ ਲਾਜ਼ਮੀ ਹੈ, ਜਿਹੜੇ ਉੱਕਾ ਹੀ ਸਬੱਬੀ ਤੌਰ ਉੱਤੇ ਇੱਕ ਪਾਸੇ ਤੋਂ ਦੂਜੇ ਵੱਲ ਜਾਂਦੇ ਹਨ, ਵਿਸ਼ੇਸ਼ ਤੌਰ ਉੱਤੇ ਪਹਿਲੇ ਪੈਰੇ ਜਿਹੇ ਸਵਾਲ ਉੱਤੇ, ਜਿਥੇ ਨਖੇੜੇ ਦਾ ਸੱਚਾ ਖ਼ਾਸਾ ਉਭਰਨਾ ਅਜੇ ਸ਼ੁਰੂ ਹੀ ਹੋਇਆ ਸੀ ਅਤੇ ਬਹੁਤ ਸਾਰੇ ਡੈਲੀਗੇਟਾਂ ਨੇ ਅਜੇ **ਆਪਣੀ ਦਿਸ਼ਾ ਲੱਭੀ ਨਹੀਂ** ਸੀ (ਇਸ ਗੱਲ ਨੂੰ ਮੁੱਖ ਰੱਖਦੇ ਕਿ ਸਵਾਲ ਉੱਤੇ ਪਹਿਲਾਂ ਅਖ਼ਬਾਰਾਂ ਵਿੱਚ ਵਿਚਾਰ ਨਹੀਂ ਸੀ ਕੀਤੀ ਗਈ)। "ਇਸਕਰਾ"-ਵਾਦੀਆਂ ਦੀ ਬਹੁਗਿਣਤੀ ਤੋਂ ਪੰਜ ਵੋਟ ਨਿਖੜ ਗਏ (ਰੂਸੋਵ ਅਤੇ ਕਾਰਸਕੀ, ਜਿਨ੍ਹਾਂ ਕੋਲ ਦੋ ਦੋ ਵੋਟ ਸਨ, ਅਤੇ ਲੇਨਸਕੀ, ਜਿਸ ਕੋਲ ਇੱਕ ਵੋਟ ਸੀ); ਦੂਜੇ ਹੱਥ ਉਹਨਾਂ ਨਾਲ਼ ਇੱਕ "ਇਸਕਰਾ"-ਵਿਰੋਧੀ ਸ਼ਾਮਲ ਹੋ ਗਿਆ (ਬਰੂਕੇਰੇ) ਅਤੇ "ਕੇਂਦਰ" ਤੋਂ ਤਿੰਨ (ਮੇਦਵੇਦੇਵ, ਯੇਗੋਰੋਵ ਅਤੇ ਤਸਾਰੀਓਵ); ਇਹਦਾ ਸਿੱਟਾ ਸੀ ਕੁੱਲ 23 ਵੋਟ (24-5+4), ਚੋਣਾਂ ਵਿੱਚ ਅੰਤਮ ਪਰ੍ਹੇਬੰਦੀ ਤੋਂ ਇੱਕ ਵੋਟ ਘੱਟ। ਇਹ **"ਇਸਕਰਾ"-ਵਿਰੋਧੀ** ਸਨ ਜਿਨ੍ਹਾਂ **ਮਾਰਤੋਵ ਨੂੰ ਉਹਦੀ ਬਹੁਗਿਣਤੀ ਦਿੱਤੀ**, ਉਹਨਾਂ ਵਿੱਚੋਂ ਸੱਤ ਨੇ ਉਹਦੇ ਹੱਕ ਵਿੱਚ

ਵੋਟ ਦਿੱਤੇ ਅਤੇ ਇੱਕ ਨੇ ਮੇਰੇ ਹੱਕ ਵਿੱਚ ("ਕੇਂਦਰ" ਨੇ ਵੀ ਸੱਤ ਵੋਟ ਮਾਰਤੋਵ ਦੇ ਹੱਕ ਵਿੱਚ ਦਿੱਤੇ ਅਤੇ ਤਿੰਨ ਮੇਰੇ ਹੱਕ ਵਿੱਚ)। ਘੱਟਗਿਣਤੀ "ਇਸਕਰਾ"-ਵਾਦੀਆਂ ਦੀ "ਇਸਕਰਾ"-ਵਿਰੋਧੀਆਂ ਅਤੇ "ਕੇਂਦਰ" ਨਾਲ਼ ਕੁਲੀਸ਼ਨ, ਜਿਸ ਨੇ ਕਾਂਗਰਸ ਦੇ ਅਖ਼ੀਰ ਉੱਤੇ ਅਤੇ ਕਾਂਗਰਸ ਤੋਂ ਪਿੱਛੋਂ ਗਠਵੀਂ ਘੱਟਗਿਣਤੀ ਬਣਾਈ, **ਰੂਪ ਧਾਰਨ ਲਗ ਪਈ ਸੀ**। ਮਾਰਤੋਵ ਅਤੇ ਐਕਸਲਰੋਦ ਦੀ, ਜਿਨ੍ਹਾਂ ਪਹਿਲੇ ਪੈਰੇ ਦੇ ਆਪਣੇ ਸੂਤਰੀਕਰਨ ਵਿੱਚ ਅਤੇ ਵਿਸ਼ੇਸ਼ ਤੌਰ ਉੱਤੇ ਇਸ ਸੂਤਰੀਕਰਨ ਦੀ ਹਮਾਇਤ ਵਿੱਚ **ਬਿਨਾਂ ਸ਼ੱਕ ਮੌਕਾਪ੍ਰਸਤ ਅਤੇ ਅਰਾਜਕਤਾਵਾਦੀ ਵਿਅਕਤੀਵਾਦ ਵੱਲ ਇੱਕ ਕਦਮ ਚੁੱਕਿਆ ਸੀ**, ਸਿਆਸੀ ਗ਼ਲਤੀ ਇੱਕਦਮ ਅਤੇ ਸਪਸ਼ਟ ਤੌਰ ਉੱਤੇ ਕਾਂਗਰਸ ਵੱਲੋਂ ਪੇਸ਼ ਕੀਤੇ ਅਜ਼ਾਦ ਅਤੇ ਖੁੱਲ੍ਹੇ ਪਿੜ ਕਾਰਨ ਪ੍ਰਗਟ ਹੋ ਗਈ; ਇਹ ਇਸ ਗੱਲ ਵਿੱਚ ਪ੍ਰਗਟ ਹੋਈ ਕਿ ਸਭ ਤੋਂ ਘੱਟ ਸਥਿਰ ਅਤੇ ਅਸੂਲਾਂ ਵਿੱਚ ਸਭ ਤੋਂ ਘੱਟ ਦ੍ਰਿੜ ਅੰਸ਼ਾਂ ਨੇ ਇੱਕਦਮ ਉਸ ਤਰੇੜ ਨੂੰ, ਪਾੜ ਨੂੰ ਵਿਸ਼ਾਲ ਕਰਨਾ ਸ਼ੁਰੂ ਕੀਤਾ ਜਿਹੜੀ ਇਨਕਲਾਬੀ ਸੋਸ਼ਲ-ਡੈਮੋਕ੍ਰੈਟਾਂ ਵਿੱਚ ਪੈਦਾ ਹੋਈ ਸੀ। ਕਾਂਗਰਸ ਵਿੱਚ ਅਜਿਹੇ ਲੋਕ ਇਕੱਠੇ ਕੰਮ ਕਰ ਰਹੇ ਸਨ, ਜਿਹੜੇ ਜਥੇਬੰਦੀ ਦੇ ਮਾਮਲਿਆਂ ਵਿੱਚ **ਵੱਖ ਵੱਖ ਮੰਤਵ** ਪ੍ਰਾਪਤ ਕਰਨ ਦਾ ਯਤਨ ਕਰ ਰਹੇ ਸਨ (ਵੇਖੋ ਅਕੀਮੋਵ ਦਾ ਭਾਸ਼ਣ)—ਇੱਕ ਅਜਿਹੀ ਹਾਲਤ ਜਿਸਨੇ ਉਹਨਾਂ ਲੋਕਾਂ ਨੂੰ ਜਿਹੜੇ **ਅਸੂਲੀ ਤੌਰ ਉੱਤੇ** ਸਾਡੀ ਜਥੇਬੰਦਕ ਪਲਾਨ ਅਤੇ ਸਾਡੇ ਨਿਯਮਾਂ ਦੇ ਵਿਰੋਧੀ ਸਨ, ਇੱਕਦਮ ਸਾਥੀ ਮਾਰਤੋਵ ਅਤੇ ਐਕਸਲਰੋਦ ਦੀ ਗ਼ਲਤੀ ਦੀ ਹਮਾਇਤ ਕਰਨ ਲਈ ਪ੍ਰੇਰਿਆ। ਜਿਹੜੇ "ਇਸਕਰਾ"-ਵਾਦੀ ਇਸ ਸਵਾਲ ਸਬੰਧੀ ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਦੇ ਵਿਚਾਰਾਂ ਦੇ ਵਫ਼ਾਦਾਰ ਰਹੇ, **ਘੱਟਗਿਣਤੀ ਵਿੱਚ** ਰਹਿ ਗਏ। ਇਹ **ਅਤਿਅੰਤ ਮਹੱਤਤਾ ਵਾਲ਼ਾ** ਨੁਕਤਾ ਹੈ, ਕਿਉਂਕਿ ਜੇ ਇਹਨੂੰ ਨਾ ਸਮਝ ਲਿਆ ਜਾਵੇ ਤਾਂ ਨਿਯਮਾਂ ਸਬੰਧੀ ਘੋਲ਼ ਜਾਂ ਕੇਂਦਰੀ ਬੁਲਾਰੇ ਅਤੇ ਕੇਂਦਰੀ ਕਮੇਟੀ ਦੀ ਸਖ਼ਸ਼ੀ ਬਣਤਰ ਸਬੰਧੀ ਘੋਲ਼ ਨੂੰ ਸਮਝਣਾ ਉੱਕਾ ਹੀ ਅਸੰਭਵ ਹੈ।

## ਙ. ਮੌਕਾਪ੍ਰਸਤੀ ਦੇ ਝੂਠੇ ਦੋਸ਼ ਦੇ ਨਿਰਦੋਸ਼ ਸ਼ਿਕਾਰ

ਨਿਯਮਾਂ ਸਬੰਧੀ ਇਸ ਤੋਂ ਪਿੱਛੋਂ ਹੋਈ ਬਹਿਸ ਵੱਲ ਜਾਣ ਤੋਂ ਪਹਿਲਾਂ, ਕੇਂਦਰੀ ਸੰਸਥਾਵਾਂ ਦੀ ਸਖ਼ਸ਼ੀ ਬਣਤਰ ਸਬੰਧੀ ਸਾਡੇ ਮਤਭੇਦਾਂ ਨੂੰ ਸਪਸ਼ਟ ਕਰਨ ਲਈ ਕਾਂਗਰਸ ਦੇ ਦੌਰਾਨ "ਇਸਕਰਾ" ਜਥੇਬੰਦੀ ਦੀਆਂ **ਨਿੱਜੀ** ਇਕੱਤ੍ਰਤਾਵਾਂ ਨੂੰ ਲੈਣਾ ਲਾਜ਼ਮੀ ਹੈ। ਇਹਨਾਂ ਚਾਰ ਇਕਤ੍ਰਤਾਵਾਂ ਵਿੱਚੋਂ ਅਖ਼ੀਰੀ ਅਤੇ ਸਭ ਤੋਂ ਵੱਧ ਮਹੱਤਵਪੂਰਨ ਨਿਯਮਾਂ ਦੇ ਪਹਿਲੇ ਪੈਰੇ ਉੱਤੇ ਵੋਟ ਲਏ ਜਾਣ ਤੋਂ **ਐਨ ਪਿੱਛੋਂ** ਹੋਈ—ਅਤੇ ਇਉਂ ਇਸ ਇਕੱਤ੍ਰਤਾ ਵਿੱਚ "ਇਸਕਰਾ" ਜਥੇਬੰਦੀ ਵਿੱਚ ਜਿਹੜੀ ਫੁੱਟ ਪਈ ਉਹ ਸਮੇਂ ਅਤੇ ਤਰਕ ਦੁਹਾਂ ਦੇ ਨੁਕਤੇ ਤੋਂ ਜੋ ਕੁੱਝ ਪਿੱਛੋਂ ਵਾਪਰਿਆ, ਉਹਦੀ ਪੂਰਵ-ਝਲਕ ਹੀ ਸੀ।

"ਇਸਕਰਾ" ਜਥੇਬੰਦੀ ਨੇ ਜਥੇਬੰਦਕ ਕਮੇਟੀ ਦੀ ਘਟਨਾ ਤੋਂ ਛੇਤੀ ਹੀ ਪਿੱਛੋਂ, ਜਿਸਨੇ ਕੇਂਦਰੀ ਕਮੇਟੀ ਲਈ ਸੰਭਵ ਉਮੀਦਵਾਰਾਂ ਸਬੰਧੀ ਬਹਿਸ ਉਤਪੰਨ ਕੀਤੀ, ਨਿੱਜੀ

ਇਕੱਤ੍ਰਤਾਵਾਂ ਸ਼ੁਰੂ ਕੀਤੀਆਂ।* ਇਹ ਗੱਲ ਰਾਹ ਦੀ ਹੈ ਕਿ ਕਿਉਂਕਿ ਬੰਧੇਜ ਵਾਲ਼ੀਆਂ ਹਦਾਇਤਾਂ ਦਾ ਅੰਤ ਕਰ ਦਿੱਤਾ ਗਿਆ ਸੀ, ਇਹਨਾਂ ਇਕੱਤ੍ਰਤਾਵਾਂ ਦਾ ਖ਼ਾਸਾ ਖ਼ਾਲਸ ਸਲਾਹ-ਮਸ਼ਵਰੇ ਵਾਲ਼ਾ ਸੀ ਅਤੇ ਉਹਨਾਂ ਦੇ ਨਿਰਣੇ ਕਿਸੇ ਲਈ ਬੰਦਸ਼ ਨਹੀਂ ਸਨ; ਪਰ ਉਹਨਾਂ ਦੀ ਅਥਾਹ ਮਹੱਤਤਾ ਸੀ। ਕੇਂਦਰੀ ਕਮੇਟੀ ਲਈ ਉਮੀਦਵਾਰਾਂ ਦੀ ਚੋਣ ਉਹਨਾਂ ਡੈਲੀਗੇਟਾਂ ਲਈ ਚੋਖੇ ਔਖ ਦਾ ਮਾਮਲਾ ਸੀ, ਜਿਹੜੇ ਨਾ ਤਾਂ "ਇਸਕਰਾ" ਜਥੇਬੰਦੀ ਦੇ ਗੁਪਤ ਨਾਵਾਂ ਤੋਂ ਜਾਣੂ ਸਨ ਨਾ ਹੀ ਇਹਦੇ ਅੰਦਰਲੇ ਕੰਮ ਤੋਂ ਜਾਣੂ ਸਨ, ਉਸ ਜਥੇਬੰਦੀ ਦੇ ਜਿਸਨੇ ਪਾਰਟੀ ਵਿੱਚ ਅਮਲੀ ਏਕਤਾ ਲਿਆਂਦੀ ਸੀ ਅਤੇ ਜਿਸ ਦੁਆਰਾ ਅਮਲੀ ਲਹਿਰ ਦੀ ਅਗਵਾਈ "ਇਸਕਰਾ" ਨੂੰ ਬਾਕਾਇਦਾ ਤੌਰ ਉੱਤੇ ਪ੍ਰਵਾਨ ਕਰਨ ਦੇ ਕਾਰਨਾਂ ਵਿੱਚੋਂ ਇੱਕ ਸੀ। ਅਸਾਂ ਪਹਿਲਾਂ ਹੀ ਵੇਖਿਆ ਹੈ ਕਿ ਇੱਕਮੁਠ ਹੋਏ "ਇਸਕਰਾ"-ਵਾਦੀਆਂ ਨੂੰ ਕਾਂਗਰਸ ਵਿੱਚ ਭਾਰੀ ਬਹੁਗਿਣਤੀ, ਪੰਜਾਂ ਵਿੱਚੋਂ ਤਿੰਨ ਹਿੱਸੇ, ਦਾ ਨਿਸ਼ਚਾ ਸੀ ਅਤੇ ਸਾਰੇ ਡੈਲੀਗੇਟ ਇਹਨੂੰ ਚੰਗੀ ਤਰ੍ਹਾਂ ਸਮਝਦੇ ਸਨ। ਤੱਥ ਤਾਂ ਇਹ ਹੈ ਕਿ ਸਾਰੇ "ਇਸਕਰਾ"-ਵਾਦੀ ਇਹ ਆਸ ਰੱਖਦੇ ਸਨ ਕਿ **"ਇਸਕਰਾ" ਜਥੇਬੰਦੀ** ਕੇਂਦਰੀ ਕਮੇਟੀ ਦੀ ਨਿਸ਼ਚਿਤ ਸਖ਼ਸ਼ੀ ਬਣਤਰ ਸਬੰਧੀ ਸਿਫ਼ਾਰਸ਼ਾਂ ਕਰੇਗੀ, ਅਤੇ ਇਸ ਜਥੇਬੰਦੀ ਦੇ ਇੱਕ ਵੀ ਮੈਂਬਰ ਨੇ ਇਹਦੇ ਅੰਦਰ ਕੇਂਦਰੀ ਕਮੇਟੀ ਦੀ ਬਣਤਰ ਸਬੰਧੀ ਮੁਢਲੇ ਵਿਚਾਰਾਂ ਉੱਤੇ ਇਤਰਾਜ਼ ਨਾ ਕੀਤਾ; ਉਹਨਾਂ ਵਿੱਚੋਂ ਇੱਕ ਨੇ ਵੀ ਜਥੇਬੰਦਕ ਕਮੇਟੀ ਦੇ ਸਮੁੱਚੇ ਮੈਂਬਰਾਂ ਦੀ ਤਸਦੀਕ ਕਰਨ ਦੀ, ਅਰਥਾਤ, ਉਸ ਸੰਸਥਾ ਨੂੰ ਕੇਂਦਰੀ ਕਮੇਟੀ ਵਿੱਚ ਤਬਦੀਲ ਕਰਨ, **ਇਥੋਂ ਤੱਕ** ਕਿ ਸਮੁੱਚੇ ਤੌਰ ਉੱਤੇ ਜਥੇਬੰਦਕ ਕਮੇਟੀ ਨਾਲ਼ ਕੇਂਦਰੀ ਕਮੇਟੀ ਲਈ ਉਮੀਦਵਾਰਾਂ ਸਬੰਧੀ **ਸਲਾਹ ਕਰਨ** ਦੀ ਤਜਵੀਜ਼ **ਵੀ** ਪੇਸ਼ ਨਾ ਕੀਤੀ। ਇਹ ਵੇਰਵਾ ਵੀ ਬਹੁਤ ਮਹੱਤਵਪੂਰਨ ਹੈ, ਅਤੇ ਇਹ ਗੱਲ ਚੇਤੇ ਰੱਖਣੀ ਅਤਿਅੰਤ ਮਹੱਤਵਪੂਰਨ ਹੈ, ਕਿਉਂਕਿ **ਹੁਣ**, **ਘਟਨਾ ਤੋਂ ਪਿੱਛੋਂ** ਮਾਰਤੋਵਵਾਦੀ ਬੜੇ ਜੋਸ਼ ਨਾਲ਼ ਜਥੇਬੰਦਕ ਕਮੇਟੀ ਦੀ ਹਮਾਇਤ ਕਰ ਰਹੇ ਹਨ, ਇਉਂ ਉਹ ਸੌਵੀਂ ਅਤੇ ਹਜ਼ਾਰਵੀਂ ਵਾਰ ਆਪਣਾ ਸਿਆਸੀ ਡਰਪੋਕਪੁਣਾ ਸਾਬਤ ਕਰ ਰਹੇ ਹਨ**। ਕੇਂਦਰੀ ਸੰਸਥਾਵਾਂ

---

* ਮੈਂ ਪਹਿਲਾਂ ਹੀ ਲੀਗ ਦੀ ਕਾਂਗਰਸ ਵਿੱਚ ਇਹਨਾਂ ਨਿੱਜੀ ਇਕੱਤ੍ਰਤਾਵਾਂ ਵਿੱਚ ਜੋ ਕੁੱਝ ਵਾਪਰਿਆ ਉਹਦਾ ਵਰਣਨ ਦੇਣ ਦਾ ਯਤਨ ਕੀਤਾ ਹੈ, ਅਜਿਹਾ ਕਰਦੇ ਹੋਏ ਨਿਰੀਆਂ ਜ਼ਰੂਰੀ ਗੱਲਾਂ ਹੀ ਕਹੀਆਂ ਹਨ ਤਾਂ ਜੁ ਅਸਾਧ ਦਲੀਲਾਂ ਤੋਂ ਬਚਿਆ ਜਾਵੇ। ਮੁੱਖ ਤੱਥ ਮੇਰੇ " 'ਇਸਕਰਾ' ਸੰਪਾਦਕਾਂ ਦੇ ਨਾਂ ਖ਼ਤ" (ਪੰਨਾ 4) ਵਿੱਚ ਵੀ ਦਿੱਤੇ ਗਏ ਹਨ। ਆਪਣੇ "ਉੱਤਰ" ਵਿੱਚ ਸਾਥੀ ਮਾਰਤੋਵ ਨੇ ਉਹਨਾਂ ਨੂੰ ਵੰਗਾਰਿਆ ਨਹੀਂ।

** ਜ਼ਰਾ "ਸਦਾਚਾਰ ਦੇ" ਇਸ "ਚਿੱਤਰ" ਉੱਤੇ ਵਿਚਾਰ ਕਰੋ: "ਇਸਕਰਾ" ਜਥੇਬੰਦੀ ਦਾ **ਡੈਲੀਗੇਟ ਕਾਂਗਰਸ ਵਿੱਚ ਕੇਵਲ** ਇਹਦੇ ਨਾਲ਼ ਵਿਚਾਰ ਕਰਦਾ ਹੈ **ਅਤੇ** ਜਥੇਬੰਦਕ ਕਮੇਟੀ ਨਾਲ਼ ਵਿਚਾਰ ਕਰਨ ਸਬੰਧੀ **ਇਸ਼ਾਰਾ ਨਹੀਂ ਕਰਦਾ**। ਪਰ ਜਦੋਂ ਜਥੇਬੰਦੀ ਅਤੇ ਕਾਂਗਰਸ ਦੁਹਾਂ ਵਿੱਚ ਉਹਨੂੰ ਹਾਰ ਹੋ ਜਾਂਦੀ ਹੈ ਤਾਂ ਉਹ ਇਸ ਗੱਲ ਉੱਤੇ **ਦੁੱਖ ਪ੍ਰਗਟ ਕਰਨਾ** ਲੱਗ ਪੈਂਦਾ ਹੈ ਕਿ ਜਥੇਬੰਦਕ ਕਮੇਟੀ ਦੀ ਤਸਦੀਕ ਨਾ ਕੀਤੀ ਗਈ, ਇਹਨੂੰ ਪਿੱਛ-ਵੇਖਵੇਂ ਢੰਗ ਨਾਲ਼ ਵਡਿਆਉਣ ਲੱਗ ਪੈਂਦਾ ਹੈ, ਅਤੇ ਬੜੇ ਉੱਚ ਢੰਗ ਨਾਲ਼ ਉਸ ਜਥੇਬੰਦੀ ਨੂੰ ਅੱਖੋਂ ਉਹਲੇ ਕਰਨ ਲੱਗ ਪੈਂਦਾ ਹੈ ਜਿਸਨੇ ਉਹਨੂੰ ⇨

ਦੀ ਬਣਤਰ ਸਬੰਧੀ ਫੁੱਟ ਤੱਕ, ਜਿਸ ਦੇ ਸਿੱਟੇ ਵਜੋਂ ਮਾਰਤੋਵ ਨੇ ਅਕੀਮੋਵਾਂ ਨਾਲ਼ ਸਾਂਝ ਬਣਾ ਲਈ, ਕਾਂਗਰਸ ਵਿੱਚ ਹਰ ਇੱਕ ਨੂੰ ਅਨੁਭਵ ਸੀ, ਜਿਹੜਾ ਕੋਈ ਨਿਰਪੱਖ ਮਨੁੱਖ ਕਾਂਗਰਸ ਦੀ ਕਾਰਵਾਈ ਅਤੇ "ਇਸਕਰਾ" ਦੇ ਸਮੁੱਚੇ ਇਤਿਹਾਸ ਤੋਂ ਪਤਾ ਕੱਢ ਸਕਦਾ ਹੈ, ਅਰਥਾਤ, ਇਹ ਕਿ ਜਥੇਬੰਦਕ ਕਮੇਟੀ **ਮੁੱਖ ਤੌਰ ਉੱਤੇ** ਕਾਂਗਰਸ ਬੁਲਾਉਣ ਲਈ ਇੱਕ ਕਮਿਸ਼ਨ ਸੀ, ਇੱਕ ਅਜਿਹਾ ਕਮਿਸ਼ਨ ਜਿਹੜਾ ਜਾਣ ਬੁੱਝ ਕੇ, ਬੁੰਦਵਾਦੀਆਂ ਤੱਕ ਸਮੇਤ, ਵੱਖ ਵੱਖ ਧਿਰਾਂ ਦੇ ਪ੍ਰਤੀਨਿਧਾਂ ਤੋਂ ਬਣਾਇਆ ਗਿਆ ਸੀ; ਜਦ ਕਿ ਪਾਰਟੀ ਦੀ ਜਥੇਬੰਦ ਏਕਤਾ **ਸਿਰਜਣ** ਦਾ ਕੰਮ ਉੱਕਾ ਹੀ "ਇਸਕਰਾ" ਜਥੇਬੰਦੀ ਨੇ ਕੀਤਾ ਸੀ।(ਇਹ ਗੱਲ ਵੀ ਚੇਤੇ ਰੱਖਣ ਵਾਲ਼ੀ ਹੈ ਕਿ ਖ਼ਾਲਸ ਸਬੱਬੀ ਤੌਰ ਉੱਤੇ ਜਥੇਬੰਦਕ ਕਮੇਟੀ ਦੇ **ਕਈ** "ਇਸਕਰਾ"-ਵਾਦੀ ਮੈਂਬਰ ਕਾਂਗਰਸ ਤੋਂ ਗ਼ੈਰ-ਹਾਜ਼ਰ ਸਨ, ਜਾਂ ਤਾਂ ਇਸ ਲਈ ਕਿ ਉਹ ਗ੍ਰਿਫ਼ਤਾਰ ਕਰ ਲਏ ਗਏ ਸਨ, ਜਾਂ ਉਹਨਾਂ ਦੇ "ਵੱਸ ਤੋਂ ਬਾਹਰਲੀ" ਵਜ੍ਹਾ ਕਾਰਨ।) ਕਾਂਗਰਸ ਵਿੱਚ ਮੌਜੂਦ "ਇਸਕਰਾ" ਜਥੇਬੰਦੀ ਦੇ ਮੈਂਬਰ ਪਹਿਲਾਂ ਹੀ ਸਾਥੀ ਪਾਵਲੋਵਿਚ ਦੇ ਪੈਂਫ਼ਲਟ ਵਿੱਚ ਗਿਣਵਾਏ ਗਏ ਹਨ (ਵੇਖੋ ਉਹਦਾ "ਦੂਜੀ ਕਾਂਗਰਸ ਸਬੰਧੀ ਖ਼ਤ", ਪੰਨਾ 13)।[22]

"ਇਸਕਰਾ" ਜਥੇਬੰਦੀ ਵਿੱਚ ਗਰਮਾ-ਗਰਮ ਬਹਿਸ ਦਾ ਸਿੱਟਾ ਉਹ ਦੋ ਵਾਰ ਵੋਟ ਲਏ ਜਾਣਾ ਸੀ ਜਿਨ੍ਹਾਂ ਦਾ ਜ਼ਿਕਰ ਮੈਂ ਆਪਣੇ "ਸੰਪਾਦਕਾਂ ਦੇ ਨਾਂ ਖ਼ਤ" ਵਿੱਚ ਕੀਤਾ ਹੈ। ਪਹਿਲੀ ਵਾਰ ਵੋਟ ਲੈਣ ਉੱਤੇ: "ਨੌ ਵੋਟਾਂ ਦੇ ਮੁਕਾਬਲੇ ਉੱਤੇ ਚਾਰ, ਤਿੰਨਾਂ ਦੇ ਨਿਰਪੱਖ ਰਹਿਣ ਨਾਲ਼, ਇੱਕ ਉਮੀਦਵਾਰ ਜਿਸਦੀ ਹਮਾਇਤ ਮਾਰੋਤਵ ਨੇ ਕੀਤੀ, ਰੱਦ ਕਰ ਦਿੱਤਾ ਗਿਆ।" ਬੰਦਾ ਸੋਚ ਸਕਦਾ ਹੈ ਕਿ ਅਜਿਹੇ ਤੱਥ ਤੋਂ ਵਧੇਰੇ ਸਾਦਾ ਅਤੇ ਵਧੇਰੇ ਸੁਭਾਵਕ ਕੀ ਹੋ ਸਕਦਾ ਹੈ: ਕਾਂਗਰਸ ਵਿੱਚ "ਇਸਕਰਾ" ਜਥੇਬੰਦੀ ਦੇ ਸਾਰੇ ਸੋਲਾਂ ਮੈਂਬਰਾਂ ਦੀ ਸਾਂਝੀ ਰਜ਼ਾਮੰਦੀ ਨਾਲ਼, ਸੰਭਵ ਉਮੀਦਵਾਰਾਂ ਸਬੰਧੀ ਵਿਚਾਰ ਕੀਤੀ ਜਾਂਦੀ ਹੈ, ਅਤੇ ਸਾਥੀ ਮਾਰਤੋਵ ਦੇ ਇੱਕ ਉਮੀਦਵਾਰ ਨੂੰ ਬਹੁਗਿਣਤੀ ਵੱਲੋਂ ਰੱਦ ਕਰ ਦਿੱਤਾ ਜਾਂਦਾ ਹੈ (ਉਹ ਸਾਥੀ ਸਤੀਨ ਸੀ, ਜਿਹਾ ਕਿ ਹੁਣ ਸਾਥੀ ਮਾਰਤੋਵ ਨੇ ਆਪ ਉਗਲ ਦਿੱਤਾ ਹੈ—"ਘੇਰੇ ਦੀ ਹਾਲਤ", ਪੰਨਾ 69)। ਅਖ਼ੀਰ ਸਾਡਾ ਪਾਰਟੀ ਕਾਂਗਰਸ ਵਿੱਚ ਇਕੱਠੇ ਹੋਣ ਦਾ ਇੱਕ ਕਾਰਨ ਇਹ ਵਿਚਾਰਨਾ ਅਤੇ ਨਿਰਣਾ ਕਰਨਾ ਸੀ ਕਿ "ਲਗਾਮ" ਕਿਸ ਦੇ ਹੱਥ ਦਿੱਤੀ ਜਾਵੇ—ਅਤੇ ਪਾਰਟੀ ਮੈਂਬਰਾਂ ਵਜੋਂ ਇਹ ਸਾਡੇ ਸਾਰਿਆਂ ਦਾ ਕਰਤੱਵ ਸੀ ਕਿ ਏਜੰਡੇ ਦੀ ਇਸ ਮਦ ਵੱਲ ਵੱਧ ਤੋਂ ਵੱਧ ਗੰਭੀਰ ਧਿਆਨ ਦੇਈਏ, ਇਸ ਪ੍ਰਸ਼ਨ ਨੂੰ **ਕੰਮ ਦੇ ਹਿਤਾਂ** ਦੇ ਨਜ਼ਰੀਏ ਤੋਂ ਵਿਚਾਰੀਏ ਅਤੇ "ਖੂਹ-ਦੇ-ਡੱਡੂ ਦੀ ਭਾਵੁਕਤਾ" ਦੇ ਤੋਂ ਨਹੀਂ, ਜਿਹਾ ਕਿ ਸਾਥੀ ਰੂਸੋਵ ਨੇ ਪਿੱਛੋਂ ਜਾਕੇ ਇਹਨੂੰ ਠੀਕ ਤਰ੍ਹਾਂ ਬਿਆਨ ਕੀਤਾ। ਨਿਰਸੰਦੇਹ, **ਕਾਂਗਰਸ ਵਿੱਚ** ਉਮੀਦਵਾਰਾਂ ਸਬੰਧੀ ਵਿਚਾਰ ਕਰਦੇ ਹੋਏ, ਇਹ ਲਾਜ਼ਮੀ ਸੀ ਕਿ ਅਸੀਂ ਉਹਨਾਂ ਦੇ ਕੁੱਝ ਨਿੱਜੀ ਗੁਣਾਂ ਦਾ ਵਰਣਨ ਕਰੀਏ,

---

⇨ ਉਹਦਾ ਪ੍ਰਤੀਨਿਧਤਾ ਦਾ ਹੱਕ ਦਿਤਾ! ਇਹ ਗੱਲ ਬਿਨਾਂ-ਖਟਕੇ ਕਹੀ ਜਾ ਸਕਦੀ ਹੈ ਕਿ ਕਿਸੇ ਸੱਚੀ ਸੋਸ਼ਲ-ਡੈਮੋਕ੍ਰੈਟਕ ਅਤੇ ਸੱਚਮੁਚ ਕਿਰਤੀ-ਜਮਾਤ ਲਹਿਰ ਦੇ ਇਤਿਹਾਸ ਵਿੱਚ ਇਸ ਨਾਲ਼ ਮੇਲ ਖਾਂਦੀ ਘਟਨਾ ਨਹੀਂ ਮਿਲਦੀ।

ਇਹ ਲਾਜ਼ਮੀ ਸੀ ਕਿ ਅਸੀਂ ਆਪਣੀ ਪਸੰਦ ਜਾਂ ਨਾਪਸੰਦ ਪ੍ਰਗਟ ਕਰੀਏ*, ਵਿਸ਼ੇਸ਼ ਤੌਰ ਉੱਤੇ ਗ਼ੈਰ-ਸਰਕਾਰੀ ਐਤ ਨੇੜਵੀਆਂ ਇਕੱਤ੍ਰਤਾਵਾਂ ਵਿੱਚ। **ਜਿਹਾ ਕਿ ਮੈਂ ਪਹਿਲਾਂ ਹੀ ਲੀਗ ਦੀ ਕਾਂਗਰਸ ਵਿੱਚ ਇਸ ਗੱਲ ਵੱਲ ਧਿਆਨ ਦਿਵਾਇਆ ਸੀ**, ਕਿ ਇਹ ਸੋਚਣਾ ਵਾਹਯਾਤ ਹੋਵੇਗਾ ਕਿ ਜੇ ਕਿਸੇ ਉਮੀਦਵਾਰ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ ਤਾਂ ਉਹਦੀ "ਬੇਇਜ਼ਤੀ" ਹੁੰਦੀ ਹੈ (ਲੀਗ ਦੀ ਕਾਰਵਾਈ, ਪੰਨਾ 49), ਇਸ ਗੱਲ ਉੱਤੇ ਕਿ ਪਾਰਟੀ ਦੇ ਅਧਿਕਾਰੀ ਇਮਾਨਦਾਰੀ ਨਾਲ਼ ਅਤੇ ਸੂਝ ਨਾਲ਼ ਚੁਣਨਾ ਪਾਰਟੀ ਮੈਂਬਰਾਂ ਦੇ ਸਿੱਧੇ ਕਰਤੱਵ ਦਾ ਹਿੱਸਾ ਬਣਦਾ ਹੈ, "ਨਾਟਕ ਰਚਣਾ" ਅਤੇ ਖੌਰੂ ਪਾਉਣਾ ਵਾਹਯਾਤ ਹੋਵੇਗਾ। ਅਤੇ ਜਿਥੋਂ ਤੱਕ ਸਾਡੀ ਘੱਟਗਿਣਤੀ ਦਾ ਸਬੰਧ ਹੈ, ਐਨ ਇਸੇ ਗੱਲ ਨੇ ਬਲਦੀ ਉੱਤੇ ਤੇਲ ਪਾਇਆ ਅਤੇ **ਕਾਂਗਰਸ ਤੋਂ ਪਿੱਛੋਂ** ਉਹਨਾਂ "ਸਾਖ਼ ਤਬਾਹ ਕਰਨ" ਸਬੰਧੀ ਚੀਕ-ਚਿਹਾੜਾ ਸ਼ੁਰੂ ਕਰ ਦਿੱਤਾ (ਲੀਗ ਦੀ ਕਾਰਵਾਈ, ਪੰਨਾ 70) ਅਤੇ **ਆਮ ਜਨਤਾ ਨੂੰ ਛਾਪ ਕੇ** ਨਿਸ਼ਚਾ ਦਿਵਾਇਆ— ਕਿ ਸਾਥੀ ਸਤੀਨ ਪਹਿਲਾਂ ਦੀ ਜਥੇਬੰਦਕ ਕਮੇਟੀ ਵਿੱਚ "ਮੁੱਖ ਸ਼ਖ਼ਸੀਅਤ" ਸੀ ਅਤੇ ਇਹ ਕਿ ਉਹਦੇ ਉੱਤੇ ਨਿਰਾਧਾਰ "ਸ਼ੈਤਾਨੀ ਗੋਂਦਾਂ" ਦਾ ਦੋਸ਼ ਲਾਇਆ ਗਿਆ ਹੈ ("ਘੇਰੇ ਦੀ ਹਾਲਤ", ਪੰਨਾ 69)। ਕੀ ਉਮੀਦਵਾਰਾਂ ਦੀ ਪ੍ਰਵਾਨਗੀ ਜਾਂ ਅਪ੍ਰਵਾਨਗੀ ਦੇ ਸਬੰਧ ਵਿੱਚ "ਸਾਖ਼ ਤਬਾਹ ਕਰਨ" ਸਬੰਧੀ ਰੌਲਾ ਪਾਉਣਾ ਖੌਰੂ ਪਾਉਣਾ ਨਹੀਂ ? ਕੀ ਇਹ ਖਹਿਬੜਨਾ ਨਹੀਂ ਜਦੋਂ ਉਹ ਲੋਕ ਜਿਹੜੇ "ਇਸਕਰਾ" ਜਥੇਬੰਦੀ ਦੀ ਨਿੱਜੀ ਇਕੱਤ੍ਰਤਾ ਵਿੱਚ ਅਤੇ ਪਾਰਟੀ ਦੇ ਅਧਿਕਾਰਿਤ ਸਰਵਉਚ ਇਕੱਠ, ਕਾਂਗਰਸ ਵਿੱਚ ਹਾਰ ਗਏ ਹਨ, ਹਾਰੀ ਸਾਰੀ ਕੋਲ ਸ਼ਿਕਾਇਤ ਕਰਨ ਲੱਗ ਪੈਂਦੇ ਹਨ ਅਤੇ ਅਪ੍ਰਵਾਨ ਕੀਤੇ ਉਮੀਦਵਾਰਾਂ ਨੂੰ ਜਨਤਾ ਸਾਹਮਣੇ "ਮੁੱਖ ਸ਼ਖ਼ਸੀਅਤਾਂ" ਵਜੋਂ ਪੇਸ਼ ਕਰਦੇ ਹਨ ਅਤੇ ਫੁੱਟਾਂ ਪੈਦਾ ਕਰਕੇ ਅਤੇ **ਕੁਆਪਸ਼ਨ** ਦੀ ਮੰਗ ਕਰਕੇ ਆਪਣੇ ਉਮੀਦਵਾਰ ਪਾਰਟੀ ਉੱਤੇ ਠੋਸਣ ਦਾ ਯਤਨ ਕਰਦੇ ਹਨ ? ਸਾਡੇ

---

* ਸਾਥੀ ਮਾਰਤੋਵ ਨੇ ਲੀਗ ਵਿੱਚ ਮੇਰੀ ਅਪ੍ਰਵਾਨਗੀ ਦੀ ਤੂੰਦੀ ਦੀ ਕੁੜਿਤਣ ਨਾਲ਼ ਸ਼ਿਕਾਇਤ ਕੀਤੀ। ਉਹ ਇਹ ਵੇਖਣੋਂ ਅਸਮਰੱਥ ਰਿਹਾ ਕਿ ਉਹਦੀ ਸ਼ਿਕਾਇਤ ਉਹਦੇ ਵਿਰੁੱਧ ਇੱਕ ਦਲੀਲ ਵਿੱਚ ਤਬਦੀਲ ਹੋ ਗਈ ਸੀ। ਲੈਨਿਨ ਦਾ ਵਤੀਰਾ—ਉਹਦੇ ਆਪਣੇ ਸ਼ਬਦ ਵਰਤਦੇ ਹੋਏ— ਝਲਿਆਇਆ ਹੋਇਆ ਸੀ (ਲੀਗ ਦੀ ਕਾਰਵਾਈ, ਪੰਨਾ 63)।ਅਜਿਹਾ ਹੀ ਸੀ। ਉਹਨੇ ਦਰਵਾਜ਼ਾ ਜ਼ੋਰ ਨਾਲ਼ ਪਟਕਿਆ। ਠੀਕ। ਉਹਦੇ ਵਤੀਰੇ ਨੇ ("ਇਸਕਰਾ" ਜਥੇਬੰਦੀ ਦੀ ਦੂਜੀ ਜਾਂ ਤੀਜੀ ਇਕੱਤ੍ਰਤਾ ਵਿੱਚ) ਉਹਨਾਂ ਮੈਂਬਰਾਂ ਦਾ ਗ਼ੁੱਸਾ ਜਗਾਇਆ ਜਿਹੜੇ ਪਿੱਛੇ ਰਹਿ ਗਏ ਸਨ। ਇਹਨੇ ਜਗਾਇਆ। ਪਰ ਇਸ ਤੋਂ ਸਿੱਟਾ ਕੀ ਨਿਕਲਦਾ ਹੈ ? ਕਿ ਵਿਵਾਦ ਅਧੀਨ ਪ੍ਰਸ਼ਨਾਂ ਸਬੰਧੀ ਮੇਰੀਆਂ ਦਲੀਲਾਂ ਮਨਾਉਣੀਆਂ ਸਨ ਅਤੇ ਕਾਂਗਰਸ ਦੀ ਚਾਲ ਨੇ ਉਹਨਾਂ ਨੂੰ ਸਿੱਧ ਕੀਤਾ। ਕਿਉਂਕਿ, ਤੱਥ ਇਹ ਹੈ, ਅਖ਼ੀਰ "ਇਸਕਰਾ" ਜਥੇਬੰਦੀ ਦੇ 16 ਵਿੱਚੋਂ 9 ਮੈਂਬਰਾਂ ਨੇ ਮੇਰਾ ਸਾਥ ਦਿੱਤਾ, ਸਪਸ਼ਟ ਤੌਰ ਉੱਤੇ ਮੇਰੇ ਘਿਰਣਾਯੋਗ "ਜ਼ੋਰ ਦੇਣ" ਦੇ **ਹੁੰਦੀਆਂ ਹੋਇਆਂ** ਅਤੇ ਇਹਦੇ **ਬਾਵਜੂਦ** ਇੰਨਾ ਅਜਿਹਾ ਹੋਇਆ। ਇਹਦੇ ਸਿੱਟੇ ਵਜੋਂ, ਜੇ ਇਹ "ਜ਼ੋਰ ਦੇਣਾ" ਨਾ ਹੁੰਦਾ ਤਾਂ ਸ਼ਾਇਦ ਨੌਂ ਤੋਂ ਵੱਧ ਲੋਕ ਮੇਰਾ ਸਾਥ ਦੇਂਦੇ। ਜਿੰਨੇ ਵਧੇਰੇ "ਗ਼ੁੱਸੇ" ਉੱਤੇ ਮੇਰੀਆਂ ਦਲੀਲਾਂ ਅਤੇ ਤੱਥਾਂ ਨੂੰ ਕਾਬੂ ਪਾਉਣਾ ਪਿਆ, ਉਨੇ ਵਧੇਰੇ ਮਨਾਉਣੇ ਉਹ ਹੋਣਗੇ।

ਬੁਸੇ ਹੋਏ ਪਰਵਾਸੀ ਵਾਯੂਮੰਡਲ ਵਿੱਚ ਸਿਆਸੀ ਸੰਕਲਪ ਇੰਨੇ ਗਡ-ਮਡ ਹੋ ਗਏ ਹਨ ਕਿ ਸਾਥੀ ਮਾਰਤੋਵ ਹੁਣ ਇਸ ਯੋਗ ਨਹੀਂ ਰਿਹਾ ਕਿ ਉਹ ਪਾਰਟੀ ਕਰਤੱਵ ਨੂੰ ਨਿੱਜੀ ਅਤੇ ਮੰਡਲ ਵਫ਼ਾਦਾਰੀ ਨਾਲ਼ੋਂ ਨਿਖੇੜ ਸਕੇ! **ਕੇਵਲ** ਪਾਰਟੀ ਕਾਂਗਰਸਾਂ ਵਿੱਚ ਉਮੀਦਵਾਰਾਂ ਸਬੰਧੀ ਵਿਚਾਰ ਅਤੇ ਨਿਰਣਾ ਕਰਨਾ, ਜਿਥੇ ਡੈਲੀਗੇਟ ਮੁੱਖ ਤੌਰ ਉੱਤੇ ਅਸੂਲ ਦੇ ਮਹਤੱਵਪੂਰਨ ਸਵਾਲਾਂ ਉੱਤੇ ਵਿਚਾਰ ਕਰਨ ਲਈ ਜੁੜਦੇ ਹਨ, ਜਿਥੇ ਲਹਿਰ ਦੇ ਪ੍ਰਤੀਨਿਧ ਇਕੱਠੇ ਹੁੰਦੇ ਹਨ, ਜਿਹੜੇ ਇਸ ਯੋਗ ਹਨ ਕਿ ਉਹ ਸ਼ਖ਼ਸੀਅਤਾਂ ਦਾ ਸਵਾਲ ਨਿਰਪੱਖਤਾ ਨਾਲ਼ ਹੱਲ ਕਰਨ, ਅਤੇ ਜਿਹੜੇ ਆਪਣਾ ਨਿਰਣਾਇਕ ਵੋਟ ਦੇਣ ਤੋਂ ਪਹਿਲਾਂ ਇਸ ਯੋਗ ਹਨ (ਅਤੇ ਉਹਨਾਂ ਦਾ ਕਰਤੱਵ ਹੈ) ਕਿ ਉਮੀਦਵਾਰਾਂ ਸਬੰਧੀ ਸਾਰੀ ਲੋੜੀਂਦੀ ਵਾਕਫ਼ੀ **ਮੰਗਣ** ਅਤੇ ਇਕੱਤ੍ਰ ਕਰਨ, ਅਤੇ ਜਿਥੇ ਲਗਾਮ ਫੜਾਉਣ ਸਬੰਧੀ ਦਲੀਲਾਂ ਨੂੰ ਕੁੱਝ ਥਾਂ ਦੇਣਾ ਸੁਭਾਵਕ ਅਤੇ ਲਾਜ਼ਮੀ ਹੈ, ਸਾਨੂੰ ਦੱਸਿਆ ਜਾਂਦਾ ਹੈ ਕਿ ਇਹ ਨੌਕਰਸ਼ਾਹ ਅਤੇ ਰਸਮੀਪੁਣਾ ਹੈ। ਇਸ ਨੌਕਰਸ਼ਾਹੀ ਅਤੇ ਰਸਮੀ ਵਿਚਾਰ ਦੀ ਥਾਂ ਨਵੇਂ ਵਰਤਾਰੇ ਅਤੇ ਰਿਵਾਜ ਪ੍ਰਮਾਣਤ ਗੱਲ ਬਣ ਗਏ ਹਨ: ਕਾਂਗਰਸ ਤੋਂ ਪਿੱਛੋਂ ਸਾਨੂੰ ਸੱਜੇ ਖੱਬੇ ਈਵਾਨ ਈਵਾਨੋਵਿਚ ਦੇ ਸਿਆਸੀ ਤੌਰ ਉੱਤੇ ਦਫ਼ਨਾਏ ਜਾਣ ਜਾਂ ਈਵਾਨ ਨਿਕੀਫ਼ੋਰੋਵਿਚ[23] ਦੀ ਤਬਾਹ ਹੋਈ ਸਾਖ ਦੀ ਗੱਲ ਕਰਨੀ ਚਾਹੀਦੀ ਹੈ; ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਪੈਂਫ਼ਲਟਾਂ ਵਿੱਚ ਉਮੀਦਵਾਰਾਂ ਦੀ ਸਿਫ਼ਾਰਸ਼ ਕਰਨ, ਸਾਰਾ ਸਮਾਂ ਛਾਤੀਆਂ ਪਿਟਦੇ ਹੋਏ ਅਤੇ ਦੰਭੀ ਢੰਗ ਨਾਲ਼ ਇਸ ਗੱਲ ਉੱਤੇ ਜ਼ੋਰ ਦੇਂਦੇ ਹੋਏ ਕਿ: "ਇਹ ਮੰਡਲ ਨਹੀਂ ਪਾਰਟੀ ਹੈ।..." ਪੜ੍ਹਣ ਵਾਲੀ ਜਨਤਾ ਵਿੱਚੋਂ ਜਿਨ੍ਹਾਂ ਨੂੰ ਭੰਡੀ ਵਿੱਚ ਰੋਚਕਤਾ ਹੈ, ਉਹ ਬੜੀ ਉਤਸੁਕਤਾ ਨਾਲ਼ ਇਹ ਸਨਸਨੀ ਭਰੀ ਖ਼ਬਰ ਸੁਣਨਗੇ, ਕਿ ਖ਼ੁਦ ਮਾਰਤੋਵ* ਦੀ ਸ਼ਾਹਦੀ ਉੱਤੇ, ਅਮਕਾ ਅਤੇ ਢਮਕਾ ਪਹਿਲੀਆਂ ਦੀ ਜਥੇਬੰਦਕ ਕਮੇਟੀ ਦੀ ਮੁੱਖ ਸ਼ਖ਼ਸੀਅਤ ਸੀ। ਇਹ ਪੜ੍ਹਣ ਵਾਲੀ ਜਨਤਾ ਉਹਨਾਂ ਦੀ ਬਹੁਗਿਣਤੀ ਵੋਟ ਰਾਹੀਂ ਭਿਆਨਕ ਮਸ਼ੀਨੀ ਨਿਰਣਿਆਂ ਵਾਲ਼ੀਆਂ ਕਾਂਗਰਸਾਂ ਜਿਹੀਆਂ ਨੇਮ-ਪੂਜ ਜਥੇਬੰਦੀਆਂ ਨਾਲ਼ੋਂ ਸਵਾਲ ਨੂੰ ਵਿਚਾਰਨ ਅਤੇ ਨਿਰਣਾ ਕਰਨ ਦੇ ਵਧੇਰੇ ਯੋਗ ਹੈ।... ਹਾਂ, ਅਜੇ ਵੀ ਸਾਡੇ ਅਸਲੀ ਪਾਰਟੀ ਕਾਰਕੁਨਾਂ ਵੱਲੋਂ ਸਾਫ਼ ਕੀਤੇ ਜਾਣ ਲਈ ਪਰਵਾਸੀ ਖਹਿਬੜਾਂ ਦੇ ਸੱਚਮੁਚ ਸ਼ਾਹ ਅਵਗੀ ਦੇ ਅਸਤਬਲ[24] ਪਏ ਹਨ!

————————————

"ਇਸਕਰਾ" ਜਥੇਬੰਦੀ ਵਿੱਚ ਦੂਜੀ ਵਾਰ ਵੋਟ ਲਿਆ ਜਾਣਾ: "ਦਸ ਦੇ ਮੁਕਾਬਲੇ

* ਮਾਰਤੋਵ ਵਾਂਗ ਮੈਂ ਵੀ "ਇਸਕਰਾ" ਜਥੇਬੰਦੀ ਵਿੱਚ ਕਿਸੇ ਇੱਕ ਉਮੀਦਵਾਰ ਨੂੰ ਕੇਂਦਰੀ ਕਮੇਟੀ ਲਈ ਨਾਮਜ਼ਦ ਕਰਾਉਣ ਦਾ ਯਤਨ ਕੀਤਾ ਅਤੇ ਅਸਫ਼ਲ ਰਿਹਾ, ਇੱਕ ਅਜਿਹਾ ਉਮੀਦਵਾਰ, ਜਿਸਦੀ ਸ਼ਾਨਦਾਰ ਸਾਖ਼ ਸਬੰਧੀ, ਜਿਹਾ ਕਿ ਉੱਘੜਵੇਂ ਤੱਥਾਂ ਤੋਂ ਸਾਬਤ ਹੋਇਆ, ਕਾਂਗਰਸ ਤੋਂ ਪਹਿਲਾਂ ਅਤੇ ਇਹਦੇ ਸ਼ੁਰੂ ਵਿੱਚ, ਮੈਂ ਗੱਲ ਕਰ ਸਕਦਾ ਸਾਂ। ਪਰ ਇਹ ਗੱਲ ਮੈਨੂੰ ਅਹੁੜੀ ਤੱਕ ਨਾ। ਉਸ ਸਾਥੀ ਵਿੱਚ ਇਸ ਗੱਲ ਲਈ **ਚੋਖੀ ਅਣੋਖ** ਹੈ ਕਿ, ਕਾਂਗਰਸ ਤੋਂ ਪਿੱਛੋਂ, ਕਿਸੇ ਨੂੰ ਛਾਪੇ ਵਿੱਚ ਆਪਣੇ ਆਪ ਨੂੰ ਨਾਮਜ਼ਦ ਕਰਨ ਦੀ **ਆਗਿਆ ਨਾ ਦੇਵੇ** ਜਾਂ ਰਾਜਸੀ ਦਫ਼ਨਾਉਣ ਜਾਂ ਤਬਾਹ ਹੋਈ ਸਾਖ਼ ਦੀ ਗੱਲ ਨਾ ਕਰੇ।

ਉੱਤੇ ਦੋ ਵੋਟਾਂ ਨਾਲ਼, ਜਦੋਂ ਚਾਰਾਂ ਨੇ ਕਿਸੇ ਪਾਸੇ ਵੋਟ ਨਾ ਦਿੱਤਾ, ਪੰਜਾਂ ਦੀ ਸੂਚੀ [ਕੇਂਦਰੀ ਕਮੇਟੀ ਲਈ ਉਮੀਦਵਾਰ] ਤਿਆਰ ਕੀਤੀ ਗਈ, ਜਿਸ ਵਿੱਚ ਮੇਰੀ ਤਜਵੀਜ਼ ਉੱਤੇ ਗ਼ੈਰ-'ਇਸਕਰਾ' ਅੰਸ਼ਾਂ ਦਾ ਇੱਕ ਨੇਤਾ ਅਤੇ 'ਇਸਕਰਾ'-ਵਾਦੀ ਘੱਟਗਿਣਤੀ ਦਾ ਇੱਕ ਨੇਤਾ ਸ਼ਾਮਲ ਸੀ।"* ਇਸ ਵੋਟ ਦੀ ਅਤਿ-ਅੰਤ ਮਹੱਤਤਾ ਹੈ ਕਿਉਂਕਿ ਇਹ ਇਹਨਾਂ ਗੱਲਾਂ ਕਿ ਅਸੀਂ ਗ਼ੈਰ-"ਇਸਕਰਾ"-ਵਾਦੀਆਂ ਨੂੰ ਪਾਰਟੀ ਵਿਚੋਂ ਕੱਢ ਦੇਣਾ ਚਾਹੁੰਦੇ ਸਾਂ, ਉਹਨਾਂ ਨੂੰ ਇਕ ਪਾਸੇ ਰੱਖ ਦੇਣਾ ਚਾਹੁੰਦੇ ਸਾਂ, ਕਿ ਬਹੁਗਿਣਤੀ ਨੇ ਜੋ ਕੁੱਝ ਕੀਤਾ ਉਹ ਕੇਵਲ ਕਾਂਗਰਸ ਦੇ ਇਸ ਅੱਧ ਵਿੱਚੋਂ ਉਮੀਦਵਾਰ ਚੁਣਨਾ ਅਤੇ ਉਹਨਾਂ ਨੂੰ ਉਸ ਅੱਧ ਵੱਲੋਂ ਚੁਣਵਾ ਲੈਣਾ ਸੀ ਆਦਿ ਪਿੱਛੋਂ ਜਾਕੇ, ਖਹਿਬੜ ਦੇ ਵਾਯੂ-ਮੰਡਲ ਵਿੱਚ ਘੜੀਆਂ ਗਈਆਂ ਪਰੀ-ਕਹਾਣੀਆਂ ਸਨ, ਸਫ਼ੇਦ ਝੂਠ ਨੂੰ ਸਪਸ਼ਟ ਤੌਰ ਉੱਤੇ ਅਤੇ ਰੱਦ ਨਾ ਹੋ ਸਕਣ ਵਾਲ਼ੇ ਢੰਗ ਨਾਲ਼ ਸਾਬਤ ਕਰਦਾ ਹੈ। ਇਹ ਸਾਰਾ ਕੁੱਝ ਕੂੜ ਕਹਾਣੀ ਹੈ। ਮੈਂ ਜਿਹੜੇ ਵੋਟ ਦੀ ਟੂਕ ਦਿੱਤੀ ਹੈ ਉਹ ਦਰਸਾਉਂਦੀ ਹੈ ਕਿ ਪਾਰਟੀ ਦੀ ਤਾਂ ਗੱਲ ਹੀ ਨਾ ਕਰੋ, ਅਸਾਂ ਗ਼ੈਰ-"ਇਸਕਰਾ"-ਵਾਦੀਆਂ ਨੂੰ ਕੇਂਦਰੀ ਕਮੇਟੀ ਤੋਂ ਵੀ ਵੱਖ ਨਾ ਕੀਤਾ, ਅਸਾਂ ਉਹਨਾਂ ਨੂੰ ਇੱਕ ਬਹੁਤ ਚੋਖੀ **ਘੱਟਗਿਣਤੀ** ਦਿੱਤੀ। ਸਾਰਾ ਨੁਕਤਾ ਇਹ ਹੈ ਕਿ ਉਹ **ਬਹੁਗਿਣਤੀ ਲੈਣਾ ਚਾਹੁੰਦੇ ਸਨ**, ਅਤੇ ਜਦੋਂ ਇਹ ਨਿਰਮਾਣ ਇਛਾ ਪੂਰੀ ਨਾ ਕੀਤੀ ਗਈ ਤਾਂ ਉਹਨਾਂ **ਝਗੜਾ** ਸ਼ੁਰੂ ਕਰ ਦਿੱਤਾ ਅਤੇ ਕੇਂਦਰੀ ਸੰਸਥਾਵਾਂ ਵਿੱਚ ਪ੍ਰਤੀਨਿਧਤਾ ਲੈਣੋਂ ਉੱਕਾ ਹੀ ਨਾਂਹ ਕਰ ਦਿੱਤੀ। ਕਿ, ਲੀਗ ਵਿੱਚ ਸਾਥੀ ਮਾਰਤੋਵ ਦੇ ਦਾਅਵਿਆਂ ਦੇ ਬਾਵਜੂਦ, ਮਾਮਲਾ ਕਿਹੋ ਜਿਹਾ ਸੀ, ਹੇਠ ਲਿਖੇ **ਖ਼ਤ** ਤੋਂ ਪ੍ਰਤੱਖ ਹੁੰਦਾ ਹੈ ਜਿਹੜਾ ਕਾਂਗਰਸ ਵੱਲੋਂ ਪਹਿਲਾ ਪੈਰਾ ਪ੍ਰਵਾਨ ਕਰਨ ਪਿੱਛੋਂ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਨੇ ਸਾਨੂੰ "ਇਸਕਰਾ"-ਵਾਦੀਆਂ ਦੀ ਬਹੁਗਿਣਤੀ (ਅਤੇ ਸੱਤਾਂ ਦੇ ਵੱਖ ਹੋ ਜਾਣ ਪਿੱਛੋਂ ਕਾਂਗਰਸ ਦੀ ਬਹੁਗਿਣਤੀ) ਨੂੰ ਲਿਖਿਆ (ਇਹ ਗੱਲ ਚੇਤੇ ਰੱਖਣ ਵਾਲ਼ੀ ਹੈ ਕਿ ਮੈਂ "ਇਸਕਰਾ" ਜਥੇਬੰਦੀ ਦੀ ਜਿਸ ਇਕੱਤ੍ਰਤਾ ਦੀ ਗੱਲ ਕਰਦਾ ਰਿਹਾ ਹਾਂ, ਉਹ **ਅਖ਼ੀਰੀ** ਸੀ: ਉਸ ਤੋਂ ਪਿੱਛੋਂ, ਜਥੇਬੰਦੀ **ਵਾਸਤਵ ਵਿੱਚ** ਟੁੱਟ ਗਈ ਅਤੇ ਹਰ ਧਿਰ ਨੇ ਕਾਂਗਰਸ ਦੇ ਦੂਸਰੇ ਡੈਲੀਗੇਟਾਂ ਨੂੰ ਨਿਸ਼ਚਾ ਕਰਾਉਣ ਦਾ ਯਤਨ ਕੀਤਾ ਕਿ ਉਹ ਠੀਕ ਹੈ)।

ਇਹ ਹੈ ਖ਼ਤ ਦਾ ਪਾਠ:

"ਸੰਪਾਦਕ ਮੰਡਲ ਦੀ ਬਹੁਗਿਣਤੀ ਅਤੇ 'ਕਿਰਤ ਦੀ ਮੁਕਤੀ' ਟੋਲੀ ਦੀ [ਫ਼ਲਾਣੀ ਅਤੇ ਫ਼ਲਾਣੀ ਤਾਰੀਖ਼ ਨੂੰ]** ਇਕੱਤ੍ਰਤਾ ਵਿੱਚ ਸ਼ਾਮਲ ਹੋਣ

---

* ਵੇਖੋ ਵ. ਇ. ਲੈਨਿਨ "ਮੈਂ 'ਇਸਕਰਾ' ਦੇ ਸੰਪਾਦਕ ਮੰਡਲ ਵਿੱਚੋਂ ਅਸਤੀਫ਼ਾ ਕਿਉਂ ਕੀਤਾ ?"

** ਮੇਰੇ ਚੇਤੇ ਅਨੁਸਾਰ ਖ਼ਤ ਵਿੱਚ ਜਿਸ ਮਿਤੀ ਵੱਲ ਸੰਕੇਤ ਕੀਤਾ ਗਿਆ ਹੈ ਉਹ ਇੱਕ ਮੰਗਲਵਾਰ ਸੀ। ਇਕੱਤ੍ਰਤਾ ਮੰਗਲਵਾਰ ਸ਼ਾਮ ਨੂੰ ਹੋਈ, ਅਰਥਾਤ, ਕਾਂਗਰਸ ਦੇ 28ਵੇਂ ਸਮਾਗਮ **ਤੋਂ ਪਿੱਛੋਂ।** ਕਾਲ-ਕ੍ਰਮ ਸਬੰਧੀ ਇਹ ਨੁਕਤਾ ਬਹੁਤ ਮਹੱਤਤਾ ਵਾਲ਼ਾ ਹੈ। ਇਹ ਸਾਥੀ ਮਾਰਤੋਵ ਦੀ ਇਸ ਰਾਏ ਦਾ ਕਿ ਅਸੀਂ ਕੇਂਦਰੀ ਸੰਸਥਾਵਾਂ ਦੀ ਜਥੇਬੰਦੀ ਦੇ ਸਵਾਲ ਉੱਤੇ ਵਿਛੜੇ ਨਾ ਕਿ ਉਹਨਾਂ ਦੀ ਸ਼ਖ਼ਸੀ ਬਣਤਰ ਉੱਤੇ **ਦਸਤਾਵੇਜ਼ੀ ਖੰਡਣ** ਹੈ। ਇਹ ਲੀਗ ਦੀ ਕਾਂਗਰਸ ਵਿੱਚ ਅਤੇ "ਸੰਪਾਦਕਾਂ ਦੇ ਨਾਂ ਖ਼ਤ" ਵਿੱਚ ਮੇਰੇ ਵੱਲੋਂ ਮਾਮਲੇ ਦੇ ਬਿਆਨ ਦਾ **ਦਸਤਾਵੇਜ਼ੀ ਸਬੂਤ** ਹੈ। ਕਾਂਗਰਸ ਦੇ **28ਵੇਂ** ⇨

ਸਬੰਧੀ ਡੈਲੀਗੇਟਾਂ ਸੋਰੋਕਿਨ ਅਤੇ ਸਬਲੀਨਾ ਦੀ ਵਿਆਖਿਆ ਸੁਣਨ ਪਿੱਛੋਂ ਅਤੇ ਇਹਨਾਂ ਡੈਲੀਗੇਟਾਂ ਦੀ ਸਹਾਇਤਾ ਨਾਲ਼ ਇਹ ਸਾਬਤ ਕਰ ਲੈਣ ਪਿੱਛੋਂ ਕਿ ਪਿਛਲੀ ਇਕੱਤ੍ਰਤਾ ਵਿੱਚ ਕੇਂਦਰੀ ਕਮੇਟੀ ਲਈ ਉਮੀਦਵਾਰਾਂ ਦੀ ਇੱਕ ਸੂਚੀ ਪੜ੍ਹੀ ਗਈ ਜਿਹੜੀ ਸਾਡੇ ਵੱਲੋਂ ਆਈ ਸਮਝੀ ਜਾਂਦੀ ਸੀ ਅਤੇ ਜਿਹੜੀ ਸਾਡੀ **ਸਿਆਸੀ** ਪੋਜ਼ੀਸ਼ਨ ਗ਼ਲਤ ਢੰਗ ਨਾਲ਼ ਪੇਸ਼ ਕਰਨ ਲਈ ਵਰਤੀ ਗਈ, ਅਤੇ ਇਸ ਗੱਲ ਨੂੰ ਵੀ ਮੁੱਖ ਰਖਦੇ ਹੋਏ, ਕਿ ਪਹਿਲੇ, ਸਾਰਣੀ ਦੇ ਅਸਲੀ ਰੂਪ ਦਾ ਪਤਾ ਕਰਨ ਦਾ ਕੋਈ ਯਤਨ ਕੀਤੇ ਬਿਨਾਂ ਇਹ ਸਾਡੇ ਸਿਰ ਮੜ੍ਹੀ ਗਈ; ਕਿ, ਦੂਜੇ, ਇਸ ਹਾਲਤ ਦਾ 'ਇਸਕਰਾ' ਸੰਪਾਦਕ ਮੰਡਲ ਦੀ ਅਤੇ "ਕਿਰਤ ਦੀ ਮੁਕਤੀ" ਟੋਲੀ ਦੀ ਬਹੁਗਿਣਤੀ ਵਿਰੁੱਧ ਖੁੱਲ੍ਹਮ-ਖੁੱਲ੍ਹਾ ਪ੍ਰਚਾਰੇ ਗਏ ਮੌਕਾਪ੍ਰਸਤੀ ਦੇ ਦੋਸ਼ ਨਾਲ਼ ਨਿਰਸੰਦੇਹ ਸਬੰਧ ਹੈ, ਇਸ ਦੋਸ਼ ਦਾ ਸਬੰਧ **'ਇਸਕਰਾ' ਦੇ ਸੰਪਾਦਕ ਮੰਡਲ ਦੀ ਬਣਤਰ ਤਬਦੀਲ ਕਰਨ ਸਬੰਧੀ** ਨਿਸ਼ਚਿਤ ਪਲਾਨ ਨਾਲ਼ ਹੈ—ਅਸੀਂ ਸਮਝਦੇ ਹਾਂ ਕਿ ਸਾਨੂੰ ਇਕੱਤ੍ਰਤਾ ਤੋਂ ਬਾਹਰ ਰੱਖਣ ਲਈ ਦੱਸਿਆ ਗਿਆ ਕਾਰਨ ਅਸੰਤੋਖਜਨਕ ਹੈ, ਅਤੇ ਇਹ ਕਿ ਸਾਨੂੰ ਇਕੱਤ੍ਰਤਾ ਵਿੱਚ ਸ਼ਾਮਲ ਕਰਨੋਂ ਇਨਕਾਰ ਸਾਨੂੰ ਉਪ੍ਰੋਕਤ ਝੂਠੇ ਦੋਸ਼ਾਂ ਦਾ ਖੰਡਨ ਕਰਨ ਦਾ ਮੌਕਾ ਨਾ ਦੇਣ ਦਾ ਸਬੂਤ ਹੈ।

"ਜਿਥੋਂ ਤੱਕ ਸਾਡੇ ਕੇਂਦਰੀ ਕਮੇਟੀ ਲਈ ਉਮੀਦਵਾਰਾਂ ਲਈ ਸਾਂਝੀ ਸੂਚੀ ਸਬੰਧੀ ਸਮਝੌਤੇ ਉੱਤੇ ਅੱਪੜਨ ਦਾ ਸਬੰਧ ਹੈ, ਅਸੀਂ ਐਲਾਨ ਕਰਦੇ ਹਾਂ ਕਿ ਇੱਕੋ ਇੱਕ ਸਾਰਣੀ ਜਿਸ ਉੱਤੇ ਅਸੀਂ ਸਹਿਮਤ ਹੋ ਸਕਦੇ ਹਾਂ ਉਹ ਹੈ: ਪੋਪੋਵ, ਤਰਾਤਸਕੀ ਅਤੇ ਗਲੇਬੋਵ। ਇਸ ਤੋਂ ਬਿਨਾਂ ਅਸੀਂ ਇਸ ਗੱਲ ਉੱਤੇ ਜ਼ੋਰ ਦੇਂਦੇ ਹਾਂ ਕਿ ਇਹ **ਸਮਝੌਤੇ** ਦੀ ਸੂਚੀ ਹੈ, ਕਿਉਂਕਿ ਸਾਥੀ ਗਲੇਬੋਵ ਦੀ ਸ਼ਮੂਲੀਅਤ ਕੇਵਲ ਬਹੁਗਿਣਤੀ ਦੀਆਂ ਇੱਛਾਵਾਂ ਨੂੰ ਇੱਕ ਰਿਆਇਤ ਹੈ; ਕਿਉਂਕਿ ਹੁਣ ਜਦੋਂ ਉਹਦੇ ਵੱਲੋਂ ਕਾਂਗਰਸ ਵਿੱਚ ਅਦਾ ਕੀਤਾ ਰੋਲ ਸਾਡੇ ਲਈ ਸਪਸ਼ਟ ਹੈ, **ਅਸੀਂ ਸਾਥੀ ਗਲੇਬੋਵ ਨੂੰ** ਉਹੋ ਜਿਹੀਆਂ ਲੋੜਾਂ ਪੂਰੀਆਂ ਕਰਨ ਵਾਲ਼ਾ ਵਿਅਕਤੀ **ਨਹੀਂ ਸਮਝਦੇ** ਜਿਹੋ ਜਿਹੀਆਂ ਕੇਂਦਰੀ ਕਮੇਟੀ ਲਈ ਉਮੀਦਵਾਰ ਤੋਂ ਉਮੀਦ ਕੀਤੀਆਂ ਜਾਣਗੀਆਂ।

"ਇਹਦੇ ਨਾਲ਼ ਹੀ, ਅਸੀਂ ਇਸ ਗੱਲ ਉੱਤੇ ਜ਼ੋਰ ਦੇਂਦੇ ਹਾਂ ਕਿ ਸਾਡੀ ਕੇਂਦਰੀ ਕਮੇਟੀ ਲਈ ਉਮੀਦਵਾਰਾਂ ਸਬੰਧੀ ਗੱਲਬਾਤ ਸ਼ੁਰੂ ਕਰਨ ਦਾ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਦੀ ਬਣਤਰ ਨਾਲ਼ ਉੱਕਾ ਕੋਈ ਸਬੰਧ ਨਹੀਂ, ਜਿਥੋਂ ਤੱਕ ਇਸ ਸਵਾਲ (ਸੰਪਾਦਕ ਮੰਡਲ ਦੀ ਬਣਤਰ) ਦਾ ਸਬੰਧ ਹੈ ਅਸੀਂ ਕਿਸੇ ਤਰ੍ਹਾਂ

---

⇨ ਸਮਾਗਮ **ਤੋਂ ਪਿੱਛੋਂ** ਸਾਥੀ ਮਾਰਤੋਵ ਅਤੇ ਸਤਾਰੋਵਰ ਨੇ ਮੌਕਾਪ੍ਰਸਤੀ ਦੇ ਝੂਠੇ ਦੋਸ਼ਾਂ ਸਬੰਧੀ ਬਹੁਤ ਕੁੱਝ ਕਿਹਾ ਪਰ ਉਹਨਾਂ ਪ੍ਰੀਸ਼ਦ ਦੀ ਬਣਤਰ ਜਾਂ ਕੇਂਦਰੀ ਸੰਸਥਾਵਾਂ ਲਈ ਕੁਆਪਸ਼ਨ ਸਬੰਧੀ [ਜਿਸ ਸਬੰਧੀ ਅਸੀਂ 25ਵੇਂ, 26ਵੇਂ ਅਤੇ 27ਵੇਂ ਸਮਾਗਮਾਂ ਵਿੱਚ ਬਹਿਸੇ] **ਇੱਕ ਸ਼ਬਦ ਤੱਕ ਨਾ ਕਿਹਾ।**

ਦੀ ਗੱਲਬਾਤ ਕਰਨ ਲਈ ਤਿਆਰ ਨਹੀਂ।

ਸਾਥੀਆਂ ਵੱਲੋਂ,
ਮਾਰਤੋਵ ਅਤੇ ਸਤਾਰੋਵਰ"

ਇਹ ਖ਼ਤ ਜਿਹੜਾ ਵਿਵਾਦ ਵਿੱਚ ਰੁੱਝੀਆਂ ਧਿਰਾਂ ਦੀ ਮਾਨਸਕ ਅਵਸਥਾ ਅਤੇ ਵਿਵਾਦ ਦੀ ਹਾਲਤ ਦੁਹਾਂ ਨੂੰ ਸ਼ੁੱਧਤਾ ਨਾਲ਼ ਪੇਸ਼ ਕਰਦਾ ਹੈ, ਸਾਨੂੰ ਸਿੱਧਾ ਆਰੰਭਕ ਫੁੱਟ ਦੇ "ਧੁਰ ਅੰਦਰ" ਤੱਕ ਲੈ ਜਾਂਦਾ ਹੈ ਅਤੇ ਇਹਦੇ ਅਸਲੀ ਕਾਰਨਾਂ ਨੂੰ ਪ੍ਰਗਟ ਕਰਦਾ ਹੈ। ਬਹੁਗਿਣਤੀ ਨਾਲ਼ ਸਹਿਮਤ ਹੋਣੋਂ ਇਨਕਾਰ ਕਰਨ, ਅਤੇ ਕਾਂਗਰਸ ਵਿੱਚ ਐਜੀਟੇਸ਼ਨ ਦੀ ਆਜ਼ਾਦੀ ਨੂੰ ਚੰਗੇਰਾ ਸਮਝਣ (ਜਿਸਦਾ ਕਿ ਉਹਨਾਂ ਨੂੰ, ਨਿਰਸੰਦੇਹ, ਪੂਰਾ ਹੱਕ ਸੀ), ਦੇ ਬਾਵਜੂਦ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਨੇ ਬਹੁਗਿਣਤੀ ਦੇ "ਡੈਲੀਗੇਟਾਂ" ਨੂੰ ਇਹ ਮਨਾਉਣ ਦਾ ਯਤਨ ਕੀਤਾ ਕਿ ਉਹ ਉਹਨਾਂ ਨੂੰ ਆਪਣੀ ਨਿੱਜੀ ਇਕੱਤ੍ਰਤਾ ਵਿੱਚ ਸ਼ਾਮਲ ਹੋਣ ਦੇਣ ! ਸੁਭਾਵਕ ਹੀ ਸਾਡੀ ਇਕੱਤ੍ਰਤਾ ਵਿੱਚ (ਜਿੱਥੇ ਇਹ ਖ਼ਤ ਪੜ੍ਹਿਆ ਗਿਆ) ਕੇਵਲ ਇੱਕ ਮੁਸਕਾਨ ਅਤੇ ਮੋਢੇ ਸੰਗੋੜਨਾ ਹੀ ਲਿਆਂਦਾ, ਅਤੇ ਖੌਰੂ ਪਾਉਣ ਤੱਕ ਜਾਂਦੀ, "ਮੌਕਾਪ੍ਰਸਤੀ ਸਬੰਧੀ ਝੂਠੇ ਦੋਸ਼ਾਂ" ਸਬੰਧੀ ਕੂਕ ਨੇ ਖੁੱਲ੍ਹਾ ਹਾਸਾ ਪੈਦਾ ਕੀਤਾ ਪਰ ਆਓ ਅਸੀਂ ਪਹਿਲਾਂ ਮਾਰਤੋਵ ਅਤੇ ਸਤਾਰੋਵਰ ਦੀਆਂ ਕੌੜੀਆਂ ਸ਼ਿਕਾਇਤਾਂ ਨੂੰ ਇੱਕ-ਇੱਕ ਕਰਕੇ ਲਈਏ।

ਸੂਚੀ ਉਹਨਾਂ ਸਿਰ ਗ਼ਲਤੀ ਨਾਲ਼ ਮੜ੍ਹੀ ਗਈ; ਉਹਨਾਂ ਦੀ ਸਿਆਸੀ ਪੋਜ਼ੀਸ਼ਨ ਗ਼ਲਤ ਢੰਗ ਨਾਲ਼ ਪੇਸ਼ ਕੀਤੀ ਗਈ।—ਪਰ, ਜਿਹਾ ਕਿ ਮਾਰਤੋਵ ਨੇ ਆਪ ਮੰਨਿਆ ਹੈ (ਲੀਗ ਦੀ ਕਾਰਵਾਈ, ਪੰਨਾ 64), ਮੈਨੂੰ ਇਹ ਗੱਲ ਕਦੀ ਅਹੁੜੀ ਵੀ ਨਾ ਕਿ ਉਹਦੇ ਇਸ ਕਥਨ ਦੇ ਕਿ ਉਹ ਸਾਰਣੀ ਦਾ ਕਰਤਾ ਨਹੀਂ ਸੀ, ਸੱਚ ਨੂੰ ਵੰਗਾਰਾਂ। ਆਮ ਤੌਰ ਉੱਤੇ ਸਾਰਣੀ ਦੇ ਕਰਤੇ ਦੇ ਸਵਾਲ ਦੇ ਮਾਮਲੇ ਨਾਲ਼ ਕੋਈ ਸਬੰਧ ਨਹੀਂ, ਅਤੇ ਇਹ ਗੱਲ ਕਿ ਸਾਰਣੀ ਕਿਸੇ "ਇਸਕਰਾ"-ਵਾਦੀ ਨੇ ਤਿਆਰ ਕੀਤੀ ਸੀ ਜਾਂ "ਕੇਂਦਰ" ਦੇ ਕਿਸੇ ਪ੍ਰਤੀਨਿਧ ਨੇ ਆਦਿ ਦੀ ਕੋਈ ਮਹੱਤਤਾ ਨਹੀਂ। ਮਹੱਤਵਪੂਰਨ ਗੱਲ ਇਹ ਹੈ ਕਿ ਇਹ ਸਾਰਣੀ, ਜਿਹੜੀ ਉੱਕਾ ਹੀ ਅਜੋਕੀ ਘੱਟਗਿਣਤੀ ਦੇ ਮੈਂਬਰਾਂ ਤੋਂ ਬਣਦੀ ਸੀ, ਕਾਂਗਰਸ ਵਿੱਚ ਪੜ੍ਹੀ ਗਈ, ਭਾਵੇਂ ਕੇਵਲ ਇੱਕ ਕਿਆਸ ਜਾਂ ਅਨੁਮਾਨ ਵਜੋਂ। ਅੰਤ ਵਿੱਚ, **ਸਭ ਤੋਂ ਮਹੱਤਵਪੂਰਨ** ਗੱਲ ਇਹ ਹੈ ਕਿ ਕਾਂਗਰਸ ਵਿੱਚ ਸਾਥੀ ਮਾਰਤੋਵ **ਅਜਿਹੀ** ਸੂਚੀ ਤੋਂ ਅਤਿਅੰਤ ਜ਼ੋਰ ਨਾਲ਼ ਵੱਖ ਹੋਣ ਲਈ **ਮਜਬੂਰ ਸੀ**, ਇੱਕ ਅਜਿਹੀ ਸੂਚੀ ਜਿਸਦਾ ਖ਼ੁਸ਼ੀ ਨਾਲ਼ ਸੁਆਗਤ ਕਰਨਾ ਹੁਣ ਉਹਦੇ ਲਈ **ਲਾਜ਼ਮੀ ਹੋਵੇਗਾ।** ਦੋ ਕੁ ਮਹੀਨਿਆਂ ਵਿੱਚ "ਨਿਰਾਦਰੀ ਕਰਨ ਵਾਲ਼ੀਆਂ ਅਫ਼ਵਾਹਾਂ" ਤੋਂ ਲੈਕੇ ਪਾਰਟੀ ਦੀ ਕੇਂਦਰੀ ਸੰਸਥਾ ਉੱਤੇ ਉਹੋ ਉਮੀਦਵਾਰ ਠੋਸਣ ਦੇ, ਜਿਹੜੇ ਇਸ ਅਖ਼ੌਤੀ ਨਿਰਾਦਰੀ ਕਰਨ ਵਾਲ਼ੀ ਸੂਚੀ ਵਿੱਚ ਸ਼ਾਮਲ ਹਨ, ਯਤਨ ਦੇ ਇਸ ਵਾਪਸੀ ਮੋੜ ਕੱਟਣ ਤੋਂ ਵੱਧ ਲੋਕਾਂ ਅਤੇ ਧਿਰਾਂ ਨੂੰ ਸਪਸ਼ਟ ਕਰਨ ਵਿੱਚ ਅਸਥਿਰਤਾ ਨੂੰ ਵਧੇਰੇ ਉੱਘੜਵੀਂ ਤਰ੍ਹਾਂ ਕੋਈ

ਗੱਲ ਪ੍ਰਤੱਖ ਨਹੀਂ ਕਰ ਸਕਦੀ!*

ਸਾਥੀ ਮਾਰਤੋਵ ਨੇ ਲੀਗ ਦੀ ਕਾਂਗਰਸ ਵਿੱਚ ਕਿਹਾ, ਇਸ ਸੂਚੀ "ਦਾ ਅਰਥ ਇੱਕ ਹੱਥ ਸਾਡੇ ਅਤੇ 'ਯੁਜ਼੍ਹਨੀ ਰਾਬੋਚੀ' ਵਿਚਕਾਰ ਅਤੇ ਦੂਜੇ ਹੱਥ 'ਬੁੰਦ' ਵਿਚਕਾਰ ਸਿਆਸੀ ਪੱਖ ਤੋਂ ਇੱਕ ਕੁਲੀਸ਼ਨ ਸੀ, **ਸਿੱਧੇ ਸਮਝੌਤੇ** ਦੇ ਅਰਥਾਂ ਵਿੱਚ ਕੁਲੀਸ਼ਨ" (ਪੰਨਾ 64)। ਇਹ ਸੱਚ ਨਹੀਂ, ਕਿਉਂਕਿ, ਪਹਿਲਾਂ ਤਾਂ, "ਬੁੰਦ" ਕਦੀ ਵੀ ਇੱਕ ਅਜਿਹੀ ਸੂਚੀ ਸਬੰਧੀ "ਸਮਝੌਤਾ" ਨਾ ਕਰਦਾ, ਜਿਸ ਵਿੱਚ ਇੱਕ ਵੀ ਬੁੰਦਵਾਦੀ ਨਹੀਂ ਸੀ; ਅਤੇ ਦੂਜੇ, "ਬੁੰਦ" ਦੀ ਤਾਂ ਗੱਲ ਹੀ ਛੱਡੋ, "ਯੁਜ਼੍ਹਨੀ ਰਾਬੋਚੀ" ਟੋਲੀ ਨਾਲ਼ ਵੀ ਸਿੱਧੇ ਸਮਝੌਤੇ ਦਾ (ਜਿਹੜੀ ਉਹ ਗੱਲ ਸੀ ਜਿਸਨੂੰ ਮਾਰਤੋਵ ਨਿਰਾਦਰੀ ਭਰੀ ਸਮਝਦਾ ਸੀ) **ਕੋਈ ਸਵਾਲ** ਨਹੀਂ ਸੀ ਅਤੇ **ਹੋ ਵੀ ਨਹੀਂ ਸੀ ਸਕਦਾ**। ਮਾਮਲਾ ਸਮਝੌਤੇ ਦਾ ਨਹੀਂ ਸਗੋਂ ਕੁਲੀਸ਼ਨ ਦਾ ਸੀ; ਗੱਲ ਇਹ ਨਹੀਂ ਸੀ ਕਿ ਸਾਥੀ ਮਾਰਤੋਵ ਨੇ ਕੋਈ ਸੌਦਾ ਕਰ ਲਿਆ ਸੀ, ਸਗੋਂ ਇਹ ਸੀ ਕਿ ਉਹਨੂੰ ਐਨ ਉਹਨਾਂ "ਇਸਕਰਾ"-ਵਿਰੋਧੀਆਂ ਅਤੇ ਅਸਥਿਰ ਅੰਸ਼ਾਂ ਦੀ **ਹਮਾਇਤ ਮਿਲਣੀ ਹੀ ਸੀ** ਜਿਨ੍ਹਾਂ ਵਿਰੁੱਧ ਉਹ ਕਾਂਗਰਸ ਦੇ ਪਹਿਲੇ ਅੱਧ ਵਿੱਚ ਲੜਿਆ ਸੀ ਅਤੇ ਜਿਨ੍ਹਾਂ ਨਿਯਮਾਂ ਦੇ ਪਹਿਲੇ ਪੈਰੇ ਸਬੰਧੀ ਉਹਦੀ ਗ਼ਲਤੀ ਨੂੰ ਫੜ ਲਿਆ ਸੀ। ਉੱਪਰ ਮੈਂ ਜਿਹੜੇ ਖ਼ਤ ਦੀ ਟੂਕ ਦਿੱਤੀ ਹੈ, ਉਹ ਰੱਦ ਨਾ ਹੋ ਸਕਣ ਵਾਲ਼ੇ ਢੰਗ ਨਾਲ਼ ਸਾਬਤ ਕਰਦਾ ਹੈ ਕਿ "ਸ਼ਿਕਾਇਤ" ਦੀ **ਜੜ੍ਹ ਮੌਕਾਪ੍ਰਸਤੀ ਦਾ ਖੁੱਲ੍ਹਾ, ਅਤੇ ਇਸਤੋਂ ਵੱਧ ਝੂਠਾ, ਦੋਸ਼ ਸੀ**। ਇਹ "ਦੋਸ਼", ਜਿਸਨੇ ਬਲਦੀ ਉੱਤੇ ਤੇਲ ਦਾ ਕੰਮ ਕੀਤਾ, ਅਤੇ ਜਿਸਤੋਂ **ਹੁਣ**, "ਸੰਪਾਦਕਾਂ ਦੇ ਨਾਂ ਖ਼ਤ" ਵਿੱਚ ਮੇਰੇ ਵੱਲੋਂ ਯਾਦ ਦਿਵਾਏ ਜਾਣ ਦੇ ਬਾਵਜੂਦ, ਸਾਥੀ ਮਾਰਤੋਵ ਇੰਨੀ ਚੰਗੀ ਤਰ੍ਹਾਂ ਕੰਨੀ ਕਤਰਾ ਕੇ ਚਲਦਾ ਹੈ, ਦੋ-ਪੱਖੀ ਸੀ। ਪਹਿਲੀ ਗੱਲ, ਨਿਯਮਾਂ ਦੇ ਪਹਿਲੇ ਪੈਰੇ ਉੱਤੇ ਵਿਚਾਰ ਸਮੇਂ ਪਲੈਖ਼ਾਨੋਵ ਨੇ ਦੋ-ਟੂਕ ਕਿਹਾ ਕਿ ਪਹਿਲਾ ਪੈਰਾ "ਹਰ ਤਰ੍ਹਾਂ ਦੀ ਮੌਕਾਪ੍ਰਸਤੀ ਦੇ ਪ੍ਰਤੀਨਿਧਾਂ" ਨੂੰ ਸਾਡੇ ਤੋਂ "ਦੂਰ ਰੱਖਣ" ਦਾ ਹੈ, ਅਤੇ ਇਹ ਕਿ ਮੇਰੇ ਖਰੜੇ ਨੂੰ, ਉਹਨਾਂ ਦੇ ਪਾਰਟੀ ਉੱਤੇ ਧਾਵਾ ਬੋਲ ਦੇਣ ਵਿਰੁੱਧ ਸੰਘਰਸ਼ ਵਜੋਂ, "ਜੇ ਕੇਵਲ ਇਸੇ ਕਾਰਨ ਹੀ, ਮੌਕਾਪ੍ਰਸਤੀ ਦੇ ਸਾਰੇ ਵੈਰੀਆਂ ਦੇ ਵੋਟ ਮਿਲਣੇ ਚਾਹੀਦੇ ਹਨ" (ਕਾਂਗਰਸ ਦੀ ਕਾਰਵਾਈ, ਪੰਨਾ 246)। ਇਹਨਾਂ ਜ਼ੋਰਦਾਰ ਸ਼ਬਦਾਂ ਨੇ, ਭਾਵੇਂ ਮੈਂ ਉਹਨਾਂ ਨੂੰ ਕੁੱਝ ਨਰਮ ਕਰ ਦਿੱਤਾ (ਪੰਨਾ 250), ਇੱਕ ਸਨਸਨੀ ਪੈਦਾ ਕਰ ਦਿੱਤੀ, ਜਿਹੜੀ ਸਾਥੀ ਰੂਸੋਵ (ਪੰਨਾ 247), ਤਰਾਤਸਕੀ (ਪੰਨਾ 248), ਅਤੇ ਅਕੀਮੋਵ (ਪੰਨਾ 253) ਦੀਆਂ ਤਕਰੀਰਾਂ ਵਿੱਚ ਸਾਫ਼ ਤੌਰ ਉੱਤੇ ਪ੍ਰਗਟ ਹੋਈ। ਸਾਡੀ "ਪਾਰਲੀਮੈਂਟ" ਦੀ ਲਾਬੀ ਵਿੱਚ, ਪਲੈਖ਼ਾਨੋਵ ਦੇ ਥੀਸਿਸ ਉੱਤੇ ਤਿੱਖੀ ਟਿੱਪਣੀ ਕੀਤੀ ਗਈ ਅਤੇ ਪਹਿਲੇ ਪੈਰੇ ਉੱਤੇ ਅਨੰਤ ਬਹਿਸਾਂ ਵਿੱਚ ਇਹ ਹਜ਼ਾਰਾਂ ਢੰਗਾਂ ਨਾਲ਼ ਤਬਦੀਲ ਕੀਤਾ ਗਿਆ। ਪਰ ਆਪਣੀ ਧਿਰ ਦੀ ਉਹਦੇ ਗੁਣਾਂ ਅਨੁਸਾਰ ਹਮਾਇਤ ਕਰਨ ਦੀ ਥਾਂ ਸਾਡੇ ਪਿਆਰੇ ਸਾਥੀਆਂ ਨੇ ਰੰਞਾਣੇ ਹੋਣ ਦਾ ਹਾਸੋ-ਹੀਣਾ ਭੇਖ ਬਣਾ ਲਿਆ ਅਤੇ ਇਥੋਂ ਤੱਕ ਕਿ ਲਿਖਤ ਵਿੱਚ "ਮੌਕਾਪ੍ਰਸਤੀ ਦੇ

* ਜਦੋਂ ਸਾਨੂੰ ਸਾਥੀ ਗੁਸੇਵ ਅਤੇ ਸਾਥੀ ਡਿਊਸ਼ ਸਬੰਧੀ ਖ਼ਬਰ ਮਿਲੀ ਤਾਂ ਇਹਨਾਂ ਸਤਰਾਂ ਲਈ ਛਾਪੇ ਦੇ ਅੱਖਰ ਜੋੜੇ ਜਾ ਚੁੱਕੇ ਸਨ। ਅਸੀਂ ਇਸ ਘਟਨਾ ਨੂੰ ਇੱਕ ਵੱਖਰੇ **ਜ਼ਮੀਮੇ** ਵਿੱਚ ਲਵਾਂਗੇ। (ਇਸ ਕਿਤਾਬ ਦੇ ਪੰਨੇ 222-231 ਵੇਖੋ। **—ਸੰਪਾ**.)

ਝੂਠੇ ਦੋਸ਼" ਸਬੰਧੀ ਸ਼ਿਕਾਇਤ ਕਰਨ ਤੱਕ ਚਲੇ ਗਏ!

ਇਹ ਸੌੜੀ ਮੰਡਲ ਸੁਭਾਅ ਅਤੇ ਪਾਰਟੀ ਮੈਂਬਰਾਂ ਵਜੋਂ ਅਨਾੜੀਪੁਣਾ, ਜੋ ਸਭਨਾਂ ਦੀ ਮੌਜੂਦਗੀ ਵਿੱਚ ਖੁੱਲ੍ਹੇ ਵਿਵਾਦ ਦੀ ਸੱਜਰੀ ਪੌਣ ਨੂੰ ਨਹੀਂ ਸਹਾਰ ਸਕਦੀ, ਇਥੇ ਸਪਸ਼ਟ ਤੌਰ ਉਤੇ ਪ੍ਰਗਟ ਹੋਈ ਹੈ। ਇਹ ਸੁਭਾਅ ਸਾਡੇ ਰੂਸੀਆਂ ਲਈ ਇੰਨਾ ਜਾਣੀ-ਪਛਾਣੀ ਹੈ ਜਿਹੜੀ ਇਸ ਪੁਰਾਣੇ ਅਖਾਣ ਵਿੱਚ ਪ੍ਰਗਟ ਹੋਈ ਹੈ: ਜਾਂ ਗੁਥਮ-ਗੁੱਥਾ ਜਾਂ ਹੱਥ ਮਿਲਾਓ! ਇਹ ਲੋਕ ਸ਼ੀਸ਼ੇ ਦੇ ਮਰਤਬਾਨ ਵਿੱਚ ਇੱਕ ਨੇੜਵੇਂ ਅਤੇ ਨਿੱਘੇ ਮੰਡਲ ਦੇ ਇੰਨੇ ਆਦੀ ਹੋ ਗਏ ਹਨ ਕਿ ਜਿਉਂ ਹੀ ਕਿਸੇ ਨੇ ਆਜ਼ਾਦ ਅਤੇ ਖੁੱਲ੍ਹੇ ਪਿੜ ਵਿੱਚ ਖੁੱਲ੍ਹ ਕੇ ਆਪਣੀ ਜ਼ਿਮੇਵਾਰੀ ਉੱਤੇ ਗੱਲ ਕੀਤੀ ਤਾਂ ਉਹਨਾਂ ਨੂੰ ਲਗਭਗ ਗ਼ਸ਼ ਪੈ ਗਈ। ਮੌਕਾਪ੍ਰਸਤੀ ਦਾ ਦੋਸ਼—ਕਿਸਦੇ ਵਿਰੁੱਧ? "ਕਿਰਤ ਦੀ ਮੁਕਤੀ" ਟੋਲੀ[25] ਵਿਰੁੱਧ ਅਤੇ ਉਹ ਵੀ ਇਹਦੀ ਬਹੁਗਿਣਤੀ ਵਿਰੁੱਧ— ਕੀ ਤੁਸੀਂ ਇਸ ਤੋਂ ਵੱਧ ਭਿਆਨਕ ਕਿਸੇ ਗੱਲ ਦੀ ਕਲਪਨਾ ਕਰ ਸਕਦੇ ਹੋ? ਜਾਂ ਤਾਂ ਇਸ ਮਿਟਾਈ ਨਾ ਜਾ ਸਕਣ ਵਾਲ਼ੀ ਨਿਰਾਦਰੀ ਕਾਰਨ ਪਾਰਟੀ ਵਿੱਚ ਦੁਫੇੜ ਪਾ ਦਿਓ ਜਾਂ ਸ਼ੀਸ਼ੇ ਦੇ ਮਰਤਬਾਨ ਦੀ "ਲਗਾਤਾਰਤਾ" ਕਾਇਮ ਰੱਖਕੇ ਇਸ "ਘਰੋਗੀ ਬੇਸੁਆਦਗੀ" ਉੱਤੇ ਪਰਦਾ ਪਾ ਦਿਓ—ਇਹ ਚੋਣ ਉਸ ਖ਼ਤ ਵਿੱਚ ਚੋਖੀ ਸਪਸ਼ਟਤਾ ਨਾਲ਼ ਉਲੀਕੀ ਗਈ ਹੈ ਜਿਸ ਉੱਤੇ ਅਸੀਂ ਵਿਚਾਰ ਕਰ ਰਹੇ ਹਾਂ। ਬੌਧਿਕਤਾਵਾਦੀ ਵਿਅਕਤੀਵਾਦ ਅਤੇ ਮੰਡਲ ਸੁਭਾਅ ਦੀ ਪਾਰਟੀ ਸਾਹਮਣੇ ਖੁੱਲ੍ਹ ਕੇ ਗੱਲ ਕਰਨ ਦੀ ਲੋੜ ਨਾਲ਼ ਟੱਕਰ ਹੋਈ ਹੈ। ਕੀ ਤੁਸੀਂ ਜਰਮਨ ਪਾਰਟੀ ਵਿੱਚ ਅਜਿਹੀ ਵਾਹਯਾਤੀ, ਅਜਿਹੀ ਖਹਿਬੜ, "ਮੌਕਾਪ੍ਰਸਤੀ ਦੇ **ਝੂਠੇ** ਦੋਸ਼" ਸਬੰਧੀ ਸ਼ਿਕਾਇਤ ਦੀ ਕਲਪਨਾ ਕਰ ਸਕਦੇ ਹੋ? ਉਥੇ ਪ੍ਰੋਲੇਤਾਰੀ ਜਥੇਬੰਦੀ ਅਤੇ ਅਨੁਸ਼ਾਸਨ ਨੇ ਉਹਨਾਂ ਨੂੰ ਬਹੁਤ ਦੇਰ ਤੋਂ ਅਜਿਹੀ ਬੁੱਧੀਜੀਵੀ ਪਿਲਪਿਲਾਹਟ ਤੋਂ ਛੁਟਕਾਰਾ ਦਿੱਤਾ ਹੈ। ਅਸੀਂ ਕਹਿ ਸਕਦੇ ਹਾਂ, ਉਥੇ ਕਿਸੇ ਵਿੱਚ ਲੀਬਕਨੇਖ਼ਤ ਲਈ ਅਤਿ-ਅੰਤ ਡੂੰਘੇ ਸਤਿਕਾਰ ਤੋਂ ਬਿਨਾਂ ਕੁੱਝ ਨਹੀਂ; ਪਰ ਉਥੇ ਲੋਕ ਇਹਨਾਂ **ਸ਼ਿਕਾਇਤਾਂ** ਉੱਤੇ ਕਿਵੇਂ ਹੱਸਦੇ ਕਿ 1895 ਦੀ ਕਾਂਗਰਸ[26] ਵਿੱਚ (ਬੇਬਲ ਸਮੇਤ) ਉਹਦੇ ਉੱਤੇ "ਖੁੱਲ੍ਹਮ-ਖੁੱਲ੍ਹਾ ਮੌਕਾਪ੍ਰਸਤੀ ਦਾ ਦੋਸ਼" ਲਾਇਆ ਗਿਆ, ਜਦੋਂ, ਜ਼ਰਅਈ ਸਵਾਲ ਸਬੰਧੀ, ਉਹ ਬਦੂ ਮੌਕਾਪ੍ਰਸਤਾਂ ਵੋਲਮਾਰ ਅਤੇ ਉਹਦੇ ਸਾਥੀਆਂ ਦੇ ਭੈੜੇ ਸਾਥ ਵਿੱਚ ਖੜਾ ਸੀ। ਲੀਬਕਨੇਖ਼ਤ ਦਾ ਨਾਂ ਅਨਿੱਖੜਵੇਂ ਢੰਗ ਨਾਲ਼ ਜਰਮਨ ਕਿਰਤੀ-ਜਮਾਤੀ ਲਹਿਰ ਨਾਲ਼ ਜੁੜਿਆ ਹੋਇਆ ਹੈ, ਨਿਰਸੰਦੇਹ, ਇਸ ਲਈ ਨਹੀਂ ਕਿ ਉਹ ਇਸ ਸਾਪੇਖ ਤੌਰ ਉੱਤੇ ਤੁੱਛ ਅਤੇ ਨਿਸ਼ਚਿਤ ਸਵਾਲ ਸਬੰਧੀ ਕੁਰਾਹੇ ਪੈ ਗਿਆ, ਸਗੋਂ ਇਹਦੇ ਬਾਵਜੂਦ। ਅਤੇ ਉਸੇ ਤਰ੍ਹਾਂ ਘੋਲ ਦੀ ਸਾਰੀ ਕੁੜੱਤਣ ਦੇ ਬਾਵਜੂਦ, ਉਦਾਹਰਣ ਵਜੋਂ, ਸਾਥੀ ਐਕਸਲਰੋਦ ਦਾ ਨਾਂ, ਰੂਸੀ ਸੋਸ਼ਲ-ਡੈਮੋਕ੍ਰੈਟਾਂ ਵਿੱਚ ਸਤਿਕਾਰ ਜਗਾਉਂਦਾ ਹੈ, ਅਤੇ ਸਦਾ ਜਗਾਏਗਾ; ਪਰ ਇਸ ਲਈ ਨਹੀਂ ਕਿ ਸਾਡੀ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਸਾਥੀ ਐਕਸਲਰੋਦ ਨੇ ਇੱਕ ਮੌਕਾਪ੍ਰਸਤ ਵਿਚਾਰ ਦੀ ਹਮਾਇਤ ਕੀਤੀ, ਲੀਗ ਦੀ ਦੂਜੀ ਕਾਂਗਰਸ ਵਿੱਚ ਪੁਰਾਣਾ ਅਰਾਜਕਤਾਵਾਦੀ ਕੂੜਾ ਪੁੱਟ ਕੱਢਿਆ, ਸਗੋਂ ਇਹਦੇ ਬਾਵਜੂਦ। ਕੇਵਲ ਅਤਿਅੰਤ ਅੜੀਅਲ ਮੰਡਲ ਵਾਲ਼ੇ ਲੋਕ, ਇਹਦੇ "ਗੁਥਮ-ਗੁੱਥਾ ਜਾਂ ਹੱਥ ਮਿਲਾਓ" ਦੇ ਤਰਕ ਨਾਲ਼, " 'ਕਿਰਤ ਦੀ ਮੁਕਤੀ' ਟੋਲੀ ਦੀ ਬਹੁਗਿਣਤੀ

ਵਿਰੁੱਧ ਮੌਕਾਪ੍ਰਸਤ ਦੇ ਝੂਠੇ ਦੋਸ਼" ਕਾਰਨ ਖੌਰੂ ਪਾਉਣ, ਖਹਿਬੜਾਂ ਅਤੇ ਪਾਰਟੀ ਵਿੱਚ ਫੁੱਟ ਨੂੰ ਜਨਮ ਦੇ ਸਕਦੇ ਸਨ।

ਇਸ ਭਿਆਨਕ ਦੋਸ਼ ਦਾ ਦੂਜਾ ਅੰਸ਼ ਪਹਿਲੇ ਨਾਲ਼ ਨੇੜਵੀਂ ਤਰ੍ਹਾਂ ਜੁੜਿਆ ਹੋਇਆ ਹੈ (ਸਾਥੀ ਮਾਰਤੋਵ ਨੇ ਲੀਗ ਕਾਂਗਰਸ ਸਮੇਂ ਇਸ ਘਟਨਾ ਦੇ **ਇੱਕ** ਪੱਖ ਤੋਂ ਟਾਲ–ਮਟੋਲ ਕਰਨ ਅਤੇ ਉਹਦੇ ਉੱਤੇ ਪਰਦਾ ਪਾਉਣ ਦਾ ਵਿਅਰਥ ਯਤਨ ਕੀਤਾ [ਪੰਨਾ 63])। ਇਹਦਾ "ਇਸਕਰਾ"–ਵਿਰੋਧੀਆਂ ਅਤੇ ਡਾਵਾਂਡੋਲ ਅੰਸ਼ਾਂ ਦੀ ਸਾਥੀ ਮਾਰਤੋਵ ਨਾਲ਼ ਉਸ **ਕੁਲੀਸ਼ਨ** ਦੇ ਤੱਥ ਨਾਲ਼ ਸਬੰਧ ਹੈ ਜਿਹੜੀ ਨਿਯਮਾਂ ਦੇ ਪਹਿਲੇ ਪੈਰੇ ਦੇ ਸਬੰਧ ਵਿੱਚ **ਉਭਰਨ ਲੱਗ ਪਈ**। ਸੁਭਾਵਕ ਹੀ, ਸਾਥੀ ਮਾਰਤੋਵ ਅਤੇ "ਇਸਕਰਾ"–ਵਿਰੋਧੀਆਂ ਵਿਚਕਾਰ ਕੋਈ ਪ੍ਰੋਖ ਜਾਂ ਅਪ੍ਰੋਖ ਸਮਝੌਤਾ ਨਹੀਂ ਸੀ, ਨਾ ਹੀ ਹੋ ਸਕਦਾ ਸੀ, ਅਤੇ ਕਿਸੇ ਨੇ ਉਹਦੇ ਉੱਤੇ ਇਸ ਗੱਲ ਦਾ ਸ਼ੱਕ ਨਾ ਕੀਤਾ; ਅਜਿਹਾ ਉਹਨੂੰ ਕੇਵਲ ਆਪਣੇ ਭੈਅ ਕਾਰਨ ਜਾਪਿਆ। ਪਰ **ਸਿਆਸੀ ਪੱਖ ਤੋਂ** ਉਹਦੀ ਗ਼ਲਤੀ ਇਸ ਤੱਥ ਵਿੱਚ ਪ੍ਰਗਟ ਹੋਈ ਕਿ ਉਹ ਲੋਕ ਜਿਨ੍ਹਾਂ ਦੀ ਪ੍ਰਵਿਰਤੀ ਮੌਕਾਪ੍ਰਸਤੀ ਵੱਲ ਸੀ ਉਹਦੇ ਦੁਆਲੇ ਇੱਕ ਸਦਾ ਵਧੇਰੇ ਠੋਸ ਅਤੇ "ਨਿੱਗਰ" ਬਹੁਗਿਣਤੀ ਬਣਾਉਣ ਲੱਗ ਪਏ (ਜਿਹੜੀ ਹੁਣ **ਕੇਵਲ** ਸੱਤ ਡੈਲੀਗੇਟਾਂ ਦੇ "ਸਬੱਬੀ ਤੌਰ ਉੱਤੇ" ਵੱਖ ਹੋ ਜਾਣ ਕਾਰਨ ਘੱਟਗਿਣਤੀ ਬਣ ਗਈ ਹੈ)। ਅਸਾਂ ਇਸ "ਕੁਲੀਸ਼ਨ" ਵੱਲ ਵੀ, ਸੁਭਾਵਕ ਹੀ, ਇਥੇ ਵੀ **ਖੁੱਲ੍ਹੇ ਤੌਰ ਉੱਤੇ**, ਪਹਿਲੇ ਪੈਰੇ ਦੇ ਮਾਮਲੇ ਤੋਂ ਇਕਦਮ ਪਿੱਛੋਂ ਧਿਆਨ ਦਿਵਾਇਆ—ਕਾਂਗਰਸ ਵਿੱਚ (ਵੇਖੋ ਸਾਥੀ ਪਾਵਲੋਵਿਚ ਦਾ ਕਥਨ, ਜਿਸਦੀ ਪਹਿਲਾਂ ਹੀ ਟੂਕ ਦਿੱਤੀ ਗਈ ਹੈ: ਕਾਂਗਰਸ ਦੀ ਕਾਰਵਾਈ, ਪੰਨਾ 255) ਅਤੇ "ਇਸਕਰਾ" ਜਥੇਬੰਦੀ ਵਿੱਚ, ਦੁਹੀਂ ਥਾਈਂ (ਜਿਹਾ ਕਿ ਮੈਨੂੰ ਚੇਤੇ ਹੈ, ਪਲੈਖ਼ਾਨੋਵ ਨੇ ਵਿਸ਼ੇਸ਼ ਤੌਰ ਉੱਤੇ ਇਸ ਵੱਲ ਧਿਆਨ ਦਿਵਾਇਆ)। ਅੱਖਰ ਅੱਖਰ ਇਹ ਉਹੋ ਨੁਕਤਾ ਹੈ ਅਤੇ ਉਹੋ ਟਿਚਕਰ ਹੈ ਜਿਹੜੀ ਕਲਾਰਾ ਜੈਟਕਿਨ ਨੇ 1895 ਵਿੱਚ ਬੇਬਲ ਅਤੇ ਲੀਬਕਨੇਖ਼ਤ ਨੂੰ ਕੀਤੀ: 'Es tut mir in der Seele weh, daß ich dich in der Gesellschaft seh'."[27] ("ਤੈਨੂੰ [ਅਰਥਾਤ ਬੇਬਲ ਨੂੰ] ਅਜਿਹੇ ਸਾਥ [ਵੋਲਮਾਰ ਅਤੇ ਉਹਦੇ ਸਾਥੀ] ਵਿੱਚ ਵੇਖ ਕੇ ਮੇਰਾ ਕਲੇਜਾ ਪਾਟਦਾ ਹੈ"।) ਸੱਚਮੁਚ, ਇਹ ਅਜੀਬ ਗੱਲ ਹੈ ਕਿ ਬੇਬਲ ਅਤੇ ਲੀਬਕਨੇਖ਼ਤ ਨੇ ਮੌਕਾਪ੍ਰਸਤੀ ਦੇ ਝੂਠੇ ਦੋਸ਼ ਸਬੰਧੀ ਕਾਊਤਸਕੀ ਅਤੇ ਜ਼ੈਟਕਿਨ ਨੂੰ ਖੌਰੂ ਪਾਉਂਦਾ ਖ਼ਤ ਨਾ ਲਿਖਿਆ।...

ਜਿਥੋਂ ਤੱਕ ਕੇਂਦਰੀ ਕਮੇਟੀ ਲਈ ਉਮੀਦਵਾਰਾਂ ਦੀ ਸੂਚੀ ਦਾ ਸਬੰਧ ਹੈ, ਇਹ ਖ਼ਤ ਸਪਸ਼ਟ ਤੌਰ ਉਤੇ ਦਰਸਾਉਂਦਾ ਹੈ ਕਿ ਜਦੋਂ ਸਾਥੀ ਮਾਰਤੋਵ ਨੇ ਲੀਗ ਵਿੱਚ ਕਿਹਾ ਕਿ ਸਮਝੌਤੇ ਉੱਤੇ ਅਪੜਨੋਂ ਇਨਕਾਰ ਅਜੇ ਅੰਤਿਮ ਨਹੀਂ ਸੀ ਤਾਂ ਉਹ ਕਿੰਨਾ ਗ਼ਲਤ ਸੀ—ਇਹ ਇਸ ਗੱਲ ਦੀ ਇੱਕ ਹੋਰ ਉਦਾਹਰਣ ਹੈ ਕਿ ਕਿਸੇ ਸਿਆਸੀ ਘੋਲ਼ ਵਿੱਚ ਦਸਤਾਵੇਜ਼ਾਂ ਉੱਤੇ ਟੇਕ ਰੱਖਣ ਦੀ ਥਾਂ **ਜ਼ਬਾਨੀ ਕਹੀ ਗੱਲ** ਚੇਤੇ ਤੋਂ ਦੁਹਰਾਉਣ ਦਾ ਯਤਨ ਕਿੰਨੀ ਬੇਸਮਝੀ ਹੈ। ਅਸਲ ਵਿੱਚ "ਘੱਟਗਿਣਤੀ" ਤਾਂ "ਬਹੁਗਿਣਤੀ" ਅੱਗੇ ਇੱਕ ਅਲਟੀਮੇਟਮ ਪੇਸ਼ ਕਰਨ ਦੀ ਹੱਦ ਤੱਕ ਨਿਰਮਾਣ ਸੀ: "ਘੱਟਗਿਣਤੀ" ਵਿੱਚੋਂ ਦੋ ਲਓ ਅਤੇ (ਸਮਝੌਤੇ ਦੇ ਤੌਰ ਉੱਤੇ ਅਤੇ, ਠੀਕ ਤਰ੍ਹਾਂ ਗੱਲ ਕਰਦਿਆਂ, **ਕੇਵਲ** ਇੱਕ ਰਿਆਇਤ ਵਜੋਂ) "ਬਹੁਗਿਣਤੀ"

'ਚੋਂ ਇੱਕ। ਇਹ ਭਿਆਨਕ ਹੈ ਪਰ ਹੈ ਇਹ ਸੱਚ। ਅਤੇ ਇਹ ਤੱਥ ਸਪਸ਼ਟ ਤੌਰ ਉੱਤੇ ਦਰਸਾਉਂਦਾ ਹੈ ਕਿ ਹੁਣ ਇਸ ਮਤਲਬ ਲਈ ਫੈਲਾਈਆਂ ਜਾ ਰਹੀਆਂ ਪਰੀ-ਕਹਾਣੀਆਂ ਕਿੰਨੀਆਂ ਵਾਹਯਾਤ ਹਨ ਕਿ "ਬਹੁਗਿਣਤੀ" ਨੇ ਕਾਂਗਰਸ ਦੇ ਇੱਕ ਅੱਧ ਦੇ ਪ੍ਰਤੀਨਿਧ ਚੁਣੇ ਅਤੇ ਉਹਨਾਂ ਨੂੰ ਇੱਕ ਅੱਧ ਤੋਂ ਚੁਣਵਾਇਆ। **ਗੱਲ ਇਹਦੇ ਉੱਕਾ ਹੀ ਉਲਟ ਹੈ**: ਮਾਰਤੋਵਵਾਦੀਆਂ ਨੇ ਸਾਨੂੰ ਰਿਆਇਤ ਵਜੋਂ ਤਿੰਨਾਂ ਵਿੱਚੋਂ ਇੱਕ ਥਾਂ ਪੇਸ਼ ਕੀਤੀ, ਇਹਦੇ ਸਿੱਟੇ ਵਜੋਂ, ਸਾਡੇ ਇਸ ਅਦੁੱਤੀ "ਰਿਆਇਤ" ਉੱਤੇ ਸਹਿਮਤ ਨਾ ਹੋਣ ਕਾਰਨ, ਉਹ **ਸਾਰੀਆਂ** ਸੀਟਾਂ ਆਪਣੇ ਪ੍ਰਤੀਨਿਧਾਂ ਨਾਲ਼ ਭਰਨਾ ਚਾਹੁੰਦੇ ਸਨ! ਆਪਣੀ ਨਿੱਜੀ ਇਕੱਤ੍ਰਤਾ ਵਿੱਚ ਅਸਾਂ ਮਾਰਤੋਵਵਾਦੀਆਂ ਦੀ ਨਿਰਮਾਣਤਾ ਦਾ ਰੱਜ ਕੇ ਠੱਠਾ ਉਡਾਇਆ ਅਤੇ ਆਪਣੀ ਸੂਚੀ ਤਿਆਰ ਕੀਤੀ: ਗਲੇਬੋਵ—ਤਰਾਵਿਨਸਕੀ (ਜਿਹੜੇ ਪਿੱਛੋਂ ਕੇਂਦਰੀ ਕਮੇਟੀ ਲਈ ਚੁਣੇ ਗਏ): **ਪੋਪੋਵ।** ਪਿਛਲੇਰੇ ਦੀ ਥਾਂ ਅਸਾਂ ਸਾਥੀ ਵਾਸੀਲੀਯੇਵ (ਉਹ ਵੀ ਚਵ੍ਹੀਆਂ ਦੀ ਨਿੱਜੀ ਇਕੱਤ੍ਰਤਾ ਵਿੱਚ) ਨੂੰ ਰੱਖ ਦਿੱਤਾ (ਜਿਹੜਾ ਪਿੱਛੋਂ ਜਾਕੇ ਕੇਂਦਰੀ ਕਮੇਟੀ ਲਈ ਚੁਣਿਆ ਗਿਆ) **ਕੇਵਲ ਇਸ ਲਈ** ਕਿ ਸਾਥੀ ਪੋਪੋਵ ਨੇ, ਪਹਿਲਾਂ ਨਿੱਜੀ ਗੱਲਬਾਤ ਵਿੱਚ ਅਤੇ ਫਿਰ ਕਾਂਗਰਸ ਵਿੱਚ ਖੁੱਲ੍ਹੇ ਤੌਰ ਉੱਤੇ (ਪੰਨਾ 338) ਸਾਡੀ ਸੂਚੀ ਵਿੱਚ ਸ਼ਾਮਲ ਹੋਣੋਂ ਨਾਂਹ ਕਰ ਦਿੱਤੀ।

**ਅਸਲ ਵਿੱਚ ਮਾਮਲੇ ਇਥੇ ਖੜੇ ਸਨ।**

ਨਿਰਮਾਣ "ਘੱਟਗਿਣਤੀ" ਨਿਰਮਾਣਤਾ ਨਾਲ਼ ਬਹੁਗਿਣਤੀ ਬਣਨਾ ਚਾਹੁੰਦੀ ਸੀ। ਜਦੋਂ ਇਹ ਨਿਰਮਾਣ ਇੱਛਾ ਪੂਰੀ ਨਾ ਕੀਤੀ ਗਈ ਤਾਂ "ਘੱਟਗਿਣਤੀ" ਨੇ ਉੱਕਾ ਹੀ ਨਾਂਹ ਕਰਨ ਦੀ ਕਿਰਪਾ ਕੀਤੀ ਅਤੇ ਝਗੜਾ ਸ਼ੁਰੂ ਕਰ ਦਿੱਤਾ। ਇਹਦੇ ਬਾਵਜੂਦ ਅਜਿਹੇ ਲੋਕ ਹਨ ਜਿਹੜੇ ਬੜਬੋਲੇ ਢੰਗ ਨਾਲ਼ "ਬਹੁਗਿਣਤੀ" ਦੀ "ਅੜੀ" ਸਬੰਧੀ ਡੰਡ ਪਾਉਂਦੇ ਹਨ।

ਆਜ਼ਾਦ ਐਜੀਟੇਸ਼ਨ ਦੇ ਪਿੜ 'ਚ ਝਗੜੇ ਵਿੱਚ ਨਿੱਤਰ ਕੇ "ਘੱਟਗਿਣਤੀ" ਨੇ "ਬਹੁਗਿਣਤੀ" ਨੂੰ ਹਸਾਉਣੇ ਅਲਟੀਮੇਟਮ ਦਿੱਤੇ। ਹਾਰ ਹੋ ਜਾਣ ਉੱਤੇ **ਸਾਡੇ ਸੂਰਮੇ ਫੁੱਟ ਕੇ ਰੋਣ ਲੱਗ ਪਏ ਅਤੇ ਘੇਰੇ ਦੀ ਹਾਲਤ ਸਬੰਧੀ ਕੂਕਣ ਲੱਗ ਪਏ।** Voilà tout*.

ਇਸ ਭਿਆਨਕ ਦੋਸ਼ ਨੇ ਵੀ ਕਿ ਅਸੀਂ ਸੰਪਾਦਕ ਮੰਡਲ ਦੀ ਬਣਤਰ ਤਬਦੀਲ ਕਰਨ ਦੀ ਨੀਅਤ ਰਖਦੇ ਹਾਂ, ਮੁਸਕਾਨਾਂ ਪੈਦਾ ਕੀਤੀਆਂ (ਸਾਡੀ ਚਵ੍ਹੀਆਂ ਦੀ ਇਕੱਤ੍ਰਤਾ ਵਿੱਚ): ਕਾਂਗਰਸ ਦੇ ਐਨ ਮੁੱਢ ਤੋਂ, ਅਤੇ ਕਾਂਗਰਸ ਤੋਂ ਪਹਿਲਾਂ ਵੀ, ਹਰ ਇੱਕ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਇੱਕ ਮੁੱਢਲੀ ਤਿੱਕੜੀ ਚੁਣ ਕੇ ਸੰਪਾਦਕ ਮੰਡਲ ਨੂੰ **ਨਵੇਂ ਸਿਰਿਓਂ ਬਣਾਉਣ** ਦੀ ਪਲਾਨ ਹੈ (ਜਦੋਂ ਮੈਂ ਕਾਂਗਰਸ ਵਿੱਚ ਸੰਪਾਦਕ ਮੰਡਲ ਦੀ ਚੋਣ ਤੱਕ ਅੱਪੜਾਂਗਾ ਤਾਂ ਇਸ ਸਬੰਧੀ ਵਧੇਰੇ ਵਿਸਥਾਰ ਨਾਲ਼ ਲਿਖਾਂਗਾ)। ਇਹ ਗੱਲ ਉੱਤੇ ਕਿ "ਇਸਕਰਾ"-ਵਿਰੋਧੀਆਂ ਨਾਲ਼ ਆਪਣੀ ਕੁਲੀਸ਼ਨ ਨਾਲ਼ ਇਹਦੀ ਸ਼ੁੱਧਤਾ ਦੀ ਸ਼ਾਨਦਾਰ ਪੁਸ਼ਟੀ ਵੇਖ ਲੈਣ **ਪਿੱਛੋਂ** "ਘੱਟਗਿਣਤੀ" ਘਾਬਰ ਗਈ, ਸਾਨੂੰ ਉੱਕਾ ਕੋਈ ਹੈਰਾਨੀ ਨਾ ਹੋਈ—ਇਹ ਐਨ ਸੁਭਾਵਕ

* ਬਸ ਇੰਨੀ ਹੀ ਗੱਲ ਹੈ। **—ਅਨੁ.**

ਸੀ। ਨਿਰਸੰਦੇਹ, ਅਸੀਂ ਇਸ ਤਜਵੀਜ਼ ਨੂੰ ਗੰਭੀਰਤਾ ਨਾਲ਼ ਨਹੀਂ ਸਾਂ ਲੈ ਸਕਦੇ ਕਿ ਅਸੀਂ ਖ਼ੁਦ ਆਪਣੀ ਇੱਛਾ ਨਾਲ਼, ਕਾਂਗਰਸ ਵਿੱਚ ਲੜਾਈ ਤੋਂ ਬਿਨਾਂ, ਆਪਣੇ ਆਪ ਨੂੰ ਘੱਟਗਿਣਤੀ ਵਿੱਚ ਤਬਦੀਲ ਕਰ ਲਈਏ; ਨਾ ਹੀ ਅਸੀਂ ਸਮੁੱਚੇ ਖ਼ਤ ਨੂੰ ਗੰਭੀਰਤਾ ਨਾਲ਼ ਲੈ ਸਕਦੇ ਸਾਂ, ਜਿਸਦੇ ਲੇਖਕ "ਮੌਕਾਪ੍ਰਸਤੀ ਦੇ ਝੂਠੇ ਦੋਸ਼ਾਂ" ਦੀਆਂ ਗੱਲਾਂ ਕਰਨ ਦੇ ਛਿੱਥੇਪੁਣੇ ਦੀ ਹੱਦ ਤੱਕ ਅੱਪੜ ਗਏ ਹਨ। ਸਾਡਾ ਵਿਚਾਰ ਸੀ ਕਿ ਉਹਨਾਂ ਦੀ ਪਾਰਟੀ ਫਰਜ਼ ਦੀ ਭਾਵਨਾ ਛੇਤੀ ਹੀ ਉਹਨਾਂ ਦੀ "ਦਿਲ ਦਾ ਗ਼ੁਬਾਰ ਹੌਲਾ ਕਰਨ" ਦੀ ਸੁਭਾਵਕ ਇੱਛਾ ਤੋਂ ਉੱਤੇ ਵਧ ਜਾਵੇਗੀ।

## ਚ. ਨਿਯਮਾਂ ਉੱਤੇ ਬਹਿਸ ਜਾਰੀ ਰਹਿਣਾ। ਪ੍ਰੀਸ਼ਦ ਦੀ ਬਣਤਰ

ਇਸ ਤੋਂ ਪਿਛੋਂ ਦੀਆਂ ਨਿਯਮਾਂ ਦੀਆਂ ਧਾਰਾਵਾਂ ਨੇ ਜਥੇਬੰਦੀ ਦੇ ਅਸੂਲਾਂ ਨਾਲੋਂ ਵਿਸਥਾਰਾਂ ਸਬੰਧੀ ਕਿਤੇ ਵਧੇਰੇ ਵਿਵਾਦ ਖੜਾ ਕੀਤਾ। ਕਾਂਗਰਸ ਦਾ 24ਵਾਂ ਸਮਾਗਮ ਪਾਰਟੀ ਕਾਂਗਰਸਾਂ ਵਿੱਚ ਪ੍ਰਤੀਨਿਧਤਾ ਨੂੰ ਸਮਰਪਤ ਸੀ ਅਤੇ ਇੱਕ ਵਾਰ ਫਿਰ ਕੇਵਲ ਬੁੰਦਵਾਦੀਆਂ (ਗੋਲਦਬਲਾਤ ਅਤੇ ਲੀਬਰ, ਪੰਨੇ 258-59) ਅਤੇ ਸਾਥੀ ਅਕੀਮੋਵ ਨੇ, ਜਿਸਨੇ ਸ਼ਲਾਘਾਯੋਗ ਖਰੇਪੁਣੇ ਨਾਲ਼ ਕਾਂਗਰਸ ਵਿੱਚ ਆਪਣਾ ਰੋਲ ਮੰਨਿਆ: "ਹਰ ਵਾਰ ਜਦੋਂ ਮੈਂ ਬੋਲਦਾ ਹਾਂ, ਤਾਂ ਮੈਂ ਅਜਿਹਾ ਇਸ ਪੂਰੀ ਸੂਝ ਨਾਲ਼ ਕਰਦਾ ਹਾਂ ਕਿ ਮੇਰੀਆਂ ਦਲੀਲਾਂ ਸਾਥੀਆਂ ਉੱਤੇ ਪ੍ਰਭਾਵ ਨਹੀਂ ਪਾਉਣਗੀਆਂ ਸਗੋਂ ਇਹਦੇ ਉਲਟ ਉਸ ਨੁਕਤੇ ਨੂੰ ਨੁਕਸਾਨ ਪੁਚਾਉਣਗੀਆਂ, ਜਿਸਦੀ ਹਮਾਇਤ ਕਰਨ ਦਾ ਮੈਂ ਯਤਨ ਕਰ ਰਿਹਾ ਹਾਂ" (ਪੰਨਾ 261), ਸਾਰੇ "ਇਸਕਰਾ"-ਵਾਦੀਆਂ ਦੀਆਂ ਪਲਾਨਾਂ ਦਾ ਦ੍ਰਿੜ੍ਹ ਅਤੇ ਨਿਸ਼ਚਿਤ ਵਿਰੋਧ ਕੀਤਾ। ਨਿਯਮਾਂ ਦੇ ਪਹਿਲੇ ਪੈਰੇ ਤੋਂ ਪਿੱਛੋਂ ਆਈ ਇਹ ਯੋਗ ਗੱਲ ਵਿਸ਼ੇਸ਼ ਤੌਰ ਉੱਤੇ ਮੁਨਾਸਬ ਸੀ; ਕੇਵਲ "ਇਹਦੇ ਉਲਟ" ਦੇ ਸ਼ਬਦ ਇਥੇ ਢੁੱਕਵੇਂ ਨਹੀਂ ਸਨ, ਕਿਉਂਕਿ ਸਾਥੀ ਅਕੀਮੋਵ ਨਾ ਕੇਵਲ ਵੱਖ ਵੱਖ ਨੁਕਤਿਆਂ ਨੂੰ ਨੁਕਸਾਨ ਪੁਚਾ ਸਕਿਆ, ਸਗੋਂ ਨਾਲ਼ ਹੀ ਨਾਲ਼, ਅਤੇ ਅਜਿਹਾ ਕਰਕੇ, ਉਹ "ਸਾਥੀਆਂ ਉੱਤੇ ਪ੍ਰਭਾਵ ਪਾ ਸਕਿਆ"...ਐਨ ਉਹ ਬਹੁਤ ਡਾਵਾਂਡੋਲ "ਇਸਕਰਾ"-ਵਾਦੀ ਜਿਨ੍ਹਾਂ ਦੀ ਪ੍ਰਵਿਰਤੀ ਮੌਕਾਪ੍ਰਸਤ ਫ਼ਿਕਰੇਬਾਜ਼ੀ ਵੱਲ ਸੀ।

ਸੋ, ਸਿੱਟਾ ਇਹ ਨਿਕਲਿਆ ਕਿ ਨਿਯਮਾਂ ਦਾ ਤੀਜਾ ਪੈਰਾ, ਜਿਹੜਾ ਕਾਂਗਰਸਾਂ ਵਿੱਚ ਪ੍ਰਤੀਨਿਧਤਾ ਦੀਆਂ ਸ਼ਰਤਾਂ ਮਿਥਦਾ ਹੈ, ਸੱਤਾਂ—ਸਪਸ਼ਟ ਤੌਰ ਉੱਤੇ "ਇਸਕਰਾ"-ਵਿਰੋਧੀ—ਦੇ ਕਿਸੇ ਪਾਸੇ ਵੋਟ ਨਾ ਦੇਣ ਸਹਿਤ (ਪੰਨਾ 263) ਬਹੁਗਿਣਤੀ ਨਾਲ਼ ਪ੍ਰਵਾਨ ਕੀਤਾ ਗਿਆ।

ਪ੍ਰੀਸ਼ਦ ਦੀ ਬਣਤਰ ਸਬੰਧੀ ਦਲੀਲਾਂ, ਜਿਨ੍ਹਾਂ ਕਾਂਗਰਸ ਦੇ 25ਵੇਂ ਸਮਾਗਮ ਦਾ ਵਧੇਰੇ ਹਿੱਸਾ ਲਿਆ, ਅਨੇਕ ਤਜਵੀਜ਼ਾਂ ਦੁਆਲੇ ਜੁੜੀਆਂ ਟੋਲੀਆਂ ਦੀ ਅਸਧਾਰਨ ਗਿਣਤੀ ਪ੍ਰਗਟ ਕੀਤੀ। ਅਬਰਾਮਸਨ ਅਤੇ ਤਸਾਰੀਓਵ ਨੇ ਪ੍ਰੀਸ਼ਦ ਦੀ ਪਲਾਨ ਨੂੰ ਉੱਕਾ ਹੀ ਰੱਦ ਕੀਤਾ। ਪਾਨਿਨ ਨੇ ਪ੍ਰੀਸ਼ਦ ਨੂੰ ਮੁਕੰਮਲ ਤੌਰ ਉੱਤੇ ਸਾਲਸੀ ਅਦਾਲਤ ਬਣਾ ਦੇਣ ਉੱਤੇ ਜ਼ੋਰ ਦਿੱਤਾ, ਅਤੇ ਇਸੇ ਲਈ ਇਕਸਾਰਤਾ ਨਾਲ਼ ਇਹ ਪ੍ਰੀਭਾਸ਼ਾ ਕੱਢ ਦਿੱਤੇ ਜਾਣ ਦੀ ਤਜਵੀਜ਼

ਪੇਸ਼ ਕੀਤੀ ਕਿ ਪ੍ਰੀਸ਼ਦ ਸਰਵਉੱਚ ਸੰਸਥਾ ਹੈ ਅਤੇ ਇਹ ਕਿ ਇਹਦੀ ਇਕੱਤ੍ਰਤਾ ਦੋ ਮੈਂਬਰਾਂ ਵੱਲੋਂ ਸੱਦੀ ਜਾ ਸਕਦੀ ਹੈ।* ਹਰਜ਼ ਅਤੇ ਰੂਸੋਵ ਨੇ ਪ੍ਰੀਸ਼ਦ ਬਣਾਏ ਜਾਣ ਦੇ ਵੱਖ ਵੱਖ ਢੰਗ ਪੇਸ਼ ਕੀਤੇ, ਜਿਹੜੇ ਨਿਯਮ ਕਮੇਟੀ ਦੇ **ਪੰਜ** ਮੈਂਬਰਾਂ ਵੱਲੋਂ ਪੇਸ਼ ਕੀਤੇ **ਤਿੰਨ** ਢੰਗਾਂ ਤੋਂ ਬਿਨਾਂ ਸਨ।

ਵਿਵਾਦ ਹੇਠਲੇ ਸਵਾਲਾਂ ਨੇ ਆਪਣੇ ਆਪ ਨੂੰ ਮੁੱਖ ਤੌਰ ਉੱਤੇ ਪ੍ਰੀਸ਼ਦ ਦੇ ਕਾਰਜਾਂ ਦੀ ਪ੍ਰੀਭਾਸ਼ਾ ਤੱਕ ਘਟਾ ਲਿਆ: ਇਹਨੇ ਸਾਲਸੀ ਅਦਾਲਤ ਹੋਣਾ ਸੀ ਜਾਂ ਪਾਰਟੀ ਦੀ ਸਰਵਉੱਚ ਸੰਸਥਾ? ਜਿਹਾ ਕਿ ਮੈਂ ਕਿਹਾ ਹੈ ਪਾਨਿਨ ਇਕਸਾਰਤਾ ਨਾਲ਼ ਪਹਿਲੇ ਦੇ ਹੱਕ ਵਿੱਚ ਸੀ। ਪਰ ਉਹ ਇਕੱਲਾ ਖੜਾ ਸੀ। ਸਾਥੀ ਮਾਰਤੋਵ ਨੇ ਇਹਦਾ ਜ਼ੋਰ ਨਾਲ਼ ਵਿਰੋਧ ਕੀਤਾ: "ਮੈਂ ਤਜਵੀਜ਼ ਪੇਸ਼ ਕਰਦਾ ਹਾਂ ਕਿ ਇਹ ਪ੍ਰਸਤਾਵ ਕਿ 'ਪ੍ਰੀਸ਼ਦ ਸਰਵਉੱਚ ਸੰਸਥਾ ਹੈ', ਕੱਢ ਦਿੱਤਾ ਜਾਵੇ, ਰੱਦ ਕਰ ਦਿੱਤਾ ਜਾਵੇ। ਸਾਡਾ ਸੂਤਰੀਕਰਨ" [ਅਰਥਾਤ ਪ੍ਰੀਸ਼ਦ ਦੇ ਕੰਮਾਂ ਦਾ ਸੂਤਰੀਕਰਨ ਜਿਸ ਸਬੰਧੀ ਅਸੀਂ ਨਿਯਮ ਕਮੇਟੀ ਵਿੱਚ ਸਹਿਮਤ ਹੋਏ ਸਾਂ] "ਜਾਣ ਬੁੱਝਕੇ ਪ੍ਰੀਸ਼ਦ ਦੇ ਵਿਕਸਤ ਹੋਕੇ ਸਰਵਉੱਚ ਪਾਰਟੀ ਸੰਸਥਾ ਬਣਨ ਦੀ ਸੰਭਾਵਨਾ ਨੂੰ ਖੁੱਲ੍ਹਾ ਛੱਡਦਾ ਹੈ। ਸਾਡੇ ਲਈ ਪ੍ਰੀਸ਼ਦ ਖ਼ਾਲਸ ਮੰਨ-ਮੰਨੇਵਾਂ ਬੋਰਡ ਨਹੀਂ।" ਇਹਦੇ ਬਾਵਜੂਦ ਸਾਥੀ ਮਾਰਤੋਵ ਵੱਲੋਂ ਪੇਸ਼ ਕੀਤੀ ਗਈ ਪ੍ਰੀਸ਼ਦ ਦੀ ਬਣਤਰ ਕੇਵਲ ਅਤੇ ਪੂਰੀ ਤਰ੍ਹਾਂ ਇੱਕ "ਮੰਨ-ਮੰਨੇਵਾਂ ਬੋਰਡ" ਦੀ ਜਾਂ ਸਾਲਸੀ ਅਦਾਲਤੀ ਦੀ ਸੀ: ਹਰ ਇੱਕ ਕੇਂਦਰੀ ਸੰਸਥਾ ਵਿੱਚੋਂ ਦੋ ਮੈਂਬਰ ਅਤੇ ਉਹਨਾਂ ਚਾਰਾਂ ਵੱਲੋਂ ਸੱਦਿਆ ਇੱਕ ਪੰਜਵਾਂ ਮੈਂਬਰ। ਨਾ ਕੇਵਲ ਪ੍ਰੀਸ਼ਦ ਦੀ ਅਜਿਹੀ ਬਣਤਰ, ਸਗੋਂ ਸਾਥੀ ਰੂਸੋਵ ਅਤੇ ਹਰਜ਼ ਦੀ ਤਜਵੀਜ਼ ਉੱਤੇ ਕਾਂਗਰਸ ਵੱਲੋਂ ਪ੍ਰਵਾਨ ਕੀਤੀ ਬਣਤਰ (ਪੰਜਵਾਂ ਮੈਂਬਰ ਕਾਂਗਰਸ ਵੱਲੋਂ ਥਾਪਿਆ ਜਾਵੇ), ਕੇਵਲ ਮੰਨ-ਮੰਨੇਵੇਂ ਸਾਲਸੀ ਦਾ ਕੰਮ ਹੀ ਸਾਰਦੀ ਹੈ। ਪ੍ਰੀਸ਼ਦ ਦੀ ਅਜਿਹੀ ਬਣਤਰ ਅਤੇ ਇਹਦੀ ਸਰਵਉੱਚ ਪਾਰਟੀ ਸੰਸਥਾ ਹੋਣ ਦੇ ਕਰਤੱਵ ਵਿਚਕਾਰ ਸਮਝੌਤਾ-ਰਹਿਤ ਵਿਰੋਧ ਹੈ। ਸਰਵਉੱਚ ਪਾਰਟੀ ਸੰਸਥਾ ਦੀ ਬਣਤਰ ਸਥਿਰ ਹੋਣੀ ਚਾਹੀਦੀ ਹੈ, ਅਤੇ ਕੇਂਦਰੀ ਸੰਸਥਾਵਾਂ ਦੀ ਬਣਤਰ ਵਿੱਚ ਸਬੱਬੀ ਤਬਦੀਲੀਆਂ (ਕਈ ਵਾਰ ਗ੍ਰਿਫ਼ਤਾਰੀਆਂ) ਉੱਤੇ ਨਿਰਭਰ ਨਹੀਂ ਹੋਣੀ ਚਾਹੀਦੀ। ਸਰਵਉੱਚ ਸੰਸਥਾ ਦਾ ਪਾਰਟੀ ਕਾਂਗਰਸ ਨਾਲ਼ ਸਿੱਧਾ ਸਬੰਧ ਹੋਣਾ ਚਾਹੀਦਾ, ਉਹਨੂੰ ਆਪਣੇ ਅਧਿਕਾਰ ਪਿਛਲੇਰੀ ਤੋਂ ਮਿਲਣੇ ਚਾਹੀਦੇ ਹਨ, ਅਤੇ ਕਾਂਗਰਸ ਦੇ ਅਧੀਨ ਦੋ ਹੋਰ ਪਾਰਟੀ ਸੰਸਥਾਵਾਂ ਤੋਂ ਨਹੀਂ। ਪਾਰਟੀ ਦੀ ਸਰਵਉੱਚ ਸੰਸਥਾ ਉਹਨਾਂ ਲੋਕਾਂ ਤੋਂ ਬਣਨੀ ਚਾਹੀਦੀ ਹੈ ਜਿਨ੍ਹਾਂ ਨੂੰ ਪਾਰਟੀ ਕਾਂਗਰਸ ਜਾਣਦੀ ਹੋਵੇ। ਅਖ਼ੀਰੀ ਗੱਲ, **ਸਰਵਉੱਚ** ਸੰਸਥਾ ਅਜਿਹੇ ਢੰਗ

---

* ਜਾਪਦਾ ਸੀ ਕਿ ਸਾਥੀ ਸਤਾਰੋਵਰ ਦੀ ਪ੍ਰਵਿਰਤੀ ਵੀ ਸਾਥੀ ਪਾਨਿਨ ਦੇ ਦ੍ਰਿਸ਼ਟੀਕੋਣ ਵਾਲ਼ੀ ਸੀ, ਫ਼ਰਕ ਕੇਵਲ ਇੰਨਾ ਸੀ ਕਿ ਪਿਛਲੇਰਾ ਜਾਣਦਾ ਸੀ ਉਹ ਕੀ ਚਾਹੁੰਦਾ ਹੈ ਅਤੇ ਉਹਨੇ ਪੂਰੀ ਇਕਸਾਰਤਾ ਨਾਲ਼ ਅਜਿਹੇ ਪ੍ਰਸਤਾਵ ਪੇਸ਼ ਕੀਤੇ ਜਿਨ੍ਹਾਂ ਦਾ ਨਿਸ਼ਾਨਾ ਪ੍ਰੀਸ਼ਦ ਨੂੰ ਖ਼ਾਲਸ ਸਾਲਸੀ ਜਾਂ ਮੰਨ-ਮੰਨੇਵਾਂ ਸੰਸਥਾ ਬਣਾ ਦੇਣਾ ਸੀ, ਜਿੱਥੇ ਕਿ ਸਾਥੀ ਸਤਾਰੋਵਰ ਇਹ ਨਹੀਂ ਸੀ ਜਾਣਦਾ ਕਿ ਉਹ ਕੀ ਚਾਹੁੰਦਾ ਹੈ, ਜਦੋਂ ਉਹਨੇ ਕਿਹਾ ਕਿ ਉਹਦੇ ਖਰੜੇ ਅਨੁਸਾਰ ਪ੍ਰੀਸ਼ਦ "ਕੇਵਲ ਧਿਰਾਂ ਦੀ ਇੱਛਾ ਉੱਤੇ ਹੀ" ਜੁੜ ਸਕਦੀ ਹੈ (ਪੰਨਾ 266)। ਉਹ ਉੱਕਾ ਹੀ ਗ਼ਲਤ ਸੀ।

ਨਾਲ਼ ਨਹੀਂ **ਜਥੇਬੰਦ** ਕੀਤੀ ਜਾਣੀ ਚਾਹੀਦੀ ਕਿ **ਉਹਦੀ ਹੋਂਦ** ਹੀ ਸਬੱਬ ਉੱਤੇ ਨਿਰਭਰ ਹੋਵੇ—ਦੋ ਸੰਸਥਾਵਾਂ ਪੰਜਵੇਂ ਮੈਂਬਰ ਸਬੰਧੀ ਸਹਿਮਤ ਹੋਣੋਂ ਅਸਫ਼ਲ ਰਹਿੰਦੀਆਂ ਹਨ ਅਤੇ ਪਾਰਟੀ ਸਰਵਉੱਚ ਸੰਸਥਾ ਤੋਂ ਬਿਨਾਂ ਰਹਿ ਜਾਂਦੀ ਹੈ! ਇਹਦੇ ਉੱਤੇ ਇਹ ਇਤਰਾਜ਼ ਕੀਤੇ ਗਏ: 1) ਜੇ ਪੰਜਾਂ ਵਿੱਚੋਂ ਇੱਕ ਕਿਸੇ ਪਾਸੇ ਵੋਟ ਨਹੀਂ ਦੇਂਦਾ ਅਤੇ ਬਾਕੀ ਚਾਰ ਸਾਵੀਂ ਤਰ੍ਹਾਂ ਵੰਡੇ ਹੋਏ ਹਨ ਤਾਂ ਵੀ ਹਾਲਤ ਨਿਰਾਸ਼ਾਜਨਕ ਹੋਵੇਗੀ (ਯੇਗੋਰੋਵ)। ਇਹ ਇਤਰਾਜ਼ ਨਿਰਾਧਾਰ ਹੈ, ਕਿਉਂਕਿ ਕੋਈ **ਨਿਰਣਾ ਪ੍ਰਵਾਨ ਕਰਨ** ਦੀ ਅਸੰਭਵਤਾ ਸਮੇਂ ਸਮੇਂ **ਕਿਸੇ ਵੀ** ਸੰਸਥਾ ਸਬੰਧੀ ਅਟੱਲ ਹੈ, ਪਰ ਇਹ ਸੰਸਥਾ **ਬਣਾਉਣ** ਦੀ ਅਸੰਭਵਤਾ ਨਾਲੋਂ ਉਕਾ ਹੀ ਵੱਖਰੀ ਗੱਲ ਹੈ। ਦੂਜਾ ਇਤਰਾਜ਼: "ਜੇ ਪ੍ਰੀਸ਼ਦ ਜਿਹੀ ਸੰਸਥਾ ਪੰਜਵਾਂ ਮੈਂਬਰ ਚੁਣਨ ਵਿੱਚ ਅਸਫ਼ਲ ਰਹੇ ਤਾਂ ਇਹ ਆਮ ਤੌਰ ਉੱਤੇ ਅਸਫ਼ਲ ਸਾਬਤ ਹੋਵੇਗੀ" (ਜ਼ਾਸੂਲਿਚ)! ਪਰ ਇਥੇ ਨੁਕਤਾ ਇਹ ਨਹੀਂ ਕਿ ਇਹ ਬੇਅਸਰ ਹੋਵੇਗੀ, ਪੰਜਵੇਂ ਮੈਂਬਰ ਤੋਂ ਬਿਨਾਂ ਕੋਈ **ਸਰਵਉੱਚ** ਸੰਸਥਾ **ਨਹੀਂ ਹੋਵੇਗੀ**: ਪੰਜਵੇਂ ਮੈਂਬਰ ਤੋਂ ਬਿਨਾਂ ਕੋਈ ਪ੍ਰੀਸ਼ਦ **ਨਹੀਂ ਹੋਵੇਗੀ**, **ਕੋਈ "ਸੰਸਥਾ"** ਨਹੀਂ ਹੋਵੇਗੀ ਅਤੇ ਇਹ ਸਵਾਲ ਹੀ ਨਹੀਂ ਉਠੇਗਾ ਕਿ ਇਹ ਅਸਰਦਾਰ ਹੋਵੇਗੀ ਜਾਂ ਨਹੀਂ। ਅਖ਼ੀਰੀ ਗੱਲ, ਜੇ ਔਖ ਇਹ ਹੁੰਦੀ ਕਿ ਕੋਈ ਪਾਰਟੀ ਸੰਸਥਾ, ਜਿਸ ਦੇ ਉੱਤੇ ਇੱਕ ਹੋਰ, ਉਚੇਰੀ, ਸੰਸਥਾ ਹੋਵੇ, ਬਣਾਉਣਾ ਸੰਭਵ ਨਾ ਹੋਵੇ ਤਾਂ ਇਹਦਾ ਇਲਾਜ ਕੀਤਾ ਜਾ ਸਕਦਾ ਹੈ, ਕਿਉਂਕਿ ਫ਼ੌਰੀ ਹਾਲਤਾਂ ਵਿੱਚ ਉਚੇਰੀ ਸੰਸਥਾ ਇੱਕ ਜਾਂ ਦੂਜੇ ਢੰਗ ਨਾਲ਼ ਖੱਪਾ ਪੂਰ ਸਕਦੀ ਹੈ। ਪਰ ਪ੍ਰੀਸ਼ਦ ਤੋਂ ਉੱਪਰ ਕਾਂਗਰਸ ਤੋਂ ਬਿਨਾਂ ਕੋਈ ਸੰਸਥਾ **ਨਹੀਂ**, ਅਤੇ ਇਸ ਲਈ ਨਿਯਮ ਇਸ ਢੰਗ ਨਾਲ਼ ਬਣਾਉਣਾ ਕਿ ਪ੍ਰੀਸ਼ਦ **ਬਣਾਉਣਾ ਸ਼ਾਇਦ ਸੰਭਵ ਨਾ ਹੋ ਸਕੇ** ਸਪੱਸ਼ਟ ਤੌਰ ਉੱਤੇ ਬੇਅਕਲੀ ਹੋਵੇਗੀ।

ਕਾਂਗਰਸ ਵਿੱਚ ਮੇਰੀਆਂ ਦੋਵੇਂ ਛੋਟੀਆਂ ਤਕਰੀਰਾਂ **ਕੇਵਲ ਇਹਨਾਂ ਦੋ** ਗ਼ਲਤ ਇਤਰਾਜ਼ਾਂ ਦੇ ਨਿਰੀਖਣ ਤੱਕ ਸੀਮਤ ਸਨ (ਪੰਨੇ 267 ਅਤੇ 269) ਜਿਹੜੇ ਮਾਰਤੋਵ ਅਤੇ ਹੋਰ ਸਾਥੀਆਂ ਨੇ ਆਪਣੀ ਤਜਵੀਜ਼ ਦੇ ਹੱਕ ਵਿੱਚ ਪੇਸ਼ ਕੀਤੇ। ਜਿਥੋਂ ਤੱਕ ਕੇਂਦਰੀ ਬੁਲਾਰਾ ਜਾਂ ਕੇਂਦਰੀ ਕਮੇਟੀ ਦੇ ਪ੍ਰੀਸ਼ਦ 'ਤੇ ਭਾਰੂ ਹੋਣ ਦਾ ਸਵਾਲ ਹੈ, **ਮੈਂ ਇਹਨੂੰ ਛੂਹਿਆ ਤੱਕ ਨਾ**। ਇਹ ਪ੍ਰਸ਼ਨ ਕਾਂਗਰਸ ਦੀ 14ਵੀਂ ਬੈਠਕ ਸਮੇਂ ਹੀ (ਪੰਨਾ 157) **ਸਾਥੀ ਅਕੀਮੋਵ** ਨੇ ਉਠਾਇਆ, ਉਹਨੇ **ਸਭ ਤੋਂ ਪਹਿਲਾਂ** ਕੇਂਦਰੀ ਬੁਲਾਰੇ ਦੇ ਹਾਵੀ ਹੋ ਜਾਣ ਦੇ ਖ਼ਤਰੇ ਦੀ ਗੱਲ ਕੀਤੀ; ਅਤੇ ਸਾਥੀ ਮਾਰਤੋਵ, ਐਕਸਲਰੋਦ ਅਤੇ ਹੋਰ, **ਕਾਂਗਰਸ ਤੋਂ ਪਿੱਛੋਂ**, **ਅਕੀਮੋਵ** ਦੀ ਪੈੜ ਉੱਤੇ ਚੱਲ ਰਹੇ ਹਨ ਜਦੋਂ ਉਹਨਾਂ ਇਹ ਵਾਹਯਾਤ ਅਤੇ ਦੰਭੀ ਕਹਾਣੀ ਘੜੀ ਕਿ ਬਹੁਗਿਣਤੀ ਕੇਂਦਰੀ ਕਮੇਟੀ ਨੂੰ ਸੰਪਾਦਕ ਮੰਡਲ ਦੇ ਹੱਥ-ਠੋਕੇ ਵਿੱਚ ਤਬਦੀਲ ਕਰਨਾ ਚਾਹੁੰਦੀ ਹੈ। ਜਦੋਂ ਉਸ ਨੇ "ਘੇਰੇ ਦੀ ਹਾਲਤ" ਵਿੱਚ ਹੀ ਇਹ ਸਵਾਲ ਲਿਆ ਤਾਂ ਸਾਥੀ ਮਾਰਤੋਵ ਨੇ ਬੜੀ ਨਿਰਮਾਣਤਾ ਨਾਲ਼ ਇਹ ਦੱਸਣੋਂ ਸੰਕੋਚ ਕੀਤਾ ਕਿ ਇਹਦਾ ਅਸਲੀ ਮੋਢੀ ਕੌਣ ਸੀ!

ਜਿਹੜਾ ਕੋਈ ਪਾਰਟੀ ਕਾਂਗਰਸ ਵਿਖੇ ਕੇਂਦਰੀ ਬੁਲਾਰੇ ਦੇ ਕੇਂਦਰੀ ਕਮੇਟੀ ਉੱਤੇ ਹਾਵੀ ਹੋਣ ਸਬੰਧੀ **ਸਮੁੱਚੀ** ਗੱਲਬਾਤ ਜਾਣਨਾ ਚਾਹੁੰਦਾ ਹੈ ਅਤੇ ਉਹਨਾਂ ਦੀਆਂ ਪ੍ਰਸੰਗ

ਨਾਲ਼ੋਂ ਕੱਟੀਆਂ ਵੱਖ-ਵੱਖ ਟੂਕਾਂ ਨਾਲ਼ ਸੰਤੁਸ਼ਟ ਨਹੀਂ, ਸੌਖੇ ਹੀ ਵੇਖ ਲਵੇਗਾ ਕਿ ਸਾਥੀ ਮਾਰਤੋਵ ਨੇ ਮਾਮਲੇ ਨੂੰ ਕਿਵੇਂ ਤੋੜਿਆ ਮਰੋੜਿਆ ਹੈ। **ਇਹ ਸਾਥੀ ਪੋਪੋਵ ਤੋਂ ਬਿਨਾਂ ਹੋਰ ਕੋਈ ਨਹੀਂ** ਸੀ ਜਿਸਨੇ, 14ਵੇਂ ਸਮਾਗਮ ਜਿਹੇ ਅਗੇਤਰੇ ਹੀ **ਸਾਥੀ ਅਕੀਮੋਵ ਦੇ ਵਿਚਾਰਾਂ ਵਿਰੁੱਧ** ਵਿਵਾਦ ਸ਼ੁਰੂ ਕੀਤਾ, ਜਿਹੜਾ ਚਾਹੁੰਦਾ ਸੀ ਕਿ "ਪਾਰਟੀ ਦੀ ਸਿਖ਼ਰ ਉੱਤੇ 'ਅਤਿ-ਅੰਤ ਕਰੜਾ ਕੇਂਦਰੀਕਰਨ' ਹੋਵੇ **ਤਾਂ ਜੁ ਕੇਂਦਰੀ ਬੁਲਾਰੇ ਦੇ ਪ੍ਰਭਾਵ ਨੂੰ ਕਮਜ਼ੋਰ ਕੀਤਾ ਜਾਵੇ"** (ਪੰਨਾ 154, ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ) "ਜਿਹੜਾ ਅਸਲ ਵਿੱਚ ਇਸ [ਅਕੀਮੋਵ ਦੇ] ਪ੍ਰਬੰਧ ਦੇ ਸਮੁੱਚੇ ਅਰਥ ਹਨ।" "ਇਸ ਕੇਂਦਰੀਕਰਨ ਦੀ ਹਮਾਇਤ ਕਰਨ ਦੀ ਥਾਂ", ਸਾਥੀ ਪੋਪੋਵ ਨੇ ਵਾਧਾ ਕੀਤਾ, "ਮੈਂ ਆਪਣੇ ਵੱਸ ਵਿਚਲਾ ਹਰ ਸਾਧਨ ਵਰਤਕੇ ਇਹਦਾ ਮੁਕਾਬਲਾ ਕਰਨ ਲਈ ਤਿਆਰ ਹਾਂ ਕਿਉਂਕਿ ਇਹ **ਮੌਕਾਪ੍ਰਸਤੀ ਦਾ ਝੰਡਾ** ਹੈ।" ਇਥੇ ਤੁਸੀਂ ਕੇਂਦਰੀ **ਬੁਲਾਰੇ** ਦੇ ਕੇਂਦਰੀ ਕਮੇਟੀ ਉੱਤੇ ਹਾਵੀ ਹੋਣ ਦੇ ਪ੍ਰਸਿੱਧ ਸਵਾਲ ਦੀ **ਜੜ੍ਹ** ਵੇਖਦੇ ਹੋ, ਅਤੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਹੁਣ ਸਾਥੀ ਮਾਰਤੋਵ ਸਵਾਲ ਦੇ ਅਸਲੀ ਆਰੰਭ ਨੂੰ ਅੱਖੋਂ ਉਹਲੇ ਕਰਨ ਉੱਤੇ **ਮਜਬੂਰ** ਹੈ। **ਇਥੋਂ ਤੱਕ** ਕਿ ਸਾਥੀ ਪੋਪੋਵ ਵੀ ਕੇਂਦਰੀ ਬੁਲਾਰੇ ਦੇ ਹਾਵੀ ਹੋਣ ਸਬੰਧੀ* ਸਾਥੀ ਅਕੀਮੋਵ ਦੀਆਂ ਗੱਲਾਂ ਦੇ **ਮੌਕਾਪ੍ਰਸਤੀ** ਖ਼ਾਸੇ ਨੂੰ ਪਛਾਣਨੋਂ ਨਾ ਰਹਿ ਸਕਿਆ ਅਤੇ ਆਪਣੇ ਆਪ ਨੂੰ ਸਾਥੀ ਅਕੀਮੋਵ ਤੋਂ ਪੂਰੀ ਤਰ੍ਹਾਂ ਵੱਖ ਕਰਨ ਲਈ ਸਾਥੀ ਪੋਪੋਵ ਨੇ **ਦੋ-ਟੁਕ** ਐਲਾਨ ਕੀਤਾ: "ਇਸ ਕੇਂਦਰੀ ਸੰਸਥਾ [ਪ੍ਰੀਸ਼ਦ] ਵਿੱਚ ਕੇਂਦਰੀ ਬੁਲਾਰੇ ਦੇ ਤਿੰਨ ਪ੍ਰਤੀਨਿਧ ਹੋਣ ਦਿਓ ਅਤੇ ਕੇਂਦਰੀ ਕਮੇਟੀ ਦੇ ਦੋ। **ਇਹ ਇੱਕ ਦੂਜੈਲੀ ਮਹੱਤਤਾ ਵਾਲ਼ਾ ਪ੍ਰਸ਼ਨ ਹੈ** [ਸ਼ਬਦਾਂ ਉਤੇ ਜ਼ੋਰ ਮੈਂ ਦਿੱਤਾ ਹੈ।], ਮਹੱਤਵਪੂਰਨ ਗਲ ਇਹ ਹੈ ਕਿ ਅਗਵਾਈ, ਪਾਰਟੀ ਵਿੱਚ ਸਰਵਉੱਚ ਅਗਵਾਈ ਇੱਕ ਸੋਮੇ ਤੋਂ ਆਵੇ" (ਪੰਨਾ 155)। ਸਾਥੀ ਅਕੀਮੋਵ ਨੇ ਇਤਰਾਜ਼ ਕੀਤਾ ਕਿ: "ਖਰੜੇ ਅਧੀਨ ਕੇਂਦਰੀ ਬੁਲਾਰੇ ਨੂੰ ਪ੍ਰਮੁੱਖਤਾ ਪ੍ਰਾਪਤ ਹੈ, ਜੋ ਹੋਰ ਨਹੀਂ ਤਾਂ ਇਸ ਕਾਰਨ ਕਿ ਸੰਪਾਦਕ ਮੰਡਲ ਦੀ ਬਣਤਰ ਸਥਿਰ ਹੈ ਜਿਥੇ ਕਿ ਕੇਂਦਰੀ ਕਮੇਟੀ

---

* ਨਾ ਹੀ ਸਾਥੀ ਪੋਪੋਵ ਅਤੇ ਨਾ ਹੀ ਸਾਥੀ ਮਾਰਤੋਵ ਸਾਥੀ ਅਕੀਮੋਵ ਨੂੰ ਮੌਕਾਪ੍ਰਸਤ ਕਹਿਣੋਂ ਜਕੇ; ਕੇਵਲ ਜਦੋਂ ਇਹ ਵਿਸ਼ੇਸ਼ਣ **ਉਹਨਾਂ ਉੱਤੇ** ਲਾਗੂ ਕੀਤਾ ਗਿਆ, ਅਤੇ "ਭਾਸ਼ਾਵਾਂ ਦੀ ਬਰਾਬਰੀ" ਜਾਂ ਪਹਿਲੇ ਪੈਰੇ ਸਬੰਧੀ ਹੱਕੀ ਤੌਰ ਉੱਤੇ ਲਾਗੂ ਕੀਤਾ ਗਿਆ ਤਾਂ ਉਹਨਾਂ ਇਤਰਾਜ਼ ਕੀਤਾ ਅਤੇ ਗ਼ੁੱਸਾ ਹੋ ਗਏ। ਸਾਥੀ ਅਕੀਮੋਵ, ਜਿਸਦੀ ਪੈੜ ਉੱਤੇ ਸਾਥੀ ਮਾਰਤੋਵ ਚੱਲਿਆ ਹੈ, ਪਾਰਟੀ ਕਾਂਗਰਸ ਵਿੱਚ ਉਸ ਨਾਲ਼ੋਂ ਵਧੇਰੇ ਗੌਰਵ ਅਤੇ ਮਰਦਾਨਗੀ ਨਾਲ਼ ਵਿਚਰਿਆ ਜਿਸ ਨਾਲ਼ ਸਾਥੀ ਮਾਰਤੋਵ ਅਤੇ ਉਹਦੇ ਸਾਥੀ ਲੀਗ ਦੀ ਕਾਂਗਰਸ ਵਿੱਚ ਵਿਚਰੇ। "ਇਥੇ ਮੈਨੂੰ ਮੌਕਾਪ੍ਰਸਤ ਕਿਹਾ ਗਿਆ ਹੈ," ਸਾਥੀ ਅਕੀਮੋਵ ਨੇ ਪਾਰਟੀ ਕਾਂਗਰਸ ਵਿੱਚ ਕਿਹਾ। "ਨਿੱਜੀ ਤੌਰ ਉੱਤੇ ਮੈਂ ਇਹਨੂੰ ਗਾਲ੍ਹ ਵਾਲ਼ਾ ਅਤੇ ਘਿਰਣਾ-ਜਨਕ ਸ਼ਬਦ ਸਮਝਦਾ ਹਾਂ ਅਤੇ ਮੇਰਾ ਨਿਸ਼ਚਾ ਹੈ ਕਿ ਮੈਂ ਇਹਦਾ ਹੱਕਦਾਰ ਬਣਨ ਲਈ ਕੁੱਝ ਨਹੀਂ ਕੀਤਾ। ਪਰ ਮੈਂ ਰੋਸ ਪ੍ਰਗਟ ਨਹੀਂ ਕਰ ਰਿਹਾ" (ਪੰਨਾ 296)। ਕੀ ਅਜਿਹਾ ਹੋ ਸਕਦਾ ਹੈ ਕਿ ਸਾਥੀ ਮਾਰਤੋਵ ਅਤੇ ਸਤਾਰੋਵਰ ਨੇ ਸਾਥੀ ਅਕੀਮੋਵ ਨੂੰ ਸੱਦਾ ਦਿੱਤਾ ਸੀ ਕਿ ਉਹ ਮੌਕਾਪ੍ਰਸਤੀ ਦੇ ਝੂਠੇ ਦੋਸ਼ ਵਿਰੁੱਧ ਉਹਨਾਂ ਦੇ ਰੋਸ ਵਿੱਚ ਸ਼ਾਮਲ ਹੋਵੇ, ਪਰ ਇਹ ਕਿ ਸਾਥੀ ਅਕੀਮੋਵ ਨੇ ਇਨਕਾਰ ਕਰ ਦਿੱਤਾ ?

ਦੀ ਅਸਥਿਰ ਹੋ ਸਕਦੀ ਹੈ" (ਪੰਨਾ 157)—ਇਹ ਇੱਕ ਅਜਿਹੀ ਦਲੀਲ ਹੈ ਜਿਹੜੀ **ਅਸੂਲ ਦੇ ਮਾਮਲਿਆਂ ਵਿੱਚ** ਅਗਵਾਈ ਦੀ "ਸਥਿਰਤਾ" ਨਾਲ਼ ਸਬੰਧਤ ਹੈ (ਜਿਹੜੀ ਬੜੀ ਸਧਾਰਨ ਅਤੇ ਯੋਗ ਗੱਲ ਹੈ) ਅਤੇ ਨਿਸ਼ਚੇ ਹੀ ਦਖ਼ਲ ਦੇਣ ਜਾਂ ਆਜ਼ਾਦੀ ਉਤੇ ਹੱਥ ਮਾਰਨ ਦੇ ਅਰਥਾਂ ਵਿੱਚ "ਪ੍ਰਮੁੱਖਤਾ" ਨਾਲ਼ ਸਬੰਧਤ ਨਹੀਂ। ਅਤੇ ਸਾਥੀ ਪੋਪੋਵ ਨੇ, ਜਿਹੜਾ ਉਸ ਸਮੇਂ ਉਸ "ਘੱਟਗਿਣਤੀ" ਵਿੱਚੋਂ ਨਹੀਂ ਸੀ ਜਿਹੜੀ ਕੇਂਦਰੀ ਸੰਸਥਾਵਾਂ ਦੀ ਬਣਤਰ ਨਾਲ਼ ਅਸੰਤੋਖ ਨੂੰ ਕੇਂਦਰੀ ਕਮੇਟੀ ਦੀ ਆਜ਼ਾਦੀ ਦੀ ਅਣਹੋਂਦ ਸਬੰਧੀ ਕਹਾਣੀਆਂ ਫੈਲਾਕੇ ਪਰਦਾ ਪਾਉਂਦੀ ਹੈ, ਉੱਕਾ ਤਰਕਸੰਗਤ ਢੰਗ ਨਾਲ਼ ਸਾਥੀ ਅਕੀਮੋਵ ਨੂੰ ਕਿਹਾ: "ਮੈਂ ਤਜਵੀਜ਼ ਪੇਸ਼ ਕਰਦਾ ਹਾਂ ਕਿ ਇਹਨੂੰ [ਪ੍ਰੀਸ਼ਦ ਨੂੰ] ਪਾਰਟੀ ਦੀ ਸੇਧ ਦੇਣ ਵਾਲ਼ਾ ਕੇਂਦਰ ਸਮਝਿਆ ਜਾਵੇ, ਜਿਸ ਹਾਲਤ ਵਿੱਚ **ਇਹ ਗੱਲ ਉੱਕਾ ਹੀ ਮਹੱਤਵਹੀਣ ਹੋ ਜਾਵੇਗੀ ਕਿ ਪ੍ਰੀਸ਼ਦ ਵਿੱਚ ਕੇਂਦਰੀ ਬੁਲਾਰੇ ਦੇ ਵਧੇਰੇ ਪ੍ਰਤੀਨਿਧ ਹਨ ਜਾਂ ਕੇਂਦਰੀ ਕਮੇਟੀ ਦੇ**" (ਪੰਨੇ 157-58, ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ)।

ਜਦੋਂ 25ਵੇਂ ਸਮਾਗਮ ਵਿੱਚ ਪ੍ਰੀਸ਼ਦ ਦੀ ਬਣਤਰ ਸਬੰਧੀ ਵਿਚਾਰ ਫਿਰ ਸ਼ੁਰੂ ਹੋਈ ਤਾਂ, ਸਾਥੀ ਪਾਵਲੋਵਿਚ ਨੇ ਪਿਛਲੀ ਬਹਿਸ ਜਾਰੀ ਰੱਖਦੇ ਹੋਏ "ਪਿਛਲੇ ਦੀ ਸਥਿਰਤਾ ਨੂੰ ਮੁੱਖ ਰੱਖਦੇ ਹੋਏ" (ਪੰਨਾ 164) ਕੇਂਦਰੀ ਕਮੇਟੀ ਉੱਤੇ ਕੇਂਦਰੀ ਬੁਲਾਰੇ ਦੀ ਪ੍ਰਧਾਨਤਾ ਦੇ ਹੱਕ ਵਿੱਚ ਐਲਾਨ ਕੀਤਾ। ਉਹਦੇ ਮਨ ਵਿੱਚ **ਅਸੂਲੀ ਤੌਰ ਉੱਤੇ** ਸਥਿਰਤਾ ਸੀ, ਅਤੇ ਸਾਥੀ ਮਾਰਤੋਵ ਨੇ ਇਹਨੂੰ ਇਸੇ ਤਰ੍ਹਾਂ ਸਮਝਿਆ, ਜਦੋਂ ਸਾਥੀ ਪਾਵਲੋਵਿਚ ਤੋਂ ਇੱਕਦਮ ਪਿੱਛੋਂ ਬੋਲਦੇ ਹੋਏ ਕਿਹਾ "ਇੱਕ ਸੰਸਥਾ ਦੀ ਦੂਜੇ ਉੱਤੇ ਪ੍ਰਧਾਨਤਾ ਮੁਕੱਰਰ ਕਰਨ" ਦੀ ਲੋੜ ਨਹੀਂ ਅਤੇ ਇਸ ਗੱਲ ਦੀ ਸੰਭਾਵਨਾ ਵੱਲ ਧਿਆਨ ਦਿਵਾਇਆ ਕਿ ਕੇਂਦਰੀ ਕਮੇਟੀ ਦੇ ਮੈਂਬਰਾਂ ਵਿੱਚੋਂ ਇੱਕ ਵਿਦੇਸ਼ ਵਿੱਚ ਰਹਿ ਸਕਦਾ ਹੈ, "ਇਉਂ ਅਸੂਲ ਦੇ ਮਾਮਲਿਆਂ ਵਿੱਚ ਕੇਂਦਰੀ ਕਮੇਟੀ ਦੀ ਸਥਿਰਤਾ ਕੁੱਝ ਹੱਦ ਤੱਕ ਕਾਇਮ ਰੱਖੀ ਜਾ ਸਕਦੀ ਹੈ" ( ਪੰਨਾ 264)। ਇਥੇ ਅਜੇ ਤੱਕ **ਅਸੂਲ ਦੇ ਮਾਮਲਿਆਂ ਵਿੱਚ** ਸਥਿਰਤਾ, ਅਤੇ ਇਹਦੀ ਰੱਖਿਆ ਦੇ, ਕੇਂਦਰੀ ਕਮੇਟੀ ਦੀ ਆਜ਼ਾਦੀ ਅਤੇ ਪਹਿਲ-ਕਦਮੀ ਦੀ ਰੱਖਿਆ ਨਾਲ਼ ਦੰਭੀ **ਰੋਲ-ਘਚੋਲੇ** ਦੀ ਰੁਮਕ ਤੱਕ ਵੀ ਨਹੀਂ। ਇਹ ਰੋਲ-ਘਚੋਲਾ, ਜਿਹੜਾ **ਕਾਂਗਰਸ ਤੋਂ ਪਿੱਛੋਂ** ਲਗਭਗ ਸਾਥੀ ਮਾਰਤੋਵ ਦਾ ਰੰਗ ਦਾ ਪੱਤਾ ਬਣ ਗਿਆ ਹੈ, **ਕਾਂਗਰਸ ਵਿੱਚ ਕੇਵਲ ਸਾਥੀ ਅਕੀਮੋਵ ਵੱਲੋਂ** ਪੇਸ਼ ਕੀਤਾ ਗਿਆ ਸੀ, ਜਿਹੜਾ **ਉਸ ਸਮੇਂ ਪਹਿਲਾਂ ਹੀ** "ਨਿਯਮਾਂ ਦੀ ਅਰਾਕੇਯੇਵ[28] ਭਾਵਨਾ" ਦੀ ਗੱਲ ਕਰਦਾ ਸੀ (ਪੰਨਾ 268) ਅਤੇ ਕਿਹਾ ਕਿ "**ਜੇ ਪਾਰਟੀ ਪ੍ਰੀਸ਼ਦ ਵਿੱਚ ਕੇਂਦਰੀ ਬੁਲਾਰੇ ਦੇ ਤਿੰਨ ਮੈਂਬਰ ਹੋਣ ਤਾਂ ਕੇਂਦਰੀ ਕਮੇਟੀ ਕੇਵਲ ਸੰਪਾਦਕ ਮੰਡਲ ਦਾ ਹੱਥ-ਠੋਕਾ ਬਣ ਜਾਵੇਗੀ।** [ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ।] ਵਿਦੇਸ਼ਾਂ ਵਿੱਚ ਰਹਿੰਦੇ ਤਿੰਨ ਬੰਦਿਆਂ ਨੂੰ ਸਮੁੱਚੀ ਪਾਰਟੀ ਦੇ ਕੰਮ ਸਬੰਧੀ ਹੁਕਮ ਦੇਣ ਦਾ [ !!] ਬੇਰੋਕ-ਟੋਕ [ !!] ਹੱਕ ਮਿਲ ਜਾਵੇਗਾ। ਉਹਨਾਂ ਦੀ ਸੁਰੱਖਿਆ ਨਿਸ਼ਚਿਤ ਹੋਵੇਗੀ, ਇਸ ਲਈ ਉਹਨਾਂ ਦੀ ਸੱਤਾ ਸਾਰੀ ਉਮਰ ਲਈ ਹੋਵੇਗੀ" (ਪੰਨਾ 268)। ਇਸ ਉੱਕਾ ਹੀ ਵਾਹਯਾਤ ਅਤੇ ਦੰਭੀ ਗੱਲ ਨਾਲ਼, ਜਿਸ ਵਿੱਚ **ਵਿਚਾਰਧਾਰਕ ਅਗਵਾਈ ਨੂੰ ਸਮੁੱਚੀ ਪਾਰਟੀ ਦੇ ਕੰਮ ਵਿੱਚ ਦਖ਼ਲ ਕਿਹਾ ਗਿਆ ਹੈ** (ਅਤੇ ਜਿਸਨੇ ਕਾਂਗਰਸ

ਤੋਂ ਪਿੱਛੋਂ "ਧਰਮ-ਤੰਤਰ" ਸਬੰਧੀ ਉਹਦੀਆਂ ਗੱਲਾਂ ਸਹਿਤ ਸਾਥੀ ਐਕਸਲਰੋਦ ਲਈ ਇੱਕ ਸਸਤਾ ਨਾਹਰਾ ਉਪਲਬਧ ਕੀਤਾ)—**ਇਹਦੇ ਨਾਲ਼ ਹੀ** ਸਾਥੀ ਪਾਵਲੋਵਿਚ ਨੇ ਲੋਹਾ ਲਿਆ ਜਦੋਂ ਉਹਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਉਹ "ਉਹਨਾਂ ਨਿਯਮਾਂ ਦੀ ਸਥਿਰਤਾ ਅਤੇ ਪਵਿੱਤਰਤਾ ਦਾ ਹਾਮੀ ਹੈ, "ਜਿਨ੍ਹਾਂ ਦੀ 'ਇਸਕਰਾ' ਪ੍ਰਤੀਨਿਧਤਾ ਕਰਦਾ ਹੈ। ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਨੂੰ ਪ੍ਰਮੁੱਖਤਾ ਦੇਕੇ ਮੈਂ ਉਹਨਾਂ ਨਿਯਮਾਂ ਨੂੰ ਪਕੇਰਾ ਬਣਾਉਣਾ ਚਾਹੁੰਦਾ ਹਾਂ" (ਪੰਨਾ 268)।

ਕੇਂਦਰੀ ਬੁਲਾਰੇ ਦੀ ਕੇਂਦਰੀ ਕਮੇਟੀ ਉੱਤੇ ਪ੍ਰਮੁੱਖਤਾ ਦੇ ਪ੍ਰਸਿੱਧ ਸਵਾਲ ਦੀ ਅਸਲੀ ਪ੍ਰਸਥਿਤੀ ਇਹ ਹੈ। ਸਾਥੀ ਐਕਸਲਰੋਦ ਅਤੇ ਮਾਰਤੋਵ ਵਿਚਕਾਰ ਪ੍ਰਸਿੱਧ "ਅਸੂਲ ਦਾ ਮਤ-ਭੇਦ" **ਸਾਥੀ ਅਕੀਮੋਵ ਦੀਆਂ ਮੌਕਾਪ੍ਰਸਤ ਅਤੇ ਦੰਭੀ ਗੱਲਾਂ ਦੁਹਰਾਉਣ** ਤੋਂ ਬਿਨਾਂ ਕੁੱਝ ਨਹੀਂ, ਜਿਸਦਾ ਸੱਚਾ ਖ਼ਾਸਾ ਸਾਥੀ ਪੋਪੋਵ ਨੇ ਵੀ ਉਹਨੀਂ ਦਿਨੀਂ ਵੇਖ ਲਿਆ ਸੀ ਜਦੋਂ ਅਜੇ ਉਹਨੂੰ ਕੇਂਦਰੀ ਸੰਸਥਾਵਾਂ ਦੀ ਚੋਣ ਵਿੱਚ ਹਾਰ ਨਹੀਂ ਸੀ ਹੋਈ।

*   *   *

ਪ੍ਰੀਸ਼ਦ ਦੀ ਬਣਤਰ ਦੇ ਸਵਾਲ ਦਾ ਸਾਰ ਪੇਸ਼ ਕਰਦੇ ਹੋਏ: "ਘੇਰੇ ਦੀ ਹਾਲਤ" ਵਿੱਚ ਸਾਥੀ ਮਾਰਤੋਵ ਦੇ ਇਹ ਸਾਬਤ ਕਰਨ ਦੇ ਯਤਨਾਂ ਦੇ ਬਾਵਜੂਦ ਕਿ "ਸੰਪਾਦਕਾਂ ਦੇ ਨਾਂ ਖ਼ਤ" ਵਿੱਚ ਮਾਮਲੇ ਦਾ ਮੇਰਾ ਬਿਆਨ ਵਿਰੋਧਾਂ ਭਰਿਆ ਅਤੇ ਗ਼ਲਤ ਹੈ, ਕਾਂਗਰਸ ਦੀ ਕਾਰਵਾਈ ਸਪਸ਼ਟ ਤੌਰ ਉੱਤੇ ਵਿਖਾਉਂਦੀ ਹੈ ਕਿ, **ਪਹਿਲੇ ਪੈਰੇ ਦੇ ਮੁਕਾਬਲੇ ਉੱਤੇ** ਇਹ ਸਵਾਲ ਸੱਚਮੁਚ ਇੱਕ **ਵਿਸਥਾਰ ਸੀ**, ਅਤੇ ਇਹ ਕਿ ਲੇਖ "ਸਾਡੀ ਕਾਂਗਰਸ" ("ਇਸਕਰਾ", ਅੰਕ 53) ਵਿੱਚ ਇਹ ਦਾਅਵਾ ਕਿ ਅਸਾਂ "ਲਗਭਗ ਮੁਕੰਮਲ ਤੌਰ ਉੱਤੇ" ਪਾਰਟੀ ਦੀਆਂ ਆਗੂ ਸੰਸਥਾਵਾਂ ਦੀ ਜਥੇਬੰਦੀ ਸਬੰਧੀ ਬਹਿਸ ਕੀਤੀ, **ਪੂਰਨ ਵਿਗਾੜ** ਹੈ। ਇਹ ਇਸ ਲਈ ਹੋਰ ਵਧੇਰੇ ਹੋਛਾ ਵਿਗਾੜ ਹੈ ਕਿਉਂਕਿ ਲੇਖਕ **ਪਹਿਲੇ ਪੈਰੇ ਸਬੰਧੀ ਸਾਰੇ ਵਿਵਾਦ ਨੂੰ ਮੁਕੰਮਲ ਤੌਰ ਉੱਤੇ ਅੱਖੋਂ ਉਹਲੇ ਕਰਦਾ ਹੈ**। ਇਸ ਤੋਂ ਬਿਨਾਂ, ਇਹ ਗੱਲ ਕਿ ਪ੍ਰੀਸ਼ਦ ਦੀ ਬਣਤਰ ਸਬੰਧੀ "ਇਸਕਰਾ"-ਵਾਦੀਆਂ ਵਿੱਚ ਉੱਕਾ ਹੀ ਕੋਈ ਨਿਸ਼ਚਿਤ ਦਲਬੰਦੀ ਨਹੀਂ ਸੀ, ਇਹ ਵੀ ਕਾਰਵਾਈ ਤੋਂ ਸਾਬਤ ਹੁੰਦਾ ਹੈ: ਨਾਂ ਲੈ ਕੇ ਕੋਈ ਵੋਟ ਨਾ ਲਏ ਗਏ; ਮਾਰਤੋਵ ਦਾ ਪਾਨਿਨ ਨਾਲ਼ ਮਤ-ਭੇਦ ਸੀ; ਮੇਰੀ ਪੋਪੋਵ ਨਾਲ਼ ਸਾਂਝ ਸੀ; ਯੇਗੋਰੋਵ ਅਤੇ ਗੁਸੇਵ ਨੇ ਵੱਖਰਾ ਸਟੈਂਡ ਅਪਣਾਇਆ, ਇਤਿ-ਆਦਿ। ਅੰਤ ਵਿੱਚ, ("ਵਿਦੇਸ਼ਾਂ ਵਿੱਚ ਰੂਸੀ ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਦੀ ਲੀਗ" ਦੀ ਕਾਂਗਰਸ ਵਿੱਚ) ਮੇਰਾ ਇਸ ਅਰਥ ਦਾ ਬਿਆਨ ਕਿ "ਇਸਕਰਾ"-ਵਿਰੋਧੀਆਂ ਨਾਲ਼ ਮਾਰਤੋਵਵਾਦੀਆਂ ਦੀ ਕੁਲੀਸ਼ਨ ਨਿਰੰਤਰ ਵਧੇਰੇ ਮਜ਼ਬੂਤ ਹੁੰਦੀ ਗਈ ਇਸ ਸਵਾਲ ਸਬੰਧੀ ਵੀ—ਹੁਣ ਸਭ ਲਈ ਸਪਸ਼ਟ—ਸਾਥੀ ਮਾਰਤੋਵ ਅਤੇ ਸਾਥੀ ਐਕਸਲਰੋਦ ਦੇ ਸਾਥੀ ਅਕੀਮੋਵ ਵੱਲ ਹੁਲਾਰੇ ਤੋਂ **ਵੀ ਸਾਬਤ ਹੁੰਦਾ** ਹੈ।

## ਛ. ਨਿਯਮਾਂ ਉੱਤੇ ਵਿਚਾਰ ਦਾ ਅੰਤ। ਕੇਂਦਰੀ ਸੰਸਥਾਵਾਂ ਲਈ ਕੁਆਪਸ਼ਨ। "ਰਾਬੋਚੇਏ ਦੇਲੋ" ਦੇ ਡੈਲੀਗੇਟਾਂ ਦਾ ਚਲਾ ਜਾਣਾ

ਨਿਯਮਾਂ ਉੱਤੇ ਇਸ ਤੋਂ ਪਿੱਛੋਂ ਹੋਈ ਬਹਿਸ (ਕਾਂਗਰਸ ਦੀ 26ਵੀਂ ਬੈਠਕ) ਵਿੱਚੋਂ, ਕੇਵਲ ਕੇਂਦਰੀ ਕਮੇਟੀ ਦੇ ਅਧਿਕਾਰ ਸੀਮਤ ਕਰਨ ਦਾ ਸਵਾਲ ਹੀ ਵਰਨਣਯੋਗ ਹੈ, ਕਿਉਂਕਿ ਉਹਨਾਂ ਹਮਲਿਆਂ ਉੱਤੇ ਚਾਨਣ ਪਾਉਂਦਾ ਹੈ ਜਿਹੜੇ ਮਾਰਤੋਵਵਾਦੀ **ਹੁਣ** ਅਤੀ-ਕੇਂਦਰਵਾਦ ਉੱਤੇ ਕਰ ਰਹੇ ਹਨ। ਸਾਥੀ ਯੇਗੋਰੋਵ ਅਤੇ ਪੋਪੋਵ ਨੇ ਕੁੱਝ ਵਧੇਰੇ ਨਿਸ਼ਚੇ ਨਾਲ਼ ਕੇਂਦਰਵਾਦ ਉੱਤੇ ਰੋਕ ਲਾਉਣ ਦਾ ਯਤਨ ਕੀਤਾ, ਇਸ ਗੱਲ ਨੂੰ ਅੱਖੋਂ ਉਹਲੇ ਕਰਕੇ ਕਿ ਮਾਮਲਾ ਉਹਨਾਂ ਦੇ ਉਮੀਦਵਾਰ ਹੋਣ ਦਾ ਸੀ ਜਾਂ ਕਿਸੇ ਹੋਰ ਦੇ। ਜਦੋਂ ਮਾਮਲਾ ਅਜੇ ਨਿਯਮ ਕਮੇਟੀ ਵਿੱਚ ਹੀ ਸੀ, ਉਹਨਾਂ ਤਜਵੀਜ਼ ਪੇਸ਼ ਕੀਤੀ ਕਿ ਸਥਾਨਕ ਕਮੇਟੀਆਂ ਤੋੜਨ ਦਾ ਕੇਂਦਰੀ ਕਮੇਟੀ ਦੇ ਅਧਿਕਾਰ ਲਈ ਪ੍ਰੀਸ਼ਦ ਦੀ ਰਜ਼ਾਮੰਦੀ ਸ਼ਰਤ ਬਣਾ ਦਿੱਤੀ ਜਾਵੇ ਅਤੇ, ਇਸ ਤੋਂ ਵੱਧ, ਵਿਸ਼ੇਸ਼ ਤੌਰ ਉੱਤੇ ਗਿਣਵਾਏ ਮਾਮਲਿਆਂ ਤੱਕ ਸੀਮਤ ਕਰ ਦਿੱਤਾ ਜਾਵੇ (ਪੰਨਾ 272, ਨੋਟ 1)। ਨਿਯਮ ਕਮੇਟੀ ਦੀ ਤਿੰਨ ਮੈਂਬਰਾਂ (ਗਲੇਬੋਵ, ਮਾਰਤੋਵ ਅਤੇ ਮੈਂ) ਇਹਦਾ ਵਿਰੋਧ ਕੀਤਾ ਅਤੇ ਕਾਂਗਰਸ ਵਿੱਚ ਮਾਰਤੋਵ ਨੇ ਸਾਡੇ ਵਿਚਾਰ ਦੀ ਹਮਾਇਤ ਕੀਤੀ (ਪੰਨਾ 273) ਅਤੇ ਯੇਗੋਰੋਵ ਅਤੇ ਪੋਪੋਵ ਨੂੰ ਇਹ ਕਹਿ ਕੇ ਉੱਤਰ ਦਿੱਤਾ ਕਿ "ਕੇਂਦਰੀ ਕਮੇਟੀ ਹਰ ਹਾਲਤ ਵਿੱਚ ਕਿਸੇ ਜਥੇਬੰਦੀ ਨੂੰ ਤੋੜਨ ਜਿਹੇ ਗੰਭੀਰ ਕਦਮ ਸੰਬੰਧੀ ਨਿਰਣਾ ਕਰਨ ਤੋਂ ਪਹਿਲਾਂ ਵਿਚਾਰ ਕਰੇਗੀ"। ਜਿਹਾ ਕਿ ਤੁਸੀਂ ਵੇਖਦੇ ਹੋ, **ਉਸ ਸਮੇਂ** ਸਾਥੀ ਮਾਰਤੋਵ ਅਜੇ ਤੱਕ **ਕਿਸੇ ਵੀ** ਕੇਂਦਰਵਾਦ-ਵਿਰੋਧੀ ਵਿਉਂਤ ਵੱਲ ਧਿਆਨ ਨਹੀਂ ਸੀ ਦੇਂਦਾ, ਅਤੇ ਕਾਂਗਰਸ ਨੇ ਯੇਗੋਰੋਵ ਅਤੇ ਪੋਪੋਵ ਦੀ ਤਜਵੀਜ਼ ਰੱਦ ਕਰ ਦਿੱਤੀ—ਕੇਵਲ ਮੰਦੇ ਭਾਗੀਂ ਕਾਰਵਾਈ ਸਾਨੂੰ ਇਹ ਨਹੀਂ ਦੱਸਦੀ ਕਿੰਨੇ ਵੋਟਾਂ ਨਾਲ਼।

ਪਾਰਟੀ ਕਾਂਗਰਸ ਵਿੱਚ ਸਾਥੀ ਮਾਰਤੋਵ " 'ਜਥੇਬੰਦ ਕਰਦੀ ਹੈ' ਦੇ ਸ਼ਬਦਾਂ ਦੀ ਥਾਂ 'ਤਸਦੀਕ ਕਰਦੀ ਹੈ' ਨੂੰ ਦੇਣ ਦੇ ਵਿਰੁੱਧ ਸੀ [ਕੇਂਦਰੀ ਕਮੇਟੀ ਕਮੇਟੀਆਂ ਜਥੇਬੰਦ ਕਰਦੀ ਹੈ ਆਦਿ—ਪਾਰਟੀ ਨਿਯਮਾਂ ਦਾ ਛੇਵਾਂ ਪੈਰਾ]। ਇਹ ਲਾਜ਼ਮੀ ਹੈ ਕਿ ਉਹਨੂੰ ਜਥੇਬੰਦ ਕਰਨ ਦਾ ਵੀ ਹੱਕ ਦਿੱਤਾ ਜਾਵੇ।" ਇਹ ਉਹ ਗੱਲ ਸੀ ਜਿਹੜੀ ਸਾਥੀ ਮਾਰਤੋਵ ਨੇ **ਉਦੋਂ** ਕਹੀ, ਜਦੋਂ ਅਜੇ ਉਹਨੂੰ ਉਹ ਸ਼ਾਨਦਾਰ ਵਿਚਾਰ ਨਹੀਂ ਸੀ ਅਹੁੜਿਆ, ਜਿਹੜਾ ਉਹਨੇ ਕੇਵਲ ਲੀਗ ਦੀ ਕਾਂਗਰਸ ਸਮੇਂ ਹੀ ਲੱਭਿਆ ਕਿ "ਜਥੇਬੰਦ ਕਰਨਾ" ਸੰਕਲਪ ਵਿੱਚ ਤਸਦੀਕ ਕਰਨਾ ਸ਼ਾਮਲ ਨਹੀਂ।

ਇਹਨਾਂ ਦੋ ਨੁਕਤਿਆਂ ਤੋਂ ਬਿਨਾਂ ਨਿਯਮਾਂ ਦੇ ਪੈਰਾ 5-11 ਉੱਤੇ ਬਹਿਸ (ਕਾਰਵਾਈ, ਪੰਨੇ 273-76) ਕਿਸੇ ਰੋਚਕਤਾ ਵਾਲ਼ੀ ਨਹੀਂ, ਇਹ ਵਿਸਥਾਰਾਂ ਸਬੰਧੀ ਨਿੱਕੀਆਂ ਮੋਟੀਆਂ ਦਲੀਲਾਂ ਤੱਕ ਸੀਮਤ ਸੀ। ਫਿਰ ਪੈਰਾ 12 ਆਇਆ—ਆਮ ਤੌਰ ਉੱਤੇ ਪਾਰਟੀ ਸੰਸਥਾਵਾਂ ਅਤੇ ਵਿਸ਼ੇਸ਼ ਤੌਰ ਉੱਤੇ ਕੇਂਦਰੀ ਸੰਸਥਾਵਾਂ ਲਈ ਕੁਆਪਸ਼ਨ। ਕਮਿਸ਼ਨ ਨੇ ਕੁਆਪਸ਼ਨ ਲਈ ਲੋੜੀਂਦੀ ਬਹੁਗਿਣਤੀ ਦੋ-ਤਿਹਾਈ ਤੋਂ ਵਧਾ ਕੇ ਪੰਜਾਂ ਵਿੱਚੋਂ ਚਾਰ ਹਿੱਸੇ ਕਰਨ ਦੀ ਤਜਵੀਜ਼ ਪੇਸ਼ ਕੀਤੀ। ਗਲੇਬੋਵ ਨੇ, ਜਿਸਨੇ ਇਹਦੀ ਰਿਪੋਰਟ ਪੇਸ਼ ਕੀਤੀ, ਤਜਵੀਜ਼

ਪੇਸ਼ ਕੀਤੀ ਕਿ ਕੇਂਦਰੀ ਕਮੇਟੀ ਵਿੱਚ ਕੁਆਪਸ਼ਨ ਦੇ ਨਿਰਣੇ **ਸਰਬ-ਸੰਮਤੀ ਨਾਲ਼** ਹੋਣੇ ਚਾਹੀਦੇ ਹਨ। ਇਹ ਕਬੂਲ ਕਰਦੇ ਹੋਏ ਕਿ **ਅਣਮੇਲ** ਚੰਗੇ ਨਹੀਂ, ਸਾਥੀ ਯੇਗੋਰੋਵ ਨੇ ਤਜਵੀਜ਼ ਕੀਤੀ ਕਿ ਜੇ ਦਲੀਲ ਦੇ ਕੇ ਵੀਟੋ ਨਾ ਵਰਤੀ ਗਈ ਹੋਵੇ ਤਾਂ ਸਦਾ ਬਹੁਗਿਣਤੀ ਹੋਣੀ ਚਾਹੀਦੀ ਹੈ। ਸਾਥੀ ਪੋਪੋਵ ਨਾ ਤਾਂ ਕਮਿਸ਼ਨ ਨਾਲ਼ ਸਹਿਮਤ ਹੋਇਆ ਅਤੇ ਨਾ ਸਾਥੀ ਯੇਗੋਰੋਵ ਨਾਲ਼ ਅਤੇ ਉਹਨੇ ਜਾਂ ਤਾਂ ਸਾਦਾ ਬਹੁਗਿਣਤੀ (ਵੀਟੋ ਦੇ ਹੱਕ ਤੋਂ ਬਿਨਾਂ) ਜਾਂ ਸਰਬ–ਸੰਮਤੀ ਦੀ ਮੰਗ ਕੀਤੀ। ਸਾਥੀ ਮਾਰਤੋਵ ਨਾ ਕਮਿਸ਼ਨ ਨਾਲ਼ ਸਹਿਮਤ ਹੋਇਆ, ਨਾ ਗਲੇਬੋਵ ਨਾਲ਼, ਨਾਯੇਗੋਰੋਵ ਨਾਲ਼, ਨਾ ਪੋਪੋਵ ਨਾਲ਼, ਸਰਬ–ਸੰਮਤੀ ਦਾ ਵਿਰੋਧ ਕਰਦੇ ਹੋਏ, ਪੰਜਾਂ ਵਿੱਚੋਂ ਚਾਰ ਦਾ ਵਿਰੋਧ ਕਰਦੇ ਹੋਏ (ਦੋ–ਤਿਹਾਈ ਦੇ ਹੱਕ ਵਿੱਚ) ਅਤੇ "**ਪ੍ਰਸਪਰ ਕੁਆਪਸ਼ਨ**", **ਅਰਥਾਤ, ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਵੱਲੋਂ ਕੇਂਦਰੀ ਕਮੇਟੀ ਲਈ ਕੁਆਪਸ਼ਨ ਉੱਤੇ ਇਤਰਾਜ਼ ਕਰਨ ਅਤੇ ਇਹਦੇ ਉਲਟ ਵਿਰੁੱਧ ਐਲਾਨ ਕੀਤਾ**" ("ਕੁਆਪਸ਼ਨ ਉੱਤੇ ਪ੍ਰਸਪਰ ਕੰਟਰੋਲ ਦਾ ਹੱਕ")।

ਜਿਹਾ ਕਿ ਪਾਠਕ ਵੇਖਦਾ ਹੈ, ਦਲਬੰਦੀ ਬੜੀ ਵੰਨ–ਸੁਵੰਨੀ ਸੀ ਅਤੇ ਮਤਭੇਦ ਗਿਣਤੀ ਵਿੱਚ ਇੰਨੇ ਜ਼ਿਆਦਾ ਸਨ ਕਿ ਲਗਭਗ ਹਰ ਡੈਲੀਗੇਟ ਦੇ ਵਿਚਾਰਾਂ ਨੂੰ "ਅਨੂਠਾਪਣ" ਦੇਂਦੇ ਸਨ!

ਸਾਥੀ ਮਾਰਤੋਵ ਨੇ ਕਿਹਾ: "ਮੈਂ ਅਸੁਖਾਵੇਂ ਲੋਕਾਂ ਨਾਲ਼ ਕੰਮ ਕਰਨ ਦੀ ਮਾਨਸਕ ਅਸੰਭਵਤਾ ਮੰਨਦਾ ਹਾਂ। ਪਰ ਸਾਡੀ ਜਥੇਬੰਦੀ ਲਈ ਤਕੜਾ ਅਤੇ ਕਾਰਗਰ ਹੋਣਾ ਵੀ ਲਾਜ਼ਮੀ ਹੈ।... ਕੁਆਪਸ਼ਨ ਦੇ ਮਾਮਲਿਆਂ ਵਿੱਚ ਕੇਂਦਰੀ ਕਮੇਟੀ ਅਤੇ ਕੇਂਦਰੀ ਬੁਲਾਰੇ ਦਾ ਪ੍ਰਸਪਰ ਕੰਟਰੋਲ ਬੇਲੋੜਾ ਹੈ। ਮੈਂ ਇਸ ਲਈ ਇਸ ਗੱਲ ਦੇ ਵਿਰੁੱਧ ਨਹੀਂ ਕਿ ਮੇਰਾ ਵਿਚਾਰ ਹੈ ਕਿ ਇੱਕ ਦੂਜੇ ਦੇ ਖੇਤਰ ਵਿੱਚ ਸਮਰਥ ਨਹੀਂ। ਨਹੀਂ! ਉਦਾਹਰਣ ਵਜੋਂ, ਕੇਂਦਰੀ ਬੁਲਾਰੇ ਦਾ ਸੰਪਾਦਕ ਮੰਡਲ ਕੇਂਦਰੀ ਕਮੇਟੀ ਨੂੰ ਇਸ ਸਬੰਧੀ ਸਹੀ ਸਲਾਹ ਦੇ ਸਕਦਾ ਹੈ ਕਿ, ਫ਼ਰਜ਼ ਕਰੋ, ਨਾਦੇਜ਼ਦਿਨ, ਨੂੰ ਕੇਂਦਰੀ ਕਮੇਟੀ ਵਿੱਚ ਸ਼ਾਮਲ ਕੀਤਾ ਜਾਵੇ ਜਾਂ ਨਹੀਂ। ਮੈਂ ਇਸ ਲਈ ਇਹਦੇ ਵਿਰੁੱਧ ਹਾਂ ਕਿ ਮੈਂ ਪ੍ਰਸਪਰ ਖਿਝਾਊ ਲਾਲ ਫ਼ੀਤਾ ਨਹੀਂ ਬਣਾਉਣਾ ਚਾਹੁੰਦਾ।"

ਮੈਂ ਇਤਰਾਜ਼ ਕੀਤਾ: "ਇਥੇ ਦੋ ਸਵਾਲ ਹਨ। ਪਹਿਲਾ ਲੋੜੀਂਦੀ ਬਹੁਗਿਣਤੀ ਦਾ ਹੈ, ਅਤੇ ਮੈਂ ਇਹਨੂੰ ਪੰਜਾਂ ਵਿੱਚੋਂ ਚਾਰ ਤੋਂ ਦੋ–ਤਿਹਾਈ ਤੱਕ ਘਟਾਉਣ ਦੇ ਵਿਰੁੱਧ ਹਾਂ। ਦਲੀਲ ਦੇ ਕੇ ਕੀਤੇ ਗਏ ਰੋਸ ਸਬੰਧੀ ਸ਼ਰਤ ਨਾਵਾਜਬ ਨਹੀਂ ਅਤੇ ਮੈਂ ਇਹਦੇ ਵਿਰੁੱਧ ਹਾਂ। ਬੇਹਿਸਾਬ ਹੱਦ ਤੱਕ ਵਧੇਰੇ ਮਹੱਤਵਪੂਰਨ ਦੂਜਾ ਸਵਾਲ ਹੈ, ਕੇਂਦਰੀ ਕਮੇਟੀ ਅਤੇ ਕੇਂਦਰੀ ਬੁਲਾਰੇ ਦੇ ਕੁਆਪਸ਼ਨ ਉੱਤੇ ਆਪਸੀ ਕੰਟਰੋਲ ਦੇ ਹੱਕ ਦਾ। ਦੋ ਕੇਂਦਰੀ ਸੰਸਥਾਵਾਂ ਦੀ ਆਪਸੀ ਰਜ਼ਾਮੰਦੀ ਸੁਰਮੇਲ ਲਈ ਇੱਕ ਲਾਜ਼ਮੀ ਸ਼ਰਤ ਹੈ। ਇਥੇ ਜਿਸ ਗੱਲ ਨਾਲ਼ ਸਾਡਾ ਵਾਹ ਹੈ ਉਹ ਦੋ ਕੇਂਦਰੀ ਸੰਸਥਾਵਾਂ ਵਿੱਚ ਸੰਭਵ ਦੁਫੇੜ ਹੈ। ਜਿਹੜਾ ਕੋਈ ਦੁਫੇੜ ਨਹੀਂ ਚਾਹੁੰਦਾ ਉਹਨੂੰ ਸੁਰਮੇਲ ਦੀ ਰੱਖਿਆ ਕਰਨ ਸਬੰਧੀ ਫ਼ਿਕਰਮੰਦੀ ਹੋਈ ਚਾਹੀਦੀ ਹੈ। ਅਸੀਂ ਪਾਰਟੀ ਦੇ ਇਤਿਹਾਸ ਤੋਂ ਜਾਣਦੇ ਹਾਂ ਕਿ ਅਜਿਹੇ ਲੋਕ ਹੋਏ ਹਨ ਜਿਨ੍ਹਾਂ ਫੁੱਟਾਂ ਪੈਦਾ ਕੀਤੀਆਂ। ਇਹ ਅਸੂਲ ਦਾ ਮਸਲਾ ਹੈ, ਇਹ ਬਹੁਤ ਮਹੱਤਵਪੂਰਨ ਮਸਲਾ, ਇੱਕ ਅਜਿਹਾ ਮਸਲਾ

ਜਿਸ ਉੱਤੇ ਸਾਡੀ ਪਾਰਟੀ ਦਾ ਸਾਰਾ ਭਵਿੱਖ ਨਿਰਭਰ ਹੋ ਸਕਦਾ ਹੈ" (ਪੰਨੇ 276-77)। ਇਹ ਮੇਰੇ ਭਾਸ਼ਣ ਦੇ ਸਾਰ ਦਾ ਪੂਰਾ ਪਾਠ ਹੈ, ਜਿਸ ਰੂਪ ਵਿੱਚ ਉਹ ਕਾਂਗਰਸ ਵਿੱਚ ਅੰਕਤ ਕੀਤਾ ਗਿਆ ਹੈ, ਇੱਕ ਅਜਿਹਾ ਭਾਸ਼ਣ ਜਿਸਨੂੰ ਸਾਥੀ ਮਾਰਤੋਵ ਵਿਸ਼ੇਸ਼ ਤੌਰ ਉੱਤੇ ਗੰਭੀਰ ਮਹੱਤਤਾ ਦੇਂਦਾ ਹੈ। ਮੰਦੇ ਭਾਗੀਂ, ਇਹਨੂੰ ਗੰਭੀਰ ਮਹੱਤਤਾ ਦੇਂਦੇ ਹੋਏ, ਉਹਨੇ ਇਹਨੂੰ ਉਸ ਸਮੇਂ ਜਦੋਂ ਉਹ ਕੀਤਾ ਗਿਆ ਸਮੁੱਚੀ ਬਹਿਸ ਅਤੇ ਕਾਂਗਰਸ ਵਿੱਚ ਸਮੁੱਚੀ ਬਹਿਸ ਅਤੇ ਕਾਂਗਰਸ ਵਿੱਚ ਸਮੁੱਚੀ ਸਿਆਸੀ ਹਾਲਤ ਦੇ ਸਬੰਧ ਵਿੱਚ ਵਿਚਾਰਨ ਦੀ ਖੇਚਲ ਨਹੀਂ ਕੀਤੀ।

ਪਹਿਲਾ ਸਵਾਲ ਇਹ ਉੱਠਦਾ ਹੈ ਕਿ ਮੈਂ ਆਪਣੇ ਮੂਲ ਖਰੜੇ ਵਿੱਚ (ਵੇਖੋ ਪੰਨਾ 394, ਗਿਆਰਵਾਂ ਪੈਰਾ), ਮੈਂ ਕੇਵਲ ਦੋ-ਤਿਹਾਈ ਦੀ ਬਹੁਗਿਣਤੀ ਕਿਉਂ ਮਿਥੀ ਅਤੇ ਕੇਂਦਰੀ ਸੰਸਥਾਵਾਂ ਲਈ ਕੁਆਪਸ਼ਨ ਉੱਤੇ ਆਪਸੀ ਕੰਟਰੋਲ ਦੀ ਮੰਗ ਕਿਉਂ ਨਾ ਕੀਤੀ। ਸਾਥੀ ਤਰਾਤਸਕੀ ਨੇ, ਜਿਹੜਾ ਮੇਰੇ ਪਿੱਛੋਂ ਬੋਲਿਆ (ਪੰਨਾ 277), ਨਿਸ਼ਚੇ ਹੀ ਇਹ ਸਵਾਲ ਉਠਾਇਆ।

ਇਹਦਾ ਜਵਾਬ ਲੀਗ ਦੀ ਕਾਂਗਰਸ ਵਿੱਚ ਮੇਰੇ ਭਾਸ਼ਣ ਅਤੇ ਦੂਜੀ ਕਾਂਗਰਸ ਸਬੰਧੀ ਸਾਥੀ ਪਾਵਲੋਵਿਚ ਦੇ ਖ਼ਤ ਵਿੱਚ ਦਿੱਤਾ ਗਿਆ ਹੈ। ਨਿਯਮਾਂ ਦੇ ਪਹਿਲੇ ਪੈਰੇ ਨੇ "ਭਾਂਡਾਂ ਤੋੜ ਦਿੱਤਾ ਸੀ" ਅਤੇ ਇਹਨੂੰ "ਦੂਹਰੀ ਗੰਢ ਨਾਲ਼" ਕਸ ਕੇ ਬੰਨ੍ਹਣਾ ਜ਼ਰੂਰੀ ਸੀ— ਮੈਂ ਲੀਗ ਦੀ ਕਾਂਗਰਸ ਵਿੱਚ ਕਿਹਾ। ਇਹਦਾ ਅਰਥ ਸੀ, ਪਹਿਲੇ, ਇਹ ਕਿ ਇਕ ਖ਼ਾਲਸ ਸਿਧਾਂਤਕ ਸਵਾਲ ਉੱਤੇ ਮਾਰਤੋਵ ਮੌਕਾਪ੍ਰਸਤ ਸਾਬਤ ਹੋਇਆ ਸੀ ਅਤੇ ਲੀਬਰ ਅਤੇ ਅਕੀਮੋਵ ਨੇ ਉਹਦੀ ਗ਼ਲਤੀ ਦੀ **ਹਮਾਇਤ ਕੀਤੀ** ਸੀ। ਦੂਜੇ, ਇਹਦਾ ਅਰਥ ਇਹ ਸੀ ਕਿ ਮਾਰਤੋਵਵਾਦੀਆਂ (ਅਰਥਾਤ, "ਇਸਕਰਾ"-ਵਾਦੀਆਂ ਦੀ ਨਿਗੂਣੀ ਜਿਹੀ ਘੱਟਗਿਣਤੀ) ਦੀ "ਇਸਕਰਾ"-ਵਿਰੋਧੀਆਂ ਨਾਲ਼ ਕੁਲੀਸ਼ਨ ਕੇਂਦਰੀ ਸੰਸਥਾਵਾਂ ਦੀ ਸਖ਼ਸੀ ਬਣਤਰ ਸਬੰਧੀ ਵੋਟ ਵਿੱਚ ਉਹਨਾਂ ਲਈ **ਕਾਂਗਰਸ ਵਿੱਚ ਬਹੁਗਿਣਤੀ** ਨਿਸ਼ਚਿਤ ਬਣਾਉਂਦੀ। ਅਤੇ ਇਥੇ ਮੈਂ ਸੁਰਮੇਲ ਦੀ ਲੋੜ ਉੱਤੇ ਜ਼ੋਰ ਦੇਂਦਾ ਹੋਇਆ ਅਤੇ **"ਉਹਨਾਂ ਲੋਕਾਂ" ਵਿਰੁੱਧ "ਜਿਹੜੇ ਦੁਫੇੜਾਂ ਪੈਦਾ ਕਰਦੇ ਹਨ" ਚੇਤਾਵਨੀ ਦੇਂਦਾ ਹੋਇਆ** ਕੇਂਦਰੀ ਸੰਸਥਾਵਾਂ ਦੀ **ਸ਼ਖ਼ਸੀ ਬਣਤਰ** ਸਬੰਧੀ ਬੋਲ ਰਿਹਾ ਸਾਂ। ਇਸ ਚੇਤਾਵਨੀ ਦੀ ਨਿਰਸੰਦੇਹ ਮਹੱਤਵਪੂਰਨ ਅਸੂਲੀ ਸਾਰਥਕਤਾ ਹੈ, ਕਿਉਂਕਿ "ਇਸਕਰਾ" ਜਥੇਬੰਦੀ ਨੇ (ਜਿਸਨੂੰ ਸਾਰੇ ਅਮਲੀ ਮਾਮਲਿਆਂ ਨਾਲ਼ ਅਤੇ ਸਾਰੇ ਉਮੀਦਵਾਰਾਂ ਨਾਲ਼ ਅਤਿਅੰਤ ਨੇੜਵੀਂ ਅਮਲੀ ਵਾਕਫ਼ੀ ਸੀ, ਇਸ ਲਈ ਜਿਹੜੀ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਸਬੰਧੀ ਨਿਰਣਾ ਕਰਨ ਦੇ ਸਭ ਤੋਂ ਵੱਧ ਯੋਗ ਸੀ) ਇਸ ਵਿਸ਼ੇ ਸਬੰਧੀ ਪਹਿਲਾਂ ਹੀ ਆਪਣੀਆਂ ਸਿਫ਼ਾਰਸ਼ਾਂ ਕਰ ਦਿੱਤੀਆਂ ਹੋਈਆਂ ਸਨ ਅਤੇ ਉਹਨਾਂ ਉਮੀਦਵਾਰਾਂ ਸਬੰਧੀ ਜਿਹੜੇ ਉਹਦੇ ਤੌਖ਼ਲੇ ਜਗਾਉਂਦੀਆਂ ਉਹ ਨਿਰਣੇ ਪਹਿਲਾਂ ਹੀ ਲੈ ਲਏ ਸਨ, ਜਿਹੜੇ ਅਸੀਂ ਜਾਣਦੇ ਹਾਂ। ਸਦਾਚਾਰਕ ਅਤੇ ਇਹਦੇ ਗੁਣਾਂ (ਅਰਥਾਤ, ਇਹਦੀ ਨਿਰਣਾ ਕਰਨ ਦੀ ਯੋਗਤਾ) ਅਨੁਸਾਰ "ਇਸਕਰਾ" ਜਥੇਬੰਦੀ ਨੂੰ ਇਸ ਨਾਜ਼ੁਕ ਮਾਮਲੇ ਵਿੱਚ ਨਿਰਣਾਇਕ ਰਾਏ ਪ੍ਰਾਪਤ ਹੋਣੀ ਚਾਹੀਦੀ ਸੀ। ਪਰ, ਨਿਰਸੰਦੇਹ, **ਰਸਮੀ ਤੌਰ ਉੱਤੇ**

ਗੱਲ ਕਰਦਿਆਂ, ਸਾਥੀ ਮਾਰਤੋਵ ਨੂੰ "ਇਸਕਰਾ" ਜਥੇਬੰਦੀ ਦੀ ਬਹੁਗਿਣਤੀ **ਵਿਰੁੱਧ** ਲੀਬਰਾਂ ਅਤੇ ਅਕੀਮੋਵਾਂ ਅੱਗੇ ਵਾਸਤਾ ਪਾਉਣ ਦਾ ਹਰ ਹੱਕ ਪ੍ਰਾਪਤ ਸੀ। ਪਹਿਲੇ ਪੈਰੇ ਉੱਤੇ ਆਪਣੇ ਸ਼ਾਨਦਾਰ ਭਾਸ਼ਣ ਵਿੱਚ ਸਾਥੀ ਅਕੀਮੋਵ ਨੇ ਸ਼ਾਨਦਾਰ ਸਪਸ਼ਟਤਾ ਅਤੇ ਸਿਆਣਪ ਨਾਲ਼ ਕਿਹਾ ਸੀ ਕਿ ਜਦੋਂ ਕਦੀ ਉਹਨੂੰ "ਇਸਕਰਾ"-ਵਾਦੀਆਂ ਵਿੱਚ ਆਪਣੇ ਸਾਂਝੇ "ਇਸਕਰਾ" ਮੰਤਵ ਪ੍ਰਾਪਤ ਕਰਨ ਦੇ ਢੰਗ ਸਬੰਧੀ ਮਤਭੇਦ ਦਿਸਦਾ, ਉਹ ਚੇਤੰਨਤਾ ਨਾਲ਼ ਅਤੇ ਜਾਣ-ਬੁੱਝ ਕੇ **ਭੈੜੇ ਢੰਗ ਲਈ ਵੋਟ ਦੇਂਦਾ** ਕਿਉਂਕਿ ਉਹਦੇ, ਅਕੀਮੋਵ ਦੇ ਮੰਤਵ "ਇਸਕਰਾ"-ਵਾਦੀਆਂ ਦੇ ਬਿਲਕੁਲ ਉਲਟ ਸਨ। ਇਸ ਲਈ ਇਸ ਸਬੰਧੀ **ਰੰਚਕ ਮਾਤਰ ਸ਼ੱਕ ਵੀ ਨਹੀਂ** ਸੀ ਹੋ ਸਕਦਾ, ਕਿ, ਭਾਵੇਂ ਸਾਥੀ ਮਾਰਤੋਵ ਦੀਆਂ ਇੱਛਾਵਾਂ ਅਤੇ ਨੀਅਤਾਂ ਕੁੱਝ ਕਿਉਂ ਨਾ ਹੋਣ, **ਕੇਂਦਰੀ ਸੰਸਥਾਵਾਂ ਦੀ ਸਭ ਤੋਂ ਭੈੜੀ ਬਣਤਰ ਨੂੰ ਹੀ** ਲੀਬਰਾਂ ਅਤੇ ਅਕੀਮੋਵਾਂ ਦੀ ਹਮਾਇਤ ਪ੍ਰਾਪਤ ਹੁੰਦੀ। (ਉਹਨਾਂ ਦੀਆਂ **ਕਰਤੂਤਾਂ** ਤੋਂ, ਪਹਿਲੇ ਪੈਰੇ ਸਬੰਧੀ ਉਹਨਾਂ ਦੇ ਵੋਟਾਂ ਤੋਂ ਅਤੇ ਉਹਨਾਂ ਦੇ ਕਥਨਾਂ ਤੋਂ ਨਹੀਂ, ਨਿਰਣਾ ਕਰਦੇ ਹੋਏ), ਉਹ ਐਨ ਉਸ ਸੂਚੀ ਲਈ ਹੀ **ਵੋਟ ਦੇਣ ਸਕਦੇ** ਸਨ ਅਤੇ ਉਹਨਾਂ ਲਈ ਦੇਣਾ ਲਾਜ਼ਮੀ ਸੀ, ਜਿਹੜੀ ਅਜਿਹੇ ਲੋਕਾਂ ਦੀ ਮੌਜੂਦਗੀ ਨਿਸ਼ਚਿਤ ਬਣਾਉਂਦੀ ਅਤੇ "ਜਿਹੜੇ ਫੁੱਟਾਂ ਲਿਆਉਂਦੇ ਹਨ" **ਮੰਤਵ ਲਈ ਹੀ ਨਿਸ਼ਚਿਤ ਬਣਾਉਂਦੀ**। ਇਸ ਹਾਲਤ ਵਿੱਚ ਕੀ ਇਹ ਅਚੰਭਾਜਨਕ ਸੀ ਕਿ ਮੈਂ ਕਿਹਾ ਕਿ ਇਹ ਅਸੂਲ ਦਾ ਮਹੱਤਵਪੂਰਨ ਸਵਾਲ ਸੀ (ਦੋ ਕੇਂਦਰੀ ਸੰਸਥਾਵਾਂ ਵਿੱਚ ਸੁਰਮੇਲ), ਜਿਸ ਉੱਤੇ ਸਾਡੀ ਪਾਰਟੀ ਦਾ ਸਾਰਾ ਭਵਿੱਖ ਨਿਰਭਰ ਹੋ ਸਕਦਾ ਹੈ ?

ਕੋਈ ਸੋਸ਼ਲ-ਡੈਮੋਕ੍ਰੈਟ ਜਿਸਨੂੰ "ਇਸਕਰਾ" ਦੇ ਵਿਚਾਰਾਂ ਤੇ ਪਲਾਨਾਂ ਅਤੇ ਸਾਡੀ ਪਾਰਟੀ ਦੇ ਇਤਿਹਾਸ ਦਾ ਕੁੱਝ ਵੀ ਪਤਾ ਹੈ, ਅਤੇ ਜਿਹੜਾ ਉਹਨਾਂ ਵਿਚਾਰਾਂ ਵਿੱਚ ਖ਼ਿਆਲ ਬਣਨ ਸਬੰਧੀ ਥੋੜ੍ਹਾ ਜਿਹਾ ਵੀ ਗੰਭੀਰ ਹੈ, ਇੱਕ ਛਿਣ ਲਈ ਵੀ ਇਸ ਗੱਲ ਉੱਤੇ ਸ਼ੱਕ ਨਹੀਂ ਕਰੇਗਾ ਕਿ ਜਿੱਥੇ ਰਸਮੀ ਤੌਰ ਉੱਤੇ ਇਹ ਉੱਕਾ ਹੀ ਠੀਕ ਅਤੇ ਯੋਗ ਹੋਵੇਗਾ ਕਿ ਕੇਂਦਰੀ ਸੰਸਥਾਵਾਂ ਦੀ ਬਣਤਰ ਸਬੰਧੀ "ਇਸਕਰਾ" ਜਥੇਬੰਦੀ ਦੇ ਅੰਦਰ ਮਤਭੇਦਾਂ ਨੂੰ ਲੀਬਰ ਅਤੇ ਅਕੀਮੋਵ ਹੱਲ ਕਰਨ, ਇਹ **ਸਭ ਤੋਂ ਭੈੜੇ** ਸੰਭਵ ਨਤੀਜੇ ਨਿਸ਼ਚਿਤ ਬਣਾਵੇਗਾ। ਇਹ ਸਭ ਤੋਂ ਭੈੜੇ ਸੰਭਵ ਨਤੀਜੇ **ਰੋਕਣ ਲਈ ਲੜਨਾ** ਲਾਜ਼ਮੀ ਸੀ।

ਤਾਂ ਅਸਾਂ ਉਹਨਾਂ ਵਿਰੁੱਧ ਕਿਵੇਂ ਲੜਨਾ ਸੀ ? ਅਸੀਂ ਖੌਰੂ ਪਾਕੇ ਜਾਂ ਖਹਿਬੜਾਂ ਰਾਹੀਂ ਨਾ ਲੜੇ, ਸਗੋਂ ਅਜਿਹੇ ਢੰਗਾਂ ਨਾਲ਼ ਲੜੇ ਜਿਹੜੇ **ਉੱਕਾ ਹੀ ਵਫ਼ਾਦਾਰ ਅਤੇ ਉੱਕਾ ਹੀ ਜਾਇਜ਼** ਸਨ: ਇਹ ਵੇਖਦੇ ਹੋਏ ਕਿ ਅਸੀਂ ਘੱਟਗਿਣਤੀ ਵਿੱਚ ਸਾਂ (ਜਿਹਾ ਕਿ ਪਹਿਲੇ ਪੈਰੇ ਦੇ ਸਵਾਲ ਉੱਤੇ), **ਅਸਾਂ ਕਾਂਗਰਸ ਅੱਗੇ ਅਪੀਲ ਕੀਤੀ ਕਿ ਉਹ ਘੱਟਗਿਣਤੀ ਦੇ ਹੱਕਾਂ ਦੀ ਰੱਖਿਆ ਕਰੇ।** ਮੈਂਬਰਾਂ ਦੀ ਪ੍ਰਵਾਨਗੀ ਲਈ ਵਧੇਰੇ ਕਰੜਾਈ (ਦੋ-ਤਿਹਾਈ ਦੀ ਥਾਂ ਪੰਜਾਂ ਵਿੱਚੋਂ ਚਾਰ), ਕੁਆਪਸ਼ਨ ਲਈ ਸਰਬ-ਸੰਮਤੀ ਦੀ ਲੋੜ, ਕੇਂਦਰੀ ਸੰਸਥਾਵਾਂ ਲਈ ਕੁਆਪਸ਼ਨ ਉੱਤੇ ਪ੍ਰਸਪਰ ਕੰਟਰੋਲ—ਅਸਾਂ ਇਸ ਸਭ ਕੁੱਝ ਦੀ ਹਮਾਇਤ ਉਸ ਸਮੇਂ ਕੀਤੀ **ਜਦੋਂ ਅਸਾਂ ਵੇਖਿਆ ਕਿ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ** ਸੀ ਅਤੇ ਇਹ ਕਿ ਅਸਾਂ ਕੰਟਰੋਲ ਦੀਆਂ ਵਧੇਰੇ ਸਖ਼ਤ ਸ਼ਰਤਾਂ ਲਈ ਇਸ ਲਈ ਯਤਨ ਕੀਤਾ ਕਿ ਅਸੀਂ ਘਟਗਿਣਤੀ ਵਿੱਚ ਸਾਂ, ਅਤੇ

ਮਾਰਤੋਵ ਵੱਲੋਂ ਲੀਬਰਾਂ ਅਤੇ ਅਕੀਮੋਵਾਂ ਵਲੋਂ ਖ਼ੁਸ਼ੀਆਂ ਵਿਚਕਾਰ ਅਤੇ ਉਹਨਾਂ ਦੀ ਖ਼ੁਸ਼ੀ-ਭਰੀ ਸਹਾਇਤਾ ਨਾਲ਼ ਤੋੜੇ "ਭਾਂਡੇ ਨੂੰ ਦੂਹਰੀ ਗੰਢ ਨਾਲ਼ ਕਸ ਕੇ ਬੰਨ੍ਹਣਾ" ਚਾਹੁੰਦੇ ਸਾਂ।

ਸਾਥੀ ਪਾਵਲੋਵਿਚ ਕਹਿੰਦਾ ਹੈ, "ਜੇ ਅਸੀਂ ਅਜਿਹੇ ਨਾ ਹੁੰਦੇ ਤਾਂ ਬੰਦਾ ਇਹ ਫ਼ਰਜ਼ ਕਰ ਲੈਂਦਾ ਕਿ ਅਸੀਂ ਕੁਆਪਸ਼ਨ ਦੇ ਮਾਮਲਿਆਂ ਵਿੱਚ ਸਰਬ-ਸੰਮਤੀ ਸਬੰਧੀ ਨੁਕਤਾ ਪੇਸ਼ ਕਰਕੇ ਆਪਣੇ ਵਿਰੋਧੀਆਂ ਦੇ ਹਿਤਾਂ ਸਬੰਧੀ ਫ਼ਿਕਰਮੰਦ ਸਾਂ; ਕਿਉਂਕਿ ਜਿਹੜੀ ਧਿਰ ਪ੍ਰਧਾਨ ਹੁੰਦੀ ਹੈ, ਉਹਦੇ ਲਈ ਸਰਬ-ਸੰਮਤੀ ਵਾਲ਼ੀ ਕੋਈ ਵੀ ਸੰਸਥਾ ਬੇਲੋੜੀ ਅਤੇ ਇਥੋਂ ਤੱਕ ਕਿ ਹਾਨੀਕਾਰਕ ਹੁੰਦੀ ਹੈ।" ("ਦੂਜੀ ਕਾਂਗਰਸ ਸਬੰਧੀ ਖ਼ਤ", ਪੰਨਾ 14।) ਪਰ ਅੱਜ ਘਟਨਾਵਾਂ ਦਾ ਕਾਲ-ਕ੍ਰਮਕ ਪੱਖ ਬਹੁਤ ਜ਼ਿਆਦਾ ਵਾਰ ਭੁਲਾ ਦਿੱਤਾ ਜਾਂਦਾ ਹੈ; ਇਹ ਭੁੱਲ ਜਾਇਆ ਜਾਂਦਾ ਹੈ ਕਿ **ਕਾਂਗਰਸ ਵਿੱਚ ਇੱਕ ਪੂਰਾ ਸਮਾਂ ਸੀ** ਜਦੋਂ ਅਜੋਕੀ ਘੱਟਗਿਣਤੀ ਬਹੁਗਿਣਤੀ ਵਿੱਚ ਸੀ (ਲੀਬਰਾਂ ਅਤੇ ਅਕੀਮੋਵਾਂ ਦੀ ਸ਼ਮੂਲੀਅਤ ਸਦਕਾ), ਅਤੇ ਇਹ ਕਿ ਐਨ ਇਸੇ ਸਮੇਂ ਵਿੱਚ ਹੀ ਕੇਂਦਰੀ ਸੰਸਥਾਵਾਂ ਲਈ ਕੁਆਪਸ਼ਨ ਸਬੰਧੀ ਵਿਵਾਦ ਛਿੜਿਆ, ਜਿਸਦਾ ਬੁਨਿਆਦੀ ਕਾਰਨ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਸਬੰਧੀ "ਇਸਕਰਾ" ਜਥੇਬੰਦੀ ਵਿੱਚ ਮਤਭੇਦ ਸਨ। ਜਿਹੜਾ ਇਸ ਤੱਥ ਨੂੰ ਸਮਝ ਲੈਂਦਾ ਹੈ ਉਹ ਉਸ ਜੋਖ ਨੂੰ ਸਮਝ ਲਵੇਗਾ ਜਿਹੜਾ ਸਾਡੀਆਂ ਬਹਿਸਾਂ ਦਾ ਲੱਛਣ ਸੀ ਅਤੇ ਇਸ **ਜਾਪਦੇ** ਉਲਟ-ਭਾਸ ਉੱਤੇ ਹੈਰਾਨ ਨਹੀਂ ਹੋਵੇਗਾ ਕਿ ਵਿਸਥਾਰਾਂ ਸਬੰਧੀ ਤੁੱਛ ਮਤਭੇਦਾਂ ਨੇ ਅਸੂਲ ਦੇ ਮਹਤੱਵਪੂਰਨ ਮਾਮਲਿਆਂ ਨੂੰ ਜਨਮ ਦਿੱਤਾ।

ਸਾਥੀ ਡਿਊਸ਼ ਉਸੇ ਬੈਠਕ ਵਿੱਚ ਬੋਲਦੇ ਹੋਏ (ਪੰਨਾ 277) ਕਈ ਪੱਖਾਂ ਵਿੱਚ ਠੀਕ ਸੀ, ਜਦੋਂ ਉਹਨੇ ਕਿਹਾ: "ਇਹ ਪ੍ਰਸਤਾਵ ਹਾਲ ਦੀ ਘੜੀ ਲਈ ਹੈ।" ਹਾਂ, ਨਿਰਸੰਦੇਹ, ਕੇਵਲ ਜਦੋਂ ਅਸੀਂ **ਉਸ ਹਾਲ ਦੀ ਘੜੀ** ਨੂੰ ਉਹਦੀ ਸਾਰੀ ਗੁੰਝਲਦਾਰੀ ਵਿੱਚ ਸਮਝ ਲੈਂਦੇ ਹਾਂ, ਤਾਂ ਅਸੀਂ ਵਿਵਾਦ ਦਾ ਅਸਲੀ ਅਰਥ ਸਮਝ ਸਕਾਂਗੇ। ਅਤੇ ਇਹ ਗੱਲ ਚੇਤੇ ਰੱਖਣਾ ਅਤਿਅੰਤ ਮਹੱਤਵਪੂਰਨ ਹੈ ਕਿ ਜਦੋਂ **ਅਸੀਂ** ਘੱਟਗਿਣਤੀ ਵਿੱਚ ਸਾਂ, ਅਸਾਂ ਘੱਟਗਿਣਤੀ ਦੇ ਹੱਕਾਂ ਦੀ ਰੱਖਿਆ **ਅਜਿਹੇ ਢੰਗਾਂ ਨਾਲ਼** ਕੀਤੀ ਜਿਨ੍ਹਾਂ ਨੂੰ ਕੋਈ ਵੀ ਯੂਰਪੀ ਸੋਸ਼ਲ-ਡੈਮੋਕ੍ਰੈਟ ਜਾਇਜ਼ ਅਤੇ ਆਗਿਆਯੋਗ ਮੰਨੇਗਾ, ਕਾਂਗਰਸ ਅੱਗੇ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਉੱਤੇ ਵਧੇਰੇ ਕਰੜੇ ਕੰਟਰੋਲ ਲਈ ਅਪੀਲ ਕਰਕੇ। ਸਾਥੀ ਯੇਗੋਰੋਵ ਬਹੁਤ ਪੱਖਾਂ ਤੋਂ ਠੀਕ ਸੀ, ਜਦੋਂ ਉਹਨੇ ਕਾਂਗਰਸ ਵਿੱਚ ਪਰ ਇੱਕ ਹੋਰ ਬੈਠਕ ਸਮੇਂ ਕਿਹਾ: "ਮੈਨੂੰ ਬਹਿਸ ਵਿੱਚ ਇੱਕ ਵਾਰ ਫਿਰ ਅਸੂਲਾਂ ਵੱਲ ਸੰਕੇਤ ਸੁਣ ਕੇ ਬਹੁਤ ਜ਼ਿਆਦਾ ਹੈਰਾਨੀ ਹੋਈ ਹੈ।"...[ਇਹ ਗੱਲ ਕੇਂਦਰੀ ਕਮੇਟੀ ਦੀਆਂ ਚੋਣਾਂ ਦੇ ਸਬੰਧ ਵਿੱਚ, 31ਵੀਂ ਬੈਠਕ ਸਮੇਂ ਕਹੀ ਗਈ, ਅਰਥਾਤ, ਜੇ ਮੈਨੂੰ ਗ਼ਲਤੀ ਨਹੀਂ ਲੱਗਦੀ, ਵੀਰਵਾਰ ਸਵੇਰ ਨੂੰ, ਜਿਥੇ ਕਿ 26ਵੀਂ ਬੈਠਕ, ਜਿਸ ਦੀ ਅਸੀਂ ਇਥੇ ਗੱਲ ਕਰ ਰਹੇ ਹਾਂ ਸੋਮਵਾਰ ਸ਼ਾਮ ਨੂੰ ਹੋਈ ਸੀ।]... "ਮੇਰਾ ਵਿਚਾਰ ਹੈ ਕਿ ਇਹ ਗੱਲ ਸਪਸ਼ਟ ਹੈ ਕਿ ਪਿਛਲੇ ਕੁੱਝ ਦਿਨਾਂ ਵਿੱਚ ਬਹਿਸ ਅਸੂਲਾਂ ਦੇ ਸਵਾਲਾਂ ਦੁਆਲੇ ਨਹੀਂ ਘੁੰਮੀ ਸਗੋਂ ਪੂਰੀ ਤਰ੍ਹਾਂ ਉੱਤੇ ਕੇਂਦਰੀ ਸੰਸਥਾਵਾਂ ਵਿੱਚ ਇੱਕ ਜਾਂ ਦੂਜੇ ਬੰਦੇ ਦੀ ਸ਼ਮੂਲੀਅਤ ਪ੍ਰਾਪਤ ਕਰਾਉਣ ਜਾਂ ਰੋਕਣ ਦੁਆਲੇ ਘੁੰਮੀ ਹੈ। ਆਓ ਅਸੀਂ ਇਹ ਪ੍ਰਵਾਨ ਕਰ ਲਈਏ ਕਿ ਇਸ

ਕਾਂਗਰਸ ਵਿੱਚ ਅਸੂਲ ਬੜੇ ਸਮੇਂ ਤੋਂ ਗੁਆਚ ਗਏ ਹਨ ਅਤੇ ਸੱਪ ਨੂੰ ਸੱਪ ਕਹੀਏ। (**ਆਮ ਹਾਸਾ। ਮੁਰਾਵੀਓਵ**: 'ਮੈਂ ਇਹ ਅੰਕਿਤ ਕੀਤੇ ਜਾਣ ਦੀ ਬੇਨਤੀ ਕਰਦਾ ਹਾਂ ਕਿ ਸਾਥੀ ਮਾਰਤੋਵ ਮੁਸਕਰਾਇਆ')" (ਪੰਨਾ 337)। ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਸਾਥੀ ਮਾਰਤੋਵ ਸਾਥੀ ਯੇਗੋਰੋਵ ਦੀਆਂ ਸ਼ਿਕਾਇਤਾਂ ਉੱਤੇ, ਜਿਹੜੀਆਂ ਸੱਚਮੁਚ ਹਾਸੋਹੀਣੀਆਂ ਸਨ, ਸਾਡੇ ਸਾਰਿਆਂ ਵਾਂਗ ਹੱਸਿਆ। ਹਾਂ, "**ਪਿਛਲੇ ਕੁੱਝ ਦਿਨਾਂ ਦੇ ਦੌਰਾਨ**" ਬਹੁਤ ਕੁੱਝ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਦੁਆਲੇ **ਘੁੰਮਿਆ**। ਇਹ ਸੱਚ ਹੈ। ਨਿਰਸੰਦੇਹ, ਇਹ ਗੱਲ ਕਾਂਗਰਸ ਵਿੱਚ **ਹਰ ਇੱਕ ਲਈ ਸਪਸ਼ਟ** ਸੀ (ਅਤੇ ਕੇਵਲ **ਹੁਣ** ਘੱਟਗਿਣਤੀ ਇਸ ਸਪਸ਼ਟ ਤੱਥ ਨੂੰ **ਧੁੰਦਲਾਉਣ** ਦਾ ਯਤਨ ਕਰ ਰਹੀ ਹੈ)। ਅਤੇ, ਅਖ਼ੀਰ, ਇਹ ਗੱਲ ਠੀਕ ਹੈ ਕਿ ਸੱਪ ਨੂੰ ਸੱਪ ਹੀ ਕਿਹਾ ਜਾਣਾ ਚਾਹੀਦਾ ਹੈ। ਪਰ, ਰੱਬ ਦਾ ਵਾਸਤਾ, **ਇਥੇ** "ਅਸੂਲ ਗੁਆਚ ਜਾਣਾ" ਕਿੱਥੇ ਹੈ ? ਅਖ਼ੀਰ ਅਸੀਂ **ਮੁੱਢਲੇ ਦਿਨਾਂ ਵਿੱਚ** ਕਾਂਗਰਸ ਵਿੱਚ ਪ੍ਰੋਗਰਾਮ, ਦਾਅ-ਪੇਚ ਅਤੇ ਨਿਯਮ ਵਿਚਾਰਨ **ਲਈ** ਅਤੇ ਉਹਨਾਂ ਸਬੰਧੀ ਸਵਾਲ ਹੱਲ ਕਰਨ ਲਈ ਇਕੱਠੇ ਹੋਏ ਸਾਂ (ਵੇਖੋ ਪੰਨਾ 10, ਕਾਂਗਰਸ ਦਾ ਏਜੰਡਾ), ਅਤੇ **ਅਖ਼ੀਰਲੇ ਦਿਨਾਂ ਵਿੱਚ** (ਏਜੰਡੇ ਦੀ ਮਦ 18 ਤੋਂ 19) ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਉੱਤੇ ਵਿਚਾਰ ਕਰਨ ਲਈ ਅਤੇ **ਉਹ** ਸਵਾਲ ਹੱਲ ਕਰਨ ਲਈ। ਜਦੋਂ ਕਾਂਗਰਸਾਂ ਦੇ **ਅਖ਼ੀਰੀ ਦਿਨ** ਲਗਾਮਾਂ ਸਾਂਭਣ ਵਾਲ਼ੇ ਸਬੰਧੀ ਘੋਲ਼ ਨੂੰ ਸਮਰਪਤ ਹੁੰਦੇ ਹਨ ਤਾਂ ਇਹ ਸੁਭਾਵਕ ਅਤੇ ਉੱਕਾ ਹੀ ਜਾਇਜ਼ ਹੈ। (ਪਰ ਜਦੋਂ ਲਗਾਮਾਂ ਸਾਂਭਣ ਸਬੰਧੀ ਘੋਲ਼ **ਕਾਂਗਰਸਾਂ ਪਿੱਛੋਂ** ਲੜਿਆ ਜਾਂਦਾ ਹੈ ਤਾਂ ਇਹ ਖਹਿਬੜਨਾ ਹੈ।) ਜੇ ਕਿਸੇ ਨੂੰ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਸਬੰਧੀ **ਕਾਂਗਰਸ ਵਿੱਚ** ਹਾਰ ਹੁੰਦੀ ਹੈ (ਜਿਵੇਂ ਸਾਥੀ ਯੇਗੋਰੋਵ ਨੂੰ ਹੋਈ), ਉਹਦੇ ਲਈ, **ਉਸ ਤੋਂ ਪਿੱਛੋਂ**, "ਅਸੂਲਾਂ ਦੇ ਗੁਆਚ ਜਾਣ" ਦੀ ਗੱਲ ਕਰਨਾ **ਬਸ ਹਾਸੋਹੀਣਾ** ਹੈ। ਇਸ ਲਈ ਇਹ ਗੱਲ ਸਮਝ ਆਉਣ ਵਾਲ਼ੀ ਹੈ ਕਿ ਕਿਉਂ ਹਰ ਇੱਕ ਸਾਥੀ ਯੇਗੋਰੋਵ ਉੱਤੇ ਹੱਸਿਆ। ਇਹ ਵੀ ਸਮਝ ਆਉਣ ਵਾਲ਼ੀ ਗੱਲ ਹੈ ਕਿ ਸਾਥੀ ਮੁਰਾਵੀਓਵ ਨੇ ਕਿਉਂ ਇਹ ਬੇਨਤੀ ਕੀਤੀ ਕਿ ਇਹ ਗੱਲ ਕਾਰਵਾਈ ਵਿੱਚ ਅੰਕਤ ਕੀਤੀ ਜਾਵੇ ਕਿ ਸਾਥੀ ਮਾਰਤੋਵ ਨੇ ਹਾਸੇ ਵਿੱਚ ਹਿੱਸਾ ਲਿਆ: **ਸਾਥੀ ਯੇਗੋਰੋਵ ਉੱਤੇ ਹੱਸ ਕੇ ਸਾਥੀ ਮਾਰਤੋਵ ਆਪਣੇ ਆਪ ਉੱਤੇ ਹੱਸ ਰਿਹਾ ਸੀ**।...

ਮੁਰਾਵੀਓਵ ਦੇ ਵਿਅੰਗ ਤੋਂ ਬਿਨਾਂ, ਸ਼ਾਇਦ, ਹੇਠ ਲਿਖਿਆ ਤੱਥ ਬਿਆਨ ਕਰਨਾ ਫ਼ਾਲਤੂ ਨਹੀਂ ਹੋਵੇਗਾ। ਜਿਹਾ ਕਿ ਅਸੀਂ ਜਾਣਦੇ ਹਾਂ, **ਕਾਂਗਰਸ ਤੋਂ ਪਿੱਛੋਂ** ਸਾਥੀ ਮਾਰਤੋਵ ਨੇ ਸੱਜੇ ਖੱਬੇ ਦਾਅਵਾ ਕੀਤਾ ਕਿ ਇਹ ਕੇਂਦਰੀ ਸੰਸਥਾਵਾਂ ਵਿੱਚ ਕੁਆਪਸ਼ਨ ਦਾ ਮਸਲਾ ਸੀ, ਜਿਸਨੇ ਸਾਡੇ ਵਖੇਵੇਂ ਵਿੱਚ ਸਭ ਤੋਂ ਮਹੱਤਵਪੂਰਨ ਰੋਲ ਅਦਾ ਕੀਤਾ, ਅਤੇ ਇਹ ਕਿ "ਪੁਰਾਣੇ ਸੰਪਾਦਕ ਮੰਡਲ ਦੀ ਬਹੁਗਿਣਤੀ" ਕੇਂਦਰੀ ਸੰਸਥਾਵਾਂ ਵਿੱਚ ਕੁਆਪਸ਼ਨ ਦੇ ਪ੍ਰਸਪਰ ਕੰਟਰੋਲ ਦੇ ਵਿਰੁੱਧ ਸੀ। **ਕਾਂਗਰਸ ਤੋਂ ਪਹਿਲਾਂ**, ਦੋ-ਤਿਹਾਈ ਬਹੁਗਿਣਤੀ ਨਾਲ਼ ਪ੍ਰਸਪਰ ਕੁਆਪਸ਼ਨ ਸਹਿਤ ਦੋ ਤਿੱਕੜੀਆਂ ਚੁਣਨ ਦੀ ਮੇਰੀ ਪਲਾਨ ਕਬੂਲ ਕਰਦੇ ਹੋਏ, ਸਾਥੀ ਮਾਰਤੋਵ ਨੇ **ਇਸ ਵਿਸ਼ੇ ਉੱਤੇ ਮੈਨੂੰ ਲਿਖਿਆ**: "**ਪ੍ਰਸਪਰ ਕੁਆਪਸ਼ਨ ਦਾ ਇਹ ਰੂਪ ਕਬੂਲ ਕਰਦੇ ਹੋਏ**, ਇਸ ਗੱਲ ਉੱਤੇ ਜ਼ੋਰ ਦੇਣ ਦੀ ਲੋੜ ਹੈ ਕਿ ਕਾਂਗਰਸ ਤੋਂ ਪਿੱਛੋਂ ਹਰ ਸੰਸਥਾ

ਵਿੱਚ ਵਾਧੇ ਕੁੱਝ ਵੱਖਰੀ ਤਰ੍ਹਾਂ ਕੀਤੇ ਜਾਣਗੇ (**ਮੈਂ ਹੇਠ ਲਿਖੇ ਦੀ ਸਲਾਹ ਦਿਆਂਗਾ**: ਹਰ ਸੰਸਥਾ, ਦੂਜੀ ਸੰਸਥਾ ਨੂੰ ਆਪਣੇ ਇਰਾਦੇ ਦੀ ਸੂਚਨਾ ਦੇਂਦੇ ਹੋਏ ਨਵੇਂ ਮੈਂਬਰ ਕੁਆਪਟ ਕਰਦੀ ਹੈ; **ਪਿਛਲੇਰੀ ਰੋਸ ਪ੍ਰਗਟ ਕਰ ਸਕਦੀ ਹੈ, ਜਿਸ ਹਾਲਤ ਵਿੱਚ ਵਿਵਾਦ ਦਾ ਹੱਲ ਪ੍ਰੀਸ਼ਦ ਕਰੇਗੀ।** ਢਿੱਲਾਂ ਤੋਂ ਬਚਣ ਲਈ, ਇਹ ਕਾਰਜ-ਵਿਧੀ **ਪਹਿਲਾਂ ਤੋਂ ਨਾਮਜ਼ਦ ਕੀਤੇ ਉਮੀਦਵਾਰਾਂ** ਦੇ ਸਬੰਧ ਵਿੱਚ ਅਪਣਾਈ ਜਾਣੀ ਚਾਹੀਦੀ ਹੈ—**ਘੱਟੋ ਘੱਟ ਕੇਂਦਰੀ ਕਮੇਟੀ ਦੇ ਸਬੰਧ ਵਿੱਚ**—ਜਿਨ੍ਹਾਂ ਦੀ ਗਿਣਤੀ ਵਿੱਚੋਂ ਫਿਰ ਵਾਧੇ ਤੇਜ਼ੀ ਨਾਲ਼ ਕੀਤੇ ਜਾ ਸਕਦੇ ਹਨ)। ਇਸ ਗੱਲ ਉੱਤੇ ਜ਼ੋਰ ਦੇਣ ਲਈ ਕਿ ਪਿੱਛੋਂ ਜਾਕੇ ਹੋਣ ਵਾਲ਼ੀਆਂ ਕੁਆਪਸ਼ਨਾਂ ਪਾਰਟੀ ਨਿਯਮਾਂ ਵੱਲੋਂ ਮਿਥੇ ਢੰਗ ਨਾਲ਼ ਹੋਣਗੀਆਂ, ਮਦ 22* ਵਿੱਚ ਇਹ ਵਾਧਾ ਕਰ ਦੇਣਾ ਚਾਹੀਦਾ ਹੈ: ...ਜਿਸ ਵੱਲੋਂ ਨਿਰਣਿਆਂ ਦੀ ਤਸਦੀਕ ਕੀਤੀ ਜਾਵੇਗੀ'।" (ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ।)

ਟਿੱਪਣੀ ਫ਼ਜ਼ੂਲ ਹੈ।

—————————

ਉਸ ਛਿਣ ਦੀ ਮਹੱਤਤਾ ਬਿਆਨ ਕਰਨ ਪਿੱਛੋਂ ਜਦੋਂ ਕੇਂਦਰੀ ਸੰਸਥਾਵਾਂ ਲਈ ਕੁਆਪਸ਼ਨ ਸਬੰਧੀ ਵਿਵਾਦ ਹੋਇਆ, ਇਹ ਲਾਜ਼ਮੀ ਹੈ ਕਿ ਇਸ ਵਿਸ਼ੇ ਉੱਤੇ **ਵੋਟਾਂ ਵੱਲ** ਥੋੜ੍ਹਾ ਧਿਆਨ ਦੇਈਏ—**ਬਹਿਸ ਨੂੰ** ਸਮਾਂ ਦੇਣਾ ਬੇਲੋੜਾ ਹੈ ਕਿਉਂਕਿ ਮਾਰਤੋਵ ਦੇ ਅਤੇ ਮੇਰੇ ਭਾਸ਼ਣਾਂ ਤੋਂ ਪਿੱਛੋਂ, ਜਿਨ੍ਹਾਂ ਦੀ ਟੂਕਾਂ ਪਹਿਲਾਂ ਹੀ ਦਿੱਤੀਆਂ ਜਾ ਚੁੱਕੀਆਂ ਹਨ, ਸੰਖੇਪ ਵਾਦ-ਵਿਵਾਦ ਹੋਏ ਜਿਨ੍ਹਾਂ ਵਿੱਚ ਬਹੁਤ ਹੀ ਥੋੜ੍ਹੇ ਡੈਲੀਗੇਟਾਂ ਨੇ ਹਿੱਸਾ ਲਿਆ (ਵੇਖੋ ਕਾਰਵਾਈ, ਪੰਨੇ 277-80)। ਵੋਟਾਂ ਸਬੰਧੀ ਲੀਗ ਕਾਂਗਰਸ ਵਿੱਚ ਸਾਥੀ ਮਾਰਤੋਵ ਨੇ ਕਿਹਾ ਕਿ ਮਾਮਲੇ ਦਾ ਜਿਹੜਾ ਵਰਣਨ ਮੈਂ ਪੇਸ਼ ਕੀਤਾ ਹੈ, ਉਸ ਵਿੱਚ "ਨਿਯਮਾਂ ਦੁਆਲੇ ਘੋਲ਼ ਨੂੰ" [ਸਾਥੀ ਮਾਰਤੋਵ ਭੁੱਲ-ਭੁਲੇਖੇ 'ਚ ਇੱਕ ਡੂੰਘਾ ਸੱਚ ਬੋਲ ਗਿਆ ਹੈ: ਪਹਿਲੇ ਪੈਰੇ ਤੋਂ ਪਿੱਛੇ ਗਰਮ ਬਹਿਸ ਸੱਚਮੁਚ ਨਿਯਮਾਂ **ਦੁਆਲੇ** ਹੋਈ]... " 'ਇਸਕਰਾ' ਅਤੇ 'ਬੁੰਦ' ਨਾਲ਼ ਕੁਲੀਸ਼ਨ ਵਿੱਚ ਰਲੇ ਮਾਰਤੋਵਵਾਦੀਆਂ ਵਿਚਕਾਰ ਘੋਲ਼ ਵਜੋਂ ਪੇਸ਼ ਕਰਕੇ" ਮੈਂ "ਸਭ ਤੋਂ ਮਹਾਨ ਵਿਗਾੜ" ਦਾ ਦੋਸ਼ੀ ਹਾਂ (ਲੀਗ ਦੀ ਕਾਰਵਾਈ, ਪੰਨਾ 60)।

ਆਓ ਅਸੀਂ ਇਸ ਰੋਚਕ "ਸਭ ਤੋਂ ਮਹਾਨ ਵਿਗਾੜ" ਨੂੰ ਲਈਏ। ਸਾਥੀ ਮਾਰਤੋਵ ਨੇ ਪ੍ਰੀਸ਼ਦ ਦੀ ਬਣਤਰ ਅਤੇ ਕੁਆਪਸ਼ਨ ਸਬੰਧੀ ਵੋਟਾਂ ਜੋੜੀਆਂ ਅਤੇ ਕੁੱਲ **ਅੱਠ** ਪੇਸ਼

* ਇਥੇ ਸੰਕੇਤ ਹੈ Tagesordnung (ਏਜੰਡਾ। **—ਸੰਪਾ.**) ਦੇ ਮੇਰੇ ਮੂਲ ਖਰੜੇ ਅਤੇ ਉਹਦੇ ਉੱਤੇ ਮੇਰੇ ਵੱਲੋਂ ਟਿੱਪਣੀ ਵੱਲ, ਜਿਸ ਤੋਂ ਸਾਰੇ ਡੈਲੀਗੇਟ ਜਾਣੂ ਹਨ। ਇਸ ਖਰੜੇ ਵਿੱਚ ਮਦ ਨੰ. 22 ਦੋ ਤਿੱਕੜੀਆਂ—ਕੇਂਦਰੀ ਬੁਲਾਰੇ ਅਤੇ ਕੇਂਦਰੀ ਕਮੇਟੀ ਦੀ ਚੋਣ ਦਾ, ਇਹਨਾਂ ਛਿਆਂ ਵੱਲੋਂ ਦੋ-ਤਿਹਾਈ ਬਹੁਗਿਣਤੀ ਨਾਲ਼ "ਪ੍ਰਸਪਰ ਕੁਆਪਸ਼ਨ" ਦਾ, ਪ੍ਰਸਪਰ ਕੁਆਪਸ਼ਨ ਦੀ ਕਾਂਗਰਸ ਵੱਲੋਂ ਤਸਦੀਕ ਦਾ ਅਤੇ ਉਸ ਤੋਂ ਪਿੱਛੋਂ ਕੇਂਦਰੀ ਬੁਲਾਰੇ ਅਤੇ ਕੇਂਦਰੀ ਕਮੇਟੀ ਵੱਲੋਂ ਵੱਖ ਵੱਖ ਕੁਆਪਸ਼ਨ ਦਾ ਪ੍ਰਬੰਧ ਕਰਦੀ ਸੀ।

ਕੀਤੀਆਂ: 1) ਕੇਂਦਰੀ ਬੁਲਾਰਾ ਅਤੇ ਕੇਂਦਰੀ ਕਮੇਟੀ ਦੁਹਾਂ ਤੋਂ ਪ੍ਰੀਸ਼ਦ ਲਈ ਦੋ ਦੋ ਮੈਂਬਰਾਂ ਦੀ ਚੋਣ—27 ਹੱਕ ਵਿੱਚ (ਮ) ਅਤੇ 16 (ਲ) ਵਿਰੁੱਧ, 7 ਨੇ ਕਿਸੇ ਪਾਸੇ ਵੋਟ ਨਾ ਪਾਏ।* (ਬ੍ਰੈਕਟਾਂ ਵਿੱਚ ਅਸੀਂ ਇਹ ਗੱਲ ਕਹਿ ਦੇਈਏ ਕਿ ਕਾਰਵਾਈ ਵਿੱਚ—ਪੰਨਾ 270—ਵੋਟ ਨਾ ਦੇਣ ਵਾਲ਼ਿਆਂ ਦੀ ਗਿਣਤੀ ਅੱਠ ਲਿਖੀ ਹੈ, ਪਰ ਇਹ ਵਿਸਥਾਰ ਦਾ ਮਾਮਾਲਾ ਹੈ।) —2) ਪ੍ਰੀਸ਼ਦ ਦੇ ਪੰਜਵੇਂ ਮੈਂਬਰ ਦੀ ਕਾਂਗਰਸ ਵੱਲੋਂ ਚੋਣ—23 ਹੱਕ ਵਿੱਚ (ਲ), 18 ਵਿਰੁੱਧ (ਮ), 7 ਨੇ ਕਿਸੇ ਪਾਸੇ ਵੋਟ ਨਾ ਪਾਏ। —3) ਪ੍ਰੀਸ਼ਦ ਦੇ ਹਟ ਗਏ ਮੈਂਬਰਾਂ ਦੀ ਥਾਂ ਖ਼ੁਦ ਪ੍ਰੀਸ਼ਦ ਵੱਲੋਂ ਪੂਰਤੀ —23 ਵਿਰੁੱਧ (ਮ), 16 ਹੱਕ ਵਿੱਚ (ਲ), 12 ਨੇ ਕਿਸੇ ਪਾਸੇ ਵੋਟ ਨਾ ਪਾਏ। —4) ਕੇਂਦਰੀ ਕਮੇਟੀ ਵਿੱਚ ਕੁਆਪਸ਼ਨ ਲਈ ਸਰਬਸੰਮਤੀ —25 ਹੱਕ ਵਿੱਚ (ਲ), 19 ਵਿਰੁੱਧ (ਮ), 7 ਨੇ ਕਿਸੇ ਪਾਸੇ ਵੋਟ ਨਾ ਪਾਏ। —5) ਗ਼ੈਰ-ਕੁਆਪਸ਼ਨ ਲਈ ਦਲੀਲ-ਸਹਿਤ **ਇੱਕ** ਰੋਸ-21 ਹੱਕ ਵਿੱਚ (ਲ), 19 ਵਿਰੁੱਧ (ਮ), 11 ਨੇ ਕਿਸੇ ਪਾਸੇ ਵੋਟ ਨਾ ਪਾਏ। —6) ਕੇਂਦਰੀ ਬੁਲਾਰੇ ਲਈ ਕੁਆਪਸ਼ਨ ਵਿੱਚ ਸਰਬ-ਸੰਮਤੀ —23 ਹੱਕ ਵਿੱਚ (ਲ), 21 ਵਿਰੁੱਧ (ਮ), 7 ਨੇ ਕਿਸੇ ਪਾਸੇ ਵੋਟ ਨਾ ਪਾਏ। —7) ਪ੍ਰੀਸ਼ਦ ਵੱਲੋਂ ਕੇਂਦਰੀ ਬੁਲਾਰੇ ਜਾਂ ਕੇਂਦਰੀ ਕਮੇਟੀ ਵੱਲੋਂ ਕਿਸੇ ਨਵੇਂ ਮੈਂਬਰ ਨੂੰ ਕੁਆਪਟ ਕਰਨ ਤੋਂ ਇਨਕਾਰ ਦੇ ਨਿਰਣੇ ਨੂੰ ਰੱਦ ਕਰਨ ਸਬੰਧੀ ਤਜਵੀਜ਼ ਦਾ ਵੋਟ ਲਏ ਜਾਣ ਯੋਗ ਹੋਣਾ—25 ਹੱਕ ਵਿੱਚ(ਮ), 19 ਵਿਰੁੱਧ (ਲ), 7 ਨੇ ਕਿਸੇ ਪਾਸੇ ਵੋਟ ਨਾ ਪਾਏ।—8) ਖ਼ੁਦ ਇਹ ਤਜਵੀਜ਼ —24 ਹੱਕ ਵਿੱਚ (ਮ), 23 ਵਿਰੁੱਧ (ਲ), 4 ਨੇ ਕਿਸੇ ਪਾਸੇ ਵੋਟ ਨਾ ਪਾਏ। "**ਇਥੇ, ਇਹ ਸਪਸ਼ਟ ਹੈ**", ਸਾਥੀ ਮਾਰਤੋਵ ਨੇ ਸਿੱਟਾ ਕੱਢਿਆ (ਲੀਗ ਦੀ ਕਾਰਵਾਈ, ਪੰਨਾ 61), " **'ਬੁੰਦ' ਦੇ ਇੱਕ ਡੈਲੀਗੇਟ ਨੇ ਤਜਵੀਜ਼ ਦੇ ਹੱਕ ਵਿੱਚ ਵੋਟ ਪਾਇਆ**, **ਜਿਥੇ ਕਿ ਬਾਕੀਆਂ ਨੇ ਕਿਸੇ ਪਾਸੇ ਵੋਟ ਨਾ ਪਾਏ।** (ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ।)

ਬੰਦਾ ਪੁਛ ਸਕਦਾ ਹੈ, ਕਿ ਜਦੋਂ ਨਾਂ ਲੈ ਕੇ ਵੋਟ ਨਾ ਪਵਾਏ ਗਏ ਤਾਂ ਸਾਥੀ ਮਾਰਤੋਵ ਨੇ ਇਹ **ਸਪਸ਼ਟ** ਕਿਵੇਂ ਸਮਝਿਆ ਕਿ ਬੁੰਦਵਾਦੀ ਨੇ **ਉਹਦੇ**, **ਮਾਰਤੋਵ ਲਈ** ਵੋਟ ਪਾਇਆ ?

ਕਿਉਂਕਿ ਉਹਨੇ **ਪਾਏ ਗਏ ਵੋਟਾਂ ਦੀ ਸੰਖਿਆ** ਨੂੰ ਗਿਣਿਆ ਅਤੇ ਜਦੋਂ ਇਹਨੇ ਇਹ ਸੰਕੇਤ ਕੀਤਾ ਕਿ "ਬੁੰਦ" ਨੇ ਵੋਟਾਂ ਵਿੱਚ **ਹਿੱਸਾ ਲਿਆ** ਸੀ, ਉਹਨੇ, ਸਾਥੀ ਮਾਰਤੋਵ ਨੇ, ਇਸ ਸਬੰਧੀ ਸ਼ੱਕ ਨਾ ਕੀਤਾ ਕਿ **ਉਹ** ਉਹਦੀ, ਮਾਰਤੋਵ ਦੀ ਧਿਰ ਵਿੱਚ ਸੀ।

ਤਾਂ ਫਿਰ ਮੇਰੇ ਵੱਲੋਂ "ਸਭ ਤੋਂ ਮਹਾਨ ਵਿਗਾੜ" ਕਿੱਥੇ ਹੈ ?

ਕੁਲ ਵੋਟ 51 ਸਨ, "ਬੁੰਦ" ਤੋਂ ਬਿਨਾਂ ਇਹ 46 ਸਨ, "ਰਾਬੋਚੇਏ ਦੇਲੋ"-ਵਾਦੀਆਂ ਤੋਂ ਬਿਨਾਂ ਇਹ 43 ਸਨ। ਸਾਥੀ ਮਾਰਤੋਵ ਨੇ ਜਿਹੜੇ ਅੱਠ ਵਾਰ ਵੋਟ ਲਏ ਜਾਣ ਦਾ ਵਰਣਨ ਕੀਤਾ ਹੈ ਉਹਦੇ ਵਿਚੋਂ **ਸੱਤਾਂ** ਵਿੱਚ 43, 41, 39, 44, 40, 44 ਅਤੇ 44 ਡੈਲੀਗੇਟਾਂ ਨੇ ਹਿੱਸਾ ਲਿਆ; **ਇੱਕ** ਵਿੱਚ 47 ਡੈਲੀਗੇਟਾਂ (ਜਾਂ ਵੋਟਾਂ) ਨੇ ਅਤੇ ਇਥੇ ਸਾਥੀ

* ਬ੍ਰੈਕਟਾਂ ਵਿੱਚ ਮ ਅਤੇ ਲ ਅੱਖਰ ਇਸ ਗੱਲ ਦਾ ਸੰਕੇਤ ਹਨ ਕਿ ਮੈਂ (ਲ) ਅਤੇ ਮਾਰਤੋਵ (ਮ) ਕਿਹੜੀ ਧਿਰ ਵਿੱਚ ਸਾਂ।

ਮਾਰਤੋਵ ਨੇ ਆਪ ਮੰਨਿਆ ਹੈ ਕਿ ਉਹਦੀ ਇੱਕ ਬੁੰਦਵਾਦੀ ਨੇ ਹਮਾਇਤ ਕੀਤੀ ਸੀ। ਸੋ ਅਸੀਂ ਵੇਖਦੇ ਹਾਂ ਕਿ ਮਾਰਤੋਵ ਨੇ ਜਿਹੜਾ ਚਿੱਤਰ ਖਿੱਚਿਆ (ਅਤੇ ਜਿਹਾ ਕਿ ਅਸੀਂ ਛੇਤੀ ਹੀ ਵੇਖਾਂਗੇ ਅਪੂਰਨ ਚਿੱਤਰ ਖਿੱਚਿਆ) **ਉਹ ਘੋਲ਼ ਦੇ ਮੇਰੇ ਵਰਣਨ ਦੀ ਕੇਵਲ ਤਸਦੀਕ ਕਰਦਾ ਅਤੇ ਉਹਨੂੰ ਮਜ਼ਬੂਤ ਬਣਾਉਂਦਾ ਹੈ !** ਅਸੀਂ ਵੇਖਦੇ ਹਾਂ ਕਿ ਬਹੁਤ ਸਾਰੀਆਂ ਹਾਲਤਾਂ ਵਿੱਚ ਵੋਟ ਨਾ ਪਾਉਣ ਵਾਲਿਆਂ ਦੀ ਗਿਣਤੀ **ਬਹੁਤ ਜ਼ਿਆਦਾ** ਸੀ: ਇਹ ਸਮੁੱਚੇ ਤੌਰ ਉੱਤੇ ਕਾਂਗਰਸ ਵੱਲੋਂ ਨਿੱਕੇ ਮੋਟੇ **ਨੁਕਤਿਆਂ** ਵਿੱਚ ਲਈ ਥੋੜ੍ਹੀ**—ਸਾਪੇਖ ਤੌਰ ਉੱਤੇ** ਥੋੜ੍ਹੀ— ਰੋਚਕਤਾ ਦਾ ਅਤੇ ਇਹਨਾਂ ਪ੍ਰਸ਼ਨਾਂ ਸਬੰਧੀ "ਇਸਕਰਾ"-ਵਾਦੀਆਂ ਵਿੱਚ ਕਿਸੇ ਨਿਸ਼ਚਿਤ ਦਲਬੰਦੀ ਦੀ ਅਣਹੋਂਦ ਦਾ ਸੰਕੇਤਕ ਹੈ। ਮਾਰਤੋਵ ਦਾ ਇਹ ਕਥਨ ਕਿ ਬੁੰਦਵਾਦੀਆਂ ਨੇ "ਵੋਟਾਂ ਨਾ ਪਾਕੇ ਸਪਸ਼ਟ ਤੌਰ ਉੱਤੇ ਲੈਨਿਨ ਦੀ ਸਹਾਇਤਾ ਕੀਤੀ" (ਲੀਗ ਦੀ ਕਾਰਵਾਈ, ਪੰਨਾ 62) **ਅਸਲ ਵਿੱਚ ਮਾਰਤੋਵ ਦੇ ਵਿਰੁੱਧ ਜਾਂਦਾ ਹੈ**: ਇਹਦਾ ਅਰਥ ਇਹ ਹੈ ਕਿ **ਕੇਵਲ** ਉਦੋਂ ਜਦੋਂ ਬੁੰਦਵਾਦੀ ਗ਼ੈਰ-ਹਾਜ਼ਰ ਹੁੰਦੇ ਜਾਂ ਵੋਟ ਨਾ ਪਾਉਂਦੇ ਮੈਂ ਕਦੀ ਕਦੀ ਜਿੱਤ ਦੀ ਆਸ ਰੱਖ ਸਕਦਾ ਸਾਂ। ਪਰ ਜਦੋਂ ਕਦੀ ਬੁੰਦਵਾਦੀ ਘੋਲ਼ ਵਿੱਚ ਦਖ਼ਲ ਦੇਣਾ **ਯੋਗ ਸਮਝਦੇ**, ਉਹ ਸਾਥੀ ਮਾਰਤੋਵ ਦੀ ਹਮਾਇਤ ਕਰਦੇ ਅਤੇ ਉਪ੍ਰੋਕਤ ਮਾਮਲਾ ਜਦੋਂ 47 ਡੈਲੀਗੇਟਾਂ ਨੇ ਵੋਟ ਪਾਏ **ਇੱਕੋ ਵਾਰ ਨਹੀਂ** ਸੀ ਜਦੋਂ ਉਹਨਾਂ ਦਖ਼ਲ ਦਿੱਤਾ। ਜਿਹੜਾ ਕੋਈ ਕਾਂਗਰਸ ਦੀ ਕਾਰਵਾਈ ਨੂੰ ਵੇਖਣ ਦੀ ਖੇਚਲ ਕਰਦਾ ਹੈ, ਉਹ ਵੇਖੇਗਾ ਕਿ ਸਾਥੀ ਮਾਰਤੋਵ ਦੇ ਚਿੱਤਰ ਵਿੱਚ **ਇਕ ਬੜੀ ਅਜੀਬ ਅਪੂਰਨਤਾ** ਹੈ। ਸਾਥੀ ਮਾਰਤੋਵ ਨੇ **ਤਿੰਨ ਮਾਮਲੇ ਬਸ ਛੱਡ ਹੀ ਦਿੱਤੇ** ਜਦੋਂ "ਬੁੰਦ" ਨੇ ਵੋਟਾਂ ਵਿੱਚ **ਹਿੱਸਾ ਲਿਆ** ਸੀ, ਅਤੇ **ਇਹ ਕਹਿਣ ਦੀ ਤਾਂ ਲੋੜ ਹੀ ਨਹੀਂ** ਕਿ **ਇਹਨਾਂ ਸਾਰੇ ਮਾਮਲਿਆਂ ਵਿੱਚ** ਸਾਥੀ ਮਾਰਤੋਵ ਜੇਤੂ ਸੀ। ਇਹ ਹਨ ਉਹ ਤਿੰਨ ਮਾਮਲੇ: 1) ਲੋੜੀਂਦੀ ਬਹੁਗਿਣਤੀ ਪੰਜਾਂ ਵਿੱਚੋਂ ਚਾਰ ਤੋਂ ਘਟਾਕੇ ਦੋ-ਤਿਹਾਈ ਕਰਨ ਸਬੰਧੀ ਸਾਥੀ ਫ਼ੋਮਿਨ ਦੀ ਤਰਮੀਮ—27 ਹੱਕ ਵਿੱਚ 21 ਵਿਰੁੱਧ (ਪੰਨਾ 278), ਅਰਥਾਤ, 48 ਵੋਟ। 2) ਪ੍ਰਸਪਰ ਕੁਆਪਸ਼ਨ ਕੱਢ ਦੇਣ ਸਬੰਧੀ ਸਾਥੀ ਮਾਰਤੋਵ ਦੀ ਤਜਵੀਜ਼ ਦੀ ਪ੍ਰਵਾਨਗੀ—26 ਹੱਕ ਵਿੱਚ 24 ਵਿਰੁੱਧ (ਪੰਨਾ 279), ਅਰਥਾਤ, 50 ਵੋਟ। ਅਖ਼ੀਰ, 3) ਕੇਂਦਰੀ ਬੁਲਾਰੇ ਜਾਂ ਕੇਂਦਰੀ ਕਮੇਟੀ ਵਿੱਚ ਕੁਆਪਸ਼ਨ ਕੇਵਲ ਪ੍ਰੀਸ਼ਦ ਦੇ ਸਾਰੇ ਮੈਂਬਰਾਂ ਦੀ ਰਜ਼ਾਮੰਦੀ ਨਾਲ਼ ਹੋਣ ਸਬੰਧੀ ਮੇਰੀ ਤਜਵੀਜ਼ ਦਾ ਰੱਦ ਕੀਤਾ ਜਾਣਾ (ਪੰਨਾ 280)—27 ਵਿਰੁੱਧ, 22 ਹੱਕ ਵਿੱਚ (ਇਥੇ ਨਾਂ ਲੈਕੇ ਵੀ ਵੋਟ ਲਈ ਗਏ, ਜਿਸਦਾ, ਮੰਦੇ ਭਾਗੀਂ ਕਾਰਵਾਈ ਵਿੱਚ ਕੋਈ ਵਰਣਨ ਨਹੀਂ), ਅਰਥਾਤ, 49 ਵੋਟ।

ਗੱਲ ਮੁਕਾਉਂਦੇ ਹੋਏ: ਕੇਂਦਰੀ ਸੰਸਥਾਵਾਂ ਵਿੱਚ ਕੁਆਪਸ਼ਨ ਦੇ ਪ੍ਰਸ਼ਨ ਉੱਤੇ ਬੁੰਦਵਾਦੀਆਂ ਨੇ **ਕੇਵਲ ਚਾਰ ਵਾਰ ਵੋਟਾਂ ਵਿੱਚ ਹਿੱਸਾ ਲਿਆ** (**ਤਿੰਨ** ਜਿਨ੍ਹਾਂ ਦਾ ਮੈਂ ਉਪਰ ਵਰਣਨ ਕੀਤਾ ਹੈ, ਜਿਨ੍ਹਾਂ ਵਿੱਚ 48, 50 ਅਤੇ 49 ਵੋਟ ਸਨ ਅਤੇ **ਇੱਕ** ਜਿਸਦਾ ਵਰਣਨ ਸਾਥੀ ਮਾਰਤੋਵ ਨੇ ਕੀਤਾ, ਜਿਸ ਵਿੱਚ 47 ਵੋਟ ਸਨ)। **ਇਹਨਾਂ ਸਾਰੇ ਵੋਟਾਂ ਵਿੱਚ** ਸਾਥੀ ਮਾਰਤੋਵ ਜੇਤੂ ਸੀ। **ਮਾਮਲੇ ਦਾ ਮੇਰਾ ਬਿਆਨ ਹਰ ਵਿਸਥਾਰ ਵਿੱਚ ਠੀਕ ਸਾਬਤ ਹੁੰਦਾ ਹੈ**: ਇਹ ਕਹਿਣ ਵਿੱਚ ਕਿ "ਬੁੰਦ" ਨਾਲ਼ ਕੁਲੀਸ਼ਨ ਸੀ, ਸਵਾਲਾਂ ਦਾ ਤੁੱਛ ਖ਼ਾਸਾ ਦਰਸਾਉਣ

ਵਿੱਚ (ਬਹੁਤ ਸਾਰੀਆਂ ਹਾਲਤਾਂ ਵਿੱਚ ਵੱਡੀ ਗਿਣਤੀ ਵਿੱਚ ਕਿਸੇ ਪਾਸੇ ਵੋਟ ਨਾ ਪਾਏ ਗਏ), ਅਤੇ "ਇਸਕਰਾ"-ਵਾਦੀਆਂ ਵਿੱਚ ਕਿਸੇ ਨਿਸ਼ਚਿਤ ਦਲਬੰਦੀ ਦੀ ਅਣਹੋਂਦ ਵੱਲ ਧਿਆਨ ਦਿਵਾਉਣ ਵਿੱਚ (ਨਾਂ ਲੈਕੇ ਵੋਟ ਨਾ ਲਏ ਗਏ, ਬਹਿਸਾਂ ਵਿੱਚ ਬਹੁਤ ਥੋੜ੍ਹੇ ਬੋਲਣ ਵਾਲ਼ੇ)।

ਮਾਮਲੇ ਦੇ ਮੇਰੇ ਵਰਣਨ ਵਿੱਚ ਵਿਰੋਧ ਲੱਭਣ ਦਾ ਸਾਥੀ ਮਾਰਤੋਵ ਦਾ ਯਤਨ ਕੱਚੇ-ਪਿੱਲੇ ਸ੍ਰੋਤਾਂ ਉੱਤੇ ਅਧਾਰਤ ਹੈ ਕਿਉਂਕਿ ਉਹਨੇ ਵਿਕੋਲਤ੍ਰੇ ਸ਼ਬਦਾਂ ਨੂੰ ਉਹਨਾਂ ਦੇ ਪ੍ਰਸੰਗ ਵਿੱਚੋਂ ਕੱਢ ਲਿਆ ਅਤੇ ਪੂਰਾ ਚਿੱਤਰ ਮੁੜ ਘੜਨ ਦਾ ਯਤਨ ਨਾ ਕੀਤਾ।

———————————

ਨਿਯਮਾਂ ਦੇ ਅਖ਼ੀਰੀ ਪੈਰੇ ਨੇ, ਜਿਸਦਾ ਸਬੰਧ ਵਿਦੇਸ਼ਾਂ ਵਿੱਚ ਜਥੇਬੰਦੀ ਨਾਲ਼ ਸੀ, ਇੱਕ ਵਾਰ ਫਿਰ ਬਹਿਸਾਂ ਅਤੇ ਵੋਟਾਂ ਨੂੰ ਜਨਮ ਦਿੱਤਾ ਜਿਹੜੇ ਕਾਂਗਰਸ ਵਿੱਚ ਦਲਬੰਦੀ ਦੇ ਦ੍ਰਿਸ਼ਟੀਕੋਣ ਤੋਂ ਅਤਿਅੰਤ ਮਹੱਤਵਪੂਰਨ ਸਨ। ਵਿਵਾਦੀ ਮਸਲਾ ਲੀਗ ਨੂੰ ਵਿਦੇਸ਼ਾਂ ਵਿੱਚ ਪਾਰਟੀ ਜਥੇਬੰਦੀ ਵਜੋਂ ਕਬੂਲ ਕਰਨਾ ਸੀ। ਨਿਸ਼ਚੇ ਹੀ, ਸਾਥੀ ਅਕੀਮੋਵ ਨੇ ਇੱਕਦਮ ਹਥਿਆਰ ਚੁੱਕ ਲਏ, ਉਹਨੇ ਕਾਂਗਰਸ ਨੂੰ ਵਿਦੇਸ਼ਾਂ ਵਿੱਚ ਯੂਨੀਅਨ[29] ਦਾ ਚੇਤਾ ਕਰਵਾਇਆ, ਜਿਸਨੂੰ ਪਹਿਲੀ ਕਾਂਗਰਸ ਨੇ ਪ੍ਰਵਾਨ ਕੀਤਾ ਸੀ ਅਤੇ ਇਸ ਗੱਲ ਵੱਲ ਧਿਆਨ ਦਿਵਾਇਆ ਕਿ ਸਵਾਲ ਅਸੂਲ ਦਾ ਸੀ। "ਪਹਿਲਾਂ ਮੈਨੂੰ ਇਤਰਾਜ਼ ਰੱਖਣ ਦਿਓ," ਉਹਨੇ ਕਿਹਾ, "ਮੈਂ ਇਸ ਗੱਲ ਨੂੰ ਕੋਈ ਅਮਲੀ ਮਹੱਤਤਾ ਨਹੀਂ ਦੇਂਦਾ ਕਿ ਮਾਮਲੇ ਦਾ ਨਿਰਣਾ ਕਿਸ ਪਾਸੇ ਹੁੰਦਾ ਹੈ। ਸਾਡੀ ਪਾਰਟੀ ਵਿੱਚ ਜਿਹੜਾ ਵਿਚਾਰਧਾਰਕ ਘੋਲ਼ ਚੱਲਦਾ ਰਿਹਾ ਹੈ, ਬਿਨਾਂ ਸ਼ੱਕ ਅਜੇ ਉਹ ਖ਼ਤਮ ਨਹੀਂ ਹੋਇਆ; ਪਰ ਇਹ ਇੱਕ ਵੱਖਰੀ ਪੱਧਰ ਉੱਤੇ ਅਤੇ ਸ਼ਕਤੀਆਂ ਦੀ ਵੱਖਰੀ ਪਰ੍ਹੇਬੰਦੀ ਰਾਹੀਂ ਚਾਲੂ ਰਹੇਗਾ।... ਨਿਯਮਾਂ ਦਾ ਪੈਰਾ 13 ਇੱਕ ਵਾਰ ਫਿਰ ਸਾਡੀ ਪਾਰਟੀ ਦੀ ਕਾਂਗਰਸ ਨੂੰ ਇੱਕ ਗੁੱਟ ਦੀ ਕਾਂਗਰਸ ਵਿੱਚ ਤਬਦੀਲ ਕਰਨ ਦੇ ਯਤਨਾਂ ਨੂੰ ਪ੍ਰਤੀਬਿੰਬਤ ਕਰਦਾ ਹੈ ਅਤੇ ਬੜੇ ਪ੍ਰਤੱਖ ਢੰਗ ਨਾਲ਼ ਪ੍ਰਤੀਬਿੰਬਤ ਕਰਦਾ ਹੈ। ਪਾਰਟੀ ਦੀ ਏਕਤਾ ਦੇ ਨਾਂ ਉੱਤੇ ਸਾਰੀਆਂ ਪਾਰਟੀ ਜਥੇਬੰਦੀਆਂ ਨੂੰ ਇੱਕਮੁਠ ਕਰਕੇ ਰੂਸ ਦੇ ਸਾਰੇ ਸੋਸ਼ਲ-ਡੈਮੋਕ੍ਰੈਟਾਂ ਨੂੰ ਪਾਰਟੀ ਕਾਂਗਰਸ ਦੇ ਨਿਰਣਿਆਂ ਅੱਗੇ ਝੁਕਾਉਣ ਦੀ ਥਾਂ ਇਹ ਤਜਵੀਜ਼ ਕੀਤੀ ਜਾ ਰਹੀ ਹੈ ਕਿ ਕਾਂਗਰਸ ਘੱਟਗਿਣਤੀ ਦੀ ਜਥੇਬੰਦੀ ਨੂੰ ਤਬਾਹ ਕਰ ਦੇਵੇ, ਕਿ ਘੱਟਗਿਣਤੀ ਪਿੜ ਵਿੱਚੋਂ ਲੋਪ ਹੋ ਜਾਵੇ" (ਪੰਨਾ 281)। ਜਿਹਾ ਕਿ ਪਾਠਕ ਵੇਖਦਾ ਹੈ ਉਹ "ਲਗਾਤਾਰਤਾ," ਜਿਹੜੀ ਕੇਂਦਰੀ ਸੰਸਥਾਵਾਂ ਦੀ ਬਣਤਰ ਵਿੱਚ ਹਾਰਨ ਪਿੱਛੋਂ ਸਾਥੀ ਮਾਰਤੋਵ ਲਈ ਇੰਨੀ ਪਿਆਰੀ ਹੋ ਗਈ ਸਾਥੀ ਅਕੀਮੋਵ ਲਈ ਘੱਟ ਪਿਆਰੀ ਨਹੀਂ ਸੀ। ਪਰ ਕਾਂਗਰਸ ਵਿੱਚ ਇਹ ਲੋਕ ਜਿਹੜੇ ਆਪਣੇ ਆਪ ਉੱਤੇ ਅਤੇ ਹੋਰਾਂ ਉੱਤੇ ਵੱਖ ਵੱਖ ਪੈਮਾਨੇ ਲਾਗੂ ਕਰਦੇ ਹਨ, ਸਾਥੀ ਅਕੀਮੋਵ ਵਿਰੁੱਧ ਰੋਹੀਲੇ ਰੋਸ ਵਿੱਚ ਉੱਠ ਖੜੇ ਹੋਏ। ਭਾਵੇਂ ਪ੍ਰੋਗਰਾਮ ਪ੍ਰਵਾਨ ਕੀਤਾ ਜਾ ਚੁੱਕਾ ਸੀ, "ਇਸਕਰਾ" ਦੀ ਤਸਦੀਕ ਕੀਤੀ ਜਾ ਚੁੱਕੀ ਸੀ, ਲਗਭਗ ਸਮੁੱਚੇ ਨਿਯਮ ਪ੍ਰਵਾਨ ਕੀਤੇ ਜਾ ਚੁੱਕੇ ਸਨ, ਉਹ "ਅਸੂਲ" ਜਿਹੜਾ "ਅਸੂਲੀ ਤੌਰ ਉੱਤੇ" ਲੀਗ ਨੂੰ ਯੂਨੀਅਨ ਤੋਂ ਵੱਖ ਕਰਦਾ ਸੀ, ਸਾਹਮਣੇ ਲਿਆਂਦਾ ਗਿਆ। "ਜੇ ਸਾਥੀ ਅਕੀਮੋਵ ਮਾਮਲੇ ਨੂੰ ਅਸੂਲ ਦਾ ਸਵਾਲ ਬਣਾਉਣ ਦਾ ਚਾਹਵਾਨ ਹੈ", ਸਾਥੀ ਮਾਰਤੋਵ ਕੂਕਿਆ, "ਅਸੀਂ

ਉੱਕਾ ਹੀ ਇਹਦੇ ਵਿਰੁੱਧ ਨਹੀਂ; ਵਿਸ਼ੇਸ਼ ਤੌਰ ਉੱਤੇ ਇਸ ਲਈ ਕਿ ਅਕੀਮੋਵ ਨੇ ਦੋ ਮੁਹਾਣਾਂ ਵਿਚਕਾਰ ਘੋਲ਼ ਵਿੱਚ ਸੰਭਵ ਜੋੜਾਂ ਦੀ ਗੱਲ ਕੀਤੀ ਹੈ। **ਇੱਕ ਮੁਹਾਣ ਦੀ ਜਿੱਤ ਨੂੰ ਪ੍ਰਵਾਨਗੀ ਦੇਣਾ** ਲਾਜ਼ਮੀ ਹੈ [ਚੇਤੇ ਰੱਖੋ ਕਿ ਇਹ ਗੱਲ ਕਾਂਗਰਸ ਦੀ **27ਵੀਂ** ਬੈਠਕ ਵਿੱਚ ਕਹੀ ਗਈ!] ਇਹਨਾਂ ਅਰਥਾਂ ਵਿੱਚ ਨਹੀਂ ਕਿ ਅਸੀਂ "ਇਸਕਰਾ" ਅੱਗੇ ਇੱਕ ਵਾਰ ਫਿਰ ਸਿਰ ਝੁਕਾਈਏ ਸਗੋਂ ਇਸ ਅਰਥ ਵਿੱਚ ਕਿ **ਉਹਨਾਂ ਸਾਰੇ ਸੰਭਵ ਜੋੜਾਂ ਨੂੰ ਅਖ਼ੀਰੀ ਸਲਾਮ ਕਰੀਏ ਜਿਨ੍ਹਾਂ ਦੀ ਸਾਥੀ ਅਕੀਮੋਵ ਨੇ ਗੱਲ ਕੀਤੀ ਹੈ**" (ਪੰਨਾ 282, ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ)।

ਕਿਆ ਚਿੱਤਰ ਹੈ: ਜਦੋਂ ਪ੍ਰੋਗਰਾਮ ਸਬੰਧੀ ਕਾਂਗਰਸ ਵਿੱਚ ਸਾਰੀਆਂ ਦਲੀਲਾਂ ਪਹਿਲਾਂ ਹੀ **ਖ਼ਤਮ ਹੋ ਚੁੱਕੀਆਂ ਸਨ**, ਸਾਥੀ ਮਾਰਤੋਵ ਸਾਰੇ ਸੰਭਵ ਜੋੜਾਂ ਨੂੰ **ਅਖ਼ੀਰੀ ਸਲਾਮ ਕਰਦਾ** ਰਿਹਾ... ਜਦੋਂ ਤੱਕ ਕਿ ਕੇਂਦਰੀ ਸੰਸਥਾਵਾਂ ਦੀ ਚੋਣ ਸਮੇਂ ਉਹਨੂੰ ਹਾਰ ਨਾ ਹੋ ਗਈ! ਸਾਥੀ ਮਾਰਤੋਵ ਨੇ ਕਾਂਗਰਸ ਵਿੱਚ ਉਸ **ਸੰਭਵ** "ਜੋੜ" ਨੂੰ "ਅਖ਼ੀਰੀ ਵਿਦੈਗੀ ਸਲਾਮ ਕੀਤਾ" ਜਿਸਨੂੰ ਉਹ **ਐਨ ਕਾਂਗਰਸ ਤੋਂ ਅਗਲੇ ਦਿਨ** ਸਫ਼ਲਤਾ ਤੱਕ ਲੈ ਗਿਆ ਸੀ। ਪਰ ਉਦੋਂ ਵੀ ਸਾਥੀ ਅਕੀਮੋਵ ਸਾਥੀ ਮਾਰਤੋਵ ਨਾਲ਼ੋਂ ਵਧੇਰੇ ਦੂਰ-ਦ੍ਰਿਸ਼ਟੀ ਵਾਲ਼ਾ ਸਾਬਤ ਹੋਇਆ; ਸਾਥੀ ਅਕੀਮੋਵ ਨੇ "ਪੁਰਾਣੀ ਪਾਰਟੀ ਜਥੇਬੰਦੀ ਦੇ, ਜਿਸਨੂੰ ਪਹਿਲੀ ਪਾਰਟੀ ਕਾਂਗਰਸ ਦੀ ਇੱਛਾ ਅਨੁਸਾਰ ਕਮੇਟੀ ਕਿਹਾ ਜਾਂਦਾ ਹੈ" ਪੰਜਾਂ ਵਰ੍ਹਿਆਂ ਦੇ ਕੰਮ ਦੀ ਗੱਲ ਕੀਤੀ ਅਤੇ ਅਤਿਅੰਤ ਵਿਸ਼ੈਲੇ ਅਤੇ **ਅਗੰਮ-ਗਿਆਨੀ** ਵਾਰ ਨਾਲ਼ ਨਤੀਜਾ ਕੱਢਦੇ ਕਿਹਾ: "ਜਿਥੋਂ ਤੱਕ ਸਾਥੀ ਮਾਰਤੋਵ ਦੀ ਇਸ ਰਾਏ ਦਾ ਸਬੰਧ ਹੈ ਕਿ ਸਾਡੀ ਪਾਰਟੀ ਵਿੱਚ ਇੱਕ ਨਵਾਂ ਮੁਹਾਣ ਉਭਰਨ ਸਬੰਧੀ ਮੇਰੀਆਂ ਆਸਾਂ ਵਿਅਰਥ ਹਨ, ਮੈਂ ਕਹਿ ਦਿਆਂ ਕਿ **ਉਹ ਵੀ ਮੈਨੂੰ ਅਜਿਹੀਆਂ ਆਸਾਂ ਨਾਲ਼ ਉਤਸਾਹਤ ਕਰਦਾ ਹੈ**" (ਪੰਨਾ 283; ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ)।

ਹਾਂ, ਇਹ ਇਕਬਾਲ ਕਰਨਾ ਹੀ ਪੈਂਦਾ ਹੈ ਕਿ ਸਾਥੀ ਮਾਰਤੋਵ ਨੇ ਸਾਥੀ ਅਕੀਮੋਵ ਦੀਆਂ ਆਸਾਂ ਮੁਕੰਮਲ ਤੌਰ 'ਤੇ ਪੂਰੀਆਂ ਕੀਤੀਆਂ ਹਨ!

ਤਿੰਨਾਂ ਵਰ੍ਹਿਆਂ ਤੋਂ ਕੰਮ ਕਰ ਰਹੀ ਸਮਝੀ ਜਾਂਦੀ ਪੁਰਾਣੀ ਪਾਰਟੀ ਸੰਸਥਾ ਦੀ "ਲਗਾਤਾਰਤਾ" ਤੋੜ ਦਿੱਤੇ ਜਾਣ ਤੋਂ ਪਿੱਛੋਂ ਸਾਥੀ ਮਾਰਤੋਵ ਨੂੰ ਨਿਸ਼ਚਾ ਹੋ ਗਿਆ ਕਿ ਸਾਥੀ ਅਕੀਮੋਵ ਠੀਕ ਸੀ ਅਤੇ ਉਹ ਉਹਦੇ ਨਾਲ਼ ਮਿਲ ਗਿਆ। ਸਾਥੀ ਅਕੀਮੋਵ ਨੂੰ ਜਿੱਤ ਲਈ ਬਹੁਤੀ ਮਿਹਨਤ ਨਾ ਕਰਨੀ ਪਈ।

ਕਾਂਗਰਸ ਵਿੱਚ ਕੇਵਲ ਸਾਥੀ ਮਾਰਤੀਨੋਵ, ਬਰੂਕੇਰੇ ਅਤੇ ਬੁੰਦਵਾਦੀਆਂ (ਅੱਠ ਵੋਟਾਂ) ਨੇ ਸਾਥੀ ਅਕੀਮੋਵ ਦੀ ਹਮਾਇਤ ਕੀਤੀ—ਅਤੇ ਇਕਸਾਰਤਾ ਨਾਲ਼ ਹਮਾਇਤ ਕੀਤੀ। ਸਾਥੀ ਯੇਗੋਰੋਵ ਨੇ, ਜਿਹਾ ਕਿ ਉਹ "ਕੇਂਦਰ" ਦਾ ਨੇਤਾ ਹੈ, ਸੁਨਹਿਰੀ ਵਿਚਕਾਰਲਾ ਰਾਹ ਅਪਣਾਇਆ: ਵੇਖੋ ਨਾ, ਉਹ "ਇਸਕਰਾ"-ਵਾਦੀਆਂ ਨਾਲ਼ ਸਹਿਮਤ ਸੀ, ਉਹਨਾਂ ਨਾਲ਼ "ਹਮਦਰਦੀ" ਕਰਦਾ ਸੀ (ਪੰਨਾ 282), ਅਤੇ ਆਪਣੀ ਇਹ ਹਮਦਰਦੀ ਅਸੂਲ ਦੇ ਸਵਾਲ ਨੂੰ ਉੱਕਾ ਅੱਖੋਂ ਉਹਲੇ ਕਰਨ ਅਤੇ ਲੀਗ ਜਾਂ ਯੂਨੀਅਨ ਸਬੰਧੀ ਉੱਕਾ ਹੀ **ਕੁੱਝ ਨਾ ਕਹਿਣ** ਦੀ **ਤਜਵੀਜ਼** ਪੇਸ਼ ਕਰਕੇ **ਸਾਬਤ ਕੀਤੀ।** ਸਤਾਈ ਦੇ ਮੁਕਾਬਲੇ ਉੱਤੇ ਪੰਦਰਾਂ ਵੋਟਾਂ ਨਾਲ਼ ਇਹ ਤਜਵੀਜ਼ ਰੱਦ ਕਰ ਦਿੱਤੀ ਗਈ। ਜਾਪਦਾ ਹੈ ਕਿ "ਇਸਕਰਾ"-ਵਿਰੋਧੀਆਂ (ਅੱਠ) ਤੋਂ

ਬਿਨਾਂ ਸਮੁੱਚੇ "ਕੇਂਦਰ" (ਦਸ) ਨੇ ਸਾਥੀ ਯੇਗੋਰੋਵ ਦੇ ਹੱਕ ਵਿੱਚ ਵੋਟ ਦਿੱਤੇ (ਕੁਲ ਵੋਟ 42 ਸਨ, ਇਸ ਲਈ ਚੋਖੀ ਵੱਡੀ ਗਿਣਤੀ ਨੇ ਕਿਸੇ ਪਾਸੇ ਵੋਟ ਨਾ ਦਿੱਤੇ ਜਾਂ **ਗ਼ੈਰ-ਹਾਜ਼ਰ** ਸੀ, ਜਿਹਾ ਕਿ ਅਜਿਹੇ ਵੋਟਾਂ ਸਮੇਂ ਹੁੰਦਾ ਹੈ ਜਿਹੜੇ ਅਰੋਚਕ ਹੁੰਦੇ ਹਨ ਜਾਂ ਜਿਨ੍ਹਾਂ ਦੇ ਸਿੱਟਿਆਂ ਦਾ **ਪਹਿਲਾਂ ਤੋਂ ਪਤਾ ਹੁੰਦਾ** ਹੈ)। **ਜਦੋਂ ਕਦੀ "ਇਸਕਰਾ" ਦੇ ਅਸੂਲ ਅਮਲ ਵਿੱਚ** ਲਿਆਉਣ ਦਾ **ਪ੍ਰਸ਼ਨ ਉਠਿਆ**, ਇਹ ਪਤਾ ਲੱਗਾ ਕਿ "ਕੇਂਦਰ" ਦੀ "ਹਮਦਰਦੀ" ਨਰੋਲ **ਜ਼ਬਾਨੀ-ਕਲਾਮੀ** ਹੀ ਸੀ ਅਤੇ ਸਾਨੂੰ ਕੇਵਲ ਤੀਹ ਵੋਟ ਜਾਂ ਇਸ ਤੋਂ ਕੁੱਝ ਵੱਧ ਮਿਲੇ। ਇਹ ਗਲ ਰੂਸੋਵ ਦੇ ਪ੍ਰਸਤਾਵ (ਲੀਗ ਨੂੰ ਵਿਦੇਸ਼ਾਂ ਵਿੱਚ **ਇੱਕੋ-ਇੱਕ** ਜਥੇਬੰਦੀ ਵਜੋਂ ਪ੍ਰਵਾਨ ਕਰਨਾ) ਉੱਤੇ ਬਹਿਸ ਅਤੇ ਵੋਟਾਂ ਸਮੇਂ ਹੋਰ ਵੀ ਉੱਘੜਵੇਂ ਢੰਗ ਨਾਲ਼ ਵੇਖੀ ਗਈ। ਇਥੇ "ਇਸਕਰਾ"-ਵਿਰੋਧੀਆਂ ਅਤੇ "ਜਿਲ੍ਹਣ" ਨੇ ਪੂਰੀ ਤਰ੍ਹਾਂ **ਅਸੂਲੀ** ਪੋਜ਼ੀਸ਼ਨ ਅਪਣਾਈ, ਅਤੇ ਉਹਨਾਂ ਦੇ ਹਾਮੀਆਂ, ਸਾਥੀ ਲੀਬਰ ਅਤੇ ਯੇਗੋਰੋਵ ਨੇ, ਸਾਥੀ ਰੂਸੋਵ ਦੇ ਪ੍ਰਸਤਾਵ ਨੂੰ ਵੋਟ ਲਏ ਜਾਣ ਦੇ ਨਿਰਯੋਗ ਅਤੇ ਅਣ-ਆਗਿਆਯੋਗ ਕਿਹਾ: "ਇਹ ਵਿਦੇਸ਼ਾਂ ਵਿੱਚ ਸਾਰੀਆਂ ਜਥੇਬੰਦੀਆਂ ਦੇ ਆਹੂ ਲਾਹੁੰਦਾ ਹੈ" (ਯੇਗੋਰੋਵ)। ਅਤੇ "ਜਥੇਬੰਦੀਆਂ ਦੇ ਆਹੂ ਲਾਹੁਣ" ਵਿੱਚ ਹਿੱਸਾ ਲੈਣ ਦੀ ਇੱਛਾ ਨਾ ਰੱਖਦੇ ਹੋਏ ਬੁਲਾਰੇ ਨੇ ਨਾ ਕੇਵਲ ਵੋਟ ਦੇਣ ਤੋਂ ਇਨਕਾਰ ਕੀਤਾ ਸਗੋਂ ਇਥੋਂ ਤੱਕ ਕਿ ਹਾਲ ਵਿੱਚੋਂ ਬਾਹਰ ਚਲਾ ਗਿਆ। ਪਰ "ਕੇਂਦਰ" ਦੇ ਨੇਤਾ ਨੂੰ ਉਹਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ: ਉਹਨੇ (ਆਪਣੇ ਗ਼ਲਤ ਅਸੂਲਾਂ ਵਿੱਚ) ਸਾਥੀ ਮਾਰਤੋਵ ਅਤੇ ਉਹਦੇ ਸਾਥੀਆਂ ਨਾਲ਼ੋਂ ਦਸ ਗੁਣਾ ਵੱਧ ਸਿਆਸੀ ਮਰਦਊਪੁਣਾ ਅਤੇ ਨਿਸ਼ਚੇ ਦਾ ਬਲ ਵਿਖਾਇਆ ਕਿਉਂਕਿ ਉਹਨੇ ਖੁੱਲ੍ਹੀ ਲੜਾਈ ਵਿੱਚ ਹਾਰੀ "ਆਹੂ ਲਾਹੇ ਜਾ ਰਹੀ" ਜਥੇਬੰਦੀ ਦੀ **ਕੇਵਲ ਉਸ ਸਮੇਂ** ਹਮਾਇਤ **ਨਾ** ਕੀਤੀ **ਜਦੋਂ ਉਹ ਜਥੇਬੰਦੀ ਉਹਦਾ ਆਪਣਾ ਮੰਡਲ ਸੀ।**

27 ਵੋਟਾਂ ਦੇ ਮੁਕਾਬਲੇ ਉੱਤੇ 15 ਨਾਲ਼ ਸਾਥੀ ਰੂਸੋਵ ਦਾ ਪ੍ਰਸਤਾਵ ਵੋਟ ਲਏ ਜਾਣ ਯੋਗ ਮਿਥਿਆ ਗਿਆ ਅਤੇ ਫਿਰ 25 ਵੋਟਾਂ ਦੇ ਮੁਕਾਬਲੇ ਉੱਤੇ 17 ਨਾਲ਼ ਪ੍ਰਵਾਨ ਕਰ ਲਿਆ ਗਿਆ। ਜੇ ਅਸੀਂ ਇਹਨਾਂ ਸਤਾਰਾਂ ਵਿੱਚ ਗ਼ੈਰ-ਹਾਜ਼ਰ ਯੇਗੋਰੋਵ ਨੂੰ ਗਿਣ ਲਈਏ ਤਾਂ ਸਾਨੂੰ **"ਇਸਕਰਾ"-ਵਿਰੋਧੀਆਂ ਅਤੇ "ਕੇਂਦਰ" ਦੀ ਪੂਰੀ ਗਿਣਤੀ (18) ਮਿਲ ਜਾਂਦੀ ਹੈ।**

ਸਮੁੱਚੇ ਤੌਰ ਉੱਤੇ ਨਿਯਮਾਂ ਦਾ ਪੈਰਾ 13, ਵਿਦੇਸ਼ਾਂ ਵਿੱਚ ਜਥੇਬੰਦੀ ਸਬੰਧੀ, ਕੇਵਲ **31 ਵੋਟਾਂ** ਦੇ ਮੁਕਾਬਲੇ ਉੱਤੇ ਬਾਰਾਂ ਨਾਲ਼ ਪ੍ਰਵਾਨ ਕੀਤਾ ਗਿਆ, ਜਿਥੇ ਕਿ ਛੇ ਨੇ ਕਿਸੇ ਪਾਸੇ ਵੋਟ ਨਾ ਦਿੱਤੇ। ਇਹ ਅੰਕ, ਇਕੱਤੀ—ਜਿਹੜਾ ਕਾਂਗਰਸ ਵਿੱਚ "ਇਸਕਰਾ"-ਵਾਦੀਆਂ, ਅਰਥਾਤ, ਉਹਨਾਂ ਲੋਕਾਂ ਦੀ ਜਿਹੜੇ ਇਕਸਾਰਤਾ ਨਾਲ਼ "ਇਸਕਰਾ" ਦੇ ਅਸੂਲਾਂ ਨੂੰ ਪੇਸ਼ ਕਰਦੇ ਸਨ ਅਤੇ ਉਹਨਾਂ ਨੂੰ **ਅਮਲ ਵਿੱਚ** ਲਾਗੂ ਕਰਦੇ ਸਨ, ਔਟਾ-ਸੱਟਾ ਗਿਣਤੀ ਦਰਸਾਉਂਦੀ ਹੈ—ਸਾਡੇ ਸਾਹਮਣੇ ਵੋਟਾਂ ਦੇ ਵਿਸ਼ਲੇਸ਼ਣ ਵਿੱਚ **ਛੇਵੀਂ ਵਾਰ** ਤੋਂ ਘੱਟ ਨਹੀਂ ਆਉਂਦੀ (ਏਜੰਡੇ ਦੇ ਸਵਾਲ ਉੱਤੇ "ਬੁੰਦ" ਦਾ ਸਥਾਨ, ਜਥੇਬੰਦਕ ਕਮੇਟੀ ਦੀ ਘਟਨਾ, "ਯੁਜ਼ਨੀ ਰਾਬੋਚੀ" ਟੋਲੀ ਦਾ ਤੋੜਿਆ ਜਾਣਾ, ਜ਼ਰਅਈ ਪ੍ਰੋਗਰਾਮ ਉੱਤੇ ਦੋ ਵਾਰ ਵੋਟ ਲਏ ਜਾਣੇ)। ਇਹਦੇ ਬਾਵਜੂਦ ਸਾਥੀ ਮਾਰਤੋਵ ਗੰਭੀਰਤਾ ਨਾਲ਼ ਸਾਨੂੰ ਨਿਸ਼ਚਾ ਕਰਾਉਣ ਦਾ

ਯਤਨ ਕਰਦਾ ਹੈ ਕਿ "ਇਸਕਰਾ"-ਵਾਦੀਆਂ ਦੀ ਅਜਿਹੀ "ਤੰਗ" ਟੋਲੀ ਚੁਣਨ ਲਈ ਕੋਈ ਕਾਰਨ ਨਹੀਂ ਸੀ।

ਨਾ ਹੀ ਅਸੀਂ ਇਹ ਗੱਲ ਦੱਸਣਾ ਛੱਡ ਸਕਦੇ ਹਾਂ ਕਿ ਨਿਯਮਾਂ ਦੇ ਪੈਰਾ 13 ਦੀ ਪ੍ਰਵਾਨਗੀ ਨੇ ਸਾਥੀ ਅਕੀਮੋਵ ਅਤੇ ਮਾਰਤੀਨੋਵ ਦੇ ਇਸ ਬਿਆਨ ਸਬੰਧੀ ਕਿ ਉਹ "ਵੋਟ ਦੇਣ ਵਿੱਚ ਹਿੱਸਾ ਲੈਣੋਂ ਇਨਕਾਰੀ ਹਨ" (ਪੰਨਾ 288) ਅਤਿਅੰਤ ਲਖਣਾਇਕ ਬਹਿਸ ਨੂੰ ਜਨਮ ਦਿੱਤਾ। ਕਾਂਗਰਸ ਦੇ ਬਿਊਰੋ ਨੇ ਇਸ ਬਿਆਨ ਉੱਤੇ ਵਿਚਾਰ ਕੀਤੀ ਅਤੇ—ਪੂਰੇ ਕਾਰਨਾਂ ਕਾਰਨ—ਇਹ ਨਿਰਣਾ ਕੀਤਾ ਕਿ ਯੂਨੀਅਨ ਦੇ ਸਿੱਧੀ ਤਰ੍ਹਾਂ ਬੰਦ ਕੀਤੇ ਜਾਣ ਕਾਰਨ ਵੀ ਡੈਲੀਗੇਟਾਂ ਨੂੰ ਇਹ ਹੱਕ ਪ੍ਰਾਪਤ ਨਹੀਂ ਹੁੰਦਾ ਕਿ ਉਹ ਕਾਂਗਰਸ ਦੀ ਕਾਰਵਾਈ ਵਿੱਚ ਹਿੱਸਾ ਲੈਣੋਂ ਇਨਕਾਰ ਕਰਨ। ਵੋਟ ਦੇਣ ਤੋਂ ਇਨਕਾਰ ਕਰਨਾ ਬਿਊਰੋ ਦੀ ਰਾਏ ਵਿੱਚ ਉੱਕਾ ਹੀ ਅਸਧਾਰਨ ਅਤੇ ਅਣ-ਆਗਿਆਯੋਗ ਸੀ, ਜਿਸ ਵਿੱਚ "ਇਸਕਰਾ"-ਵਾਦੀ ਘੱਟਗਿਣਤੀ ਸਮੇਤ, ਸਾਰੀ ਕਾਂਗਰਸ ਭਿਆਲ ਸੀ, ਘੱਟਗਿਣਤੀ ਜਿਸਨੇ 28ਵੀਂ ਬੈਠਕ ਵਿੱਚ **ਉਸ ਗੱਲ ਦੀ ਗਰਮੀ ਨਾਲ਼ ਨਿਖੇਧੀ ਕੀਤੀ ਜਿਸਦੀ 31ਵੀਂ ਵਿੱਚ ਉਹ ਆਪ ਕਸੂਰਵਾਰ ਸੀ**! ਜਦੋਂ ਸਾਥੀ ਮਾਰਤੀਨੋਵ ਨੇ ਆਪਣੇ ਕਥਨ ਦੀ ਹਮਾਇਤ ਕੀਤੀ (ਪੰਨਾ 291) ਤਾਂ ਸਾਥੀ ਪਾਵਲੋਵਿਚ ਨੇ, ਤਰਾਤਸਕੀ ਨੇ, ਕਾਰਸਕੀ ਨੇ, ਅਤੇ ਮਾਰਤੋਵ ਨੇ ਇੱਕੋ ਤਰ੍ਹਾਂ ਵਿਰੋਧਤਾ ਕੀਤੀ। ਸਾਥੀ ਮਾਰਤੋਵ ਅਸੰਤੁਸ਼ਟ ਘੱਟਗਿਣਤੀ ਦੇ ਕਰਤੱਵਾਂ ਸਬੰਧੀ ਵਿਸ਼ੇਸ਼ ਤੌਰ ਉੱਤੇ ਸਪਸ਼ਟ ਸੀ (ਉਦੋਂ ਤੱਕ ਜਦੋਂ ਉਹ ਆਪ ਘੱਟਗਿਣਤੀ ਵਿੱਚ ਨਾ ਗਿਆ ਸੀ!) ਅਤੇ ਉਹ ਇਸ ਵਿਸ਼ੇ ਉੱਤੇ ਬੜੇ ਉਪਦੇਸ਼ਵੇਂ ਢੰਗ ਨਾਲ਼ ਬੋਲਿਆ। "ਜਾਂ ਤਾਂ ਤੁਸੀਂ ਕਾਂਗਰਸ ਦੇ ਡੈਲੀਗੇਟ ਹੋ," ਉਹਨੇ ਸਾਥੀ ਅਕੀਮੋਵ ਅਤੇ ਮਾਰਤੀਨੋਵ ਨੂੰ ਕਿਹਾ, "ਜਿਸ ਹਾਲਤ ਵਿੱਚ **ਇਹ ਲਾਜ਼ਮੀ ਹੈ** ਕਿ ਤੁਸੀਂ **ਸਾਰੀ** ਕਾਰਵਾਈ ਵਿੱਚ ਹਿੱਸਾ ਲਓ" [ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ; ਅਜੇ ਸਾਥੀ ਮਾਰਤੋਵ ਨੂੰ ਘੱਟਗਿਣਤੀ ਦੀ ਬਹੁਗਿਣਤੀ ਅੱਗੇ ਅਧੀਨਗੀ ਵਿੱਚ ਕੋਈ ਰਸਮੀਪੁਣਾ ਅਤੇ ਨੌਕਰਸ਼ਾਹੀ ਨਹੀਂ ਸੀ ਦਿਸਦੀ!]; "ਜਾਂ ਤੁਸੀਂ ਡੈਲੀਗੇਟ ਨਹੀਂ, ਜਿਸ ਹਾਲਤ ਵਿੱਚ ਤੁਸੀਂ ਬੈਠਕ ਵਿੱਚ ਨਹੀਂ ਰਹਿ ਸਕਦੇ।... ਯੂਨੀਅਨ ਦੇ ਡੈਲੀਗੇਟਾਂ ਦਾ ਬਿਆਨ ਮੈਨੂੰ ਦੋ ਸਵਾਲ ਪੁੱਛਣ ਲਈ ਮਜਬੂਰ ਕਰਦਾ ਹੈ: ਕੀ ਉਹ ਪਾਰਟੀ ਦੇ ਮੈਂਬਰ ਹਨ, ਅਤੇ ਕੀ ਉਹ ਕਾਂਗਰਸ ਦੇ ਡੈਲੀਗੇਟ ਹਨ ?" (ਪੰਨਾ 292)

**ਸਾਥੀ ਮਾਰਤੋਵ ਸਾਥੀ ਅਕੀਮੋਵ ਨੂੰ ਪਾਰਟੀ ਮੈਂਬਰ ਦੇ ਕਰਤੱਵਾਂ ਸਬੰਧੀ ਸਿੱਖਿਆ ਦੇ ਰਿਹਾ ਹੈ**! ਪਰ ਸਾਥੀ ਅਕੀਮੋਵ ਨੇ ਅਕਾਰਨ ਹੀ ਨਹੀਂ ਸੀ ਕਿਹਾ ਕਿ ਉਹਨੂੰ ਸਾਥੀ ਮਾਰਤੋਵ ਉੱਤੇ ਕੁੱਝ ਆਸਾਂ ਹਨ।... ਇਹ ਆਸਾਂ ਸੱਚੀਆਂ ਸਾਬਤ ਹੋਈਆਂ, ਪਰ, ਕੇਵਲ ਸਾਥੀ ਮਾਰਤੋਵ ਦੇ ਚੋਣਾਂ ਵਿੱਚ ਹਾਰ ਜਾਣ **ਪਿੱਛੋਂ** ਹੀ। ਜਦੋਂ ਮਾਮਲੇ ਦਾ ਸਬੰਧ ਉਹਦੇ ਨਾਲ਼ ਨਹੀਂ ਸੀ ਤਾਂ ਸਾਥੀ ਮਾਰਤੋਵ "ਐਮਰਜੈਂਸੀ ਕਨੂੰਨ" ਜਿਹੇ ਭਿਆਨਕ ਬੋਲੇ ਵੱਲੋਂ ਵੀ ਬੋਲਾ ਸੀ, ਜਿਹੜਾ (ਜੇ ਮੈਨੂੰ ਗ਼ਲਤੀ ਨਹੀਂ ਲੱਗ ਰਹੀ ਤਾਂ) **ਪਹਿਲਾਂ ਪਹਿਲ ਸਾਥੀ ਮਾਰਤੀਨੋਵ ਨੇ ਚਾਲੂ ਕੀਤਾ ਸੀ।** "ਸਾਨੂੰ ਜਿਹੜੀ ਵਿਆਖਿਆ ਦਿੱਤੀ ਗਈ ਹੈ," ਸਾਥੀ ਮਾਰਤੀਨੋਵ ਨੇ ਉਹਨਾਂ ਨੂੰ ਕਿਹਾ ਜਿਨ੍ਹਾਂ ਉਹਨੂੰ ਆਪਣਾ ਬਿਆਨ ਵਾਪਸ ਲੈਣ ਲਈ ਕਿਹਾ, "ਉਹ ਇਸ

ਗੱਲ ਨੂੰ ਸਾਫ਼ ਨਹੀਂ ਕਰਦੀ ਕਿ ਨਿਰਣਾ ਅਸੂਲ ਦਾ ਹੈ ਜਾਂ ਯੂਨੀਅਨ ਵਿਰੁੱਧ **ਐਮਰਜੈਂਸੀ ਦੀ ਕਾਰਵਾਈ** ਹੈ। ਜੇ ਇਹ ਪਿਛਲੇਰੀ ਗੱਲ ਹੈ, ਅਸੀਂ ਸਮਝਦੇ ਹਾਂ ਯੂਨੀਅਨ ਦੀ ਨਿਰਾਦਰੀ ਕੀਤੀ ਗਈ ਹੈ। ਸਾਥੀ ਯੇਗੋਰੋਵ ਉੱਤੇ ਵੀ ਉਹੋ ਪ੍ਰਭਾਵ ਪਿਆ ਜਿਹੜਾ ਸਾਡੇ ਉੱਤੇ, ਅਰਥਾਤ ਇਹ ਕਿ ਇਹ ਯੂਨੀਅਨ ਵਿਰੁੱਧ ਇੱਕ **ਐਮਰਜੈਂਸੀ ਕਨੂੰਨ** ਹੈ [ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ], ਅਤੇ ਇਸ ਲਈ ਅਸੀਂ ਹਾਲ ਤੋਂ ਚਲੇ ਗਏ" (ਪੰਨਾ 295)। ਸਾਥੀ ਮਾਰਤੋਵ ਅਤੇ ਸਾਥੀ ਤਰਾਤਸਕੀ ਦੁਹਾਂ ਨੇ, ਸਾਥੀ ਪਲੈਖ਼ਾਨੋਵ ਨਾਲ਼, ਕਾਂਗਰਸ ਦੇ ਵੋਟ ਨੂੰ **ਨਿਰਾਦਰੀ** ਸਮਝਣ ਦੇ ਵਾਹਯਾਤ, **ਸੱਚਮੁਚ ਵਾਹਯਾਤ** ਵਿਚਾਰ ਵਿਰੁੱਧ ਜ਼ੋਰਦਾਰ ਰੋਸ ਪ੍ਰਗਟ ਕੀਤਾ; ਅਤੇ ਸਾਥੀ ਤਰਾਤਸਕੀ ਨੇ, ਉਹਦੇ ਵੱਲੋਂ ਪੇਸ਼ ਕੀਤੇ ਪ੍ਰਸਤਾਵ ਉੱਤੇ ਕਾਂਗਰਸ ਵੱਲੋਂ ਪ੍ਰਵਾਨ ਕੀਤੇ ਫ਼ੈਸਲੇ ਦੀ ਹਮਾਇਤ ਕਰਦੇ ਹੋਏ (ਕਿ ਸਾਥੀ ਅਕੀਮੋਵ ਅਤੇ ਸਾਥੀ ਮਾਰਤੀਨੋਵ ਇਹ ਸਮਝਣ ਕਿ ਉਹਨਾਂ ਦੀ ਪੂਰੀ ਤਸੱਲੀ ਕਰਵਾਈ ਗਈ ਹੈ), ਕਿਹਾ ਕਿ "ਪ੍ਰਸਤਾਵ ਅਸੂਲੀ ਹੈ, ਅਤੇ ਖੂਹ-ਦੇ-ਡੱਡੂ ਵਾਲ਼ਾ ਨਹੀਂ, ਅਤੇ **ਜੇ ਕੋਈ ਇਸ ਕਾਰਨ ਗ਼ੁੱਸੇ ਹੋ ਜਾਂਦਾ ਹੈ ਤਾਂ ਇਹਦੇ ਨਾਲ਼ ਸਾਡਾ ਕੋਈ ਸਬੰਧ ਨਹੀਂ**" (ਪੰਨਾ 296)। ਪਰ ਇਹ ਗੱਲ ਛੇਤੀ ਹੀ ਸਪਸ਼ਟ ਹੋ ਗਈ ਕਿ ਮੰਡਲ ਮਾਨਸਿਕ ਅਵਸਥਾ ਅਤੇ ਖੂਹ-ਦੇ-ਡੱਡੂ ਦਾ ਨਜ਼ਰੀਆ ਅਜੇ ਤੱਕ ਸਾਡੀ ਪਾਰਟੀ ਵਿੱਚ ਬਹੁਤ ਜ਼ਿਆਦਾ ਮਜ਼ਬੂਤ ਹਨ, ਕਿ ਜਿਨ੍ਹਾਂ ਮਾਣ-ਭਰੇ ਸ਼ਬਦਾਂ ਉੱਤੇ ਮੈਂ ਜ਼ੋਰ ਦਿੱਤਾ ਹੈ, ਉਹ ਕੇਵਲ ਬੜਬੋਲੇ ਸ਼ਬਦ ਸਾਬਤ ਹੋਏ।

ਸਾਥੀ ਅਕੀਮੋਵ ਅਤੇ ਮਾਰਤੀਨੋਵ ਨੇ ਆਪਣਾ ਬਿਆਨ ਵਾਪਸ ਲੈਣੋਂ ਨਾਂਹ ਕਰ ਦਿੱਤੀ ਅਤੇ ਡੈਲੀਗੇਟਾਂ ਦੇ ਆਮ ਨਾਹਰੇ "ਉੱਕਾ ਹੀ ਅਕਾਰਨ!" ਦੇ ਦਰਮਿਆਨ ਕਾਂਗਰਸ ਵਿੱਚੋਂ ਚਲੇ ਗਏ।

## ਜ. ਚੋਣਾਂ। ਕਾਂਗਰਸ ਦਾ ਅੰਤ

ਨਿਯਮ ਪ੍ਰਵਾਨ ਕਰਨ ਪਿੱਛੋਂ ਕਾਂਗਰਸ ਨੇ ਜ਼ਿਲ੍ਹਾ ਜਥੇਬੰਦੀਆਂ ਸਬੰਧੀ ਇੱਕ ਪ੍ਰਸਤਾਵ ਪ੍ਰਵਾਨ ਕੀਤਾ ਅਤੇ ਵਿਸ਼ੇਸ਼ ਪਾਰਟੀ ਜਥੇਬੰਦੀਆਂ ਸਬੰਧੀ ਕਈ ਪ੍ਰਸਤਾਵ, ਅਤੇ, "ਯੁਜ਼ਨੀ ਰਾਬੋਚੀ" ਟੋਲੀ ਸਬੰਧੀ ਉਸ ਅਤਿਅੰਤ ਸਿੱਖਿਆਦਾਇਕ ਬਹਿਸ ਪਿੱਛੋਂ, ਜਿਸਦਾ ਮੈਂ ਉੱਪਰ ਵਿਸ਼ਲੇਸ਼ਣ ਕੀਤਾ ਹੈ, ਪਾਰਟੀ ਦੀਆਂ ਕੇਂਦਰੀ ਸੰਸਥਾਵਾਂ ਚੁਣਨ ਦਾ ਕਾਰਜ ਆਰੰਭਿਆ।

ਅਸੀਂ ਪਹਿਲਾਂ ਹੀ ਜਾਣਦੇ ਹਾਂ ਕਿ "ਇਸਕਰਾ" ਜਥੇਬੰਦੀ ਵਿੱਚ, ਜਿਸਤੋਂ ਸਾਰੀ ਕਾਂਗਰਸ ਨੂੰ ਪ੍ਰਮਾਣਿਕ ਤਜਵੀਜ਼ ਦੀ ਆਸ ਸੀ, ਇਸ ਸਵਾਲ ਉੱਤੇ ਫੁੱਟ ਪੈ ਗਈ ਸੀ, ਕਿਉਂਕਿ ਜਥੇਬੰਦੀ ਦੀ **ਘੱਟਗਿਣਤੀ** ਅਜ਼ਾਦ ਅਤੇ ਖੁੱਲ੍ਹੀ ਟੱਕਰ ਵਿੱਚ ਇਹ ਪਰਖਣਾ ਚਾਹੁੰਦੀ ਸੀ ਕਿ ਉਹ ਕਾਂਗਰਸ ਵਿੱਚ **ਬਹੁਗਿਣਤੀ** ਪ੍ਰਾਪਤ ਕਰ ਸਕਦੀ ਹੈ ਜਾਂ ਨਹੀਂ। ਸਾਨੂੰ ਇਹ ਵੀ ਪਤਾ ਹੈ ਕਿ ਕਾਂਗਰਸ ਤੋਂ ਬਹੁਤ ਪਹਿਲਾਂ—ਅਤੇ ਖ਼ੁਦ ਕਾਂਗਰਸ ਵਿੱਚ ਸਾਰੇ ਡੈਲੀਗੇਟਾਂ ਨੂੰ ਦੋ ਤਿੱਕੜੀਆਂ, ਇੱਕ ਕੇਂਦਰੀ ਬੁਲਾਰੇ ਲਈ ਅਤੇ ਇੱਕ ਕੇਂਦਰੀ ਕਮੇਟੀ ਲਈ ਚੁਣਕੇ ਸੰਪਾਦਕ ਮੰਡਲ ਦੀ **ਮੁੜ-ਜਥੇਬੰਦੀ ਕਰਨ** ਦੀ ਪਲਾਨ ਦਾ ਪਤਾ ਸੀ। ਆਓ ਅਸੀਂ ਇਸ ਪਲਾਨ ਨੂੰ ਜ਼ਰਾ ਵਧੇਰੇ ਵਿਸਥਾਰ ਨਾਲ਼ ਲਈਏ ਤਾਂ ਜੁ ਕਾਂਗਰਸ ਦੀ ਬਹਿਸ ਉੱਤੇ ਚਾਨਣ ਪਾਇਆ ਜਾ

ਸਕੇ।

ਇੱਥੇ ਕਾਂਗਰਸ ਦੇ Tagesordnung ਦੇ ਖਰੜੇ ਨਾਲ਼, ਜਿੱਥੇ ਇਹ ਪਲਾਨ ਦਿੱਤੀ ਗਈ ਹੈ, ਮੇਰੀ ਟਿੱਪਣੀ ਦਾ ਇੰਨ-ਬਿੰਨ ਪਾਠ ਹੈ*: "ਕਾਂਗਰਸ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਲਈ ਤਿੰਨ ਅਤੇ ਕੇਂਦਰੀ ਕਮੇਟੀ ਲਈ ਤਿੰਨ ਬੰਦੇ ਚੁਣੇਗੀ। ਇਹ ਛੇ ਬੰਦੇ, ਜੇ ਲੋੜ ਹੋਵੇ ਤਾਂ, **ਸਾਂਝੇ ਤੌਰ ਉੱਤੇ** ਦੋ-ਤਿਹਾਈ ਵੋਟ ਨਾਲ਼ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਅਤੇ ਕੇਂਦਰੀ ਕਮੇਟੀ ਲਈ ਹੋਰ ਮੈਂਬਰ ਕੁਆਪਟ ਕਰਨਗੇ ਅਤੇ ਇਸ ਸਬੰਧੀ ਕਾਂਗਰਸ ਅੱਗੇ ਰਿਪੋਰਟ ਪੇਸ਼ ਕਰਨਗੇ। ਕਾਂਗਰਸ ਵੱਲੋਂ ਇਸ ਰਿਪੋਰਟ ਦੀ ਤਸਦੀਕ ਹੋ ਜਾਣ ਪਿੱਛੋਂ, ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਵੱਲੋਂ ਅਤੇ ਕੇਂਦਰੀ ਕਮੇਟੀ ਵੱਲੋਂ ਕੁਆਪਸ਼ਨ ਵੱਖ-ਵੱਖ ਕੀਤੀ ਜਾਵੇਗੀ।"

ਆਪਣੇ ਪਾਠ ਵਿੱਚ ਪਲਾਨ ਨਿਸ਼ਚਿਤ ਰੂਪ ਵਿੱਚ ਅਤੇ ਬਿਨਾਂ ਸ਼ੱਕ ਉੱਘੜ ਕੇ ਸਾਹਮਣੇ ਆਉਂਦੀ ਹੈ: ਇਹਦੇ ਅਰਥ ਹਨ ਪਾਰਟੀ ਦੇ ਅਮਲੀ ਕੰਮ ਦੇ ਸਭ ਤੋਂ ਵੱਧ ਪ੍ਰਭਾਵ ਵਾਲ਼ੇ ਨੇਤਾਵਾਂ ਦੀ **ਸ਼ਮੂਲੀਅਤ ਨਾਲ਼** ਅਮਲ ਵਿੱਚ ਲਿਆਂਦਾ ਗਿਆ ਸੰਪਾਦਕ ਮੰਡਲ ਦਾ **ਮੁੜ-ਘੜਨਾ।** ਜਿਹੜਾ ਥੋੜ੍ਹੇ ਵੀ ਧਿਆਨ ਨਾਲ਼ ਪਾਠ ਨੂੰ ਪੜ੍ਹਨ ਦੀ ਖੇਚਲ ਕਰਦਾ ਹੈ, ਇਸ ਪਲਾਨ ਦੇ ਇਹ ਦੋਵੇਂ ਲੱਛਣ, ਜਿਨ੍ਹਾਂ ਉੱਤੇ ਮੈਂ ਜ਼ੋਰ ਦਿੱਤਾ ਹੈ, ਉਹਦੇ ਲਈ ਉੱਕਾ ਹੀ ਸਪਸ਼ਟ ਹੋ ਜਾਣਗੇ। ਪਰ ਅੱਜ ਕੱਲ ਬੰਦੇ ਨੂੰ ਰੁਕ ਕੇ ਅਤਿਅੰਤ ਮੂਲਕ ਗੱਲਾਂ ਦੀ ਵਿਆਖਿਆ ਕਰਨੀ ਪੈਂਦੀ ਹੈ। ਇਹ ਐਨ ਸੰਪਾਦਕ ਮੰਡਲ ਦਾ **ਮੁੜ-ਘੜਨਾ** ਹੀ ਸੀ ਜਿਹੜਾ ਪਲਾਨ ਦਾ ਅਰਥ ਸੀ—ਨਾ ਕਿ ਲਾਜ਼ਮੀ ਤੌਰ ਉੱਤੇ ਇਹਦੇ ਮੈਂਬਰਾਂ ਦੀ ਗਿਣਤੀ ਨੂੰ ਵਧਾਉਣਾ ਜਾਂ ਘਟਾਉਣਾ, ਸਗੋਂ ਇਹਨੂੰ ਮੁੜ-ਘੜਨਾ; ਕਿਉਂਕਿ ਸੰਭਵ ਵਾਧੇ ਜਾਂ ਘਟਾਉਣ ਦਾ ਸਵਾਲ **ਖੁੱਲ੍ਹਾ** ਛੱਡ ਦਿੱਤਾ ਗਿਆ: ਕੁਆਪਸ਼ਨ ਦਾ ਪ੍ਰਬੰਧ ਤਾਂ ਹੀ ਕੀਤਾ ਸੀ **ਜੇ ਇਹਦੀ ਲੋੜ ਹੋਵੇ।** ਵੱਖ ਵੱਖ ਲੋਕਾਂ ਨੇ ਅਜਿਹੇ ਮੁੜ-ਘੜਨ ਲਈ ਜਿਹੜੀਆਂ ਤਜਵੀਜ਼ਾਂ ਪੇਸ਼ ਕੀਤੀਆਂ, ਉਹਨਾਂ ਵਿੱਚੋਂ ਕੁੱਝ ਸੰਪਾਦਕਾਂ ਦੀ ਗਿਣਤੀ ਸੰਭਵ ਘਟਾਉਣ ਦੀ, ਅਤੇ ਕੁੱਝ ਇਹ ਗਿਣਤੀ ਸੱਤ ਤੱਕ (ਨਿੱਜੀ ਤੌਰ ਉੱਤੇ ਮੈਂ ਸਦਾ ਛੇ ਦੀ ਥਾਂ ਸੱਤ ਨੂੰ ਵਧੇਰੇ ਪ੍ਰਵਾਨਗੀ-ਯੋਗ ਸਮਝਿਆ ਹੈ) ਅਤੇ ਇਥੋਂ ਤੱਕ ਕਿ ਗਿਆਰਾਂ ਤੱਕ ਵਧਾਉਣ ਦੀ ਤਜਵੀਜ਼ ਪੇਸ਼ ਕੀਤੀ (ਮੈਂ ਇਹਨੂੰ ਆਮ ਤੌਰ ਉੱਤੇ ਸਾਰੀਆਂ ਸੋਸ਼ਲ-ਡੈਮੋਕ੍ਰੈਟਕ ਜਥੇਬੰਦੀਆਂ ਨਾਲ਼ ਅਤੇ "ਬੁੰਦ" ਅਤੇ ਪੋਲੈਂਡ ਦੇ ਸੋਸ਼ਲ-ਡੈਮੋਕ੍ਰੈਟਾਂ ਨਾਲ਼ ਵਿਸ਼ੇਸ਼ ਤੌਰ ਉੱਤੇ ਅਮਨ-ਭਰੇ ਏਕੇ ਦੀ ਹਾਲਤ ਵਿੱਚ ਸੰਭਵ ਸਮਝਦਾ ਸਾਂ)। ਪਰ ਜਿਹੜੇ ਲੋਕ "ਤਿੱਕੜੀ" ਸਬੰਧੀ ਗੱਲਾਂ ਕਰਦੇ ਹਨ ਉਹ ਜਿਹੜੀ ਗੱਲ ਭੁੱਲ ਜਾਂਦੇ ਹਨ, ਉਹ ਇਹ ਹੈ ਕਿ **ਕੇਂਦਰੀ ਬੁਲਾਰੇ ਵਿੱਚ ਹੋਰ ਕੁਆਪਸ਼ਨ ਦਾ ਮਾਮਲਾ ਕੇਂਦਰੀ ਕਮੇਟੀ ਦੇ ਮੈਂਬਰਾਂ ਦੀ ਸ਼ਮੂਲੀਅਤ ਨਾਲ਼ ਨਬੇੜਿਆ ਜਾਣਾ ਸੀ।** ਜਥੇਬੰਦੀ ਜਾਂ ਕਾਂਗਰਸ ਦੇ "ਘੱਟਗਿਣਤੀ" ਮੈਂਬਰਾਂ ਵਿੱਚੋਂ ਕਿਸੇ ਨੇ ਵੀ, ਜਿਨ੍ਹਾਂ ਨੂੰ ਇਸ ਪਲਾਨ ਦਾ ਪਤਾ ਸੀ ਅਤੇ ਜਿਹੜੇ (ਜਾਂ ਤਾਂ ਖੁੱਲ੍ਹਮ ਖੁੱਲ੍ਹਾ ਜਾਂ ਚੁੱਪ-ਚਾਪ) ਇਹਨੂੰ ਮਨਜ਼ੂਰ ਕਰਦੇ ਸਨ, ਇਸ ਨੁਕਤੇ ਦੀ

---

* ਵੇਖੋ ਮੇਰਾ " 'ਇਸਕਰਾ' ਸੰਪਾਦਕਾਂ ਦੇ ਨਾਂ ਖ਼ਤ", ਪੰਨਾ 5, ਅਤੇ ਲੀਗ ਦੀ ਕਾਰਵਾਈ, ਪੰਨਾ 53।

ਵਿਆਖਿਆ ਕਰਨ ਦੀ ਖੇਚਲ ਨਹੀਂ ਕੀਤੀ। ਪਹਿਲੀ ਗੱਲ, ਕਿਉਂ ਇੱਕ ਤਿੱਕੜੀ, ਅਤੇ ਕੇਵਲ ਤਿੱਕੜੀ ਹੀ ਸੰਪਾਦਕ ਮੰਡਲ ਨੂੰ ਮੁੜ-ਘੜਣ ਲਈ ਆਦਿ-ਬਿੰਦੂ ਵਜੋਂ ਲਈ ਗਈ ? ਸਪਸ਼ਟ ਤੌਰ ਉੱਤੇ, ਇਹ ਗੱਲ **ਉੱਕਾ ਹੀ ਨਿਰਾਰਥ** ਹੁੰਦੀ ਜੇ ਇੱਕੋ ਇੱਕ ਜਾਂ **ਘੱਟੋ ਘੱਟ** ਮੁਖ ਮੰਤਵ ਬੋਰਡ ਨੂੰ **ਵਧਾਉਣਾ** ਹੁੰਦਾ, ਅਤੇ ਜੇ ਉਸ ਬੋਰਡ ਨੂੰ ਸੱਚਮੁਚ "ਸੁਰਮੇਲ ਵਾਲ਼ਾ" ਸਮਝਿਆ ਜਾਂਦਾ ਹੁੰਦਾ। ਜੇ ਮੰਤਵ "ਸੁਰਮੇਲ ਵਾਲੀ" ਸੰਸਥਾ ਨੂੰ ਵਧਾਉਣਾ ਹੋਵੇ ਤਾਂ ਸਮੁੱਚੀ ਸੰਸਥਾ ਨਾਲ਼ ਨਹੀਂ ਸਗੋਂ ਉਹਦੇ **ਇੱਕ ਹਿੱਸੇ ਨਾਲ਼ ਮੁੱਢ ਬੰਨ੍ਹਣਾ** ਅਨੋਖੀ ਗੱਲ ਹੋਵੇਗੀ। ਇਹ ਸਪਸ਼ਟ ਸੀ ਕਿ ਮੰਡਲ ਦੇ **ਸਾਰੇ** ਮੈਂਬਰਾਂ ਨੂੰ, ਇਹਨੂੰ ਮੁੜ-ਘੜਣ ਦੇ, ਪੁਰਾਣੇ ਸੰਪਾਦਕ ਮੰਡਲ ਨੂੰ **ਪਾਰਟੀ ਸੰਸਥਾ** ਵਿੱਚ ਤਬਦੀਲ ਕਰਨ ਦੇ ਮਾਮਲੇ ਉੱਤੇ ਵਿਚਾਰ ਕਰਨ ਅਤੇ ਇਸ ਸਬੰਧੀ **ਫ਼ੈਸਲਾ ਕਰਨ** ਦੇ ਯੋਗ **ਨਾ** ਸਮਝਿਆ ਗਿਆ। ਸਪਸ਼ਟ ਤੌਰ ਉੱਤੇ ਉਹ ਲੋਕ ਵੀ ਜਿਹੜੇ ਨਿੱਜੀ ਤੌਰ ਉੱਤੇ ਮੁੜ-ਘੜਨ ਨੂੰ ਵਧਾਉਣਾ ਖ਼ਿਆਲ ਕਰਦੇ ਸਨ, ਇਹ ਪ੍ਰਵਾਨ ਕਰਦੇ ਕਿ ਮੰਡਲ ਦੀ ਪੁਰਾਣੀ ਬਣਤਰ ਸੁਰਮੇਲ ਵਾਲੀ ਨਹੀਂ ਸੀ ਅਤੇ ਪਾਰਟੀ ਸੰਸਥਾ ਦੇ ਆਸ਼ੇ ਉੱਤੇ ਪੂਰੀ ਨਹੀਂ ਸੀ ਉਤਰਦੀ, ਕਿਉਂਕਿ ਜੇ ਅਜਿਹਾ ਨਾ ਹੁੰਦਾ ਤਾਂ ਵਧਾਉਣ ਲਈ **ਪਹਿਲਾਂ** ਛੇ ਨੂੰ **ਤਿੰਨ** ਤੱਕ ਘਟਾਉਣ ਵਿੱਚ ਕੋਈ ਤਰਕ ਨਾ ਹੁੰਦਾ। ਮੈਂ ਦੁਹਰਾਉਂਦਾ ਹਾਂ, ਇਹ ਗੱਲ ਸਵੈ-ਪ੍ਰਤੱਖ ਹੈ ਅਤੇ ਕੇਵਲ "ਸ਼ਖ਼ਸੀਅਤਾਂ" ਸਬੰਧੀ ਅਸਥਾਈ ਗੜਬੜ ਹੀ ਇਹਦੇ ਭੁੱਲ ਜਾਣ ਦਾ ਕਾਰਨ ਹੋ ਸਕਦੀ ਹੈ।

ਦੂਜੇ, ਜਿਹਾ ਕਿ ਉਪ੍ਰੋਕਤ ਪਾਠ ਤੋਂ ਵੇਖਿਆ ਜਾ ਸਕਦਾ ਹੈ **ਕੇਂਦਰੀ ਬੁਲਾਰੇ ਦੇ ਸਾਰੇ ਤਿੰਨ ਮੈਂਬਰਾਂ ਦੀ ਸਹਿਮਤੀ** ਵੀ ਤਿੱਕੜੀ ਵਿੱਚ ਵਾਧੇ ਲਈ ਕਾਫ਼ੀ ਨਹੀਂ ਸੀ ਹੋ ਸਕਦੀ। ਇਹ ਗੱਲ ਵੀ ਸਦਾ ਅੱਖੋਂ ਉਹਲੇ ਕਰ ਦਿੱਤੀ ਜਾਂਦੀ ਹੈ। **ਛੇ** ਦਾ ਦੋ-ਤਿਹਾਈ, ਅਰਥਾਤ **ਚਾਰ** ਵੋਟ, ਕੁਆਪਸ਼ਨ ਲਈ ਲੋੜੀਂਦੇ ਹੋਣੇ ਸਨ; ਇਸ ਲਈ ਕੇਂਦਰੀ ਕਮੇਟੀ ਲਈ ਚੁਣੇ ਤਿੰਨ ਮੈਂਬਰਾਂ ਦਾ ਆਪਣਾ ਵੀਟੋ ਦਾ ਹੱਕ ਵਰਤਣ ਦੀ ਲੋੜ ਸੀ, ਅਤੇ **ਤਿੱਕੜੀ ਵਿੱਚ ਕੋਈ ਵਾਧਾ ਸੰਭਵ ਨਹੀਂ ਸੀ।** ਇਹਦੇ ਉਲਟ ਜੇ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਦੇ ਤਿੰਨ ਮੈਂਬਰਾਂ ਵਿੱਚੋਂ ਦੋ ਹੋਰ ਕੁਆਪਸ਼ਨ ਦੇ ਵਿਰੁੱਧ ਹੁੰਦੇ ਤਾਂ ਵੀ ਜੇ ਕੇਂਦਰੀ ਕਮੇਟੀ ਦੇ ਤਿੰਨ ਮੈਂਬਰ ਇਹਦੇ ਹੱਕ ਵਿੱਚ ਹੁੰਦੇ ਤਾਂ ਇਹ ਸੰਭਵ ਹੁੰਦੀ। ਇਉਂ ਇਹ ਸਪਸ਼ਟ ਹੈ ਕਿ ਪੁਰਾਣੇ ਮੰਡਲ ਨੂੰ ਇੱਕ ਪਾਰਟੀ ਸੰਸਥਾ ਵਿੱਚ ਤਬਦੀਲ ਕਰਨ ਦੀ ਮਨਸ਼ਾ ਅਮਲੀ ਕੰਮ ਲਈ ਕਾਂਗਰਸ ਵੱਲੋਂ ਚੁਣੇ ਨੇਤਾਵਾਂ ਨੂੰ **ਨਿਰਣਾਇਕ** ਹੱਕ ਦੇਣਾ ਸੀ। ਸਾਡੀ ਨਿਗਾਹ ਵਿੱਚ ਕਿਹੜੇ ਸਾਥੀ ਸਨ, ਇਹ ਗੱਲ ਇਸ ਤੱਥ ਤੋਂ ਵੇਖੀ ਜਾ ਸਕਦੀ ਹੈ ਕਿ ਕਾਂਗਰਸ ਤੋਂ ਪਹਿਲਾਂ ਸੰਪਾਦਕ ਮੰਡਲ ਨੇ, ਜੇ ਉਸ ਸੰਸਥਾ ਵੱਲੋਂ ਕਾਂਗਰਸ ਅੱਗੇ ਬਿਆਨ ਪੇਸ਼ ਕਰਨ ਦੀ ਲੋੜ ਹੋਵੇ, ਸਰਬ-ਸੰਮਤੀ ਨਾਲ਼ ਸਾਥੀ ਪਾਵਲੋਵਿਚ ਨੂੰ ਆਪਣਾ ਸੱਤਵਾਂ ਮੈਂਬਰ ਚੁਣਿਆ; ਸਾਥੀ ਪਾਵਲੋਵਿਚ ਤੋਂ ਬਿਨਾਂ "ਇਸਕਰਾ" ਜਥੇਬੰਦੀ ਦੇ ਇੱਕ ਪੁਰਾਣਾ ਮੈਂਬਰ ਅਤੇ ਜਥੇਬੰਦਕ ਕਮੇਟੀ ਦੇ ਮੈਂਬਰ ਦਾ ਨਾਂ, **ਜਿਹੜਾ ਪਿੱਛੋਂ ਕੇਂਦਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ**, ਸੱਤਵੀਂ ਥਾਂ ਲਈ ਤਜਵੀਜ਼ ਕੀਤਾ ਗਿਆ।

ਸੋ, ਸਪਸ਼ਟ ਤੌਰ ਉੱਤੇ ਦੋ ਤਿੱਕੜੀਆਂ ਚੁਣਨ ਦੀ ਪਲਾਨ ਦਾ ਮੰਤਵ ਸੀ: 1)

ਸੰਪਾਦਕ ਮੰਡਲ ਨੂੰ ਮੁੜ-ਘੜਨਾ; 2) ਇਹਦੇ ਵਿੱਚੋਂ ਪੁਰਾਣੀ ਮੰਡਲ ਭਾਵਨਾ ਵਾਲ਼ੇ ਕੁੱਝ ਅੰਸ਼ਾਂ ਨੂੰ ਕੱਢਣ, ਜਿਸ ਭਾਵਨਾ ਦੀ ਪਾਰਟੀ ਸੰਸਥਾ ਵਿੱਚ ਕੋਈ ਥਾਂ ਨਹੀਂ (ਜੇ ਕੱਢਣ ਲਈ ਕੁੱਝ ਨਾ ਹੁੰਦਾ ਤਾਂ ਮੁੱਢਲੀ ਤਿੱਕੜੀ ਦਾ ਵਿਚਾਰ ਵਿਅਰਥ ਹੁੰਦਾ) ਅਤੇ, ਅਖ਼ੀਰ, 3) ਲੇਖਕਾਂ ਦੇ ਇੱਕ ਸਮੂਹ ਦੇ, "ਧਰਮਤੰਤਰਵਾਦੀ" ਲੱਛਣਾਂ ਤੋਂ ਛੁਟਕਾਰਾ ਪਾਉਣਾ (ਤਿੱਕੜੀ ਦੇ ਵਧਾਉਣ ਦੇ ਸਵਾਲ ਦਾ **ਨਬੇੜਾ ਕਰਨ ਵਿੱਚ** ਉੱਘੇ ਅਮਲੀ ਕਾਰਕੁਨਾਂ ਨੂੰ ਸ਼ਾਮਲ ਕਰਕੇ ਉਹਨਾਂ ਤੋਂ ਛੁਟਕਾਰਾ ਪਾਉਣਾ)। ਇਹ ਪਲਾਨ, ਜਿਸ ਤੋਂ ਸੰਪਾਦਕਾਂ ਵਿੱਚੋਂ ਸਾਰੇ ਜਾਣੂ ਸਨ, ਸਪਸ਼ਟ ਤੌਰ ਉੱਤੇ **ਤਿੰਨ ਵਰ੍ਹਿਆਂ ਦੇ ਅਨੁਭਵ ਉੱਤੇ** ਅਧਾਰਤ ਸੀ ਅਤੇ ਉਸ ਇਨਕਲਾਬੀ ਜਥੇਬੰਦੀ ਦੇ ਅਸੂਲਾਂ ਨਾਲ਼ **ਪੂਰੀ ਤਰ੍ਹਾਂ** ਮੇਲ ਖਾਂਦੀ ਸੀ ਜਿਹੜੀ ਅਸੀਂ ਵਿਧਾਨਕ ਤੌਰ ਉੱਤੇ ਲਾਗੂ ਕਰ ਰਹੇ ਸਾਂ। **ਫੁੱਟ** ਦੇ ਉਸ ਸਮੇਂ ਵਿੱਚ ਜਿਸ ਵਿੱਚ "ਇਸਕਰਾ" ਘੋਲ਼ ਵਿੱਚ ਨਿੱਤਰਿਆ, ਵੱਖ ਵੱਖ ਟੋਲੀਆਂ ਅਕਸਰ ਉਗੜ-ਦੁੱਗੜ ਅਤੇ ਆਪਮੁਹਾਰੇ ਬਣ ਜਾਂਦੀਆਂ ਹਨ, ਅਤੇ ਅਟੱਲ ਤੌਰ ਉੱਤੇ ਉਹਨਾਂ ਵਿੱਚ ਮੰਡਲ ਭਾਵਨਾ ਦੇ ਕੁੱਝ ਖੋਰੀ ਪ੍ਰਗਟਾਵਾਂ ਦਾ ਨੁਕਸ ਹੁੰਦਾ ਹੈ। ਪਾਰਟੀ ਸਿਰਜਣਾ ਇਹਨਾਂ ਅੰਸ਼ਾਂ ਦਾ ਅੰਤ ਪਹਿਲਾਂ ਤੋਂ ਮਿਥ ਲੈਂਦੀ ਹੈ ਅਤੇ ਇਹਦੀ ਮੰਗ ਕਰਦੀ ਹੈ; ਉੱਘੇ ਅਮਲੀ ਕਾਰਕੁਨਾਂ ਦੀ ਇਸ ਅੰਤ ਵਿੱਚ ਸ਼ਮੂਲੀਅਤ **ਲਾਜ਼ਮੀ ਸੀ** ਕਿਉਂਕਿ ਸੰਪਾਦਕ ਮੰਡਲ ਦੇ ਕੁੱਝ ਮੈਂਬਰਾਂ ਦਾ ਸਬੰਧ **ਸਦਾ** ਜਥੇਬੰਦਕ ਮਾਮਲਿਆਂ ਨਾਲ਼ ਰਿਹਾ ਸੀ, ਅਤੇ ਪਾਰਟੀ ਸੰਸਥਾਵਾਂ ਦੇ ਪ੍ਰਬੰਧ ਵਿੱਚ ਸ਼ਾਮਲ ਹੋਣ ਵਾਲ਼ੀ ਸੰਸਥਾ ਕੇਵਲ ਲੇਖਕਾਂ ਦਾ ਨਹੀਂ, ਸਗੋਂ ਸਿਆਸੀ ਨੇਤਾਵਾਂ ਦਾ ਸਮੂਹ ਹੋਣੀ ਸੀ। "ਇਸਕਰਾ" ਜਿਸ ਨੀਤੀ ਉੱਤੇ ਚਲਦਾ ਰਿਹਾ ਸੀ ਉਹਦੇ ਨਜ਼ਰੀਏ ਤੋਂ ਮੁੱਢਲੀ ਤਿੱਕੜੀ ਦੀ ਚੋਣ ਕਾਂਗਰਸ ਉੱਤੇ ਛੱਡ ਦੇਣਾ ਵੀ ਇਸੇ ਤਰ੍ਹਾਂ ਸੁਭਾਵਕ ਸੀ: ਅਸਾਂ ਕਾਂਗਰਸ ਦੀ ਤਿਆਰੀ ਲਈ ਅਤਿਅੰਤ **ਸਾਵਧਾਨੀ ਤੋਂ** ਕੰਮ ਲਿਆ ਸੀ, ਉਸ ਸਮੇਂ ਤੱਕ ਉਡੀਕ ਕੀਤੀ ਸੀ ਜਦੋਂ ਤੱਕ ਪ੍ਰੋਗਰਾਮ, ਦਾਅ-ਪੇਚਾਂ ਅਤੇ ਜਥੇਬੰਦੀ ਸਬੰਧੀ ਸਾਰੇ ਵਿਵਾਦੀ ਪ੍ਰਸ਼ਨ **ਪੂਰੀ ਤਰਾਂ** ਸੁਲਝ ਗਏ; ਸਾਨੂੰ ਇਸ ਸਬੰਧੀ **ਕੋਈ ਸ਼ੱਕ ਨਹੀਂ ਸੀ** ਕਿ ਕਾਂਗਰਸ ਇਹਨਾਂ ਅਰਥਾਂ ਵਿੱਚ ਇੱਕ **"ਇਸਕਰਾ"-ਵਾਦੀ** ਕਾਂਗਰਸ ਹੋਵੇਗੀ ਕਿ ਇਹਦੀ ਭਾਰੀ ਬਹੁਗਿਣਤੀ ਇਹਨਾਂ ਬੁਨਿਆਦੀ ਸਵਾਲਾਂ ਉੱਤੇ ਨਿੱਗਰ ਹੋਵੇਗੀ (ਅੰਸ਼ਕ ਤੌਰ ਉੱਤੇ ਇਸ ਗੱਲ ਦਾ ਸੰਕੇਤ "ਇਸਕਰਾ" ਨੂੰ ਮੁੱਖ ਪੱਤਰ ਪ੍ਰਵਾਨ ਸਬੰਧੀ ਪ੍ਰਸਤਾਵਾਂ ਤੋਂ ਵੀ ਹੁੰਦਾ ਸੀ); ਇਸ ਲਈ ਅਸੀਂ ਇਸ ਗੱਲ ਲਈ **ਬੰਨ੍ਹੇ ਹੋਏ ਸਾਂ** ਕਿ ਅਸੀਂ ਇਹ ਗੱਲ ਉਹਨਾਂ ਸਾਥੀਆਂ ਉੱਤੇ ਛੱਡ ਦੇਈਏ ਜਿਨ੍ਹਾਂ "ਇਸਕਰਾ" ਦੇ ਵਿਚਾਰਾਂ ਨੂੰ ਫੈਲਾਉਣ ਅਤੇ ਇਹਦੇ ਇੱਕ ਪਾਰਟੀ ਵਿੱਚ ਤਬਦੀਲ ਹੋਣ ਦੇ ਕੰਮ ਦਾ ਸਾਰਾ ਭਾਰ ਆਪਣੇ ਮੋਢਿਆਂ ਉੱਤੇ ਲਿਆ, ਕਿ **ਉਹ ਆਪਣੇ ਲਈ** ਨਿਰਣਾ ਕਰਨ ਕਿ ਨਵੀਂ ਪਾਰਟੀ ਸੰਸਥਾ ਲਈ ਕੌਣ ਸਭ ਤੋਂ ਯੋਗ ਉਮੀਦਵਾਰ ਹਨ। **ਕੇਵਲ** ਇਸ ਤੱਥ ਰਾਹੀਂ ਹੀ ਕਿ "ਦੋ ਤਿੱਕੜੀਆਂ" ਲਈ ਇਹ ਪਲਾਨ ਸੁਭਾਵਕ, **ਕੇਵਲ** ਇਸ ਤੱਥ ਰਾਹੀਂ ਹੀ ਇਹ ਪੂਰੀ ਤਰ੍ਹਾਂ "ਇਸਕਰਾ" ਦੀ ਸਾਰੀ ਨੀਤੀ ਨਾਲ਼ ਅਤੇ ਜਿਹੜੇ ਲੋਕ ਕਿਸੇ ਵੀ ਤਰ੍ਹਾਂ ਇਹਦੇ ਕੰਮ ਤੋਂ ਜਾਣੂ ਸਨ, ਉਹਨਾਂ ਨੂੰ "ਇਸਕਰਾ" ਸਬੰਧੀ ਜੋ ਕੁੱਝ ਪਤਾ ਸੀ, ਉਸ ਨਾਲ਼ **ਪੂਰੀ ਤਰ੍ਹਾਂ ਮੇਲ ਖਾਂਦੀ ਸੀ**, ਇਸ ਪਲਾਨ ਦੀ ਆਮ ਪ੍ਰਵਾਨਗੀ ਅਤੇ ਮੁਕਾਬਲੇ ਦੀ ਕਿਸੇ ਪਲਾਨ ਦੀ ਅਣਹੋਂਦ ਦੀ **ਵਿਆਖਿਆ ਕੀਤੀ**

**ਜਾ ਸਕਦੀ ਹੈ।**

ਸੋ ਕਾਂਗਰਸ ਵਿੱਚ ਸਭ ਤੋਂ ਪਹਿਲਾਂ ਸਾਥੀ ਰੂਸੋਵ ਨੇ **ਦੋ ਤਿੱਕੜੀਆਂ** ਦੀ ਚੋਣ ਦੀ ਤਜਵੀਜ਼ ਪੇਸ਼ ਕੀਤੀ। ਮਾਰਤੋਵ ਦੇ, ਜਿਸਨੇ **ਸਾਨੂੰ ਲਿਖਤੀ ਤੌਰ ਉੱਤੇ ਸੂਚਿਤ ਕੀਤਾ ਸੀ ਕਿ ਇਹ ਪਲਾਨ ਪੈਰੋਕਾਰਾਂ ਦੇ ਝੂਠੇ ਦੋਸ਼ ਨਾਲ਼ ਸਬੰਧਤ ਹੈ**, ਪੈਰੋਕਾਰਾਂ ਨੂੰ **ਇਹ ਅਹੁੜਿਆ ਤੱਕ ਨਾ** ਕਿ ਉਹ ਛਿਆਂ ਜਾਂ ਤਿੰਨਾਂ ਦੇ ਮੰਡਲ ਸਬੰਧੀ ਵਿਵਾਦ ਨੂੰ ਇਸ ਸਵਾਲ ਤੱਕ ਘਟਾ ਦੇਣ ਕਿ ਇਹ ਦੋਸ਼ ਠੀਕ ਹੈ ਜਾਂ ਗ਼ਲਤ। **ਉਹਨਾਂ ਵਿੱਚੋਂ ਇੱਕ ਨੇ ਵੀ ਉਹਦੇ ਵੱਲ ਸੰਕੇਤ ਤੱਕ ਨਾ ਕੀਤਾ! ਉਹਨਾਂ ਵਿੱਚੋਂ ਕਿਸੇ ਨੇ** ਤਿੰਨਾਂ ਜਾਂ ਛਿਆਂ ਸਬੰਧੀ ਧਿਰਾਂ ਦੇ ਅਸੂਲੀ ਮਤ-ਭੇਦ ਸਬੰਧੀ **ਇੱਕ ਸ਼ਬਦ ਕਹਿਣ ਦੀ ਵੀ ਹਿੰਮਤ ਨਾ ਕੀਤੀ।** ਉਹਨਾਂ ਇੱਕ ਵਧੇਰੇ ਆਮ ਅਤੇ ਵਧੇਰੇ ਸਸਤੇ ਢੰਗ ਨੂੰ ਚੰਗੇਰਾ ਸਮਝਿਆ, ਅਰਥਾਤ, **ਤਰਸ** ਪੈਦਾ ਕਰਨਾ, **ਸੰਭਵ ਚੋਟ ਲੱਗੀਆਂ ਭਾਵਨਾਵਾਂ** ਦੀ ਗੱਲ ਕਰਨਾ, ਇਹ ਪੱਜ ਬਣਾਉਣਾ ਕਿ **ਸੰਪਾਦਕ ਮੰਡਲ ਦਾ ਸਵਾਲ** "ਇਸਕਰਾ" ਨੂੰ ਕੇਂਦਰੀ ਬੁਲਾਰਾ ਥਾਪ ਕੇ **ਪਹਿਲਾਂ ਹੀ ਨਬੇੜਿਆ ਜਾ ਚੁੱਕਾ ਹੈ।** ਇਹ ਅਖ਼ੀਰੀ ਦਲੀਲ ਜਿਹੜੀ ਸਾਥੀ ਕੋਲਤਸੋਵ ਨੇ ਸਾਥੀ ਰੂਸੋਵ ਵਿਰੁੱਧ ਪੇਸ਼ ਕੀਤੀ, **ਸ਼ਰੇਆਮ ਝੂਠ** ਸੀ। ਕਾਂਗਰਸ ਦੇ ਏਜੰਡੇ ਵਿੱਚ ਦੋ ਮਦਾਂ ਸ਼ਾਮਲ ਸਨ—ਨਿਰਸੰਦੇਹ ਸਬੱਬੀ ਤੌਰ ਉੱਤੇ ਨਹੀਂ—(ਵੇਖੋ ਕਾਰਵਾਈ ਪੰਨਾ 10): ਮਦ 4—"ਪਾਰਟੀ ਦਾ ਕੇਂਦਰੀ ਬੁਲਾਰਾ," ਅਤੇ ਮਦ 18—"ਕੇਂਦਰੀ ਕਮੇਟੀ ਅਤੇ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਦੀ ਚੋਣ"। ਪਹਿਲੀ ਥਾਵੇਂ ਇਹ ਗੱਲ। ਦੂਜੀ ਥਾਵੇਂ, ਜਦੋਂ ਕੇਂਦਰੀ ਬੁਲਾਰੇ ਉੱਤੇ ਵਿਚਾਰ ਹੋ ਰਹੀ ਸੀ ਤਾਂ **ਸਾਰੇ** ਡੈਲੀਗੇਟਾਂ ਨੇ ਦੋ ਟੁੱਕ ਨਾ ਐਲਾਨ ਕੀਤਾ ਕਿ ਇਹਦੇ ਅਰਥ ਸੰਪਾਦਕ ਮੰਡਲ ਦੀ **ਨਹੀਂ**, ਕੇਵਲ ਮੁਹਾਣ* ਦੀ ਤਸਦੀਕ ਹੈ ਅਤੇ ਇਹਨਾਂ ਐਲਾਨਾਂ ਵਿਰੁੱਧ **ਇੱਕ ਵੀ ਰੋਸ ਪ੍ਰਗਟ ਨਾ ਕੀਤਾ ਗਿਆ।**

---

* ਵੇਖੋ ਕਾਰਵਾਈ, ਪੰਨਾ 140, **ਅਕੀਮੋਵ** ਦਾ ਭਾਸ਼ਣ: " ...ਮੈਨੂੰ ਪਤਾ ਲੱਗਾ ਹੈ ਕਿ ਅਸੀਂ ਕੇਂਦਰੀ ਬੁਲਾਰੇ ਦੀ ਚੋਣ ਉੱਤੇ ਅਖ਼ੀਰ ਵਿੱਚ ਵਿਚਾਰ ਕਰਾਂਗੇ", ਅਕੀਮੋਵ ਵਿਰੁੱਧ **ਮੁਰਾਵੀਓਵ** ਦਾ ਭਾਸ਼ਣ, "ਕੌਣ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਦੀ ਬਣਤਰ ਨੂੰ ਇੰਨਾ ਦਿਲ ਲਾਉਂਦਾ" (ਪੰਨਾ 141); **ਪਾਵਲੋਵਿਚ** ਦਾ ਭਾਸ਼ਣ, ਜਿਸਦਾ ਅਰਥ ਇਹ ਸੀ ਕਿ ਅਖ਼ਬਾਰ ਸਥਾਪਤ ਕਰਕੇ ਅਸਾਂ "ਉਹ ਸਥੂਲ ਸਮਿਗਰੀ ਪ੍ਰਾਪਤ ਕਰ ਲਈ ਹੈ, ਜਿਸਦੇ ਅਧਾਰ ਉੱਤੇ ਅਸੀਂ ਉਹ ਅਮਲ ਕਰ ਸਕਦੇ ਹਾਂ, ਜਿਨ੍ਹਾਂ ਸਬੰਧੀ ਸਾਥੀ ਅਕੀਮੋਵ ਨੂੰ ਇੰਨਾ ਫ਼ਿਕਰ ਹੈ", ਅਤੇ ਇਹ ਕਿ "ਇਸਕਰਾ" ਦੇ "ਪਾਰਟੀ ਦੇ ਨਿਰਣਿਆਂ ਅੱਗੇ ਸਿਰ ਝੁਕਾਉਣ" ਸਬੰਧੀ ਰੰਚਕ ਮਾਤਰ ਵੀ ਸ਼ੱਕ ਨਹੀਂ ਹੋ ਸਕਦਾ (ਪੰਨਾ 142); **ਤਰਾਤਸਕੀ** ਦਾ ਭਾਸ਼ਣ: "ਕਿਉਂਕਿ ਅਸੀਂ ਸੰਪਾਦਕ ਮੰਡਲ ਦੀ ਤਸਦੀਕ ਨਹੀਂ ਕਰ ਰਹੇ, ਤਾਂ ਅਸੀਂ 'ਇਸਕਰਾ' ਵਿੱਚ ਕਿਸ ਗੱਲ ਦੀ ਤਸਦੀਕ ਕਰ ਰਹੇ ਹਾਂ ?...ਨਾਂ ਨਹੀਂ, ਸਗੋਂ ਮੁਹਾਣ...ਨਾਂ ਨਹੀਂ, ਸਗੋਂ ਝੰਡਾ" (ਪੰਨਾ142); **ਮਾਰਤੀਨੋਵ** ਦੀ ਤਕਰੀਰ: " ...ਅਨੇਕ ਹੋਰ ਸਾਥੀਆਂ ਵਾਂਗ, ਮੈਂ ਇਹ ਸਮਝਦਾ ਹਾਂ ਕਿ, ਇੱਕ ਨਿਸ਼ਚਿਤ ਮੁਹਾਣ ਵਾਲ਼ੇ ਅਖ਼ਬਾਰ ਵਜੋਂ, ਆਪਣੇ ਕੇਂਦਰੀ ਬੁਲਾਰੇ ਵਜੋਂ 'ਇਸਕਰਾ' ਦੀ ਤਸਦੀਕ ਕਰਦੇ ਹੋਏ, ਸਾਨੂੰ ਇਸ ਸਮੇਂ ਸੰਪਾਦਕ ਮੰਡਲ ਚੁਣਨ ਜਾਂ ਉਹਦੀ ਤਸਦੀਕ ਕਰਨ ਉੱਤੇ ਵਿਚਾਰ ਨਹੀਂ ਕਰਨੀ ਚਾਹੀਦੀ; ਅਸੀਂ ਇਸ ਮਾਮਲੇ ਉੱਤੇ ਏਜੰਡੇ ਉੱਤੇ ਇਹਦੇ ਯੋਗ ਕ੍ਰਮ ਅਨੁਸਾਰ ਵਿਚਾਰ ਕਰਾਂਗੇ..." (ਪੰਨਾ 143)।

ਇਉਂ ਇਹ ਦਲੀਲ ਕਿ ਇੱਕ ਨਿਸ਼ਚਿਤ ਬੁਲਾਰੇ ਦੀ ਤਸਦੀਕ ਕਰਕੇ ਕਾਂਗਰਸ ਨੇ ਅਮਲੀ ਤੌਰ ਉੱਤੇ ਸੰਪਾਦਕ ਮੰਡਲ ਦੀ ਪੁਸ਼ਟੀ ਕਰ ਦਿੱਤੀ ਹੈ—ਇੱਕ ਅਜਿਹੀ ਦਲੀਲ ਜਿਹੜੀ ਘੱਟ ਗਿਣਤੀ ਦੇ ਹਾਮੀਆਂ ਨੇ ਘੜੀ ਮੁੜੀ ਦੁਹਰਾਈ (ਕੋਲਤਸੋਵ ਵੱਲੋਂ, ਪੰਨਾ 321, ਪੋਸਾਦੋਵਸਕੀ ਵੱਲੋਂ, ਪੰਨਾ 321, ਪੋਪੋਵ ਵੱਲੋਂ, ਪੰਨਾ 322, ਅਤੇ ਹੋਰ ਬਹੁਤ ਸਾਰਿਆਂ ਵੱਲੋਂ)—**ਤੱਥ ਵਿੱਚ ਬਸ ਨਰੋਲ ਝੂਠ ਸੀ।** ਸਪਸ਼ਟ ਤੌਰ ਉੱਤੇ ਇਹ ਉਸ ਸਮੇਂ ਆਪਣਾਏ ਪੈਂਤੜੇ ਤੋਂ **ਪਿੱਛੇ ਹਟਣ** ਲਈ **ਚਾਲ** ਸੀ, ਜਦੋਂ ਕੇਂਦਰੀ ਸੰਸਥਾਵਾਂ ਦੀ ਬਣਤਰ ਦਾ ਸਵਾਲ ਅਜੇ **ਸੱਚਮੁਚ ਉੱਕਾ ਹੀ ਭਾਵਾਂ ਦੀ ਲੋਅ ਤੋਂ ਬਿਨਾਂ** ਵਿਚਾਰਿਆ ਜਾ ਸਕਦਾ ਸੀ। ਪਿੱਛੇ ਹੱਟਣਾ ਸਹੀ ਨਹੀਂ ਹੀ ਠਹਿਰਾਇਆ ਜਾ ਸਕਦਾ, ਨਾ ਹੀ ਅਸੂਲਾਂ ਦੇ ਆਸ਼ੇ ਰਾਹੀਂ (ਕਿਉਂਕਿ "ਮੌਕਾਪ੍ਰਸਤ ਦੇ ਝੂਠੇ ਦੋਸ਼" ਦਾ ਸਵਾਲ **ਕਾਂਗਰਸ ਵਿੱਚ** ਉਠਾਉਣਾ ਘੱਟਗਿਣਤੀ ਲਈ ਬਹੁਤ ਜ਼ਿਆਦਾ **ਹਾਨੀ ਵਾਲ਼ਾ** ਹੁੰਦਾ ਅਤੇ ਉਹ ਇਸ ਸਬੰਧੀ **ਕੁਸਕੇ ਤੱਕ ਨਾ**) ਨਾ ਹੀ **ਤੱਥਾਂ ਦੀ** ਵਾਕਫ਼ੀ ਦੇ ਅਧਾਰ ਉੱਤੇ ਇਹ ਦਰਸਾਉਂਦੇ ਹੋਏ ਕਿ ਕੀ ਵਧੇਰੇ ਲਾਹੇਵੰਦਾ ਹੈ—ਛੇ ਜਾਂ ਤਿੰਨ (ਕਿਉਂਕਿ ਇਹਨਾਂ ਤੱਥਾਂ ਦਾ ਜ਼ਿਕਰ ਹੀ ਘੱਟਗਿਣਤੀ ਵਿਰੁੱਧ ਦਲੀਲਾਂ ਦਾ ਢੇਰ ਲਿਆ ਦੇਂਦਾ)। ਉਹਨਾਂ ਲਈ "ਇਕਸਾਰ ਸਮੂਹ" ਸਬੰਧੀ, ਇੱਕ "ਸੁਰਮੇਲ ਵਾਲ਼ੇ ਜੁੱਟ" ਸਬੰਧੀ, "ਇਕਸਾਰਤਾ ਅਤੇ ਬਲੌਰੀ-ਇੱਕ ਜਾਨ ਹੋਂਦ" ਸਬੰਧੀ **ਗੱਲਾਂ** ਕਰਕੇ ਮਾਮਲੇ ਨੂੰ ਉਰਾਂ-ਪਰਾਂ ਕਰਨਾ ਲਾਜ਼ਮੀ ਸੀ। ਇਹ ਕੋਈ ਹੈਰਾਨ ਕਰਨ ਵਾਲ਼ੀ ਗੱਲ ਨਹੀਂ ਕਿ ਇਹਨਾਂ ਸ਼ਬਦਾਂ ਨੂੰ ਇੱਕਦਮ ਉਹਨਾਂ ਦਾ ਅਸਲੀ ਨਾਂ **"ਹੋਛੇ ਸ਼ਬਦ"** ਦਿੱਤਾ ਗਿਆ (ਪੰਨਾ 328)। ਤਿੱਕੜੀ ਲਈ ਪਲਾਨ ਹੀ "ਸੁਰਮੇਲ" ਦੇ ਅਣਹੋਂਦ ਦੀ ਸ਼ਾਹਦੀ ਭਰਦੀ ਸੀ, ਅਤੇ ਇੱਕ ਮਹੀਨੇ ਅਤੇ ਉਸ ਤੋਂ ਵੱਧ ਦੇ ਸਮੇਂ ਦੇ ਕੰਮ ਵਿੱਚ ਸਾਥੀਆਂ ਨੇ ਜਿਹੜੇ ਪ੍ਰਭਾਵ ਪ੍ਰਾਪਤ ਕੀਤੇ ਸਨ ਉਹ **ਉਹਨਾਂ ਦੇ ਆਪ** ਨਿਰਣਾ ਕਰਨ ਲਈ ਬਹੁਤ ਸਾਰੀ ਸਮੱਗਰੀ ਉਪਲਬਧ ਕਰਾਉਂਦੇ ਸਨ। ਜਦੋਂ ਸਾਥੀ ਪੋਸਾਦੋਵਸਕੀ ਨੇ ਇਸ ਸਮੱਗਰੀ ਵੱਲ ਸੰਕੇਤ ਕੀਤਾ (ਉਹਦੇ ਆਪਣੇ ਦ੍ਰਿਸ਼ਟੀਕੋਣ ਤੋਂ ਅਸੋਘਵਾਨੀ ਅਤੇ ਬੇਸਮਝੀ ਨਾਲ਼ਃ ਉਹਨੇ ਜਿਸ "ਸ਼ਰਤੀ ਅਰਥਾਂ" ਵਿੱਚ "ਅਣਮੇਲਾਂ" ਦੀ ਗੱਲ ਕੀਤੀ, ਉਸ ਲਈ ਵੇਖੋ ਪੰਨਾ 321 ਅਤੇ 325), ਸਾਥੀ ਮੁਰਾਵੀਓਵ ਨੇ ਦੋ-ਟੁਕ ਤੌਰ ਉੱਤੇ ਕਿਹਾਃ "ਮੇਰੀ ਰਾਏ ਵਿੱਚ ਹੁਣ ਇਹ ਗੱਲ ਕਾਂਗਰਸ ਦੀ ਬਹੁਗਿਣਤੀ ਲਈ ਸਪਸ਼ਟ ਹੋ ਗਈ ਹੈ ਕਿ ਅਜਿਹੇ* ਅਣਮੇਲਾਂ ਦੀ ਨਿਰਸੰਦੇਹ ਹੋਂਦ ਹੈ" (ਪੰਨਾ 321)। ਘੱਟਗਿਣਤੀ ਨੇ ਸ਼ਬਦ "ਅਣਮੇਲ" ਦੇ (ਜਿਹੜਾ ਪੋਸਾਦੋਵਸਕੀ ਨੇ ਚਾਲੂ ਕੀਤਾ ਮੁਰਾਵੀਓਵ ਨੇ ਨਹੀਂ) ਖ਼ਾਲਸ ਨਿੱਜੀ ਅਰਥਾਂ ਵਿੱਚ ਲੈਣਾ ਚੰਗਾ ਸਮਝਿਆ, ਉਹਨਾਂ ਨੂੰ ਸਾਥੀ ਮੁਰਾਵੀਓਵ

---

* ਸਾਥੀ ਪੋਸਾਦੋਵਸਕੀ ਦੇ ਮਨ ਵਿੱਚ ਕਿਹੜੇ "ਅਣਮੇਲ" ਸਨ ਕਾਂਗਰਸ ਨੂੰ ਉਹਨਾਂ ਦਾ ਕਦੀ ਪਤਾ ਨਾ ਲੱਗਾ। ਆਪਣੀ ਵਾਰੀ ਸਾਥੀ ਮੁਰਾਵੀਓਵ ਨੇ ਉਸੇ ਬੈਠਕ ਵਿੱਚ ਕਿਹਾ (ਪੰਨਾ 322) ਕਿ ਉਹਦੇ ਅਰਥਾਂ ਨੂੰ ਗ਼ਲਤ ਢੰਗ ਨਾਲ਼ ਪੇਸ਼ ਕੀਤਾ ਗਿਆ ਸੀ, ਅਤੇ ਜਦੋਂ ਕਾਰਵਾਈ ਦੀ ਤਸਦੀਕ ਕੀਤੀ ਜਾ ਰਹੀ ਸੀ ਤਾਂ ਉਹਨੇ ਦੋ-ਟੁਕ ਕਿਹਾ ਕਿ ਉਹ "ਉਹਨਾਂ ਅਣਮੇਲਾਂ ਵੱਲ ਸੰਕੇਤ ਕਰ ਰਿਹਾ ਸੀ ਜਿਹੜੇ ਕਾਂਗਰਸ ਦੀਆਂ ਬਹਿਸਾਂ ਵਿੱਚ ਵੱਖ ਵੱਖ ਨੁਕਤਿਆਂ ਉੱਤੇ ਪ੍ਰਗਟ ਹੋਏ ਸਨ, ਅਸੂਲਾਂ ਸਬੰਧੀ ਅਣਮੇਲ, ਜਿਨ੍ਹਾਂ ਦੀ ਹੋਂਦ ਤੋਂ ਹੁਣ ਮੰਦੇ-ਭਾਗੀਂ ਕੋਈ ਇਨਕਾਰ ਨਹੀਂ ਕਰੇਗਾ" (ਪੰਨਾ 353)।

ਦੀ ਵੰਗਾਰ ਕਬੂਲ ਕਰਨ ਦੀ ਹਿੰਮਤ ਨਾ ਪਈ, **ਮਾਮਲੇ ਦੇ ਅਸਲ ਗੁਣਾਂ ਅਨੁਸਾਰ** ਛੇ ਜਣਿਆਂ ਦੇ ਸੰਪਾਦਕ ਮੰਡਲ ਦੇ ਹੱਕ ਵਿੱਚ **ਇੱਕ ਵੀ** ਦਲੀਲ ਦੇਣ ਦੀ ਹਿੰਮਤ ਨਾ ਪਈ। ਇਹਦਾ ਸਿੱਟਾ ਇੱਕ ਅਜਿਹੀ ਬਹਿਸ ਸੀ ਜਿਹੜੀ ਬਾਂਝਪੁਣੇ ਕਾਰਨ ਹਸਾਉਣੀ ਸੀ: ਬਹੁਗਿਣਤੀ ਨੇ (ਸਾਥੀ ਮੁਰਾਵੀਓਵ ਦੇ ਮੂੰਹੋਂ) ਐਲਾਨ ਕੀਤਾ ਕਿ ਛੇ–ਜਾਂ–ਤਿੰਨ ਮਸਲੇ ਦੀ ਅਸਲ ਮਹੱਤਤਾ ਉਹਨਾਂ ਲਈ **ਉੱਕਾ ਹੀ ਸਪਸ਼ਟ ਸੀ**, ਪਰ ਘੱਟਗਿਣਤੀ ਅੜੀ ਨਾਲ਼ ਗੱਲ ਸੁਣਨੋਂ ਨਾਂਹ ਕਰਦੀ ਰਹੀ ਅਤੇ ਕਿਹਾ ਕਿ "ਅਸੀਂ ਇਹਨੂੰ ਘੋਖਣ ਦੀ **ਹਾਲਤ ਵਿੱਚ ਨਹੀਂ"।** ਬਹੁਗਿਣਤੀ ਨਾ ਕੇਵਲ ਆਪਣੇ ਆਪ ਨੂੰ ਇਹਨੂੰ ਘੋਖਣ ਦੀ ਹਾਲਤ ਵਿੱਚ ਸਮਝਦੀ ਸੀ ਸਗੋਂ ਉਹਨਾਂ ਪਹਿਲਾਂ ਹੀ "ਇਹਨੂੰ ਘੋਖ ਲਿਆ ਸੀ" ਅਤੇ ਐਲਾਨ ਕੀਤਾ ਸੀ ਕਿ ਇਸ ਘੋਖਣ ਦੇ ਸਿੱਟੇ ਉਹਨਾਂ ਲਈ **ਬਿਲਕੁਲ ਸਪਸ਼ਟ** ਸਨ, ਪਰ ਜਾਪਦਾ ਸੀ ਘੱਟਗਿਣਤੀ **ਘੋਖਣ ਤੋਂ ਡਰਦੀ** ਸੀ ਅਤੇ ਉਹਨੇ ਕੇਵਲ "ਹੋਛੇ ਸ਼ਬਦਾਂ" ਪਿੱਛੇ ਸ਼ਰਨ ਲਈ। ਬਹੁਗਿਣਤੀ ਨੇ ਸਾਡੇ ਉੱਤੇ ਜ਼ੋਰ ਪਾਇਆ ਕਿ "ਇਹ ਗੱਲ ਮੁੱਖ ਰੱਖੀਏ ਕਿ ਸਾਡਾ ਕੇਂਦਰੀ ਬੁਲਾਰਾ ਕੇਵਲ ਸਾਹਿਤਕ ਟੋਲੀ ਤੋਂ ਕੁੱਝ ਵੱਧ ਹੈ"; ਬਹੁਗਿਣਤੀ "ਚਾਹੁੰਦੀ ਸੀ ਕਿ ਕੇਂਦਰੀ ਬੁਲਾਰੇ ਦੇ ਮੁਖੀ **ਪੱਕੀ ਤਰ੍ਹਾਂ ਨਿਸ਼ਚਿਤ ਲੋਕ ਹੋਣ, ਅਜਿਹੇ ਲੋਕ ਜਿਨ੍ਹਾਂ ਤੋਂ ਕਾਂਗਰਸ ਜਾਣੂ ਹੋਵੇ, ਅਜਿਹੇ ਲੋਕ ਜਿਹੜੇ ਉਹ ਲੋੜਾਂ ਪੂਰੀਆਂ ਕਰਦੇ ਹੋਣ** ਜਿਨ੍ਹਾਂ ਦਾ ਮੈਂ ਵਰਣਨ ਕੀਤਾ ਹੈ" (ਅਰਥਾਤ, ਕੇਵਲ ਸਾਹਿਤਕ ਲੋੜਾਂ ਹੀ ਨਹੀਂ; ਸਾਥੀ ਲਾਂਗੇ ਦੀ ਤਕਰੀਰ, ਪੰਨਾ 327)। ਇੱਕ ਵਾਰ ਫਿਰ ਘੱਟਗਿਣਤੀ ਦੀ ਵੰਗਾਰ ਕਬੂਲ ਕਰਨ ਦੀ ਹਿੰਮਤ ਨਾ ਪਈ ਅਤੇ ਉਹ ਇਸ ਸਬੰਧੀ ਕੁਸਕੇ ਵੀ ਨਾ ਕਿ, ਉਹਨਾਂ ਦੀ ਰਾਏ ਵਿੱਚ, ਕੌਣ ਇਸ ਲਈ ਯੋਗ ਹੈ ਜਿਹੜਾ ਇੱਕ ਸਾਹਿਤਕ ਸੰਸਥਾ ਤੋਂ ਵੱਧ ਹੈ, ਕਿ ਕਿਹੜੀ ਉਹ "ਚੋਖੇ ਨਿਸ਼ਚਿਤ" ਅਕਾਰ ਵਾਲੀ ਹਸਤੀ ਹੈ, "ਜਿਸ ਤੋਂ ਕਾਂਗਰਸ ਜਾਣੂ ਹੈ"। ਘੱਟਗਿਣਤੀ ਆਪਣੇ ਪ੍ਰਸਿੱਧ "ਸੁਰਮੇਲ" ਦੇ ਪਿੱਛੇ ਸ਼ਰਨ ਲੈਂਦੀ ਰਹੀ। ਇਹੋ ਸਭ ਕੁੱਝ ਨਹੀਂ। ਘੱਟਗਿਣਤੀ ਨੇ ਅਜਿਹੀਆਂ ਦਲੀਲਾਂ ਬਹਿਸ ਵਿੱਚ ਲਿਆਂਦੀਆਂ ਜਿਹੜੀਆਂ ਅਸੂਲੀ ਤੌਰ ਉੱਤੇ ਉੱਕਾ ਹੀ ਝੂਠੀਆਂ ਸਨ ਅਤੇ ਜਿਸਨੂੰ ਇਸੇ ਲਈ ਕਾਟਵੀਂ ਫਿਟਕਾਰ ਮਿਲੀ। ਤੁਸੀਂ ਵੇਖੋ ਨਾ "ਕਾਂਗਰਸ ਨੂੰ ਸੰਪਾਦਕ ਮੰਡਲ ਨੂੰ ਮੁੜ–ਘੜਨ ਦਾ ਨਾ ਹੀ ਸਦਾਚਾਰਕ ਅਤੇ ਨਾ ਹੀ ਸਿਆਸੀ ਹੱਕ ਹੈ" (ਤਰਾਤਸਕੀ, ਪੰਨਾ 326), "ਇਹ ਬੜਾ ਨਾਜ਼ੁਕ (ਇਹ ਗੱਲ ਹੈ!) ਸਵਾਲ ਹੈ" (ਇੱਕ ਵਾਰ ਫਿਰ ਤਰਾਤਸਕੀ); **"ਜਿਹੜੇ ਸੰਪਾਦਕ ਨਹੀਂ ਚੁਣੇ ਜਾਣਗੇ ਉਹ ਇਸ ਸਬੰਧੀ ਕੀ ਅਨੁਭਵ ਕਰਨਗੇ ਕਿ ਕਾਂਗਰਸ ਉਹਨਾਂ ਨੂੰ ਹੁਣ ਹੋਰ ਸਮੇਂ ਲਈ ਮੰਡਲ ਵਿੱਚ ਨਹੀਂ ਦੇਖਣਾ ਚਾਹੁੰਦੀ ?"** (ਤਸਾਰੀਓਵ, ਪੰਨਾ 324)।*

ਅਜਿਹੀਆਂ ਦਲੀਲਾਂ ਨੇ ਸਾਰੇ ਮਸਲੇ ਨੂੰ ਪੂਰੀ ਤਰ੍ਹਾਂ **ਤਰਸ ਅਤੇ ਦੁਖੀਆਂ ਭਾਵਨਾਵਾਂ** ਦੀ ਪੱਧਰ ਉੱਤੇ ਲਿਆ ਦਿੱਤਾ ਅਤੇ ਜਿੱਥੋਂ ਤੱਕ ਅਸੂਲ ਦੀਆਂ ਅਸਲੀ ਦਲੀਲਾਂ ਦਾ, ਅਸਲ ਸਿਆਸੀ ਦਲੀਲਾਂ ਦਾ ਸਬੰਧ ਹੈ, ਇਹ ਦੀਵਾਲੀਆਪੁਣੇ ਦਾ ਸਿੱਧਾ ਇਕਬਾਲ ਸੀ।

* ਸਾਥੀ ਪੋਸਾਦੋਵਸਕੀ ਦੇ ਭਾਸ਼ਣ ਨੂੰ ਵੇਖੋ: " ...ਪੁਰਾਣੇ ਸੰਪਾਦਕ ਮੰਡਲ ਦੇ ਛੇ ਵਿੱਚੋਂ ਤਿੰਨ ਮੈਂਬਰਾਂ ਨੂੰ ਚੁਣਕੇ ਤੁਸੀਂ ਬਾਕੀ ਤਿੰਨਾਂ ਦੇ ਅਣਲੋੜੇ ਅਤੇ ਵਾਧੂ ਹੋਣ ਦਾ ਐਲਾਨ ਕਰ ਰਹੇ ਹੋ।ਅਤੇ ਤੁਹਾਡੇ ਕੋਲ ਅਜਿਹਾ ਕਰਨ ਦਾ ਨਾ ਹੱਕ ਹੈ ਅਤੇ ਨਾ ਅਧਾਰ।"

ਅਤੇ ਬਹੁਗਿਣਤੀ ਨੇ ਇਹਨੂੰ ਇੱਕਦਮ ਇਹਦਾ **ਅਸਲੀ** ਨਾਂ ਦੇ ਦਿੱਤਾ **ਖੂਹ-ਦਾ-ਡੱਡੂਪੁਣਾ** (ਸਾਥੀ ਰੂਸੋਵ)। "ਅਸੀਂ ਇਨਕਲਾਬੀਆਂ ਦੇ ਮੂੰਹੋਂ ਅਜੀਬ ਭਾਸ਼ਣ ਸੁਣ ਰਹੇ ਹਾਂ," ਸਾਥੀ ਰੂਸੋਵ ਨੇ ਹੱਕੀ ਤੌਰ ਉੱਤੇ ਟਿੱਪਣੀ ਕੀਤੀ, "ਅਜਿਹੇ ਭਾਸ਼ਣ ਜਿਹੜੇ ਪਾਰਟੀ ਕੰਮ, ਪਾਰਟੀ ਸਦਾਚਾਰ ਨਾਲ਼ ਉੱਘੜਵੀਂ ਤਰ੍ਹਾਂ ਅਣਮੇਲ ਹਨ। ਉਹ ਮੁੱਖ ਦਲੀਲ ਜਿਸ ਉੱਤੇ ਤਿੱਕੜੀਆਂ ਚੁਣਨ ਦੇ ਵਿਰੋਧੀ ਟੇਕ ਰੱਖਦੇ ਹਨ **ਪਾਰਟੀ ਦੇ ਮਾਮਲਿਆਂ ਸਬੰਧੀ ਖ਼ਾਲਸ ਖੂਹ-ਦੇ-ਡੱਡੂ** [ਹਰ ਥਾਂ ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ] ਬਣਦੀ ਹੈ।...ਜੇ ਅਸੀਂ ਇਹ **ਖੂਹ-ਦੇ-ਡੱਡੂ ਵਾਲਾ** ਨਜ਼ਰੀਆ ਅਪਣਾਈਏ ਤਾਂ ਹਰ ਚੋਣ ਸਮੇਂ ਸਾਨੂੰ ਵਿਚਾਰਨਾ ਪਵੇਗਾ ਕਿ: ਜੇ ਇਵਾਨੋਵ ਚੁਣਿਆ ਗਿਆ ਅਤੇ ਉਹ ਨਾ ਚੁਣਿਆ ਗਿਆ ਤਾਂ ਕੀ ਪੇਤਰੋਵ ਗ਼ੁੱਸੇ ਤਾਂ ਨਹੀਂ ਹੋ ਜਾਵੇਗਾ, ਕੀ ਜਥੇਬੰਦ ਕਮੇਟੀ ਦਾ ਕੋਈ ਮੈਂਬਰ ਗ਼ੁੱਸੇ ਤਾਂ ਨਹੀਂ ਹੋ ਜਾਵੇਗਾ ਜੇ ਉਹ ਨਹੀਂ ਅਤੇ ਕੋਈ ਹੋਰ ਮੈਂਬਰ ਕੇਂਦਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ? ਸਾਥੀਓ, ਅਜਿਹੀਆਂ ਦਲੀਲਾਂ ਸਾਨੂੰ ਕਿੱਥੇ ਲੈ ਜਾਣਗੀਆਂ? ਜੇ ਅਸੀਂ ਇਥੇ ਇੱਕ ਪਾਰਟੀ ਸਿਰਜਣ ਲਈ ਇਕੱਠੇ ਹੋਏ ਹਾਂ ਅਤੇ **ਪ੍ਰਸਪਰ ਵਧਾਈਆਂ ਦੇਣ ਅਤੇ ਖੂਹ-ਦੇ-ਡੱਡੂਆਂ ਵਾਲੀ ਭਾਵੁਕਤਾ ਵਿੱਚ ਰੁੱਝਣ ਲਈ ਨਹੀਂ**, ਤਾਂ ਅਸੀਂ ਕਦੀ ਅਜਿਹੇ ਵਿਚਾਰ ਉੱਤੇ ਸਹਿਮਤ ਨਹੀਂ ਹੋ ਸਕਦੇ। ਅਸੀਂ **ਅਧਿਕਾਰੀ ਚੁਣਨ ਵਾਲੇ ਹਾਂ**, ਅਤੇ ਕਿਸੇ ਨਾ ਚੁਣੇ ਗਏ ਵਿਅਕਤੀ ਵਿੱਚ ਭਰੋਸੇ ਦੀ ਘਾਟ ਦੀ ਗੱਲ ਨਹੀਂ ਹੋ ਸਕਦੀ; ਸਾਡੇ ਸਾਹਮਣੇ **ਇੱਕੋ ਇੱਕ ਵਿਚਾਰ ਕੰਮ ਦੇ ਹਿਤ ਅਤੇ ਜਿਹੜੇ ਪਦ ਲਈ ਉਹ ਚੁਣਿਆ ਗਿਆ ਹੈ ਉਸ ਲਈ ਉਸ ਮਨੁੱਖ ਦੀ ਯੋਗਤਾ ਹੈ**" (ਪੰਨਾ 325)।

ਉਹਨਾਂ ਸਾਰਿਆਂ ਨੂੰ ਜਿਹੜੇ ਉਹਨਾਂ ਕਾਰਨਾਂ ਦੀ ਅਜ਼ਾਦ ਪਰਖ ਕਰਨਾ ਚਾਹੁੰਦੇ ਹਨ ਜਿਨ੍ਹਾਂ ਕਰਕੇ ਪਾਰਟੀ ਵਿੱਚ ਦੁਫੇੜ ਪਈ ਅਤੇ ਕਾਂਗਰਸ ਵਿੱਚ ਇਹਦੀਆਂ **ਜੜ੍ਹਾਂ** ਤੱਕ ਅੱਪੜਨਾ ਚਾਹੁੰਦੇ ਹਨ, ਅਸੀਂ ਇਹ ਸਲਾਹ ਦਿਆਂਗੇ ਕਿ ਸਾਥੀ ਰੂਸੋਵ ਦਾ ਇਹ ਭਾਸ਼ਣ **ਪੜ੍ਹਣ ਅਤੇ ਮੁੜ ਮੁੜ ਪੜ੍ਹਣ**; ਉਹਦੀਆਂ ਦਲੀਲਾਂ ਉੱਤੇ ਘੱਟਗਿਣਤੀ ਨੇ ਇਤਰਾਜ਼ ਤੱਕ ਨਾ ਕੀਤਾ ਉਹਨਾਂ ਨੂੰ ਰੱਦ ਕਰਨ ਦੀ ਤਾਂ ਗੱਲ ਹੀ ਛੱਡੋ। ਅਤੇ ਨਿਰਸੰਦੇਹ ਅਜਿਹੀਆਂ ਮੂਲਕ ਤੇ ਮੁੱਢਲੀਆਂ ਸੱਚਾਈਆਂ ਦਾ ਵਿਰੋਧ ਨਹੀਂ ਕੀਤਾ ਜਾ ਸਕਦਾ, ਜਿਹੜੀਆਂ, ਜਿਹਾ ਕਿ ਸਾਥੀ ਰੂਸੋਵ ਨੇ ਖ਼ੁਦ ਠੀਕ ਹੀ ਵਿਆਖਿਆ ਕੀਤੀ, ਕੇਵਲ "**ਭਾਵੁਕ ਉਤੇਜਨਾ**" ਕਾਰਨ ਭੁਲਾ ਦਿੱਤੀਆਂ ਜਾਂਦੀਆਂ ਹਨ। ਅਤੇ ਇਸ ਪੱਖੋਂ ਕਿ ਉਹ ਪਾਰਟੀ ਸਟੈਂਡ ਨੂੰ ਖੂਹ-ਦੇ-ਡੱਡੂ ਅਤੇ ਮੰਡਲ ਸਟੈਂਡ ਲਈ ਕਿਵੇਂ ਛੱਡ ਸਕਦੇ ਸਨ, ਘੱਟਗਿਣਤੀ ਲਈ ਇਹ ਘੱਟ ਤੋਂ ਘੱਟ ਬੇਪ੍ਰਤੀਤੀ ਵਾਲ਼ੀ ਵਿਆਖਿਆ ਹੈ।*

---

* ਆਪਣੀ "ਘੇਰੇ ਦੀ ਹਾਲਤ" ਵਿੱਚ ਸਾਥੀ ਮਾਰਤੋਵ ਇਸ ਪ੍ਰਸ਼ਨ ਨੂੰ ਵੀ ਐਨ ਉਸੇ ਤਰ੍ਹਾਂ ਲੈਂਦਾ ਹੈ ਜਿਵੇਂ ਉਹ ਉਹਨਾਂ ਹੋਰ ਸਾਰੇ ਪ੍ਰਸ਼ਨਾਂ ਨੂੰ ਲੈਂਦਾ ਹੈ ਜਿਨ੍ਹਾਂ ਨੂੰ ਉਹ ਛੂਹਦਾ ਹੈ। ਉਹ ਵਿਵਾਦ ਦਾ ਪੂਰਾ ਚਿੱਤਰ ਪੇਸ਼ ਕਰਨ ਦੀ ਖੇਚਲ ਨਹੀਂ ਕਰਦਾ। ਬੜੀ ਨਿਰਮਾਣਤਾ ਨਾਲ਼ ਉਹ **ਅਸੂਲ** ਦੇ ਇੱਕੋ ਇੱਕ ਅਸਲੀ ਮਸਲੇ ਤੋਂ ਘੁਸਾਈ ਮਾਰਦਾ ਹੈ ਜਿਹੜਾ ਇਸ ਵਿਵਾਦ ਵਿੱਚ ਉਭਰਿਆ: ਖੂਹ-ਦੇ-ਡੱਡੂ ਦੀ ਭਾਵੁਕਤਾ ਜਾਂ ਅਧਿਕਾਰੀਆਂ ਦੀ ਚੋਣ? ਪਾਰਟੀ ਦ੍ਰਿਸ਼ਟੀਕੋਣ ਜਾਂ ਈਵਾਨ ਈਵਾਨੋਵਿਚਾਂ ਦੀਆਂ ਦੁਖੀਆਂ ਭਾਵਨਾਵਾਂ? ਇੱਥੇ ਵੀ ਸਾਥੀ ਮਾਰਤੋਵ ਆਪਣੇ ਆਪ ਨੂੰ ਜੋ ਕੁੱਝ ਵਾਪਰਿਆ ⇨

ਪਰ ਘੱਟਗਿਣਤੀ ਚੋਣ ਵਿਰੁੱਧ ਯੋਗ ਅਤੇ ਵਿਹਾਰੀ ਦਲੀਲਾਂ ਲੱਭਣ ਵਿੱਚ ਇੰਨੀ ਅਸਫ਼ਲ ਰਹੀ ਕਿ ਪਾਰਟੀ ਦੇ ਮਾਮਲਿਆਂ ਵਿੱਚ ਖੂਹ–ਦਾ–ਡੱਡੂਪੁਣਾ ਸ਼ਾਮਲ ਕਰਨ ਤੋਂ ਬਿਨਾਂ ਉਹਨਾਂ ਖ਼ਾਲਸ **ਤੁਹਮਤਬਾਜ਼ੀ ਭਰੇ ਅਮਲ** ਲਾਗੂ ਕੀਤੇ। ਨਿਰਸੰਦੇਹ, ਅਸੀਂ ਸਾਥੀ ਪੋਪੋਵ ਦੇ ਅਮਲ ਨੂੰ ਕੀ ਨਾਂ ਦੇ ਸਕਦੇ ਹਾਂ, ਜਦੋਂ ਉਹਨੇ ਸਾਥੀ ਮੁਰਾਵੀਓਵ ਨੂੰ ਸਲਾਹ ਦਿੱਤੀ

---

⇨ ਉਹਦੇ ਟੋਟੇ ਅਤੇ ਪੁਰਜੇ ਚੁਣਨ ਅਤੇ ਮੇਰੇ ਸਬੰਧੀ ਗਾਲ੍ਹਾਂ ਭਰੀਆਂ ਟਿੱਪਣੀਆਂ ਦਾ ਵਾਧਾ ਕਰਨ ਤੱਕ ਸੀਮਤ ਰੱਖਦਾ ਹੈ। ਸਾਥੀ ਮਾਰਤੋਵ, ਇਹ ਐਨ ਕਾਫ਼ੀ ਨਹੀਂ!

ਸਾਥੀ ਮਾਰਤੋਵ ਇਸ ਪ੍ਰਸ਼ਨ ਸਬੰਧੀ ਖ਼ਾਸ ਤੌਰ ਉੱਤੇ **ਮੇਰੇ** ਖਹਿੜੇ ਪਿਆ ਹੈ ਕਿ ਸਾਥੀ ਐਕਸਲਰੋਦ, ਜ਼ਾਸੂਲਿਚ ਅਤੇ ਸਤਾਰੋਵਰ **ਕਿਉਂ** ਨਾ ਚੁਣੇ ਗਏ। ਉਹਨੇ ਖੂਹ–ਦੇ–ਡੱਡੂ ਵਾਲ਼ਾ ਜਿਹੜਾ ਵਤੀਰਾ ਅਪਣਾਇਆ ਹੈ ਉਹ ਉਹਨੂੰ ਇਸ ਗੱਲ ਨੂੰ ਵੇਖਣੋਂ ਰੋਕਦਾ ਹੈ ਕਿ ਇਹੋ ਜਿਹੇ ਸਵਾਲ ਕਿੰਨੇ **ਕੁਚੱਜੇ** ਹਨ (ਉਹ ਸੰਪਾਦਕ ਮੰਡਲ ਵਿੱਚ ਆਪਣੇ ਸਾਥੀ ਪਲੈਖ਼ਾਨੋਵ ਤੋਂ ਇਹ ਸਵਾਲ ਕਿਉਂ ਨਹੀਂ ਪੁਛਦਾ?)। ਉਹਨੂੰ ਇਸ ਗੱਲ ਵਿੱਚ ਵਿਰੋਧ ਦਿਸਦਾ ਹੈ ਕਿ ਮੈਂ ਛੇ ਦੇ ਸਵਾਲ ਉੱਤੇ ਕਾਂਗਰਸ ਵਿੱਚ ਘੱਟਗਿਣਤੀ ਦੇ ਵਤੀਰੇ ਨੂੰ "ਬੇਢਬਾ" ਸਮਝਦਾ ਹਾਂ, ਪਰ ਇਹਦੇ ਨਾਲ਼ ਹੀ ਨਾਲ਼ ਪਾਰਟੀ ਵਿੱਚ ਪ੍ਰਕਾਸ਼ਨ ਦੀ ਮੰਗ ਕਰਦਾ ਹਾਂ। ਇੱਥੇ ਕੋਈ ਵਿਰੋਧ ਨਹੀਂ, ਜਿਹਾ ਕਿ ਸਾਥੀ ਮਾਰਤੋਵ ਨੇ ਸੌਖੇ ਹੀ ਵੇਖ ਲਿਆ ਹੁੰਦਾ ਜੇ ਉਹਨੇ **ਸਮੁੱਚੇ** ਮਾਮਲੇ ਦਾ ਲੜੀਵਾਰ ਬਿਰਤਾਂਤ ਦਿੱਤਾ ਹੁੰਦਾ ਅਤੇ ਕੇਵਲ ਉਹਦੇ ਟੋਟੇ ਹੀ ਨਹੀਂ। ਸਵਾਲ ਨੂੰ ਖੂਹ–ਦੇ–ਡੱਡੂ ਵਾਲ਼ੇ ਦ੍ਰਿਸ਼ਟੀਕੋਣ ਤੋਂ ਲੈਣਾ ਅਤੇ ਤਰਸ ਅਤੇ ਦੁਖੀਆਂ ਭਾਵਨਾਵਾਂ ਦੇ ਵਾਸਤੇ ਪਾਉਣਾ ਬੇਢਬਾ ਸੀ; ਪਾਰਟੀ ਪ੍ਰਕਾਸ਼ਨ ਦੇ ਹਿਤ ਇਹ ਮੰਗ ਕਰਦੇ ਸਨ ਕਿ ਤਿੰਨ ਦੇ ਮੁਕਾਬਲੇ ਉੱਤੇ ਛੇ ਦੇ **ਤੱਥ ਦੇ ਪੱਖ ਤੋਂ** ਲਾਭ ਦੱਸੇ ਜਾਂਦੇ, ਪਦਵੀਆਂ ਲਈ ਉਮੀਦਵਾਰਾਂ ਦਾ ਹਾੜ੍ਹਾ ਪੇਸ਼ ਕੀਤਾ ਜਾਂਦਾ, ਵੱਖ ਵੱਖ ਭਾਹਾਂ ਦਾ ਹਾੜ੍ਹਾ ਪੇਸ਼ ਕੀਤਾ ਜਾਂਦਾ; **ਘੱਟਗਿਣਤੀ ਨੇ ਕਾਂਗਰਸ ਵਿੱਚ ਇਹਦੀ ਰੁਮਕ ਤੱਕ ਨਾ ਵਿਖਾਈ।**

ਕਾਰਵਾਈ ਨੂੰ ਧਿਆਨ ਨਾਲ਼ ਪੜ੍ਹਣ ਪਿੱਛੋਂ ਸਾਥੀ ਮਾਰਤੋਵ ਨੂੰ ਡੈਲੀਗੇਟਾਂ ਦੇ ਭਾਸ਼ਣਾਂ ਵਿੱਚ ਛੇ ਦੇ ਮੰਡਲ ਵਿਰੁੱਧ ਦਲੀਲਾਂ ਦੀ **ਪੂਰੀ ਲੜੀ** ਲੱਭਦੀ: ਪਹਿਲੀ ਗੱਲ, ਅਸੂਲਾਂ ਦੀਆਂ ਵੱਖ ਵੱਖ ਭਾਹਾਂ ਦੇ ਅਰਥਾਂ ਵਿੱਚ ਬੇਮੇਲ ਪੁਰਾਣੇ ਛੇਆਂ ਵਿੱਚ ਸਪਸ਼ਟ ਤੌਰ ਉੱਤੇ ਪ੍ਰਤੱਖ ਸਨ; ਦੂਜੇ, ਇਹ ਕਿ ਸੰਪਾਦਕੀ ਕੰਮ ਦੇ ਤਕਨੀਕੀ ਸਰਲੀਕਰਨ ਦੀ ਲੋੜ ਸੀ; ਤੀਜੇ, ਕੰਮ ਦੇ ਹਿਤ ਖੂਹ–ਦੇ–ਡੱਡੂ ਵਾਲ਼ੀ ਭਾਵੁਕਤਾ ਤੋਂ ਪਹਿਲਾਂ ਆਉਂਦੇ ਸਨ ਅਤੇ ਕੇਵਲ ਚੋਣ ਇਹ ਨਿਸ਼ਚਿਤ ਬਣਾ ਸਕਦੀ ਸੀ ਕਿ ਚੁਣੇ ਹੋਏ ਲੋਕ ਪਦਵੀਆਂ ਦੇ ਯੋਗ ਹੋਣ; ਚੌਥੇ, ਇਹ ਕਿ ਕਾਂਗਰਸ ਦੇ ਚੁਣਨ ਦੇ ਹੱਕ ਨੂੰ ਸੀਮਤ ਉੱਕਾ ਹੀ ਨਾ ਕੀਤਾ ਜਾਵੇ; ਪੰਜਵੇਂ, ਕਿ ਪਾਰਟੀ ਨੂੰ ਕੇਂਦਰੀ ਬੁਲਾਰੇ ਵਿੱਚ ਇੱਕ ਸਾਹਿਤਕ ਟੋਲੀ ਤੋਂ ਕਿਸੇ ਵਧੇਰੇ ਸ਼ੈ ਦੀ ਲੋੜ ਸੀ ਕਿ ਕੇਂਦਰੀ ਬੁਲਾਰੇ ਨੂੰ ਕੇਵਲ ਲੇਖਕਾਂ ਦੀ ਹੀ ਨਹੀਂ ਸਗੋਂ ਪ੍ਰਬੰਧਕਾਂ ਦੀ ਵੀ ਲੋੜ ਸੀ; ਛੇਵੇਂ, ਕਿ ਕੇਂਦਰੀ ਬੁਲਾਰੇ ਵਿੱਚ ਐਨ ਨਿਸ਼ਚਿਤ ਲੋਕ ਹੋਣ, ਅਜਿਹੇ ਲੋਕ ਜਿਨ੍ਹਾਂ ਨੂੰ **ਕਾਂਗਰਸ** ਜਾਣਦੀ ਹੋਵੇ; ਸੱਤਵੇਂ, ਕਿ ਛੇ ਦਾ ਮੰਡਲ ਅਕਸਰ ਅਸਮਰਥ ਰਹਿੰਦਾ ਸੀ, ਅਤੇ ਮੰਡਲ ਦਾ ਕੰਮ ਇਹਦੀ ਅਸਧਾਰਨ ਬਣਤਰ **ਸਦਕੇ ਨਹੀਂ ਸਗੋਂ** ਇਹਦੇ **ਬਾਵਜੂਦ** ਹੋ ਸਕਿਆ; ਅੱਠਵੇਂ, ਕਿ ਅਖ਼ਬਾਰ ਦਾ ਚਲਾਇਆ ਜਾਣਾ (ਮੰਡਲ ਮਾਮਲਾ ਨਹੀਂ) ਸਗੋਂ ਪਾਰਟੀ ਦਾ ਮਾਮਲਾ ਹੈ, ਆਦਿ।— ਜੇ ਸਾਥੀ ਮਾਰਤੋਵ ਨੂੰ ਕੁੱਝ ਲੋਕਾਂ ਦੇ ਨਾ ਚੁਣੇ ਜਾਣ ਦੇ ਕਾਰਨਾਂ ਵਿੱਚ ਰੋਚਕਤਾ ਹੈ, ਤਾਂ ਉਹ ਇਹਨਾਂ ਵਿਚਾਰਾਂ ਵਿੱਚੋਂ ਹਰ ਇੱਕ ਨੂੰ **ਡੂੰਘੀ ਤਰ੍ਹਾਂ ਵਿਚਾਰੇ** ਅਤੇ ਉਹਨਾਂ ਵਿਚੋਂ **ਇੱਕ ਨੂੰ ਵੀ** ਰੱਦ ਕਰੇ।

ਕਿ ਉਹ "ਨਾਜ਼ੁਕ **ਕਾਰਜ** ਹੱਥ ਵਿੱਚ ਨਾ ਲਵੇ" (ਪੰਨਾ 322) ? ਜਿਹਾ ਕਿ ਸਾਥੀ ਸੋਰੋਕਿਨ ਨੇ ਠੀਕ ਹੀ ਕਿਹਾ (328) ਇਹ "ਨਿੱਜੀ ਗੱਲਾਂ ਕਹਿਣ" ਤੋਂ ਬਿਨਾਂ ਕੀ ਹੈ ? ਇਹ **ਸਿਆਸੀ** ਦਲੀਲਾਂ ਦੀ ਅਣਹੋਂਦ ਵਿੱਚ **"ਸ਼ਖ਼ਸੀਅਤਾਂ"** ਸਬੰਧੀ ਕਿਆਸ ਕਰਨ ਤੋਂ ਬਿਨਾਂ ਕੀ ਹੈ ? ਜਦੋਂ ਉਹਨੇ ਕਿਹਾ ਕਿ "ਅਸਾਂ ਸਦਾ ਅਜਿਹੇ ਅਮਲਾਂ ਦਾ ਵਿਰੋਧ ਕੀਤਾ ਹੈ" ਤਾਂ ਕੀ ਸਾਥੀ ਸੋਰੋਕਿਨ ਠੀਕ ਸੀ ਜਾਂ ਗ਼ਲਤ ? "**ਕੀ ਇਹ ਸਾਥੀ ਡਿਊਸ਼ ਲਈ ਆਗਿਆਯੋਗ ਸੀ** ਕਿ ਉਹ ਬੜੇ ਦਰਸ਼ਨੀ ਢੰਗ ਨਾਲ਼ ਉਹਨਾਂ ਸਾਥੀਆਂ ਨੂੰ ਭੰਡੇ ਜਿਹੜੇ ਉਹਦੇ ਨਾਲ਼ ਸਹਿਮਤ ਨਹੀਂ ਸਨ ?"* (ਪੰਨਾ 328)।

ਆਓ ਅਸੀਂ ਸੰਪਾਦਕ ਮੰਡਲ ਸਬੰਧੀ ਬਹਿਸ ਦਾ ਸਾਰ ਪੇਸ਼ ਕਰੀਏ। ਘੱਟਗਿਣਤੀ ਨੇ ਇੱਕ ਛਿਣ ਲਈ ਵੀ ਬਹੁਗਿਣਤੀ ਦੇ ਇਸ ਮਤਲਬ ਦੇ ਅਨੇਕ ਬਿਆਨਾਂ ਦਾ ਖੰਡਨ ਨਾ ਕੀਤਾ (ਨਾ ਹੀ ਖੰਡਨ ਕਰਨ ਦਾ ਯਤਨ ਕੀਤਾ) ਕਿ ਤਿੱਕੜੀ ਸਬੰਧੀ ਪਲਾਨ ਦਾ **ਡੈਲੀਗੇਟਾਂ** ਨੂੰ ਕਾਂਗਰਸ ਦੇ ਐਨ ਮੁੱਢ ਤੋਂ **ਅਤੇ ਕਾਂਗਰਸ ਤੋਂ ਪਹਿਲਾਂ** ਪਤਾ ਸੀ, ਅਤੇ ਇਹ ਕਿ, ਇਸ ਲਈ ਇਹ ਪਲਾਨ **ਉਹਨਾਂ ਵਿਚਾਰਾਂ ਅਤੇ ਤੱਥਾਂ** ਉਤੇ ਅਧਾਰਤ ਸੀ **ਜਿਨ੍ਹਾਂ ਦਾ ਕਾਂਗਰਸ ਦੀਆਂ ਘਟਨਾਵਾਂ ਅਤੇ ਵਿਵਾਦਾਂ ਨਾਲ਼ ਕੋਈ ਸਬੰਧ ਨਹੀਂ ਸੀ**। ਛੇ ਜਣਿਆਂ ਦੇ ਮੰਡਲ ਦੀ ਹਮਾਇਤ ਕਰਦੇ ਹੋਏ ਘੱਟਗਿਣਤੀ ਨੇ ਇੱਕ ਅਜਿਹੀ ਪੋਜ਼ੀਸ਼ਨ ਅਪਣਾਈ, **ਜਿਹੜੀ ਅਸੂਲੀ ਤੌਰ ਉੱਤੇ ਗ਼ਲਤ ਅਤੇ ਅਣ-ਆਗਿਆਯੋਗ ਸੀ**, ਜੋ **ਖੂਹ-ਦੇ-ਡੱਡੂ ਵਾਲੇ** ਵਿਚਾਰਾਂ ਉਤੇ ਅਧਾਰਤ ਸੀ। ਘੱਟਗਿਣਤੀ ਨੇ **ਅਧਿਕਾਰੀਆਂ** ਦੀ ਚੋਣ ਸਬੰਧੀ **ਪਾਰਟੀ** ਵਤੀਰੇ ਵੱਲ ਉੱਕਾ ਹੀ ਵਿਸਰ–ਭੋਲ ਵਿਖਾਈ, ਪਦਵੀ ਲਈ, ਹਰ ਉਮੀਦਵਾਰ ਦਾ ਅਤੇ ਉਹਦੀ ਇਸ ਵਿੱਚ ਸ਼ਾਮਲ ਕਾਰਜਾਂ ਲਈ ਯੋਗਤਾ ਜਾਂ ਨਿਰਯੋਗਤਾ ਦਾ **ਅੰਦਾਜ਼ਾ** ਲਾਉਣ ਦਾ ਯਤਨ ਵੀ ਨਾ ਕੀਤਾ।

---

* ਸਾਥੀ ਸੋਰੋਕਿਨ ਨੇ, **ਐਨ ਇਸੇ ਬੈਠਕ ਸਮੇਂ**, ਸਾਥੀ ਡਿਊਸ਼ ਦੇ ਸ਼ਬਦਾਂ ਨੂੰ ਇਸ ਤਰ੍ਹਾਂ ਸਮਝਿਆ (ਵੇਖੋ ਪੰਨਾ 324— "ਓਰਲੋਵ ਨਾਲ਼ ਤਿੱਖਾ ਵਿਵਾਦ")। ਸਾਥੀ ਡਿਊਸ਼ ਨੇ ਵਿਆਖਿਆ ਕੀਤੀ (ਪੰਨਾ 351) ਕਿ ਉਹਨੇ "ਅਜਿਹੀ ਕੋਈ ਗੱਲ ਨਹੀਂ ਸੀ ਕਹੀ", ਪਰ **ਉਸੇ ਸਾਹ** ਉਹਨੇ ਵਾਧਾ ਕੀਤਾ ਕਿ ਉਹਨੇ **ਬਹੁਤ**, **ਬਹੁਤ**, "ਇਹਦੇ ਜਿਹੀ" ਗੱਲ ਕਹੀ ਸੀ। "ਮੈਂ ਇਹ ਨਹੀਂ ਸੀ ਕਿਹਾ," ਸਾਥੀ ਡਿਊਸ਼ ਨੇ ਵਿਆਖਿਆ ਕੀਤੀ, " 'ਕੌਣ ਹਿੰਮਤ ਕਰਦਾ ਹੈ', ਮੈਂ ਜੋ ਕੁੱਝ ਕਿਹਾ ਸੀ ਉਹ ਇਹ ਸੀ, 'ਮੈਂ ਉਹਨਾਂ ਲੋਕਾਂ ਦੀ ਸ਼ਕਲ ਵੇਖਣਾ ਚਾਹੁੰਦਾ ਹਾਂ ਜਿਹੜੇ ਤਿੰਨਾਂ ਦੇ ਮੰਡਲ ਦੀ ਚੋਣ ਜਿਹੀ ਜੁਰਮੀ [ਸੋ, ਇਹ ਗੱਲ ਹੈ !] ਤਜਵੀਜ਼ ਦੀ ਹਮਾਇਤ ਕਰਨਗੇ' " (ਪੰਨਾ 351) [ਸੋ, ਇਹ ਗੱਲ ਹੈ ! ਸਾਥੀ ਡਿਊਸ਼ ਅਸਮਾਨ ਤੋਂ ਡਿੱਗਾ ਖਜੂਰ ਵਿੱਚ ਅਟਕਿਆ !]ਸਾਥੀ ਡਿਊਸ਼ ਨੇ ਸਾਥੀ ਸੋਰੋਕਿਨ ਦੇ ਸ਼ਬਦਾਂ ਦੀ ਤਰਦੀਦ ਨਾ ਕੀਤੀ ਸਗੋਂ **ਤਸਦੀਕ ਕੀਤੀ**। ਸਾਥੀ ਡਿਊਸ਼ ਨੇ ਸਾਥੀ ਸੋਰੋਕਿਨ ਦੇ ਮਿਹਣੇ ਦੇ ਸੱਚ ਦੀ ਪ੍ਰੋੜ੍ਹਤਾ ਹੀ ਕੀਤੀ ਕਿ (ਛਿਆਂ ਦੇ ਹੱਕ ਵਿੱਚ ਘੱਟਗਿਣਤੀ ਦੀਆਂ ਦਲੀਲਾਂ ਵਿੱਚ) "ਇੱਥੇ ਸਾਰੇ ਸੰਕਲਪ ਗਡ–ਮਡ ਹਨ"। ਸਾਥੀ ਡਿਊਸ਼ ਨੇ ਸਾਥੀ ਸੋਰੋਕਿਨ ਦੇ ਇਹ **ਬੁਨਿਆਦੀ** ਸੱਚ ਯਾਦ ਕਰਾਉਣ ਦੀ ਯੋਗਤਾ ਦੀ ਹੀ ਪ੍ਰੋੜ੍ਹਤਾ ਕੀਤੀ ਕਿ "ਅਸੀਂ ਪਾਰਟੀ ਮੈਂਬਰ ਹਾਂ ਅਤੇ ਸਾਨੂੰ ਕੇਵਲ ਰਾਜਸੀ ਵਿਚਾਰਾਂ ਤੋਂ ਹੀ ਅਗਵਾਈ ਲੈਣੀ ਚਾਹੀਦੀ ਹੈ"। ਇਹ ਕੂਕਣਾ ਕਿ ਚੋਣਾਂ **ਜੁਰਮੀ** ਹਨ, ਨਾ ਕੇਵਲ ਖੂਹ–ਦੇ–ਡੱਡੂਪੁਣੇ ਤੱਕ ਸਗੋਂ ਅਜਿਹੇ ਅਮਲਾਂ ਤੱਕ ਡਿੱਗ ਜਾਣਾ ਸੀ ਜਿਹੜਾ ਖ਼ਾਲਸ **ਖੁਨਾਮੀ ਵਾਲ਼ੇ** ਹਨ !

ਘੱਟਗਿਣਤੀ ਨੇ ਸਵਾਲ ਉੱਤੇ ਇਹਦੇ ਗੁਣ ਔਗੁਣ ਅਨੁਸਾਰ ਵਿਚਾਰ ਤੋਂ **ਟਾਲਮਟੋਲ ਕੀਤੀ** ਅਤੇ ਇਹਦੀ ਥਾਂ ਆਪਣੇ ਪ੍ਰਸਿੱਧ ਸੁਰਮੇਲ ਦੀਆਂ ਗੱਲਾਂ ਕੀਤੀਆਂ, "ਹੰਝੂ ਵਹਾਏ" ਅਤੇ "ਕਰੂਣਾ ਦਾ ਸਹਾਰਾ ਲਿਆ" (ਲਾਂਗੇ ਦਾ ਭਾਸ਼ਣ, ਪੰਨਾ 327), ਜਿਵੇਂ "ਕਿਸੇ ਨੂੰ ਕਤਲ ਕੀਤਾ ਜਾ ਰਿਹਾ ਹੋਵੇ"। ਆਪਣੀ "**ਭਾਵੁਕ ਉਤੇਜਨਾ**" (ਪੰਨਾ 325) ਵਿੱਚ ਘੱਟਗਿਣਤੀ "**ਵਿਅਕਤੀਗਤ ਦੋਸ਼ਾਂ ਤੱਕ**", ਇਹ ਹਵਾਂਕਣ ਤੱਕ ਕਿ ਚੋਣ "ਜੁਰਮੀ" ਹੈ, ਅਤੇ ਅਜਿਹੇ ਹੋਰ **ਅਣ-ਆਗਿਆਯੋਗ** ਅਮਲਾਂ ਤੱਕ ਚਲੀ ਗਈ।

ਸਾਡੀ ਕਾਂਗਰਸ ਦੀ ਤੀਹਵੀਂ ਬੈਠਕ ਵਿੱਚ ਛੇ ਜਾਂ ਤਿੰਨ ਸਬੰਧੀ ਲੜਾਈ **ਖੂਹ-ਦੇ-ਡੱਡੂਪੁਣੇ** ਅਤੇ **ਪਾਰਟੀ ਭਾਵਨਾ** ਵਿਚਕਾਰ, ਸਭ ਤੋਂ ਭੈੜੀ ਕਿਸਮ ਦੇ "**ਵਿਅਕਤੀਗਤ**" **ਅਤੇ ਸਿਆਸੀ ਵਿਚਾਰਾਂ ਵਿਚਕਾਰ**, **ਨਖਿੱਧ ਸ਼ਬਦਾਂ** ਅਤੇ **ਇਨਕਲਾਬੀ ਕਰਤੱਵ** ਦੇ ਅਤਿਅੰਤ ਬੁਨਿਆਦੀ ਸੰਕਲਪ ਵਿਚਕਾਰ ਲੜਾਈ ਸੀ।

31ਵੀਂ ਬੈਠਕ ਸਮੇਂ, ਜਦੋਂ ਕਾਂਗਰਸ ਨੇ 17 ਦੇ ਮੁਕਾਬਲੇ ਉੱਤੇ 19 ਦੀ ਬਹੁਗਿਣਤੀ ਨਾਲ਼, ਤਿੰਨਾਂ ਨੇ ਕਿਸੇ ਪਾਸੇ ਵੋਟ ਨਾ ਦਿੱਤੇ, ਸਮੁੱਚੇ ਤੌਰ ਉੱਤੇ ਪੁਰਾਣੇ ਸੰਪਾਦਕ ਮੰਡਲ ਦੀ ਤਸਦੀਕ ਕਰਨ ਦੀ ਤਜਵੀਜ਼ **ਰੱਦ ਕਰ ਦਿੱਤੀ** (ਵੇਖੋ ਪੰਨਾ 330 ਅਤੇ **ਸ਼ੁਧੀ-ਪੱਤਰ**) ਅਤੇ ਜਦੋਂ **ਸਾਬਕਾ ਸੰਪਾਦਕ** ਹਾਲ ਵਿੱਚ ਮੁੜ ਆਏ ਸਨ, ਸਾਥੀ ਮਾਰਤੋਵ ਨੇ "ਸਾਬਕਾ ਸੰਪਾਦਕ ਮੰਡਲ ਹੀ ਬਹੁਗਿਣਤੀ ਵੱਲੋਂ" ਆਪਣੇ "ਬਿਆਨ" ਵਿੱਚ (ਪੰਨੇ 330–31) ਸਿਆਸੀ ਪੋਜ਼ੀਸ਼ਨ ਅਤੇ **ਸਿਆਸੀ ਸੰਕਲਪਾਂ** ਦਾ ਉਹ ਡੋਲਣਾ ਅਤੇ ਅਸਥਿਰਤਾ ਹੋਰ ਵਧੇਰੇ ਹੱਦ ਤੱਕ ਵਿਖਾਏ। ਆਓ ਅਸੀਂ ਉਹਦੇ ਸਮੂਹਿਕ **ਬਿਆਨ** ਅਤੇ ਮੇਰੇ ਉੱਤਰ ਨੂੰ ਇੱਕ ਇੱਕ ਨੁਕਤਾ ਕਰਕੇ ਲਈਏ (ਪੰਨੇ 332–33)।

"ਹੁਣ ਤੋਂ ਲੈਕੇ," ਜਦੋਂ ਪੁਰਾਣੇ ਸੰਪਾਦਕ ਮੰਡਲ ਦੀ ਤਸਦੀਕ ਨਾ ਕੀਤੀ ਗਈ ਤਾਂ ਸਾਥੀ ਮਾਰਤੋਵ ਨੇ ਕਿਹਾ, "ਪੁਰਾਣੇ 'ਇਸਕਰਾ' ਦੀ ਹੋਂਦ ਨਹੀਂ ਰਹੀ ਅਤੇ ਇਹਦਾ ਨਾਂ ਤਬਦੀਲ ਕਰ ਦੇਣਾ ਵਧੇਰੇ ਇਕਸਾਰ ਗੱਲ ਹੋਵੇਗਾ। ਕੁੱਝ ਵੀ ਹੋਵੇ ਅਸੀਂ ਕਾਂਗਰਸ ਦੇ ਨਵੇਂ ਪ੍ਰਸਤਾਵ ਵਿੱਚ 'ਇਸਕਰਾ' ਵਿੱਚ ਭਰੋਸੇ ਦੇ ਵੋਟ ਉੱਤੇ, ਜਿਹੜਾ ਕਾਂਗਰਸ ਦੀਆਂ ਪਹਿਲੀਆਂ ਬੈਠਕਾਂ ਵਿੱਚੋਂ ਇੱਕ ਵਿੱਚ ਪ੍ਰਵਾਨ ਕੀਤਾ ਗਿਆ, ਇੱਕ ਚੋਖੀ ਹੱਦਬੰਦੀ ਵੇਖਦੇ ਹਾਂ।"

ਸਾਥੀ ਮਾਰਤੋਵ ਅਤੇ ਉਹਦੇ ਸਾਥੀਆਂ ਨੇ **ਸਿਆਸੀ ਇਕਸਾਰਤਾ** ਦਾ ਸੱਚਮੁਚ ਰੋਚਕ ਅਤੇ ਬਹੁਤ ਪੱਖਾਂ ਤੋਂ ਸਿੱਖਿਆਦਾਇਕ ਸਵਾਲ ਉਠਾਇਆ ਹੈ। ਜਿਸ ਸਮੇਂ "ਇਸਕਰਾ" ਦੀ ਤਸਦੀਕ ਕੀਤੀ ਜਾ ਰਹੀ ਸੀ, ਉਸ ਸਮੇਂ **ਹਰ ਇੱਕ** ਨੇ ਜੋ ਕੁੱਝ ਕਿਹਾ, ਉਸ ਵੱਲ ਸੰਕੇਤ ਕਰਕੇ ਮੈਂ ਪਹਿਲਾਂ ਹੀ ਇਹਦਾ ਉੱਤਰ ਦੇ ਚੁੱਕਾ ਹਾਂ। (ਵੇਖੋ ਕਾਰਵਾਈ, ਪੰਨਾ 349, ਵੇਖੋ ਪਿੱਛੇ ਪੰਨਾ 82)।* ਨਿਰਸੰਦੇਹ, ਇਥੇ ਸਾਡੇ ਸਾਹਮਣੇ ਜੋ ਕੁੱਝ ਹੈ ਉਹ ਸਿਆਸੀ ਅਸਥਿਰਤਾ ਦੀ ਉੱਘੜਵੀਂ ਉਦਾਹਰਣ ਹੈ, ਪਰ ਕਾਂਗਰਸ ਦੀ ਬਹੁਗਿਣਤੀ ਵੱਲੋਂ ਜਾਂ ਪੁਰਾਣੇ ਸੰਪਾਦਕ ਮੰਡਲ ਦੀ ਬਹੁਗਿਣਤੀ ਵੱਲੋਂ, ਅਸੀਂ ਇਸ ਗੱਲ ਦਾ ਨਿਰਣਾ ਪਾਠਕ ਸਿਰ ਛੱਡਦੇ ਹਾਂ। ਅਤੇ ਸਾਥੀ ਮਾਰਤੋਵ ਅਤੇ ਉਹਦੇ ਸਾਥੀਆਂ ਨੇ ਦੋ ਹੋਰ ਸਵਾਲ ਬੜੇ ਯੋਗ ਢੰਗ ਨਾਲ਼ ਉਠਾਏ ਹਨ

* ਵੇਖੋ ਇਸ ਪੁਸਤਕ ਦੇ ਪੰਨੇ 113–115। **—ਸੰਪਾ.**

ਜਿਨ੍ਹਾਂ ਸਬੰਧੀ ਨਿਰਣਾ ਵੀ ਅਸੀਂ ਉਸੇ ਤਰ੍ਹਾਂ ਪਾਠਕ ਉੱਤੇ ਛੱਡਦੇ ਹਾਂ: 1) ਕੀ **ਕੇਂਦਰੀ ਬੁਲਾਰੇ ਦੇ ਸੰਪਾਦਕੀ ਮੰਡਲ ਦੇ ਅਧਿਕਾਰੀ ਚੁਣਨ ਦੇ ਕਾਂਗਰਸ** ਦੇ ਨਿਰਣੇ ਵਿੱਚ " 'ਇਸਕਰਾ' ਵਿੱਚ ਭਰੋਸੇ ਦੀ ਹੱਦਬੰਦੀ" ਵੇਖਣ ਦੀ ਇੱਛਾ **ਖੂਹ-ਦੇ-ਡੱਡੂ ਵਾਲਾ** ਵਤੀਰਾ ਵਿਖਾਉਂਦੀ ਹੈ ਜਾਂ **ਪਾਰਟੀ** ਵਤੀਰਾ ? 2) **ਪੁਰਾਣੇ "ਇਸਕਰਾ" ਦੀ ਹੋਂਦ** ਸੱਚਮੁਚ ਕਦੋਂ ਤੋਂ ਨਾ ਰਹੀ—ਅੰਕ 46 ਤੋਂ ਲੈਕੇ ਜਦੋਂ ਅਸਾਂ ਦੁਹਾਂ, ਪਲੈਖ਼ਾਨੋਵ ਨੇ ਅਤੇ ਮੈਂ ਇਹਨੂੰ ਚਲਾਉਣਾ ਸ਼ੁਰੂ ਕੀਤਾ ਜਾਂ ਅੰਕ 53 ਤੋਂ ਜਦੋਂ ਪੁਰਾਣੇ ਸੰਪਾਦਕ ਮੰਡਲ ਦੀ ਬਹੁਗਿਣਤੀ ਨੇ ਇਹਨੂੰ ਸਾਂਭ ਲਿਆ ? ਜੇ ਪਹਿਲਾ ਸਵਾਲ **ਅਸੂਲ ਦਾ** ਰੋਚਕ **ਸਵਾਲ** ਹੈ ਤਾਂ ਦੂਜਾ **ਤੱਥ ਦਾ** ਰੋਚਕ **ਸਵਾਲ** ਹੈ।

"ਕਿਉਂਕਿ ਤਿੰਨਾਂ ਦਾ ਸੰਪਾਦਕ ਮੰਡਲ ਚੁਣਨ ਦਾ ਨਿਰਣਾ ਕੀਤਾ ਗਿਆ ਹੈ," ਸਾਥੀ ਮਾਰਤੋਵ ਨੇ ਗੱਲ ਜਾਰੀ ਰੱਖੀ, "ਮੈਂ ਆਪਣੇ ਵੱਲੋਂ ਅਤੇ ਤਿੰਨ ਹੋਰ ਸਾਥੀਆਂ ਵੱਲੋਂ ਇਹ ਐਲਾਨ ਕਰਨਾ ਲਾਜ਼ਮੀ ਖ਼ਿਆਲ ਕਰਦਾ ਹਾਂ ਕਿ ਸਾਡੇ ਵਿੱਚੋਂ ਕੋਈ ਵੀ ਇਸ ਨਵੇਂ ਸੰਪਾਦਕ ਮੰਡਲ ਵਿੱਚ ਸ਼ਾਮਲ ਨਹੀਂ ਹੋਵੇਗਾ। ਜਿਥੋਂ ਤੱਕ ਮੇਰਾ ਸਬੰਧ ਹੈ, ਮੈਂ ਇਹ ਵਾਧਾ ਕਰਨਾ ਚਾਹੁੰਦਾ ਹਾਂ ਕਿ ਜੇ ਇਹ ਸੱਚ ਹੈ ਕਿ ਕੁੱਝ ਸਾਥੀ ਮੇਰਾ ਨਾਂ ਇਸ 'ਤਿੱਕੜੀ' ਲਈ ਉਮੀਦਵਾਰਾਂ ਦੀ ਸਾਰਣੀ ਵਿੱਚ ਸ਼ਾਮਲ ਕਰਨਾ ਚਾਹੁੰਦੇ ਹਨ, ਤਾਂ ਇਹ ਲਾਜ਼ਮੀ ਹੈ ਕਿ ਮੈਂ ਇਹਨੂੰ ਇੱਕ ਨਿਰਾਦਰੀ ਸਮਝਾਂ, ਜਿਸਦਾ ਭਾਗੀ ਹੋਣ ਲਈ ਮੈਂ ਕੁੱਝ ਨਹੀਂ ਕੀਤਾ [ਸੋ ਇਹ ਗੱਲ ਹੈ!] ਮੈਂ ਇਹ ਗੱਲ ਉਹਨਾਂ ਹਾਲਤਾਂ ਨੂੰ ਮੁੱਖ ਰੱਖਦੇ ਕਹਿੰਦਾ ਹਾਂ ਜਿਨ੍ਹਾਂ ਵਿੱਚ ਸੰਪਾਦਕ ਮੰਡਲ ਨੂੰ ਤਬਦੀਲ ਕਰਨ ਦਾ ਨਿਰਣਾ ਕੀਤਾ ਗਿਆ ਹੈ। ਇਹ ਨਿਰਣਾ ਕਿਸੇ ਕਿਸਮ ਦੀਆਂ 'ਖਹਿਬੜਾਂ'* ਕਾਰਨ, ਪੁਰਾਣੇ ਸੰਪਾਦਕ ਮੰਡਲ ਦੇ ਬੇਅਸਰ ਹੋਣ ਕਾਰਨ ਕੀਤਾ ਗਿਆ ਹੈ; ਇਹੋ ਨਹੀਂ, ਕਾਂਗਰਸ ਨੇ ਸੰਪਾਦਕ ਮੰਡਲ ਤੋਂ ਖਹਿਬੜਾਂ ਸਬੰਧੀ ਪੁੱਛ-ਗਿੱਛ ਕੀਤੇ ਬਿਨਾਂ ਜਾਂ ਇਸ ਸਬੰਧੀ ਰਿਪੋਰਟ ਪੇਸ਼ ਕਰਨ ਲਈ ਕਮੀਸ਼ਨ ਸਥਾਪਤ ਕੀਤੇ ਬਿਨਾਂ ਕਿ

---

* ਸ਼ਾਇਦ ਸਾਥੀ ਮਾਰਤੋਵ ਸਾਥੀ ਪੋਸਾਦੋਵਸਕੀ ਦੇ ਪ੍ਰਗਟਾਅ "ਅਣਮੇਲਾਂ" ਵੱਲ ਸੰਕੇਤ ਕਰ ਰਿਹਾ ਸੀ। ਮੈਂ ਦੁਹਰਾਉਂਦਾ ਹਾਂ ਕਿ ਸਾਥੀ ਪੋਸਾਦੋਵਸਕੀ ਨੇ ਕਾਂਗਰਸ ਅੱਗੇ ਇਸ ਗੱਲ ਦੀ ਵਿਆਖਿਆ ਕਦੀ ਨਾ ਕੀਤੀ ਕਿ **ਉਹਦੇ** ਪ੍ਰਗਟਾਅ ਦਾ ਅਰਥ ਕੀ ਸੀ, ਜਿੱਥੇ ਕਿ ਸਾਥੀ ਮੁਰਾਵੀਓਵ ਨੇ, ਜਿਸਨੇ ਵੀ ਇਹ ਪ੍ਰਗਟਾਅ ਵਰਤਿਆ ਵਿਆਖਿਆ ਕੀਤੀ ਕਿ ਉਹਦਾ ਅਰਥ **ਅਸੂਲ ਸਬੰਧੀ** ਅਣਮੇਲ ਹਨ, ਜਿਹਾ ਕਿ ਉਹ **ਕਾਂਗਰਸ ਦੀਆਂ ਬਹਿਸਾਂ ਵਿੱਚ ਪ੍ਰਗਟ ਹੋਏ ਹਨ।** ਪਾਠਕ ਨੂੰ ਚੇਤੇ ਹੋਵੇਗਾ **ਅਸੂਲਾਂ** ਸਬੰਧੀ **ਇੱਕੋ ਇੱਕ** ਅਸਲੀ ਬਹਿਸ ਜਿਸ ਵਿੱਚ ਸੰਪਾਦਕਾਂ ਵਿੱਚੋਂ ਚਾਰ ਨੇ (ਪਲੈਖਾਨੋਵ, ਮਾਰਤੋਵ, ਐਕਸਲਰੋਦ ਅਤੇ ਮੈਂ) ਹਿੱਸਾ ਲਿਆ, ਨਿਯਮਾਂ ਦੇ ਪਹਿਲੇ ਪੈਰੇ ਸਬੰਧੀ ਸੀ, ਅਤੇ ਇਹ ਕਿ ਸਾਥੀ ਮਾਰਤੋਵ ਅਤੇ ਸਤਾਰੋਵਰ ਨੇ "ਮੌਕਾਪ੍ਰਸਤੀ ਦੇ ਝੂਠੇ ਦੋਸ਼" ਦੇ ਸੰਪਾਦਕ ਮੰਡਲ ਨੂੰ "ਤਬਦੀਲ ਕਰਨ" ਲਈ ਦਲੀਲਾਂ ਵਿੱਚੋਂ ਇੱਕ ਹੋਣ ਸਬੰਧੀ **ਲਿਖਤੀ ਰੂਪ ਵਿੱਚ** ਗਿਲਾ ਕੀਤਾ। **ਉਸ ਖ਼ਤ ਵਿੱਚ** ਸਾਥੀ ਮਾਰਤੋਵ ਨੇ "ਮੌਕਾਪ੍ਰਸਤੀ" ਅਤੇ ਸੰਪਾਦਕ ਮੰਡਲ ਨੂੰ ਤਬਦੀਲ ਕਰਨ ਦੀ ਪਲਾਨ ਵਿੱਚ ਇੱਕ **ਸਪਸ਼ਟ** ਸਬੰਧ ਵੇਖਿਆ ਸੀ, ਪਰ **ਕਾਂਗਰਸ ਵਿੱਚ** ਉਹਨੇ ਆਪਣੇ ਆਪ ਨੂੰ "**ਕਿਸੇ ਤਰ੍ਹਾਂ ਦੇ ਅਣਮੇਲ**" ਸਬੰਧੀ ਧੁੰਦਲੇ ਇਸ਼ਾਰੇ ਕਰਨ ਤੱਕ ਸੀਮਤ ਰੱਖਿਆ। "ਮੌਕਾਪ੍ਰਸਤੀ ਦਾ ਝੂਠਾ ਦੋਸ਼" ਪਹਿਲਾਂ ਹੀ ਭੁਲਾ ਦਿੱਤਾ ਗਿਆ ਸੀ!

ਕੀ ਉਹ ਬੇਅਸਰ ਰਿਹਾ ਹੈ, ਨਿਸ਼ਚਿਤ ਲੀਹਾਂ ਉੱਤੇ ਮਾਮਲੇ ਸਬੰਧੀ ਨਿਰਣਾ ਕੀਤਾ ਹੈ।..." [ਅਜੀਬ ਗੱਲ ਹੈ ਕਿ ਘੱਟਗਿਣਤੀ ਦੇ ਕਿਸੇ ਮੈਂਬਰ ਨੂੰ ਇਹ ਗੱਲ ਨਾ ਅਹੁੜੀ ਕਿ ਕਾਂਗਰਸ ਅੱਗੇ "ਸੰਪਾਦਕ ਮੰਡਲ ਤੋਂ ਪੁੱਛ-ਗਿੱਛ ਕਰਨ" ਜਾਂ ਕਮੀਸ਼ਨ ਸਥਾਪਤ ਕਰਨ ਦੀ ਤਜਵੀਜ਼ ਪੇਸ਼ ਕਰੇ! ਕੀ ਇਹਦਾ ਕਾਰਨ ਇਹ ਨਹੀਂ ਸੀ ਕਿ "ਇਸਕਰਾ" ਜਥੇਬੰਦੀ ਵਿੱਚ ਦੁਫੇੜ ਪਿੱਛੋਂ ਅਤੇ ਉਸ ਗੱਲਬਾਤ ਦੀ ਅਸਫ਼ਲਤਾ ਪਿੱਛੋਂ ਜਿਸ ਸਬੰਧੀ ਸਾਥੀ ਮਾਰਤੋਵ ਅਤੇ ਸਤਾਰੋਵਰ ਨੇ ਲਿਖਿਆ, ਅਜਿਹਾ ਕਰਨਾ ਵਿਅਰਥ ਹੁੰਦਾ?]... "ਇਹਨਾਂ ਹਾਲਤਾਂ ਅਧੀਨ ਕੁੱਝ ਸਾਥੀਆਂ ਦੇ ਇਹ ਫ਼ਰਜ਼ ਕਰ ਲੈਣ ਨੂੰ ਕਿ ਮੈਂ ਇਸ ਢੰਗ ਨਾਲ਼ ਸੁਧਾਰੇ ਸੰਪਾਦਕ ਮੰਡਲ ਵਿੱਚ ਸ਼ਾਮਲ ਹੋ ਜਾਵਾਂਗਾ, ਮੈਂ ਆਪਣੀ ਸਿਆਸੀ ਸ਼ੋਭਾ ਉੱਤੇ ਕਲੰਕ ਸਮਝਦਾ ਹਾਂ।..."*

ਮੈਂ ਜਾਣ ਬੁੱਝ ਕੇ ਇਸ ਦਲੀਲ ਦੀ ਮੁਕੰਮਲ ਟੂਕ ਦਿੱਤੀ ਹੈ ਤਾਂ ਜੁ ਪਾਠਕ ਨੂੰ ਉਹਦੀ ਇੱਕ ਵੰਨਗੀ ਤੋਂ ਅਤੇ ਉਹਦੇ ਮੁੱਢ ਤੋਂ ਜਾਣੂ ਕਰਾਵਾਂ ਜਿਹੜਾ **ਕਾਂਗਰਸ ਤੋਂ ਪਿੱਛੋਂ** ਇੰਨੀ ਭਰਪੂਰਤਾ ਨਾਲ਼ ਖਿੜ ਪਿਆ ਹੈ ਅਤੇ ਜਿਸਨੂੰ **ਖਹਿਬੜਨ** ਤੋਂ ਛੁੱਟ ਹੋਰ ਕੋਈ ਨਾਂ ਨਹੀਂ ਦਿੱਤਾ ਜਾ ਸਕਦਾ। ਮੈਂ ਪਹਿਲਾਂ ਹੀ " 'ਇਸਕਰਾ' ਸੰਪਾਦਕਾਂ ਦੇ ਨਾਂ ਖ਼ਤ" ਵਿੱਚ ਇਹ ਪ੍ਰਗਟਾਅ ਵਰਤਿਆ ਹੈ, ਅਤੇ ਸੰਪਾਦਕਾਂ ਦੇ ਗ਼ੁੱਸੇ ਦੇ ਬਾਵਜੂਦ ਮੈਂ ਇਹਨੂੰ ਦੁਹਰਾਉਣ ਉੱਤੇ ਮਜਬੂਰ ਹਾਂ, ਕਿਉਂਕਿ ਇਹਦੀ ਸ਼ੁੱਧਤਾ ਕਿਸੇ ਸ਼ੱਕ ਤੋਂ ਬਾਹਰੀ ਹੈ। ਇਹ ਫ਼ਰਜ਼ ਕਰਨਾ ਗ਼ਲਤ ਹੋਵੇਗਾ (ਜਿਹਾ ਕਿ ਨਵੇਂ "ਇਸਕਰਾ" ਦੇ ਸੰਪਾਦਕ ਕਰਦੇ ਹਨ) ਕਿ ਖਹਿਬੜਨ ਦੇ ਅਰਥ "ਨੀਚ ਮੰਤਵ" ਪਹਿਲਾਂ ਤੋਂ ਮਿਥ ਲੈਣਾ ਹੈ; ਕੋਈ ਵੀ ਇਨਕਲਾਬੀ, ਜਿਹੜਾ ਜਲਾਵਤਨਾਂ

---

* ਸਾਥੀ ਮਾਰਤੋਵ ਨੇ ਹੋਰ ਵਾਧਾ ਕੀਤਾ: "ਹੋ ਸਕਦਾ ਹੈ ਰਿਆਜ਼ਾਨੋਵ ਅਜਿਹੇ ਰੋਲ ਲਈ ਰਾਜ਼ੀ ਹੋ ਜਾਵੇ, ਪਰ ਉਹ ਮਾਰਤੋਵ ਨਹੀਂ, ਜਿਸਨੂੰ, ਮੇਰਾ ਵਿਚਾਰ ਹੈ, ਤੁਸੀਂ ਉਹਦੇ ਕੰਮ ਤੋਂ ਜਾਣਦੇ ਹੋ।" ਕਿਉਂਕਿ ਇਹ ਰਿਆਜ਼ਾਨੋਵ ਉੱਤੇ **ਨਿੱਜੀ** ਹਮਲਾ ਸੀ, ਸਾਥੀ ਮਾਰਤੋਵ ਨੇ ਇਹ ਟਿੱਪਣੀ ਵਾਪਸ ਲੈ ਲਈ। ਪਰ ਇਹ ਸਾਥੀ ਰਿਆਜ਼ਾਨੋਵ ਦੀਆਂ ਨਿੱਜੀ ਸਿਫ਼ਤਾਂ ਕਰਕੇ ਨਹੀਂ ਸੀ (ਉਹਨਾਂ ਵੱਲ ਸੰਕੇਤ ਕਰਨਾ ਇੱਥੇ ਕੁਥਾਂ ਹੋਵੇਗਾ) ਕਿ ਉਹਦਾ ਨਾਂ ਕਾਂਗਰਸ ਵਿੱਚ ਇੱਕ ਮੂੰਹ-ਚੜ੍ਹੀ ਗੱਲ ਸੀ; ਇਹ "ਬੋਰਬਾ" ਟੋਲੀ ਦੇ **ਸਿਆਸੀ** ਮੁਹਾਂਦਰੇ ਕਾਰਨ—ਉਹਦੀਆਂ ਸਿਆਸੀ ਗਲਤੀਆਂ ਕਾਰਨ ਸੀ। ਸਾਥੀ ਮਾਰਤੋਵ ਅਸਲੀ ਜਾਂ ਸਮਝੀ ਜਾਂਦੀ ਨਿੱਜੀ ਨਿਰਾਦਰੀ ਨੂੰ ਵਾਪਸ ਲੈਕੇ ਚੰਗੀ ਗੱਲ ਕਰਦਾ ਹੈ ਪਰ ਇਹਦਾ ਸਿੱਟਾ ਸਾਡਾ **ਸਿਆਸੀ ਗ਼ਲਤੀਆਂ** ਭੁੱਲ ਜਾਣਾ ਨਹੀਂ ਹੋਣਾ ਚਾਹੀਦਾ, ਜਿਨ੍ਹਾਂ ਨੂੰ **ਪਾਰਟੀ ਲਈ ਇੱਕ ਸਬਕ** ਦਾ ਕੰਮ ਕਰਨਾ ਚਾਹੀਦਾ ਹੈ। ਸਾਡੀ ਕਾਂਗਰਸ ਵਿੱਚ "ਬੋਰਬਾ" ਟੋਲੀ ਉੱਤੇ "ਜਥੇਬੰਦਕ ਗੜਬੜ" ਅਤੇ "ਅਸੂਲ ਦੇ ਕਿਸੇ ਵਿਚਾਰ ਕਾਰਨ ਹੱਕੀ ਨਾ ਠਹਿਰਾਈ ਜਾ ਸਕਣ ਵਾਲ਼ੀ ਫੁੱਟ" ਪੈਦਾ ਕਰਨ ਦਾ ਦੋਸ਼ ਲਾਇਆ ਗਿਆ। (ਸਾਥੀ ਮਾਰਤੋਵ ਦਾ ਭਾਸ਼ਣ, ਪੰਨਾ38)। **ਅਜਿਹਾ** ਸਿਆਸੀ ਵਤੀਰਾ ਨਿਰਸੰਦੇਹ ਨਿੰਦਿਆ ਦਾ ਭਾਗੀ ਹੈ, ਅਤੇ ਨਾ ਕੇਵਲ **ਆਮ** ਗੜਬੜ ਦੇ ਉਸ ਸਮੇਂ ਜਦੋਂ ਪਾਰਟੀ ਕਾਂਗਰਸ ਤੋਂ ਪਹਿਲਾਂ ਇੱਕ ਨਿੱਕੀ ਜਿਹੀ ਟੋਲੀ ਵਿੱਚ ਵੇਖਿਆ ਗਿਆ ਹੋਵੇ, ਸਗੋਂ ਕਾਂਗਰਸ ਤੋਂ **ਪਿੱਛੋਂ** ਵੀ, ਉਸ ਸਮੇਂ ਵਿੱਚ ਜਦੋਂ ਗੜਬੜ ਖ਼ਤਮ ਕਰ ਦਿੱਤੀ ਗਈ ਹੈ, ਜੇ " 'ਇਸਕਰਾ' ਸੰਪਾਦਕ ਮੰਡਲ ਦੀ ਬਹੁਗਿਣਤੀ ਜਾਂ 'ਕਿਰਤ ਦੀ ਮੁਕਤੀ' ਟੋਲੀ ਦੀ ਬਹੁਗਿਣਤੀ ਇਹਨੂੰ ਵਿਖਾਉਣ" ਤਾਂ ਵੀ।

ਅਤੇ ਸਿਆਸੀ ਪਰਵਾਸੀਆਂ ਦੀਆਂ ਸਾਡੀਆਂ ਬਸਤੀਆਂ ਤੋਂ ਥੋੜ੍ਹਾ ਜਿਹਾ ਵੀ ਜਾਣੂ ਹੈ, ਉਹਨੇ ਖਹਿਬੜਾਂ ਦੇ ਦਰਜਨਾਂ ਮਾਮਲੇ ਵੇਖੇ ਹੋਣਗੇ, ਜਿਨ੍ਹਾਂ ਵਿੱਚ "ਭਾਵੁਕ ਉਤੇਜਨਾ" ਅਤੇ ਜੀਵਨ ਦੀਆਂ ਅਸਧਾਰਨ, ਖੜੋਤ ਵਾਲ਼ੀਆਂ ਹਾਲਤਾਂ ਕਾਰਨ ਅਤਿਅੰਤ ਦੋਸ਼, ਸ਼ੱਕ, ਸਵੈ-ਦੋਸ਼, "ਸ਼ਖ਼ਸੀਅਤਾਂ" ਆਦਿ ਲਾਏ ਗਏ ਅਤੇ ਘੜੀ ਮੁੜੀ ਦੁਹਰਾਏ ਗਏ। ਕੋਈ ਹੋਸ਼ਮੰਦ ਮਨੁੱਖ ਲਾਜ਼ਮੀ ਤੌਰ ਉੱਤੇ ਇਹਨਾਂ ਖਹਿਬੜਾਂ ਵਿੱਚ ਨੀਚ **ਮੰਤਵ** ਨਹੀਂ ਲੱਭੇਗਾ, ਭਾਵੇਂ **ਉਹਨਾਂ ਦੇ ਪ੍ਰਗਟਾਅ ਕਿੰਨੇ ਨੀਚ ਕਿਉਂ ਨਾ ਹੋਣ।** ਅਤੇ ਇਸ "ਭਾਵੁਕ ਉਤੇਜਨਾ" ਨੂੰ ਹੀ ਅਸੀਂ ਉਹਨਾਂ ਵਾਹਯਾਤੀਆਂ, ਸ਼ਖ਼ਸੀਅਤਾਂ, ਅਨੋਖੀਆਂ ਕਰਾਹਤਾਂ, ਅਤੇ ਕਾਲਪਨਿਕ ਨਿਰਾਦਰੀਆਂ ਅਤੇ ਊਜਾਂ ਦੀ ਉਲਝੀ ਅੱਟੀ ਦਾ ਕਾਰਨ ਸਮਝ ਸਕਦੇ ਹਾਂ ਜਿਹੜੀਆਂ ਸਾਥੀ ਮਾਰਤੋਵ ਦੇ ਉੱਪਰ ਦਿੱਤੇ ਭਾਸ਼ਣ ਵਿੱਚ ਹਨ। ਜੀਵਨ ਦੀਆਂ ਖੜੋਤ ਵਾਲ਼ੀਆਂ ਹਾਲਤਾਂ ਸਾਡੇ ਵਿਚਕਾਰ ਅਜਿਹੀਆਂ ਖਹਿਬੜਾਂ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਜਨਮ ਦੇਂਦੀਆਂ ਹਨ ਅਤੇ ਜੇ ਕਿਸੇ ਸਿਆਸੀ ਪਾਰਟੀ ਵਿੱਚ ਆਪਣੇ ਰੋਗ ਨੂੰ ਠੀਕ ਨਾਂ ਦੇਣ, ਬੇਕਿਰਕ ਤਸ਼ਖ਼ੀਸ਼* ਕਰਨ ਅਤੇ ਇਲਾਜ ਲੱਭਣ ਦੀ ਹਿੰਮਤ ਨਾ ਹੋਵੇ ਤਾਂ ਉਹ ਸਤਿਕਾਰ ਦੀ ਪਾਤਰ ਨਹੀਂ।

ਜਿਥੋਂ ਤੱਕ ਇਸ ਉਲਝੀ ਅੱਟੀ ਵਿੱਚੋਂ ਅਸੂਲਾਂ ਸਬੰਧੀ ਕੁੱਝ ਕੱਢਿਆ ਜਾ ਸਕਦਾ ਹੈ, ਬੰਦਾ **ਅਟੱਲ ਤੌਰ ਉੱਤੇ** ਇਸ ਸਿੱਟੇ ਉੱਤੇ ਅਪੜਦਾ ਹੈ ਕਿ "ਚੋਣਾਂ ਦਾ ਸਿਆਸੀ ਸ਼ੋਭਾਵਾਂ ਉੱਤੇ ਕਿਸੇ ਊਜ ਨਾਲ਼ ਕੋਈ ਸਬੰਧ ਨਹੀਂ," ਕਿ "ਕਾਂਗਰਸ ਦੇ ਨਵੀਆਂ ਚੋਣਾਂ ਕਰਨ, ਕਿਸੇ ਤਰ੍ਹਾਂ ਦੀਆਂ ਨਵੀਆਂ ਸਥਾਪਤੀਆਂ ਕਰਨ, ਅਤੇ ਇਹਦੇ ਅਧਿਕਾਰਿਤ ਮੰਡਲਾਂ ਦੀ ਬਣਤਰ ਤਬਦੀਲ ਕਰਨ ਦੇ ਹੱਕ ਤੋਂ ਇਨਕਾਰ ਕਰਨਾ" ਮਾਮਲੇ ਵਿੱਚ **ਗੜਬੜ** ਪੈਦਾ ਕਰਨਾ ਹੈ, ਅਤੇ ਇਹ ਕਿ "ਪੁਰਾਣੇ ਮੰਡਲ ਦੇ ਇੱਕ ਹਿੱਸੇ ਨੂੰ ਚੁਣਨ ਦੇ ਆਗਿਆਯੋਗ ਹੋਣ ਸਬੰਧੀ ਸਾਥੀ ਮਾਰਤੋਵ ਦੇ ਵਿਚਾਰ **ਸਿਆਸੀ ਵਿਚਾਰਾਂ ਦੀ ਅਤਿਅੰਤ ਗੜਬੜ** ਪ੍ਰਤੀਬਿੰਬਤ ਕਰਦੇ ਹਨ" (ਜਿਹਾ ਕਿ ਮੈਂ ਕਾਂਗਰਸ ਵਿੱਚ ਕਿਹਾ, ਪੰਨਾ 332)।

ਮੈਂ ਇਸ ਸਬੰਧੀ ਕਿ ਕਿਸਨੇ ਤਿੱਕੜੀ ਲਈ ਪਲਾਨ ਦਾ ਮੁੱਢ ਬੰਨ੍ਹਿਆ, ਸਾਥੀ ਮਾਰਤੋਵ ਦੀਆਂ "ਨਿਜੀ" ਟਿੱਪਣੀਆਂ ਨੂੰ ਛੱਡ ਦਿਆਂਗਾਂ ਅਤੇ ਪੁਰਾਣੇ ਸੰਪਾਦਕ ਮੰਡਲ ਦੀ ਤਸਦੀਕ ਨਾ ਕੀਤੇ ਜਾਣ ਨੂੰ ਪ੍ਰਾਪਤ ਮਹੱਤਤਾ ਦੇ "ਸਿਆਸੀ" ਲੱਛਣੀਕਰਨ ਦੀ ਮਹੱਤਤਾ ਵੱਲ ਜਾਂਦਾ ਹਾਂ: "...ਹੁਣ ਜੋ ਕੁੱਝ ਵਾਪਰਿਆ ਹੈ ਉਹ ਉਸ ਘੋਲ਼ ਦਾ ਅਖ਼ੀਰੀ ਕਾਂਡ ਹੈ ਜਿਹੜਾ ਕਾਂਗਰਸ ਦੇ ਦੂਜੇ ਅੱਧ ਵਿੱਚ ਭਖਦਾ ਰਿਹਾ ਹੈ।"...[ਬਿਲਕੁਲ ਠੀਕ! ਅਤੇ ਕਾਂਗਰਸ ਦਾ ਇਹ ਦੂਜਾ ਅੱਧ ਉਸ ਸਮੇਂ ਸ਼ੁਰੂ ਹੋਇਆ ਜਦੋਂ ਸਾਥੀ ਮਾਰਤੋਵ ਨਿਯਮਾਂ ਦੇ ਪਹਿਲੇ ਪੈਰੇ ਸਬੰਧੀ ਸਾਥੀ ਅਕੀਮੋਵ ਦੀ ਪੱਕੀ ਪਕੜ ਵਿੱਚ ਆ ਗਿਆ।]... "ਇਹ ਗੱਲ ਇੱਕ ਖੁੱਲ੍ਹਾ ਭੇਦ ਹੈ ਕਿ ਇਸ ਸੁਧਾਰ ਵਿੱਚ ਸਵਾਲ 'ਗੁਣਕਾਰੀ' ਹੋਣ ਦਾ ਨਹੀਂ ਸਗੋਂ ਕੇਂਦਰੀ ਕਮੇਟੀ ਉੱਤੇ ਪ੍ਰਭਾਵ ਦਾ ਹੈ।"...[ਪਹਿਲੀ ਗੱਲ, ਇਹ ਇੱਕ ਖੁੱਲ੍ਹਾ ਭੇਦ ਹੈ ਕਿ ਸਵਾਲ ਗੁਣਕਾਰੀ ਹੋਣ ਦਾ ਸੀ, ਅਤੇ ਇਹਦੇ **ਨਾਲ਼ ਹੀ ਨਾਲ਼** ਕੇਂਦਰੀ ਕਮੇਟੀ ਦੀ **ਬਣਤਰ**

* ਰੋਗ ਦੀ ਪਛਾਣ ਕਰਨੀ (Diagnosis)। —ਅਨੁ

ਸਬੰਧੀ ਨਿਖੇੜੇ ਦਾ **ਵੀ** ਸੀ, ਕਿਉਂਕਿ "ਸੁਧਾਰ" ਦੀ ਪਲਾਨ ਉਸ ਸਮੇਂ ਤਜਵੀਜ਼ ਕੀਤੀ ਗਈ ਜਦੋਂ ਦੁਫੇੜ **ਕਿਧਰੇ ਨਜ਼ਰ ਨਹੀਂ ਸੀ ਆ ਰਹੀ** ਅਤੇ ਜਦੋਂ ਸਾਥੀ ਮਾਰਤੋਵ ਨੇ ਸਾਥੀ ਪਾਵਲੋਵਿਚ ਨੂੰ ਸੰਪਾਦਕ ਮੰਡਲ ਦਾ ਸੱਤਵਾਂ ਮੈਂਬਰ ਚੁਣਨ ਵਿੱਚ ਸਾਡਾ ਸਾਥ ਦਿੱਤਾ! ਦੂਜੇ ਅਸਾਂ **ਦਸਤਾਵੇਜ਼ੀ** ਸਬੂਤਾਂ ਨਾਲ਼ ਸਾਬਤ ਕਰ ਦਿੱਤਾ ਹੈ ਕਿ ਇਹ ਕੇਂਦਰੀ ਕਮੇਟੀ ਦੀ **ਸ਼ਖ਼ਸੀ ਬਣਤਰ** ਦਾ ਮਸਲਾ ਸੀ, ਕਿ à la fin des fins* ਮਾਮਲਾ ਸੂਚੀਆਂ ਸਬੰਧੀ ਮਤਭੇਦਾਂ ਤੱਕ ਆ ਗਿਆ: ਗਲੇਬੋਵ-ਤਰਾਵਿਨਸਕੀ-ਪੋਪੋਵ ਜਾਂ ਗਲੇਬੋਵ-ਤਰਾਤਸਕੀ-ਪੋਪੋਵ।]..."ਸੰਪਾਦਕ ਮੰਡਲ ਦੀ ਬਹੁਗਿਣਤੀ ਇਹ ਚਾਹੁੰਦੀ ਸੀ ਕਿ ਕੇਂਦਰੀ ਕਮੇਟੀ ਸੰਪਾਦਕ ਮੰਡਲ ਦਾ ਹੱਥ-ਠੋਕਾ ਨਾ ਬਣ ਜਾਵੇ।"...[ਇਹੋ ਸਾਥੀ ਅਕੀਮੋਵ ਦੀ ਸਥਾਈ ਸੁਰ ਹੈ: ਪ੍ਰਭਾਵ ਦਾ ਸਵਾਲ ਜਿਸ ਲਈ ਹਰ ਬਹੁਗਿਣਤੀ ਕਿਸੇ ਵੀ ਅਤੇ ਹਰ ਪਾਰਟੀ ਕਾਂਗਰਸ ਵਿੱਚ ਲੜਦੀ ਹੈ ਤਾਂ ਜੁ ਫਿਰ ਕੇਂਦਰੀ ਸੰਸਥਾਵਾਂ ਵਿੱਚ **ਬਹੁਗਿਣਤੀ** ਰਾਹੀਂ ਇਹਨੂੰ **ਪੱਕਾ ਬਣਾਇਆ ਜਾਵੇ**, **ਸੰਪਾਦਕ ਮੰਡਲ** ਦੇ ਇੱਕ "ਹੱਥ-ਠੋਕੇ", ਸੰਪਾਦਕ ਮੰਡਲ ਦੇ ਇੱਕ "ਕੇਵਲ **ਵਧਾ**" ਸਬੰਧੀ **ਮੌਕਾਪ੍ਰਸਤ ਊਜਾਂ** ਦੀ ਪੱਧਰ ਤੱਕ ਡੇਗ ਦਿੱਤਾ ਜਾਂਦਾ ਹੈ, ਜਿਹਾ ਕਿ ਸਾਥੀ ਮਾਰਤੋਵ ਨੇ ਕੁੱਝ ਪਿੱਛੋਂ ਜਾਕੇ ਕਿਹਾ, ਪੰਨਾ 334।]... "ਇਸੇ ਲਈ ਸੰਪਾਦਕ ਮੰਡਲ ਦੇ ਮੈਂਬਰਾਂ ਦੀ ਗਿਣਤੀ ਘਟਾਉਣਾ ਜ਼ਰੂਰੀ ਸਮਝਿਆ ਗਿਆ [ !!]।ਅਤੇ ਇਸ ਲਈ ਮੈਂ ਅਜਿਹੇ ਸੰਪਾਦਕ ਮੰਡਲ ਵਿੱਚ ਸ਼ਾਮਲ ਨਹੀਂ ਹੋ ਸਕਦਾ।"... [ਜ਼ਰਾ ਇਸ "ਇਸੇ ਲਈ" ਨੂੰ ਵਧੇਰੇ ਧਿਆਨ ਨਾਲ਼ ਉਚਾਰੋ।ਸੰਪਾਦਕ ਮੰਡਲ ਕੇਂਦਰੀ ਕਮੇਟੀ ਨੂੰ ਹੱਥ-ਠੋਕੇ ਜਾਂ ਵਧਾ ਵਿੱਚ ਕਿਵੇਂ ਤਬਦੀਲ **ਕਰ ਸਕਦਾ ਸੀ? ਕੇਵਲ** ਜੇ ਇਹਨੂੰ ਪ੍ਰੀਸ਼ਦ ਵਿੱਚ ਤਿੰਨ ਵੋਟ ਪ੍ਰਾਪਤ ਹੁੰਦੇ ਅਤੇ ਉਹਨੇ ਆਪਣੀ ਉਤਮਤਾ ਦੀ **ਕੁਵਰਤੋਂ ਕੀਤੀ ਹੁੰਦੀ?** ਕੀ ਇਹ ਗੱਲ ਸਪਸ਼ਟ ਨਹੀਂ? ਅਤੇ ਐਨ ਇਸ ਤਰ੍ਹਾਂ ਇਹ ਵੀ ਸਪਸ਼ਟ ਨਹੀਂ ਕਿ, ਤੀਜਾ ਮੈਂਬਰ ਚੁਣੇ ਜਾਣ ਪਿੱਛੋਂ ਸਾਥੀ ਮਾਰਤੋਵ ਸਦਾ ਅਜਿਹੀ ਕੁਵਰਤੋਂ ਨੂੰ ਰੋਕ ਸਕਦਾ ਸੀ ਅਤੇ **ਇਕੱਲੇ ਆਪਣੇ ਵੋਟ ਰਾਹੀਂ ਹੀ** ਪ੍ਰੀਸ਼ਦ ਵਿੱਚ ਸੰਪਾਦਕ ਮੰਡਲ ਦੀ ਉਤਮਤਾ ਖ਼ਤਮ ਕਰ ਸਕਦਾ ਸੀ? ਇਹਦੇ ਸਿੱਟੇ ਵਜੋਂ, ਸਾਰਾ ਮਾਮਲਾ ਘੱਟ ਕੇ ਕੇਂਦਰੀ ਕਮੇਟੀ ਦੀ ਸ਼ਖ਼ਸੀ ਬਣਤਰ ਤੱਕ ਰਹਿ ਜਾਂਦਾ ਹੈ ਅਤੇ ਇਹ ਗੱਲ ਇੱਕ ਦਮ ਸਪਸ਼ਟ ਹੈ ਕਿ ਹੱਥ-ਠੋਕੇ ਅਤੇ ਵਧਾ ਸਬੰਧੀ ਸਾਰੀ ਗੱਲ **ਊਜ** ਹੈ।]..."ਪੁਰਾਣੇ ਸੰਪਾਦਕ ਮੰਡਲ ਦੀ ਬਹੁਗਿਣਤੀ ਦੇ ਨਾਲ਼ ਹੀ ਨਾਲ਼ ਮੇਰਾ ਵਿਚਾਰ ਸੀ ਕਿ ਕਾਂਗਰਸ ਸਾਡੀ ਪਾਰਟੀ ਵਿੱਚ 'ਘੇਰੇ ਦੀ ਹਾਲਤ' ਦਾ ਅੰਤ ਕਰ ਦੇਵੇਗੀ ਅਤੇ ਮਾਮਲਿਆਂ ਦੀ ਸਧਾਰਨ ਹਾਲਤ ਸਥਾਪਤ ਕਰੇਗੀ।ਪਰ ਅਸਲ ਤੱਥ ਇਹ ਹੈ ਕਿ ਵਿਸ਼ੇਸ਼ ਟੋਲੀਆਂ ਵਿਰੁੱਧ ਐਮਰਜੈਂਸੀ ਕਨੂੰਨਾਂ ਸਹਿਤ, ਘੇਰੇ ਦੀ ਇਹ ਹਾਲਤ ਅਜੇ ਵੀ ਜਾਰੀ ਹੈ ਅਤੇ ਇਥੋਂ ਤੱਕ ਕਿ ਵਧੇਰੇ ਗੰਭੀਰ ਹੋ ਗਈ ਹੈ।ਕੇਵਲ ਜੇ ਪੁਰਾਣਾ ਸੰਪਾਦਕ ਮੰਡਲ ਆਪਣੀ ਸਮੂਲਤਾ ਵਿੱਚ ਕਾਇਮ ਰਹਿੰਦਾ ਹੈ ਤਾਂ ਅਸੀਂ ਇਸ ਗੱਲ ਦੀ ਜ਼ਾਮਨੀ ਦੇ ਸਕਦੇ ਹਾਂ ਕਿ ਨਿਯਮ ਸੰਪਾਦਕ ਮੰਡਲ ਨੂੰ ਜਿਹੜੇ ਹੱਕ ਦੇਂਦੇ ਹਨ, ਪਾਰਟੀ ਦੀ ਹਾਨੀ ਲਈ ਉਹਨਾਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ।..."

ਸਾਥੀ ਮਾਰਤੋਵ ਦੇ ਭਾਸ਼ਣ ਵਿੱਚੋਂ ਉਹ ਸਾਰਾ ਹਿੱਸਾ ਜਿਸ ਵਿੱਚ **ਉਹਨੇ ਪਹਿਲੀ**

---

* ਅੰਤਾਂ ਦੇ ਅੰਤ ਵਿੱਚ। **—ਅਨੁ.**

**ਵਾਰ "ਘੇਰੇ ਦੀ ਹਾਲਤ" ਦਾ ਬਦੂ ਜੰਗੀ ਨਾਹਰਾ ਪੇਸ਼ ਕੀਤਾ**, ਤੁਹਾਡੇ ਸਾਹਮਣੇ ਹੈ। ਅਤੇ ਹੁਣ ਉਹਨੂੰ ਮੇਰਾ ਉੱਤਰ ਵੇਖੋ:

"...ਪਰ, ਦੋ ਤਿੱਕੜੀਆਂ ਦੀ ਪਲਾਨ ਦੇ ਨਿੱਜੀ ਖ਼ਾਸੇ ਸਬੰਧੀ ਮਾਰਤੋਵ ਦੇ ਬਿਆਨ ਨੂੰ ਠੀਕ ਕਰਦੇ ਹੋਏ, ਮੇਰੀ ਉਸ ਕਦਮ ਦੀ 'ਸਿਆਸੀ ਮਹੱਤਤਾ' ਤੋਂ ਇਨਕਾਰੀ ਹੋਣ ਦੀ ਉੱਕਾ ਹੀ ਕੋਈ ਨੀਅਤ ਨਹੀਂ ਜਿਹੜਾ ਅਸਾਂ ਪੁਰਾਣੇ ਸੰਪਾਦਕ ਮੰਡਲ ਦੀ ਤਸਦੀਕ ਨਾ ਕਰਨ ਵਿੱਚ ਚੁੱਕਿਆ। ਇਹਦੇ ਉਲਟ ਮੈਂ ਸਾਥੀ ਮਾਰਤੋਵ ਨਾਲ਼ ਪੂਰੀ ਤਰ੍ਹਾਂ ਅਤੇ ਬਿਨਾਂ ਕਿਸੇ ਰੱਖ-ਰਖਾ ਦੇ ਸਹਿਮਤ ਹਾਂ ਕਿ ਇਹ ਸਵਾਲ ਬਹੁਤ ਜ਼ਿਆਦਾ ਮਹੱਤਤਾ ਵਾਲ਼ਾ ਹੈ—ਕੇਵਲ ਇਹਦੀ ਮਹੱਤਤਾ ਉਹ ਨਹੀਂ ਜਿਹੜੀ ਮਾਰਤੋਵ ਇਹਨੂੰ ਦੇਂਦਾ ਹੈ। ਉਹਨੇ ਕਿਹਾ ਕਿ ਇਹ ਰੂਸ ਵਿੱਚ ਕੇਂਦਰੀ ਕਮੇਟੀ ਉੱਤੇ ਪ੍ਰਭਾਵ ਲਈ ਇੱਕ ਕਾਰਵਾਈ ਸੀ। ਮੈਂ ਮਾਰਤੋਵ ਤੋਂ ਅੱਗੇ ਜਾਂਦਾ ਹਾਂ। ਹੁਣ ਤੱਕ ਇੱਕ ਵਖਰੀ ਟੋਲੀ ਵਜੋਂ "ਇਸਕਰਾ" ਦੀ ਸਮੁੱਚੀ ਸਰਗਰਮੀ ਪ੍ਰਭਾਵ ਲਈ ਘੋਲ਼ ਰਹੀ ਹੈ; ਪਰ ਹੁਣ ਇਸਤੋਂ ਕੁੱਝ ਵੱਧ ਦਾ ਮਾਮਲਾ ਹੈ, ਅਰਥਾਤ, ਇਸ ਪ੍ਰਭਾਵ ਦੀ ਜਥੇਬੰਦਕ ਪਕਿਆਈ ਦਾ ਅਤੇ ਕੇਵਲ ਇਹਦੇ ਲਈ ਘੋਲ਼ ਦਾ ਨਹੀਂ। ਸਾਥੀ ਮਾਰਤੋਵ ਅਤੇ ਮੇਰੇ ਵਿਚਕਾਰ ਇਸ ਨੁਕਤੇ ਸਬੰਧੀ ਕਿੰਨਾ ਸਿਆਸੀ ਮਤ-ਭੇਦ ਹੈ, ਇਸ ਤੱਥ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਮੈਨੂੰ ਕੇਂਦਰੀ ਕੇਮਟੀ ਉੱਤੇ ਪ੍ਰਭਾਵ ਪਾਉਣ ਦੀ ਇੱਛਾ ਲਈ ਦੋਸ਼ ਦੇਂਦਾ ਹੈ, ਜਿਥੇ ਕਿ ਮੈਂ ਇਸ ਗੱਲ ਨੂੰ ਆਪਣੇ ਹੱਕ ਵਿੱਚ ਸਮਝਦਾ ਹਾਂ ਕਿ ਮੈਂ ਜਥੇਬੰਦਕ ਰੂਪਾਂ ਨਾਲ਼ ਇਸ ਪ੍ਰਭਾਵ ਨੂੰ ਪਕੇਰਾ ਬਣਾਉਣ ਲਈ ਯਤਨ ਕੀਤਾ ਅਤੇ ਹੁਣ ਵੀ ਕਰ ਰਿਹਾ ਹਾਂ। ਇਉਂ ਜਾਪਦਾ ਹੈ ਅਸੀਂ ਦੋ ਵੱਖ ਵੱਖ ਭਾਸ਼ਾਵਾਂ ਬੋਲ ਰਹੇ ਹਾਂ! ਸਾਡੇ ਸਾਰੇ ਕੰਮ ਦਾ, ਸਾਡੀਆਂ ਸਾਰੀਆਂ ਸਰਗਰਮੀਆਂ ਦਾ ਅਰਥ ਕੀ ਹੁੰਦਾ ਜੇ ਉਹਨਾਂ ਦਾ ਅੰਤ ਪ੍ਰਭਾਵ ਲਈ ਉਸੇ ਪੁਰਾਣੇ ਘੋਲ਼ ਵਿੱਚ ਹੁੰਦਾ ਅਤੇ ਇਹਦੀ ਮੁਕੰਮਲ ਪ੍ਰਾਪਤੀ ਅਤੇ ਮਜ਼ਬੂਤੀ ਵਿੱਚ ਨਹੀਂ ? ਹਾਂ ਸਾਥੀ ਮਾਰਤੋਵ ਉੱਕਾ ਹੀ ਠੀਕ ਹੈ: ਅਸਾਂ ਜਿਹੜਾ ਕਦਮ ਚੁੱਕਿਆ ਹੈ ਨਿਰਸੰਦੇਹ ਉਹ ਇੱਕ ਵੱਡਾ ਸਿਆਸੀ ਕਦਮ ਹੈ, ਜਿਹੜਾ ਇਹ ਦਰਸਾਉਂਦਾ ਹੈ ਕਿ ਹੁਣ ਵੇਖੇ ਜਾਂਦੇ ਮੁਹਾਣਾਂ ਵਿੱਚੋਂ ਇੱਕ ਸਾਡੀ ਪਾਰਟੀ ਦੇ ਭਵਿੱਖ ਦੇ ਕੰਮ ਲਈ ਚੁਣ ਲਿਆ ਗਿਆ ਹੈ। **ਅਤੇ 'ਪਾਰਟੀ ਵਿੱਚ ਘੇਰੇ ਦੀ ਹਾਲਤ', 'ਨਿਸ਼ਚਿਤ ਵਿਅਕਤੀਆਂ ਅਤੇ ਟੋਲੀਆਂ ਵਿਰੁੱਧ ਐਮਰਜੈਂਸੀ ਕਨੂੰਨਾਂ', ਆਦਿ ਜਿਹੇ ਭਿਆਨਕ ਸ਼ਬਦਾਂ ਤੋਂ ਮੈਂ ਉੱਕਾ ਹੀ ਨਹੀਂ ਡਰਦਾ।** ਅਸਥਿਰ ਅਤੇ ਡਾਵਾਂਡੋਲ ਅੰਸ਼ਾਂ ਵਿਰੁੱਧ ਅਸੀਂ 'ਘੇਰੇ ਦੀ ਹਾਲਤ' ਪੈਦਾ ਕਰ ਸਕਦੇ ਹਾਂ ਅਤੇ ਸਾਨੂੰ ਜ਼ਰੂਰ ਹੀ ਕਰਨੀ ਚਾਹੀਦੀ ਹੈ, ਅਤੇ ਸਾਡੇ ਸਾਰੇ ਪਾਰਟੀ ਨਿਯਮ, ਕੇਂਦਰਵਾਦ ਦੀ ਸਾਰੀ ਪ੍ਰਣਾਲੀ ਜਿਸਦੀ ਹੁਣ ਕਾਂਗਰਸ ਨੇ ਤਸਦੀਕ ਕੀਤੀ ਹੈ, ਸਿਆਸੀ ਅਸਪਸ਼ਟਤਾ ਦੇ ਅਨੇਕ ਸੋਮਿਆਂ ਵਿਰੁੱਧ 'ਘੇਰੇ ਦੀ ਹਾਲਤ' ਤੋਂ ਬਿਨਾਂ ਕੁੱਝ ਨਹੀਂ। ਇਹ ਵਿਸ਼ੇਸ਼ ਕਨੂੰਨ ਹਨ, ਭਾਵੇਂ ਉਹ ਐਮਰਜੈਂਸੀ ਹੀ ਹਨ, ਜਿਨ੍ਹਾਂ ਦੀ ਅਸਪਸ਼ਟਤਾ ਵਿਰੁੱਧ ਲੋੜ ਹੈ, ਅਤੇ ਅਜਿਹੇ ਕਨੂੰਨਾਂ ਅਤੇ ਅਜਿਹੇ ਕਦਮਾਂ ਲਈ ਨਿੱਗਰ ਅਧਾਰ ਖੜਾ ਕਰਕੇ ਕਾਂਗਰਸ ਨੇ ਜਿਹੜਾ ਕਦਮ ਚੁੱਕਿਆ ਹੈ ਉਹਨੇ ਸ਼ੁੱਧਤਾ ਨਾਲ਼ ਉਸ ਸਿਆਸੀ ਸੇਧ ਵੱਲ ਸੰਕੇਤ ਕਰ ਦਿੱਤਾ ਹੈ ਜਿਸ ਉੱਤੇ ਚੱਲਣਾ ਹੈ।"

ਮੈਂ ਕਾਂਗਰਸ ਵਿੱਚ ਆਪਣੇ ਭਾਸ਼ਣ ਦੇ ਸਾਰ ਵਿੱਚ **ਉਸ ਵਾਕ ਉੱਤੇ ਜ਼ੋਰ ਦਿੱਤਾ ਹੈ,**

**ਜਿਸਨੂੰ ਆਪਣੀ "ਘੇਰੇ ਦੀ ਹਾਲਤ" ਵਿੱਚ ਸਾਥੀ ਮਾਰਤੋਵ ਨੇ ਛੱਡ ਦੇਣਾ ਚੰਗੇਰਾ ਸਮਝਿਆ** (ਪੰਨਾ 16)। ਇਹ ਹੈਰਾਨ ਕਰਨ ਵਾਲ਼ੀ ਗੱਲ ਨਹੀਂ ਕਿ ਉਹਨੂੰ ਇਹ ਵਾਕ ਪਸੰਦ ਨਾ ਆਇਆ ਅਤੇ ਉਹਨੇ ਸਪਸ਼ਟ ਅਰਥ ਨੂੰ ਨਾ ਸਮਝਣ ਦਾ ਨਿਰਣਾ ਕੀਤਾ।

ਸਾਥੀ ਮਾਰਤੋਵ ਦੇ ਪ੍ਰਗਟਾਅ "ਭਿਆਨਕ ਸ਼ਬਦ" ਦੇ ਅਰਥ ਕੀ ਹਨ ?

ਇਹਦੇ ਅਰਥ ਹਨ **ਠੱਠਾ ਉਡਾਉਣਾ**, ਉਹਨਾਂ ਲੋਕਾਂ ਦਾ ਠੱਠਾ ਉਡਾਉਣਾ ਜਿਹੜੇ ਨਿੱਕੀਆਂ ਗੱਲਾਂ ਨੂੰ ਵੱਡੇ ਨਾਂ ਦੇਂਦੇ ਹਨ, ਜਿਹੜੇ ਅਡੰਬਰੀ ਫ਼ਿਕਰੇਬਾਜ਼ੀ ਰਾਹੀਂ ਸਾਦੇ ਸਵਾਲ ਵਿੱਚ ਗੜਬੜ ਪੈਦਾ ਕਰਦੇ ਹਨ।

ਜਿਹੜਾ **ਇੱਕੋ ਇੱਕ** ਨਿੱਕਾ ਅਤੇ ਸਾਦਾ ਤੱਥ ਸਾਥੀ ਮਾਰਤੋਵ ਨੂੰ "ਭਾਵੁਕ ਉਤੇਜਨਾ" ਲਈ ਕਾਰਨ ਦੇ ਸਕਦਾ ਸੀ ਅਤੇ ਜਿਸਨੇ ਦਿੱਤਾ, **ਉਹ ਕਾਂਗਰਸ ਵਿੱਚ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਵਿੱਚ ਉਹਦੀ ਹਾਰ ਤੋਂ ਬਿਨਾਂ ਕੁੱਝ ਨਹੀਂ ਸੀ।** ਇਸ ਸਾਦੇ ਤੱਥ ਦੀ ਸਿਆਸੀ ਮਹੱਤਤਾ ਇਹ ਸੀ ਕਿ, ਜਿੱਤ ਜਾਣ ਪਿੱਛੋਂ, ਪਾਰਟੀ ਕਾਂਗਰਸ ਦੀ ਬਹੁਗਿਣਤੀ ਨੇ ਪਾਰਟੀ ਲੀਡਰਸ਼ਿਪ ਵਿੱਚ ਵੀ ਆਪਣੀ ਬਹੁਗਿਣਤੀ ਸਥਾਪਤ ਕਰਕੇ, ਨਿਯਮਾਂ ਦੀ ਸਹਾਇਤਾ ਨਾਲ਼, ਉਸ ਵਿਰੁੱਧ ਜਿਸਨੂੰ ਬਹੁਗਿਣਤੀ ਡਾਵਾਂਡੋਲਤਾ, ਅਸਥਿਰਤਾ ਅਤੇ ਅਸਪਸ਼ਟਤਾ ਸਮਝਦੀ ਸੀ, ਘੋਲ਼ ਲਈ ਇੱਕ ਜਥੇਬੰਦਕ ਅਧਾਰ ਸਥਾਪਤ ਕਰਕੇ, ਆਪਣਾ ਪ੍ਰਭਾਵ ਪੱਕਾ ਬਣਾਇਆ।* ਇਹਨੂੰ ਅੱਖਾਂ ਵਿੱਚ ਭੈ ਪੈਦਾ ਕਰਕੇ "ਪ੍ਰਭਾਵ ਲਈ ਘੋਲ਼" ਅਤੇ "ਘੇਰੇ ਦੀ ਹਾਲਤ" ਸਬੰਧੀ ਸ਼ਿਕਾਇਤ ਕਰਨ ਲਈ ਮੌਕਾ ਬਣਾਉਣਾ **ਅਡੰਬਰੀ ਫ਼ਿਕਰੇਬਾਜ਼ੀ**, ਭਿਆਨਕ ਸ਼ਬਦਾਂ ਤੋਂ ਬਿਨਾਂ ਕੁੱਝ ਨਹੀਂ ਸੀ।

ਸਾਥੀ ਮਾਰਤੋਵ ਇਸ ਗੱਲ ਨਾਲ਼ ਸਹਿਮਤ ਨਹੀਂ ? ਤਾਂ ਸ਼ਾਇਦ ਉਹ ਸਾਡੇ ਲਈ ਇਹ ਸਾਬਤ ਕਰਨ ਦਾ ਯਤਨ ਕਰੇਗਾ ਕਿ ਕਿਸੇ ਪਾਰਟੀ ਕਾਂਗਰਸ ਦੀ ਹੋਂਦ ਰਹੀ ਹੈ ਜਾਂ ਜਿਸ ਬਾਰੇ ਆਮ ਤੌਰ ਉੱਤੇ ਖਿਆਲ ਕੀਤਾ ਜਾ ਸਕਦਾ ਹੈ, ਜਿਥੇ ਬਹੁਗਿਣਤੀ ਉਸ ਪ੍ਰਭਾਵ ਨੂੰ ਮਜ਼ਬੂਤ ਬਣਾਉਣ ਦਾ ਯਤਨ ਨਹੀਂ ਕਰਦੀ ਜਿਹੜਾ ਉਹਨੇ ਪ੍ਰਾਪਤ ਕੀਤਾ ਹੈ: 1) ਕੇਂਦਰੀ ਸੰਸਥਾਵਾਂ ਵਿੱਚ ਬਹੁਗਿਣਤੀ ਪ੍ਰਾਪਤ ਕਰਕੇ, ਅਤੇ 2) ਉਹਨੂੰ ਡਾਵਾਂਡੋਲਤਾ, ਅਸਥਿਰਤਾ, ਅਤੇ ਅਸਪਸ਼ਟਤਾ ਦਾ ਮੁਕਾਬਲਾ ਕਰਨ ਦੇ ਅਧਿਕਾਰ ਦੇਕੇ।

ਚੋਣਾਂ ਤੋਂ ਪਹਿਲਾਂ ਸਾਡੀ ਕਾਂਗਰਸ ਨੇ ਫ਼ੈਸਲਾ ਕਰਨਾ ਸੀ ਕਿ ਕੇਂਦਰੀ ਬੁਲਾਰੇ ਅਤੇ ਕੇਂਦਰੀ ਕਮੇਟੀ ਵਿੱਚ **ਤੀਜਾ ਹਿੱਸਾ** ਵੋਟ ਪਾਰਟੀ ਵਿੱਚ ਬਹੁਗਿਣਤੀ ਨੂੰ ਦੇਵੇ ਜਾਂ

---

* ਕਾਂਗਰਸ ਵਿੱਚ "ਇਸਕਰਾ"-ਵਾਦੀ ਘੱਟਗਿਣਤੀ ਦੀ ਅਸਥਿਰਤਾ, ਡਾਵਾਂਡੋਲਤਾ ਅਤੇ ਅਸਪਸ਼ਟਤਾ ਦਾ ਕਿਵੇਂ ਪ੍ਰਗਟਾਅ ਹੋਇਆ ? ਪਹਿਲੇ, ਨਿਯਮਾਂ ਦੇ ਪਹਿਲੇ ਪੈਰੇ ਸਬੰਧੀ ਉਹਨਾਂ ਦੀ ਮੌਕਾਪ੍ਰਸਤ ਫ਼ਿਕਰੇਬਾਜ਼ੀ ਵਿੱਚ; ਦੂਜੇ, ਸਾਥੀ ਅਕੀਮੋਵ ਅਤੇ ਲੀਬਰ ਨਾਲ਼ ਉਹਨਾਂ ਦੀ ਕੁਲੀਸ਼ਨ ਵਿੱਚ, ਜਿਹੜੀ ਕਾਂਗਰਸ ਦੇ ਦੂਜੇ ਅੱਧ ਵਿੱਚ ਵਧੇਰੇ ਉੱਘੜਵੀਂ ਹੋ ਗਈ; ਤੀਜੇ, ਉਹਨਾਂ ਦੀ ਕੇਂਦਰੀ ਬੁਲਾਰੇ ਦੇ ਅਧਿਕਾਰੀਆਂ ਨੂੰ ਚੁਣਨ ਦੇ ਸਵਾਲ ਨੂੰ ਖੂਹ-ਦੇ-ਡੱਡੂਪੁਣੇ ਤੱਕ, ਨੀਚ ਸ਼ਬਦਾਂ ਤੱਕ ਅਤੇ ਇਥੋਂ ਤੱਕ ਕਿ ਨਿੱਜੀ ਹਮਲੇ ਕਰਨ ਘਟਾਉਣ ਵਿੱਚ। ਕਾਂਗਰਸ ਤੋਂ ਪਿੱਛੋਂ ਇਹ ਸਾਰੇ ਸੁਹਣੇ ਗੁਣ ਕੇਵਲ ਕਲੀਆਂ ਤੋਂ ਵਿਕਸਤ ਹੋਕੇ ਫ਼ੁੱਲ ਅਤੇ ਫ਼ਲ ਬਣ ਗਏ ਹਨ।

ਘੱਟਗਿਣਤੀ ਨੂੰ। ਸਾਥੀ ਮਾਰਤੋਵ ਦੀ ਸੂਚੀ ਅਤੇ ਛੇ ਦਾ ਮੰਡਲ ਸਾਨੂੰ ਇੱਕ-ਤਿਹਾਈ ਦੇਂਦੇ ਅਤੇ ਦੋ-ਤਿਹਾਈ ਉਹਦੇ ਪੈਰੋਕਾਰਾਂ ਨੂੰ। ਕੇਂਦਰੀ ਬੁਲਾਰੇ ਵਿੱਚ ਤਿੱਕੜੀ ਅਤੇ ਸਾਡੀ ਸੂਚੀ ਦੇ ਅਰਥ ਸਨ ਸਾਡੇ ਲਈ ਦੋ-ਤਿਹਾਈ ਅਤੇ ਮਾਰਤੋਵ ਦੇ ਪੈਰੋਕਾਰਾਂ ਲਈ ਇੱਕ-ਤਿਹਾਈ। ਸਾਥੀ ਮਾਰਤੋਵ ਨੇ ਸਾਡੇ ਨਾਲ਼ ਸਮਝੌਤਾ ਕਰਨੋਂ ਜਾਂ ਈਨ ਮੰਨਣੋਂ ਨਾਂਹ ਕਰ ਦਿੱਤੀ, **ਅਤੇ ਸਾਨੂੰ ਲਿਖਤੀ ਤੌਰ ਉੱਤੇ** ਕਾਂਗਰਸ ਵਿੱਚ ਲੜਾਈ ਲਈ ਵੰਗਾਰਿਆ। ਕਾਂਗਰਸ ਵਿੱਚ ਹਾਰਨ ਪਿੱਛੋਂ ਉਹ ਰੋਣ ਅਤੇ "ਘੇਰੇ ਦਾ ਹਾਲਤ" ਸਬੰਧੀ ਸ਼ਿਕਾਇਤਾਂ ਕਰਨ ਲੱਗ ਪਿਆ! ਸੋ, ਕੀ ਇਹ ਖਹਿਬੜਨਾ ਨਹੀਂ ? ਕੀ ਇਹ ਬੁੱਧੀਜੀਵੀ ਦੀ ਦੁਰਬਲਤਾ ਦਾ ਨਵਾਂ ਪ੍ਰਗਟਾ ਨਹੀਂ ?

ਇਥੇ ਬੰਦਾ ਇਸ ਪਿਛਲੇਰੀ ਸਿਫ਼ਤ ਦਾ ਪਿੱਛੇ ਜਿਹੇ ਕਾਰਲ ਕਾਊਤਸਕੀ ਵੱਲੋਂ ਦਿੱਤਾ ਸਮਾਜੀ ਅਤੇ ਮਨੋਵਿਗਿਆਨਕ ਲੱਛਣੀਕਰਨ ਚੇਤੇ ਕੀਤੇ ਬਿਨਾਂ ਨਹੀਂ ਰਹਿ ਸਕਦਾ। ਵੱਖ ਵੱਖ ਦੇਸ਼ਾਂ ਦੀਆਂ ਸੋਸ਼ਲ-ਡੈਮੋਕ੍ਰੈਟਕ ਪਾਰਟੀਆਂ ਅੱਜ-ਕੱਲ ਅਕਸਰ ਇੱਕੋ ਜਿਹੇ ਰੋਗਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ, ਅਤੇ ਸਾਡੇ ਲਈ ਵਧੇਰੇ ਅਨੁਭਵੀ ਸਾਥੀਆਂ ਤੋਂ ਠੀਕ ਤਸ਼ਖ਼ੀਸ਼ ਕਰਨਾ ਅਤੇ ਉਹਨਾਂ ਦਾ ਇਲਾਜ ਕਰਨਾ ਸਿੱਖਣਾ ਬਹੁਤ, ਬਹੁਤ ਲਾਹੇਵੰਦਾ ਹੋਵੇਗਾ। ਕਾਰਲ ਕਾਊਤਸਕੀ ਦਾ ਕੁੱਝ ਬੁੱਧੀਜੀਵੀਆਂ ਦਾ ਲੱਛਣੀਕਰਨ ਸਾਡਾ ਵਿਸ਼ੇ ਤੋਂ ਇੱਕ ਪਾਸੇ ਜਾਣ ਜਿਹਾ ਹੀ ਹੋਵੇਗਾ।

> "ਜਿਹੜੇ ਮਸਲੇ... ਵਿੱਚ ਸਾਨੂੰ ਫਿਰ ਤਿੱਖੀ ਰੋਚਕਤਾ ਹੈ, **ਉਹ ਬੁੱਧੀਜੀਵੀਆਂ* ਅਤੇ ਪ੍ਰੋਲੇਤਾਰੀ ਵਿਚਕਾਰ ਟੱਕਰ ਦਾ ਹੈ।** ਮੇਰੇ ਸਾਥੀ" [ਕਾਊਤਸਕੀ ਆਪ ਇੱਕ ਬੁੱਧੀਜੀਵੀ, ਲੇਖਕ ਅਤੇ ਸੰਪਾਦਕ ਹੈ] "ਵਧੇਰੇ ਹਾਲਤਾਂ ਵਿੱਚ ਇਸ ਗੱਲ ਉੱਤੇ ਗ਼ੁੱਸੇ ਹੋਣਗੇ ਕਿ ਮੈਂ ਅਜਿਹੇ ਵਿਰੋਧ ਨੂੰ ਮੰਨਦਾ ਹਾਂ। ਪਰ ਇਹਦੀ ਯਥਾਰਥ ਵਿੱਚ ਹੋਂਦ ਹੈ ਅਤੇ, ਜਿਹਾ ਹੋਰ ਮਾਮਲਿਆਂ ਵਿੱਚ, ਇਸ ਤੱਥ ਨੂੰ ਅੱਖੋਂ ਉਹਲੇ ਕਰਕੇ ਇਹਦੇ ਉੱਤੇ ਕਾਬੂ ਪਾਉਣਾ ਅਤਿਅੰਤ ਨਾਮਸਝੀ ਹੋਵੇਗੀ। ਵਿਰੋਧ ਸਮਾਜੀ ਹੈ, ਇਹਦਾ ਸਬੰਧ ਜਮਾਤਾਂ ਨਾਲ਼ ਹੈ, ਵਿਅਕਤੀਆਂ ਨਾਲ਼ ਨਹੀਂ। ਹੋ ਸਕਦਾ ਹੈ, ਵਿਅਕਤੀਗਤ ਬੁੱਧੀਜੀਵੀ, ਵਿਅਕਤੀਗਤ ਸਰਮਾਏਦਾਰ ਵਾਂਗ, ਉਹਦੇ ਜਮਾਤੀ ਘੋਲ਼ ਵਿੱਚ ਆਪਣੇ ਆਪ ਨੂੰ ਪ੍ਰੋਲੇਤਾਰੀ ਨਾਲ਼ ਇੱਕ-ਮਿਕ ਕਰੇ। ਜਦੋਂ ਬੁੱਧੀਜੀਵੀ ਅਜਿਹਾ ਕਰਦਾ ਹੈ ਤਾਂ ਉਹ ਆਪਣਾ ਖ਼ਾਸਾ ਵੀ ਤਬਦੀਲ ਕਰ ਲੈਂਦਾ ਹੈ। ਇਸ ਤੋਂ ਅੱਗੇ ਜੋ ਕੁੱਝ ਆਵੇਗਾ ਉਸ ਵਿੱਚ ਅਸੀਂ ਮੁੱਖ ਤੌਰ ਉੱਤੇ **ਇਸ ਕਿਸਮ** ਬੁੱਧੀਜੀਵੀ ਦੀ ਗੱਲ ਨਹੀਂ ਕਰਾਂਗੇ, ਜਿਹੜਾ ਆਪਣੀ ਜਮਾਤ ਵਿੱਚ ਇੱਕ ਛੋਟ ਹੈ। **ਮੈਂ ਸ਼ਬਦ ਬੁੱਧੀਜੀਵੀ ਕੇਵਲ ਸਧਾਰਨ ਬੁੱਧੀਜੀਵੀ ਦੇ ਅਰਥਾਂ ਵਿੱਚ ਵਰਤਾਂਗਾ, ਜਿਹੜਾ ਬੁਰਜੂਆ ਸਮਾਜ ਦਾ ਸਟੈਂਡ ਅਪਣਾਉਂਦਾ ਹੈ** ਅਤੇ ਜਿਹੜਾ

---

* ਮੈਂ ਬੁੱਧੀਮਾਨ ਅਤੇ ਬੁੱਧੀਜੀਵੀ ਦੇ ਸ਼ਬਦ ਜਰਮਨ Literat ਅਤੇ Literatentum ਦਾ ਅਨੁਵਾਦ ਕਰਨ ਲਈ ਵਰਤਦਾ ਹਾਂ, ਜਿਨ੍ਹਾਂ ਵਿੱਚ ਕੇਵਲ ਲੇਖਕ ਹੀ ਸ਼ਾਮਲ ਨਹੀਂ ਸਗੋਂ ਆਮ ਤੌਰ ਉੱਤੇ ਸਾਰੇ ਪੜ੍ਹੇ-ਲਿਖੇ ਲੋਕ, ਉਦਾਰ ਕਿੱਤਿਆਂ ਵਾਲ਼ੇ ਲੋਕ, ਜਿਹਾ ਕਿ ਅੰਗ੍ਰੇਜ਼ ਉਹਨਾਂ ਨੂੰ ਕਹਿੰਦੇ ਹਨ, ਸਰੀਰ ਕਿਰਤ ਤੋਂ ਨਿੱਖੜ ਕੇ ਬੌਧਕ ਕੰਮ ਕਰਨ ਵਾਲ਼ੇ, ਸ਼ਾਮਲ ਹਨ।

**ਜਮਾਤ** ਵਜੋਂ ਬੁੱਧੀਜੀਵੀਆਂ ਦਾ ਲਖਣਾਇਕ ਹੈ। ਇਹ **ਜਮਾਤ** ਪ੍ਰੋਲੇਤਾਰੀ ਨਾਲ਼ ਕੁੱਝ **ਵਿਰੋਧ** ਵਿੱਚ ਖੜੀ ਹੈ।

"ਪਰ, ਇਹ ਵਿਰੋਧ, ਕਿਰਤ ਅਤੇ ਸਰਮਾਏ ਵਿਚਕਾਰ ਵਿਰੋਧ ਨਾਲ਼ੋਂ ਵੱਖਰਾ ਹੈ। ਬੁੱਧੀਜੀਵੀ ਸਰਮਾਏਦਾਰ ਨਹੀਂ? ਇਹ ਠੀਕ ਹੈ, ਉਹਦੀ ਜੀਵਨ ਪੱਧਰ ਬੁਰਜੂਆ ਹੈ, ਅਤੇ ਜੇ ਉਹਨੇ ਕੰਗਾਲ ਨਹੀਂ ਹੋ ਜਾਣਾ ਤਾਂ ਇਹ ਲਾਜ਼ਮੀ ਹੈ ਕਿ ਉਹ ਇਹਨੂੰ ਕਾਇਮ ਰੱਖੇ; ਪਰ ਇਹਦੇ ਬਾਵਜੂਦ ਉਹ ਆਪਣੀ ਕਿਰਤ ਦੀ ਉਪਜ, ਅਤੇ ਅਕਸਰ ਆਪਣੀ ਕਿਰਤ ਸ਼ਕਤੀ, ਵੇਚਣ ਉੱਤੇ ਮਜਬੂਰ ਹੈ, ਅਤੇ ਅਕਸਰ ਸਰਮਾਏਦਾਰ ਉਹਦੀ ਲੁੱਟ-ਚੋਂਘ ਕਰਦਾ ਅਤੇ ਨਿਰਾਦਰੀ ਕਰਦਾ ਹੈ। ਇਸ ਲਈ ਬੁੱਧੀਜੀਵੀ ਪ੍ਰੋਲੇਤਾਰੀ ਦੇ ਆਰਥਕ ਵਿਰੋਧ ਵਿੱਚ ਨਹੀਂ ਖੜਾ। ਪਰ ਉਹਦਾ ਜੀਵਨ ਦਾ ਦਰਜਾ ਅਤੇ ਉਹਦੀਆਂ ਕਿਰਤ ਦੀਆਂ ਹਾਲਤਾਂ ਪ੍ਰੋਲੇਤਾਰੀ ਨਹੀਂ, ਅਤੇ ਇਹ ਗੱਲ ਭਾਵਨਾਵਾਂ ਅਤੇ ਵਿਚਾਰਾਂ ਵਿੱਚ ਕੁੱਝ ਵਿਰੋਧ ਨੂੰ ਜਨਮ ਦੇਂਦੀ ਹੈ।

"ਇੱਕ ਨਿੱਖੜੇ ਵਿਅਕਤੀ ਵਜੋਂ, ਪ੍ਰੋਲੇਤਾਰੀ ਕੁੱਝ ਵੀ ਨਹੀਂ। ਉਹਦੀ ਸਾਰੀ ਸ਼ਕਤੀ, ਉਹਦੀ ਸਾਰੀ ਉੱਨਤੀ, ਉਹਦੀਆਂ ਆਸਾਂ ਅਤੇ ਉਮੀਦਾਂ **ਜਥੇਬੰਦੀ** ਤੋਂ, ਆਪਣੇ ਸਾਥੀਆਂ ਨਾਲ਼ ਮਿਲ ਕੇ ਅਮਲ ਕਰਨ ਤੋਂ ਪੈਦਾ ਹੁੰਦੀਆਂ ਹਨ। ਜਦੋਂ ਉਹ ਇੱਕ ਵੱਡੀ ਅਤੇ ਤਕੜੀ ਬਣਤਰ ਦਾ ਹਿੱਸਾ ਹੁੰਦਾ ਹੈ ਤਾਂ ਉਹ ਵੱਡਾ ਅਤੇ ਤਕੜਾ ਅਨੁਭਵ ਕਰਦਾ ਹੈ। ਇਹ ਬਣਤਰ ਉਹਦੇ ਲਈ ਮੁੱਖ ਗੱਲ ਹੈ; ਇਹਦੇ ਮੁਕਾਬਲੇ ਉੱਤੇ ਵਿਅਕਤੀ ਦੀ ਬਹੁਤ ਥੋੜ੍ਹੀ ਮਹੱਤਤਾ ਹੈ। ਪ੍ਰੋਲੇਤਾਰੀ ਗੁੰਮਨਾਮ ਸਮੂਹ ਦੇ ਹਿੱਸੇ ਵਜੋਂ ਅਤਿਅੰਤ ਲਗਨ ਨਾਲ਼ ਜੂਝਦਾ ਹੈ, ਨਿੱਜੀ ਲਾਭ ਜਾਂ ਨਿੱਜੀ ਵਡਿਆਈ ਦੀ ਆਸ ਤੋਂ ਬਿਨਾਂ, ਸਵੈ-ਇੱਛਕ ਬੰਧੇਜ ਰਾਹੀਂ, ਜਿਹੜਾ ਉਹਦੀਆਂ ਸਾਰੀਆਂ ਭਾਵਨਾਵਾਂ ਅਤੇ ਵਿਚਾਰਾਂ ਵਿੱਚ ਰਚਿਆ ਹੋਇਆ ਹੈ, ਆਪਣੇ ਆਪ ਨੂੰ ਸੌਂਪੀ ਡਿਊਟੀ ਉੱਤੇ ਆਪਣਾ ਕੰਮ ਪੂਰਾ ਕਰਦਾ ਹੈ।

"ਬੁੱਧੀਜੀਵੀ ਦਾ ਮਾਮਲਾ ਉੱਕਾ ਹੀ ਵੱਖਰਾ ਹੈ। ਉਹ ਸੱਤਾ ਰਾਹੀਂ ਨਹੀਂ ਸਗੋਂ ਦਲੀਲ ਰਾਹੀਂ ਲੜਦਾ ਹੈ। ਉਹਦੇ ਹਥਿਆਰ ਹਨ ਉਹਦਾ ਨਿੱਜੀ ਗਿਆਨ, ਉਹਦੀ ਨਿੱਜੀ ਯੋਗਤਾ, ਉਹਦੇ ਨਿੱਜੀ ਨਿਸ਼ਚੇ। ਉਹ ਕਿਸੇ ਵੀ ਪਦਵੀ ਤੱਕ ਆਪਣੇ ਨਿੱਜੀ ਗੁਣਾਂ ਕਾਰਨ ਅੱਪੜ ਸਕਦਾ ਹੈ। ਇਸੇ ਲਈ ਉਹਦੇ ਵਿਅਕਤੀਤਵ ਦਾ ਅਤਿਅੰਤ ਖੁੱਲ੍ਹਾ ਅਮਲ ਉਹਦੇ ਸਫ਼ਲ ਅਮਲ ਲਈ ਉਹਨੂੰ ਮੁੱਢਲੀ ਸ਼ਰਤ ਜਾਪਦਾ ਹੈ। ਕੇਵਲ ਔਖ ਨਾਲ਼ ਹੀ ਉਹ ਸਮੂਹ ਦੇ ਅਧੀਨ ਹੋਣ ਨੂੰ ਪ੍ਰਵਾਨ ਕਰਦਾ ਹੈ, ਅਤੇ ਉਹ ਵੀ ਕੇਵਲ ਲੋੜ ਕਾਰਨ, ਸੁਭਾਵਕ ਤੌਰ ਉੱਤੇ ਨਹੀਂ। ਉਹ ਕੇਵਲ ਜਨਤਾ ਲਈ ਬੰਧੇਜ ਦੀ ਲੋੜ ਅਨੁਭਵ ਕਰਦਾ ਹੈ, ਚੁਣੇ ਹੋਇਆਂ ਲਈ ਨਹੀਂ। ਅਤੇ ਨਿਰਸੰਦੇਹ ਉਹ ਆਪਣੇ ਆਪ ਨੂੰ ਪਿਛਲੇਰਿਆਂ ਵਿੱਚੋਂ ਗਿਣਦਾ ਹੈ।

"...ਨੀਤਸ਼ੇ ਦਾ ਦਰਸ਼ਨ, ਜਿਹੜਾ ਮਹਾਂ-ਮਾਣਸ ਦਾ ਮਾਰਗ ਹੈ, ਜਿਸ ਲਈ ਉਹਦੇ ਆਪਣੇ ਵਿਅਕਤੀਤਵ ਦੀ ਪੂਰਨਤਾ ਸਭ ਕੁੱਝ ਹੈ ਅਤੇ ਵਿਅਕਤੀਤਵ ਨੂੰ ਕਿਸੇ ਸਮਾਜੀ ਮੰਤਵ ਦੇ ਅਧੀਨ ਕਰਨਾ ਉੱਜਡ ਅਤੇ ਘਿਰਣਾਯੋਗ ਹੈ, ਬੁੱਧੀਜੀਵੀ ਦਾ ਦਰਸ਼ਨ ਹੈ; ਅਤੇ ਇਹ ਉਹਨੂੰ ਪ੍ਰੋਲੇਤਾਰੀ ਦੇ ਸ਼੍ਰੇਣੀ ਘੋਲ ਵਿੱਚ ਹਿੱਸਾ ਲੈਣ ਦੇ ਉੱਕਾ ਹੀ ਨਿਰਯੋਗ ਬਣਾਉਂਦਾ ਹੈ।

"ਨੀਤਸ਼ੇ ਤੋਂ ਪਿੱਛੋਂ, ਬੁੱਧੀਜੀਵੀਆਂ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਵਾਲ਼ਾ ਸ਼ਾਇਦ ਇਬਸਨ* ਹੈ। ਉਹ ਸਟਾਕਮੈਨ (ਨਾਟਕ "ਜਨਤਾ ਦਾ ਵੈਰੀ" ਵਿੱਚ) ਸੋਸ਼ਲਿਸਟ ਨਹੀਂ, ਜਿਹਾ ਕਿ ਬਹੁਤ ਸਾਰੇ ਲੋਕਾਂ ਨੇ ਸੋਚਿਆ ਹੈ, ਸਗੋਂ ਉਹੋ ਜਿਹੇ ਬੁੱਧੀਜੀਵੀ ਦੀ ਵੰਨਗੀ ਹੈ, ਜਿਸਦੀ ਪ੍ਰੋਲੇਤਾਰੀ ਲਹਿਰ ਨਾਲ਼, ਅਤੇ ਆਮ ਤੌਰ ਉੱਤੇ ਜਨਤਾ ਦੀ ਕਿਸੇ ਲਹਿਰ ਨਾਲ਼ ਇੱਕਦਮ ਟੱਕਰ ਹੋਣਾ ਲਾਜ਼ਮੀ ਹੈ, ਜਿਉਂ ਹੀ ਉਹ ਇਹਦੇ ਵਿੱਚ ਕੰਮ ਕਰਨ ਦਾ ਯਤਨ ਕਰਦਾ ਹੈ। ਕਿਉਂਕਿ ਪ੍ਰੋਲੇਤਾਰੀ ਲਹਿਰ, ਜਿਹਾ ਕਿ ਹਰ ਜਮਹੂਰੀ** ਲਹਿਰ ਦਾ ਅਧਾਰ ਆਪਣੇ ਸਾਥੀਆਂ ਦੀ ਬਹੁਗਿਣਤੀ ਲਈ ਸਤਿਕਾਰ ਹੈ। ਇਹ ਲਖਣਾਇਕ ਬੁੱਧੀਜੀਵੀ 'ਨਿੱਗਰ ਬਹੁਗਿਣਤੀ' ਨੂੰ à la*** ਸਟਾਕਮੈਨ ਇੱਕ ਅਜਿਹੀ ਬਲਾ ਸਮਝਦਾ ਹੈ ਜਿਹੜੀ ਜ਼ਰੂਰ ਹੀ ਤਬਾਹ ਕੀਤੀ ਜਾਣੀ ਚਾਹੀਦੀ ਹੈ।

"...ਇੱਕ ਅਜਿਹੇ ਬੁੱਧੀਜੀਵੀ ਦੀ, ਜਿਹੜਾ ਪੂਰੀ ਤਰ੍ਹਾਂ ਪ੍ਰੋਲੇਤਾਰੀ ਦੀਆਂ ਭਾਵਨਾਵਾਂ ਨਾਲ਼ ਗੜੂੱਚਿਆ ਹੋਇਆ ਸੀ, ਅਤੇ ਜਿਸਨੇ, ਭਾਵੇਂ ਉਹ ਬਹੁਤ ਸੁਹਣਾ ਲੇਖਕ ਸੀ, ਬੁੱਧੀਜੀਵੀ ਦੀ ਨਿਸ਼ਚਿਤ ਮਾਨਸਕ ਅਵਸਥਾ ਉਕਾ ਹੀ ਗਵਾ ਲਈ ਸੀ, ਖ਼ੁਸ਼ੀ ਖ਼ੁਸ਼ੀ ਆਮ ਸਫ਼ਾਂ ਦੇ ਨਾਲ਼ ਨਾਲ਼ ਮਾਰਚ ਕਰਦਾ ਸੀ, ਕਿਸੇ ਵੀ ਉਸ ਪਦਵੀ ਉੱਤੇ ਕੰਮ ਕੀਤਾ ਜਿਹੜੀ ਉਹਨੂੰ ਸੌਂਪੀ ਗਈ ਪੂਰੇ ਦਿਲੋਂ ਆਪਣੇ ਆਪ ਨੂੰ ਆਮ ਆਸ਼ੇ ਦੇ ਅਧੀਨ ਕਰਦਾ ਸੀ, ਅਤੇ ਵਿਅਕਤੀਤਵ ਦੇ ਦਬਾਏ ਜਾਣ ਸਬੰਧੀ ਉਸ ਨਿਰਬਲ ਚਊਂ-ਚਊਂ ਕਰਨ [weichliches Gewinsel] ਨੂੰ ਘਿਰਣਾ ਕਰਦਾ ਸੀ, ਜਿਸਦਾ ਨੀਤਸ਼ੇ ਅਤੇ ਇਬਸਨ ਦੇ ਅਧਾਰ ਉੱਤੇ ਸਿੱਖਿਅਤ ਬੁੱਧੀਜੀਵੀ ਉਦੋਂ ਸਹਾਰਾ ਲੈਂਦਾ ਹੈ ਜਦੋਂ ਉਹ ਘੱਟਗਿਣਤੀ ਵਿੱਚ ਹੁੰਦਾ ਹੈ—ਅਜਿਹੇ ਬੁੱਧੀਜੀਵੀ ਦੀ ਜਿਸਦੀ ਸੋਸ਼ਲਿਸਟ ਲਹਿਰ ਨੂੰ ਲੋੜ ਹੈ,

---

* ਨਾਰਵੇ ਦਾ ਪ੍ਰਸਿੱਧ ਨਾਟਕ ਲੇਖਕ, ਨਾਟਕ ਵਿੱਚ ਨਵੀਨ ਯਥਾਰਥਵਾਦ ਦਾ ਮੋਢੀ। **—ਅਨੁ.**

** ਸਾਡੇ ਮਾਰਤੋਵਵਾਦੀਆਂ ਨੇ ਜਥੇਬੰਦੀ ਦੇ ਸਾਰੇ ਸਵਾਲਾਂ ਵਿੱਚ ਜਿਹੜੀ ਗੜਬੜ ਪੈਦਾ ਕੀਤੀ ਹੈ, ਇਹ ਗੱਲ ਉਹਦੀ ਅਤਿਅੰਤ ਲਖਣਾਇਕ ਹੈ ਕਿ, ਭਾਵੇਂ ਉਹ ਅਕੀਮੋਵ ਅਤੇ **ਕੁਥਾਵੀਂ** ਜਮਹੂਰੀਅਤ ਵੱਲ ਝੁੱਕ ਗਏ ਹਨ, ਇਹਦੇ ਨਾਲ਼ ਹੀ ਨਾਲ਼ ਉਹ **ਸੰਪਾਦਕ ਮੰਡਲ ਦੀ ਜਮਹੂਰੀ ਚੋਣ ਉੱਤੇ**, **ਕਾਂਗਰਸ ਵਿੱਚ** ਇਹਦੀ ਚੋਣ ਉੱਤੇ, ਜਿਵੇਂ ਕਿ ਹਰ ਇੱਕ ਨੇ ਪਹਿਲਾਂ ਹੀ ਪਲਾਨ ਕੀਤਾ ਸੀ, **ਭੜਕ ਉੱਠੇ ਹਨ**! ਭੱਦਰਪੁਰਸ਼ੋ, ਸ਼ਾਇਦ ਇਹ ਤੁਹਾਡਾ **ਅਸੂਲ** ਹੈ?

*** ਵਾਂਗ। **—ਅਨੁ.**

ਆਦਰਸ਼ ਉਦਾਹਰਣ ਲੀਬਕਨੇਖ਼ਤ ਸੀ। ਅਸੀਂ ਮਾਰਕਸ ਦੀ ਵੀ ਗੱਲ ਕਰ ਸਕਦੇ ਹਾਂ, ਜਿਸਨੇ ਆਪਣੇ ਆਪ ਨੂੰ ਪਾਰਟੀ ਵਿੱਚ ਮੂਹਰੈਲ ਵਿੱਚ ਧੱਕਣ ਦਾ ਕਦੀ ਯਤਨ ਨਾ ਕੀਤਾ, ਅਤੇ ਇੰਟਰਨੈਸ਼ਨਲ ਵਿੱਚ, ਜਿਥੇ ਉਹ ਅਕਸਰ ਘੱਟਗਿਣਤੀ ਵਿੱਚ ਹੁੰਦਾ ਸੀ, ਉਹਦਾ ਪਾਰਟੀ ਬੰਧੇਜ ਕਮਾਲ ਦਾ ਸੀ।"*

ਬੁੱਧੀਜੀਵੀਆਂ ਦੀ, ਜਿਨ੍ਹਾਂ ਆਪਣੇ ਆਪ ਨੂੰ ਘੱਟਗਿਣਤੀ ਵਿੱਚ ਵੇਖਿਆ, ਅਤੇ ਹੋਰ ਕੁੱਝ ਨਹੀਂ, ਅਜਿਹੀ ਦੁਰਬਲ ਚਊਂ–ਚਊਂ ਕਰਨ ਦੀ ਉਦਾਹਰਣ ਮਾਰਤੋਵ ਅਤੇ ਉਹਦੇ ਸਾਥੀਆਂ ਦਾ ਕਿਸੇ ਪਦਵੀ ਉੱਤੇ ਲੱਗਣੋਂ ਇਨਕਾਰ ਸੀ, ਕਿਉਂਕਿ ਪੁਰਾਣੇ ਮੰਡਲ ਦੀ ਤਸਦੀਕ ਨਹੀਂ ਸੀ ਕੀਤੀ ਗਈ, ਜਿਹਾ ਕਿ ਘੇਰੇ ਦੀ ਹਾਲਤ ਅਤੇ "ਨਿਸ਼ਚਿਤ ਟੋਲੀਆਂ ਵਿਰੁੱਧ" ਐਮਰਜੈਂਸੀ ਕਨੂੰਨਾਂ ਸਬੰਧੀ ਉਹਨਾਂ ਦੀਆਂ ਸ਼ਿਕਾਇਤਾਂ ਸਨ, ਜਿਨ੍ਹਾਂ ਦੀ ਮਾਰਤੋਵ ਨੇ ਉਸ ਸਮੇਂ ਉੱਕਾ ਹੀ ਪਰਵਾਹ ਨਾ ਕੀਤੀ ਜਦੋਂ "ਯੁਜ਼ਨੀ ਰਾਬੋਚੀ" ਅਤੇ "ਰਾਬੋਚੇਏ ਦੇਲੋ" ਨੂੰ ਤੋੜਿਆ ਗਿਆ, ਪਰ ਜਿਸ ਦੀ ਉਹਨੂੰ ਉਸ ਸਮੇਂ ਫ਼ਿਕਰ ਲੱਗ ਗਈ ਜਦੋਂ **ਉਹਦੀ** ਟੋਲੀ ਤੋੜੀ ਗਈ।

ਬੁੱਧੀਜੀਵੀਆਂ ਦਾ, ਜਿਨ੍ਹਾਂ ਆਪਣੇ ਆਪ ਨੂੰ ਘੱਟਗਿਣਤੀ ਵਿੱਚ ਵੇਖਿਆ, ਅਜਿਹਾ ਨਿਰਬਲ ਚਊਂ–ਚਊਂ ਸ਼ਿਕਾਇਤਾਂ, ਉਲਾਹਮਿਆਂ, ਇਸ਼ਾਰਿਆਂ, ਊਜਾਂ, ਭੰਡੀਆਂ ਅਤੇ ਦੋਸ਼ਾਂ ਦੀ ਉਹ ਤੇਜ਼ ਧਾਰ ਸੀ ਜਿਹੜੀ ਮਾਰਤੋਵ ਅਤੇ ਉਹਦੇ ਸਾਥੀਆਂ ਨੇ "ਨਿੱਗਰ ਬਹੁਗਿਣਤੀ" ਸਬੰਧੀ ਸ਼ੁਰੂ ਕੀਤੀ ਅਤੇ ਜਿਹੜੀ ਸਾਡੀ ਪਾਰਟੀ ਕਾਂਗਰਸ ਵਿੱਚ ਅਜਿਹੇ ਹੜ੍ਹ ਵਿੱਚ ਵਹਿ ਨਿਕਲੀ** (ਅਤੇ ਉਸ ਤੋਂ ਪਿੱਛੋਂ ਹੋਰ ਵਧੇਰੇ)।

ਘੱਟਗਿਣਤੀ ਨੇ ਕੁੜੱਤਣ ਨਾਲ਼ ਗਿਲਾ ਕੀਤਾ ਕਿ ਨਿੱਗਰ ਬਹੁਗਿਣਤੀ ਗੁਠਵੀਆਂ ਇਕੱਤ੍ਰਤਾਵਾਂ ਕਰਦੀ ਸੀ। ਲਓ, ਘੱਟਗਿਣਤੀ ਨੂੰ ਇਹ ਅਸੁਖਾਵਾਂ ਤੱਥ ਲੁਕਾਉਣ ਲਈ ਕੁੱਝ ਤਾਂ ਕਰਨਾ ਹੀ ਪੈਣਾ ਸੀ ਕਿ ਜਿਹੜੇ ਡੈਲੀਗੇਟਾਂ ਨੂੰ ਉਹ ਆਪਣੀਆਂ ਗੁਪਤ ਇਕੱਤ੍ਰਤਾਵਾਂ ਵਿੱਚ ਬੁਲਾਉਂਦੀ ਸੀ, ਉਹ ਸ਼ਾਮਲ ਹੋਣੋਂ ਨਾਂਹ ਕਰ ਦੇਂਦੇ, ਜਦ ਕਿ ਜਿਹੜੇ ਸ਼ਾਮਲ ਹੋਣ ਲਈ ਰਜ਼ਾਮੰਦ ਸਨ (ਯੇਗੋਰੋਵ, ਮਾਖੋਵ ਅਤੇ ਬਰੂਕੇਰੇ) ਉਹਨਾਂ ਨੂੰ, ਕਾਂਗਰਸ ਵਿੱਚ ਉਹਨਾਂ ਨਾਲ਼ ਕੀਤੀ ਇੰਨੀ ਲੜਾਈ ਤੋਂ ਪਿੱਛੋਂ, ਘੱਟਗਿਣਤੀ ਬੁਲਾਉਣਾ ਨਹੀਂ ਸੀ ਚਾਹੁੰਦੀ।

ਘੱਟਗਿਣਤੀ ਨੇ ਇਸ ਸਬੰਧੀ ਕੁੜੱਤਣ ਨਾਲ਼ "ਮੌਕਾਪ੍ਰਸਤੀ ਦੇ ਝੂਠੇ ਦੋਸ਼ਾਂ" ਸਬੰਧੀ ਗਿਲਾ ਕੀਤਾ। ਲਓ, ਘੱਟਗਿਣਤੀ ਨੇ ਇਹ ਅਸੁਖਾਵਾਂ ਤੱਥ ਲੁਕਾਉਣ ਲਈ ਕੁੱਝ ਤਾਂ ਕਰਨਾ ਸੀ ਕਿ **ਉਹ ਮੌਕਾਪ੍ਰਸਤ ਸਨ**, ਜਿਹੜੇ ਸਭ ਤੋਂ ਵੱਧ ਮਾਮਲਿਆਂ ਵਿੱਚ "ਇਸਕਰਾ"–ਵਿਰੋਧੀਆਂ—ਅਤੇ ਅੰਸ਼ਕ ਤੌਰ ਉੱਤੇ ਖ਼ੁਦ ਇਹਨਾਂ "ਇਸਕਰਾ"–ਵਿਰੋਧੀਆਂ— ਦੇ ਪਿੱਛੇ ਚਲੇ, ਜਿਹੜੇ ਨਿੱਗਰ ਘੱਟਗਿਣਤੀ ਬਣਾਉਂਦੇ ਸਨ, ਉਹਨਾਂ ਪਾਰਟੀ ਸੰਸਥਾਵਾਂ

---

* **ਕਾਰਲ ਕਾਊਤਸਕੀ**: "ਫ਼ਰਾਂਜ਼ ਮੇਹਰਿੰਗ," "Neue Zeit", 22, 1, ਪੰਨੇ 99–101, 1903, ਅੰਕ 4। **—ਸੰਪਾ.**

** ਵੇਖੋ ਕਾਂਗਰਸ ਦੀ ਕਾਰਵਾਈ ਦੇ ਪੰਨੇ 337, 338, 340, 352, ਆਦਿ।

ਵਿੱਚ ਮੰਡਲ ਭਾਵਨਾ ਦੀ ਹਮਾਇਤ ਨੂੰ, ਦਲੀਲਾਂ ਵਿੱਚ ਮੌਕਾਪ੍ਰਸਤੀ, ਪਾਰਟੀ ਮਾਮਲਿਆਂ ਵਿੱਚ ਖੂਹ–ਦੇ–ਡੱਡੂਪੁਣੇ ਨੂੰ, ਅਤੇ ਬੁੱਧੀਜੀਵੀ ਦੀ ਅਸਥਿਰਤਾ ਅਤੇ ਦੁਰਬਲਤਾ ਨੂੰ ਦੁਹਾਂ ਹੱਥਾਂ ਨਾਲ਼ ਫੜ ਲਿਆ।

ਅਸੀਂ ਅਗਲੇ ਭਾਗ ਵਿੱਚ ਦਰਸਾਵਾਂਗੇ ਕਿ ਇਸ ਅਤਿਅੰਤ ਰੋਚਕ **ਸਿਆਸੀ ਤੱਥ** ਦੀ ਵਿਆਖਿਆ ਕੀ ਹੈ ਕਿ ਕਾਂਗਰਸ ਦੇ ਅੰਤ ਦੇ ਨੇੜੇ ਇੱਕ "ਨਿੱਗਰ ਬਹੁਗਿਣਤੀ" ਕਿਉਂ ਬਣ ਗਈ ਅਤੇ ਕਿਉਂ, ਹਰ ਵੰਗਾਰ ਦੇ ਬਾਵਜੂਦ, ਘੱਟਗਿਣਤੀ ਇਹਦੀ ਬਣਤਰ ਦੇ **ਕਾਰਨਾਂ** ਅਤੇ ਇਹਦੇ **ਇਤਿਹਾਸ** ਤੋਂ ਬਹੁਤ, ਬਹੁਤ ਸਾਵਧਾਨੀ ਨਾਲ਼ **ਟਾਲਮਟੋਲ ਕਰਦੀ** ਹੈ। ਪਰ ਆਓ ਅਸੀਂ ਪਹਿਲਾਂ ਕਾਂਗਰਸ ਦੀਆਂ ਬਹਿਸਾਂ ਦਾ ਆਪਣਾ ਵਿਸ਼ਲੇਸ਼ਣ ਮੁਕਾ ਲਵੀਏ।

ਕੇਂਦਰੀ ਕਮੇਟੀ ਦੀ ਚੋਣ ਸਮੇਂ ਸਾਥੀ ਮਾਰਤੋਵ ਨੇ ਇੱਕ ਬੜਾ ਲਖਣਾਇਕ ਪ੍ਰਸਤਾਵ ਪੇਸ਼ ਕੀਤਾ (ਪੰਨਾ 336), ਜਿਸਦੇ ਤਿੰਨ ਮੁੱਖ ਲੱਛਣਾਂ ਨੂੰ ਮੈਂ ਉਸ ਸਮੇਂ "ਤਿੰਨ ਚਾਲਾਂ ਵਿੱਚ ਮਾਤ" ਕਿਹਾ ਸੀ। ਇਹ ਹਨ ਉਹ: 1) ਕੇਂਦਰੀ ਕਮੇਟੀ ਲਈ ਉਮੀਦਵਾਰਾਂ ਦੀਆਂ **ਸੂਚੀਆਂ** ਉੱਤੇ ਵੋਟ ਲਏ ਜਾਣ ਅਤੇ ਇਕੱਲੇ ਇਕੱਲੇ ਉਮੀਦਵਾਰਾਂ ਉੱਤੇ ਨਹੀਂ; 2) ਸੂਚੀਆਂ ਦਾ ਐਲਾਨ ਹੋਣ ਪਿੱਛੋਂ ਦੋ ਬੈਠਕਾਂ ਲੰਘ ਜਾਣ ਦਿੱਤੀਆਂ ਜਾਣ (ਸਪਸ਼ਟ ਤੌਰ ਉੱਤੇ ਵਿਚਾਰ ਲਈ); 3) ਕਿਸੇ ਖ਼ਾਲਸ ਬਹੁਗਿਣਤੀ ਦੀ ਅਣਹੋਂਦ ਦੀ ਹਾਲਤ ਵਿੱਚ ਦੂਜੀ ਵਾਰ ਲਈਆਂ ਵੋਟਾਂ ਅਖ਼ੀਰੀ ਗਿਣੀਆਂ ਜਾਣ। ਇਹ ਪ੍ਰਸਤਾਵ ਅਤਿਅੰਤ ਧਿਆਨ ਨਾਲ਼ ਵਿਚਾਰੀ ਚਾਲ ਸੀ (ਵਿਰੋਧੀ ਨੂੰ ਉਹਦਾ ਹੱਕ ਦੇਣਾ ਲਾਜ਼ਮੀ ਹੈ), ਜਿਸ ਨਾਲ਼ ਸਾਥੀ ਯੇਗੋਰੋਵ ਸਹਿਮਤ ਨਾ ਹੋਇਆ (ਪੰਨਾ 337), ਜਿਹੜੀ, **ਜੇ ਸੱਤ ਬੁੰਦਵਾਦੀ ਅਤੇ "ਰਾਬੋਚੇਏ ਦੇਲੋ"-ਵਾਦੀ ਕਾਂਗਰਸ ਛੱਡ ਨਾ ਗਏ ਹੁੰਦੇ** ਤਾਂ ਮਾਰਤੋਵ ਲਈ ਪੂਰਨ ਜਿੱਤ **ਲਾਜ਼ਮੀ ਤੌਰ ਉੱਤੇ** ਨਿਸ਼ਚਿਤ ਬਣਾਉਂਦੀ। ਇਸ ਚਾਲ ਲਈ ਕਾਰਨ ਇਹ ਸੀ ਕਿ "ਇਸਕਰਾ"–ਵਾਦੀ ਘੱਟਗਿਣਤੀ ਦਾ **ਯੇਗੋਰੋਵਾਂ ਅਤੇ ਮਾਖੋਵਾਂ ਨਾਲ਼ ਵੀ**, "ਬੁੰਦ" ਅਤੇ ਬਰੂਕੇਰੇ ਤਾਂ ਗੱਲ ਹੀ ਛੱਡੋ, ਉਹੋ ਜਿਹਾ "ਸਿੱਧਾ ਸਮਝੌਤਾ" **ਨਹੀਂ ਸੀ ਅਤੇ ਨਾ ਹੀ ਹੋ ਸਕਦਾ ਸੀ** (ਜਿਹੋ ਜਿਹਾ "ਇਸਕਰਾ"–ਵਾਦੀ ਬਹੁਗਿਣਤੀ ਦਾ ਆਪਸ ਵਿੱਚ ਸੀ)।

ਯਾਦ ਰੱਖੋ ਕਿ ਲੀਗ ਦੀ ਕਾਂਗਰਸ ਵਿੱਚ ਸਾਥੀ ਮਾਰਤੋਵ ਨੇ ਗਿਲਾ ਕੀਤਾ ਕਿ "ਮੌਕਾਪ੍ਰਸਤੀ ਦਾ ਝੂਠਾ ਦੋਸ਼" ਉਹਦੇ ਅਤੇ "ਬੁੰਦ" ਵਿਚਕਾਰ ਸਿੱਧਾ ਸਮਝੌਤਾ ਪਹਿਲਾਂ ਤੋਂ ਹੀ ਫ਼ਰਜ਼ ਕਰ ਲੈਂਦਾ ਸੀ। ਮੈਂ ਇਹ ਗੱਲ ਦੁਹਰਾਉਂਦਾ ਹਾਂ, ਆਪਣੇ ਭੈਅ ਕਾਰਨ ਸਾਥੀ ਮਾਰਤੋਵ ਨੂੰ ਅਜਿਹਾ ਜਾਪਦਾ ਸੀ, ਅਤੇ **ਸਾਥੀ ਯੇਗੋਰੋਵ ਦਾ ਸੂਚੀਆਂ ਉੱਤੇ ਵੋਟ ਲਏ ਜਾਣ ਤੋਂ ਐਨ ਇਹ ਇਨਕਾਰ** (ਸਾਥੀ ਯੇਗੋਰੋਵ ਨੇ ਅਜੇ "ਆਪਣੇ ਅਸੂਲ ਤਿਆਗੇ ਨਹੀਂ ਸਨ"— ਜਾਪਦਾ ਹੈ ਉਹ ਅਸੂਲ ਜਿਨ੍ਹਾਂ ਕਾਰਨ ਉਹਨੇ ਜਮਹੂਰੀ ਜ਼ਾਮਨੀਆਂ ਦੀ ਨਿਰਪੇਖ ਮਹੱਤਤਾ ਹਾੜਣ ਵਿੱਚ ਗੋਲਦਬਲਾਤ ਨਾਲ਼ ਸ਼ਕਤੀਆਂ ਸਾਂਝੀਆਂ ਕੀਤੀਆਂ) **ਉੱਘੜਵੇਂ ਤੌਰ ਉੱਤੇ** ਇਹ ਮਹੱਤਵਪੂਰਨ ਤੱਥ ਦਰਸਾ ਦੇਂਦਾ ਹੈ ਕਿ **ਯੇਗੋਰੋਵ ਨਾਲ਼ ਵੀ "ਸਿੱਧੇ ਸਮਝੌਤੇ" ਦਾ ਕੋਈ ਸਵਾਲ ਨਹੀਂ ਸੀ ਹੋ ਸਕਦਾ।** ਪਰ **ਕੁਲੀਸ਼ਨ** ਹੋ ਸਕਦੀ ਸੀ ਅਤੇ ਹੈ ਸੀ, ਯੇਗੋਰੋਵ ਅਤੇ ਬਰੂਕੇਰੇ ਦੁਹਾਂ ਨਾਲ਼, ਇਸ ਅਰਥ ਵਿੱਚ ਕੁਲੀਸ਼ਨ ਕਿ ਜਦੋਂ ਕਦੀ ਉਹਨਾਂ, ਮਾਰਤੋਵਵਾਦੀਆਂ

ਦੀ, ਸਾਡੇ ਨਾਲ਼ ਟੱਕਰ ਹੁੰਦੀ ਅਤੇ ਅਕੀਮੋਵ ਅਤੇ ਉਹਦੇ ਮਿੱਤਰਾਂ ਨੇ **ਛੁਟੇਰੀ ਬੁਰਾਈ** ਚੁਣਨੀ ਹੁੰਦੀ ਤਾਂ ਮਾਰਤੋਵਵਾਦੀਆਂ ਨੂੰ ਉਹਨਾਂ ਦੀ ਹਮਾਇਤ ਦਾ **ਨਿਸ਼ਚਾ ਸੀ।** ਇਸ ਸਬੰਧੀ ਰੰਚਕ ਮਾਤਰ ਵੀ ਸ਼ੱਕ ਨਹੀਂ ਸੀ ਅਤੇ ਨਾ ਹੈ ਕਿ **ਸਾਥੀ ਅਕੀਮੋਵ ਅਤੇ ਲੀਬਰ ਨੇ ਨਿਸ਼ਚੇ ਹੀ ਕੇਂਦਰੀ ਬੁਲਾਰੇ ਲਈ ਛੇ ਦੇ ਸੰਪਾਦਕ ਮੰਡਲ ਅਤੇ ਕੇਂਦਰੀ ਕਮੇਟੀ ਲਈ ਮਾਰਤੋਵ ਦੀ ਸੂਚੀ ਦੂਹਾਂ ਲਈ ਵੋਟ ਦਿੱਤੇ ਹੁੰਦੇ**, ਕਿਉਂਕਿ ਇਹ **ਛੁਟੇਰੀ ਬੁਰਾਈ** ਹੁੰਦੀ, ਅਜਿਹੀ ਗੱਲ ਹੁੰਦੀ ਜਿਹੜੀ **"ਇਸਕਰਾ" ਦੇ ਮੰਤਵ ਘੱਟ ਤੋਂ ਘੱਟ ਪ੍ਰਾਪਤ ਕਰਦੀ** (ਵੇਖੋ ਪਹਿਲੇ ਪੈਰੇ ਸਬੰਧੀ ਅਕੀਮੋਵ ਦਾ ਭਾਸ਼ਣ ਅਤੇ ਉਹ "ਆਸ" ਜਿਹੜੀ ਉਹਨੇ ਮਾਰਤੋਵ ਉੱਤੇ ਲਾਈ)। ਸੂਚੀਆਂ ਲਈ ਵੋਟ ਲਏ ਜਾਣੇ, ਦੋ ਬੈਠਕਾਂ ਲੰਘ ਜਾਣ ਦੇਣਾ, ਅਤੇ ਇੱਕ ਵਾਰ ਫਿਰ ਵੋਟ ਲਏ ਜਾਣਾ, ਇਹਦਾ ਨਿਸ਼ਾਨਾ ਸਿੱਧੇ ਸਮਝੌਤੇ ਤੋਂ ਬਿਨਾਂ ਲੱਗਭਗ ਮਸ਼ੀਨੀ ਨਿਸ਼ਚਿਤਤਾ ਨਾਲ਼ ਉਹੋ ਸਿੱਟੇ ਪ੍ਰਾਪਤ ਕਰਨਾ ਸੀ।

ਪਰ ਕਿਉਂਕਿ ਸਾਡੀ ਨਿੱਗਰ ਬਹੁਗਿਣਤੀ ਨਿੱਗਰ ਬਹੁਗਿਣਤੀ ਰਹੀ, ਸਾਥੀ ਮਾਰਤੋਵ ਦੇ ਪਾਸੇ ਵੱਲੋਂ ਕੀਤੇ ਹਮਲੇ ਦਾ ਸਿੱਟਾ ਕੇਵਲ ਦੇਰ ਹੁੰਦਾ ਅਤੇ ਸਾਡੇ ਲਈ ਇਹਨੂੰ ਰੱਦ ਕਰਨਾ ਲਾਜ਼ਮੀ ਸੀ। ਘੱਟਗਿਣਤੀ ਨੇ ਇਸ ਸਬੰਧੀ ਆਪਣੀਆਂ ਸ਼ਿਕਾਇਤਾਂ ਇੱਕ ਲਿਖਤੀ ਬਿਆਨ ਵਿੱਚ (ਵੇਖੋ ਪੰਨਾ 341) ਪੇਸ਼ ਕੀਤੀਆਂ ਅਤੇ "ਉਹਨਾਂ ਹਾਲਤਾਂ ਨੂੰ ਮੁੱਖ ਰੱਖਦੇ ਹੋਏ ਜਿਨ੍ਹਾਂ ਵਿੱਚ ਉਹ ਕੀਤੀਆਂ ਗਈਆਂ", **ਮਾਰਤੀਨੋਵ ਅਤੇ ਅਕੀਮੋਵ ਦੀ ਉਦਾਹਰਣ ਉੱਤੇ ਚੱਲਦੇ ਹੋਏ** ਕੇਂਦਰੀ ਕਮੇਟੀ ਦੀਆਂ ਚੋਣਾਂ ਵਿੱਚ **ਵੋਟ ਦੇਣੋਂ ਨਾਂਹ ਕਰ ਦਿੱਤੀ।** ਕਾਂਗਰਸ ਤੋਂ ਪਿੱਛੋਂ ਚੋਣਾਂ ਦੀਆਂ ਅਸਧਾਰਨ ਹਾਲਤਾਂ ਸਬੰਧੀ ਸ਼ਿਕਾਇਤਾਂ (ਵੇਖੋ "ਘੇਰੇ ਦੀ ਹਾਲਤ", ਪੰਨਾ 31) ਸੱਜੇ ਖੱਬੇ ਸੈਂਕੜੇ ਪਾਰਟੀ ਦੇ ਗਾਲੜੀਆਂ ਦੇ ਕੰਨਾਂ ਵਿੱਚ ਪਾਈਆਂ ਗਈਆਂ ਹਨ। ਪਰ ਇਹ **ਅਸਧਾਰਨਤਾ** ਕਿਸ ਗੱਲ ਵਿੱਚ ਸੀ ? ਗੁਪਤ ਪਰਚੀਆਂ ਵਿੱਚ—ਜਿਹੜੀਆਂ ਪਾਰਟੀ ਦੇ ਸਥਾਈ ਨਿਯਮਾਂ ਵਿੱਚ ਪਹਿਲਾਂ ਹੀ ਮਿਥ ਦਿੱਤੀਆਂ ਗਈਆਂ ਸਨ (ਨੁਕਤਾ 6, ਕਾਰਵਾਈ, ਪੰਨਾ 11), ਅਤੇ ਜਿਸ ਵਿੱਚ ਕੋਈ "ਦੰਭ" ਜਾਂ "ਬੇਇਨਸਾਫ਼ੀ" ਵੇਖਣਾ ਵਾਹਯਾਤ ਸੀ ? ਇੱਕ ਨਿੱਗਰ ਬਹੁਗਿਣਤੀ, ਨਿਰਬਲ ਬੁੱਧੀਜੀਵੀਆਂ ਦੀਆਂ ਅੱਖਾਂ ਵਿੱਚ ਉਸ "ਬਲਾ"—ਦੇ ਬਣਨ ਵਿੱਚ ? ਜਾਂ ਇਹਨਾਂ ਗੁਣੀ ਬੁੱਧੀਜੀਵੀਆਂ ਦੀ ਆਪਣੇ ਵੱਲੋਂ ਕਾਂਗਰਸ ਤੋਂ ਪਹਿਲਾਂ ਦਿੱਤੇ **ਇਸ ਕੌਲ ਨੂੰ**, ਕਿ ਉਹ ਇਹਦੀਆਂ ਸਾਰੀਆਂ ਚੋਣਾਂ ਨੂੰ ਪ੍ਰਵਾਨ ਕਰਨਗੇ, **ਤੋੜਨ ਦੀ ਅਸਾਧਾਰਨ** ਇੱਛਾ ਵਿੱਚ (ਪੰਨਾ 380, ਕਾਂਗਰਸ ਦੇ ਨਿਯਮਾਂ ਦਾ ਨੁਕਤਾ 18) ?

ਸਾਥੀ ਪੋਪੋਵ ਨੇ ਇਸ ਇੱਛਾ ਵੱਲ **ਸੂਖਮਤਾ ਨਾਲ਼** ਸੰਕੇਤ ਕੀਤਾ ਜਦੋਂ ਉਹਨੇ ਚੋਣਾਂ ਦੇ ਦਿਨ ਕਾਂਗਰਸ ਵਿੱਚ ਦੋ ਟੁਕ ਪੁਛਿਆ: "ਕੀ ਬਿਊਰੋ ਨੂੰ ਨਿਸ਼ਚਾ ਹੈ ਕਿ ਕਾਂਗਰਸ ਦੇ ਨਿਰਣੇ ਜਾਇਜ਼ ਅਤੇ ਹੱਕੀ ਹਨ, ਜਦੋਂ ਅੱਧੇ ਡੈਲੀਗੇਟ ਵੋਟ ਦੇਣੋਂ ਇਨਕਾਰੀ ਹਨ ?"* ਬਿਊਰੋ ਨੇ ਸੁਭਾਵਕ ਹੀ ਉੱਤਰ ਦਿੱਤਾ ਕਿ ਉਹਨੂੰ ਨਿਸ਼ਚਾ ਹੈ ਅਤੇ ਸਾਥੀ ਅਕੀਮੋਵ ਅਤੇ

* ਪੰਨਾ 342। ਇੱਥੇ ਸੰਕੇਤ ਹੈ ਪ੍ਰੀਸ਼ਦ ਦੇ ਪੰਜਵੇਂ ਮੈਂਬਰ ਦੀ ਚੋਣ ਵੱਲ। (ਕੁੱਲ 44 ਵੋਟਾਂ ਵਿੱਚੋਂ) 24 ਪਰਚੀਆਂ ਪਾਈਆਂ ਗਈਆਂ, ਜਿਨ੍ਹਾਂ ਵਿੱਚੋਂ ਦੋ ਕੋਰੀਆਂ ਸਨ।

ਮਾਰਤੀਨੋਵ ਸਬੰਧੀ ਘਟਨਾ ਚੇਤੇ ਕਰਵਾਈ। ਸਾਥੀ ਮਾਰਤੋਵ ਬਿਊਰੋ ਨਾਲ਼ ਸਹਿਮਤ ਹੋਇਆ ਅਤੇ ਸਪਸ਼ਟ ਤੌਰ ਉੱਤੇ ਐਲਾਨ ਕੀਤਾ ਕਿ ਸਾਥੀ ਪੋਪੋਵ ਗ਼ਲਤ ਸੀ ਅਤੇ ਇਹ ਕਿ **"ਕਾਂਗਰਸ ਦੇ ਨਿਰਣੇ ਜਾਇਜ਼ ਸਨ"** (ਪੰਨਾ 343)। ਹੁਣ ਪਾਠਕ ਸਿਆਸੀ ਇਕਸਾਰਤਾ ਸਬੰਧੀ—ਅਸੀਂ ਇਹ ਜ਼ਰੂਰ ਫ਼ਰਜ਼ ਕਰਾਂਗੇ, ਬਹੁਤ ਸਧਾਰਨ ਗੱਲ—ਜਿਹੜੀ **ਪਾਰਟੀ ਦੇ ਸਨਮੁਖ ਕੀਤੇ ਇਸ ਐਲਾਨ** ਦਾ ਮੁਕਾਬਲਾ ਉਹਦੇ ਕਾਂਗਰਸ ਤੋਂ ਪਿੱਛੋਂ ਦੇ ਵਤੀਰੇ ਅਤੇ ਉਹਦੇ "ਘੇਰੇ ਦੀ ਹਾਲਤ" ਵਿੱਚ **"ਪਾਰਟੀ ਦੇ ਅੱਧੇ ਹਿੱਸੇ ਵੱਲੋਂ ਬਗ਼ਾਵਤ, ਜਿਹੜੀ ਕਾਂਗਰਸ ਸਮੇਂ ਹੀ ਸ਼ੁਰੂ ਹੋ ਗਈ ਸੀ"** ਸਬੰਧੀ ਵਾਕੰਸ਼ (ਪੰਨਾ 20) ਨਾਲ਼ ਆਪ ਮੁਕਾਬਲਾ ਕਰ ਲਵੇ। ਸਾਥੀ ਅਕੀਮੋਵ ਸਾਥੀ ਮਾਰਤੋਵ ਉੱਤੇ ਜੋ ਆਸਾਂ ਲਾਈਆਂ ਸਨ ਉਹ ਮਾਰਤੋਵ ਦੀਆਂ ਆਪਣੀਆਂ ਥੁੜ-ਜੀਵੀ ਨੇਕ ਨੀਅਤਾਂ ਨਾਲ਼ੋਂ ਭਾਰੂ ਸਾਬਤ ਹੋਈਆਂ।

**"ਤੂੰ ਜਿੱਤ ਗਿਆ ਹੈ,"** ਸਾਥੀ ਅਕੀਮੋਵ!

* * *

ਕਾਂਗਰਸ ਦੇ **ਅੰਤ** ਦੇ, ਇਹਦੇ ਚੋਣਾਂ ਤੋਂ **ਪਿੱਛੋਂ** ਦੇ ਹਿੱਸੇ ਦੇ ਕੁੱਝ ਲੱਛਣ, ਵੇਖਣ ਨੂੰ ਨਿਗੂਣੇ ਪਰ ਅਸਲ ਵਿੱਚ ਬਹੁਤ ਮਹੱਤਵਪੂਰਨ, ਇਹ ਵਿਖਾ ਸਕਦੇ ਹਨ ਕਿ "ਘੇਰੇ ਦੀ ਹਾਲਤ" ਸਬੰਧੀ ਉਹ ਪ੍ਰਸਿੱਧ ਵਾਕੰਸ਼, ਜਿਸਨੇ ਹੁਣ ਸਦਾ ਲਈ ਤਰਾਸ-ਕਾਮੇਦੀ ਅਰਥ ਪ੍ਰਾਪਤ ਕਰ ਲਏ ਹਨ, ਕਿੰਨਾ ਖ਼ਾਲਸ ਅਤੇ ਸਾਦਾ ਸੀ। ਸਾਥੀ ਮਾਰਤੋਵ ਹੁਣ ਇਸ ਤਰਾਸ-ਕਾਮੇਦੀ "ਘੇਰੇ ਦੀ ਹਾਲਤ" ਨਾਲ਼ ਬਹੁਤ ਜ਼ਿਆਦਾ ਖੇਡ ਰਿਹਾ ਹੈ, ਆਪਣੇ ਆਪ ਅਤੇ ਆਪਣੇ ਪਾਠਕਾਂ ਦੁਹਾਂ ਨੂੰ ਗੰਭੀਰਤਾ ਨਾਲ਼ ਨਿਸ਼ਚਾ ਕਰਾਉਂਦਾ ਹੋਇਆ ਕਿ ਉਹਦੀ ਆਪਣੀ ਘਾੜਤ ਦੇ ਇਸ ਹਊਏ ਦੇ ਅਰਥ "ਬਹੁਗਿਣਤੀ" ਵੱਲੋਂ "ਘੱਟਗਿਣਤੀ" ਉੱਤੇ ਕਿਸੇ ਤਰ੍ਹਾਂ ਦੀ ਅਸਾਧਾਰਨ ਤਦੀ, ਸ਼ਿਸ਼ਕਾਰਨਾ, ਡਰਾਉਣਾ ਧਮਕਾਉਣਾ ਹੈ। ਅਸੀਂ ਛੇਤੀ ਹੀ ਵੇਖਾਂਗੇ ਕਾਂਗਰਸ ਤੋਂ **ਪਿੱਛੋਂ** ਹਾਲਤ ਕੀ ਸੀ। ਪਰ ਕਾਂਗਰਸ ਦੇ ਅੰਤ ਨੂੰ ਹੀ ਲਓ, ਅਤੇ ਤੁਸੀ ਵੇਖੋਗੇ ਕਿ **ਚੋਣਾਂ ਤੋਂ ਪਿੱਛੋਂ**, ਨਿਕਰਮੇ ਮਾਰਤੋਵਵਾਦੀਆਂ ਨੂੰ, ਜਿਨ੍ਹਾਂ ਸਬੰਧੀ ਸਮਝਿਆ ਜਾਂਦਾ ਹੈ ਕਿ ਉਹਨਾਂ ਨੂੰ ਡਰਾਇਆ ਧਮਕਾਇਆ ਗਿਆ, ਬੁਰਾ ਸਲੂਕ ਕੀਤਾ ਗਿਆ, ਅਤੇ ਕਤਲ ਲਈ ਲਿਜਾਇਆ ਗਿਆ, "ਨਿੱਗਰ ਬਹੁਗਿਣਤੀ" ਨੇ **ਆਪ** (ਲਯਾਦੋਵ ਰਾਹੀਂ) ਕਾਰਵਾਈ ਲਿਖਣ ਵਾਲ਼ੀ ਕਮੇਟੀ ਦੀਆਂ **ਤਿੰਨ ਵਿੱਚੋਂ ਦੋ ਥਾਵਾਂ ਪੇਸ਼ ਕੀਤੀਆਂ** (ਪੰਨਾ 354)। ਦਾਅ-ਪੇਚਾਂ ਅਤੇ ਹੋਰ ਸਵਾਲਾਂ ਸਬੰਧੀ ਪ੍ਰਸਤਾਵਾਂ ਨੂੰ ਲਓ (ਪੰਨਾ 355 ਅਤੇ ਉਸ ਤੋਂ ਅੱਗੇ), ਅਤੇ ਤੁਸੀਂ ਵੇਖੋਗੇ ਕਿ ਉਹਨਾਂ ਉੱਤੇ ਖ਼ਾਲਸ ਵਿਹਾਰੀ ਢੰਗ ਨਾਲ਼ ਉਹਨਾਂ ਦੇ ਗੁਣਾਂ ਅਨੁਸਾਰ ਵਿਚਾਰ ਕੀਤੀ ਗਈ, ਅਤੇ ਇਹ ਕਿ ਘੋਰ ਨਿੱਗਰ "ਬਹੁਗਿਣਤੀ" ਦੇ ਪ੍ਰਤੀਨਿਧਾਂ ਅਤੇ "ਖੁਆਰ ਅਤੇ ਨਿਰਾਦਰ ਕੀਤੀ" "ਘੱਟਗਿਣਤੀ" ਦੇ ਹਾਮੀਆਂ, ਦੁਹਾਂ ਦੇ ਦਸਤਖ਼ਤ ਹਨ (ਕਾਰਵਾਈ ਪੰਨੇ 355,357,363,365 ਅਤੇ 367)। ਇਹ ਆਮ ਤੌਰ ਉੱਤੇ "ਕੰਮ ਵਿੱਚੋਂ ਬਾਹਰ ਕੱਢ ਦੇਣ" ਅਤੇ "ਡਰਾਉਣ ਧਮਕਾਉਣ" ਜਿਹਾ ਜਾਪਦਾ ਹੈ, ਜਾਪਦਾ ਹੈ ਕਿ ਨਹੀਂ?

ਕਿਸੇ ਸਵਾਲ ਦੇ ਤੱਤ ਸਬੰਧੀ ਇੱਕੋ ਇੱਕ ਰੋਚਕ—ਪਰ ਮੰਦੇ ਭਾਗੀਂ ਬਹੁਤ ਸੰਖੇਪ—ਵਿਵਾਦ ਉਦਾਰਪੰਥੀਆਂ ਸਬੰਧੀ ਸਤਾਰੋਵਰ ਦੇ ਪ੍ਰਸਤਾਵ ਨੂੰ ਲੈ ਕੇ ਉੱਠਿਆ। ਜਿਹਾ ਕਿ

ਬੰਦਾ ਇਹਦੇ ਉੱਤੇ ਦਸਤਖ਼ਤਾਂ ਤੋਂ ਵੇਖ ਸਕਦਾ ਹੈ (ਪੰਨੇ 357 ਅਤੇ 358), ਕਾਂਗਰਸ ਵਿੱਚ ਇਹ ਕੇਵਲ ਇਸ ਲਈ ਪ੍ਰਵਾਨ ਕੀਤਾ ਗਿਆ ਕਿ "ਬਹੁਗਿਣਤੀ" ਦੇ ਤਿੰਨ ਹਾਮੀਆਂ (ਬਰਾਊਨ, ਓਰਲੋਵ ਅਤੇ ਓਸੀਪੋਵ) ਨੇ, ਦੂਹਾਂ ਵਿਚਕਾਰ ਸਮਝੌਤਾ-ਰਹਿਤ ਵਿਰੋਧ ਨਾ ਵੇਖਦੇ ਹੋਏ, **ਇਹਦੇ ਲਈ** ਅਤੇ ਪਲੈਖ਼ਾਨੋਵ ਦੇ ਪ੍ਰਸਤਾਵ ਦੂਹਾਂ ਲਈ ਵੋਟ ਦਿੱਤੇ। ਪਹਿਲੀ ਨਜ਼ਰੇ ਕੋਈ ਸਮਝੌਤਾ-ਰਹਿਤ ਵਿਰੋਧ ਸਪਸ਼ਟ ਨਹੀਂ, ਕਿਉਂਕਿ ਜਿਥੋਂ ਤੱਕ **ਰੂਸ ਵਿੱਚ ਬੁਰਜੂਆ ਉਦਾਰਵਾਦ ਸਬੰਧੀ** ਅਸੂਲਾਂ ਅਤੇ ਦਾਅ-ਪੇਚਾਂ ਦਾ ਸਵਾਲ ਹੈ, ਪਲੈਖ਼ਾਨੋਵ ਦਾ ਪ੍ਰਸਤਾਵ ਇੱਕ ਆਮ ਅਸੂਲ ਮਿਥਦਾ ਹੈ, ਇੱਕ ਨਿਸ਼ਚਿਤ ਵਤੀਰਾ ਉਲੀਕਦਾ ਹੈ, ਜਦ ਕਿ ਸਤਾਰੋਵਰ ਦਾ ਪ੍ਰਸਤਾਵ ਉਹ **ਸਥੂਲ ਹਾਲਤਾਂ** ਪ੍ਰੀਭਾਸ਼ਤ ਕਰਨ ਦਾ ਯਤਨ ਕਰਦਾ ਹੈ ਜਿਨ੍ਹਾਂ ਵਿੱਚ "ਉਦਾਰਪੰਥੀ ਜਾਂ ਉਦਾਰਪੰਥੀ-ਜਮਹੂਰੀਅਤਪਸੰਦ ਮੁਹਾਣਾਂ" ਨਾਲ਼ "**ਅਸਥਾਈ ਸਮਝੌਤੇ**" **ਸੰਭਵ ਹੋਣਗੇ।** ਦੋ ਪ੍ਰਸਤਾਵਾਂ ਦੇ ਵਿਸ਼ੇ ਵੱਖ ਵੱਖ ਹਨ। ਪਰ ਸਤਾਰੋਵਰ ਦਾ **ਸਿਆਸੀ ਅਸਪਸ਼ਟਤਾ** ਦਾ ਸ਼ਿਕਾਰ ਹੈ ਅਤੇ ਇਸ ਲਈ ਨਿਗੂਣਾ ਅਤੇ ਪੇਤਲਾ ਹੈ। ਇਹ **ਰੂਸੀ ਉਦਾਰਵਾਦ ਦੇ ਜਮਾਤੀ ਤੱਤ ਨੂੰ ਪ੍ਰੀਭਾਸ਼ਤ ਨਹੀਂ ਕਰਦਾ**, ਉਹਨਾਂ **ਨਿਸ਼ਚਿਤ** ਸਿਆਸੀ ਮੁਹਾਣਾਂ ਵੱਲ ਸੰਕੇਤ ਨਹੀਂ ਕਰਦਾ ਜਿਨ੍ਹਾਂ ਵਿੱਚ ਇਹਦਾ ਪ੍ਰਗਟਾਵਾ ਹੁੰਦਾ ਹੈ, ਇਹਨਾਂ ਮੁਹਾਣਾਂ ਦੇ ਸਬੰਧ ਵਿੱਚ ਪ੍ਰਚਾਰ ਅਤੇ ਐਜੀਟੇਸ਼ਨ ਦੇ **ਮੁੱਖ** ਕਾਰਜਾਂ ਦੀ ਪ੍ਰੋਲੇਤਾਰੀ ਅੱਗੇ ਵਿਆਖਿਆ ਨਹੀਂ ਕਰਦਾ; (ਆਪਣੀ ਅਸਪਸ਼ਟਤਾ ਕਾਰਨ) ਇਹ ਵਿਦਿਆਰਥੀ ਲਹਿਰ ਅਤੇ "ਓਸਵੋਬੋਜ਼ਦੇਨੀਯੇ"[30] ਜਿਹੀਆਂ ਗੱਲਾਂ ਨੂੰ ਗਡ-ਮਡ ਕਰਦਾ ਹੈ, ਇਹ ਬੜੇ ਹੋਛੇ ਅਤੇ ਹੁਜਤੀ ਢੰਗ ਨਾਲ਼ **ਤਿੰਨ** ਸਥੂਲ ਸ਼ਰਤਾਂ ਤਜਵੀਜ਼ ਕਰਦਾ ਹੈ ਜਿਨ੍ਹਾਂ ਅਧੀਨ "ਅਸਥਾਈ ਸਮਝੌਤਿਆਂ" ਦੀ ਆਗਿਆ ਦਿੱਤੀ ਜਾ ਸਕਦੀ ਹੈ। ਇਥੇ ਵੀ, ਜਿਹਾ ਕਿ ਅਨੇਕ ਹੋਰ ਹਾਲਤਾਂ ਵਿੱਚ ਹੁੰਦਾ ਹੈ, ਸਿਆਸੀ ਧੁੰਦਲਪੁਣੇ ਦਾ ਸਿੱਟਾ ਹੁਜਤਬਾਜ਼ੀ ਵਿੱਚ ਨਿਕਲਦਾ ਹੈ। ਕਿਸੇ ਆਮ ਅਸੂਲਾਂ ਦੀ ਅਣਹੋਂਦ ਅਤੇ "ਸ਼ਰਤਾਂ" ਗਿਣਾਉਣ ਦੇ ਯਤਨ ਦਾ ਸਿੱਟਾ ਸ਼ਰਤਾਂ ਦੇ ਤੁੱਛ ਅਤੇ, ਕਰੜਾਈ ਨਾਲ਼ ਗੱਲ ਕਰਦਿਆਂ, **ਗ਼ਲਤ** ਮਿੱਥਣ ਵਿੱਚ ਨਿਕਲਦਾ ਹੈ। ਜ਼ਰਾ ਸਤਾਰੋਵਰ ਦੀਆਂ ਤਿੰਨ ਸ਼ਰਤਾਂ ਨੂੰ ਲਓ: 1) "ਉਦਾਰਪੰਥੀ ਅਤੇ ਉਦਾਰਪੰਥੀ-ਜਮਹੂਰੀ ਮੁਹਾਣ" ਲਾਜ਼ਮੀ ਤੌਰ ਉੱਤੇ "ਸਪਸ਼ਟ ਅਤੇ ਨਿਸ਼ਚਿਤ ਢੰਗ ਨਾਲ਼ ਐਲਾਨ ਕਰਨਗੇ ਕਿ ਇੱਕਪੁਰਖੀ ਹਕੂਮਤ ਵਿਰੁੱਧ ਘੋਲ਼ ਵਿੱਚ ਉਹ ਦ੍ਰਿੜ੍ਹਤਾ ਨਾਲ਼ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦਾ ਸਾਥ ਦੇਣਗੇ"। ਉਦਾਰਪੰਥੀ ਅਤੇ ਉਦਾਰਪੰਥ-ਜਮਹੂਰੀ ਮੁਹਾਣਾਂ ਵਿੱਚ ਕੀ ਫ਼ਰਕ ਹੈ? ਪ੍ਰਸਤਾਵ ਇਸ ਸਵਾਲ ਦੇ ਉੱਤਰ ਲਈ ਕੋਈ ਸਮੱਗਰੀ ਉਪਲਬਧ ਨਹੀਂ ਕਰਾਉਂਦਾ। ਕੀ ਇਹ ਗੱਲ ਨਹੀਂ ਕਿ ਉਦਾਰਪੰਥੀ ਮੁਹਾਣ ਬੁਰਜੂਆਜ਼ੀ ਦੇ ਸਭ ਤੋਂ ਘੱਟ ਅਗਾਂਹਵਧੂ ਹਿੱਸਿਆਂ ਵੱਲੋਂ ਬੋਲਦਾ ਹੈ, ਅਤੇ ਉਦਾਰਪੰਥ-ਜਮਹੂਰੀ—ਬੁਰਜੂਆਜ਼ੀ ਅਤੇ ਨਿੱਕੀ ਬੁਰਜੂਆਜ਼ੀ ਦੇ ਵਧੇਰੇ ਅਗਾਂਹਵਧੂ ਹਿੱਸਿਆਂ ਲਈ? ਜੇ ਗੱਲ ਅਜਿਹੀ ਹੈ ਤਾਂ ਕੀ ਸਾਥੀ ਸਤਾਰੋਵਰ ਸੰਭਵ ਤੌਰ ਉੱਤੇ ਇਹ ਵਿਚਾਰ ਸਕਦਾ ਹੈ ਕਿ ਬੁਰਜੂਆਜ਼ੀ ਦੇ ਉਹ ਹਿੱਸੇ ਜਿਹੜੇ ਸਭ ਤੋਂ ਘੱਟ ਅਗਾਂਹਵਧੂ ਹਨ (ਪਰ ਇਹਦੇ ਬਾਵਜੂਦ ਅਗਾਂਹਵਧੂ, ਕਿਉਂਕਿ ਅਜਿਹਾ ਨਾ ਹੋਣ ਦੀ ਹਾਲਤ ਵਿੱਚ ਉਦਾਰਵਾਦ ਦੀ ਗੱਲ ਵੀ ਨਾ ਹੋ ਸਕਦੀ) "ਦ੍ਰਿੜ੍ਹਤਾ ਨਾਲ਼ ਸੋਸ਼ਲ-ਡੈਮੋਕ੍ਰੈਟਾਂ ਦਾ ਸਾਥ" ਦੇ ਸਕਦੇ ਹਨ? ਇਹ ਵਾਹਯਾਤ ਹੈ

ਅਤੇ ਜੇ ਅਜਿਹੇ ਮੁਹਾਣ ਦੇ ਪ੍ਰਤੀਨਿਧ "**ਸਪਸ਼ਟ ਅਤੇ ਨਿਸ਼ਚਿਤ ਢੰਗ ਨਾਲ਼ ਇਹ ਐਲਾਨ ਕਰ ਵੀ ਦੇਣ**", ਜਿਹੜੀ ਉੱਕਾ ਹੀ ਅਸੰਭਵ ਮਨੌਤ ਹੈ, ਤਾਂ ਅਸੀਂ, ਪ੍ਰੋਲੇਤਾਰੀ ਦੀ ਪਾਰਟੀ, **ਇਸ ਗੱਲ ਉੱਤੇ ਮਜਬੂਰ ਹੋਵਾਂਗੇ** ਕਿ ਉਹਨਾਂ ਦੇ ਐਲਾਨਾਂ ਉੱਤੇ **ਇਤਬਾਰ ਨਾ ਕਰੀਏ।** ਉਦਾਰਪੰਥੀ ਹੋਣਾ ਅਤੇ ਦ੍ਰਿੜ੍ਹਤਾ ਨਾਲ਼ ਸੋਸ਼ਲ-ਡੈਮੋਕ੍ਰੈਟਾਂ ਦਾ ਸਾਥ ਦੇਣਾ—ਇੱਕ ਦੂਜੇ ਨੂੰ ਖ਼ਾਰਜ ਕਰਦਾ ਹੈ।

ਇਸ ਤੋਂ ਅੱਗੇ, ਆਓ ਅਸੀਂ ਅਜਿਹੀ ਹਾਲਤ ਫ਼ਰਜ਼ ਕਰ ਲਈਏ ਜਿੱਥੇ "ਉਦਾਰਪੰਥੀ ਅਤੇ ਉਦਾਰਪੰਥੀ-ਜਮਹੂਰੀ ਮੁਹਾਣ" ਸਪਸ਼ਟ ਅਤੇ ਨਿਸ਼ਚਿਤ ਤੌਰ ਉੱਤੇ ਐਲਾਨ ਕਰਦੇ ਹਨ ਕਿ ਇੱਕਪੁਰਖੀ ਰਾਜ ਵਿਰੁੱਧ ਆਪਣੇ ਘੋਲ਼ ਵਿੱਚ ਉਹ ਦ੍ਰਿੜ੍ਹਤਾ ਨਾਲ਼ **ਸੋਸ਼ਲ-ਇਨਕਲਾਬੀਆਂ** ਦਾ ਸਾਥ ਦੇਣਗੇ। ਅਜਿਹੀ ਮਨੌਤ ਸਾਥੀ ਸਤਾਰੋਵਰ ਦੀ ਮਨੌਤ ਨਾਲ਼ੋਂ ਕਿਤੇ ਘੱਟ ਅਸੰਭਾਵੀ ਹੈ (ਸੋਸ਼ਲਿਸਟ-ਇਨਕਲਾਬੀ ਮੁਹਾਣ ਦੇ ਬੁਰਜੂਆ-ਜਮਹੂਰੀ ਖ਼ਾਸੇ ਕਾਰਨ)। ਇਸ ਪ੍ਰਸਤਾਵ ਤੋਂ, ਇਹਦੀ ਅਸਪਸ਼ਟਤਾ ਅਤੇ ਹੁਜਤਬਾਜ਼ੀ ਕਾਰਨ, ਇਹ ਜਾਪੇਗਾ ਕਿ **ਇਹੋ ਜਿਹੀ ਹਾਲਤ ਵਿੱਚ** ਅਜਿਹੇ ਉਦਾਰਪੰਥੀਆਂ ਨਾਲ਼ **ਅਸਥਾਈ ਸਮਝੌਤੇ ਵਰਜਿਤ ਹੋਣਗੇ।** ਪਰ ਅਜਿਹਾ ਸਿੱਟਾ, ਜਿਹੜਾ ਸਾਥੀ ਸਤਾਰੋਵਰ ਦੇ ਪ੍ਰਸਤਾਵ ਤੋਂ ਅਟੱਲ ਤੌਰ ਉੱਤੇ ਨਿਕਲਦਾ ਹੈ, **ਉੱਕਾ ਹੀ ਝੂਠਾ** ਹੋਵੇਗਾ। ਸੋਸ਼ਲਿਸਟ-ਇਨਕਲਾਬੀਆਂ ਨਾਲ਼ ਅਸਥਾਈ ਸਮਝੌਤੇ ਆਗਿਆਯੋਗ ਹਨ (ਪਿਛਲੇਰੇ ਸਬੰਧੀ ਕਾਂਗਰਸ ਦਾ ਪ੍ਰਸਤਾਵ ਵੇਖੋ), ਅਤੇ, **ਇਹਦੇ ਸਿੱਟੇ ਵਜੋਂ**, ਉਹਨਾਂ ਉਦਾਰਪੰਥੀਆਂ ਨਾਲ਼ ਜਿਹੜੇ ਸੋਸ਼ਲਿਸਟ-ਇਨਕਲਾਬੀਆਂ ਦਾ ਸਾਥ ਦੇਂਦੇ ਹਨ।

ਦੂਜੀ ਸ਼ਰਤ: ਇਹ ਮੁਹਾਣ "ਆਪਣੇ ਪ੍ਰੋਗਰਾਮਾਂ ਵਿੱਚ ਕੋਈ ਅਜਿਹੀਆਂ ਮੰਗਾਂ ਸ਼ਾਮਲ ਨਹੀਂ ਕਰਨਗੇ, ਜਿਹੜੀਆਂ ਕਿਰਤੀ ਜਮਾਤ ਜਾਂ ਆਮ ਤੌਰ ਉੱਤੇ ਜਮਹੂਰੀਅਤ ਦੇ ਹਿਤਾਂ ਦੇ ਵਿਰੁੱਧ ਜਾਂਦੀਆਂ ਹੋਣ, ਜਾਂ ਉਹਨਾਂ ਦੀ ਸਿਆਸੀ ਚੇਤੰਨਤਾ ਨੂੰ ਧੁੰਦਲਾਉਂਦੀਆਂ ਹੋਣ"। ਇਥੇ ਸਾਡੇ ਸਾਹਮਣੇ ਫਿਰ ਉਹੋ ਗ਼ਲਤੀ ਹੈ: ਅਜਿਹੇ ਉਦਾਰਪੰਥੀ-ਜਮਹੂਰੀ ਮੁਹਾਣ ਕਦੀ ਨਹੀਂ ਹੋਏ ਅਤੇ ਨਾ ਹੀ ਹੋ ਸਕਦੇ ਹਨ ਜਿਨ੍ਹਾਂ ਦੇ ਪ੍ਰੋਗਰਾਮਾਂ ਵਿੱਚ ਅਜਿਹੀਆਂ ਮੰਗਾਂ ਨਾ ਹੋਣ ਜਿਹੜੀਆਂ ਕਿਰਤੀ ਜਮਾਤ ਦੇ ਹਿਤਾਂ ਵਿਰੁੱਧ ਨਾ ਜਾਂਦੀਆਂ ਹੋਣ ਅਤੇ ਇਹਦੀ (ਪ੍ਰੋਲੇਤਾਰੀ ਦੀ) ਸਿਆਸੀ ਚੇਤੰਨਤਾ ਨੂੰ ਧੁੰਦਲਾ ਨਾ ਕਰਦੀਆਂ ਹੋਣ। ਸਾਡੇ ਉਦਾਰਪੰਥੀ-ਜਮਹੂਰੀ ਮੁਹਾਣਾਂ ਦੇ ਅਤਿਅੰਤ ਜਮਹੂਰੀ ਹਿੱਸਿਆਂ ਵਿੱਚੋਂ ਇੱਕ, ਸੋਸ਼ਲਿਸਟ-ਇਨਕਲਾਬੀ ਆਪਣੇ ਪ੍ਰੋਗਰਾਮ ਵਿੱਚ—ਜਿਹੜਾ ਸਾਰੇ ਉਦਾਰਪੰਥੀ ਪ੍ਰੋਗਰਾਮ ਵਾਂਗ ਬੌਂਦਲਿਆ ਹੋਇਆ ਹੈ—ਅਜਿਹੀਆਂ ਮੰਗਾਂ ਸ਼ਾਮਲ ਕਰਦੇ ਹਨ ਜਿਹੜੀਆਂ ਕਿਰਤੀ ਜਮਾਤ ਦੇ ਹਿਤਾਂ ਵਿਰੁੱਧ ਜਾਂਦੀਆਂ ਹਨ ਅਤੇ ਉਹਨਾਂ ਦੀ ਸਿਆਸੀ ਚੇਤੰਨਤਾ ਨੂੰ ਧੁੰਦਲਾ ਕਰਦੀਆਂ ਹਨ। ਇਸ ਤੱਥ ਤੋਂ ਜਿਹੜਾ ਸਿੱਟਾ ਕੱਢਿਆ ਜਾਣਾ ਚਾਹੀਦਾ ਹੈ ਉਹ ਇਹ ਹੈ ਕਿ "ਬੁਰਜੂਆ ਮੁਕਤੀ ਲਹਿਰ ਦੀਆਂ ਹੱਦਾਂ ਅਤੇ ਘਾਟਾਂ ਤੋਂ ਪਰਦਾ" ਲਾਹੁਣਾ **ਲਾਜ਼ਮੀ** ਹੈ, ਸਗੋਂ ਇਹ ਨਹੀਂ ਕਿ ਅਸਥਾਈ ਸਮਝੌਤੇ ਵਰਜਿਤ ਹਨ।

ਅਖ਼ੀਰੀ ਗੱਲ, ਜਿਸ ਰੂਪ ਵਿੱਚ ਉਹ ਪੇਸ਼ ਕੀਤੀ ਗਈ ਹੈ, ਸਾਥੀ ਸਤਾਰੋਵਰ ਦੀ

ਤੀਜੀ "ਸ਼ਰਤ" (ਕਿ ਉਦਾਰਪੰਥੀ-ਜਮਹੂਰੀਅਤਪਸੰਦ ਸਭ ਲਈ, ਸਾਵੇਂ, ਗੁਪਤ ਅਤੇ ਸਿੱਧੇ ਵੋਟਾਂ ਨੂੰ ਆਪਣੇ ਘੋਲ਼ ਦਾ ਨਾਹਰਾ ਬਣਾਉਣ) ਉਸੇ ਹੀ ਤਰ੍ਹਾਂ **ਗ਼ਲਤ** ਹੈ: ਅਜਿਹੇ ਉਦਾਰਪੰਥੀ-ਜਮਹੂਰੀ ਮੁਹਾਣਾਂ ਨਾਲ਼ ਅਸਥਾਈ ਅਤੇ ਅੰਸ਼ਕ ਸਮਝੌਤਿਆਂ ਦੇ **ਵਰਜਿਤ ਹੋਣ** ਦਾ ਐਲਾਨ ਕਰਨਾ ਜਿਨ੍ਹਾਂ ਦਾ ਨਾਹਰਾ ਸ਼ਰਤੀ ਵੋਟ ਵਾਲਾ ਵਿਧਾਨ ਜਾਂ ਆਮ ਤੌਰ ਉੱਤੇ "ਕਾਂਟ-ਛਾਂਟ ਕੀਤਾ ਹੋਇਆ" ਵਿਧਾਨ ਹੈ, ਨਾਸਮਝੀ ਵਾਲ਼ੀ ਗੱਲ ਹੋਵੇਗੀ। ਤੱਥ ਤਾਂ ਇਹ ਹੈ ਕਿ "ਓਸਵੋਬੋਜ਼੍ਹਦੇਨੀਯੇ" "ਮੁਹਾਣ" ਇਸ ਕੋਟੀ ਨਾਲ਼ ਪੂਰੀ ਤਰ੍ਹਾਂ ਮੇਚ ਖਾਂਦਾ ਹੈ, ਪਰ ਅਤਿਅੰਤ ਡਰੂ ਉਦਾਰਪੰਥੀਆਂ ਨਾਲ਼ "ਅਸਥਾਈ ਸਮਝੌਤੇ" ਦੀ ਪਹਿਲਾਂ ਤੋਂ ਹੀ ਮਨਾਹੀ ਕਰਕੇ ਆਪਣੇ ਹੱਥ ਬੰਨ੍ਹ ਦੇਣਾ, ਮਾਰਕਸਵਾਦ ਦੇ ਨਿਯਮਾਂ ਨਾਲ਼ ਅਣਮੇਲ ਸਿਆਸੀ ਨੇੜ-ਦ੍ਰਿਸ਼ਟੀ ਹੋਵੇਗੀ।

ਗੱਲ ਮੁਕਾਉਂਦੇ ਹੋਏ: ਸਾਥੀ ਸਤਾਰੋਵਰ ਦਾ ਪ੍ਰਸਤਾਵ, ਜਿਸ ਉੱਤੇ ਸਾਥੀ ਮਾਰਤੋਵ ਅਤੇ ਐਕਸਲਰੋਦ ਦੇ ਵੀ ਦਸਖ਼ਤ ਸਨ, ਇੱਕ **ਗ਼ਲਤੀ** ਹੈ ਅਤੇ ਤੀਜੀ ਕਾਂਗਰਸ ਇਹਨੂੰ ਮਨਸੂਖ਼ ਕਰਕੇ ਸਿਆਣੀ ਗੱਲ ਕਰੇਗੀ। ਸਿਧਾਂਤਕ ਅਤੇ ਦਾਅ-ਪੇਚਾਂ ਸਬੰਧੀ ਨਜ਼ਰੀਏ ਤੋਂ ਇਹਦੇ ਵਿੱਚ **ਸਿਆਸੀ ਅਸਪਸ਼ਟਤਾ** ਦਾ ਨੁਕਸ ਹੈ, ਜਿਹੜੀਆਂ ਅਮਲੀ "ਸ਼ਰਤਾਂ" ਇਹ ਮਿਥਦਾ ਹੈ, ਉਹਨਾਂ ਵਿੱਚ ਹੁਜਤਬਾਜ਼ੀ ਦਾ। ਇਹ **ਦੋ ਸਵਾਲਾਂ ਨੂੰ ਗਡ-ਮਡ ਕਰਦਾ ਹੈ**: 1) **ਸਭਨਾਂ** ਉਦਾਰਪੰਥੀ-ਜਮਹੂਰੀ ਮੁਹਾਣਾਂ ਦੇ "ਇਨਕਲਾਬ-ਦੁਸ਼ਮਣ ਅਤੇ ਪ੍ਰੋਲੇਤਾਰੀ-ਦੁਸ਼ਮਣ" ਲੱਛਣਾਂ ਦਾ ਪਰਦਾ ਉਘਾੜਨਾ, ਅਤੇ ਇਹਨਾਂ ਮੁਹਾਣਾਂ ਦਾ **ਮੁਕਾਬਲਾ ਕਰਨ** ਦੀ ਲੋੜ, ਅਤੇ 2) ਇਹਨਾਂ ਮੁਹਾਣਾਂ ਵਿੱਚੋਂ ਕਿਸੇ ਨਾਲ਼ ਅਸਥਾਈ ਅਤੇ ਅੰਸ਼ਕ **ਸਮਝੌਤਿਆਂ ਲਈ ਸ਼ਰਤਾਂ**। ਇਹ ਉਹ ਕੁੱਝ ਨਹੀਂ ਦੇਂਦਾ ਜਿਹੜਾ ਇਹਨੂੰ ਦੇਣਾ ਚਾਹੀਦਾ ਹੈ (ਉਦਾਰਵਾਦ ਦੇ ਜਮਾਤੀ ਤੱਤ ਦਾ ਵਿਸ਼ਲੇਸ਼ਣ), ਅਤੇ ਉਹ ਕੁੱਝ ਦੇਂਦਾ ਹੈ ਜੋ ਇਹਨੂੰ ਨਹੀਂ ਦੇਣਾ ਚਾਹੀਦਾ ("ਸ਼ਰਤਾਂ" ਮਿਥਣਾ)। ਉਸ ਸਮੇਂ ਜਦੋਂ ਅਜਿਹੇ ਸੰਭਵ ਸਮਝੌਤਿਆਂ ਲਈ ਕੋਈ ਨਿਸ਼ਚਿਤ ਖ਼ਿਆਲ ਵੀ ਨਿਗਾਹ ਵਿੱਚ ਨਹੀਂ, ਅਸਥਾਈ ਸਮਝੌਤਿਆਂ ਲਈ ਪਾਰਟੀ ਕਾਂਗਰਸ ਵਿੱਚ ਵਿਸਥਾਰਪੂਰਵਕ "ਸ਼ਰਤਾਂ" ਤਿਆਰ ਕਰਨਾ ਆਮ ਤੌਰ ਉੱਤੇ ਵਾਹਯਾਤ ਹੈ; ਅਤੇ ਜੇ ਅਜਿਹਾ ਨਿਸ਼ਚਿਤ "ਖ਼ਿਆਲ" ਨਿਗਾਹ ਵਿੱਚ ਹੋਵੇ ਤਾਂ ਇਹ ਗੱਲ ਸੌ ਗੁਣਾ ਵਧੇਰੇ ਤਰਕ-ਸੰਗਤ ਹੋਵੇਗੀ ਕਿ ਅਸਥਾਈ ਸਮਝੌਤੇ ਲਈ "ਸ਼ਰਤਾਂ" ਦਾ ਸੂਤਰੀਕਰਨ ਪਾਰਟੀ ਦੀਆਂ ਕੇਂਦਰੀ ਸੰਸਥਾਵਾਂ ਉੱਤੇ ਛੱਡ ਦਿੱਤਾ ਜਾਵੇ, ਜਿਹਾ ਕਿ ਕਾਂਗਰਸ ਨੇ ਸੋਸ਼ਲਿਸਟ-ਇਨਕਲਾਬੀ "ਮੁਹਾਣ" ਦੇ ਸਬੰਧ ਵਿੱਚ ਕੀਤਾ (ਵੇਖੋ ਸਾਥੀ ਐਕਸਲਰੋਦ ਦੇ ਪ੍ਰਸਤਾਵ ਦੇ ਅਖ਼ੀਰ ਉੱਤੇ ਪਲੈਖ਼ਾਨੋਵ ਵੱਲੋਂ ਤਬਦੀਲੀ, ਕਾਰਵਾਈ, ਪੰਨੇ 362 ਅਤੇ 15)।

ਜਿਥੋਂ ਤੱਕ "ਘੱਟਗਿਣਤੀ" ਵੱਲੋਂ ਪਲੈਖ਼ਾਨੋਵ ਦੇ ਪ੍ਰਸਤਾਵ ਉੱਤੇ ਇਤਰਾਜ਼ ਦਾ ਸਬੰਧ ਹੈ, ਸਾਥੀ ਮਾਰਤੋਵ ਦੀ ਇੱਕੋ ਇੱਕ ਦਲੀਲ ਸੀ: ਪਲੈਖ਼ਾਨੋਵ ਦਾ ਪ੍ਰਸਤਾਵ "ਇਸ ਤੁੱਛ ਸਿੱਟੇ ਨਾਲ਼ ਖ਼ਤਮ ਹੁੰਦਾ ਹੈ ਕਿ ਇੱਕ ਨਿਸ਼ਚਿਤ ਲੇਖਕ ਦਾ ਪਰਦਾ ਉਘਾੜਿਆ ਜਾਵੇ। ਕੀ ਇਹ 'ਇੱਕ ਮੱਖੀ ਮਾਰਨ ਲਈ ਵਦਾਨ ਵਰਤਣਾ' ਨਹੀਂ ਹੋਵੇਗਾ ?" (ਪੰਨਾ 358।) ਇਹ ਦਲੀਲ, ਜਿਸਦਾ ਥੋਥਾਪੁਣਾ ਚੁਸਤ ਵਾਕੰਸ਼—"ਤੁੱਛ ਸਿੱਟੇ"—ਵਿੱਚ ਲੁਕਿਆ ਹੋਇਆ ਹੈ, ਅਡੰਬਰੀ ਫ਼ਿਕਰੇਬਾਜ਼ੀ ਦੀ ਇੱਕ ਨਵੀਂ ਉਦਾਹਰਣ ਪੇਸ਼ ਕਰਦੀ ਹੈ। ਪਹਿਲੀ ਗੱਲ,

ਪਲੈਖ਼ਾਨੋਵ ਦਾ ਪ੍ਰਸਤਾਵ "ਬੁਰਜੂਆ ਮੁਕਤੀ ਲਹਿਰ ਦੀਆਂ ਹੱਦਾਂ ਅਤੇ ਨਾਕਾਫ਼ੀਪੁਣੇ ਨੂੰ, ਜਿੱਥੇ ਕਿਧਰੇ ਇਹ ਹੱਦਾਂ ਅਤੇ ਨਾਕਾਫ਼ੀਪੁਣਾ ਆਪਣੇ ਆਪ ਨੂੰ ਪ੍ਰਗਟ ਕਰਦੇ ਹਨ, ਪ੍ਰੋਲੇਤਾਰੀ ਦੀਆਂ ਅੱਖਾਂ ਵਿੱਚ ਨੰਗਾ ਕਰਨ" ਦੀ ਗੱਲ ਕਰਦਾ ਹੈ। ਇਸ ਲਈ (ਲੀਗ ਦੀ ਕਾਂਗਰਸ ਵਿੱਚ; ਕਾਰਵਾਈ ਪੰਨਾ 88) ਸਾਥੀ ਮਾਰਤੋਵ ਦਾ ਇਹ ਦਾਅਵਾ ਕਿ "ਸਾਰਾ ਧਿਆਨ ਕੇਵਲ ਸਤਰੂਵੇ ਉੱਤੇ, ਇੱਕ ਉਦਾਰਪੰਥੀ ਉੱਤੇ ਕੇਂਦਰਿਤ ਕੀਤਾ ਗਿਆ ਹੈ" ਖ਼ਾਲਸ ਬਕਵਾਸ ਹੈ। ਦੂਜੇ, ਉਸ ਸਮੇਂ ਜਦੋਂ ਸਵਾਲ ਰੂਸੀ ਉਦਾਰਪੰਥੀਆਂ ਨਾਲ਼ ਅਸਥਾਈ ਸਮਝੌਤਿਆਂ ਦੀ ਸੰਭਾਵਨਾ ਦਾ ਹੈ, ਸ਼੍ਰੀ ਸਤਰੂਵੇ ਨੂੰ "ਮੱਖੀ" ਨਾਲ਼ ਤੁਲਨਾ ਦੇਣਾ ਇੱਕ ਚੁਸਤ ਵਾਕੰਸ਼ ਲਈ ਇੱਕ ਬੁਨਿਆਦੀ ਅਤੇ ਪ੍ਰਤੱਖ ਸਿਆਸੀ ਤੱਥ ਨੂੰ ਕੁਰਬਾਨ ਕਰਨਾ ਹੈ। ਨਹੀਂ, ਸ਼੍ਰੀ ਸਤਰੂਵੇ ਮੱਖੀ ਨਹੀਂ, ਸਗੋਂ ਇੱਕ ਸਿਆਸੀ ਅਕਾਰ ਹੈ, ਸਗੋਂ ਇਸ ਲਈ ਕਿ ਉਹ ਗ਼ੈਰ-ਕਨੂੰਨੀ ਸੰਸਾਰ ਵਿੱਚ ਰੂਸੀ ਉਦਾਰਵਾਦ—ਕੁੱਲ ਕਾਰਗਰ ਅਤੇ ਜਥੇਬੰਦ ਉਦਾਰਵਾਦ—ਦਾ ਇੱਕੋ ਇੱਕ ਪ੍ਰਤੀਨਿਧ ਹੈ। ਇਸ ਲਈ ਐਨ ਸ਼੍ਰੀ ਸਤਰੂਵੇ ਅਤੇ "ਓਸਵੋਬੋਜ਼ਦੇਨੀਯੇ" ਨੂੰ ਮੁੱਖ ਰੱਖੇ ਬਿਨਾਂ ਰੂਸੀ ਉਦਾਰਪੰਥੀਆਂ ਅਤੇ ਉਹਨਾਂ ਵੱਲ ਸਾਡੀ ਪਾਰਟੀ ਦਾ ਵਤੀਰਾ ਕੀ ਹੋਵੇ ਦੀ ਗੱਲ ਕਰਨਾ, ਕੁੱਝ ਵੀ ਕਹੇ ਬਿਨਾਂ ਗੱਲ ਕਰਨਾ ਹੈ। ਜਾਂ ਸ਼ਾਇਦ ਸਾਥੀ ਮਾਰਤੋਵ ਸਾਨੂੰ ਰੂਸ ਵਿੱਚ **ਇੱਕ ਵੀ ਇਕੱਲਾ** "ਉਦਾਰਪੰਥੀ ਜਾਂ ਉਦਾਰਪੰਥੀ-ਜਮਹੂਰੀਅਤਪਸੰਦ ਮੁਹਾਣ" ਵਿਖਾਵੇਗਾ, ਜਿਹੜਾ ਅੱਜ ਦੂਰੋਂ ਪਾਰੋਂ ਵੀ "ਓਸਵੋਬੋਜ਼ਦੇਨੀਯੇ" ਮੁਹਾਣ ਨਾਲ਼ ਮਿਲਦਾ ਹੈ ? ਉਹਨੂੰ ਅਜਿਹਾ ਕਰਨ ਦਾ ਯਤਨ ਕਰਦੇ ਹੋਏ ਵੇਖਣਾ ਰੋਚਕ ਹੋਵੇਗਾ !*

---

* ਲੀਗ ਦੀ ਕਾਂਗਰਸ ਵਿੱਚ ਸਾਥੀ ਮਾਰਤੋਵ ਨੇ ਸਾਥੀ ਪਲੈਖ਼ਾਨੋਵ ਦੇ ਪ੍ਰਸਤਾਵ ਵਿਰੁੱਧ ਹੇਠ ਲਿਖੀ ਦਲੀਲ ਵੀ ਪੇਸ਼ ਕੀਤੀ: "ਇਹਦੇ ਉੱਤੇ ਮੁੱਖ ਇਤਰਾਜ਼, ਇਸ ਪ੍ਰਸਤਾਵ ਦਾ ਮੁੱਖ ਨੁਕਸ, ਇਹ ਹੈ ਕਿ ਇਹ ਤੱਥ ਨੂੰ ਉੱਕਾ ਹੀ ਅੱਖੋਂ ਉਹਲੇ ਕਰਦਾ ਹੈ, ਕਿ ਇੱਕਪੁਰਖੀ ਰਾਜ ਵਿਰੁੱਧ ਘੋਲ਼ ਵਿੱਚ, ਇਹ ਸਾਡਾ ਫ਼ਰਜ਼ ਹੈ ਕਿ ਉਦਾਰਪੰਥੀ-ਜਮਹੂਰੀਅਤਪਸੰਦ ਅੰਸ਼ਾਂ ਨਾਲ਼ ਏਕੇ ਤੋਂ ਮੂੰਹ ਨਾ ਮੋੜੀਏ। ਸਾਥੀ ਲੈਨਿਨ ਇਹਨੂੰ ਮਾਰਤੀਨੋਵ ਪ੍ਰਵਿਰਤੀ ਕਹੇਗਾ। ਇਹ ਪ੍ਰਵਿਰਤੀ ਨਵੇਂ "ਇਸਕਰਾ" ਵਿੱਚ ਪਹਿਲਾਂ ਹੀ ਪ੍ਰਗਟ ਹੋ ਰਹੀ ਹੈ" (ਪੰਨਾ 88)।

ਇਹਦੇ ਵਿੱਚ "ਮਣੀਆਂ" ਦੀ ਜਿਹੜੀ ਬਹੁਲਤਾ ਹੈ, ਉਸ ਲਈ ਇਹ ਭਾਗ ਸੱਚਮੁਚ ਅਨੂਠਾ ਹੈ। 1) ਉਦਾਰਪੰਥੀਆਂ ਨਾਲ਼ **ਏਕੇ** ਸਬੰਧੀ ਵਾਕੰਸ਼ ਖ਼ਾਲਸ ਗਡ-ਮਡ ਹੈ। ਸਾਥੀ ਮਾਰਤੋਵ, ਕਿਸੇ ਨੇ ਏਕੇ ਦੀ ਗੱਲ ਨਹੀਂ ਕੀਤੀ, ਸਗੋਂ ਕੇਵਲ ਅਸਥਾਈ ਜਾਂ ਅੰਸ਼ਕ ਸਮਝੌਤਿਆਂ ਦੀ। ਇਹ ਉੱਕਾ ਹੀ ਵੱਖਰੀ ਗੱਲ ਹੈ।

2) ਜੇ ਪਲੈਖ਼ਾਨੋਵ ਦਾ ਪ੍ਰਸਤਾਵ ਇੱਕ ਯਕੀਨੋ-ਬਾਹਰੇ "ਏਕੇ" ਨੂੰ ਅੱਖੋਂ ਪਰੋਖਾ ਕਰਦਾ ਹੈ ਅਤੇ ਕੇਵਲ ਆਮ ਤੌਰ ਉੱਤੇ "ਹਮਾਇਤ" ਦੀ ਗੱਲ ਕਰਦਾ ਹੈ ਤਾਂ ਇਹ ਇਹਦੇ ਗੁਣਾਂ ਵਿੱਚੋਂ ਇੱਕ ਹੈ, ਇਹਦਾ ਨੁਕਸ ਨਹੀਂ। 3) ਸ਼ਾਇਦ ਸਾਥੀ ਮਾਰਤੋਵ ਇਸ ਗੱਲ ਦੀ ਵਿਆਖਿਆ ਕਰਨ ਦੀ ਖੇਚਲ ਕਰੇਗਾ ਕਿ ਆਮ ਤੌਰ ਉੱਤੇ ਮਾਰਤੀਨੋਵ ਪ੍ਰਵਿਰਤੀਆਂ ਦੇ ਲੱਛਣ ਕੀ ਹਨ ? ਸ਼ਾਇਦ ਉਹ ਸਾਨੂੰ ਦੱਸੇਗਾ ਕਿ ਇਹਨਾਂ ਪ੍ਰਵਿਰਤੀਆਂ ਅਤੇ ਮੌਕਾਪ੍ਰਸਤੀ ਵਿਚਕਾਰ ਸਬੰਧ ਕੀ ਹੈ ? ਸ਼ਾਇਦ ਉਹ ਇਹਨਾਂ ਪ੍ਰਵਿਰਤੀਆਂ ਦਾ ਸਬੰਧ ਨਿਯਮਾਂ ਦੇ ਪਹਿਲੇ ਪੈਰ੍ਹੇ ਨਾਲ਼ ਉਲੀਕੇਗਾ ? 4) ਮੈਂ ਸਾਥੀ ਮਾਰਤੋਵ ਤੋਂ ਇਹ ਜਾਣਨ ਲਈ ਕਿ "ਮਾਰਤੀਨੋਵ ਪ੍ਰਵਿਰਤੀਆਂ" "ਨਵੇਂ ਇਸਕਰਾ" ਵਿੱਚ ਕਿਵੇਂ ➪

"ਕਿਰਤੀਆਂ ਲਈ ਸਤਰੂਵੇ ਦੇ ਨਾਂ ਦਾ ਕੋਈ ਮੁੱਲ ਨਹੀਂ," ਸਾਥੀ ਕੋਸਤਰੋਵ ਨੇ ਸਾਥੀ ਮਾਰਤੋਵ ਦੀ ਹਮਾਇਤ ਕਰਦੇ ਹੋਏ ਕਿਹਾ। ਮੈਨੂੰ ਆਸ ਹੈ ਕਿ ਸਾਥੀ ਕੋਸਤਰੋਵ ਅਤੇ ਸਾਥੀ ਮਾਰਤੋਵ ਗ਼ੁੱਸੇ ਨਹੀਂ ਹੋਣਗੇ, ਪਰ ਇਹ ਦਲੀਲ ਉੱਕਾ ਹੀ ਅਕੀਮੋਵ ਦੇ ਢੰਗ ਦੀ ਹੈ। ਇਹ ਪ੍ਰੋਲੇਤਾਰੀ ਦੇ ਸਬੰਧਕੀ ਕਾਰਕ[31] ਵਿੱਚ ਹੋਣ ਸਬੰਧੀ ਦਲੀਲ ਹੈ।

ਉਹ ਕਿਹੜੇ ਕਿਰਤੀ ਹਨ ਜਿਨ੍ਹਾਂ ਲਈ ਸਤਰੂਵੇ ਦੇ ਨਾਂ ਦਾ (ਅਤੇ "ਓਸਵੋਬੋਜ਼ਦੇਨੀਯੇ" ਦਾ ਨਾਂ, ਜਿਸਦਾ ਵਰਣਨ ਪਲੈਖ਼ਾਨੋਵ ਦੇ ਪ੍ਰਸਤਾਵ ਵਿੱਚ ਸ਼੍ਰੀ ਸਤਰੂਵੇ ਦੇ ਨਾਂ ਦੇ ਨਾਲ਼ ਕੀਤਾ ਗਿਆ ਹੈ) "ਕੋਈ ਮੁੱਲ ਨਹੀਂ"? ਉਹ ਜਿਨ੍ਹਾਂ ਨੂੰ ਰੂਸ ਵਿੱਚ "ਉਦਾਰਪੰਥੀ ਜਾਂ ਉਦਾਰਪੰਥੀ-ਜਮਹੂਰੀਅਤਪਸੰਦ ਮੁਹਾਣਾਂ" ਸਬੰਧੀ ਬਹੁਤ ਥੋੜ੍ਹਾ ਜਾਂ ਉੱਕਾ ਹੀ ਪਤਾ ਨਹੀਂ। ਬੰਦਾ ਪੁੱਛਦਾ ਹੈ, ਅਜਿਹੇ ਕਿਰਤੀਆਂ ਵੱਲ ਸਾਡੀ ਪਾਰਟੀ ਕਾਂਗਰਸ ਦਾ ਵਤੀਰਾ ਕੀ ਹੋਣਾ ਚਾਹੀਦਾ ਹੈ: ਕੀ ਉਹ ਪਾਰਟੀ ਮੈਂਬਰਾਂ ਨੂੰ ਇਹ ਹਦਾਇਤ ਕਰੇ ਕਿ ਉਹ ਇਹਨਾਂ ਕਿਰਤੀਆਂ ਨੂੰ ਰੂਸ ਵਿੱਚ ਇੱਕੋ ਇੱਕ ਨਿਸ਼ਚਿਤ ਉਦਾਰਪੰਥੀ ਮੁਹਾਣ ਸਬੰਧੀ ਸਿੱਖਿਆ ਦੇਣ? ਜਾਂ ਉਹ ਉਹ ਨਾਂ **ਲੈਣ ਤੋਂ ਸੰਕੋਚ ਕਰੇ** ਜਿਸ ਸਬੰਧੀ ਕਿਰਤੀਆਂ ਨੂੰ ਸਿਆਸਤ ਨਾਲ਼ ਆਪਣੀ ਬਹੁਤ ਥੋੜ੍ਹੀ ਵਾਕਫ਼ੀ ਕਾਰਨ ਬਹੁਤ ਥੋੜ੍ਹੀ ਵਾਕਫ਼ੀ ਹੈ? ਜੇ ਅਕੀਮੋਵ ਦੀ ਪੈੜ ਉੱਤੇ ਇੱਕ ਕਦਮ ਚੁੱਕ ਕੇ ਸਾਥੀ ਕੋਸਤਰੋਵ ਇੱਕ ਹੋਰ ਕਦਮ ਨਹੀਂ ਚੁੱਕਣਾ ਚਾਹੁੰਦਾ ਤਾਂ ਉਹ ਇਸ ਸਵਾਲ ਦਾ ਉੱਤਰ ਪਹਿਲੇ ਅਰਥ ਵਿੱਚ ਦੇਵੇਗਾ। ਅਤੇ ਪਹਿਲੇ ਅਰਥ ਵਿੱਚ ਇਹਦਾ ਉੱਤਰ ਦੇਕੇ ਉਹ ਵੇਖ ਲਵੇਗਾ ਕਿ ਉਹਦੀ ਦਲੀਲ ਕਿੰਨੀ ਨਿਰਾਧਾਰ ਹੈ। **ਕੁੱਝ ਵੀ ਹੋਵੇ**, ਪਲੈਖ਼ਾਨੋਵ ਦੇ ਪ੍ਰਸਤਾਵ ਵਿੱਚ "ਸਤਰੂਵੇ" ਅਤੇ "ਓਸਵੋਬੋਜ਼ਦੇਨੀਯੇ" ਦੇ ਸ਼ਬਦ ਕਿਰਤੀਆਂ ਲਈ ਸਤਾਰੋਵਰ ਦੇ ਪ੍ਰਸਤਾਵ ਵਿੱਚ ਸ਼ਬਦਾਂ "ਉਦਾਰਪੰਥੀ ਅਤੇ ਉਦਾਰਪੰਥੀ-ਜਮਹੂਰੀਅਤਪਸੰਦ ਮੁਹਾਣ" ਨਾਲ਼ੋਂ ਕਿਤੇ **ਵਧੇਰੇ ਮੁੱਲ ਦੇ ਹੋਣੇ ਸੰਭਵ ਹਨ।**

"ਓਸਵੋਬੋਜ਼ਦੇਨੀਯੇ" ਤੋਂ ਛੁੱਟ, ਰੂਸੀ ਕਿਰਤੀ ਅੱਜ ਦੇ ਸਮੇਂ ਆਪਣੇ ਆਪ ਨੂੰ ਅਮਲ ਵਿੱਚ ਉਦਾਰਵਾਦ ਦੀਆਂ ਸਿਆਸੀ ਪ੍ਰਵਿਰਤੀਆਂ ਦੇ ਖਰੇ ਪ੍ਰਗਟਾਅ ਜਿਹੀ ਕਿਸੇ ਗੱਲ ਨਾਲ਼ ਜਾਣੂ ਨਹੀਂ ਕਰਵਾ ਸਕਦਾ। ਕਨੂੰਨੀ ਉਦਾਰਪੰਥੀ ਸਾਹਿਤ ਇਸ ਕੰਮ ਲਈ ਨਿਰਯੋਗ ਹੈ ਕਿਉਂਕਿ ਉਹ ਧੁੰਦਲਾ ਹੈ। ਅਤੇ ਇਹ ਲਾਜ਼ਮੀ ਹੈ ਕਿ ਅਸੀਂ ਵੱਧ ਤੋਂ ਵੱਧ ਸੰਭਵ ਤਤਪਰਤਾ ਨਾਲ਼ (ਅਤੇ ਕਿਰਤੀਆਂ ਦੇ ਵਿਸ਼ਾਲ ਤੋਂ ਵਿਸ਼ਾਲ ਸੰਭਵ ਸਮੂਹਾਂ ਵਿੱਚ) ਆਪਣੀ ਪੜਚੋਲ ਦੇ ਹਥਿਆਰ ਦਾ ਨਿਸ਼ਾਨਾ "ਓਸਵੋਬੋਜ਼ਦੇਨੀਯੇ" ਭੱਦਰ-ਪੁਰਸ਼ਾਂ ਵੱਲ ਕਰੀਏ, ਤਾਂ ਜੁ ਜਦੋਂ ਭਵਿੱਖ ਦਾ ਇਨਕਲਾਬ ਛਿੜ ਪਵੇ ਤਾਂ ਹਥਿਆਰਾਂ ਦੀ ਅਸਲੀ ਪੜਚੋਲ ਨਾਲ਼ ਰੂਸੀ ਪ੍ਰੋਲੇਤਾਰੀ "ਓਸਵੋਬੋਜ਼ਦੇਨੀਯੇ" ਭੱਦਰ-ਪੁਰਸ਼ਾਂ ਦੇ ਇਨਕਲਾਬ ਦੇ ਜਮਹੂਰੀ ਖ਼ਾਸੇ ਨੂੰ ਸੀਮਤ ਕਰਨ ਦੇ ਅਟੱਲ ਯਤਨਾਂ ਨੂੰ ਸਿਥਲ ਕਰ ਦੇਵੇ।

————————————

ਵਿਰੋਧਵਾਦੀ ਅਤੇ ਇਨਕਲਾਬੀ ਲਹਿਰ ਦੀ ਸਾਡੇ "ਹਮਾਇਤ ਕਰਨ" ਦੇ ਸਵਾਲ

---

⇨ਪ੍ਰਗਟ ਹੋਈਆਂ ਹਨ, ਬੇਸਬਰੀ ਨਾਲ਼ ਬਸ ਸੜਦਾ ਜਾ ਰਿਹਾ ਹਾਂ। ਕ੍ਰਿਪਾ ਕਰਕੇ, ਸਾਥੀ ਮਾਰਤੋਵ ਮੈਨੂੰ ਇਸ ਭਟਕਾ ਦੇ ਸੰਤਾਪਾਂ ਤੋਂ ਛੁਟਕਾਰਾ ਦਿਵਾ!

ਸਬੰਧੀ ਯੇਗੋਰੋਵ ਦੀ, ਉੱਪਰ ਦੱਸੀ "ਉਲਝਣ" ਤੋਂ ਬਿਨਾਂ ਪ੍ਰਸਤਾਵਾਂ ਉੱਤੇ ਬਹਿਸ ਵਿੱਚ ਰੋਚਕਤਾ ਵਾਲ਼ੀ ਕੋਈ ਗੱਲ ਨਹੀਂ ਸੀ; ਤੱਥ ਤਾਂ ਇਹ ਹੈ ਕਿ ਬਹਿਸ ਲਗਭਗ ਹੋਈ ਹੀ ਨਾ।

————————————

ਕਾਂਗਰਸ ਦਾ ਅੰਤ ਸਭਾਪਤੀ ਵੱਲੋਂ ਇਸ ਸੰਖੇਪ ਚੇਤਾਵਨੀ ਨਾਲ਼ ਹੋਇਆ ਕਿ ਇਹਦੇ ਨਿਰਣੇ ਸਾਰੇ ਪਾਰਟੀ ਮੈਂਬਰਾਂ ਲਈ ਮੰਨਣੇ ਲਾਜ਼ਮੀ ਹਨ।

## ਞ. ਕਾਂਗਰਸ ਵਿੱਚ ਘੋਲ਼ ਦਾ ਆਮ ਚਿੱਤਰ। ਪਾਰਟੀ ਵਿੱਚ ਇਨਕਲਾਬੀ ਅਤੇ ਮੌਕਾਪ੍ਰਸਤ ਪੱਖ

ਕਾਂਗਰਸ ਦੀਆਂ ਬਹਿਸਾਂ ਅਤੇ ਵੋਟ ਪੈਣ ਦਾ ਆਪਣਾ ਵਿਸ਼ਲੇਸ਼ਣ ਖ਼ਤਮ ਕਰ ਲੈਣ ਪਿੱਛੋਂ ਇਹ ਲਾਜ਼ਮੀ ਹੈ ਕਿ ਅਸੀਂ ਸਾਰ ਪੇਸ਼ ਕਰੀਏ ਤਾਂ ਜੁ, ਕਾਂਗਰਸ ਦੀ **ਸਾਰੀ** ਸਮੱਗਰੀ ਦੇ ਅਧਾਰ ਉੱਤੇ, ਅਸੀਂ ਇਸ ਸਵਾਲ ਦਾ ਉੱਤਰ ਦੇਈਏ: ਕਿਹੜੇ ਅੰਸ਼ਾਂ, ਟੋਲੀਆਂ ਅਤੇ ਧਿਰਾਂ ਨੇ ਮਿਲਕੇ ਉਹ ਅਖ਼ੀਰੀ ਬਹੁਗਿਣਤੀ ਅਤੇ ਘੱਟਗਿਣਤੀ ਬਣਾਈ ਜਿਹੜੀ ਅਸਾਂ ਚੋਣਾਂ ਵਿੱਚ ਵੇਖੀ ਅਤੇ ਸਾਡੀ ਪਾਰਟੀ ਵਿੱਚ ਇੱਕ ਸਮੇਂ ਲਈ ਮੁੱਖ ਵੰਡ ਬਣ ਜਾਣਾ ਜਿਸਦੀ ਹੋਣੀ ਸੀ ? ਇਹ ਲਾਜ਼ਮੀ ਹੈ ਕਿ ਸਿਧਾਂਤਕ ਅਤੇ ਦਾਅ-ਪੇਚੀ ਅਸੂਲਾਂ ਨਾਲ਼ ਸਬੰਧਤ ਸਾਰੀਆਂ ਧਿਰਾਂ ਸਬੰਧੀ ਉਸ ਸਮੱਗਰੀ ਦਾ ਸਾਰ ਪੇਸ਼ ਕੀਤਾ ਜਾਵੇ, ਜਿਹੜੀ ਕਾਂਗਰਸ ਦੀ ਕਾਰਵਾਈ ਇੰਨੀ ਬਹੁਲਤਾ ਨਾਲ਼ ਉਪਲਬਧ ਕਰਾਉਂਦੀ ਹੈ। ਇੱਕ ਆਮ "ਸਾਰ" ਤੋਂ ਬਿਨਾਂ, ਸਮੁੱਚੇ ਤੌਰ ਉੱਤੇ ਕਾਂਗਰਸ, ਅਤੇ ਵੋਟਾਂ ਲਏ ਜਾਣ ਸਮੇਂ ਸਾਰੀਆਂ ਮੁੱਖ ਟੋਲੀਆਂ ਦੇ ਇੱਕ ਆਮ ਚਿੱਤਰ ਤੋਂ ਬਿਨਾਂ, ਇਹ ਸਮੱਗਰੀ ਬਹੁਤ ਉਗੜ-ਦੁੱਗੜ ਹੈ, ਬਹੁਤ ਬੇਜੋੜ ਹੈ, ਸੋ ਪਹਿਲੀ ਨਜ਼ਰੇ ਵਿਕੋਲਤ੍ਰੀਆਂ ਟੋਲੀਆਂ ਸਬੱਬੀ ਜਾਪਦੀਆਂ ਹਨ, ਵਿਸ਼ੇਸ਼ ਤੌਰ ਉੱਤੇ ਉਸ ਬੰਦੇ ਲਈ ਜਿਸਨੇ ਕਾਂਗਰਸ ਦੀ ਕਾਰਵਾਈ ਦਾ ਅਜ਼ਾਦ ਅਤੇ ਸਰਬ-ਵਿਆਪਕ **ਅਧਿਐਨ ਕਰਨ** ਦੀ ਖੇਚਲ ਨਹੀਂ ਕੀਤੀ (ਅਤੇ ਕਿੰਨੇ ਪਾਠਕਾਂ ਨੇ ਇਹ ਖੇਚਲ ਕੀਤੀ ਹੈ ?)।

ਅੰਗ੍ਰੇਜ਼ ਪਾਰਲੀਮੈਂਟ ਦੀਆਂ ਰਿਪੋਰਟਾਂ ਵਿੱਚ ਅਕਸਰ ਸਾਨੂੰ ਲਖਣਾਇਕ ਸ਼ਬਦ "ਵੰਡ" ਵੇਖਣ ਨੂੰ ਮਿਲਦੀ ਹੈ। ਜਦੋਂ ਕਿਸੇ ਮਸਲੇ ਉੱਤੇ ਵੋਟ ਲਏ ਜਾਂਦੇ ਹਨ ਤਾਂ ਇਹ ਕਿਹਾ ਜਾਂਦਾ ਹੈ ਕਿ ਸਦਨ ਅਮਕੀ ਅਤੇ ਢਮਕੀ ਬਹੁਗਿਣਤੀ ਅਤੇ ਘੱਟਗਿਣਤੀ ਵਿੱਚ "ਵੰਡਿਆ ਗਿਆ"। ਸਾਡੇ ਸੋਸ਼ਲ-ਡੈਮੋਕ੍ਰੈਟਕ ਸਦਨ ਵਿੱਚ ਕਾਂਗਰਸ ਵਿੱਚ ਵਿਚਾਰੇ ਗਏ ਵੱਖ ਵੱਖ ਮਸਲਿਆਂ ਸਬੰਧੀ "ਵੰਡ" ਸਾਡੀ ਪਾਰਟੀ ਵਿੱਚ ਘੋਲ਼ ਦਾ, ਇਹਦੀਆਂ ਰਾਵਾਂ ਦੀਆਂ ਰੰਗਤਾਂ ਅਤੇ ਟੋਲੀਆਂ ਦਾ ਇੱਕ ਅਜਿਹਾ ਚਿੱਤਰ ਪੇਸ਼ ਕਰਦੀ ਹੈ, ਜਿਹੜੀ **ਆਪਣੀ ਕਿਸਮ ਦੀ ਮਿਸਾਲ ਹੈ ਅਤੇ ਆਪਣੀ ਪੂਰਨਤਾ ਅਤੇ ਸ਼ੁੱਧਤਾ ਲਈ ਲਾਜਵਾਬ ਹੈ।** ਚਿੱਤਰ ਨੂੰ ਉੱਘੜਵਾਂ ਬਣਾਉਣ ਲਈ, ਬੇਜੋੜ, ਉੱਗੜ-ਦੁੱਗੜ ਅਤੇ ਨਿੱਖੜੇ ਹੋਏ ਤੱਥਾਂ ਅਤੇ ਘਟਨਾਵਾਂ ਦੀ ਥਾਂ ਅਸਲੀ **ਚਿੱਤਰ** ਪ੍ਰਾਪਤ ਕਰਨ ਲਈ (ਕਿਸ ਨੇ ਕਿਸ ਦੇ ਹੱਕ ਵਿੱਚ ਵੋਟ ਦਿੱਤਾ ਅਤੇ ਕਿਸਨੇ ਕਿਸ ਦੀ ਹਮਾਇਤ ਕੀਤੀ ?), ਮੈਂ ਸਾਡੀ ਕਾਂਗਰਸ ਵਿੱਚ **ਸਾਰੀਆਂ ਬੁਨਿਆਦੀ** ਕਿਸਮ ਦੀਆਂ "ਵੰਡਾਂ" ਇੱਕ **ਸ਼ਕਲ** ਦੇ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕਰਨ ਦਾ ਨਿਰਣਾ ਕੀਤਾ ਹੈ।

ਕੁੱਝ ਲੋਕਾਂ ਨੂੰ ਇਹ ਗੱਲ ਅਜੀਬ ਜਾਪੇਗੀ, ਪਰ ਮੈਨੂੰ ਸ਼ੱਕ ਹੈ ਕਿ ਕੋਈ ਹੋਰ ਢੰਗ ਲੱਭਿਆ ਜਾ ਸਕਦਾ, ਜਿਹੜਾ ਅਤਿਅੰਤ ਮੁਕੰਮਲ ਅਤੇ ਸ਼ੁੱਧ ਢੰਗ ਨਾਲ਼ ਸਿੱਟਿਆਂ ਦਾ ਸਧਾਰਨ ਰੂਪ ਅਤੇ ਸਾਰ ਪੇਸ਼ ਕਰਨਾ ਸੰਭਵ ਬਣਾਵੇਗਾ। ਕਿਸੇ ਨਿਸ਼ਚਿਤ ਡੈਲੀਗੇਟ ਨੇ ਕਿਸ ਢੰਗ ਨਾਲ਼ ਵੋਟ ਦਿੱਤਾ ਉਹ ਉਹਨਾਂ ਹਾਲਤਾਂ ਵਿੱਚ ਜਿੱਥੇ ਨਾਂ ਲੈ ਕੇ ਵੋਟ ਪਾਏ ਗਏ ਨਿਰਪੇਖ ਸ਼ੁੱਧਤਾ ਨਾਲ਼ ਵੇਖਿਆ ਜਾ ਸਕਦਾ ਹੈ; ਅਤੇ ਕੁੱਝ ਮਹੱਤਵਪੂਰਨ ਮਾਮਲਿਆਂ ਵਿੱਚ ਨਾਂ ਲੈ ਕੇ ਵੋਟ ਨਾ ਲਏ ਗਏ ਇਹ ਕਾਰਵਾਈ ਤੋਂ ਸੰਭਵਤਾ ਦੀ ਚੋਖੀ ਉੱਚੀ ਪੱਧਰ ਤੱਕ, ਸੱਚ ਦੀ ਨੇੜਤਾ ਦੀ ਚੋਖੀ ਪੱਧਰ ਤੱਕ ਮਿਥਿਆ ਜਾ ਸਕਦਾ ਹੈ। ਅਤੇ ਜੇ ਅਸੀਂ ਨਾਂ ਲੈਕੇ ਲਏ ਗਏ **ਸਾਰੇ** ਵੋਟਾਂ ਨੂੰ ਅਤੇ ਕਿਸੇ ਵੀ ਮਹੱਤਤਾ ਵਾਲ਼ੇ (ਉਦਾਹਰਣ ਵਜੋਂ ਜਿਵੇਂ ਬਹਿਸਾਂ ਦੀ ਪੂਰਨਤਾ ਅਤੇ ਨਿੱਘ ਤੋਂ ਨਿਰਣਾ ਕਰਦੇ ਹੋਏ) ਹੋਰ ਵੋਟਾਂ ਨੂੰ ਮੁੱਖ ਰਖੀਏ ਤਾਂ ਸਾਨੂੰ ਪਾਰਟੀ ਅੰਦਰਲੇ ਘੋਲ਼ ਦਾ ਉਹ ਅਤਿਅੰਤ ਬਾਹਰਮੁਖੀ ਚਿੱਤਰ ਮਿਲ ਜਾਂਦਾ ਹੈ ਜਿਹੜਾ ਸਾਨੂੰ ਪ੍ਰਾਪਤ ਸਮੱਗਰੀ ਸੰਭਵ ਬਣਾਉਂਦੀ ਹੈ। ਅਜਿਹਾ ਕਰਦੇ ਹੋਏ ਇੱਕ ਫ਼ੋਟੋ ਪੇਸ਼ ਕਰਨ ਦੀ ਥਾਂ, ਅਰਥਾਤ, ਹਰ ਵਾਰ ਵੋਟ ਲਏ ਜਾਣ ਨੂੰ ਵੱਖ ਵੱਖ ਪੇਸ਼ ਕਰਨ ਦੀ ਥਾਂ, ਅਸੀਂ ਚਿੱਤਰ ਪੇਸ਼ ਕਰਨ ਦਾ ਯਤਨ ਕਰਾਂਗੇ, ਅਰਥਾਤ, ਸਾਪੇਖ ਤੌਰ ਉੱਤੇ ਮਹੱਤਵਹੀਣ ਛੋਟਾਂ ਅਤੇ ਬਦਲਾਂ ਨੂੰ, ਜਿਹੜੇ ਮਾਮਲੇ ਵਿੱਚ ਰੋਲ-ਘਚੋਲਾ ਹੀ ਪੈਦਾ ਕਰਨਗੇ, ਅੱਖੋਂ ਉਹਲੇ ਕਰਦੇ ਹੋਏ, ਸਾਰੇ ਮੁੱਖ **ਪ੍ਰਕਾਰ** ਦੇ ਵੋਟਾਂ ਨੂੰ ਪੇਸ਼ ਕਰਨ ਦਾ ਯਤਨ ਕਰਾਂਗੇ। ਕੁੱਝ ਵੀ ਹੋਵੇ, ਕੋਈ ਵੀ ਕਾਰਵਾਈ ਦੀ ਸਹਾਇਤਾ ਨਾਲ਼ ਸਾਡੇ ਚਿੱਤਰ ਦੇ ਹਰ ਵਿਸਥਾਰ ਦੀ ਪੜਤਾਲ ਕਰ ਸਕਦਾ ਹੈ, ਕਿਸੇ ਵੀ ਹੋਰ ਵੋਟ ਨਾਲ਼ ਜਿਹੜਾ ਉਹਨੂੰ ਪਸੰਦ ਹੋਵੇ, ਇਹਨੂੰ ਵਧਾ ਸਕਦਾ ਹੈ, ਮੁਕਦੀ ਗੱਲ, ਨਾ ਕੇਵਲ ਬਹਿਸਣ, ਸ਼ੱਕ ਪ੍ਰਗਟ ਕਰਨ ਅਤੇ ਵਿਕੋਲਤ੍ਰੀਆਂ ਘਟਨਾਵਾਂ ਵੱਲ ਸੰਕੇਤ ਕਰਕੇ ਸਗੋਂ ਉਸੇ ਸਮੱਗਰੀ ਦੇ ਅਧਾਰ ਉੱਤੇ ਇੱਕ **ਵੱਖਰਾ ਚਿੱਤਰ** ਬਣਾਕੇ।

ਸ਼ਕਲ ਉੱਤੇ ਵੋਟ ਪਾਉਣ ਵਿੱਚ ਹਿੱਸਾ ਲੈਣ ਵਾਲ਼ੇ ਹਰ ਡੈਲੀਗੇਟ ਨੂੰ ਅੰਕਤ ਕਰਦੇ ਹੋਏ ਅਸੀਂ ਵਿਸ਼ੇਸ਼ ਸ਼ੇਡਾਂ ਰਾਹੀਂ ਉਹਨਾਂ ਚਾਰ ਮੁੱਖ ਟੋਲੀਆਂ ਵੱਲ ਸੰਕੇਤ ਕਰਾਂਗੇ ਜਿਨ੍ਹਾਂ ਨੂੰ ਅਸਾਂ ਕਾਂਗਰਸ ਦੀ ਸਾਰੀਆਂ ਬਹਿਸਾਂ ਵਿੱਚ ਵਿਸਥਾਰ ਨਾਲ਼ ਉਲੀਕਿਆ ਹੈ, ਅਰਥਾਤ, 1) ਬਹੁਗਿਣਤੀ ਦੇ "ਇਸਕਰਾ"-ਵਾਦੀ; 2) ਘੱਟਗਿਣਤੀ ਦੇ "ਇਸਕਰਾ"-ਵਾਦੀ; 3) "ਕੇਂਦਰ", ਅਤੇ 4) "ਇਸਕਰਾ"-ਵਿਰੋਧੀ। ਅਸਾਂ **ਬਹੁਤ ਵੱਡੀ ਗਿਣਤੀ ਮਾਮਲਿਆਂ ਵਿੱਚ** ਇਹਨਾਂ ਟੋਲੀਆਂ ਵਿੱਚ ਅਸੂਲ ਦਾ ਫ਼ਰਕ ਵੇਖਿਆ ਹੈ, ਅਤੇ ਜੇ ਕਿਸੇ ਨੂੰ ਟੋਲੀਆਂ ਦੇ **ਨਾਂ** ਪਸੰਦ ਨਹੀਂ, ਜਿਹੜੇ ਵਿੰਗਾਂ-ਟੇਢਾਂ ਨੂੰ ਪਿਆਰ ਕਰਨ ਵਾਲ਼ਿਆਂ ਨੂੰ "ਇਸਕਰਾ" ਜਥੇਬੰਦੀ ਅਤੇ "ਇਸਕਰਾ" ਮੁਹਾਣ ਚੇਤੇ ਕਰਾਉਂਦੇ ਹਨ, ਤਾਂ ਅਸੀਂ ਉਹਨਾਂ ਨੂੰ ਕਹਿ ਸਕਦੇ ਹਾਂ ਕਿ ਇਹ ਨਾਂ ਨਹੀਂ ਜਿਹੜੇ ਮਹੱਤਵਪੂਰਨ ਹਨ। ਹੁਣ ਜਦੋਂ ਅਸਾਂ ਕਾਂਗਰਸ ਵਿੱਚ **ਸਾਰੀਆਂ** ਬਹਿਸਾਂ ਵਿੱਚੋਂ ਧਿਰਾਂ ਨੂੰ ਉਲੀਕ ਲਿਆ ਹੈ, ਪਹਿਲਾਂ ਹੀ ਸਥਾਪਤ ਹੋ ਚੁੱਕੇ ਅਤੇ ਜਾਣੇ ਪਛਾਣੇ ਨਾਵਾਂ (ਜਿਹੜੇ ਕੁੱਝ ਲੋਕਾਂ ਦੇ ਕੰਨਾਂ ਨੂੰ ਖਰ੍ਹਵੇ ਲੱਗਦੇ ਹਨ) ਦੀ ਥਾਂ **ਟੋਲੀਆਂ ਵਿਚਕਾਰ ਧਿਰਾਂ ਦੇ ਤੱਤਾਂ** ਦਾ ਇੱਕ ਲੱਛਣੀਕਰਨ ਦੇਣਾ ਸੌਖਾ ਹੈ। ਜੇ ਇਹ ਬਦਲੀ ਕੀਤੀ ਜਾਂਦੀ ਤਾਂ ਉਹਨਾਂ ਦੀ ਚਾਰ ਟੋਲੀਆਂ ਲਈ ਹੇਠ ਲਿਖੇ ਨਾਂ ਮਿਲਣਗੇ: 1) ਇਕਸਾਰ ਇਨਕਲਾਬੀ


ਸੋਸ਼ਲ–ਡੈਮੋਕ੍ਰੈਟ; 2) ਛੋਟੇਰੇ ਮੌਕਾਪ੍ਰਸਤ; 3) ਵਿਚਕਾਰਲੇ ਮੇਲ ਦੇ ਮੌਕਾਪ੍ਰਸਤਾਂ; ਅਤੇ 4) ਵੱਡੇ ਮੌਕਾਪ੍ਰਸਤ (ਸਾਡੀਆਂ ਰੂਸੀ ਪੱਧਰਾਂ ਤੋਂ ਵਡੇਰੇ)। ਸਾਨੂੰ ਆਸ ਹੈ ਕਿ ਇਹ ਨਾਂ ਉਹਨਾਂ ਲਈ ਘੱਟ ਦੁਖਦਾਈ ਹੋਣਗੇ ਜਿਨ੍ਹਾਂ ਪਿੱਛੇ ਜਿਹੇ ਤੋਂ ਆਪਣੇ ਆਪ ਨੂੰ ਅਤੇ ਹੋਰਾਂ ਨੂੰ ਇਹ ਨਿਸ਼ਚਾ ਦਿਵਾਉਣਾ ਸ਼ੁਰੂ ਕਰ ਦਿੱਤਾ ਹੈ ਕਿ "ਇਸਕਰਾ"–ਵਾਦੀ ਇੱਕ ਅਜਿਹਾ ਨਾਂ ਹੈ ਜਿਹੜਾ ਕੇਵਲ ਇੱਕ "ਮੰਡਲ" ਦਾ ਸੰਕੇਤਕ ਹੈ ਅਤੇ ਇੱਕ **ਮੁਹਾਣ** ਦਾ ਨਹੀਂ।

ਜਮਾਂ ਅਤੇ ਨਫ਼ੀ ਦੇ ਨਿਸ਼ਾਨ ਨਿਸ਼ਚਿਤ ਮਾਮਲੇ ਸਬੰਧੀ **ਹੱਕ ਵਿੱਚ** ਅਤੇ **ਵਿਰੁੱਧ** ਕੁੱਲ ਵੋਟਾਂ ਵੱਲ ਸੰਕੇਤ ਕਰਦੇ ਹਨ। ਕੋਟੀਆਂ ਦੇ ਹੇਠਾਂ ਅੰਕ ਚਾਰ ਟੋਲੀਆਂ ਵਿੱਚੋਂ ਹਰ ਇੱਕ ਵੱਲੋਂ ਪਾਏ ਵੋਟਾਂ ਦੀ ਗਿਣਤੀ ਦੱਸਦੇ ਹਨ। ੳ ਤੋਂ ਹ ਤੱਕ ਪ੍ਰਕਾਰ ਦੇ ਵੋਟਾਂ ਦੀ ਪਾਠ ਵਿੱਚ ਵਿਆਖਿਆ ਕੀਤੀ ਗਈ ਹੈ।

ਹੁਣ ਇਥੇ ਇਸ ਸ਼ਕਲ ਵਿੱਚ "ਚਿੱਤਰੇ" ਵੋਟਾਂ ਦੇ ਵਿਸਥਾਰ ਦੀ ਵਿਆਖਿਆ ਕਰ ਦੇਈਏ (ਵੇਖੋ ਸ਼ਕਲ: "ਕਾਂਗਰਸ ਵਿੱਚ ਘੋਲ਼ ਦਾ ਆਮ ਚਿੱਤਰ")।

ਪਹਿਲੀ ਕਿਸਮ ਦਾ ਵੋਟ (ੳ) ਉਹਨਾਂ ਮਾਮਲਿਆਂ ਨੂੰ ਆਪਣੀ ਵਲਗਣ ਵਿੱਚ ਲੈਂਦਾ ਹੈ ਜਿੱਥੇ "ਕੇਂਦਰ" ਨੇ "ਇਸਕਰਾ"–ਵਿਰੋਧੀਆਂ ਜਾਂ ਉਹਨਾਂ ਦੇ ਇੱਕ ਹਿੱਸੇ ਵਿਰੁੱਧ "ਇਸਕਰਾ"–ਵਾਦੀਆਂ ਦਾ ਸਾਥ ਦਿੱਤਾ। ਇਸ ਵਿੱਚ ਸਮੁੱਚੇ ਤੌਰ ਉੱਤੇ ਪ੍ਰੋਗਰਾਮ ਉੱਤੇ ਵੋਟ ਸ਼ਾਮਲ ਹੈ (ਕੇਵਲ ਸਾਥੀ ਅਕੀਮੋਵ ਨੇ ਕਿਸੇ ਪਾਸੇ ਵੋਟ ਨਾ ਦਿੱਤਾ, ਬਾਕੀ ਸਾਰਿਆਂ ਨੇ ਹੱਕ ਵਿੱਚ ਵੋਟ ਦਿੱਤੇ); ਅਸੂਲੀ ਤੌਰ ਉੱਤੇ ਸੰਘ ਦੀ ਨਖੇਧੀ ਕਰਨ ਦੇ ਪ੍ਰਸਤਾਵ ਉੱਤੇ ਵੋਟ (ਪੰਜ

**ਕਾਂਗਰਸ ਵਿੱਚ ਘੋਲ਼ ਦਾ ਆਮ ਚਿੱਤਰ**



ਬੁੰਦਵਾਦੀਆਂ ਤੋਂ ਬਿਨਾਂ ਸਭ ਨੇ ਹੱਕ ਵਿੱਚ ਵੋਟ ਦਿੱਤੇ); "ਬੁੰਦ" ਦੇ ਨਿਯਮਾਂ ਦੇ ਦੂਜੇ ਪੈਰੇ ਉੱਤੇ ਵੋਟ (ਪੰਜ ਬੁੰਦਵਾਦੀਆਂ ਨੇ ਸਾਡੇ ਵਿਰੁੱਧ ਵੋਟ ਦਿੱਤੇ; ਪੰਜਾਂ ਨੇ ਕਿਸੇ ਪਾਸੇ ਵੋਟ ਨਾ ਦਿੱਤੇ, ਅਰਥਾਤ: ਮਾਰਤੀਨੋਵ, ਅਕੀਮੋਵ, ਬਰੂਕੇਰੇ, ਅਤੇ ਆਪਣੇ ਦੋ ਵੋਟਾਂ ਨਾਲ਼ ਮਾਖੋਵ; ਬਾਕੀ ਸਾਡੇ ਨਾਲ਼ ਸਨ); **ਇਹ ਉਹ ਵੋਟ ਹੈ ਜਿਹੜਾ ਸ਼ਕਲ ੳ ਵਿੱਚ ਪੇਸ਼ ਕੀਤ ਗਿਆ ਹੈ।** ਹੋਰ, "ਇਸਕਰਾ" ਦੀ ਪਾਰਟੀ ਦੇ ਕੇਂਦਰੀ ਬੁਲਾਰੇ ਵਜੋਂ ਤਸਦੀਕ ਕਰਨ ਸਬੰਧੀ **ਤਿੰਨ** ਵਾਰ ਵੋਟ ਵੀ ਇਸੇ ਪ੍ਰਕਾਰ ਦੇ ਸਨ: ਸੰਪਾਦਕਾਂ (ਪੰਜ ਵੋਟ) ਨੇ ਕਿਸੇ ਪਾਸੇ ਵੋਟ ਨਾ ਦਿੱਤੇ; ਤਿੰਨਾਂ ਹੀ ਮਾਮਲਿਆਂ ਵਿੱਚ ਦੋ ਵੋਟ (ਅਕੀਮੋਵ ਅਤੇ ਬਰੂਕੇਰੇ) ਵਿਰੁੱਧ ਸਨ, ਅਤੇ, ਇਸ ਤੋਂ ਵੱਧ, ਜਦੋਂ, "ਇਸਕਰਾ" ਦੀ ਤਸਦੀਕ ਕਰਨ ਦੇ **ਮੰਤਵਾਂ** ਸਬੰਧੀ ਵੋਟ ਲਏ ਗਏ ਤਾਂ ਪੰਜ ਬੁੰਦਵਾਦੀਆਂ ਅਤੇ ਸਾਥੀ ਮਾਰਤੀਨੋਵ ਨੇ ਕਿਸੇ ਪਾਸੇ ਵੋਟ ਨਾ ਦਿੱਤੇ।*

ਇਸ ਪ੍ਰਕਾਰ ਦੇ ਵੋਟ ਇੱਕ ਬੜੇ ਰੋਚਕ ਅਤੇ ਮਹੱਤਵਪੂਰਨ ਸਵਾਲ ਦਾ ਜਵਾਬ ਦਿੰਦੇ ਹਨ, ਅਰਥਾਤ, ਕਾਂਗਰਸ ਦੇ "ਕੇਂਦਰ" ਨੇ ਕਦੋਂ "ਇਸਕਰਾ"-ਵਾਦੀਆਂ ਨਾਲ਼ ਵੋਟ ਦਿੱਤੇ ? ਇਹ ਜਾਂ ਤਾਂ ਉਦੋਂ ਸੀ ਜਦੋਂ **"ਇਸਕਰਾ"-ਵਿਰੋਧੀ ਵੀ ਸਾਡੇ ਨਾਲ਼ ਸਨ**, ਛੋਟਾਂ ਨਾਲ਼ (ਪ੍ਰੋਗਰਾਮ ਦੀ ਪ੍ਰਵਾਨਗੀ, ਜਾਂ ਮੰਤਵ ਬਿਆਨ ਕੀਤੇ ਬਿਨਾਂ "ਇਸਕਰਾ" ਦੀ ਤਸਦੀਕ), ਜਾਂ ਜਦੋਂ ਸਵਾਲ ਅਜਿਹੇ **ਬਿਆਨ** ਦਾ ਸੀ ਜਿਹੜਾ ਆਪਣੇ ਆਪ ਵਿੱਚ ਨਿਸ਼ਚਿਤ ਸਿਆਸੀ ਪੈਂਤੜੇ ਨਾਲ਼ ਸਿੱਧਾ ਬੰਧੇਜ ਦਾ ਨਹੀਂ ਸੀ (ਆਪਣੇ ਆਪ ਵਿੱਚ "ਇਸਕਰਾ" ਦੇ ਜਥੇਬੰਦਕ ਕੰਮ ਦੀ ਪ੍ਰਵਾਨਗੀ ਨਿਸ਼ਚਿਤ ਟੋਲੀਆਂ ਦੇ ਸਬੰਧ ਵਿੱਚ ਇਹਦੀ ਜਥੇਬੰਦਕ ਨੀਤੀ ਅਮਲ ਵਿੱਚ ਚਲਾਉਣ ਲਈ ਬੰਧਨ ਨਹੀਂ ਸੀ; ਸੰਘ ਦੇ ਨਿਯਮ ਨੂੰ ਰੱਦ ਕਰਨਾ ਸੰਘ ਦੀ ਨਿਸ਼ਚਿਤ ਯੋਜਨਾ ਸਬੰਧੀ ਕਿਸੇ ਪਾਸੇ ਵੋਟ ਨਾ ਦੇਣ ਤੋਂ ਰੋਕਦਾ ਨਹੀਂ ਸੀ, ਜਿਹਾ ਕਿ ਅਸਾਂ ਸਾਥੀ ਮਾਖੋਵ ਦੇ ਮਾਮਲੇ ਵਿੱਚ ਵੇਖਿਆ ਹੈ)। ਅਸਾਂ ਪਹਿਲਾਂ ਹੀ ਵੇਖਿਆ ਹੈ ਕਿ ਆਮ ਤੌਰ ਉੱਤੇ ਕਾਂਗਰਸ ਵਿੱਚ ਟੋਲੀਆਂ ਦੀ ਗੱਲ ਕਰਦੇ ਹੋਏ, ਅਧਿਕਾਰਤ "ਇਸਕਰਾ" ਵਿੱਚ (ਸਾਥੀ ਮਾਰਤੋਵ ਦੇ ਮੂੰਹ ਤੋਂ) ਮਾਮਲਾ ਕਿੰਨੀ ਝੂਠੀ ਤਰ੍ਹਾਂ ਅਧਿਕਾਰਤ ਤੌਰ ਉੱਤੇ ਪੇਸ਼ ਕੀਤਾ ਜਾਂਦਾ ਹੈ, ਜਿਹੜਾ **ਉਹਨਾਂ ਹਾਲਤਾਂ** ਦਾ ਹਵਾਲਾ ਦੇ ਕੇ **ਜਦੋਂ "ਇਸਕਰਾ"-ਵਿਰੋਧੀਆਂ ਨੇ ਵੀ ਸਾਡੇ ਨਾਲ਼ ਵੋਟ ਦਿੱਤੇ**, "ਇਸਕਰਾ"-ਵਾਦੀਆਂ ਅਤੇ "ਕੇਂਦਰ" ਵਿਚਕਾਰ, ਇਕਸਾਰ ਇਨਕਲਾਬੀ ਸੋਸ਼ਲ-ਡੈਮੋਕ੍ਰੈਟਾਂ ਅਤੇ ਮੌਕਾਪ੍ਰਸਤਾਂ ਵਿਚਕਾਰ ਮਤ-ਭੇਦ ਉੱਤੇ **ਪੋਚਾ-ਪਾਚੀ ਕਰਦਾ ਅਤੇ ਅੱਖੋਂ ਉਹਲੇ ਕਰਦਾ ਹੈ।** ਜਰਮਨ ਅਤੇ ਫ਼ਰਾਂਸੀਸੀ ਜਥੇਬੰਦੀਆਂ ਵਿੱਚ ਅਤਿਅੰਤ "ਸੱਜ-ਪੱਖੀ" ਮੌਕਾਪ੍ਰਸਤ ਵੀ **ਸਮੁੱਚੇ ਤੌਰ ਉੱਤੇ ਪ੍ਰੋਗਰਾਮ ਦੀ ਪ੍ਰਵਾਨਗੀ** ਜਿਹੇ ਨੁਕਤਿਆਂ

---

* "ਬੁੰਦ" ਦੇ ਨਿਯਮਾਂ ਦੇ ਦੂਜੇ ਪੈਰ੍ਹੇ ਉੱਤੇ ਵੋਟ ਸ਼ਕਲ ਵਿੱਚ ਪੇਸ਼ ਕਰਨ ਲਈ ਕਿਉਂ ਲਿਆ ਗਿਆ ? ਕਿਉਂਕਿ "ਇਸਕਰਾ" ਦੀ ਤਸਦੀਕ ਕਰਨ ਵਾਲ਼ੇ ਵੋਟ ਇੰਨੇ ਮੁਕੰਮਲ ਨਹੀਂ ਸਨ, ਜਿੱਥੇ ਕਿ ਪ੍ਰੋਗਰਾਮ ਅਤੇ ਸੰਘ ਦੇ ਪ੍ਰਸ਼ਨ ਸਬੰਧੀ ਵੋਟ ਘੱਟ ਨਿਸ਼ਚਿਤ ਅਤੇ ਵਿਸ਼ੇਸ਼ ਖ਼ਾਸੇ ਵਾਲ਼ੇ ਸਨ। ਆਮ ਤੌਰ ਉੱਤੇ ਗੱਲ ਕਰਦਿਆਂ **ਇੱਕ ਪ੍ਰਕਾਰ ਦੇ** ਕਈ ਵੋਟਾਂ ਵਿੱਚੋਂ ਇੱਕ ਜਾਂ ਦੂਜੇ ਦੀ ਚੋਣ ਚਿੱਤਰ ਦੇ ਮੁੱਖ ਲੱਛਣਾਂ ਉੱਤੇ ਘੱਟ ਤੋਂ ਘੱਟ ਪ੍ਰਭਾਵ ਪਾਵੇਗੀ, ਜਿਹਾ ਕਿ ਕੋਈ ਵੀ ਅਨੁਸਾਰੀ ਤਬਦੀਲੀਆਂ ਕਰਕੇ ਸੌਖੇ ਹੀ ਵੇਖ ਸਕਦਾ ਹੈ।

ਵਿਰੁੱਧ ਵੋਟ ਨਹੀਂ ਦੇਂਦੇ।

ਦੂਜੇ ਕਿਸਮ ਦੇ ਵੋਟ (ਅ) ਉਹਨਾਂ ਮਾਮਲਿਆਂ ਨੂੰ ਆਪਣੀ ਵਲਗਣ ਵਿੱਚ ਲੈਂਦੇ ਹਨ ਜਦੋਂ "ਇਸਕਰਾ"-ਵਾਦੀਆਂ, ਇਕਸਾਰ ਅਤੇ ਅਸਥਿਰ, ਨੇ ਸਮੁੱਚੇ "ਇਸਕਰਾ" ਵਿਰੋਧੀਆਂ ਅਤੇ ਸਮੁੱਚੇ "ਕੇਂਦਰ" ਵਿਰੁੱਧ ਵੋਟ ਦਿੱਤੇ। ਵਧੇਰੇ ਕਰਕੇ ਇਹ ਉਹ ਮਾਮਲੇ ਸਨ ਜਿਥੇ "ਇਸਕਰਾ" ਦੀ ਨੀਤੀ ਦੀਆਂ ਨਿਸ਼ਚਿਤ ਅਤੇ ਵਿਸ਼ੇਸ਼ ਪਲਾਨਾਂ ਨੂੰ ਅਮਲ ਦੇਣਾ ਸ਼ਾਮਲ ਸੀ, ਅਰਥਾਤ **ਯਥਾਰਥ ਵਿੱਚ ਅਤੇ ਕੇਵਲ ਜ਼ਬਾਨੀ ਨਹੀਂ** "ਇਸਕਰਾ" ਦੀ ਤਸਦੀਕ ਕਰਨਾ ਸੀ। ਇਹਨਾਂ ਵਿੱਚ ਸ਼ਾਮਲ ਹਨ **ਜਥੇਬੰਦਕ ਕਮੇਟੀ ਦੀ ਘਟਨਾ***; ਪਾਰਟੀ ਵਿੱਚ "ਬੁੰਦ" ਦੇ ਸਥਾਨ ਨੂੰ ਏਜੰਡੇ ਵਿੱਚ ਪਹਿਲੀ ਮਦ ਬਣਾਉਣਾ; "ਯੁਜ਼ਨੀ ਰਾਬੋਚੀ" ਟੋਲੀ ਦਾ ਤੋੜਿਆ ਜਾਣਾ; ਜ਼ਰਅਈ ਪ੍ਰੋਗਰਾਮ ਸਬੰਧੀ ਦੋ ਵਾਰ ਵੋਟ ਅਤੇ ਛੇਵਾਂ ਤੇ ਅਖ਼ੀਰੀ, ਵਿਦੇਸ਼ਾਂ ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦੀ ਯੂਨੀਅਨ **ਵਿਰੁੱਧ** ਵੋਟ ("ਰਾਬੋਚੇਏ ਦੇਲੋ"), ਅਰਥਾਤ ਲੀਗ ਦੀ ਵਿਦੇਸ਼ਾਂ ਵਿੱਚ ਇੱਕੋ ਇੱਕ ਪਾਰਟੀ ਜਥੇਬੰਦੀ ਵਜੋਂ ਪ੍ਰਵਾਨਗੀ। ਪੁਰਾਣੀ, ਪੂਰਵ-ਪਾਰਟੀ ਮੰਡਲ ਭਾਵਨਾ, ਮੌਕਾਪ੍ਰਸਤ ਜਥੇਬੰਦੀਆਂ ਜਾਂ ਟੋਲੀਆਂ ਦੇ ਹਿਤ, ਮਾਰਕਸਵਾਦ ਦਾ ਸੌੜਾ ਸੰਕਲਪ ਇਥੇ ਇਨਕਲਾਬੀ ਸੋਸ਼ਲ-ਡੈਮੋਕ੍ਰਸੀ ਦੀ ਸਖ਼ਤੀ ਨਾਲ਼ ਇਕਸਾਰ ਅਤੇ ਅਸੂਲੀ ਨੀਤੀ ਵਿਰੁੱਧ ਲੜ ਰਹੇ ਸਨ; ਘੱਟਗਿਣਤੀ ਦੇ "ਇਸਕਰਾ"-ਵਾਦੀ ਅਜੇ ਵੀ ਬਹੁਤ ਸਾਰੇ ਮਾਮਲਿਆਂ ਵਿੱਚ, ਕਈ ਅਤਿਅੰਤ ਮਹੱਤਵਪੂਰਨ ਵੋਟਾਂ ਵਿੱਚ, ਸਾਡੀ ਧਿਰ ਵਿੱਚ ਸਨ (ਜਥੇਬੰਦਕ ਕਮੇਟੀ, "ਯੁਜ਼ਨੀ ਰਾਬੋਚੀ" ਅਤੇ "ਰਾਬੋਚੇਏ ਦੇਲੋ" ਦੇ ਮਾਮਲਿਆਂ ਵਿੱਚ)... ਜਦੋਂ ਤੱਕ ਕਿ **ਉਹਨਾਂ ਦੀ ਆਪਣੀ** ਮੰਡਲ ਭਾਵਨਾ ਅਤੇ ਉਹਨਾਂ ਦੀ ਆਪਣੀ ਅਸਥਿਰਤਾ ਨੂੰ ਵੰਗਾਰਿਆ ਨਾ ਗਿਆ। ਇਸ ਪ੍ਰਕਾਰ ਦੀਆਂ "ਵੰਡਾਂ" ਬੜੀ ਉੱਘੜਵੀਂ ਸਪਸ਼ਟਤਾ ਨਾਲ਼ ਇਸ ਗੱਲ ਨੂੰ ਸਾਹਮਣੇ ਲਿਆਉਂਦੀਆਂ ਹਨ ਕਿ ਸਾਡੇ ਅਸੂਲਾਂ ਦੇ ਅਮਲ ਵਿੱਚ ਲਾਗੂ ਕੀਤੇ ਜਾਣ ਨਾਲ਼ ਸਬੰਧਤ ਬਹੁਤ ਸਾਰੇ ਮਾਮਲਿਆਂ ਵਿੱਚ **"ਕੇਂਦਰ" ਨੇ ਆਪਣੀਆਂ ਸ਼ਕਤੀਆਂ "ਇਸਕਰਾ"-ਵਿਰੋਧੀਆਂ ਨਾਲ਼ ਸਾਂਝੀਆਂ ਕੀਤੀਆਂ**, ਉਹਨੇ ਸਾਡੇ ਨਾਲ਼ੋਂ ਉਹਨਾਂ

---

* ਇਹ ਉਹ ਵੋਟ ਹਨ ਜਿਹੜੇ ਸ਼ਕਲ ਅ ਵਿੱਚ ਦਰਸਾਏ ਗਏ ਹਨ; "ਇਸਕਰਾ"-ਵਾਦੀਆਂ ਨੂੰ 32 ਵੋਟ ਮਿਲੇ, ਬੁੰਦਵਾਦੀ ਪ੍ਰਸਤਾਵ ਨੂੰ 16। ਇਸ ਗੱਲ ਕਹਿ ਦੇਣੀ ਚਾਹੀਦੀ ਹੈ ਕਿ ਇਹੋ ਜਿਹੇ ਵੋਟਾਂ ਵਿੱਚੋਂ ਇੱਕ ਵੀ **ਨਾਂ ਲੈਕੇ ਵੋਟ ਨਹੀਂ** ਸੀ। ਵਿਅਕਤੀਗਤ ਡੈਲੀਗੇਟਾਂ ਦੇ ਵੋਟ ਦੇਣ ਦੇ ਢੰਗ ਦਾ ਪਤਾ ਕੱਢਿਆ ਜਾ ਸਕਦਾ ਹੈ—ਪਰ ਸੰਭਵਤਾ ਦੀ ਬਹੁਤ ਉੱਚੀ ਪੱਧਰ ਨਾਲ਼—ਸ਼ਾਹਦੀ ਦੇ ਦੋ ਜੁਟਾਂ ਤੋਂ: 1) ਬਹਿਸ ਵਿੱਚ "ਇਸਕਰਾ"-ਵਾਦੀਆਂ ਦੀਆਂ ਦੁਹਾਂ ਟੋਲੀਆਂ ਦੇ ਬੁਲਾਰੇ ਹੱਕ ਵਿੱਚ ਬੋਲੇ, "ਇਸਕਰਾ"-ਵਿਰੋਧੀਆਂ ਅਤੇ "ਕੇਂਦਰ" ਦੇ ਵਿਰੁੱਧ; 2) **ਹੱਕ ਵਿੱਚ** ਪਏ ਵੋਟਾਂ ਦੀ ਗਿਣਤੀ ਸਦਾ ਹੀ 33 ਦੇ ਨੇੜੇ ਸੀ। ਨਾ ਹੀ ਇਹ ਗੱਲ ਭੁੱਲਣੀ ਚਾਹੀਦੀ ਹੈ ਕਿ ਕਾਂਗਰਸ ਦੀਆਂ ਬਹਿਸਾਂ ਦਾ ਵਿਸ਼ਲੇਸ਼ਣ ਕਰਦੇ ਹੋਏ, ਅਸਾਂ, ਵੋਟਾਂ ਪੈਣ ਤੋਂ ਉੱਕਾ ਹੀ ਵੱਖ, **ਬਹੁਤ ਸਾਰੇ** ਮਾਮਲਿਆਂ ਵੱਲ ਧਿਆਨ ਦਿਵਾਇਆ ਹੈ ਜਿੱਥੇ "ਕੇਂਦਰ" ਨੇ ਸਾਡੇ ਵਿਰੁੱਧ "ਇਸਕਰਾ"-ਵਿਰੋਧੀਆਂ (ਮੌਕਾਪ੍ਰਸਤਾਂ) ਦਾ ਸਾਥ ਦਿੱਤਾ। ਇਹਨਾਂ ਵਿੱਚੋਂ ਕੁੱਝ ਮਾਮਲੇ ਸਨ: ਜਮਹੂਰੀ ਮੰਗਾਂ ਦੀ ਨਿਰਪੇਖ ਕਦਰ, ਕੀ ਸਾਨੂੰ ਵਿਰੋਧਵਾਦੀ ਅੰਸ਼ਾਂ ਦੀ ਹਮਾਇਤ ਕਰਨੀ ਚਾਹੀਦੀ ਹੈ, ਕੇਂਦਰਵਾਦ ਨੂੰ ਸੀਮਤ ਕਰਨਾ, ਆਦਿ।

ਨਾਲ਼ ਵਧੇਰੇ ਨੇੜਤਾ, **ਅਮਲ ਵਿੱਚ** ਸੋਸ਼ਲ–ਡੈਮੋਕ੍ਰੇਸੀ ਦੇ **ਇਨਕਲਾਬੀ** ਪੱਖ ਨਾਲ਼ੋਂ **ਮੌਕਾਪ੍ਰਸਤ** ਪੱਖ ਵੱਲ ਵਧੇਰੇ ਝੁਕਾ ਵਿਖਾਇਆ। ਜਿਹੜੇ ਲੋਕਾਂ **ਨਾਮ ਨੂੰ** "ਇਸਕਰਾ"–ਵਾਦੀ ਸਨ ਪਰ "ਇਸਕਰਾ"–ਵਾਦੀ **ਹੋਣ ਉੱਤੇ** ਸ਼ਰਮਿੰਦੇ ਸਨ, ਉਹਨਾਂ ਆਪਣਾ ਅਸਲੀ ਖ਼ਾਸਾ ਪ੍ਰਗਟ ਕੀਤਾ, ਅਤੇ ਅਟੱਲ ਤੌਰ ਉੱਤੇ ਜਿਹੜਾ ਘੋਲ਼ ਇਸ ਕਾਰਨ ਛਿੜਿਆ ਉਹਨੇ ਕੋਈ ਘੱਟ ਕੁੜਤਣ ਪੈਦਾ ਨਾ ਕੀਤੀ, ਜਿਸਨੇ ਘੱਟ ਸੋਚਵਾਨਾਂ ਅਤੇ ਵਧੇਰੇ ਪ੍ਰਭਾਵੁਕਾਂ ਲਈ ਘੋਲ਼ ਵਿੱਚ ਪ੍ਰਗਟ ਹੋਈਆਂ ਅਸੂਲ ਦੀਆਂ ਰੰਗਤਾਂ ਨੂੰ ਧੁੰਦਲਾ ਕਰ ਦਿੱਤਾ। ਪਰ ਹੁਣ ਜਦੋਂ ਲੜਾਈ ਦਾ ਜੋਸ਼ ਮੱਠਾ ਪੈ ਗਿਆ ਹੈ ਅਤੇ ਕਾਰਵਾਈ ਗਰਮਾ–ਗਰਮ ਟੱਕਰਾਂ ਦੀ ਇੱਕ ਲੜੀ ਦਾ ਬੇਲਾਗ ਸਾਰ ਹੈ, ਕੇਵਲ ਉਹੋ ਲੋਕ ਜਿਹੜੇ ਜਾਣ ਬੁੱਝ ਕੇ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਹਨ, ਇਹ ਵੇਖਣ ਵਿੱਚ ਅਸਫ਼ਲ ਰਹਿੰਦੇ ਹਨ ਕਿ ਮਾਖੋਵਾਂ ਅਤੇ ਯੇਗੋਰੋਵਾਂ ਦਾ ਅਕੀਮੋਵਾਂ ਅਤੇ ਲੀਬਰਾਂ ਨਾਲ਼ ਏਕਾ ਕੋਈ ਸਬੱਬੀ ਗੱਲ ਨਹੀਂ ਸੀ ਅਤੇ ਨਾ ਹੀ ਹੋ ਸਕਦੀ ਸੀ। ਮਾਰਤੋਵ ਅਤੇ ਐਕਸਲਰੋਦ ਜਿਹੜੀ ਇੱਕੋ ਇੱਕ ਗੱਲ ਕਰ ਸਕਦੇ ਹਨ, ਉਹ ਇਹ ਹੈ ਕਿ ਕਾਰਵਾਈ ਦੇ ਵਿਆਪਕ ਅਤੇ ਸ਼ੁੱਧ ਵਿਸ਼ਲੇਸ਼ਣ ਤੋਂ ਪਰ੍ਹਾਂ ਰਹਿਣ ਜਾਂ ਇੰਨਾ ਪਛੜਕੇ ਹਰ ਤਰ੍ਹਾਂ ਦੇ **ਅਫ਼ਸੋਸ** ਦੇ ਪ੍ਰਗਟਾਵਾਂ ਨਾਲ਼ ਆਪਣੇ ਵਤੀਰੇ ਨੂੰ **ਮਿਟਾਉਣ** ਦਾ ਯਤਨ ਕਰਨ। ਜਿਵੇਂ ਅਫ਼ਸੋਸ ਵਿਚਾਰਾਂ ਦੇ ਮਤ–ਭੇਦ ਅਤੇ ਨੀਤੀ ਦੇ ਮਤ–ਭੇਦ ਦੂਰ ਕਰ ਸਕਦੇ ਹੋਣ! ਜਿਵੇਂ ਅਕੀਮੋਵ, ਬਰੂਕੇਰੇ ਅਤੇ ਮਾਰਤੀਨੋਵ ਨਾਲ਼ ਮਾਰਤੋਵ ਅਤੇ ਐਕਸਲਰੋਦ ਦਾ ਅਜੋਕਾ ਏਕਾ, ਦੂਜੀ ਕਾਂਗਰਸ ਵਿੱਚ ਮੁੜ–ਸਥਾਪਤ ਕੀਤੀ ਗਈ ਸਾਡੀ ਪਾਰਟੀ ਨੂੰ ਉਹ ਘੋਲ਼ ਭੁਲਾ ਸਕਦਾ ਹੈ ਜਿਹੜਾ "ਇਸਕਰਾ"–ਵਾਦੀਆਂ ਨੇ ਲਗਭਗ ਸਾਰੀ ਕਾਂਗਰਸ ਦੇ ਦੌਰਾਨ "ਇਸਕਰਾ"–ਵਿਰੋਧੀਆਂ ਵਿਰੁੱਧ ਲੜਿਆ।

ਕਾਂਗਰਸ ਵਿੱਚ ਤੀਜੀ ਕਿਸਮ ਦੇ ਵੋਟਾਂ ਦਾ, ਜਿਹੜੇ ਸ਼ਕਲ ਦੇ ਬਾਕੀ ਹਿੱਸਿਆਂ (ੲ, ਸ ਅਤੇ ਹ) ਵਿੱਚ ਵਿਖਾਇਆ ਗਿਆ ਹੈ, ਉੱਘੜਵਾਂ ਲੱਛਣ ਇਹ ਹੈ ਕਿ **"ਇਸਕਰਾ"-ਵਾਦੀਆਂ ਦਾ ਇੱਕ ਨਿੱਕਾ ਹਿੱਸਾ ਵੱਖ ਹੋ ਗਿਆ ਅਤੇ "ਇਸਕਰਾ"-ਵਿਰੋਧੀਆਂ ਵੱਲ ਚਲਾ ਗਿਆ**, ਜਿਨ੍ਹਾਂ ਨੂੰ ਤਦਅਨੁਸਾਰ ਜਿੱਤ ਪ੍ਰਾਪਤ ਹੋਈ (ਜਿੰਨਾ ਚਿਰ ਉਹ ਕਾਂਗਰਸ ਵਿੱਚ ਰਹੇ।) "ਇਸਕਰਾ"–ਵਾਦੀਆਂ ਦੇ "ਇਸਕਰਾ"–ਵਿਰੋਧੀਆਂ ਨਾਲ਼ ਇਸ ਉੱਘੇ **ਏਕੇ** ਦੇ ਵਿਕਾਸ ਨੂੰ ਪੂਰਨ ਸ਼ੁੱਧਤਾ ਨਾਲ਼ ਉਲੀਕਣ ਦੇ ਮੰਤਵ ਨਾਲ਼, ਜਿਸਦੇ ਬਸ ਜ਼ਿਕਰ ਨੇ ਹੀ ਮਾਰਤੋਵ ਨੂੰ ਕਾਂਗਰਸ ਵਿੱਚ ਝਲਿਆਏ ਖ਼ਤ ਲਿਖਣ ਵੱਲ ਧੱਕ ਦਿੱਤਾ, ਅਸਾਂ ਇਸ ਪ੍ਰਕਾਰ ਦੇ **ਨਾਂ ਲੈ ਕੇ ਲਏ ਗਏ** ਵੋਟਾਂ ਦੀਆਂ ਤਿੰਨੇ ਦੀਆਂ ਤਿੰਨ ਕਿਸਮਾਂ ਇਥੇ ਨਕਲ ਕਰ ਦਿੱਤੀਆਂ ਹਨ। ੲ— ਭਾਸ਼ਾਵਾਂ ਦੀ ਬਰਾਬਰੀ ਸਬੰਧੀ ਵੋਟ ਹੈ (ਇਸ ਪ੍ਰਸ਼ਨ ਸਬੰਧੀ ਨਾਂ ਲੈ ਕੇ ਲਏ ਗਏ ਵੋਟਾਂ ਵਿੱਚੋਂ ਤੀਜਾ ਇੱਥੇ ਦਿੱਤਾ ਗਿਆ ਹੈ ਕਿਉਂਕਿ ਇਹ ਸਭ ਤੋਂ ਵੱਧ ਪੂਰਨ ਸੀ)। ਸਾਰੇ "ਇਸਕਰਾ"–ਵਿਰੋਧੀ ਅਤੇ ਪੂਰਾ "ਕੇਂਦਰ" ਪੱਕੀ ਤਰ੍ਹਾਂ ਸਾਡੇ ਵਿਰੁੱਧ ਖੜੇ ਹਨ; "ਇਸਕਰਾ"–ਵਾਦੀਆਂ ਵਿੱਚੋਂ ਬਹੁਗਿਣਤੀ ਦਾ ਇੱਕ ਹਿੱਸਾ ਅਤੇ ਘੱਟਗਿਣਤੀ ਦਾ ਇੱਕ ਹਿੱਸਾ ਵੱਖ ਹੋ ਜਾਂਦੇ ਹਨ। **ਅਜੇ ਇਹ ਗੱਲ ਸਪਸ਼ਟ ਨਹੀਂ ਕਿ "ਇਸਕਰਾ"-ਵਾਦੀਆਂ ਵਿੱਚੋਂ ਕਿਹੜੇ ਕਾਂਗਰਸ ਦੇ ਮੌਕਾਪ੍ਰਸਤ "ਸੱਜੇ ਪੱਖ" ਨਾਲ਼ ਨਿਸ਼ਚਿਤ ਅਤੇ ਸਥਿਰ ਏਕਾ ਬਣਾਉਣ ਦੇ ਯੋਗ ਹੈ।** ਇਸ ਤੋਂ

ਪਿਛੋਂ ਸ ਪ੍ਰਕਾਰ ਆਉਂਦਾ ਹੈ—ਨਿਯਮਾਂ ਦੇ ਪਹਿਲੇ ਪੈਰੇ ਉੱਤੇ ਵੋਟ (ਦੋ ਵੋਟਾਂ ਵਿਚੋਂ ਅਸਾਂ ਉਹ ਲਿਆ ਹੈ ਜਿਹੜਾ ਵਧੇਰੇ ਸਪਸ਼ਟ ਸੀ, ਅਰਥਾਤ ਜਿਸ ਵਿੱਚ ਕਿਸੇ ਪਾਸੇ ਵੋਟ ਨਾ ਦੇਣ ਵਾਲ਼ੇ ਕੋਈ ਨਹੀਂ ਸਨ)। **ਕੁਲੀਸ਼ਨ ਵਧੇਰੇ ਉੱਭਰ ਕੇ ਸਾਹਮਣੇ ਆਉਂਦੀ ਹੈ ਅਤੇ ਵਧੇਰੇ ਪੱਕਾ ਰੂਪ ਧਾਰ ਲੈਂਦੀ ਹੈ***: ਘੱਟਗਿਣਤੀ ਦੇ **ਸਾਰੇ** "ਇਸਕਰਾ"-ਵਾਦੀ ਪਰ ਬਹੁਗਿਣਤੀ ਦੇ "ਇਸਕਰਾ"-ਵਾਦੀਆਂ ਦੀ ਬਹੁਤ ਥੋੜ੍ਹੀ ਗਿਣਤੀ ਹੁਣ ਅਕੀਮੋਵ ਅਤੇ ਲੀਬਰ ਦੇ ਨਾਲ਼ ਹਨ, ਇਹ "ਕੇਂਦਰ" ਦੇ ਤਿੰਨ ਅਤੇ ਇੱਕ "ਇਸਕਰਾ"-ਵਿਰੋਧੀ ਦਾ, ਜਿਹੜੇ ਸਾਡੇ ਵੱਲ ਆ ਗਏ ਹਨ, ਧੜਾ ਬਣਦੇ ਹਨ। ਸ਼ਕਲ ਉੱਤੇ ਕੇਵਲ ਇੱਕ ਨਿਗਾਹ ਹੀ ਇਹ ਵਿਖਾਉਣ ਲਈ ਕਾਫ਼ੀ ਹੈ ਕਿ ਕਿਹੜੇ ਅੰਸ਼ ਕਦੀ-ਕਦਾਈਂ ਅਤੇ ਅਸਥਾਈ ਤੌਰ ਉੱਤੇ ਇੱਕ ਤੋਂ ਦੂਜੇ ਪਾਸੇ ਵੱਲ ਜਾਂਦੇ ਅਤੇ ਕਿਹੜੇ **ਅਮੋੜ ਬਲ ਨਾਲ਼ ਅਕੀਮੋਵਾਂ ਨਾਲ਼ ਇੱਕ ਸਥਿਰ ਕੁਲੀਸ਼ਨ ਵੱਲ ਖਿੱਚੇ ਜਾਂਦੇ ਸਨ।** ਅਖ਼ੀਰੀ ਵੋਟ (ਹ—ਪਾਰਟੀ ਦੇ ਕੇਂਦਰੀ ਬੁਲਾਰੇ, ਕੇਂਦਰੀ ਕਮੇਟੀ, ਅਤੇ ਪਾਰਟੀ ਪ੍ਰੀਸ਼ਦ ਦੀ ਚੋਣ) **ਜਿਹੜਾ ਅਸਲ ਵਿੱਚ ਬਹੁਗਿਣਤੀ ਅਤੇ ਘੱਟਗਿਣਤੀ ਵਿੱਚ ਅੰਤਮ ਵੰਡ ਬਣਦਾ ਹੈ**, ਸਪਸ਼ਟ ਤੌਰ ਉੱਤੇ "ਇਸਕਰਾ"-ਵਾਦੀ ਘੱਟਗਿਣਤੀ ਦਾ **ਸਮੁੱਚੇ ਤੌਰ ਉੱਤੇ** "ਕੇਂਦਰ" ਅਤੇ "ਇਸਕਰਾ"-ਵਿਰੋਧੀਆਂ ਦੀ **ਰਹਿੰਦ-ਖੂੰਹਦ** ਨਾਲ਼ ਪੂਰੀ ਤਰ੍ਹਾਂ ਇੱਕ ਜਾਨ ਹੋਣਾ ਵਿਖਾਉਂਦਾ ਹੈ। ਇਸ ਸਮੇਂ ਤੱਕ ਅੱਠ "ਇਸਕਰਾ"-ਵਿਰੋਧੀਆਂ ਵਿੱਚੋਂ **ਕੇਵਲ** ਸਾਥੀ ਬਰੂਕੇਰੇ ਹੀ ਕਾਂਗਰਸ ਵਿੱਚ ਰਹਿ ਗਿਆ ਸੀ (ਸਾਥੀ ਅਕੀਮੋਵ ਨੇ ਉਹਨੂੰ ਉਹਦੀ ਗ਼ਲਤੀ ਸਮਝਾ ਦਿੱਤੀ ਸੀ ਅਤੇ ਉਹਨੇ **ਮਾਰਤੋਵਵਾਦੀਆਂ** ਦੀਆਂ ਸਫ਼ਾਂ ਵਿੱਚ ਆਪਣੀ ਯੋਗ ਥਾਂ ਅਪਨਾ ਲਈ ਸੀ। **ਅਤਿਅੰਤ "ਸੱਜੇ-ਪੱਖੀ"** ਸੱਤ **ਮੌਕਾਪ੍ਰਸਤਾਂ** ਦੇ ਕਾਂਗਰਸ ਤੋਂ ਚਲੇ ਜਾਣ ਨੇ ਚੋਣਾਂ ਦੇ ਮਾਮਲੇ ਦਾ ਮਾਰਤੋਵ ਵਿਰੁੱਧ ਨਿਰਣਾ ਕੀਤਾ।**

ਅਤੇ ਹੁਣ **ਹਰ ਤਰ੍ਹਾਂ** ਦੇ ਵੋਟਾਂ ਦੀ ਬਾਹਰਮੁਖੀ ਸ਼ਾਹਦੀ ਦੀ ਸਹਾਇਤਾ ਨਾਲ਼

---

* **ਸੰਕੇਤਾਂ ਤੋਂ ਨਿਰਣਾ ਕਰਦੇ ਹੋਏ ਨਿਯਮਾਂ ਸਬੰਧੀ ਚਾਰ ਹੋਰ ਵਾਰ ਲਏ ਗਏ ਵੋਟ** ਵੀ ਇਸੇ ਪ੍ਰਕਾਰ ਦੇ ਸਨ: ਪੰਨਾ 278—ਫ਼ੋਮਿਨ ਲਈ 27, ਇਹਦੇ ਵਿਰੁਧ ਸਾਡੇ ਲਈ 21, ਪੰਨਾ 279—ਮਾਰਤੋਵ ਲਈ 26, ਇਹਦੇ ਵਿਰੁੱਧ ਸਾਡੇ ਲਈ 24; ਪੰਨਾ 280-27 ਸਾਡੇ ਵਿਰੁੱਧ 22 ਹੱਕ ਵਿੱਚ; ਅਤੇ, ਉਸੇ ਪੰਨੇ ਉੱਤੇ, 24 ਮਾਰਤੋਵ ਲਈ, ਇਹਦੇ ਵਿਰੁੱਧ ਸਾਡੇ ਲਈ 23। ਇਹ ਕੇਂਦਰੀ ਸੰਸਥਾਵਾਂ ਵਿੱਚ ਕੁਆਪਸ਼ਨ, ਜਿਸ ਨਾਲ਼ ਮੈਂ ਪਹਿਲਾਂ ਹੀ ਨਿੱਬੜ ਚੁੱਕਾ ਹਾਂ। ਨਾਂ ਲੈਕੇ ਲਏ ਗਏ ਵੋਟ ਕਾਫ਼ੀ ਨਹੀਂ (ਇੱਕਵਾਰ ਇਸ ਤਰ੍ਹਾਂ ਵੋਟ ਲਏ ਗਏ, ਪਰ ਉਹਦਾ ਉਲੇਖ ਗੁਆਚ ਗਿਆ ਹੈ)। ਬੁੰਦਵਾਦੀਆਂ (ਸਾਰਿਆਂ ਜਾਂ ਇੱਕ ਹਿੱਸੇ) ਨੇ ਸਪਸ਼ਟ ਤੌਰ ਉੱਤੇ ਮਾਰਤੋਵ ਨੂੰ **ਬਚਾਇਆ।** (ਲੀਗ ਵਿੱਚ) ਇਹਨਾਂ ਵੋਟਾਂ ਸਬੰਧੀ ਮਾਰਤੋਵ ਦਾ ਗ਼ਲਤ ਬਿਆਨ ਉੱਪਰ ਠੀਕ ਕਰ ਦਿੱਤਾ ਗਿਆ ਹੈ।

** ਜਿਹੜੇ ਸੱਤ ਮੌਕਾਪ੍ਰਸਤ ਦੂਜੀ ਕਾਂਗਰਸ ਤੋਂ ਵੱਖ ਹੋਏ ਉਹ ਪੰਜ ਬੁੰਦਵਾਦੀ ਸਨ (ਦੂਜੀ ਕਾਂਗਰਸ ਵੱਲੋਂ ਸੰਘ ਦਾ ਅਸੂਲ ਰੱਦ ਕੀਤੇ ਜਾਣ ਪਿੱਛੋਂ ਬੁੰਦਵਾਦੀ ਪਾਰਟੀ ਤੋਂ ਵੱਖ ਹੋ ਗਏ) ਅਤੇ ਦੋ "ਰਾਬੋਚੇਏ ਦੇਲੋ"-ਵਾਦੀ, ਸਾਥੀ ਮਾਰਤੀਨੋਵ ਅਤੇ ਸਾਥੀ ਅਕੀਮੋਵ। ਇਹ ਪਿਛਲੇਰੇ ਉਸ ਸਮੇਂ ਕਾਂਗਰਸ ਤੋਂ ਚਲੇ ਗਏ ਜਦੋਂ "ਇਸਕਰਾ"-ਵਾਦੀ ਲੀਗ ਨੂੰ ਵਿਦੇਸ਼ਾਂ ਵਿੱਚ **ਇੱਕੋ ਇੱਕ** ਪਾਰਟੀ ਜਥੇਬੰਦੀ ਵਜੋਂ ਪ੍ਰਵਾਨ ਕੀਤਾ ਗਿਆ, ਅਰਥਾਤ, "ਰਾਬੋਚੇਏ ਦੇਲੋ"-ਵਾਦੀ ਵਿਦੇਸ਼ਾਂ ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦੀ ਯੂਨੀਅਨ ਨੂੰ ਤੋੜ ਦਿੱਤਾ ਗਿਆ। (1907 ਦੀ ਛਾਪ ਲਈ ਲੇਖਕ ਦੀ ਪਦ-ਟੂਕ। **—ਸੰਪਾ.**)

ਆਓ ਅਸੀਂ ਕਾਂਗਰਸ ਦੇ ਸਿੱਟਿਆਂ ਦਾ ਸਾਰ ਪੇਸ਼ ਕਰੀਏ।

ਇਸ ਸਬੰਧੀ ਬਹੁਤ ਗੱਲਾਂ ਕੀਤੀਆਂ ਗਈਆਂ ਹਨ ਕਿ ਸਾਡੀ ਕਾਂਗਰਸ ਵਿੱਚ ਬਹੁਗਿਣਤੀ "**ਸਬੱਬੀ**" ਸੀ। ਇਹ ਅਸਲ ਵਿੱਚ "ਇੱਕ ਵਾਰ ਫਿਰ ਘੱਟਗਿਣਤੀ ਵਿੱਚ" ਵਿੱਚ ਸਾਥੀ ਮਾਰਤੋਵ ਲਈ ਇੱਕੋ ਇੱਕ ਤਸੱਲੀ ਸੀ। ਸ਼ਕਲ ਸਪਸ਼ਟ ਤੌਰ ਉੱਤੇ ਵਿਖਾਉਂਦੀ ਹੈ ਕਿ **ਇੱਕ ਅਰਥ ਵਿੱਚ**, ਪਰ ਕੇਵਲ ਇੱਕ ਵਿੱਚ ਹੀ, ਬਹੁਗਿਣਤੀ ਨੂੰ ਸਬੱਬੀ ਕਿਹਾ ਜਾ ਸਕਦਾ ਹੈ, ਅਰਥਾਤ, ਇਸ ਅਰਥ ਵਿੱਚ ਕਿ "**ਸੱਜੇ ਪੱਖ**" **ਦੇ** ਸੱਤ ਅਤਿਅੰਤ ਮੌਕਾਪ੍ਰਸਤ ਡੈਲੀਗੇਟਾਂ ਦਾ ਚਲਾ ਜਾਣਾ—ਕਾਲਪਨਿਕ ਤੌਰ ਉੱਤੇ—**ਸਬੱਬ** ਦਾ ਮਾਮਲਾ ਸੀ। **ਜਿਸ ਹੱਦ ਤੱਕ** ਉਹਨਾਂ ਦਾ ਚਲਾ ਜਾਣਾ ਸਬੱਬ ਦਾ ਮਾਮਲਾ ਸੀ (ਅਤੇ ਉਸਤੋਂ ਵੱਧ ਨਹੀਂ) ਸਾਡੀ ਬਹੁਗਿਣਤੀ ਸਬੱਬ ਦਾ ਮਾਮਲਾ ਸੀ। ਸ਼ਕਲ ਉੱਤੇ ਇੱਕ ਨਿਗਾਹ ਹੀ ਇਹ ਦਰਸਾਉਣ ਲਈ ਕਾਫ਼ੀ ਹੈ ਕਿ ਇਹ ਸੱਤ ਕਿਸਦੀ ਧਿਰ ਵਿੱਚ ਹੁੰਦੇ, ਕਿਸ ਦੀ ਧਿਰ ਵਿੱਚ **ਹੋਣਾ ਉਹਨਾਂ ਲਈ ਲਾਜ਼ਮੀ ਸੀ।*** ਪਰ ਸਵਾਲ ਇਹ ਹੈ ਕਿ: ਸੱਤਾਂ ਦਾ ਚਲੇ ਜਾਣਾ ਕਿਸ ਹੱਦ ਤੱਕ ਸੱਚਮੁੱਚ ਸਬੱਬੀ ਸੀ ? ਇਹ ਇੱਕ ਅਜਿਹਾ ਸਵਾਲ ਹੈ ਜਿਹੜਾ ਉਹ ਲੋਕ ਜਿਹੜੇ ਇੰਨੀ ਖੁੱਲ੍ਹੀ ਤਰ੍ਹਾਂ ਬਹੁਗਿਣਤੀ ਦੇ "ਸਬੱਬੀ" ਖ਼ਾਸੇ ਦੀਆਂ ਗੱਲਾਂ ਕਰਦੇ ਹਨ ਆਪਣੇ ਆਪ ਤੋਂ ਪੁੱਛਣਾ ਪਸੰਦ ਨਹੀਂ ਕਰਦੇ। ਉਹਨਾਂ ਲਈ ਇਹ ਅਸੁਖਾਵਾਂ ਸਵਾਲ ਹੈ। ਕੀ ਇਹ ਸਬੱਬ ਸੀ ਕਿ ਕਾਂਗਰਸ ਤੋਂ ਵੱਖ ਹੋਣ ਵਾਲ਼ੇ ਅਤਿਅੰਤ **ਸੱਜੇ** ਪੱਖ ਦੇ ਪ੍ਰਤੀਨਿਧ ਸਨ ਅਤੇ **ਖੱਬੇ** ਪੱਖ ਦੇ ਨਹੀਂ ? ਕੀ ਇਹ ਸਬੱਬੀ ਗੱਲ ਸੀ ਕਿ ਇਹ **ਸਵਾਲ** ਸਨ ਜਿਹੜੇ ਚਲੇ ਗਏ ਅਤੇ ਦ੍ਰਿੜ੍ਹ **ਇਨਕਲਾਬੀ ਸੋਸ਼ਲ-ਡੈਮੋਕ੍ਰੈਟ** ਨਹੀਂ ? ਕੀ ਇਸ "ਸਬੱਬੀ" ਵੱਖ ਹੋਣ ਅਤੇ ਮੌਕਾਪ੍ਰਸਤ ਪੱਖ ਵਿਰੁੱਧ ਘੋਲ਼ ਵਿੱਚ, ਜਿਹੜਾ ਸਾਰੀ ਕਾਂਗਰਸ ਦੇ ਦੌਰਾਨ ਲੜਿਆ ਗਿਆ ਅਤੇ ਜਿਹੜਾ ਸਾਡੀ ਸ਼ਕਲ ਵਿੱਚ ਇੰਨੀ ਉੱਘੀ ਤਰ੍ਹਾਂ ਉੱਘੜ ਕੇ ਸਾਹਮਣੇ ਆਉਂਦਾ ਹੈ, ਕੋਈ ਸਬੰਧ ਨਹੀਂ ?

ਬੰਦੇ ਦੇ ਇਹ ਸਵਾਲ ਪੁੱਛਣ ਦੀ ਹੀ ਲੋੜ ਹੈ ਜਿਹੜੇ ਘੱਟਗਿਣਤੀ ਲਈ ਇੰਨੇ ਅਸੁਖਾਵੇਂ ਹਨ, ਅਤੇ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਬਹੁਗਿਣਤੀ ਦੇ ਸਬੱਬੀ ਹੋਣ ਸਬੰਧੀ ਇਹਨਾਂ ਗੱਲਾਂ ਦਾ ਮੰਤਵ ਕੀ **ਛੁਪਾਉਣਾ** ਹੈ। ਇਹ ਤੱਥ ਬੇਉਜ਼ਰ ਅਤੇ ਰੱਦ ਨਾ ਹੋ ਸਕਣ ਵਾਲ਼ਾ ਹੈ ਕਿ **ਘੱਟਗਿਣਤੀ ਸਾਡੀ ਪਾਰਟੀ ਵਿੱਚ ਉਹਨਾਂ ਲੋਕਾਂ ਤੋਂ ਬਣੀ ਜਿਹੜੇ ਮੌਕਾਪ੍ਰਸਤੀ ਵੱਲ ਸਭ ਤੋਂ ਵੱਧ ਖਿੱਚੇ ਜਾਂਦੇ ਹਨ।** ਘੱਟਗਿਣਤੀ ਪਾਰਟੀ ਵਿੱਚ ਉਹਨਾਂ ਅੰਸ਼ਾਂ ਤੋਂ ਬਣੀ ਜਿਹੜੇ ਸਿਧਾਂਤ ਵਿੱਚ **ਸਭ ਤੋਂ ਘੱਟ ਸਥਿਰ** ਹਨ, **ਅਸੂਲਾਂ ਦੇ ਮਾਮਲੇ ਵਿੱਚ ਸਭ ਤੋਂ ਘੱਟ ਦ੍ਰਿੜ੍ਹ** ਹਨ। ਇਹ ਪਾਰਟੀ ਦੇ **ਸੱਜੇ ਪੱਖ ਤੋਂ** ਸੀ ਕਿ ਘੱਟਗਿਣਤੀ ਬਣੀ। ਬਹੁਗਿਣਤੀ ਅਤੇ ਘੱਟਗਿਣਤੀ ਵਿੱਚ ਵੰਡ ਸੋਸ਼ਲ-ਡੈਮੋਕ੍ਰੈਟਾਂ ਵਿੱਚਕਾਰ ਇਨਕਲਾਬੀ ਅਤੇ ਮੌਕਾਪ੍ਰਸਤ ਪੱਖ, ਪਹਾੜ ਅਤੇ ਜਿਰੋਂਦ[32] ਵਿਚਕਾਰ ਵੰਡ ਦਾ ਲਾਜ਼ਮੀ ਤੌਰ 'ਤੇ ਜਾਰੀ ਰੱਖਿਆ ਜਾਣਾ ਸੀ, ਜਿਹੜੀ ਕੇਵਲ ਕੱਲ ਹੋਂਦ ਵਿੱਚ ਨਹੀਂ ਆਈ, ਅਤੇ ਕੇਵਲ ਰੂਸੀ ਕਿਰਤੀਆਂ ਦੀ

* ਅਸੀਂ ਅੱਗੇ ਚੱਲਕੇ ਵੇਖਾਂਗੇ ਕਿ ਕਾਂਗਰਸ ਤੋਂ **ਪਿੱਛੋਂ** ਸਾਥੀ ਅਕੀਮੋਵ ਅਤੇ ਵਰੋਨੇਜ਼੍ਹ ਕਮੇਟੀ, ਜਿਹੜੀ ਸਾਥੀ ਅਕੀਮੋਵ ਨਾਲ਼ ਅਤਿਅੰਤ ਨੇੜਵੀਂ **ਭਾਈਚਾਰੇ ਵਾਲ਼ੀ** ਹੈ, ਦੁਹਾਂ ਨੇ "**ਘੱਟਗਿਣਤੀ**" ਲਈ ਹਮਦਰਦੀ ਪ੍ਰਗਟ ਕੀਤੀ।

ਪਾਰਟੀ ਵਿੱਚ ਹੀ ਨਹੀਂ ਆਈ, ਅਤੇ ਜਿਹੜੀ ਨਿਰਸੰਦੇਹ ਭਲਕੇ ਅਲੋਪ ਨਹੀਂ ਹੋ ਜਾਵੇਗੀ।

ਇਹ ਤੱਥ ਸਾਡੇ ਮਤ–ਭੇਦਾਂ ਦੇ ਵੱਖ ਵੱਖ ਪੜਾਆਂ ਦੀ ਵਿਆਖਿਆ ਕਰਨ ਲਈ ਬੁਨਿਆਦੀ ਮਹੱਤਤਾ ਵਾਲ਼ਾ ਹੈ। ਜਿਹੜਾ ਕੋਈ ਕਾਂਗਰਸ ਵਿੱਚ ਹੋਏ ਘੋਲ਼ ਅਤੇ ਉਹਨੇ ਰਾਵਾਂ ਦੀਆਂ ਜਿਹੜੀਆਂ ਰੰਗਤਾਂ ਪ੍ਰਗਟ ਕੀਤੀਆਂ, ਤੋਂ ਇਨਕਾਰ ਕਰਕੇ ਜਾਂ ਉਹਨਾਂ ਉੱਤੇ ਪਰਦਾ ਪਾਕੇ ਤੱਥ ਤੋਂ **ਟਾਲਮਟੋਲ ਕਰਨਾ** ਚਾਹੁੰਦਾ ਹੈ, ਉਹ ਬਸ ਖ਼ੁਦ ਆਪਣੀ ਬੌਧਿਕ ਅਤੇ ਸਿਆਸੀ ਕੰਗਾਲੀ ਦੀ ਹੀ ਸ਼ਾਹਦੀ ਭਰਦਾ ਹੈ। ਅਤੇ ਇਸ ਤੱਥ ਨੂੰ **ਗ਼ਲਤ ਸਾਬਤ ਕਰਨ ਲਈ**, ਇਹ ਦਰਸਾਉਣਾ ਪਵੇਗਾ, ਕਿ, **ਪਹਿਲੀ ਥਾਂ ਉੱਤੇ**, ਸਾਡੀ ਕਾਂਗਰਸ ਵਿੱਚ ਵੋਟਾਂ ਅਤੇ "ਵੰਡਾਂ" ਦਾ ਆਮ ਚਿੱਤਰ ਉਸ ਨਾਲ਼ੋਂ ਵੱਖਰਾ ਸੀ ਜਿਹੜਾ ਮੈਂ ਵਾਹਿਆ ਹੈ; ਅਤੇ, **ਦੂਜੀ ਥਾਂ ਉੱਤੇ**, ਇਹ ਅਤਿਅੰਤ ਦ੍ਰਿੜ੍ਹ ਇਨਕਲਾਬੀ ਸੋਸ਼ਲ–ਡੈਮੋਕ੍ਰੈਟ ਸਨ, ਜਿਨ੍ਹਾਂ ਰੂਸ ਵਿੱਚ "ਇਸਕਰਾ"–ਵਾਦੀਆਂ ਦਾ ਨਾਂ ਅਪਣਾਇਆ ਹੈ, ਜਿਹੜੇ ਉਹਨਾਂ ਸਾਰੇ ਮਸਲਿਆਂ ਦੀ **ਵਸਤੂ ਵਿੱਚ ਗ਼ਲਤੀ ਉੱਤੇ ਸਨ** ਜਿਨ੍ਹਾਂ ਉੱਤੇ ਕਾਂਗਰਸ "ਵੰਡੀ ਗਈ"।* ਭੱਦਰ–ਪੁਰਸ਼ੋ ਜ਼ਰਾ ਇਹ ਸਾਬਤ ਕਰਨ ਦਾ ਯਤਨ ਕਰਕੇ ਵੇਖੋ!

ਲਗਦੇ ਹੱਥ, ਇਹ ਤੱਥ ਕਿ ਘੱਟਗਿਣਤੀ ਪਾਰਟੀ ਦੇ ਅਤਿਅੰਤ ਮੌਕਾਪ੍ਰਸਤ, ਸਭ ਤੋਂ ਘੱਟ ਸਥਿਰ ਅਤੇ ਘੱਟ ਇਕਸਾਰ ਅੰਸ਼ਾਂ ਤੋਂ ਬਣੀ, ਉਹਨਾਂ ਅਨੇਕ ਇਤਰਾਜ਼ਾਂ ਅਤੇ ਸ਼ੱਕ ਦੇ ਪ੍ਰਗਟਾਆਂ ਦਾ ਜਵਾਬ ਦੇਂਦਾ ਹੈ ਜਿਹੜੇ ਉਹਨਾਂ ਲੋਕਾਂ ਵੱਲੋਂ ਬਹੁਗਿਣਤੀ ਤੋਂ ਪੁੱਛੇ ਜਾਂਦੇ ਹਨ, ਜਿਹੜੇ ਮਾਮਲੇ ਤੋਂ ਅਪੂਰਨ ਤੌਰ ਉੱਤੇ ਜਾਣੂ ਹਨ ਜਾਂ ਜਿਨ੍ਹਾਂ ਇਸ ਵੱਲ ਚੋਖਾ ਧਿਆਨ ਨਹੀਂ ਦਿੱਤਾ। ਸਾਨੂੰ ਕਿਹਾ ਜਾਂਦਾ ਹੈ ਕਿ ਕੀ ਇਹ ਹੋਛਾ ਨਹੀਂ ਕਿ ਸਾਥੀ ਮਾਰਤੋਵ ਅਤੇ ਸਾਥੀ ਐਕਸਲਰੋਦ ਦੀ ਤੁੱਛ ਜਿਹੀ ਗ਼ਲਤੀ ਨੂੰ **ਵੱਖ ਹੋਣ** ਦਾ ਕਾਰਨ ਦੱਸਿਆ ਜਾਵੇ ?

---

* ਸਾਥੀ ਮਾਰਤੋਵ ਦੇ ਲਾਭ ਹਿਤ ਟੂਕ। ਜੇ ਹੁਣ ਸਾਥੀ ਮਾਰਤੋਵ ਇਹ ਗੱਲ ਭੁੱਲ ਗਿਆ ਹੈ ਕਿ ਪ੍ਰੀਭਾਸ਼ਾ " **'ਇਸਕਰਾ '-ਵਾਦੀ**" ਦੇ ਅਰਥ ਇੱਕ **ਮੁਹਾਣ ਦਾ ਅਨੁਯਾਈ** ਹਨ ਅਤੇ ਕਿਸੇ **ਮੰਡਲ ਦਾ ਮੈਂਬਰ** ਨਹੀਂ", ਅਸੀਂ ਉਹਨੂੰ ਸਲਾਹ ਦਿਆਂਗੇ ਕਿ ਉਹ ਕਾਂਗਰਸ ਦੀ ਕਾਰਵਾਈ ਵਿੱਚ ਉਹ ਵਿਆਖਿਆ ਪੜ੍ਹੇ ਜਿਹੜੀ ਇਸ ਨੁਕਤੇ ਉੱਤੇ ਸਾਥੀ ਤਰਾਤਸਕੀ ਨੇ ਸਾਥੀ ਅਕੀਮੋਵ ਨੂੰ ਦਿੱਤੀ। ਕਾਂਗਰਸ ਵਿੱਚ (ਪਾਰਟੀ ਦੇ ਸਬੰਧ ਵਿੱਚ) ਤਿੰਨ "ਇਸਕਰਾ"–ਵਾਦੀ **ਮੰਡਲ** ਸਨ: "ਕਿਰਤ ਦੀ ਮੁਕਤੀ" ਟੋਲੀ, "ਇਸਕਰਾ" ਸੰਪਾਦਕ ਮੰਡਲ, ਅਤੇ "ਇਸਕਰਾ" ਜਥੇਬੰਦੀ। ਇਹਨਾਂ ਤਿੰਨਾਂ ਵਿੱਚੋਂ ਦੋ ਵਿੱਚ ਇੰਨੀ ਅਕਲ ਸੀ ਕਿ ਉਹ ਆਪਣੇ ਆਪ ਨੂੰ ਤੋੜ ਦੇਣ; ਤੀਜੇ ਨੇ ਅਜਿਹਾ ਕਰਨ ਲਈ ਚੋਖੀ ਪਾਰਟੀ ਭਾਵਨਾ ਨਾ ਵਿਖਾਈ ਅਤੇ ਉਹਨੂੰ ਕਾਂਗਰਸ ਨੇ ਤੋੜ ਦਿੱਤਾ। "ਇਸਕਰਾ"–ਵਾਦੀ ਮੰਡਲਾਂ ਵਿੱਚੋਂ ਸਭ ਤੋਂ ਵਿਸ਼ਾਲ "ਇਸਕਰਾ" ਜਥੇਬੰਦੀ ਸੀ (ਜਿਸ ਵਿੱਚ ਸੰਪਾਦਕ ਮੰਡਲ ਅਤੇ "ਕਿਰਤ ਦੀ ਮੁਕਤੀ" ਟੋਲੀ ਸ਼ਾਮਲ ਸਨ), ਕਾਂਗਰਸ ਵਿੱਚ ਇਹਦੇ 16 ਮੈਂਬਰ ਹਾਜ਼ਰ ਸਨ, ਜਿਨ੍ਹਾਂ ਵਿੱਚੋਂ **ਕੇਵਲ ਗਿਆਰਾਂ ਨੂੰ** ਵੋਟ ਦਾ ਹੱਕ ਪ੍ਰਾਪਤ ਸੀ, ਦੂਜੇ ਹੱਥ "ਇਸਕਰਾ"–ਵਾਦੀ **ਮੁਹਾਣ ਵਿੱਚ**, "ਇਸਕਰਾ" "ਮੰਡਲ" ਵਿੱਚ ਮੈਂਬਰੀ ਕਾਰਨ ਨਹੀਂ, ਮੇਰੀ ਗਿਣਤੀ ਅਨੁਸਾਰ, **ਸਤਾਈ ਲੋਕ ਸਨ ਜਿਨ੍ਹਾਂ ਕੋਲ** 33 **ਵੋਟ** ਸਨ। ਇਸ ਲਈ ਕਾਂਗਰਸ ਵਿੱਚ "ਇਸਕਰਾ"–ਵਾਦੀਆਂ ਵਿੱਚੋਂ **ਅੱਧੇ ਤੋਂ ਘੱਟ** "ਇਸਕਰਾ"–ਵਾਦੀ **ਮੰਡਲਾਂ** ਵਿਚ ਸ਼ਾਮਲ ਸਨ।

ਹਾਂ ਭੱਦਰਪੁਰਸ਼ੋ, ਸਾਥੀ ਮਾਰੋਤਵ ਦੀ ਗ਼ਲਤੀ ਨਿੱਕੀ ਜਿਹੀ ਸੀ (ਘੋਲ਼ ਦੀ ਗਰਮੀ ਵਿੱਚ, ਅਤੇ ਮੈਂ ਕਾਂਗਰਸ ਵਿੱਚ ਵੀ ਅਜਿਹਾ ਕੀਤਾ); ਪਰ ਨਿੱਕੀ ਜਿਹੀ ਗ਼ਲਤੀ ਬਹੁਤ ਸਾਰਾ ਨੁਕਸਾਨ ਕਰ **ਸਕਦੀ ਸੀ (ਅਤੇ ਕੀਤਾ)** ਕਿਉਂਕਿ ਸਾਥੀ ਮਾਰਤੋਵ ਉਹਨਾਂ ਡੈਲੀਗੇਟਾਂ ਦੀ ਧਿਰ ਵੱਲ ਖਿੱਚਿਆ ਗਿਆ ਜਿਨ੍ਹਾਂ **ਗ਼ਲਤੀਆਂ ਦੀ ਪੂਰੀ ਲੜੀ** ਕੀਤੀ ਸੀ, ਜਿਨ੍ਹਾਂ ਸਵਾਲਾਂ ਦੀ ਪੂਰੀ ਲੜੀ ਸਬੰਧੀ ਮੌਕਾਪ੍ਰਸਤੀ ਵੱਲ ਝੁਕਾਅ ਅਤੇ ਅਸੂਲ ਸਬੰਧੀ ਅਸਥਿਰਤਾ ਵਿਖਾਈ ਸੀ। ਇਹ ਗੱਲ ਕਿ ਸਾਥੀ ਮਾਰਤੋਵ ਅਤੇ ਸਾਥੀ ਐਕਸਲਰੋਦ ਨੇ ਅਸਥਿਰਤਾ ਵਿਖਾਈ ਹੋਵੇ, ਵਿਅਕਤੀਆਂ ਸਬੰਧੀ ਮਹੱਤਵਹੀਣ ਤੱਥ ਸੀ; ਪਰ, ਇਹ ਵਿਅਕਤੀਗਤ ਤੱਥ ਨਹੀਂ ਸੀ, ਸਗੋਂ **ਪਾਰਟੀ** ਤੱਥ ਸੀ, ਅਤੇ ਉਹ ਵੀ **ਕਿਸੇ ਵੀ ਤਰ੍ਹਾਂ ਮਹੱਤਵਹੀਣ ਨਹੀਂ** ਸੀ, ਕਿ **ਸਾਰੇ** ਸਭ ਤੋਂ ਘੱਟ ਸਥਿਰ, **ਉਹਨਾਂ ਸਾਰਿਆਂ ਤੋਂ** ਜਿਹੜੇ "ਇਸਕਰਾ" ਮੁਹਾਣ ਨੂੰ ਉੱਕਾ ਹੀ ਰੱਦ ਕਰਦੇ ਅਤੇ ਖੁੱਲ੍ਹਮ-ਖੁੱਲ੍ਹਾ ਇਹਦਾ ਵਿਰੋਧ ਕਰਦੇ ਜਾਂ ਇਹਨੂੰ ਜ਼ਬਾਨੀ-ਕਲਾਮੀ ਕਬੂਲ ਕਰਦੇ ਅਤੇ ਘੜੀ-ਮੁੜੀ "ਇਸਕਰਾ"-ਵਿਰੋਧੀਆਂ ਦਾ ਸਾਥ ਦੇਂਦੇ, ਇੱਕ ਚੋਖੀ ਘੱਟਗਿਣਤੀ ਬਣੀ ਹੋਵੇ।

"ਇਸਕਰਾ" ਦੇ ਪੁਰਾਣੇ ਸੰਪਾਦਕ ਮੰਡਲ ਤੋਂ ਬਣਦੇ ਨਿੱਕੇ ਜਿਹੇ ਮੰਡਲ ਵਿੱਚ ਕੱਟੜ ਮੰਡਲ ਭਾਵਨਾ ਅਤੇ ਇਨਕਲਾਬੀ ਖੂਹ-ਦੇ-ਡੱਡੂਪੁਣੇ ਦੇ ਪ੍ਰਚੱਲਤ ਹੋਣ ਨੂੰ ਵੱਖ ਹੋਣ ਦਾ ਕਾਰਨ ਦੱਸਣਾ ਵਾਹਯਾਤ ਨਹੀਂ ? ਨਹੀਂ ਇਹ ਵਾਹਯਾਤ ਨਹੀਂ, ਕਿਉਂਕਿ **ਸਾਡੀ ਪਾਰਟੀ ਵਿੱਚ ਉਹ ਸਾਰੇ** ਜਿਹੜੇ ਕਾਂਗਰਸ ਵਿੱਚ ਸਾਰਾ ਸਮਾਂ **ਹਰ ਤਰ੍ਹਾਂ ਦੇ ਮੰਡਲ ਲਈ** ਲੜੇ ਸਨ, ਉਹ ਸਾਰੇ **ਜਿਹੜੇ ਆਮ ਤੌਰ ਉੱਤੇ** ਇਨਕਲਾਬੀ ਖੂਹ-ਦੇ-ਡੱਡੂਪੁਣੇ ਤੋਂ **ਉੱਪਰ ਉੱਠਣ ਦੇ ਨਿਰਯੋਗ ਸਨ**, ਉਹ ਸਾਰੇ ਜਿਹੜੇ ਖੂਹ-ਦੇ-ਡੱਡੂ ਅਤੇ ਮੰਡਲ ਭਾਵਨਾ ਦੇ "ਇਤਿਹਾਸਕ" ਖ਼ਾਸੇ ਦੀ ਗੱਲ ਕਰਦੇ ਤਾਂ ਜੁ ਇਸ ਬੁਰਾਈ ਨੂੰ ਹੱਕੀ ਠਹਿਰਾਇਆ ਅਤੇ ਕਾਇਮ ਰੱਖਿਆ ਜਾਵੇ, ਉਹ **ਇਸ ਨਿਸ਼ਚਿਤ** ਮੰਡਲ ਦੀ ਹਮਾਇਤ ਵਿੱਚ **ਉੱਠ ਖੜੇ ਹੋਏ।** ਇਸ ਤੱਥ ਨੂੰ ਕਿ "ਇਸਕਰਾ" ਦੇ ਸੰਪਾਦਕ ਮੰਡਲ ਦੇ ਤੰਗ ਘੇਰੇ ਵਿੱਚ ਮੰਡਲ ਦੇ ਹਿਤ ਪਾਰਟੀ ਦੇ ਹਿਤਾਂ ਉੱਤੇ ਭਾਰੂ ਹੋ ਗਏ, ਸ਼ਾਇਦ, ਇੱਕ ਸਬੱਬੀ ਗੱਲ ਸਮਝਿਆ ਜਾ ਸਕਦਾ ਹੈ; ਪਰ ਇਹ ਕੋਈ ਸਬੱਬੀ ਗੱਲ ਨਹੀਂ ਕਿ ਇਸ ਮੰਡਲ ਦੀ ਦ੍ਰਿੜ੍ਹ ਹਮਾਇਤ ਅਕੀਮੋਵਾਂ ਅਤੇ ਬਰੂਕੇਰੇਆਂ ਨੇ ਕੀਤੀ, ਜਿਹੜੇ ਪ੍ਰਸਿੱਧ ਵਰੋਨੇਜ਼੍ਹ ਕਮੇਟੀ ਅਤੇ ਬਦੂ ਸੇਂਟ-ਪੀਟਰਜ਼ਬਰਗ ਦੀ "ਕਿਰਤੀਆਂ ਦੀ ਜਥੇਬੰਦੀ"[33] ਦੀ "ਇਤਿਹਾਸਕ ਨਿਰੰਤਰਤਾ" ਨੂੰ (ਜੇ ਵੱਧ ਨਹੀਂ ਤਾਂ) ਕੋਈ ਘੱਟ ਮਹੱਤਤਾ ਨਹੀਂ ਦੇਂਦੇ, ਯੇਗੋਰੋਵਾਂ ਨੇ ਕੀਤੀ, "ਰਾਬੋਚੇਏ ਦੇਲੋ" ਦੇ "ਕਤਲ" ਉੱਤੇ ਉਸੇ ਤਰ੍ਹਾਂ ਵੈਣ ਪਾਏ ਜਿਵੇਂ ਪੁਰਾਣੇ ਸੰਪਾਦਕ ਮੰਡਲ ਦੇ "ਕਤਲ" ਉੱਤੇ ਪਾਏ (ਜੇ ਵੱਧ ਨਹੀਂ ਤਾਂ), ਮਾਖੋਵਾਂ ਨੇ, ਇਤਿ-ਆਦਿ। ਤੁਸੀਂ ਕਿਸੇ ਬੰਦੇ ਦੇ **ਰਾਜਸੀ ਮੁਹਾਂਦਰੇ** ਸਬੰਧੀ ਉਹਦੇ ਸਿਆਸੀ ਇਤਿਹਾਦੀਆਂ ਤੋਂ, ਜਿਹੜੇ ਲੋਕ ਉਹਦੇ ਲਈ ਵੋਟ ਦੇਂਦੇ ਹਨ, ਉਹਨਾਂ ਤੋਂ ਜਾਣ ਸਕਦੇ ਹੋ।

ਸਾਥੀ ਮਾਰਤੋਵ ਅਤੇ ਸਾਥੀ ਐਕਸਲਰੋਦ ਵੱਲੋਂ ਕੀਤੀ ਨਿੱਕੀ ਗ਼ਲਤੀ **ਨਿੱਕੀ** ਸੀ ਅਤੇ ਹੋ ਸਕਦਾ ਹੈ ਇਹ ਨਿੱਕੀ ਹੀ ਰਹਿੰਦੀ, ਜਦੋਂ ਤੱਕ ਕਿ ਇਹ ਉਹਨਾਂ ਅਤੇ ਪਾਰਟੀ ਦੇ ਸਮੁੱਚੇ ਮੌਕਾਪ੍ਰਸਤ ਪੱਖ ਵਿਚਕਾਰ ਇੱਕ **ਹੰਢਣਸਾਰ ਏਕੇ** ਦਾ ਆਦਿ-ਬਿੰਦੂ ਨਾ ਬਣ ਗਈ,

ਜਿੰਨਾ ਚਿਰ ਇਹ ਇਸ ਏਕੇ ਕਾਰਨ, ਮੌਕਾਪ੍ਰਸਤੀ ਦਾ **ਪਰਤਾਅ**, ਉਹਨਾਂ ਸਾਰਿਆਂ ਵੱਲੋਂ ਜਿਨ੍ਹਾਂ ਵਿਰੁੱਧ "ਇਸਕਰਾ" ਲੜਿਆ ਸੀ, ਅਤੇ ਜਿਹੜੇ ਹੁਣ ਇਨਕਲਾਬੀ ਸੋਸ਼ਲ-ਡੈਮੋਕ੍ਰਸੀ ਦੇ ਦ੍ਰਿੜ ਹਾਮੀਆਂ ਵਿਰੁੱਧ **ਦਿਲ ਦੀ ਭੜਾਸ ਕੱਢਣ** ਦਾ ਮੌਕਾ ਮਿਲਣ ਉੱਤੇ ਖ਼ੁਸ਼ ਸਨ, **ਬਦਲਾ** ਲੈਣਾ ਨਾ ਬਣ ਗਈ। ਅਤੇ ਕਾਂਗਰਸ-ਉਪ੍ਰੰਤ ਘਟਨਾਵਾਂ ਕਾਰਨ, ਅਸੀਂ ਨਵੇਂ "ਇਸਕਰਾ" ਵਿੱਚ ਜੋ ਕੁੱਝ ਵੇਖ ਰਹੇ ਹਾਂ, ਉਹ ਐਨ ਮੌਕਾਪ੍ਰਸਤੀ ਦਾ ਪਰਤਾਅ ਹੀ ਹੈ, ਅਕੀਮੋਵਾਂ ਅਤੇ ਬਰੂਕੇਰੇਆਂ ਦਾ ਬਦਲਾ ਹੀ ਹੈ (ਵੇਖੋ ਵਰੋਨੇਜ਼੍ਹ ਕਮੇਟੀ ਵੱਲੋਂ ਜਾਰੀ ਕੀਤਾ ਇਸ਼ਤਿਹਾਰ*), ਅਤੇ ਮਾਰਤੀਨੋਵਾਂ ਦਾ ਹੁਲਾਸ ਹੈ, ਜਿਨ੍ਹਾਂ ਨੂੰ ਅਖ਼ੀਰ (ਅਖ਼ੀਰ!), ਘ੍ਰਿਣਤ "ਇਸਕਰਾ" ਵਿੱਚ, ਘ੍ਰਿਣਤ ਵੈਰੀ ਨੂੰ, ਪਹਿਲੀਆਂ ਦੀ ਹਰ ਇੱਕ ਸ਼ਿਕਾਇਤ ਲਈ, ਇੱਕ ਠੁੱਡਾ ਮਾਰਨ ਦੀ ਆਗਿਆ ਮਿਲ ਗਈ ਹੈ। ਇਹ ਇਸ ਗੱਲ ਨੂੰ ਵਿਸ਼ੇਸ਼ ਤੌਰ ਉੱਤੇ ਸਪਸ਼ਟ ਬਣਾ ਦੇਂਦਾ ਹੈ ਕਿ " 'ਇਸਕਰਾ' ਦੇ ਪੁਰਾਣੇ ਸੰਪਾਦਕ ਮੰਡਲ ਨੂੰ ਮੁੜ ਸਥਾਪਤ ਕਰਨਾ" ਕਿੰਨਾ ਲਾਜ਼ਮੀ ਸੀ (ਅਸੀਂ ਸਾਥੀ ਸਤਾਰੋਵਰ ਦੇ 3 ਨਵੰਬਰ 1903 ਦੇ ਅਲਟੀਮੇਟਮ ਤੋਂ ਟੂਕ ਦੇ ਰਹੇ ਹਾਂ) ਤਾਂ ਜੁ "ਇਸਕਰਾ" ਦੀ "ਨਿਰੰਤਰਤਾ" ਕਾਇਮ ਰੱਖੀ ਜਾਵੇ।

ਆਪਣੇ ਆਪ ਵਿੱਚ ਲਿਆਂ, ਇਸ ਤੱਥ ਵਿੱਚ ਕੁੱਝ ਵੀ ਭਿਆਨਕ, ਖ਼ਤਰਨਾਕ, ਇਥੋਂ ਤੱਕ ਕਿ ਅਸਧਾਰਨ ਵੀ ਨਹੀਂ ਕਿ ਕਾਂਗਰਸ (ਅਤੇ ਪਾਰਟੀ) ਇੱਕ ਖੱਬੇ ਅਤੇ ਸੱਜੇ, ਇੱਕ ਇਨਕਲਾਬੀ ਅਤੇ ਇੱਕ ਮੌਕਾਪ੍ਰਸਤ ਪੱਖ ਵਿੱਚ ਵੰਡੀ ਗਈ। ਇਹਦੇ ਉਲਟ ਰੂਸੀ (ਅਤੇ ਕੇਵਲ ਰੂਸੀ ਹੀ ਨਹੀਂ) ਸੋਸ਼ਲ-ਡੈਮੋਕ੍ਰੈਟਕ ਲਹਿਰ ਦੇ ਇਤਿਹਾਸ ਵਿੱਚ ਪਿਛਲਾ ਦਹਾਕਾ ਅਟੱਲ ਅਤੇ ਅਮੋੜ ਢੰਗ ਨਾਲ਼ ਅਜਿਹੀ ਵੰਡ ਵੱਲ ਜਾ ਰਿਹਾ ਸੀ। ਇਹ ਤੱਥ ਕਿ ਵੰਡ ਸੱਜੇ ਪੱਖ ਦੀਆਂ ਕਈ ਅਤਿ **ਨਿਗੂਣੀਆਂ** ਗ਼ਲਤੀਆਂ ਕਾਰਨ, (ਸਾਪੇਖ ਤੌਰ ਉੱਤੇ) ਬਹੁਤ ਮਹੱਤਵਹੀਣ ਮਤ-ਭੇਦਾਂ ਕਾਰਨ ਪਈ (ਇੱਕ ਅਜਿਹਾ ਤੱਥ ਜਿਹੜਾ ਓਪਰੀ ਨਜ਼ਰ ਨਾਲ਼ ਵੇਖਣ ਵਾਲ਼ੇ ਜਾਂ ਖੂਹ-ਦੇ-ਡੱਡੂ ਮਨ ਨੂੰ ਇੰਨਾ ਭਿਆਨਕ ਲੱਗਦਾ ਹੈ) **ਸਮੁੱਚੇ ਤੌਰ ਉੱਤੇ ਸਾਡੀ ਪਾਰਟੀ ਲਈ ਅੱਗੇ ਵੱਲ ਇੱਕ ਵੱਡੇ ਕਦਮ** ਦਾ ਪ੍ਰਤੀਕ ਹੈ। ਪਹਿਲਾਂ ਸਾਡੇ ਵਿੱਚ ਮਤ-ਭੇਦ ਵੱਡੇ ਮਸਲਿਆਂ ਸਬੰਧੀ ਹੁੰਦੇ ਸਨ, ਅਜਿਹੇ ਜਿਨ੍ਹਾਂ ਉੱਤੇ ਕਈ ਹਾਲਤਾਂ ਵਿੱਚ ਦੁਫੇੜ ਹੱਕੀ ਹੋ ਸਕਦੀ ਸੀ; ਹੁਣ ਅਸੀਂ ਸਾਰੇ ਮੁੱਖ ਅਤੇ ਮਹੱਤਵਪੂਰਨ ਨੁਕਤਿਆਂ ਉੱਤੇ ਅੱਪੜ ਗਏ ਹਾਂ ਅਤੇ ਹੁਣ ਅਸੀਂ ਕੇਵਲ **ਰੰਗਤਾਂ** ਕਰਕੇ ਵੰਡੇ ਹੋਏ ਹਾਂ, ਜਿਨ੍ਹਾਂ ਸਬੰਧੀ ਅਸੀਂ ਬਹਿਸ ਕਰ ਸਕਦੇ ਹਾਂ **ਅਤੇ ਕਰਨੀ ਚਾਹੀਦੀ ਹੈ**, ਪਰ ਜਿਨ੍ਹਾਂ ਕਾਰਨ ਵੱਖ ਹੋਣਾ ਵਾਹਯਾਤ ਅਤੇ ਬਚਗਾਨਾ ਹੋਵੇਗਾ (ਜਿਹਾ ਕਿ ਸਾਥੀ ਪਲੈਖ਼ਾਨੋਵ ਨੇ ਆਪਣੇ ਰੋਚਕ ਲੇਖ "ਕੀ ਨਹੀਂ ਕਰਨਾ ਚਾਹੀਦਾ" ਵਿੱਚ ਬਿਲਕੁਲ ਹੱਕੀ ਤੌਰ ਉੱਤੇ ਕਿਹਾ ਜਿਸ ਵੱਲ ਅਸੀਂ ਮੁੜਾਂਗੇ)। **ਹੁਣ**, ਜਦੋਂ **ਕਾਂਗਰਸ ਤੋਂ ਪਿੱਛੋਂ** ਘੱਟਗਿਣਤੀ ਦੇ **ਅਰਾਜਕਤਾਵਾਦੀ ਵਤੀਰੇ** ਨੇ ਪਾਰਟੀ ਨੂੰ ਫੁੱਟ ਤੱਕ ਲੈ ਆਂਦਾ ਹੈ, ਬੰਦਾ ਅਕਸਰ ਲਾਲ-ਬੁਝੱਕੜਾਂ ਨੂੰ ਇਹ ਕਹਿੰਦੇ ਸੁਣਦਾ ਹੈ: ਕੀ ਕਾਂਗਰਸ ਵਿੱਚ ਜਥੇਬੰਦਕ ਕਮੇਟੀ ਦੀ ਘਟਨਾ, "ਯੁਜ਼੍ਹਨੀ ਰਾਬੋਚੀ" ਟੋਲੀ ਜਾਂ "ਰਾਬੋਚੇਏ ਦੇਲੋ" ਦੇ ਤੋੜੇ ਜਾਣ ਜਾਂ ਪਹਿਲੇ ਪੈਰੇ ਜਾਂ ਪੁਰਾਣੇ ਸੰਪਾਦਕ ਮੰਡਲ ਦੇ ਤੋੜੇ ਜਾਣ ਜਿਹੀਆਂ ਨਿਗੂਣੀਆਂ

* ਵੇਖੋ ਇਸੇ ਪੁਸਤਕ ਦੇ ਪੰਨੇ — 213-15। **—ਸੰਪਾ.**

ਗੱਲਾਂ ਆਦਿ, ਸਬੰਧੀ ਲੜਨਾ ਯੋਗ ਸੀ ? ਜਿਹੜੇ ਇਸ ਢੰਗ ਨਾਲ਼ ਦਲੀਲ ਦੇਂਦੇ ਹਨ*, ਅਸਲ ਵਿੱਚ ਪਾਰਟੀ ਦੀ ਮਾਮਲਿਆਂ ਵਿੱਚ ਮੰਡਲ ਭਾਵਨਾ ਦਾਖ਼ਲ ਕਰ ਰਹੇ ਹਨ: ਪਾਰਟੀ ਵਿੱਚ **ਧਿਰਾਂ** ਵਿਚਾਲੇ ਘੋਲ਼ **ਅਟੱਲ ਅਤੇ ਲਾਜ਼ਮੀ ਹੈ**, ਜਿੰਨਾ ਚਿਰ ਇਹਦਾ ਸਿੱਟਾ ਅਰਾਜਕਤਾ ਅਤੇ ਫੁੱਟਾਂ ਵਿੱਚ ਨਾ ਨਿਕਲੇ, ਜਿੰਨਾ ਚਿਰ ਇਹ ਸਾਰੇ ਸਾਥੀਆਂ ਅਤੇ ਪਾਰਟੀ ਮੈਂਬਰਾਂ ਦੀ ਸਾਂਝੀ ਮਨਜ਼ੂਰੀ ਨਾਲ਼ ਪ੍ਰਵਾਨ ਕੀਤੀਆਂ **ਹੱਦਾਂ ਦੇ ਅੰਦਰ** ਸੀਮਤ ਰਹੇ। ਅਤੇ **ਕਾਂਗਰਸ ਵਿੱਚ** ਪਾਰਟੀ ਦੇ ਸੱਜੇ-ਪੱਖ ਵਿਰੁੱਧ, ਅਕੀਮੋਵ ਅਤੇ ਐਕਸਲਰੋਦ, ਮਾਰਤੀਨੋਵ ਅਤੇ ਮਾਰਤੋਵ ਵਿਰੁੱਧ **ਸਾਡਾ ਘੋਲ਼** ਕਿਸੇ ਵੀ ਤਰ੍ਹਾਂ **ਇਹਨਾਂ ਹੱਦਾਂ ਤੋਂ ਬਾਹਰ ਨਾ ਗਿਆ।** ਬੰਦੇ ਲਈ ਦੋ ਘਟਨਾਵਾਂ ਚੇਤੇ ਕਰਨਾ ਹੀ ਕਾਫ਼ੀ ਹੈ ਜਿਹੜੀਆਂ ਇਸ ਗੱਲ ਨੂੰ ਰੱਦ ਨਾ ਹੋ ਸਕਣ ਵਾਲ਼ੇ ਢੰਗ ਨਾਲ਼ ਸਾਬਤ ਕਰਦੀਆਂ ਹਨ: 1) ਜਦੋਂ ਸਾਥੀ ਮਾਰਤੀਨੋਵ ਅਤੇ ਅਕੀਮੋਵ ਕਾਂਗਰਸ ਨੂੰ ਛੱਡ ਕੇ ਜਾਣ ਵਾਲ਼ੇ ਸਨ, ਅਸੀਂ ਸਾਰੇ "ਨਿਰਾਦਰੀ" ਦਾ ਵਿਚਾਰ ਖ਼ਤਮ ਕਰਨ ਲਈ **ਸਭ ਕੁੱਝ ਕਰਨ ਲਈ ਤਿਆਰ ਸਾਂ; ਅਸਾਂ ਸਾਰਿਆਂ** (32 ਵੋਟਾਂ ਨਾਲ਼) ਸਾਥੀ ਤਰਾਤਸਕੀ ਦੀ ਉਹ ਤਜਵੀਜ਼ **ਪ੍ਰਵਾਨ ਕੀਤੀ** ਜਿਸ ਵਿੱਚ ਇਹਨਾਂ ਸਾਥੀਆਂ ਨੂੰ ਸੱਦਾ ਦਿੱਤਾ ਗਿਆ ਸੀ ਕਿ ਉਹ ਵਿਆਖਿਆਵਾਂ ਨੂੰ ਸੰਤੋਖਜਨਕ ਵਜੋਂ ਸਮਝਣ ਅਤੇ ਆਪਣਾ ਬਿਆਨ ਵਾਪਸ ਲੈ ਲੈਣ; 2) ਜਦੋਂ ਕੇਂਦਰੀ ਸੰਸਥਾਵਾਂ ਦੀ ਚੋਣ ਦਾ ਮਾਮਲਾ ਆਇਆ ਤਾਂ ਅਸੀਂ ਕਾਂਗਰਸ ਦੀ ਘੱਟਗਿਣਤੀ (ਜਾਂ ਮੌਕਾਪ੍ਰਸਤ ਪੱਖ) ਨੂੰ **ਦੁਹਾਂ ਕੇਂਦਰੀ ਸੰਸਥਾਵਾਂ ਵਿੱਚ ਘੱਟਗਿਣਤੀ** ਦੇਣ ਲਈ ਤਿਆਰ ਸਾਂ: ਮਾਰਤੋਵ ਕੇਂਦਰੀ ਬੁਲਾਰੇ ਵਿੱਚ ਅਤੇ ਪੋਪੋਵ ਕੇਂਦਰੀ ਕਮੇਟੀ ਵਿੱਚ। ਅਸੀਂ ਪਾਰਟੀ ਸਟੈਂਡ ਤੋਂ ਕਿਸੇ ਹੋਰ ਤਰ੍ਹਾਂ ਵਿਚਰ ਵੀ **ਨਹੀਂ ਸਾਂ ਸਕਦੇ**, ਕਿਉਂਕਿ ਕਾਂਗਰਸ ਤੋਂ ਪਹਿਲਾਂ ਹੀ ਅਸਾਂ ਦੋ ਤਿੱਕੜੀਆਂ ਚੁਣਨ ਦਾ ਨਿਰਣਾ ਕੀਤਾ ਸੀ। **ਜੇ ਕਾਂਗਰਸ ਵਿੱਚ ਪ੍ਰਗਟ ਹੋਇਆ ਧਿਰਾਂ ਦਾ ਫ਼ਰਕ ਬਹੁਤ ਵੱਡਾ ਨਹੀਂ ਸੀ**, ਤਾਂ ਉਹ **ਅਮਲੀ** ਸਿੱਟਾ ਜਿਹੜਾ ਅਸਾਂ ਇਹਨਾਂ ਧਿਰਾਂ ਵਿਚਕਾਰ ਘੋਲ਼ ਤੋਂ ਕੱਢਿਆ, ਉਹ ਵੀ **ਵੱਡਾ ਨਹੀਂ** ਸੀ: ਇਹ ਨਿਰਣਾ **ਕੇਵਲ** ਇਹ ਗੱਲ ਬਣਦਾ ਸੀ,

---

* ਮੈਂ ਕਾਂਗਰਸ ਵਿੱਚ "ਕੇਂਦਰ" ਦੇ ਡੈਲੀਗੇਟਾਂ ਵਿੱਚੋਂ ਇੱਕ ਨਾਲ਼ ਇਸ ਸਬੰਧ ਵਿੱਚ ਹੋਈ ਗੱਲ ਚੇਤੇ ਕੀਤੇ ਬਿਨਾਂ ਨਹੀਂ ਰਹਿ ਸਕਦਾ। "ਸਾਡੀ ਕਾਂਗਰਸ ਵਿੱਚ ਵਾਯੂ-ਮੰਡਲ ਕਿੰਨਾ ਸਾਹ-ਘੁਟਵਾਂ ਹੈ!" ਉਹਨੇ ਗਿਲਾ ਕੀਤਾ। "ਇਹ ਕੌੜੀ ਲੜਾਈ, ਇਹ ਇੱਕ ਦੂਜੇ ਵਿਰੁੱਧ ਐਜੀਟੇਸ਼ਨ, ਇਹ ਕਾਟਵੇਂ ਵਿਵਾਦ, ਇਹ ਗ਼ੈਰ-ਸਾਥੀਆਨਾ ਵਤੀਰਾ!..." "ਸਾਡੀ ਕਾਂਗਰਸ ਕਿੰਨੀ ਸ਼ਾਨਦਾਰ ਸ਼ੈਅ ਹੈ!" ਮੈਂ ਜਵਾਬ ਦਿੱਤਾ। "ਅਜ਼ਾਦ ਅਤੇ ਖੁਲ੍ਹਾ ਘੋਲ਼। ਰਾਵਾਂ ਬਿਆਨ ਕੀਤੀਆਂ ਗਈਆਂ ਹਨ। ਭਾਹਾਂ ਪ੍ਰਗਟ ਹੋਈਆਂ ਹਨ। ਟੋਲੀਆਂ ਨੇ ਰੂਪ ਧਾਰਿਆ ਹੈ। ਹੱਥ ਚੁੱਕੇ ਗਏ ਹਨ। ਫ਼ੈਸਲਾ ਕੀਤਾ ਗਿਆ ਹੈ। ਇੱਕ ਪੜਾ ਲੰਘ ਲਿਆ ਗਿਆ ਹੈ। ਅੱਗੇ ਵਧੋ! ਮੇਰੇ ਲਈ ਇਹੋ ਮਾਮਲਾ ਹੈ। ਇਹ ਜੀਵਨ ਹੈ। ਇਹ ਤੁਹਾਡੇ ਬੁੱਧੀਜੀਵੀਆਂ ਦਾ ਨਿਰੀਆਂ ਬੇਹੱਦ ਅਨੰਤ ਅਤੇ ਅਕਾਊ ਗੱਲਾਂ ਕਰਨਾ ਹੀ ਨਹੀਂ ਜਿਹੜਾ ਇਸ ਲਈ ਨਹੀਂ ਖ਼ਤਮ ਹੁੰਦਾ ਕਿ ਸਵਾਲ ਦਾ ਨਿਰਣਾ ਹੋ ਗਿਆ ਹੈ, ਸਗੋਂ ਇਸ ਲਈ ਕਿ ਲੋਕ ਉਹ ਹੋਰ ਗੱਲਾਂ ਕਰਨ ਲਈ ਬਹੁਤ ਥੱਕ ਗਏ ਹਨ।..."

"ਕੇਂਦਰ" ਦੇ ਸਾਥੀ ਨੇ ਹੈਰਾਨੀ ਨਾਲ਼ ਅੱਖਾਂ ਪਾੜਕੇ ਮੇਰੇ ਵੱਲ ਵੇਖਿਆ ਅਤੇ ਮੋਢੇ ਮਚਕੋੜੇ। ਅਸੀਂ ਵੱਖ ਵੱਖ ਭਾਸ਼ਾਵਾਂ ਬੋਲ ਰਹੇ ਸਾਂ।

ਤਿੰਨਾਂ ਦੀਆਂ ਦੁਹਾਂ ਸੰਸਥਾਵਾਂ ਵਿੱਚ **ਤਿੰਨ ਵਿੱਚੋਂ ਦੋ** ਸੀਟਾਂ ਪਾਰਟੀ ਕਾਂਗਰਸ ਵਿੱਚ ਬਹੁਗਿਣਤੀ ਨੂੰ ਦਿੱਤੀਆਂ ਜਾਣ।

ਇਹ ਪਾਰਟੀ ਕਾਂਗਰਸ ਵਿੱਚ ਘੱਟਗਿਣਤੀ ਦਾ **ਕੇਂਦਰੀ ਸੰਸਥਾਵਾਂ ਵਿੱਚ ਘੱਟਗਿਣਤੀ** ਹੋਣੋਂ **ਇਨਕਾਰ** ਹੀ ਸੀ ਜਿਸਦਾ ਸਿੱਟਾ ਪਹਿਲਾਂ ਹਾਰੇ ਬੁੱਧੀਜੀਵੀਆਂ ਦੇ "ਨਿਰਬਲ ਚਊਂ-ਚਊਂ ਕਰਨ", ਅਤੇ ਫਿਰ **ਅਰਾਜਕਤਾਵਾਦੀ ਗੱਲਾਂ** ਅਤੇ ਅਰਾਜਕਤਾਵਾਦੀ ਅਮਲਾਂ ਵਿੱਚ ਨਿੱਕਲਿਆ।

ਅੰਤ ਵਿੱਚ ਆਓ ਅਸੀਂ ਕੇਂਦਰੀ ਸੰਸਥਾਵਾਂ ਦੀ ਬਣਤਰ ਦੀ ਪੋਜ਼ੀਸ਼ਨ ਤੋਂ ਸ਼ਕਲ ਉੱਤੇ ਇੱਕ ਹੋਰ ਨਿਗਾਹ ਮਾਰੀਏ। ਸੁਭਾਵਕ ਹੀ, ਧਿਰਾਂ ਦੇ ਸਵਾਲ **ਤੋਂ ਬਿਨਾਂ**, ਚੋਣਾਂ ਸਮੇਂ ਡੈਲੀਗੇਟਾਂ ਸਾਹਮਣੇ ਇੱਕ ਜਾਂ ਦੂਜੇ **ਬੰਦੇ ਦੇ ਯੋਗ ਹੋਣ**, ਉਹਦੀ ਸੁਯੋਗਤਾ, ਆਦਿ ਦਾ ਸਵਾਲ ਵੀ ਸੀ। ਹੁਣ ਘੱਟਗਿਣਤੀ ਦੀ ਪ੍ਰਵਿਰਤੀ ਇਹਨਾਂ ਦੋ ਸਵਾਲਾਂ ਨੂੰ ਗਡ-ਮਡ ਕਰਨ ਦੀ ਹੈ। ਪਰ ਇਹਦੇ ਬਾਵਜੂਦ ਇਹ ਗੱਲ ਕਿ ਇਹ ਵੱਖ ਵੱਖ ਸਵਾਲ ਹਨ ਸਵੈ-ਪ੍ਰਤੱਖ ਹੈ, ਅਤੇ ਇਹ ਗੱਲ ਇਸ ਸਾਦੇ ਤੱਥ ਤੋਂ ਵੇਖੀ ਜਾ ਸਕਦੀ ਹੈ ਕਿ, ਉਦਾਹਰਣ ਵਜੋਂ, ਕੇਂਦਰੀ ਬੁਲਾਰੇ ਲਈ ਇੱਕ **ਮੁੱਢਲੀ ਤਿੱਕੜੀ** ਦੀ ਚੋਣ ਦੀ ਪਲਾਨ ਕਾਂਗਰਸ **ਤੋਂ ਪਹਿਲਾਂ** ਬਣਾਈ ਗਈ ਸੀ, ਉਸ ਸਮੇਂ ਜਦੋਂ ਕੋਈ ਵੀ ਮਾਰਤੋਵ ਅਤੇ ਐਕਸਲਰੋਦ ਦੇ ਮਾਰਤੀਨੋਵ ਅਤੇ ਅਕੀਮੋਵ ਨਾਲ਼ ਏਕੇ ਨੂੰ ਅਗਾਊਂ ਨਹੀਂ ਸੀ ਵੇਖ ਸਕਦਾ। ਵੱਖ ਵੱਖ ਸਵਾਲਾਂ ਦਾ ਜਵਾਬ ਵੱਖ ਵੱਖ ਢੰਗਾਂ ਨਾਲ਼ ਦੇਣਾ ਪੈਂਦਾ ਹੈ: ਧਿਰਾਂ ਦੇ ਸਵਾਲ ਦਾ ਜਵਾਬ **ਕਾਂਗਰਸ ਦੀ ਕਾਰਵਾਈ ਵਿੱਚ**, **ਖੁੱਲ੍ਹੀਆਂ** ਬਹਿਸਾਂ ਅਤੇ ਹਰ ਇੱਕ ਮਸਲੇ ਉਤੇ ਵੋਟਾਂ ਵਿੱਚ ਲਭਣਾ ਚਾਹੀਦਾ ਹੈ। ਜਿਥੋਂ ਤੱਕ **ਉਮੀਦਵਾਰਾਂ** ਦੇ ਯੋਗ ਹੋਣ ਦਾ ਸਵਾਲ ਹੈ, ਹਰ ਇੱਕ ਨੇ ਕਾਂਗਰਸ ਵਿੱਚ ਨਿਰਣਾ ਕੀਤਾ ਸੀ ਕਿ ਇਹਦਾ ਫ਼ੈਸਲਾ **ਗੁਪਤ ਵੋਟਾਂ ਰਾਹੀਂ** ਕੀਤਾ ਜਾਵੇ। **ਸਮੁੱਚੀ ਕਾਂਗਰਸ ਨੇ ਸਰਬ-ਸੰਮਤੀ ਨਾਲ਼** ਇਹ ਨਿਰਣਾ ਕਿਉਂ ਕੀਤਾ ? ਇਹ ਸਵਾਲ ਇੰਨਾ ਸਾਦਾ ਹੈ ਕਿ ਇਹਦੇ ਵਿਸਥਾਰ ਵਿੱਚ ਜਾਣਾ ਅਜੀਬ ਗੱਲ ਹੋਵੇਗੀ। ਪਰ (ਵੋਟਾਂ ਦੇ ਡੱਬੇ ਵਿੱਚ ਹਾਰਨ ਪਿੱਛੋਂ) ਘੱਟਗਿਣਤੀ ਨੇ ਸਾਦੀਆਂ ਗੱਲਾਂ ਵੀ ਭੁੱਲਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅਸਾਂ ਪੁਰਾਣੇ ਸੰਪਾਦਕ ਮੰਡਲ ਦੇ ਹੱਕ ਵਿੱਚ ਭੜਕੀਲੀਆਂ, ਜੁਸ਼ੀਲੀਆਂ, ਲੱਗਭਗ ਗ਼ੈਰ-ਜ਼ਿੰਮੇਵਾਰੀ ਦੀ ਹੱਦ ਤੱਕ ਗਰਮ ਤਕਰੀਰਾਂ ਦੇ ਹੜ੍ਹ ਸੁਣੇ ਹਨ, ਪਰ ਅਸਾਂ **ਕਾਂਗਰਸ ਵਿੱਚ** ਉਹਨਾਂ ਧਿਰਾਂ ਸਬੰਧੀ, ਜਿਹੜੀਆਂ ਛੇਆਂ ਜਾਂ ਤਿੰਨਾਂ ਦੇ ਬੋਰਡ ਸਬੰਧੀ ਘੋਲ਼ ਵਿੱਚ ਰੁੱਝੀਆਂ ਹੋਈਆਂ ਸਨ, **ਉੱਕਾ ਕੁੱਝ ਨਹੀਂ** ਸੁਣਿਆ। ਅਸੀਂ ਕੇਂਦਰੀ ਕਮੇਟੀ ਲਈ ਚੁਣੇ ਗਏ ਬੰਦਿਆਂ ਦੀ ਅਕਾਰਥਤਾ, ਨਿਰਯੋਗਤਾ, ਮੰਦੀਆਂ ਗੋਂਦਾਂ ਆਦਿ ਸਬੰਧੀ ਹਰ ਪਾਸੇ ਗੱਲਾਂ ਅਤੇ ਗੱਪਾਂ ਸੁਣਦੇ ਹਾਂ, ਪਰ ਅਸੀਂ **ਕਾਂਗਰਸ ਵਿੱਚ** ਧਿਰਾਂ ਸਬੰਧੀ **ਉੱਕਾ ਕੁੱਝ ਨਹੀਂ** ਸੁਣਦੇ, ਜਿਨ੍ਹਾਂ ਕੇਂਦਰੀ ਕਮੇਟੀ ਵਿੱਚ ਪ੍ਰਮੁੱਖਤਾ ਲਈ ਘੋਲ਼ ਕੀਤਾ। **ਕਾਂਗਰਸ ਤੋਂ ਬਾਹਰ** ਵਿਅਕਤੀਆਂ ਦੀਆਂ ਸਿਫ਼ਤਾਂ, ਅਮਲਾਂ ਸਬੰਧੀ ਗੱਲਾਂ ਕਰਨਾ ਅਤੇ ਗੱਪਾਂ ਮਾਰਨਾ ਮੈਨੂੰ ਨਿਰਲੱਜ ਅਤੇ ਖੁਨਾਮੀ ਭਰਿਆ ਜਾਪਦਾ ਹੈ (ਕਿਉਂਕਿ ਸੌ ਵਿੱਚੋ ਨੜਿਣਵੇਂ ਮਾਮਲਿਆਂ ਵਿੱਚ ਅਜਿਹੇ ਅਮਲ ਇੱਕ ਜਥੇਬੰਦਕ ਭੇਦ ਹਨ ਜਿਹੜਾ ਕੇਵਲ ਪਾਰਟੀ ਦੇ ਸਰਵਉਚ ਅਧਿਕਰਣ ਸਾਹਮਣੇ ਹੀ ਖੋਹਲਿਆ ਜਾ ਸਕਦਾ ਹੈ)। ਮੇਰੀ

ਰਾਏ ਵਿੱਚ **ਕਾਂਗਰਸ ਤੋਂ ਬਾਹਰ ਅਜਿਹੀਆਂ ਗੱਪਾਂ ਰਾਹੀਂ** ਲੜਨਾ **ਭੰਡੀ-ਖੋਰੀ** ਹੋਵੇਗਾ। ਅਤੇ ਇਹਨਾਂ ਸਾਰੀਆਂ ਗੱਲਾਂ ਦਾ ਜਿਹੜਾ ਇੱਕੋ ਇੱਕ ਜਵਾਬ ਮੈਂ ਦੇ ਸਕਦਾ ਹਾਂ, ਉਹ ਕਾਂਗਰਸ ਵਿੱਚ ਘੋਲ਼ ਵੱਲ ਧਿਆਨ ਦਿਵਾਉਣਾ ਹੋਵੇਗਾ: ਤੁਸੀਂ ਕਹਿੰਦੇ ਹੋ ਕਿ ਕੇਂਦਰੀ ਕਮੇਟੀ ਥੋੜ੍ਹੀ ਜਿਹੀ ਬਹੁਗਿਣਤੀ ਨਾਲ਼ ਚੁਣੀ ਗਈ। ਇਹ ਠੀਕ ਹੈ। ਪਰ ਇਹ ਛੋਟੀ ਬਹੁਗਿਣਤੀ ਉਹਨਾਂ ਸਾਰਿਆਂ ਤੋਂ ਬਣਦੀ ਸੀ ਜਿਨ੍ਹਾਂ ਕਥਨੀ ਵਿੱਚ ਨਹੀਂ ਸਗੋਂ ਯਥਾਰਥਕ ਤੱਥ ਵਿੱਚ "ਇਸਕਰਾ" ਦੀਆਂ ਪਲਾਨਾਂ ਦੀ ਪ੍ਰਾਪਤੀ ਲਈ ਘੋਲ਼ ਕੀਤਾ। ਇਹਦੇ ਸਿੱਟੇ ਵਜੋਂ ਇਸ ਬਹੁਗਿਣਤੀ ਦਾ **ਸਦਾਚਾਰਕ** ਸਤਿਕਾਰ—ਅਨੂਪ ਹੱਦ ਤੱਕ—**ਰਸਮੀ** ਸਤਿਕਾਰ ਨਾਲ਼ੋਂ ਹੋਰ ਵੀ ਉਚੇਰਾ ਹੋਣਾ ਚਾਹੀਦਾ ਸੀ—ਉਹਨਾਂ ਦੀਆਂ ਅੱਖਾਂ ਵਿੱਚ ਉਚੇਰਾ, ਜਿਹੜੇ "ਇਸਕਰਾ" **ਮੁਹਾਣ** ਦੀ ਕਿਸੇ ਨਿਸ਼ਚਿਤ "ਇਸਕਰਾ" **ਮੰਡਲ** ਦੀ ਨਿਰੰਤਰਤਾ ਨਾਲ਼ੋਂ ਵੱਧ ਕਦਰ ਕਰਦੇ ਹਨ। "ਇਸਕਰਾ" ਦੀ ਨੀਤੀ ਚਲਾਉਣ ਲਈ ਕੁੱਝ ਨਿਸ਼ਚਿਤ ਲੋਕਾਂ ਦੇ ਯੋਗ ਹੋਣ **ਦਾ ਨਿਰਣਾ ਕਰਨ ਦੇ ਵਧੇਰੇ ਯੋਗ** ਕੌਣ **ਸਨ—**ਉਹ ਲੋਕ ਜਿਨ੍ਹਾਂ ਉਸ ਨੀਤੀ ਲਈ ਕਾਂਗਰਸ ਵਿੱਚ ਘੋਲ਼ ਕੀਤਾ, ਜਾਂ ਉਹ ਜਿਨ੍ਹਾਂ ਕੋਈ ਘੱਟ ਮਾਮਲਿਆਂ ਵਿੱਚ ਉਸ ਨੀਤੀ ਵਿਰੁੱਧ ਘੋਲ਼ ਨਾ ਕੀਤਾ ਅਤੇ ਹਰ ਪਿੱਛੇਖਿੱਚੂ ਗੱਲ ਦੀ, ਹਰ ਤਰ੍ਹਾਂ ਦੇ ਪੁਰਾਣੇ ਕੂੜੇ ਦੀ, ਹਰ ਤਰ੍ਹਾਂ ਦੀ ਮੰਡਲ ਪ੍ਰਵਿਰਤੀ ਦੀ ਹਮਾਇਤ ਕੀਤੀ?

## ਞ. ਕਾਂਗਰਸ ਤੋਂ ਪਿੱਛੋਂ। ਘੋਲ਼ ਦੇ ਦੋ ਢੰਗ

ਅਸਾਂ ਕਾਂਗਰਸ ਦੀਆਂ ਬਹਿਸਾਂ ਅਤੇ ਵੋਟਾਂ ਲਏ ਜਾਣ ਦਾ ਜਿਹੜਾ ਵਿਸ਼ਲੇਸ਼ਣ ਹੁਣੇ ਹੁਣੇ ਖ਼ਤਮ ਕੀਤਾ ਹੈ, ਅਸਲ ਵਿੱਚ in nuce (ਭਰੂਣ ਰੂਪ ਵਿੱਚ) **ਹਰ ਉਸ ਗੱਲ** ਦੀ ਵਿਆਖਿਆ ਕਰਦਾ ਹੈ ਜਿਹੜੀ **ਕਾਂਗਰਸ ਤੋਂ ਪਿੱਛੋਂ ਹੋਈ ਹੈ** ਅਤੇ ਅਸੀਂ ਪਾਰਟੀ ਸੰਕਟ ਦੇ ਉਸ ਤੋਂ ਪਿੱਛੋਂ ਦੇ ਪੜਾਆਂ ਨੂੰ ਉਲੀਕਣ ਵਿੱਚ ਸੰਖੇਪ ਹੋ ਸਕਦੇ ਹਾਂ।

ਮਾਰਤੋਵ ਅਤੇ ਪੋਪੋਵ ਦੇ ਚੋਣ ਲਈ ਖੜੇ ਹੋਣ ਤੋਂ ਇਨਕਾਰ ਨੇ ਪਾਰਟੀ ਧਿਰਾਂ ਦੇ ਪਾਰਟੀ ਘੋਲ਼ ਵਿੱਚ ਇੱਕਦਮ **ਖਹਿਬੜਾਂ** ਦਾ ਵਾਯੂ-ਮੰਡਲ ਖੜਾ ਕਰ ਦਿੱਤਾ। ਕਾਂਗਰਸ ਤੋਂ ਅਗਲੇ ਦਿਨ ਸਾਥੀ ਗਲੇਬੋਵ ਨੇ, ਇਸ ਗੱਲ ਨੂੰ ਵਿਸ਼ਵਾਸੋਂ ਬਾਹਰੀ ਸਮਝਦੇ ਹੋਏ ਕਿ ਚੁਣੇ ਨਾ ਗਏ ਸੰਪਾਦਕਾਂ ਨੇ ਅਕੀਮੋਵ ਅਤੇ ਮਾਰਤੀਨੋਵ ਵੱਲ **ਝੁਕਣ** ਦਾ ਨਿਰਣਾ ਕਰ ਲਿਆ ਹੈ, ਅਤੇ ਸਾਰੀ ਗੱਲ ਦਾ ਕਾਰਨ ਖਿੱਝ ਨੂੰ ਸਮਝਦੇ ਹੋਏ, ਪਲੈਖ਼ਾਨੋਵ ਅਤੇ ਮੇਰੇ ਅੱਗੇ ਇਹ ਤਜਵੀਜ਼ ਰੱਖੀ ਕਿ ਚਾਰਾਂ ਨੂੰ ਇਸ ਸ਼ਰਤ ਉੱਤੇ "ਕੁਆਪਟ" ਕਰ ਲਿਆ ਜਾਵੇ ਕਿ ਪ੍ਰੀਸ਼ਦ ਵਿੱਚ ਸੰਪਾਦਕ ਮੰਡਲ ਦੀ ਯੋਗ ਪ੍ਰਤੀਨਿਧਤਾ ਨਿਸ਼ਚਿਤ ਬਣਾਈ ਜਾਵੇ (ਅਰਥਾਤ, ਦੋ ਪ੍ਰਤੀਨਿਧਾਂ ਵਿੱਚੋਂ ਇੱਕ ਨਿਸ਼ਚਿਤ ਰੂਪ ਵਿੱਚ **ਪਾਰਟੀ** ਬਹੁਗਿਣਤੀ ਵਿੱਚੋਂ ਲਿਆ ਜਾਵੇ) ਤਾਂ ਮਾਮਲੇ ਦਾ ਅਮਨ-ਭਰਿਆ ਹੱਲ ਕੀਤਾ ਜਾ ਸਕਦਾ ਹੈ। ਪਲੈਖ਼ਾਨੋਵ ਨੂੰ ਅਤੇ ਮੈਨੂੰ ਇਹ ਤਜਵੀਜ਼ ਨਰੋਈ ਜਾਪੀ, ਕਿਉਂਕਿ ਇਹਦੀ ਪ੍ਰਵਾਨਗੀ ਦੇ ਅਰਥ **ਕਾਂਗਰਸ ਵਿੱਚ ਕੀਤੀਆਂ ਗ਼ਲਤੀਆਂ ਨੂੰ ਚੁੱਪ ਚਾਪ ਕਬੂਲ ਕਰਨਾ**, ਯੁੱਧ ਦੀ ਥਾਂ ਅਮਨ, ਅਕੀਮੋਵ, ਅਤੇ ਮਾਰਤੀਨੋਵ, ਯੇਗੋਰੋਵ ਅਤੇ ਮਾਖੋਵ ਦੀ ਥਾਂ ਪਲੈਖ਼ਾਨੋਵ ਅਤੇ ਮੇਰੇ ਵਧੇਰੇ ਨੇੜੇ ਹੋਣ ਦੀ ਇੱਛਾ ਹੋਵੇਗਾ।

"ਕੁਆਪਸ਼ਨ" ਸਬੰਧੀ ਰਿਆਇਤ **ਨਿੱਜੀ** ਰਿਆਇਤ ਸਮਝੀ ਗਈ, ਇੱਕ ਅਜਿਹੀ ਨਿੱਜੀ ਰਿਆਇਤ ਦੇਣ ਤੋਂ ਇਨਕਾਰ ਕਰਨਾ ਸਮਝਦਾਰੀ ਨਹੀਂ ਸੀ ਜਿਹੜੀ ਖਿੱਝ ਨੂੰ ਦੂਰ ਕਰ ਦੇਵੇਗੀ ਅਤੇ ਅਮਨ ਮੁੜ ਸਥਾਪਤ ਕਰ ਦੇਵੇਗੀ। ਇਸ ਲਈ ਪਲੈਖ਼ਾਨੋਵ ਅਤੇ ਮੈਂ ਮੰਨ ਗਏ। ਪਰ ਸੰਪਾਦਕੀ ਬਹੁਗਿਣਤੀ ਨੇ ਇਹ ਰਿਆਇਤ ਰੱਦ ਕਰ ਦਿੱਤੀ। **ਗਲੇਬੋਵ ਚਲਾ ਗਿਆ।** ਅਸਾਂ ਉਡੀਕਣਾ ਅਤੇ ਇਹ ਵੇਖਣਾ ਸ਼ੁਰੂ ਕਰ ਦਿੱਤਾ ਕਿ ਅੱਗੋਂ ਕੀ ਹੋਵੇਗਾ: ਕੀ ਸਾਥੀ ਮਾਰਤੋਵ ਉਸ ਵਫ਼ਾਦਾਰ ਸਟੈਂਡ ਉੱਤੇ ਕਾਇਮ ਰਹੇਗਾ ਜਿਹੜਾ ਉਹਨੇ ਕਾਂਗਰਸ ਵਿੱਚ ਅਪਣਾਇਆ ਸੀ (ਕੇਂਦਰ ਦੇ ਪ੍ਰਤੀਨਿੱਧ ਸਾਥੀ ਪੋਪੋਵ **ਵਿਰੁੱਧ**), ਜਾਂ ਇਹ ਕਿ ਅਸਥਿਰ ਅੰਸ਼ ਜਿਨ੍ਹਾਂ ਦੀ ਪ੍ਰਵਿਰਤੀ ਦੁਫੇੜ ਵੱਲ ਸੀ, ਅਤੇ ਜਿਨ੍ਹਾਂ ਦੀ ਪੈੜ ਉੱਤੇ ਉਹ ਚੱਲਿਆ ਸੀ, ਉਹਨਾਂ ਦਾ ਹੱਥ ਉੱਪਰ ਹੋ ਜਾਵੇਗਾ।

ਸਾਡੇ ਸਾਹਮਣੇ ਸਵਾਲ ਸੀ: ਕੀ ਸਾਥੀ ਮਾਰਤੋਵ ਕਾਂਗਰਸ ਵਿੱਚ ਆਪਣੀ "ਕੁਲੀਸ਼ਨ" ਨੂੰ ਇੱਕ ਵਿਕੋਲਤ੍ਰਿਆ ਸਿਆਸੀ ਤੱਥ ਸਮਝੇਗਾ (ਜਿਵੇਂ, si licet parva componere magnis*, 1895 ਵਿੱਚ ਵੋਲਮਾਰ ਨਾਲ਼ ਬੇਬਲ ਦੀ ਕੁਲੀਸ਼ਨ ਇੱਕ ਵਿਕੋਲਤ੍ਰਾ ਤੱਥ ਸੀ), ਜਾਂ ਉਹ ਆਪਣਾ ਮਤ **ਮਜ਼ਬੂਤ ਬਣਾਉਣਾ** ਚਾਹੇਗਾ, ਇਹ ਸਾਬਤ ਕਰਨ ਲਈ ਯਤਨ ਕਰੇਗਾ ਕਿ ਕਾਂਗਰਸ ਵਿੱਚ **ਪਲੈਖ਼ਾਨੋਵ ਅਤੇ ਮੈਂ** ਸਾਂ ਜਿਹੜੇ ਗ਼ਲਤ ਸੀ ਅਤੇ ਸਾਡੀ ਪਾਰਟੀ ਦੇ ਮੌਕਾਪ੍ਰਸਤ ਪੱਖ ਦਾ ਅਸਲੀ ਨੇਤਾ ਬਣ ਜਾਵੇਗਾ ? ਇਹ ਮੁੱਖ ਸਵਾਲ ਹੋਰ ਤਰ੍ਹਾਂ ਇਉਂ ਸੂਤਰਬੱਧ ਕੀਤਾ ਜਾ ਸਕਦਾ ਹੈ: ਖਹਿਬੜ ਜਾਂ ਸਿਆਸੀ ਪਾਰਟੀ ਘੋਲ਼ ? ਸਾਡੇ ਤਿੰਨਾਂ ਵਿੱਚੋਂ ਜਿਹੜੇ ਕਾਂਗਰਸ ਤੋਂ ਅਗਲੇ ਦਿਨ ਕੇਂਦਰੀ ਸੰਸਥਾਵਾਂ ਦੇ ਇਕੱਲੇ ਉਪਲਬਧ ਪ੍ਰਤੀਨਿਧ ਸਾਂ, ਗਲੇਬੋਵ ਸਭ ਤੋਂ ਵੱਧ ਪਹਿਲੇ ਜਵਾਬ ਵੱਲ ਝੁਕਾ ਰੱਖਦਾ ਸੀ ਅਤੇ ਉਹਨੇ ਰੁੱਸ ਗਏ ਬੱਚਿਆਂ ਵਿੱਚ ਮੰਨੇਵਾਂ ਕਰਾਉਣ ਦਾ ਪੂਰਾ ਯਤਨ ਕੀਤਾ। ਸਾਥੀ ਪਲੈਖ਼ਾਨੋਵ ਵੱਧ ਤੋਂ ਵੱਧ ਪਿਛਲੇਰੇ ਜਵਾਬ ਵੱਲ ਝੁਕਾ ਰੱਖਦਾ ਸੀ ਅਤੇ ਜਿਹਾ ਕਿ ਅਖਾਣ ਹੈ, ਨਾ ਫੜਨ ਅਤੇ ਨਾ ਬੰਨ੍ਹਣ ਦੇ ਹੱਕ ਵਿੱਚ ਸੀ। ਇਸ ਮੌਕਾ ਉੱਤੇ ਮੈਂ "ਕੇਂਦਰ" ਜਾਂ "ਜਿਲ੍ਹਣ" ਦਾ ਕਾਰਜ ਕੀਤਾ ਅਤੇ ਪ੍ਰੇਰਨ ਦਾ ਯਤਨ ਕੀਤਾ। ਇੰਨਾ ਸਮਾਂ ਲੰਘ ਜਾਣ ਪਿੱਛੋਂ ਪ੍ਰੇਰਨ ਦੇ ਜ਼ਬਾਨੀ ਯਤਨਾਂ ਨੂੰ ਚੇਤੇ ਕਰਨਾ ਇੱਕ ਅਸਾਧ ਤੌਰ ਉੱਤੇ ਗੱਡ ਮੱਡ ਮਾਮਲਾ ਹੋਵੇਗਾ ਅਤੇ ਮੈਂ ਸਾਥੀ ਮਾਰਤੋਵ ਅਤੇ ਸਾਥੀ ਪਲੈਖ਼ਾਨੋਵ ਦੀ ਭੈੜੀ ਉਦਾਹਰਣ ਉੱਤੇ ਨਹੀਂ ਚੱਲਾਂਗਾ। ਪਰ ਮੈਂ ਪ੍ਰੇਰਨ ਦੇ ਇੱਕ ਲਿਖਤੀ ਯਤਨ ਵਿੱਚੋਂ, ਜਿਹੜਾ ਮੈਂ "ਘੱਟਗਿਣਤੀ" "ਇਸਕਰਾ"-ਵਾਦੀਆਂ ਵਿੱਚੋਂ ਇੱਕ ਨੂੰ ਸੰਬੋਧਨ ਕੀਤਾ ਕੁੱਝ ਹਿੱਸੇ ਦੁਹਰਾਉਣਾ ਜ਼ਰੂਰੀ ਸਮਝਦਾ ਹਾਂ:

"...ਮਾਰਤੋਵ ਦੇ ਸੰਪਾਦਕੀ ਮੰਡਲ ਵਿੱਚ ਕੰਮ ਕਰਨ ਤੋਂ ਇਨਕਾਰ, ਉਹਦੇ ਅਤੇ ਹੋਰ ਪਾਰਟੀ ਲੇਖਕਾਂ ਦੇ ਮਿਲਵਰਤਨ ਕਰਨ ਤੋਂ ਇਨਕਾਰ, ਕਈ ਲੋਕਾਂ ਦੇ ਕੇਂਦਰੀ ਕਮੇਟੀ ਵਿੱਚ ਕੰਮ ਕਰਨ ਤੋਂ ਇਨਕਾਰ, ਅਤੇ ਇਕ ਬਾਈਕਾਟ ਜਾਂ ਉਦਾਸੀਨ ਵਿਰੋਧ ਦੇ ਪ੍ਰਚਾਰ ਦਾ ਸਿੱਟਾ, ਭਾਵੇਂ ਮਾਰਤੋਵ ਅਤੇ ਉਹਦੇ ਸਾਥੀਆਂ ਦੀ ਇੱਛਾ ਵਿਰੁੱਧ, ਅਟੱਲ ਤੌਰ ਉੱਤੇ ਪਾਰਟੀ ਵਿੱਚ ਦੁਫੇੜ ਹੋਵੇਗਾ। ਜੇ ਮਾਰਤੋਵ ਵਫ਼ਾਦਾਰ ਸਟੈਂਡ ਵੀ ਅਪਣਾਏ (ਜਿਹੜਾ ਉਹਨੇ ਕਾਂਗਰਸ

* ਜੇ ਨਿੱਕੀਆਂ ਗੱਲਾਂ ਦਾ ਵੱਡੀਆਂ ਗੱਲਾਂ ਨਾਲ਼ ਮੁਕਾਬਲਾ ਕੀਤਾ ਜਾ ਸਕੇ। **—ਸੰਪਾ.**

ਵਿੱਚ ਇੰਨੀ ਦ੍ਰਿੜ੍ਹਤਾ ਨਾਲ਼ ਅਪਣਾਇਆ), ਤਾਂ ਹੋਰ ਅਜਿਹਾ ਨਹੀਂ ਕਰਨਗੇ, ਅਤੇ ਮੈਂ ਜਿਹੜੇ ਸਿੱਟੇ ਦਾ ਵਰਣਨ ਕੀਤਾ ਹੈ ਉਹ ਅਟੱਲ ਹੋ ਜਾਵੇਗਾ।...

"ਅਤੇ ਸੋ ਮੈਂ ਆਪਣੇ ਆਪ ਤੋਂ ਪੁੱਛਦਾ ਹਾਂ, ਅਸਲ ਵਿੱਚ ਅਸੀਂ ਕਿਸ ਗੱਲ ਉੱਤੇ ਵੱਖ ਵੱਖ ਹੋ ਰਹੇ ਹੋਵਾਂਗੇ ?...ਮੈਂ ਕਾਂਗਰਸ ਦੀਆਂ ਸਾਰੀਆਂ ਘਟਨਾਵਾਂ ਅਤੇ ਪ੍ਰਭਾਵਾਂ ਨੂੰ ਦੁਹਰਾਉਂਦਾ ਹਾਂ; ਮੈਂ ਅਨੁਭਵ ਕਰਦਾ ਹਾਂ ਕਿ ਮੈਂ ਅਕਸਰ ਘੋਰ ਖਿਝ ਦੀ ਹਾਲਤ ਵਿੱਚ, 'ਝੱਲਿਆਂ ਵਾਂਗ ਅਮਲ ਕੀਤਾ; ਮੈਂ ਆਪਣਾ ਇਹ ਨੁਕਸ ਕਿਸੇ ਅੱਗੇ ਵੀ ਕਬੂਲ ਕਰਨ ਲਈ ਤਿਆਰ ਹਾਂ, ਜੇ ਉਸ ਗੱਲ ਨੂੰ ਜਿਹੜੀ ਵਾਯੂ-ਮੰਡਲ ਦਾ, ਪ੍ਰਤਿਕ੍ਰਮਾਂ ਦਾ, ਦਖ਼ਲਾਂ ਦਾ, ਘੋਲ਼ ਆਦਿ ਦਾ ਸੁਭਾਵਕ ਸਿੱਟਾ ਸੀ ਨੁਕਸ ਕਿਹਾ ਜਾ ਸਕਦਾ ਹੈ ਤਾਂ। ਪਰ ਹੁਣ, ਉੱਕਾ ਹੀ ਝੱਲਾ ਹੋਏ ਬਿਨਾਂ ਪ੍ਰਾਪਤ ਕੀਤੇ ਸਿੱਟਿਆਂ, ਜਨੂੰਨੀ ਘੋਲ਼ ਰਾਹੀਂ ਪ੍ਰਾਪਤ ਕੀਤੇ ਸਿੱਟਿਆਂ ਨੂੰ ਵੇਖਦੇ ਹੋਏ ਮੈਂ ਇਹਨਾਂ ਸਿੱਟਿਆਂ ਵਿੱਚ ਕੁੱਝ ਵੀ, ਉੱਕਾ ਹੀ ਕੁੱਝ ਵੀ ਅਜਿਹਾ ਨਹੀਂ ਵੇਖਦਾ ਜਿਹੜਾ ਪਾਰਟੀ ਲਈ ਹਾਨੀਕਾਰਕ ਹੈ ਅਤੇ ਉੱਕਾ ਹੀ ਕੁੱਝ ਨਹੀਂ ਵੇਖਦਾ ਜਿਹੜਾ ਘੱਟਗਿਣਤੀ ਲਈ ਨਿਰਾਦਰ ਜਾਂ ਹੇਠ ਹੈ।

"ਨਿਰਸੰਦੇਹ, ਆਪਣੇ ਆਪ ਨੂੰ ਘੱਟਗਿਣਤੀ ਵਿੱਚ ਵੇਖਣਾ ਖਿਝਾਊ ਹੋਣਾ ਹੀ ਸੀ, ਪਰ ਮੈਂ ਇਸ ਵਿਚਾਰ ਵਿਰੁੱਧ ਦੋ ਟੁਕ ਰੋਸ ਪ੍ਰਗਟ ਕਰਦਾ ਹਾਂ ਕਿ ਅਸਾਂ ਕਿਸੇ ਵਿਰੁੱਧ 'ਊਜਾਂ ਲਾਈਆਂ', ਕਿ ਅਸੀਂ ਕਿਸੇ ਦੀ ਨਿਰਾਦਰੀ ਕਰਨਾ ਜਾਂ ਕਿਸੇ ਨੂੰ ਖੁਆਰ ਕਰਨਾ **ਚਾਹੁੰਦੇ** ਸਾਂ। ਅਜਿਹੀ ਕੋਈ ਗੱਲ ਨਹੀਂ ਸੀ। ਅਤੇ ਕਿਸੇ ਨੂੰ ਸਿਆਸੀ ਮਤ-ਭੇਦਾਂ ਦੇ ਚੱਲਦੇ ਘਟਨਾਵਾਂ ਦੀ ਅਜਿਹੀ ਵਿਆਖਿਆ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ ਜਿਹੜੀ ਦੂਜੀ ਧਿਰ ਉੱਤੇ ਬੇਈਮਾਨੀ, ਵਲ-ਛਲ, ਸਾਜ਼ਸ਼ ਅਤੇ ਹੋਰ ਸੁਹਣੀਆਂ ਗੱਲਾਂ ਦਾ ਦੋਸ਼ ਲਾਉਣ ਉੱਤੇ ਅਧਾਰਤ ਹੋਵੇ, ਜਿਹੜੀਆਂ ਅਸੀਂ ਇੱਕ ਭਾਵੀ ਦੁਫੇੜ ਦੇ ਵਾਯੂ-ਮੰਡਲ ਵਿੱਚ ਸਦਾ ਵਧੇਰੇ ਵਾਰ ਸੁਣ ਰਹੇ ਹਾਂ। ਇਹਦੀ ਆਗਿਆ ਨਹੀਂ ਦੇਣੀ ਚਾਹੀਦੀ ਕਿਉਂਕਿ ਇਹ, ਘੱਟੋ ਘੱਟ ਗੱਲ ਕਹਿੰਦੇ ਹੋਏ, ਬੇਥਵ੍ਹੇਪੁਣੇ ਦੀ nec plus ultra* ਹੈ।

"ਮਾਰਤੋਵ ਦੇ ਅਤੇ ਮੇਰੇ ਵਿਚਕਾਰ ਸਿਆਸੀ (ਅਤੇ ਜਥੇਬੰਦਕ) ਮਤ-ਭੇਦ ਰਹੇ ਹਨ, ਜਿਵੇਂ ਇਹ ਸਾਡੇ ਵਿਚਕਾਰ ਪਹਿਲਾਂ ਦਰਜਨਾਂ ਵਾਰ ਸਨ। ਨਿਯਮਾਂ ਦੇ ਪਹਿਲੇ ਪੈਰੇ ਉੱਤੇ ਹਾਰਨ ਪਿੱਛੋਂ, ਮੇਰੇ ਲਈ (ਅਤੇ ਕਾਂਗਰਸ ਲਈ) ਜੋ ਕੁੱਝ ਬਾਕੀ ਰਹਿ ਗਿਆ ਸੀ, ਉਹਦੇ ਵਿੱਚ ਆਪਣੇ ਪੂਰੇ ਬਲ ਨਾਲ਼ revanche** ਲਈ ਯਤਨ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਮੇਰੇ ਲਈ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਕਿ, ਇੱਕ ਹੱਥ ਕਰੜਾਈ ਨਾਲ਼ "ਇਸਕਰਾ"-ਵਾਦੀ ਕੇਂਦਰੀ ਕਮੇਟੀ ਲਈ ਅਤੇ, ਦੂਜੇ ਹੱਥ, ਸੰਪਾਦਕ ਮੰਡਲ ਵਿੱਚ ਤਿੱਕੜੀ ਲਈ ਯਤਨ ਕਰਾਂ।... ਮਿਹਰ ਅਤੇ ਘੋਲ਼ ਉੱਤੇ ਅਧਾਰਤ ਸੰਸਥਾ ਦੇ ਮੁਕਾਬਲੇ ਉੱਤੇ ਮੈਂ ਇਸ ਤਿੱਕੜੀ ਨੂੰ **ਇੱਕੋ ਇੱਕ** ਅਧਿਕਾਰਤ ਸੰਸਥਾ ਹੋਣ ਯੋਗ ਸਮਝਦਾ ਹਾਂ, ਕੇਵਲ **ਇੱਕੋ ਇੱਕ** ਜਿਹੜੀ ਅਸਲੀ ਕੇਂਦਰ ਹੋਵੇਗੀ, ਜਿਸਦਾ ਹਰ ਮੈਂਬਰ ਸਾਰੇ ਨਿੱਜੀ ਵਿਚਾਰਾਂ ਦੇ ਅਤੇ

---

* ਅਖ਼ੀਰੀ ਹੱਦ ਤੱਕ। —**ਸੰਪਾ.**

** ਬਦਲਾ। —**ਅਨੁ.**

ਕਿਸੇ ਨਰਾਜ਼ਗੀ ਕਾਰਨ, ਅਸਤੀਫ਼ਿਆਂ ਇਤਿ-ਆਦਿ ਦੇ ਵਿਚਾਰਾਂ ਨੂੰ ਮੁੱਖ ਨਾ ਰੱਖਦੇ ਹੋਏ ਇੱਕ ਰੱਤੀ ਵੀ ਵੱਧ ਨਹੀਂ।

"ਕਾਂਗਰਸ ਤੋਂ ਪਿੱਛੋਂ ਜੋ ਕੁੱਝ ਵਾਪਰਿਆ ਹੈ, ਉਹ ਇਸ ਤਿੱਕੜੀ ਦੇ ਅਰਥ ਨਿਰਸੰਦੇਹ ਇੱਕ ਸਿਆਸੀ ਅਤੇ ਜਥੇਬੰਦਕ ਸੇਧ ਨੂੰ ਜਿਸਦਾ ਰੁੱਖ ਇੱਕ ਮਾਰਤੋਵ ਵਿਰੁੱਧ ਸੀ, ਹੱਕੀ ਬਣਾਉਣਾ ਸੀ। ਨਿਰਸੰਦੇਹ। ਇਸ ਕਾਰਨ ਦੁਫੇੜ ਪਾਈ ਜਾਵੇ ? ਇਸ ਕਾਰਨ ਪਾਰਟੀ ਨੂੰ ਤੋੜ ਦਿੱਤਾ ਜਾਵੇ ? ਕੀ ਪਲੈਖ਼ਾਨੋਵ ਅਤੇ ਮਾਰਤੋਵ ਨੇ ਪ੍ਰਦਰਸ਼ਨਾਂ ਦੇ ਸਵਾਲ ਉੱਤੇ ਮੇਰਾ ਵਿਰੋਧ ਨਹੀਂ ਸੀ ਕੀਤਾ ? ਅਤੇ ਕੀ ਪ੍ਰੋਗਰਾਮ ਦੇ ਸਵਾਲ ਉੱਤੇ ਮਾਰਤੋਵ ਨੇ ਅਤੇ ਮੈਂ ਪਲੈਖ਼ਾਨੋਵ ਦਾ ਵਿਰੋਧ ਨਹੀਂ ਸੀ ਕੀਤਾ ? ਕੀ ਹਰ ਤਿੱਕੜੀ ਦੀ ਇੱਕ ਧਿਰ ਸਦਾ ਬਾਕੀ ਦੋ ਦੇ ਵਿਰੁੱਧ ਖੜੀ ਨਹੀਂ ਹੁੰਦੀ ? ਜੇ 'ਇਸਕਰਾ'-ਵਾਦੀਆਂ ਦੀ ਬਹੁਗਿਣਤੀ ਨੇ 'ਇਸਕਰਾ' ਜਥੇਬੰਦੀ ਅਤੇ ਕਾਂਗਰਸ ਦੁਹਾਂ ਵਿੱਚ ਮਾਰਤੋਵ ਦੀ ਸੇਧ ਦੀ ਇਸ ਰੰਗਤ ਨੂੰ ਜਥੇਬੰਦ ਅਤੇ ਸਿਆਸੀ ਪੱਖੋਂ ਗ਼ਲਤ ਸਮਝਿਆ, ਤਾਂ ਕੀ ਇਹਦਾ ਕਾਰਨ 'ਚਾਲਬਾਜ਼ੀ', 'ਭੜਕਾਹਟ' ਇਤਿ-ਆਦਿ ਨੂੰ ਦੱਸਣਾ ਬੇਸਮਝੀ ਨਹੀਂ ਹੋਵੇਗੀ ? ਕੀ ਬਹੁਗਿਣਤੀ ਨੂੰ **ਗਾਲ੍ਹਾਂ ਕੱਢਣੀਆਂ** ਅਤੇ ਉਹਨਾਂ ਨੂੰ 'ਲੰਡੀ-ਬੁੱਚੀ' ਕਹਿਣਾ ਬੇਸਮਝੀ ਨਹੀਂ ਹੋਵੇਗੀ ?

"ਮੈਂ ਦਹਰਾਉਂਦਾ ਹਾਂ ਕਿ 'ਇਸਕਰਾ'-ਵਾਦੀਆਂ ਦੀ ਬਹੁਗਿਣਤੀ ਵਾਂਗ ਮੈਨੂੰ ਡੂੰਘਾ ਨਿਸ਼ਚਾ ਹੈ ਕਿ ਮਾਰਤੋਵ ਨੇ ਜਿਹੜੀ ਸੇਧ ਅਪਣਾਈ ਉਹ ਗ਼ਲਤ ਸੀ, ਅਤੇ ਇਹ ਕਿ ਉਹਨੂੰ ਸੋਧਣਾ ਲਾਜ਼ਮੀ ਸੀ। ਸੋਧਣ ਉੱਤੇ ਗ਼ੁੱਸੇ ਹੋ ਜਾਣਾ, ਇਹਨੂੰ ਨਿਰਾਦਰੀ ਸਮਝਣਾ ਆਦਿ, ਬੇਸਮਝੀ ਹੈ। ਅਸਾਂ ਕਿਸੇ ਉੱਤੇ 'ਕਲੰਕ' ਨਹੀਂ ਲਾਇਆ ਅਤੇ ਨਾ ਹੀ ਲਾ ਰਹੇ ਹਾਂ, ਨਾ ਹੀ ਅਸੀਂ ਕਿਸੇ ਨੂੰ **ਕੰਮ** ਤੋਂ ਛੇਕ ਰਹੇ ਹਾਂ। ਅਤੇ ਇਸ ਲਈ ਫੁੱਟ ਪੈਦਾ ਕਰਨਾ ਕਿ ਕਿਸੇ ਨੂੰ ਇੱਕ **ਕੇਂਦਰੀ ਸੰਸਥਾ ਤੋਂ** ਬਾਹਰ ਰੱਖਿਆ ਗਿਆ ਹੈ, ਮੈਨੂੰ ਇੱਕ ਅਗੋਚਰ ਮੂਰਖਤਾ ਜਾਪਦੀ ਹੈ।"*

ਮੈਂ ਆਪਣੇ ਇਹਨਾਂ ਲਿਖਤੀ ਬਿਆਨਾਂ ਨੂੰ ਚੇਤੇ ਕਰਨਾ ਇਸ ਲਈ ਜ਼ਰੂਰੀ ਸਮਝਿਆ ਹੈ ਕਿ ਉਹ **ਨਿਰਣਾਇਕ ਢੰਗ ਨਾਲ਼** ਸਾਬਤ ਕਰਦੇ ਹਨ ਕਿ ਬਹੁਗਿਣਤੀ **ਇੱਕਦਮ**, ਇੱਕ ਹੱਥ, ਸੰਭਵ (ਅਤੇ ਇੱਕ ਕਰੜੇ ਘੋਲ਼ ਵਿੱਚ ਅਟੱਲ) ਨਿੱਜੀ ਗਿਲਿਆਂ ਅਤੇ ਕਾਟਵੇਂ ਅਤੇ "ਝੱਲਿਆਂ ਵਰਗੇ" ਹਮਲਿਆਂ ਆਦਿ ਕਾਰਨ ਨਿੱਜੀ ਖਿਝਾਂ ਅਤੇ, ਦੂਜੇ ਹੱਥ, ਇੱਕ ਨਿਸ਼ਚਿਤ ਸਿਆਸੀ ਗ਼ਲਤੀ, ਇੱਕ ਨਿਸ਼ਚਿਤ ਸਿਆਸੀ ਸੇਧ (ਸੱਜੇ ਪੱਖ ਨਾਲ਼ ਕੁਲੀਸ਼ਨ) ਵਿਚਕਾਰ

---

* (ਅ.ਨ.ਪੋਤਰੇਸੋਵ ਦੇ ਨਾਂ ਇਹ ਖ਼ਤ 31 ਅਗਸਤ, [13 ਨਵੰਬਰ] 1903 ਦਾ **—ਸੰਪਾ.**) ਇਹ ਖ਼ਤ **ਸਤੰਬਰ** (ਨਵੀਂ ਜੰਤਰੀ ਅਨੁਸਾਰ) ਵਿੱਚ ਲਿਖਿਆ ਗਿਆ। ਮੈਂ ਕੇਵਲ ਉਹ ਕੁੱਝ ਕੱਢ ਦਿੱਤਾ ਜਿਹੜਾ ਮੈਨੂੰ ਹੱਥਲੇ ਮਾਮਲੇ ਨਾਲ਼ ਅਸਬੰਧਤ ਜਾਪਦਾ ਸੀ। ਜੇ ਸਿਰਨਾਂਵੀਆ ਇਹ ਸਮਝੇ ਕਿ ਮੈਂ ਜੋ ਕੁੱਝ ਛੱਡ ਦਿੱਤਾ ਹੈ ਉਹ ਮਹੱਤਵਪੂਰਨ ਹੈ, ਤਾਂ ਉਹ ਇਸ ਛੋਟ ਨੂੰ ਸੌਖੇ ਹੀ ਸੋਧ ਸਕਦਾ ਹੈ। ਲਗਦੇ ਹੱਥ, ਮੈਂ ਇਹ ਕਹਿਣ ਦਾ ਮੌਕਾ ਲੈਂਦਾ ਹਾਂ ਕਿ ਜੇ ਉਹ ਸਮਝਣ ਕਿ ਇਸ ਨਾਲ਼ ਕੋਈ ਲਾਹੇਵੰਦਾ ਮੰਤਵ ਪੂਰਾ ਹੋਵੇਗਾ ਤਾਂ ਉਹਨਾਂ ਵਿੱਚੋਂ ਕੋਈ ਵੀ ਮੇਰੇ ਨਿੱਜੀ ਖ਼ਤਾਂ ਵਿੱਚੋਂ ਕੋਈ ਵੀ ਖ਼ਤ ਛਾਪ ਸਕਦਾ ਹੈ।

ਇੱਕ ਨਿਸ਼ਚਿਤ ਲੀਕ ਖਿੱਚਣ ਨੂੰ ਤਿਆਰ ਸੀ।

ਇਹ ਬਿਆਨ ਸਾਬਤ ਕਰਦੇ ਹਨ ਕਿ ਘੱਟਗਿਣਤੀ ਦਾ **ਉਦਾਸੀਨ ਵਿਰੋਧ ਕਾਂਗਰਸ ਤੋਂ ਇੱਕਦਮ ਪਿੱਛੋਂ ਸ਼ੁਰੂ ਹੋ ਗਿਆ** ਅਤੇ ਇਹਨੇ ਸਾਡੇ ਪੱਖ ਤੋਂ ਇਹ ਚੇਤਾਵਨੀ ਦਿਵਾਈ ਕਿ ਇਹ **ਪਾਰਟੀ ਵਿੱਚ ਦੁਫੇੜ ਵੱਲ ਇੱਕ ਕਦਮ ਹੈ**; ਚੇਤਾਵਨੀ ਕਿ **ਇਹ ਕਾਂਗਰਸ ਵਿੱਚ ਉਹਨਾਂ ਦੇ ਵਫ਼ਾਦਾਰੀ ਦੇ ਐਲਾਨਾਂ** ਦੇ ਉਲਟ ਜਾਂਦਾ ਹੈ; ਕਿ ਫੁੱਟ ਕੇਵਲ **ਕੇਂਦਰੀ ਸੰਸਥਾਵਾਂ ਤੋਂ ਬਾਹਰ ਰੱਖੇ ਜਾਣ** (ਅਰਥਾਤ, ਉਹਨਾਂ ਵਿੱਚ ਨਾ ਚੁਣੇ ਜਾਣ) **ਦੇ ਤੱਥ ਕਾਰਨ** ਹੋਵੇਗੀ, ਕਿਉਂਕਿ ਕਿਸੇ ਨੇ ਕਦੀ ਕਿਸੇ ਪਾਰਟੀ ਮੈਂਬਰ ਨੂੰ **ਕੰਮ ਤੋਂ** ਵੱਖ ਰੱਖਣ ਸਬੰਧੀ ਨਹੀਂ ਸੋਚਿਆ; ਅਤੇ ਸਾਡਾ ਸਿਆਸੀ ਮਤ-ਭੇਦ (ਇੱਕ ਅਟੱਲ ਮਤ-ਭੇਦ ਕਿਉਂਕਿ ਇਹ ਗੱਲ ਅਜੇ ਤੱਕ ਸਪਸ਼ਟ ਅਤੇ ਹੱਲ ਨਹੀਂ ਕੀਤੀ ਗਈ ਕਿ ਕਾਂਗਰਸ ਵਿੱਚ ਕਿਹੜੀ ਸੇਧ ਗ਼ਲਤ ਸੀ, ਮਾਰਤੋਵ ਦੀ ਜਾਂ ਸਾਡੀ) ਨੂੰ **ਸਦਾ ਵਧੇਰੇ ਵਿਗਾੜ ਕੇ ਇੱਕ ਖਹਿਬੜ ਬਣਾਇਆ ਜਾ ਰਿਹਾ ਸੀ**, ਗਾਲ੍ਹਾਂ, ਸ਼ੱਕ ਇਤਿ-ਆਦਿ ਜਿਸਦਾ ਸਾਥ ਦੇ ਰਹੇ ਸਨ।

ਪਰ ਚੇਤਾਵਨੀਆਂ ਵਿਅਰਥ ਹਨ। ਘੱਟਗਿਣਤੀ ਦੇ ਵਤੀਰੇ ਨੇ ਦਰਸਾਇਆ ਕਿ ਉਹਨਾਂ ਵਿੱਚੋਂ ਸਭ ਤੋਂ ਘੱਟ ਸਥਿਰ ਅੰਸ਼ਾਂ ਦਾ, ਜਿਹੜੇ **ਪਾਰਟੀ ਦੀ ਸਭ ਤੋਂ ਘੱਟ ਕਦਰ ਕਰਦੇ ਸਨ** ਹੱਥ ਉੱਪਰ ਹੁੰਦਾ ਜਾ ਰਿਹਾ ਹੈ। ਇਸ ਗੱਲ ਨੇ ਪਲੈਖ਼ਾਨੋਵ ਅਤੇ ਮੈਨੂੰ ਮਜਬੂਰ ਕੀਤਾ ਕਿ ਅਸਾਂ ਗਲੇਬੋਵ ਦੀ ਤਜਵੀਜ਼ ਨੂੰ ਜਿਹੜੀ ਪ੍ਰਵਾਨਗੀ ਦਿੱਤੀ ਸੀ ਉਹ ਵਾਪਸ ਲੈ ਲਈਏ। ਕਿਉਂਕਿ ਜੇ ਘੱਟਗਿਣਤੀ ਆਪਣੇ **ਅਮਲਾਂ ਰਾਹੀਂ** ਕੇਵਲ ਅਸੂਲਾਂ ਸਬੰਧੀ ਹੀ ਨਹੀਂ ਸਗੋਂ **ਬੁਨਿਆਦੀ ਪਾਰਟੀ ਵਫ਼ਾਦਾਰੀ ਸਬੰਧੀ** ਵੀ ਆਪਣੀ ਸਿਆਸੀ ਅਸਥਿਰਤਾ ਵਿਖਾ ਰਹੀ ਸੀ ਤਾਂ ਪ੍ਰਸਿੱਧ "ਨਿਰੰਤਰਤਾ" ਸਬੰਧੀ ਉਹਨਾਂ ਦੀਆਂ **ਗੱਲਾਂ ਨੂੰ** ਕੀ ਮਹੱਤਤਾ ਦਿੱਤੀ ਜਾ ਸਕਦੀ ਸੀ ? ਪਲੈਖ਼ਾਨੋਵ ਤੋਂ ਵੱਧ ਕਿਸ ਨੇ ਵਧੇਰੇ ਬਿਲਾਸੀ ਢੰਗ ਨਾਲ਼ ਪਾਰਟੀ ਦੇ ਸੰਪਾਦਕ ਮੰਡਲ ਵਿੱਚ ਅਜਿਹੇ ਲੋਕਾਂ ਤੋਂ ਬਣਦੀ ਬਹੁਗਿਣਤੀ ਨੂੰ "ਕੁਆਪਟ ਕਰਨ" ਦਾ ਠੱਠਾ ਨਾ ਉਡਾਇਆ ਜਿਨ੍ਹਾਂ ਆਪਣੇ ਨਵੇਂ ਅਤੇ ਵੱਧ ਰਹੇ ਮਤ-ਭੇਦਾਂ ਦਾ ਖਰੇ ਢੰਗ ਨਾਲ਼ ਐਲਾਨ ਕੀਤਾ! ਕੀ ਸੰਸਾਰ ਵਿੱਚ ਕਦੀ ਇਸ ਗੱਲ ਦੀ ਕੋਈ ਉਦਾਹਰਣ ਮਿਲੀ ਹੈ ਕਿ ਕੇਂਦਰੀ ਸੰਸਥਾਵਾਂ ਵਿੱਚ ਪਾਰਟੀ ਬਹੁਗਿਣਤੀ ਨੇ **ਨਵੇਂ** ਮਤ-ਭੇਦਾਂ ਨੂੰ ਅਖ਼ਬਾਰਾਂ ਵਿੱਚ, ਪਾਰਟੀ ਦੀ ਪੂਰੀ ਨਿਗਾਹ ਸਾਹਮਣੇ **ਪ੍ਰਤੱਖ ਕਰਨ ਤੋਂ ਪਹਿਲਾਂ** ਆਪਣੇ ਆਪ ਨੂੰ ਘੱਟਗਿਣਤੀ ਵਿੱਚ ਤਬਦੀਲ ਕਰ ਲਿਆ ਹੋਵੇ ? ਪਹਿਲਾਂ ਮਤ-ਭੇਦ ਬਿਆਨ ਹੋਣ ਦਿਓ, ਪਾਰਟੀ ਨੂੰ ਇਸ ਗੱਲ ਦਾ ਨਿਰਣਾ ਕਰਨ ਦਿਓ ਕਿ ਉਹ ਕਿੰਨੇ ਡੂੰਘੇ ਅਤੇ ਮਹਤੱਵਪੂਰਨ ਹਨ, ਪਾਰਟੀ ਨੂੰ ਆਪ ਉਹ ਗ਼ਲਤੀ ਠੀਕ ਕਰਨ ਦਿਓ ਜਿਹੜੀ ਦੂਜੀ ਕਾਂਗਰਸ ਵਿੱਚ ਕੀਤੀ ਗਈ, ਜੇ ਇਹ ਵਿਖਾਇਆ ਜਾਵੇ ਕਿ ਉਹਨੇ ਗ਼ਲਤੀ ਕੀਤੀ ਸੀ! ਇਹ ਤੱਥ ਕਿ ਇਹ ਮੰਗ ਇਸ **ਦਲੀਲ ਨਾਲ਼ ਕੀਤੀ ਗਈ** ਕਿ ਅਜੇ ਤੱਕ ਅਣਜਾਣੇ ਮਤ-ਭੇਦ ਹਨ, ਇਹ ਮੰਗ ਕਰਨ ਵਾਲ਼ਿਆਂ ਦੀ ਮੁਕੰਮਲ ਅਸਥਿਰਤਾ, ਸਾਰੇ ਸਿਆਸੀ ਮਤ-ਭੇਦਾਂ ਨੂੰ ਖਹਿਬੜਨ ਦੇ ਅਧੀਨ ਕਰਨ, ਅਤੇ ਸਮੁੱਚੇ ਤੌਰ ਉੱਤੇ ਪਾਰਟੀ ਅਤੇ ਉਹਨਾਂ ਦੇ ਆਪਣੇ ਨਿਸ਼ਚਿਆਂ ਲਈ ਨਿਰਾਦਰ ਦਰਸਾਉਂਦੀ ਹੈ। ਸੰਸਾਰ ਵਿੱਚ **ਨਿਸ਼ਚੇ ਵਾਲ਼ੇ ਅਸੂਲ ਵਾਲ਼ੇ** ਮਨੁੱਖ ਨਾ ਹੋਏ ਹਨ, ਨਾ ਹੀ

ਹੋਣਗੇ, ਜਿਹੜੇ ਉਸ ਸੰਸਥਾ ਵਿੱਚ ਜਿਸਨੂੰ ਉਹ ਆਪਣੇ ਸਟੈਂਡ ਵੱਲ ਲਿਆਉਣਾ ਚਾਹੁੰਦੇ (**ਗੁਪਤ ਤੌਰ ਉੱਤੇ**) ਬਹੁਗਿਣਤੀ ਪ੍ਰਾਪਤ ਕਰਨ ਤੋਂ ਪਹਿਲਾਂ **ਨਿਸ਼ਚਾ ਕਰਾਉਣ** ਦਾ ਯਤਨ ਕਰਨ ਤੋਂ ਇਨਕਾਰੀ ਹਨ।

ਅਖ਼ੀਰ ਸਾਥੀ ਪਲੈਖ਼ਾਨੋਵ ਨੇ 4 ਅਕਤੂਬਰ ਨੂੰ ਐਲਾਨ ਕੀਤਾ ਕਿ ਉਹ ਮਾਮਲੇ ਦੀ ਇਸ ਵਾਹਯਾਤ ਹਾਲਤ ਦਾ ਅੰਤ ਕਰਨ ਲਈ ਇੱਕ **ਅਖ਼ੀਰੀ** ਯਤਨ ਕਰੇਗਾ। ਸੰਪਾਦਕ ਮੰਡਲ ਦੇ ਛੇ ਦੇ ਛੇ ਮੈਂਬਰਾਂ ਦੀ ਇੱਕ ਇਕੱਤ੍ਰਤਾ ਬੁਲਾਈ ਗਈ, ਜਿਸ ਵਿੱਚ ਕੇਂਦਰੀ ਕਮੇਟੀ ਦਾ ਇੱਕ ਨਵਾਂ ਮੈਂਬਰ ਵੀ ਸ਼ਾਮਲ ਹੋਇਆ।* ਸਾਥੀ ਪਲੈਖ਼ਾਨੋਵ ਨੇ ਪੂਰੇ ਤਿੰਨ ਘੰਟੇ ਇਹ ਦਰਸਾਉਣ ਦਾ ਯਤਨ ਕਰਨ ਉੱਤੇ ਲਾਏ ਕਿ "ਬਹੁਗਿਣਤੀ" ਦੇ ਦੋ ਦੇ ਮੁਕਾਬਲੇ ਉੱਤੇ "ਘੱਟਗਿਣਤੀ" ਦੇ ਚਾਰਾਂ ਦੀ "ਕੁਆਪਸ਼ਨ" ਕਿੰਨੀ ਅਨੁਚਿਤ ਗੱਲ ਹੋਵੇਗੀ। ਉਹਨੇ ਉਹਨਾਂ ਵਿਚੋਂ **ਦੋ ਨੂੰ ਕੁਆਪਟ ਕਰਨ** ਦੀ ਤਜਵੀਜ਼ ਪੇਸ਼ ਕੀਤੀ ਤਾਂ ਜੁ ਇੱਕ ਹੱਥ, ਇਹ ਤੌਖਲੇ ਦੂਰ ਹੋ ਜਾਣ ਕਿ ਅਸੀਂ ਕਿਸੇ ਨੂੰ "ਡਰਾਉਣਾ-ਸਮਝਾਉਣਾ", ਦਬਾਉਣਾ, ਘੇਰੇ ਵਿੱਚ ਲੈਣ, ਕਤਲ ਕਰਨਾ ਜਾਂ ਦਫ਼ਨਾਉਣਾ ਚਾਹੁੰਦੇ ਹਾਂ, ਅਤੇ, ਦੂਜੇ ਹੱਥ, ਪਾਰਟੀ ਦੀ "ਬਹੁਗਿਣਤੀ" ਦੇ ਹੱਕਾਂ ਅਤੇ ਸਟੈਂਡ ਦੀ ਰੱਖਿਆ ਕੀਤੀ ਜਾਵੇ। **ਦੋ ਦੀ ਕੁਆਪਸ਼ਨ ਵੀ ਉਸੇ ਤਰ੍ਹਾਂ ਰੱਦ ਕਰ ਦਿੱਤੀ ਗਈ।**

6 ਅਕਤੂਬਰ ਨੂੰ ਪਲੈਖ਼ਾਨੋਵ ਨੇ ਅਤੇ ਮੈਂ "ਇਸਕਰਾ" ਦੇ ਸਾਰੇ ਪੁਰਾਣੇ ਸੰਪਾਦਕਾਂ ਨੂੰ ਅਤੇ ਇਹਦੇ ਲਈ ਇੱਕ ਲਿਖਣ ਵਾਲ਼ੇ ਸਾਥੀ ਤਰਾਤਸਕੀ ਨੂੰ ਹੇਠ ਲਿਖਿਆ ਖ਼ਤ ਲਿਖਿਆ:

"ਪਿਆਰੇ ਸਾਥੀਓ! ਕੇਂਦਰੀ ਬੁਲਾਰੇ ਦਾ ਸੰਪਾਦਕ ਮੰਡਲ ਇਸ ਗੱਲ ਨੂੰ ਆਪਣਾ ਫਰਜ਼ ਸਮਝਦਾ ਹੈ ਕਿ ਉਹ ਇਸ ਗੱਲ ਉਤੇ ਅਧਿਕਾਰਿਤ ਤੌਰ ਉੱਤੇ ਦੁੱਖ ਪ੍ਰਗਟ ਕਰੇ ਕਿ ਤੁਸੀਂ 'ਇਸਕਰਾ' ਅਤੇ 'ਜ਼ਾਰੀਆ'[35] ਵਿੱਚ ਹਿੱਸਾ ਲੈਣੋਂ ਵੱਖ ਹੋ ਗਏ ਹੋ। ਦੂਜੀ ਕਾਂਗਰਸ ਤੋਂ ਇੱਕਦਮ ਪਿੱਛੋਂ ਅਤੇ ਉਸ ਤੋਂ ਪਿਛੋਂ ਅਨੇਕ ਵਾਰ ਮਿਲਵਰਤਨ ਕਰਨ ਦੀਆਂ ਉਹਨਾਂ ਘੜੀ-ਮੁੜੀ ਕੀਤੀਆਂ ਬੇਨਤੀਆਂ ਦੇ ਬਾਵਜੂਦ ਸਾਨੂੰ ਤੁਹਾਥੋਂ ਇੱਕ ਵੀ ਲਿਖਤ ਨਹੀਂ ਮਿਲੀ। ਕੇਂਦਰੀ ਬੁਲਾਰੇ ਦਾ ਸੰਪਾਦਕ ਮੰਡਲ ਕਹਿੰਦਾ ਹੈ ਕਿ ਤੁਹਾਡੇ ਵੱਲੋਂ ਹਿੱਸਾ ਲੈਣੋਂ ਵੱਖ ਹੋ ਜਾਣਾ ਕਿਸੇ ਅਜਿਹੀ ਗੱਲ ਕਾਰਨ ਸਹੀ ਨਹੀਂ ਠਹਿਰਾਇਆ ਜਾ ਸਕਦਾ ਜਿਹੜੀ ਉਹਨੇ ਕੀਤੀ ਹੋਵੇ। ਨਿਰਸੰਦੇਹ, ਕਿਸੇ ਨਿੱਜੀ ਖਿਝ ਨੂੰ ਤੁਹਾਡੇ ਕੇਂਦਰੀ ਬੁਲਾਰੇ ਵਿੱਚ ਕੰਮ ਕਰਨ ਵਿੱਚ ਰੋਕ ਨਹੀਂ ਬਣਨਾ ਚਾਹੀਦਾ। ਦੂਜੇ ਹੱਥ, ਜੇ ਤੁਹਾਡਾ ਵੱਖ ਹੋਣਾ ਸਾਡੇ ਨਾਲ਼ ਰਾਏ ਦੇ ਕਿਸੇ ਮਤ-ਭੇਦ ਕਾਰਨ ਹੈ ਤਾਂ ਅਸੀਂ ਇਹਨੂੰ ਪਾਰਟੀ ਲਈ ਵੱਧ ਤੋਂ ਵੱਧ ਲਾਭ ਦਾ ਕਾਰਨ ਸਮਝਾਂਗੇ ਜੇ ਤੁਸੀਂ ਇਹ ਮਤ-ਭੇਦ ਵਿਸਥਾਰ ਨਾਲ਼ ਬਿਆਨ ਕਰੋ। ਇਸ ਤੋਂ ਵੱਧ, ਅਸੀਂ ਇਸ ਗੱਲ ਨੂੰ

* ਕੇਂਦਰੀ ਕਮੇਟੀ ਦੇ ਇਸ ਮੈਂਬਰ[34] ਨੇ, ਇਸ ਤੋਂ ਬਿਨਾਂ, ਘੱਟਗਿਣਤੀ ਨਾਲ਼ ਨਿੱਜੀ ਅਤੇ ਸਮੂਹਕ ਗੱਲਾਂ ਬਾਤਾਂ ਦਾ ਪ੍ਰਬੰਧ ਕੀਤਾ, ਜਿਨ੍ਹਾਂ ਵਿੱਚ ਉਹਨੇ ਉਹਨਾਂ ਊਟ-ਪਟਾਂਗ ਕਹਾਣੀਆਂ ਦਾ ਖੰਡਣ ਕੀਤਾ ਜਿਹੜੀਆਂ ਫ਼ੈਲਾਈਆਂ ਜਾ ਰਹੀਆਂ ਸਨ ਅਤੇ ਉਹਨਾਂ ਦੇ ਪਾਰਟੀ ਫਰਜ਼ ਦੀ ਭਾਵਨਾ ਦਾ ਵਾਸਤਾ ਪਾਇਆ।

ਯੋਗ ਸਮਝਦੇ ਹਾਂ ਕਿ ਪਾਰਟੀ ਸਾਹਮਣੇ ਇਹਨਾਂ ਮਤ-ਭੇਦਾਂ ਦੇ ਖ਼ਾਸੇ ਅਤੇ ਡੂੰਘਾਈ ਦੀ, ਜਿੰਨੀ ਛੇਤੀ ਤੋਂ ਛੇਤੀ ਸੰਭਵ ਹੋਵੇ, ਉਹਨਾਂ ਪ੍ਰਕਾਸ਼ਨਾਵਾਂ ਦੇ ਪੰਨਿਆਂ ਉੱਤੇ ਵਿਆਖਿਆ ਕੀਤੀ ਜਾਵੇ, ਜਿਨ੍ਹਾਂ ਦੇ ਅਸੀਂ ਸੰਪਾਦਕ ਹਾਂ।"*

ਜਿਹਾ ਕਿ ਪਾਠਕ ਵੇਖਦਾ ਹੈ, ਇਹ ਗੱਲ ਸਾਡੇ ਲਈ ਅਜੇ ਤੱਕ ਅਸਪਸ਼ਟ ਸੀ ਕਿ "ਘੱਟਗਿਣਤੀ" ਦੇ ਅਮਲ ਮੁੱਖ ਤੌਰ ਉੱਤੇ ਨਿੱਜੀ ਖਿਝ ਦਾ ਕਾਰਨ ਹਨ ਜਾਂ ਉਹਨਾਂ ਦੇ ਬੁਲਾਰੇ (ਅਤੇ ਪਾਰਟੀ) ਨੂੰ **ਨਵੇਂ ਰਾਹ** ਉੱਤੇ ਪਾਉਣ ਤੋਂ ਪੈਦਾ ਹੋਏ ਸਨ, ਅਤੇ ਜੇ ਅਜਿਹਾ ਸੀ, ਤਾਂ ਐਨ ਕਿਹੜੇ ਰਾਹ ਉੱਤੇ। ਮੇਰਾ ਵਿਚਾਰ ਹੈ ਕਿ ਜੇ ਅਸੀਂ ਹੁਣ ਸੱਤਰ ਸਿਆਣੇ ਲੋਕਾਂ ਨੂੰ ਕਿਸੇ ਸਾਹਿਤ ਜਾਂ ਸ਼ਾਹਦੀ ਦੀ ਸਹਾਇਤਾ ਨਾਲ਼, ਜਿਹੜੇ ਵੀ ਤੁਸੀਂ ਚਾਹੋ, ਇਹ ਸਵਾਲ ਹੱਲ ਕਰਨ ਉੱਤੇ ਲਾ ਦੇਈਏ ਤਾਂ ਇਸ ਗੁੰਝਲ ਦਾ ਕੁੱਝ ਨਹੀਂ ਬਣਾ ਸਕਣ ਲੱਗੇ। ਮੈਨੂੰ ਸ਼ੱਕ ਹੈ ਕਿ ਕਿਸੇ ਖਹਿਬੜ ਨੂੰ ਕਦੀ ਵੀ ਸੁਲਝਾਇਆ ਜਾ ਸਕਦਾ ਹੈ; ਤੁਹਾਨੂੰ ਇਹਨੂੰ ਜਾਂ ਤਾਂ ਕੱਟਣਾ ਪੈਂਦਾ ਹੈ, ਜਾਂ ਇੱਕ ਪਾਸੇ ਸੁੱਟ ਦੇਣਾ ਪੈਂਦਾ ਹੈ।**

ਐਕਸਲਰੋਦ, ਜ਼ਾਸੂਲਿਚ, ਸਤਾਰੋਵਰ, ਤਰਾਤਸਕੀ ਅਤੇ ਕੋਲਤਸੋਵ ਨੇ 6 ਅਕਤੂਬਰ ਦੇ ਪੱਤਰ ਦੇ ਜਵਾਬ ਵਿੱਚ ਇਸ ਮਤਲਬ ਦੀਆਂ ਦੋ ਕੁ ਸਤਰਾਂ ਜਵਾਬ ਵਿੱਚ ਭੇਜੀਆਂ ਕਿ ਇਹਦੇ ਨਵੇਂ ਸੰਪਾਦਕ ਮੰਡਲ ਦੇ ਹੱਥਾਂ ਵਿੱਚ ਚਲੇ ਜਾਣ ਤੋਂ ਪਿੱਛੋਂ ਨਿਮਨ-ਹਸਤਾਖ਼ਰੀ "ਇਸਕਰਾ" ਵਿੱਚ ਕੋਈ ਹਿੱਸਾ ਨਹੀਂ ਸਨ ਲੈ ਰਹੇ। ਸਾਥੀ ਮਾਰਤੋਵ ਵਧੇਰੇ ਖੁੱਲ੍ਹਾ ਸਾਬਤ ਹੋਇਆ ਅਤੇ ਉਹਨੇ ਸਾਨੂੰ ਹੇਠ ਲਿਖੇ ਜਵਾਬ ਨਾਲ਼ ਨਿਵਾਜਿਆ:

> "ਰੂਸੀ ਸੋਸ਼ਲ-ਡੈਮੋਕ੍ਰੈਟ ਲੇਬਰ ਪਾਰਟੀ ਦੇ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਦੇ ਨਾਂ।
>
> "ਪਿਆਰੇ ਸਾਥੀਓ! ਤੁਹਾਡੇ 6 ਅਕਤੂਬਰ ਦੇ ਪੱਤਰ ਦੇ ਉਤਰ ਵਿੱਚ ਮੈਂ ਹੇਠ ਲਿਖੀ ਗੱਲ ਕਹਿਣਾ ਚਾਹੁੰਦਾ ਹਾਂ: 4 ਅਕਤੂਬਰ ਨੂੰ ਕੇਂਦਰੀ ਕਮੇਟੀ ਦੇ ਇੱਕ ਮੈਂਬਰ ਦੀ ਮੌਜੂਦਗੀ ਵਿੱਚ ਹੋਈ ਕਾਨਫ਼ਰੰਸ ਤੋਂ ਪਿੱਛੋਂ, ਅਤੇ ਜਿਸ ਵਿੱਚ ਤੁਸਾਂ ਉਹ ਕਾਰਨ ਦੱਸਣੋਂ ਨਾਂਹ ਕਰ ਦਿੱਤੀ ਜਿਨ੍ਹਾਂ ਤੁਹਾਨੂੰ ਸਾਡੇ ਅੱਗੇ ਰੱਖੀ ਇਹ ਤਜਵੀਜ਼ ਵਾਪਸ ਲੈਣ ਲਈ ਪ੍ਰੇਰਿਆ ਕਿ ਐਕਸਲਰੋਦ, ਜ਼ਾਸੂਲਿਚ, ਸਤਾਰੋਵਰ ਅਤੇ ਮੈਂ ਇਸ ਸ਼ਰਤ ਉੱਤੇ ਸੰਪਾਦਕ ਮੰਡਲ ਵਿੱਚ ਸ਼ਾਮਲ ਹੋ ਜਾਈਏ ਕਿ ਅਸੀਂ ਸਾਥੀ ਲੈਨਿਨ ਨੂੰ ਪ੍ਰੀਸ਼ਦ ਵਿੱਚ ਆਪਣਾ 'ਪ੍ਰਤੀਨਿਧ' ਚੁਣੀਏ, ਮੈਂ ਇੱਕੋ ਇੱਕ

---

* ਸਾਥੀ ਮਾਰਤੋਵ ਦੇ ਨਾਂ ਖ਼ਤ ਵਿੱਚ ਕਿਸੇ ਇੱਕ ਪੈਂਫ਼ਲਟ ਵੱਲ ਸੰਕੇਤ ਅਤੇ ਹੇਠ ਲਿਖਿਆ ਵਾਕ ਸੀ: "ਅਖ਼ੀਰ ਵਿੱਚ ਅਸੀਂ ਇੱਕ ਵਾਰ ਫਿਰ ਤੈਨੂੰ ਕੰਮ ਦੇ ਹਿਤਾਂ ਵਿੱਚ ਸੂਚਨਾ ਦੇਂਦੇ ਹਾਂ ਕਿ ਅਸੀਂ ਤੈਨੂੰ ਸੰਪਾਦਕ ਮੰਡਲ ਵਿੱਚ ਕੁਆਪਟ ਕਰਨ ਲਈ ਤਿਆਰ ਹਾਂ ਤਾਂ ਜੁ ਤੈਨੂੰ ਸਰਕਾਰੀ ਤੌਰ ਉੱਤੇ ਪਾਰਟੀ ਦੀ ਸਰਵਉੱਚ ਸੰਸਥਾ ਵਿੱਚ ਆਪਣੇ ਵਿਚਾਰ ਪੇਸ਼ ਕਰਨ ਅਤੇ ਉਹਨਾਂ ਦੀ ਰੱਖਿਆ ਕਰਨ ਦਾ ਹਰ ਮੌਕਾ ਦਿੱਤਾ ਜਾਵੇ।"

** ਸਾਥੀ ਪਲੈਖ਼ਾਨੋਵ ਨੇ ਸ਼ਾਇਦ ਵਾਧਾ ਕੀਤਾ ਹੁੰਦਾ: "ਜਾਂ ਖਹਿਬੜ ਸ਼ੁਰੂ ਕਰਨ ਵਾਲ਼ਿਆਂ ਦਾ ਹਰ **ਅਤੇ ਹਰ ਇੱਕ ਦਾਹਵਾ** ਪੂਰਾ ਕਰੋ"। ਅਸੀਂ ਵੇਖਾਂਗੇ ਅਜਿਹਾ ਕਰਨਾ ਕਿਉਂ ਅਸੰਭਵ ਸੀ।

ਅਖ਼ਬਾਰ ਵਿੱਚ ਕੰਮ ਕਰਨ ਦੇ ਵਿਸ਼ੇ ਸਬੰਧੀ ਸਾਰੀ ਗੱਲ ਬਾਤ ਦਾ ਅੰਤ ਹੋ ਗਿਆ ਸਮਝਦਾ ਹਾਂ। ਤੁਹਾਡੇ ਇਸ ਕਾਨਫ਼ਰੰਸ ਵਿੱਚ ਉਹ ਬਿਆਨ ਸੂਤਰਬੱਧ ਕਰਨੋਂ, ਜਿਹੜੇ ਖ਼ੁਦ ਤੁਸਾਂ ਗਵਾਹਾਂ ਦੀ ਮੌਜੂਦਗੀ ਵਿੱਚ ਕੀਤੇ ਸਨ, ਮੈਂ ਅਜੋਕੀਆਂ ਹਾਲਤਾਂ ਵਿੱਚ ਇਕ ਖ਼ਤ ਵਿੱਚ 'ਇਸਕਰਾ' ਵਿੱਚ ਕੰਮ ਕਰਨ ਤੋਂ ਆਪਣੇ ਇਨਕਾਰ ਸਬੰਧੀ ਆਪਣੇ ਮੰਤਵਾਂ ਦੀ ਵਿਆਖਿਆ ਕਰਨਾ ਜ਼ਰੂਰੀ ਨਹੀਂ ਸਮਝਦਾ। ਜੇ ਲੋੜ ਪਈ ਤਾਂ ਮੈਂ ਇਹਨਾਂ ਦੀ ਸਾਰੀ ਪਾਰਟੀ ਅੱਗੇ ਵਿਆਖਿਆ ਕਰਾਂਗਾ, ਜਿਹੜੀ ਪਹਿਲਾਂ ਹੀ ਦੂਜੀ ਕਾਂਗਰਸ ਦੀ ਕਾਰਵਾਈ ਤੋਂ ਇਹ ਜਾਣਨ ਯੋਗ ਹੋਵੇਗੀ ਕਿ ਮੈਂ ਇਹ ਤਜਵੀਜ਼, ਜਿਹੜੀ ਤੁਸੀਂ ਹੁਣ ਦੁਹਰਾਉਂਦੇ ਹੋ, ਰੱਦ ਕੀਤੀ, ਕਿ ਮੈਂ ਸੰਪਾਦਕ ਮੰਡਲ ਅਤੇ ਪ੍ਰੀਸ਼ਦ ਵਿੱਚ ਇੱਕ ਥਾਂ ਕਬੂਲ ਕਰਾਂ।...*

**ਲ. ਮਾਰਤੋਵ।"**

ਪਿਛਲੀਆਂ ਦਸਤਾਵੇਜ਼ਾਂ ਨਾਲ਼ ਰਲਕੇ ਇਹ ਖ਼ਤ ਕਿਸੇ ਵਿਵਾਦ ਤੋਂ ਬਿਨਾਂ ਬਾਈਕਾਟ, ਅਸੰਗਠਨ, ਅਰਾਜਕਤਾ, ਅਤੇ ਫੁੱਟ ਲਈ ਤਿਆਰੀਆਂ ਨੂੰ ਸਪਸ਼ਟ ਕਰ ਦੇਂਦਾ ਹੈ, ਜਿਨ੍ਹਾਂ ਤੋਂ (ਵਿਸਮਿਕ ਚਿਨ੍ਹਾਂ ਅਤੇ ਨੁਕਤਿਆਂ ਦੀ ਕਤਾਰਾਂ ਨਾਲ਼) ਸਾਥੀ ਮਾਰਤੋਵ "ਘੇਰੇ ਦੀ ਹਾਲਤ" ਵਿੱਚ ਇੰਨੀ ਮਿਹਨਤ ਨਾਲ਼ ਕੰਨੀ ਕਤਰਾਉਂਦਾ ਹੈ—ਘੋਲ਼ ਦੇ ਵਫ਼ਾਦਾਰ ਅਤੇ ਧਰੋਹੀ ਢੰਗਾਂ ਦਾ ਸਵਾਲ।

ਸਾਥੀ ਮਾਰਤੋਵ ਅਤੇ ਉਹਦੇ ਸਾਥੀਆਂ ਨੂੰ ਆਪਣੇ ਮਤ-ਭੇਦ ਪੇਸ਼ ਕਰਨ ਦਾ **ਸੱਦਾ ਦਿੱਤਾ ਜਾਂਦਾ ਹੈ**, ਉਹਨਾਂ ਅੱਗੇ **ਬੇਨਤੀ ਕੀਤੀ ਜਾਂਦੀ** ਹੈ ਕਿ ਸਾਨੂੰ ਖਰੇ ਢੰਗ ਨਾਲ਼ ਦੱਸਣ ਕਿ ਮੁਸ਼ਕਲ ਕਿਸ ਸਬੰਧੀ ਹੈ ਅਤੇ ਉਹਨਾਂ ਦੀਆਂ ਨੀਅਤਾਂ ਕੀ ਹਨ, **ਉਹਨਾਂ ਉੱਤੇ ਜ਼ੋਰ ਦਿੱਤਾ ਜਾਂਦਾ ਹੈ** ਕਿ ਉਹ ਬਿਸੂੰਗਰਨਾ ਛੱਡ ਦੇਣ ਅਤੇ ਸ਼ਾਂਤੀ ਨਾਲ਼ ਪਹਿਲੇ ਪੈਰੇ ਸਬੰਧੀ ਗ਼ਲਤੀ ਉੱਤੇ ਵਿਚਾਰ ਕਰਨ (ਜਿਹੜੀ ਉਹਨਾਂ ਦੇ ਸੱਜੇ ਪੱਖ ਵੱਲ ਝੂਲਣ ਨਾਲ਼ ਨੇੜਵੀਂ ਤਰ੍ਹਾਂ ਸਬੰਧਤ ਹੈ)—ਪਰ ਸਾਥੀ ਮਾਰਤੋਵ ਅਤੇ ਉਹਦੇ ਹਾਮੀ **ਗੱਲ ਕਰਨੋਂ ਇਨਕਾਰ ਕਰਦੇ ਹਨ**, ਅਤੇ ਕੂਕਦੇ ਹਨ: "ਸਾਡੇ ਦੁਆਲੇ ਘੇਰਾ ਪਾਇਆ ਜਾ ਰਿਹਾ ਹੈ! ਸਾਨੂੰ ਡਰਾਇਆ-ਧਮਕਾਇਆ ਜਾ ਰਿਹਾ ਹੈ!" "ਭਿਆਨਕ ਸ਼ਬਦਾਂ" ਸਬੰਧੀ ਟਿਚਕਰ ਨੇ ਇਹਨਾਂ ਹਸਾਉਣੀਆਂ ਕੂਕਾਂ ਦਾ ਜੋਸ਼ ਮੱਠਾ ਨਹੀਂ ਕੀਤਾ।

ਜਿਹੜਾ ਤੁਹਾਡੇ ਨਾਲ਼ ਰਲਕੇ **ਕੰਮ ਕਰਨੋਂ ਇਨਕਾਰੀ ਹੈ** ਉਹਦੇ ਦੁਆਲੇ **ਘੇਰਾ ਪਾਉਣਾ** ਕਿਵੇਂ ਸੰਭਵ ਹੈ ?—ਅਸਾਂ ਸਾਥੀ ਮਾਰਤੋਵ ਤੋਂ ਪੁੱਛਿਆ। ਅਜਿਹੀ ਘੱਟਗਿਣਤੀ ਨਾਲ਼, ਜਿਹੜੀ **ਘੱਟਗਿਣਤੀ ਬਣਨੋਂ ਇਨਕਾਰੀ ਹੈ**, ਬੁਰਾ ਸਲੂਕ ਕਰਨਾ, "ਡਰਾਉਣਾ-ਧਮਕਾਉਣਾ" ਅਤੇ ਭੈੜਾ ਸਲੂਕ ਕਰਨਾ ਕਿਵੇਂ ਸੰਭਵ ਹੈ ? ਘੱਟਗਿਣਤੀ ਹੋਣ ਵਿੱਚ ਲਾਜ਼ਮੀ ਅਤੇ ਅਟੱਲ ਤੌਰ ਉੱਤੇ ਕੁੱਝ ਹਾਨੀਆਂ ਸ਼ਾਮਲ ਹੁੰਦੀਆਂ ਹਨ। ਇਹ ਹਾਨੀਆਂ ਇਹ ਹਨ ਕਿ ਜਾਂ ਤਾਂ ਤੁਹਾਨੂੰ ਅਜਿਹੀ ਸੰਸਥਾ ਵਿੱਚ ਸ਼ਾਮਲ ਹੋਣਾ ਪੈਂਦਾ ਹੈ ਜਿਹੜੀ ਕੁੱਝ ਸਵਾਲਾਂ ਉੱਤੇ

---

* ਇੱਥੇ ਮੈਂ ਉਹ ਕੁੱਝ ਛੱਡ ਦਿੱਤਾ ਹੈ ਜਿਹੜਾ ਮਾਰਤੋਵ ਨੇ ਆਪਣੇ ਪੈਂਫ਼ਲਟ ਸਬੰਧੀ ਲਿਖਿਆ ਸੀ, ਜਿਹੜਾ ਉਸ ਸਮੇਂ ਮੁੜ ਛਾਪਿਆ ਜਾ ਰਿਹਾ ਸੀ।

ਤੁਹਾਨੂੰ ਵੋਟਾਂ ਨਾਲ਼ ਹਰਾ ਦੇਵੇਗੀ, ਅਤੇ ਜਾਂ ਤੁਸੀਂ ਉਸ ਸੰਸਥਾ ਤੋਂ ਬਾਹਰ ਰਹਿੰਦੇ ਹੋ ਅਤੇ ਚੰਗੇ ਤਰ੍ਹਾਂ ਬੀੜੀਆਂ ਬਾਹਤਰੀਆਂ ਦੀ ਮਾਰ ਵਿੱਚ ਆਉਂਦੇ ਹੋ।

ਕੀ "ਘੇਰੇ ਦੀ ਹਾਲਤ" ਸਬੰਧੀ ਸਾਥੀ ਮਾਰਤੋਵ ਦੀਆਂ ਕੂਕਾਂ ਦਾ ਅਰਥ ਇਹ ਹੈ ਕਿ ਘੱਟਗਿਣਤੀਆਂ ਵਾਲਿਆਂ ਵਿਰੁੱਧ ਨਾਜ਼ਾਇਜ ਜਾਂ ਬੇਵਫ਼ਾ ਢੰਗ ਨਾਲ਼ ਲੜਿਆ ਜਾਂ ਅਧਿਕਾਰ ਵਰਤਿਆ ਜਾ ਰਿਹਾ ਹੈ ? **ਕੇਵਲ** ਅਜਿਹਾ ਦਾਅਵਾ ਹੀ (ਮਾਰਤੋਵ ਦੀਆਂ ਅੱਖਾਂ ਵਿੱਚ) ਕੁੱਝ ਅਰਥ ਰੱਖ ਸਕਦਾ ਸੀ ਕਿਉਂਕਿ, ਮੈਂ ਦੁਹਰਾਉਂਦਾ ਹਾਂ, ਘੱਟਗਿਣਤੀ ਵਿੱਚ ਹੋਣ ਵਿੱਚ ਜ਼ਰੂਰੀ ਅਤੇ ਲਾਜ਼ਮੀ ਤੌਰ ਉੱਤੇ ਕੁੱਝ ਹਾਨੀਆਂ ਹੁੰਦੀਆਂ ਹਨ। ਪਰ ਮਾਮਲੇ ਦੀ ਸਾਰੀ ਕਾਮੇਦੀ ਇਹ ਹੈ ਕਿ ਜਿੰਨਾ ਚਿਰ ਉਹ ਗੱਲ ਕਰਨੋਂ ਇਨਕਾਰੀ ਸੀ ਸਾਥੀ ਮਾਰਤੋਵ ਵਿਰੁੱਧ **ਲੜਿਆ ਉੱਕਾ ਹੀ ਨਹੀਂ ਸੀ ਜਾ ਸਕਦਾ !** ਘੱਟਗਿਣਤੀ ਉੱਤੇ ਅਧਿਕਾਰ ਉਦੋਂ ਤੱਕ **ਉੱਕਾ ਹੀ ਨਹੀਂ ਵਰਤਿਆ ਜਾ ਸਕਦਾ** ਜਿੰਨਾ ਚਿਰ ਉਹ ਘੱਟਗਿਣਤੀ ਹੋਣੋਂ ਇਨਕਾਰੀ ਹੈ !

ਸਾਥੀ ਮਾਰਤੋਵ ਇਹ ਦਰਸਾਉਣ ਲਈ **ਇੱਕ ਵੀ ਤੱਥ** ਪੇਸ਼ ਨਾ ਕਰ ਸਕਿਆ ਕਿ ਜਦੋਂ ਤੱਕ ਪਲੈਖ਼ਾਨੋਵ ਅਤੇ ਮੈਂ ਇਸ ਵਿੱਚ ਸ਼ਾਮਲ ਸਾਂ ਕੇਂਦਰੀ ਬੁਲਾਰਾ ਆਪਣੇ ਅਧਿਕਾਰਾਂ ਤੋਂ ਅੱਗੇ ਗਿਆ ਸੀ ਜਾਂ ਉਹਨਾਂ ਦੀ ਕੁਵਰਤੋਂ ਕੀਤੀ ਸੀ। ਨਾ ਹੀ ਘੱਟਗਿਣਤੀ ਦੇ ਅਮਲੀ ਕਾਰਕੁਨ ਕੇਂਦਰੀ ਕਮੇਟੀ ਸਬੰਧੀ ਅਜਿਹਾ **ਇੱਕ ਵੀ ਤੱਥ** ਪੇਸ਼ ਕਰ ਸਕੇ। ਸਾਥੀ ਮਾਰਤੋਵ ਆਪਣੀ "ਘੇਰੇ ਦੀ ਹਾਲਤ" ਵਿੱਚ ਕਿੰਨੇ ਵਲ ਵਲੇਵੇਂ ਕਿਉਂ ਨਾ ਖਾਵੇ, ਇਹ ਗੱਲ ਉੱਕਾ ਹੀ ਰੱਦ ਨਾ ਹੋ ਸਕਣ ਵਾਲ਼ੀ ਹੈ ਕਿ **ਘੇਰੇ ਦੀ ਹਾਲਤ ਸਬੰਧੀ ਸਾਰੀ ਕੂਕਾਂ "ਨਿਰਬਲ ਚਊਂ ਚਊਂ ਕਰਨ" ਤੋਂ ਬਿਨਾਂ ਕੁੱਝ ਨਹੀਂ।**

ਸਾਥੀ ਮਾਰਤੋਵ ਅਤੇ ਉਹਦੇ ਸਾਥੀਆਂ ਵਿੱਚ ਕਾਂਗਰਸ ਵੱਲੋਂ ਸਥਾਪਤ ਕੀਤੇ ਸੰਪਾਦਕ ਮੰਡਲ ਵਿਰੁੱਧ **ਹੋਸ਼ਮੰਦ** ਦਲੀਲਾਂ ਦੀ ਕਿੰਨੀ ਘਾਟ ਸੀ, ਸਭ ਤੋਂ ਚੰਗੀ ਤਰ੍ਹਾਂ ਉਹਨਾਂ ਦੇ ਆਪਣੇ ਬੋਲੇ: "ਅਸੀਂ ਖੇਤ-ਗ਼ੁਲਾਮ ਨਹੀਂ!" ("ਘੇਰੇ ਦੀ ਹਾਲਤ", ਪੰਨਾ 34) ਨੇ ਸਭ ਤੋਂ ਚੰਗੀ ਤਰ੍ਹਾਂ ਪ੍ਰਗਟ ਹੁੰਦੀ ਹੈ। ਬੁਰਜੂਆ ਬੁੱਧੀਜੀਵੀ ਦੀ ਮਾਨਸਿਕ ਬਿਰਤੀ, ਜਿਹੜਾ ਆਪਣੇ ਆਪ ਨੂੰ ਜਨਤਕ ਜਥੇਬੰਦੀ ਅਤੇ ਜਨਤਕ ਬੰਧੇਜ ਤੋਂ ਉੱਪਰ ਖੜੇ "ਸ੍ਰੇਸ਼ਠ ਮਨਾਂ" ਵਿੱਚੋਂ ਗਿਣਦਾ ਹੈ, ਇਥੇ ਉੱਘੜਵੀਂ ਸਪਸ਼ਟਤਾ ਨਾਲ਼ ਪ੍ਰਗਟ ਹੁੰਦੀ ਹੈ। ਇਹ ਕਹਿ ਕੇ ਕਿ ਉਹ "ਖੇਤ-ਗ਼ੁਲਾਮ ਨਹੀਂ" ਪਾਰਟੀ ਵਿੱਚ ਆਪਣੇ ਕੰਮ ਕਰਨ ਤੋਂ ਇਨਕਾਰ ਕਰਨ ਦੀ **ਵਿਆਖਿਆ ਕਰਨਾ** ਪੂਰੀ ਤਰ੍ਹਾਂ **ਆਪਣਾ ਭੇਦ ਖੋਹਲ ਦੇਣਾ** ਹੈ, ਦਲੀਲਾਂ ਦੀ ਮੁਕੰਮਲ ਅਣਹੋਂਦ, ਅਸੰਤੋਖ ਲਈ ਕੋਈ ਮੰਤਵ, ਕੋਈ ਹੋਸ਼ਮੰਦ ਕਾਰਨ ਪੇਸ਼ ਕਰਨ ਦੀ ਉੱਕਾ ਹੀ ਨਿਰਯੋਗਤਾ ਦਾ ਇਕਬਾਲ ਕਰਨਾ ਹੈ। ਪਲੈਖ਼ਾਨੋਵ ਅਤੇ ਮੈਂ ਕਹਿੰਦੇ ਹਾਂ ਕਿ ਉਹਨਾਂ ਦਾ ਇਨਕਾਰ ਕਿਸੇ ਅਜਿਹੀ ਗੱਲ ਕਾਰਨ ਸਹੀ ਨਹੀਂ ਠਹਿਰਾਇਆ ਜਾ ਸਕਦਾ, ਜਿਹੜੀ ਅਸਾਂ ਕੀਤੀ ਹੈ; ਅਸੀਂ ਬੇਨਤੀ ਕਰਦੇ ਹਾਂ ਕਿ ਉਹ ਆਪਣੇ ਮਤ-ਭੇਦ ਦੱਸਣ; ਅਤੇ ਸਾਨੂੰ ਜਿਹੜਾ ਇੱਕੋ ਇੱਕ ਜਵਾਬ ਮਿਲਦਾ ਹੈ ਉਹ ਹੈ: "ਅਸੀਂ ਖੇਤ-ਗ਼ੁਲਾਮ ਨਹੀਂ" (ਇਹ ਵਾਧਾ ਕੀਤਾ ਜਾਂਦਾ ਹੈ ਕਿ ਅਜੇ ਤੱਕ ਕੁਆਪਸ਼ਨ ਦੇ ਵਿਸ਼ੇ ਸਬੰਧੀ ਕੋਈ ਸੌਦਾ ਨਹੀਂ ਹੋਇਆ)।

ਬੁੱਧੀਜੀਵੀ ਦੇ ਵਿਅਕਤੀਵਾਦ ਨੇ, ਜਿਸਨੇ ਪਹਿਲੇ ਪੈਰੇ ਸਬੰਧੀ ਵਿਵਾਦ ਵਿੱਚ

ਆਪਣੇ ਆਪ ਨੂੰ ਪਹਿਲਾਂ ਹੀ ਪ੍ਰਗਟ ਕੀਤਾ ਸੀ, ਆਪਣੀ ਮੌਕਾਪ੍ਰਸਤ ਦਲੀਲ ਅਤੇ ਅਰਾਜਕਤਾਵਾਦੀ ਫ਼ਿਕਰੇਬਾਜ਼ੀ ਲਈ ਆਪਣੀ ਪ੍ਰਵਿਰਤੀ ਪ੍ਰਗਟ ਕੀਤੀ ਸੀ, **ਕੁੱਲ** ਪ੍ਰੋਲੇਤਾਰੀ ਜਥੇਬੰਦੀ ਅਤੇ ਅਨੁਸ਼ਾਸਨ **ਖੇਤ-ਗ਼ੁਲਾਮੀ** ਜਾਪਦੀ ਹੈ। ਪੜ੍ਹਣ ਵਾਲ਼ੀ ਜਨਤਾ ਨੂੰ ਛੇਤੀ ਹੀ ਪਤਾ ਲੱਗ ਜਾਵੇਗਾ ਕਿ ਇਹਨਾਂ "ਪਾਰਟੀ ਮੈਂਬਰਾਂ" ਅਤੇ ਪਾਰਟੀ "ਅਧਿਕਾਰੀਆਂ" ਦੀਆਂ ਅੱਖਾਂ ਵਿੱਚ ਇੱਕ ਨਵੀਂ **ਪਾਰਟੀ ਕਾਂਗਰਸ** ਵੀ ਇੱਕ ਖ਼ੇਤ–ਗ਼ੁਲਾਮ ਸੰਸਥਾ ਹੈ, ਜਿਹੜੀ "ਸ੍ਰੇਸ਼ਠ ਮਨਾਂ" ਲਈ ਭਿਆਨਕ ਅਤੇ ਘਿਰਣਾਯੋਗ ਹੈ।... ਇਹ "ਸੰਸਥਾ" ਉਹਨਾਂ ਲੋਕਾਂ ਲਈ ਨਿਰਸੰਦੇਹ ਭਿਆਨਕ ਹੈ ਜਿਹੜੇ ਪਾਰਟੀ ਪਦਵੀ ਦੀ ਵਰਤੋਂ ਕਰਨ ਦੇ ਵਿਰੁੱਧ ਨਹੀਂ ਪਰ ਇਸ ਗੱਲ ਵੱਲੋਂ ਚੇਤੰਨ ਹਨ ਕਿ ਉਹਨਾਂ ਦੀ ਇਹ ਪਦਵੀ ਪਾਰਟੀ ਦੇ ਹਿਤਾਂ ਅਤੇ ਇੱਛਾ ਨਾਲ਼ **ਮੇਲ ਨਹੀਂ ਖਾਂਦੀ।**

ਕਮੇਟੀ ਦੇ ਜਿਹੜੇ ਪ੍ਰਸਤਾਵ ਮੈਂ ਨਵੇਂ "ਇਸਕਰਾ" ਦੇ ਸੰਪਾਦਕਾਂ ਦੇ ਨਾਂ ਆਪਣੇ ਖ਼ਤ ਵਿੱਚ ਗਿਣਵਾਏ ਹਨ ਅਤੇ ਜਿਹੜੇ ਸਾਥੀ ਮਾਰਤੋਵ ਨੇ ਆਪਣੇ "ਘੇਰੇ ਦੀ ਹਾਲਤ" ਵਿੱਚ ਛਾਪੇ ਹਨ, ਤੱਥਾਂ ਰਾਹੀਂ ਦਰਸਾਉਂਦੇ ਹਨ ਕਿ ਘੱਟਗਿਣਤੀ ਦਾ ਵਤੀਰਾ ਸਾਰਾ ਸਮਾਂ ਕਾਂਗਰਸ ਦੇ ਨਿਰਣਿਆਂ ਦੀ ਖ਼ਾਲਸ **ਅਵੱਗਿਆ** ਅਤੇ ਅਮਲੀ ਕੰਮ ਦੀਆਂ ਹਾਲਤਾਂ ਦਾ **ਅਸੰਗਠਨ ਬਣਦਾ ਸੀ।** ਕਾਂਗਰਸ ਵਿੱਚ ਆਪਣੀ ਹਾਰ ਲਈ ਬਦਲੇ ਦੇ ਤਿਹਾਏ ਅਤੇ ਇਹ ਅਨੁਭਵ ਕਰਦੇ ਹੋਏ ਕਿ **ਇਮਾਨਦਾਰ ਅਤੇ ਵਫ਼ਾਦਾਰ** ਢੰਗਾਂ ਨਾਲ਼ (ਅਖ਼ਬਾਰਾਂ ਵਿੱਚ ਅਤੇ ਇੱਕ ਕਾਂਗਰਸ ਵਿੱਚ ਆਪਣੇ ਪੱਖ ਦੀ ਵਿਆਖਿਆ ਕਰਕੇ) ਉਹ ਮੌਕਾਪ੍ਰਸਤਾਂ ਅਤੇ ਬੌਧਿਕ ਅਸਥਿਰਤਾ ਦੇ ਉਹਨਾਂ ਦੋਸ਼ਾਂ ਨੂੰ ਰੱਦ ਕਰਨ ਵਿੱਚ **ਕਦੀ** ਸਫ਼ਲ **ਨਹੀਂ** ਹੋਣ ਲੱਗੇ ਜਿਹੜੇ ਉਹਨਾਂ ਉੱਤੇ ਦੂਜੀ ਕਾਂਗਰਸ ਵਿੱਚ ਲਾਏ ਗਏ ਸਨ, ਮੌਕਾਪ੍ਰਸਤਾਂ ਅਤੇ "ਇਸਕਰਾ" ਨੂੰ ਘਿਰਣਾ ਕਰਨ ਵਾਲਿਆਂ ਤੋਂ ਬਣੀ ਘੱਟਗਿਣਤੀ ਨੇ **ਪਾਰਟੀ ਨੂੰ ਲੀਰੋ-ਲੀਰ ਕਰਨ** ਦਾ ਯਤਨ ਕੀਤਾ ਅਤੇ ਇਹਦੇ ਕੰਮ ਨੂੰ ਨੁਕਸਾਨ ਪੁਚਾਇਆ ਅਤੇ ਅਸੰਗਠਨ ਕੀਤਾ। ਇਹ ਅਨੁਭਵ ਕਰਦੇ ਹੋਏ ਕਿ ਉਹ ਪਾਰਟੀ ਨੂੰ **ਨਿਸ਼ਚਾ ਨਹੀਂ ਕਰਵਾ ਸਕਣਗੇ**, ਉਹਨਾਂ ਪਾਰਟੀ ਨੂੰ **ਅਸੰਗਠਿਤ ਕਰਨ** ਅਤੇ ਇਹਦੇ **ਕੰਮ ਵਿੱਚ ਰੋਕ ਪਾਉਣ ਰਾਹੀਂ** ਆਪਣੇ ਮੰਤਵ ਪ੍ਰਾਪਤ ਕਰਨ ਦਾ ਯਤਨ ਕੀਤਾ। ਉਹਨਾਂ ਉੱਤੇ ਦੋਸ਼ ਲਾਇਆ ਗਿਆ ਸੀ ਕਿ (ਕਾਂਗਰਸ ਵਿੱਚ ਆਪਣੀਆਂ ਗ਼ਲਤੀਆਂ ਰਾਹੀਂ) ਉਹਨਾਂ ਸਾਡੇ ਭਾਂਡੇ ਵਿੱਚ ਤਰੇੜ ਲਿਆ ਦਿੱਤੀ ਸੀ; ਉਹਨਾਂ ਇਸ ਸਖ਼ਤ ਝਾੜ ਦਾ ਜਵਾਬ ਆਪਣੇ **ਪੂਰੇ ਬਲ ਨਾਲ਼** ਭਾਂਡੇ ਨੂੰ **ਉੱਕਾ ਹੀ ਤੋੜਨ** ਦਾ ਯਤਨ ਕਰਨ ਨਾਲ਼ ਦਿੱਤਾ।

ਉਹਨਾਂ ਦੇ ਵਿਚਾਰ ਇੰਨੇ ਗੜਬੜ ਵਾਲੇ ਹੋ ਗਏ ਸਨ ਕਿ ਬਾਈਕਾਟ ਅਤੇ ਕੰਮ ਕਰਨ ਤੋਂ ਇਨਕਾਰ ਘੋਲ਼ ਦੇ "**ਇਮਾਨਦਾਰ*** ਢੰਗ" ਹੋਣ ਦਾ ਐਲਾਨ ਕਰ ਦਿੱਤਾ ਗਿਆ। ਸਾਥੀ ਮਾਰਤੋਵ ਹੁਣ ਇਸ ਸੂਖਮ ਨੁਕਤੇ ਦੇ ਚਾਰੇ ਪਾਸੇ ਉੱਸਲਵੱਟੇ ਖਾ ਰਿਹਾ ਹੈ। ਸਾਥੀ ਮਾਰਤੋਵ ਇੰਨਾ "ਅਸੂਲ ਦਾ ਬੰਦਾ" ਹੈ ਕਿ ਉਹ ਬਾਈਕਾਟ ਦੀ ਹਮਾਇਤ ਕਰਦਾ ਹੈ... ਜੋ ਘੱਟਗਿਣਤੀ ਇਹਨੂੰ ਵਰਤਦੀ ਹੈ ਪਰ ਜਦੋਂ ਉਹਦੀ ਆਪਣੀ ਧਿਰ ਬਹੁਗਿਣਤੀ ਬਣ ਜਾਣ

* ਖਾਣਾਂ ਦੇ ਇਲਾਕੇ ਦਾ ਪ੍ਰਸਤਾਵ ("ਘੇਰੇ ਦੀ ਹਾਲਤ", ਪੰਨਾ 38)।

ਕਾਰਨ, ਇਸ ਨਾਲ਼ ਖ਼ੁਦ ਮਾਰਤੋਵ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ ਤਾਂ ਉਹ ਬਾਈਕਾਟ ਦੀ ਨਖੇਧੀ ਕਰਦਾ ਹੈ!

ਮੇਰਾ ਵਿਚਾਰ ਹੈ ਕਿ ਸਾਨੂੰ ਇਸ ਸਵਾਲ ਵਿੱਚ ਜਾਣ ਦੀ ਲੋੜ ਨਹੀਂ ਕਿ ਇਸ ਸਬੰਧੀ ਕਿ ਇੱਕ ਸੋਸ਼ਲ-ਡੈਮੋਕ੍ਰੈਟਕ ਕਿਰਤੀਆਂ ਦੇ ਲੇਬਰ ਪਾਰਟੀ ਵਿੱਚ ਘੋਲ਼ ਦੇ ਇਮਾਨਦਾਰ ਢੰਗ ਕੀ ਹਨ, ਇਹ ਇੱਕ ਖਹਿਬੜ ਹੈ ਜਾਂ "ਅਸੂਲ ਦਾ ਮਤ-ਭੇਦ"।

———————————

ਉਹਨਾਂ ਸਾਥੀਆਂ ਤੋਂ ਜਿਨ੍ਹਾਂ "ਕੁਆਪਸ਼ਨ" ਸਬੰਧੀ ਝਗੜਾ ਸ਼ੁਰੂ ਕੀਤਾ ਸੀ ਵਿਆਖਿਆ ਪ੍ਰਾਪਤ ਕਰਨ ਦੇ (4 ਅਤੇ 6 ਅਕਤੂਬਰ) ਅਸਫ਼ਲ ਯਤਨਾਂ ਪਿੱਛੋਂ ਕੇਂਦਰੀ ਸੰਸਥਾਵਾਂ ਕੋਲ ਇਸ ਤੋਂ ਬਿਨਾਂ ਕੋਈ ਚਾਰਾ ਨਾ ਰਹਿ ਗਿਆ ਕਿ ਉਹ ਉਡੀਕਣ ਅਤੇ ਵੇਖਣ ਕਿ ਉਹਨਾਂ ਦੇ ਇਸ ਜ਼ਬਾਨੀ ਭਰੋਸੇ ਦਾ ਕੀ ਬਣਦਾ ਹੈ ਕਿ ਉਹ ਘੋਲ਼ ਦੇ ਵਫ਼ਾਦਾਰ ਢੰਗ ਵਰਤਣਗੇ। 10 ਅਕਤੂਬਰ ਨੂੰ ਕੇਂਦਰੀ ਕਮੇਟੀ ਨੇ ਲੀਗ ਨੂੰ ਇੱਕ ਗਸ਼ਤੀ ਚਿੱਠੀ ਲਿਖੀ (ਵੇਖੋ ਲੀਗ ਦੀ ਕਾਰਵਾਈ, ਪੰਨੇ 3-5), ਜਿਸ ਵਿੱਚ ਉਹਨੇ ਕਿਹਾ ਕਿ ਉਹ ਲੀਗ ਲਈ ਨਿਯਮ ਤਿਆਰ ਕਰਨ ਵਿੱਚ ਰੁੱਝੀ ਹੋਈ ਹੈ ਅਤੇ ਲੀਗ ਦੇ ਪ੍ਰਬੰਧ ਨੇ ਉਸ ਸੰਸਥਾ ਦੀ ਕਾਂਗਰਸ ਬੁਲਾਉਣ ਵਿਰੁੱਧ ਨਿਰਣਾ ਕੀਤਾ ਸੀ (ਦੋ ਦੇ ਮੁਕਾਬਲੇ ਉੱਤੇ ਇੱਕ ਵੋਟ ਨਾਲ਼; ਉਪ੍ਰੋਕਤ, ਪੰਨਾ 20)। ਘੱਟਗਿਣਤੀ ਦੇ ਹਾਮੀਆਂ ਵੱਲੋਂ ਜਿਹੜੇ ਜਵਾਬ ਮਿਲੇ ਉਹਨਾਂ ਇੱਕਦਮ ਵਿਖਾ ਦਿੱਤਾ ਕਿ ਵਫ਼ਾਦਾਰ ਰਹਿਣ ਅਤੇ ਕਾਂਗਰਸ ਦੇ ਨਿਰਣਿਆਂ ਉੱਤੇ ਅਮਲ ਕਰਨ ਦੇ ਪ੍ਰਸਿੱਧ ਇਕਰਾਰ ਬਸ ਗੱਲਾਂ ਹੀ ਸਨ, ਅਤੇ, ਯਥਾਰਥ ਵਿੱਚ, ਘੱਟਗਿਣਤੀ ਨੇ ਨਿਸ਼ਚਿਤ ਰੂਪ ਵਿੱਚ ਪਾਰਟੀ ਦੀਆਂ ਕੇਂਦਰੀ ਸੰਸਥਾਵਾਂ ਦੀ **ਈਨ ਨਾ ਮੰਨਣ** ਦਾ ਨਿਰਣਾ ਕਰ ਲਿਆ ਸੀ ਅਤੇ ਉਹਨੇ ਉਹਨਾਂ ਦੀਆਂ ਮਿਲਵਰਤਣ ਕਰਨ ਦੀਆਂ ਅਪੀਲਾਂ ਦਾ ਜਵਾਬ ਭੁਲਾਂਦਰਵਾਦੀ ਅਤੇ **ਅਰਾਜਕਤਾਵਾਦੀ** ਫ਼ਿਕਰੇਬਾਜ਼ੀ ਨਾਲ਼ ਭਰਪੂਰ **ਘੁਸਾਊ ਬਹਾਨਿਆਂ** ਨਾਲ਼ ਦਿੱਤਾ। ਪ੍ਰਬੰਧ ਦੇ ਇੱਕ ਮੈਂਬਰ ਡਿਊਸ਼ ਦੇ ਖੁੱਲ੍ਹੇ ਖ਼ਤ (ਪੰਨਾ 10) ਦੇ ਜਵਾਬ ਵਿੱਚ ਪਲੈਖ਼ਾਨੋਵ, ਮੈਂ ਅਤੇ ਬਹੁਗਿਣਤੀ ਦੇ ਹੋਰ ਹਾਮੀਆਂ ਨੇ "ਪਾਰਟੀ ਅਨੁਸ਼ਾਸਨ ਦੀ ਘੋਰ ਉਲੰਘਣਾ ਵਿਰੁੱਧ" ਜ਼ੋਰਦਾਰ "ਰੋਸ ਪ੍ਰਗਟ ਕੀਤਾ ਜਿਸ ਨਾਲ਼ ਲੀਗ ਦਾ ਇੱਕ ਅਧਿਕਾਰੀ ਆਪਣੇ ਆਪ ਨੂੰ ਇੱਕ ਪਾਰਟੀ ਸੰਸਥਾ ਦੀਆਂ ਸਰਗਰਮੀਆਂ ਵਿੱਚ ਰੋਕ ਪਾਉਣ ਦੀ ਆਗਿਆ ਦੇਂਦਾ ਹੈ ਅਤੇ ਹੋਰ ਸਾਥੀਆਂ ਨੂੰ ਵੀ ਉਸੇ ਤਰ੍ਹਾਂ ਬੰਧੇਜ ਅਤੇ ਨਿਯਮਾਂ ਦੀ ਉਲੰਘਣਾ ਕਰਨ ਦਾ ਸੱਦਾ ਦੇਂਦਾ ਹੈ। ਇਹੋ ਜਿਹੇ ਕਥਨ, 'ਮੈਂ ਆਪਣੇ ਆਪ ਨੂੰ ਕੇਂਦਰੀ ਕਮੇਟੀ ਦੇ ਸੱਦੇ ਉੱਤੇ ਅਜਿਹੇ ਕੰਮ ਵਿੱਚ ਹਿੱਸਾ ਲੈਣ ਲਈ ਅਜ਼ਾਦ ਨਹੀਂ ਸਮਝਦਾ', ਜਾਂ, 'ਸਾਥੀਓ, ਸਾਨੂੰ ਕਿਸੇ ਹਾਲਤ ਵਿੱਚ ਵੀ ਇਹਨੂੰ [ਕੇਂਦਰੀ ਕਮੇਟੀ ਨੂੰ] ਲੀਗ ਲਈ ਨਿਯਮ ਤਿਆਰ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ', ਆਦਿ ਐਜੀਟੇਸ਼ਨ ਦੇ ਅਜਿਹੇ ਢੰਗ ਹਨ ਜਿਹੜੇ ਕਿਸੇ ਅਜਿਹੇ ਬੰਦੇ ਵਿੱਚ, ਜਿਸ ਕੋਲ ਪਾਰਟੀ, ਜਥੇਬੰਦੀ, ਅਤੇ ਪਾਰਟੀ ਅਨੁਸ਼ਾਸਨ, ਜਿਹੇ ਸ਼ਬਦਾਂ ਦਾ ਮਾੜੇ ਤੋਂ ਮਾੜਾ ਸੰਕਲਪ ਵੀ ਹੈ ਕੇਵਲ ਘਿਣ ਹੀ ਪੈਦਾ ਕਰ ਸਕਦੇ ਹਨ। ਅਜਿਹੇ ਢੰਗ ਹੋਰ ਵੀ ਨੀਚ ਹਨ ਕਿ ਉਹ ਇੱਕ ਨਵੀਂ ਸਿਰਜੀ ਪਾਰਟੀ ਸੰਸਥਾ ਵਿਰੁੱਧ ਵਰਤੇ ਜਾ ਰਹੇ ਹਨ, ਅਤੇ ਇਸ

ਲਈ ਪਾਰਟੀ ਮੈਂਬਰ ਵਿੱਚ ਉਹਦੇ ਵਿੱਚ ਭਰੋਸੇ ਦੀ ਜੜ੍ਹੀਂ ਤੇਲ ਦੇਣ ਦਾ ਨਿਰਸੰਦੇਹ ਯਤਨ ਹਨ ਅਤੇ ਇਸ ਤੋਂ ਬਿਨਾਂ, ਇਹ ਕਿ ਉਹ ਲੀਗ ਦੇ ਪ੍ਰਬੰਧ ਦੇ ਇੱਕ ਮੈਂਬਰ ਦੇ ਅਧਿਕਾਰ ਨਾਲ਼ ਅਤੇ ਕੇਂਦਰੀ ਕਮੇਟੀ ਦੀ ਪਿੱਠ ਪਿੱਛੇ ਵਰਤੇ ਜਾ ਰਹੇ ਹਨ।" (ਪੰਨਾ 17।)

ਇਹਨਾਂ ਹਾਲਤਾਂ ਵਿੱਚ ਲੀਗ ਦੀ ਕਾਂਗਰਸ ਦੇ ਇੱਕ ਖਹਿਬੜ ਤੋਂ ਬਿਨਾਂ ਕੁੱਝ ਹੋਰ ਹੋਣ ਦੀ ਆਸ ਨਹੀਂ ਸੀ ਹੋ ਸਕਦੀ।

ਮੁੱਢ ਤੋਂ ਹੀ ਸਾਥੀ ਮਾਰਤੋਵ ਨੇ ਆਪਣੇ "ਨਿੱਜੀ ਹਮਲੇ ਕਰਨ" ਦੇ ਕਾਂਗਰਸ ਵਾਲ਼ੇ ਦਾਅ-ਪੇਚ ਜਾਰੀ ਰੱਖੇ, ਇਸ ਵਾਰ ਨਿੱਜੀ ਗੱਲਬਾਤ ਨੂੰ ਤੋੜ ਮਰੋੜ ਕੇ ਸਾਥੀ ਪਲੈਖ਼ਾਨੋਵ ਵਿਰੁੱਧ। ਸਾਥੀ ਪਲੈਖ਼ਾਨੋਵ ਨੇ ਰੋਸ ਪ੍ਰਗਟ ਕੀਤਾ ਅਤੇ ਸਾਥੀ ਮਾਰਤੋਵ ਨੂੰ ਆਪਣੇ ਦੋਸ਼ ਵਾਪਸ ਲੈਣੇ ਪਾਏ (ਲੀਗ ਦੀ ਕਾਰਵਾਈ, ਪੰਨੇ 39 ਅਤੇ 134), ਜਿਹੜੇ ਜਾਂ ਤਾਂ ਗ਼ੈਰ-ਜ਼ਿੰਮੇਵਾਰੀ ਦੀ ਜਾਂ ਨਰਾਜ਼ਗੀ ਦੀ ਉਪਜ ਸਨ।

ਰਿਪੋਰਟ ਪੇਸ਼ ਕਰਨ ਲਈ ਸਮਾਂ ਆ ਗਿਆ। ਮੈਂ ਪਾਰਟੀ ਕਾਂਗਰਸ ਵਿੱਚ ਲੀਗ ਦਾ ਡੈਲੀਗੇਟ ਸਾਂ। ਮੇਰੀ ਰਿਪੋਰਟ ਦੇ ਸਾਰ (ਪੰਨਾ 43 ਅਤੇ ਉਸ ਤੋਂ ਅੱਗੇ) ਉੱਤੇ ਇੱਕ ਨਿਗਾਹ ਹੀ ਪਾਠਕ ਨੂੰ ਵਿਖਾ ਦੇਵੇਗੀ ਕਿ ਮੈਂ ਕਾਂਗਰਸ ਵਿੱਚ ਵੋਟਾਂ ਦੇ ਉਸ ਵਿਸ਼ਲੇਸ਼ਣ ਦਾ ਮੋਟਾ ਮੋਟਾ ਖਰੜਾ ਪੇਸ਼ ਕੀਤਾ, ਜਿਹੜਾ ਵਧੇਰੇ ਵਿਸਥਾਰ ਨਾਲ਼, ਹੱਥਲੇ ਪੈਂਫ਼ਲਟ ਦੀ ਸਮੱਗਰੀ ਬਣਦਾ ਹੈ। ਰਿਪੋਰਟ ਦਾ ਕੇਂਦਰੀ ਲੱਛਣ ਐਨ ਇਹ ਸਬੂਤ ਸੀ ਕਿ ਆਪਣੀਆਂ ਗ਼ਲਤੀਆਂ ਕਾਰਨ, ਮਾਰਤੋਵ ਅਤੇ ਉਹਦੇ ਸਾਥੀ ਪਾਰਟੀ ਦੇ ਮੌਕਾਪ੍ਰਸਤ ਪੱਖ ਵਿੱਚ ਜਾ ਡਿੱਗੇ ਸਨ। ਭਾਵੇਂ ਇਹ ਰਿਪੋਰਟ ਉਹਨਾਂ ਸ੍ਰੋਤਿਆਂ ਅੱਗੇ ਪੇਸ਼ ਕੀਤੀ ਗਈ ਜਿਨ੍ਹਾਂ ਦੀ ਬਹੁਗਿਣਤੀ ਕੱਟੜ ਦੁਸ਼ਮਣਾਂ ਤੋਂ ਬਣਦੀ ਸੀ, ਉਹ ਇਸ ਵਿੱਚ ਉੱਕਾ ਕੁੱਝ ਨਾ ਲੱਭ ਸਕੇ ਜਿਹੜਾ ਪਾਰਟੀ ਘੋਲ਼ ਅਤੇ ਵਿਵਾਦ ਦੇ ਵਫ਼ਾਦਾਰ ਢੰਗਾਂ ਤੋਂ ਪਰ੍ਹੇ ਜਾਂਦਾ ਹੋਵੇ।

ਇਹਦੇ ਉਲਟ, ਮਾਰਤੋਵ ਦੀ ਰਿਪੋਰਟ ਮੇਰੇ ਬਿਰਤਾਂਤ ਵਿੱਚ ਦੇ ਖ਼ਾਸ ਖ਼ਾਸ ਨੁਕਤਿਆਂ ਵਿੱਚ ਛੋਟੀਆਂ ਮੋਟੀਆਂ "ਸੋਧਾਂ" ਤੋਂ ਬਿਨਾਂ (ਇਹਨਾਂ ਸੋਧਾਂ ਦੀ ਅਸ਼ੁੱਧਤਾ ਅਸਾਂ ਉੱਪਰ ਵਿਖਾ ਦਿੱਤੀ ਹੈ), ਰੋਗੀ ਤੰਤੂਆਂ ਦੀ ਇੱਕ ਉਪਜ ਤੋਂ ਬਿਨਾਂ ਕੁੱਝ ਨਹੀਂ ਸੀ।

ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਬਹੁਗਿਣਤੀ ਨੇ ਇਸ ਵਾਯੂ-ਮੰਡਲ ਵਿੱਚ ਲੜਾਈ ਜਾਰੀ ਰੱਖਣੋਂ ਨਾਂਹ ਕਰ ਦਿੱਤੀ। ਸਾਥੀ ਪਲੈਖ਼ਾਨੋਵ ਨੇ "**ਤਮਾਸ਼ਾ**" (ਪੰਨਾ 68) ਵਿਰੁੱਧ ਰੋਸ ਪ੍ਰਗਟ ਕੀਤਾ—ਇਹ ਸੱਚਮੁਚ ਇੱਕ ਬਾਕਾਇਦਾ ਤਮਾਸ਼ਾ ਸੀ!—ਅਤੇ ਰਿਪੋਰਟ ਦੇ ਤੱਤ ਸਬੰਧੀ ਉਹ ਇਤਰਾਜ਼ ਦੱਸੇ ਬਿਨਾਂ ਜਿਹੜੇ ਉਹਨੇ ਪਹਿਲਾਂ ਤੋਂ ਤਿਆਰ ਕੀਤੇ ਸਨ ਕਾਂਗਰਸ ਵਿੱਚੋਂ ਚਲਾ ਗਿਆ। ਬਹੁਗਿਣਤੀ ਦੇ ਸਾਰੇ ਹਾਮੀ ਵੀ, ਸਾਥੀ ਮਾਰਤੋਵ ਦੇ "ਗ਼ੈਰ-ਵਾਜਿਬ ਵਤੀਰੇ" ਵਿਰੁੱਧ ਲਿਖਤੀ ਰੋਸ ਦਾਖ਼ਲ ਕਰਨ ਪਿੱਛੋਂ ਕਾਂਗਰਸ ਤੋਂ ਚਲੇ ਗਏ (ਲੀਗ ਦੀ ਕਾਰਵਾਈ, ਪੰਨਾ 75)।

ਘੱਟਗਿਣਤੀ ਵੱਲੋਂ ਅਪਣਾਏ ਘੋਲ਼ ਦੇ ਢੰਗ ਸਭ ਲਈ ਬਿਲਕੁਲ ਸਪਸ਼ਟ ਹੋ ਗਏ। ਅਸਾਂ ਘੱਟਗਿਣਤੀ ਉੱਤੇ ਕਾਂਗਰਸ ਵਿੱਚ ਸਿਆਸੀ ਗ਼ਲਤੀ ਕਰਨਾ ਦਾ, ਮੌਕਾਪ੍ਰਸਤੀ ਵੱਲ ਝੂਲ ਜਾਣ ਦਾ, ਬੁੰਦਵਾਦੀਆਂ, ਅਕੀਮੋਵਾਂ, ਬਰੂਕੇਰੇਆਂ, ਯੇਗੋਰੋਵਾਂ ਅਤੇ ਮਾਖੋਵਾਂ ਨਾਲ਼

ਕੁਲੀਸ਼ਨ ਬਣਾਉਣ ਦਾ ਦੋਸ਼ ਲਾਇਆ ਸੀ। ਘੱਟਗਿਣਤੀ ਨੂੰ ਕਾਂਗਰਸ ਵਿੱਚ ਹਾਰ ਹੋਈ ਸੀ, ਅਤੇ ਉਹਨਾਂ ਹੁਣ ਘੋਲ਼ ਦੇ **ਦੋ** ਢੰਗ "ਘੜ ਲਏ" ਸਨ, ਜਿਹੜੇ ਧਾਵਿਆਂ, ਹੱਲਿਆਂ ਅਤੇ ਹਮਲਿਆਂ ਆਦਿ ਦੀ ਅਨੰਤ ਵੰਨ-ਸੁਵੰਨਤਾ ਨੂੰ ਆਪਣੀ ਵਲਗਣ ਵਿੱਚ ਲੈਂਦੇ ਹਨ।

**ਪਹਿਲਾ ਢੰਗ**—ਪਾਰਟੀ ਦੀ ਕੁੱਲ ਸਰਗਰਮੀ ਨੂੰ ਅਸੰਗਠਤ ਕਰਨਾ, ਕੰਮ ਨੂੰ ਨੁਕਸਾਨ ਪੁਚਾਉਣਾ, "ਕਾਰਨ ਬਿਆਨ ਕੀਤੇ ਬਿਨਾਂ" ਸਭ ਕੁੱਝ ਅਤੇ ਹਰ ਗੱਲ ਵਿੱਚ ਰੋਕ ਪਾਉਣਾ।

**ਦੂਜਾ ਢੰਗ**— "ਤਮਾਸ਼ੇ" ਕਰਨੇ ਇਤਿ-ਆਦਿ।*

ਇਹ "ਘੋਲ ਦਾ ਦੂਜਾ ਢੰਗ" "ਅਸੂਲਾਂ" ਸਬੰਧੀ ਲੀਗ ਦੇ ਪ੍ਰਸਿੱਧ ਪ੍ਰਸਤਾਵਾਂ ਵਿੱਚ ਵੀ ਦਿਸਦਾ ਹੈ, ਨਿਸ਼ਚੇ ਹੀ, ਜਿਨ੍ਹਾਂ ਉੱਤੇ ਬਹਿਸ ਵਿੱਚ "ਬਹੁਗਿਣਤੀ" ਨੇ ਕੋਈ ਹਿੱਸਾ ਨਾ ਲਿਆ। ਆਓ ਅਸੀਂ ਇਹਨਾਂ ਪ੍ਰਸਤਾਵਾਂ ਨੂੰ, ਜਿਹਨਾਂ ਨੂੰ ਸਾਥੀ ਮਾਰਤੋਵ ਨੇ ਆਪਣੀ "ਘੇਰੇ ਦੀ ਹਾਲਤ" ਵਿੱਚ ਨਕਲ ਕੀਤਾ ਹੈ, ਪਰਖੀਏ।

ਪਹਿਲੇ ਪ੍ਰਸਤਾਵ ਵਿੱਚ ਜਿਸ ਉੱਤੇ ਸਾਥੀ ਤਰਾਤਸਕੀ, ਫ਼ੋਮਿਨ, ਡਿਊਸ਼ ਅਤੇ ਹੋਰਾਂ ਦੇ ਦਸਤਖ਼ਤ ਹਨ, ਪਾਰਟੀ ਕਾਂਗਰਸ ਦੀ "ਬਹੁਗਿਣਤੀ" ਵਿਰੁੱਧ ਨਿਸ਼ਾਨੇ ਵਾਲ਼ੇ ਦੋ ਥੀਸਿਸ ਹਨ: 1) "ਲੀਗ ਇਸ ਗੱਲ ਉੱਤੇ ਡੂੰਘਾ ਦੁੱਖ ਪ੍ਰਗਟ ਕਰਦੀ ਹੈ ਕਿ ਕਾਂਗਰਸ ਵਿੱਚ ਅਜਿਹੀਆਂ ਪ੍ਰਵਿਰਤੀਆਂ ਦੇ ਪ੍ਰਗਟਾਅ ਕਾਰਨ ਜਿਹੜੀਆਂ ਬੁਨਿਆਦੀ ਤੌਰ ਉੱਤੇ "ਇਸਕਰਾ" ਦੀ ਪਹਿਲੀਆਂ ਦੀ ਨੀਤੀ ਦੇ ਵਿਰੁੱਧ ਜਾਂਦੀਆਂ ਸਨ, ਪਾਰਟੀ ਨਿਯਮਾਂ ਦਾ ਖਰੜਾ ਤਿਆਰ ਕਰਦੇ ਸਮੇਂ ਕੇਂਦਰੀ ਕਮੇਟੀ ਦੀ ਅਜ਼ਾਦੀ ਅਤੇ ਅਧਿਕਰਣ ਲਈ ਲੋੜੀਂਦੇ ਰੱਖਿਅਕ ਵਸੀਲਿਆਂ ਨੂੰ ਪੈਦਾ ਕਰਨ ਵੱਲ ਧਿਆਨ ਨਾ ਦਿੱਤਾ ਗਿਆ।" (ਲੀਗ ਦੀ ਕਾਰਵਾਈ, ਪੰਨਾ 83।)

ਜਿਹਾ ਕਿ ਅਸੀਂ ਪਹਿਲਾਂ ਹੀ ਵੇਖਿਆ ਹੈ, "ਅਸੂਲ" ਦੇ ਇਹ ਥੀਸਿਸ **ਅਕੀਮੋਵ** ਫ਼ਿਕਰੇਬਾਜ਼ੀ ਤੋਂ ਵੱਧ ਕੁੱਝ ਨਹੀਂ, ਜਿਸਦਾ **ਮੌਕਾਪ੍ਰਸਤ** ਖ਼ਾਸਾ ਪਾਰਟੀ ਕਾਂਗਰਸ ਵਿੱਚ ਸਾਥੀ ਪੋਪੋਵ ਨੇ **ਵੀ** ਉੱਘਾੜ ਦਿੱਤਾ ਸੀ! ਮੈਂ ਇਹ ਤੱਥ ਵੱਲ ਸੰਕੇਤ ਕਰਦਾ ਹਾਂ ਕਿ ਇਹ ਦਾਅਵਾ ਕਿ "ਬਹੁਗਿਣਤੀ" ਦੀ ਨੀਅਤ ਕੇਂਦਰੀ ਕਮੇਟੀ ਦੇ ਅਧਿਕਰਣ ਅਤੇ ਅਜ਼ਾਦੀ ਦੀ ਰੱਖਿਆ ਕਰਨਾ ਨਹੀਂ ਸੀ, ਕਦੀ ਵੀ **ਗੱਪਾਂ** ਤੋਂ ਵੱਧ ਕੁੱਝ ਨਹੀਂ ਸੀ। ਕੇਵਲ ਇਹ ਦੱਸਣ ਦੀ ਲੋੜ ਹੈ ਕਿ ਜਦੋਂ ਮੈਂ ਅਤੇ ਪਲੈਖ਼ਾਨੋਵ ਸੰਪਾਦਕ ਮੰਡਲ ਵਿੱਚ ਸ਼ਾਮਲ ਸਾਂ ਤਾਂ **ਪ੍ਰੀਸ਼ਦ ਵਿੱਚ** ਕੇਂਦਰੀ ਕਮੇਟੀ ਉੱਤੇ ਕੇਂਦਰੀ ਬੁਲਾਰੇ ਦੀ ਕੋਈ ਪ੍ਰਮੁੱਖਤਾ **ਨਹੀਂ ਸੀ**, ਪਰ ਜਦੋਂ ਮਾਰਤੋਵਵਾਦੀ ਸੰਪਾਦਕ

---

* ਮੈਂ ਪਹਿਲਾਂ ਹੀ ਇਹ ਕਿਹਾ ਹੈ ਕਿ ਖਹਿਬੜਾਂ ਦੇ ਸਭ ਤੋਂ ਗੰਦੇ ਪ੍ਰਗਟਾਵਾਂ ਨੂੰ ਵੀ, ਜਿਹੜੇ ਪਰਵਾਸੀ ਅਤੇ ਜਲਾਵਤਨ ਬਸਤੀਆਂ ਵਿੱਚ ਇੰਨੇ ਆਮ ਹਨ, ਗੰਦੇ ਮੰਤਵਾਂ ਨਾਲ਼ ਜੋੜਨਾ ਸਿਆਣੀ ਗੱਲ ਨਹੀਂ ਹੋਵੇਗੀ। ਇਹ ਜੀਵਨ ਦੀਆਂ ਅਸਧਾਰਨ ਪ੍ਰਸਥਿਤੀਆਂ, ਵਿਗੜੇ ਤੰਤੂਆਂ, ਇਤਿ-ਆਦਿ ਕਾਰਨ ਪੈਦਾ ਹੋਈ ਬਿਮਾਰੀ ਹੈ। ਮੈਨੂੰ ਇੱਥੇ ਘੋਲ਼ ਦੀ ਇਸ ਪ੍ਰਣਾਲੀ ਦਾ ਸੱਚਾ ਚਿੱਤਰ ਪੇਸ਼ ਕਰਨਾ **ਪਿਆ** ਕਿਉਂਕਿ ਸਾਥੀ ਮਾਰਤੋਵ ਨੇ **ਆਪਣੀ "ਘੇਰੇ ਦੀ ਹਾਲਤ" ਵਿੱਚ ਫਿਰ ਪੂਰੀ ਪ੍ਰਫੁੱਲਤਾ ਵਿੱਚ ਇਹਦਾ ਸਹਾਰਾ ਲਿਆ ਹੈ।**

ਮੰਡਲ ਵਿੱਚ ਸ਼ਾਮਲ ਹੋ ਗਏ ਤਾਂ ਕੇਂਦਰੀ ਬੁਲਾਰੇ ਨੂੰ ਪ੍ਰੀਸ਼ਦ ਵਿੱਚ ਕੇਂਦਰੀ ਕਮੇਟੀ ਉੱਤੇ ਪ੍ਰਮੁੱਖਤਾ **ਪ੍ਰਾਪਤ ਹੋ ਗਈ** ! ਜਦੋਂ ਅਸੀਂ ਸੰਪਾਦਕ ਮੰਡਲ ਵਿੱਚ ਸਾਂ ਤਾਂ ਪ੍ਰੀਸ਼ਦ ਵਿੱਚ **ਰੂਸ ਵਿੱਚ ਅਮਲੀ ਕਾਰਕੁਨ** ਵਿਦੇਸ਼ਾਂ ਵਿੱਚ ਰਹਿਣ ਵਾਲ਼ੇ ਲੇਖਕਾਂ ਉੱਤੇ ਭਾਰੂ ਸਨ; ਮਾਰਤੋਵਵਾਦੀਆਂ ਦੇ ਇਹਨੂੰ ਹੱਥ ਵਿੱਚ ਲੈ ਲੈਣ ਪਿੱਛੋਂ, ਮਾਮਲਾ ਇਹਦੇ ਉਲਟ ਹੋ ਗਿਆ ਹੈ। ਜਦੋਂ ਅਸੀਂ ਸੰਪਾਦਕ ਮੰਡਲ ਵਿੱਚ ਸਾਂ, ਪ੍ਰੀਸ਼ਦ ਨੇ **ਇੱਕ ਵਾਰ ਵੀ** ਕਿਸੇ **ਅਮਲੀ** ਮਾਮਲੇ ਵਿੱਚ ਦਖ਼ਲ ਦੇਣ ਦਾ ਯਤਨ **ਨਾ** ਕੀਤਾ; ਸਰਬ-ਸੰਮਤੀ ਨਾਲ਼ ਕੁਆਪਸ਼ਨ ਪਿੱਛੋਂ **ਅਜਿਹਾ ਦਖ਼ਲ ਸ਼ੁਰੂ ਹੋ ਗਿਆ ਹੈ**, ਜਿਹਾ ਕਿ ਪੜ੍ਹਣ ਵਾਲ਼ੀ ਜਨਤਾ ਨੂੰ ਨੇੜੇ ਦੇ ਭਵਿੱਖ ਵਿੱਚ ਵਿਸਥਾਰ ਨਾਲ਼ ਪਤਾ ਲੱਗ ਜਾਵੇਗਾ।

ਅਸੀਂ ਜਿਹੜੇ ਪ੍ਰਸਤਾਵ ਦੀ ਪਰਖ ਕਰ ਰਹੇ ਹਾਂ ਉਹਦਾ ਅਗਲਾ ਥੀਸਿਸ ਹੈ: "… ਪਾਰਟੀ ਦੀਆਂ ਅਧਿਕਾਰਤ ਕੇਂਦਰੀ ਸੰਸਥਾਵਾਂ ਬਣਾਉਂਦੇ ਹੋਏ, ਕਾਂਗਰਸ ਨੇ ਅਸਲ ਵਿੱਚ ਵਿਦਮਾਨ ਕੇਂਦਰੀ ਸੰਸਥਾਵਾਂ ਦੀ ਨਿਰਤੰਰਤਾ ਕਾਇਮ ਰੱਖਣ ਦੀ ਲੋੜ ਨੂੰ ਅੱਖੋਂ ਪਰੋਖਾ ਕੀਤਾ।…"

ਇਹ ਥੀਸਿਸ ਬਸ ਕੇਂਦਰੀ ਸੰਸਥਾਵਾਂ ਦੀ **ਸ਼ਖ਼ਸੀ** ਬਣਤਰ ਹੀ ਹੋ ਨਿਬੜਦਾ ਹੈ। "ਘੱਟਗਿਣਤੀ" ਨੇ ਇਸ ਤੱਥ ਤੋਂ ਕੰਨੀ ਕਤਰਾਉਣਾ ਚੰਗੇਰਾ ਸਮਝਿਆ ਕਿ ਕਾਂਗਰਸ ਵਿੱਚ ਪੁਰਾਣੀਆਂ ਕੇਂਦਰੀ ਸੰਸਥਾਵਾਂ ਨੇ ਆਪਣੀ ਨਿਰਯੋਗਤਾ ਸਿੱਧ ਕਰ ਦਿੱਤੀ ਸੀ ਅਤੇ ਕਈ ਗ਼ਲਤੀਆਂ ਕੀਤੀਆਂ ਸਨ। ਪਰ ਸਭ ਤੋਂ ਹਸਾਉਣੀ ਗੱਲ "ਨਿਰੰਤਰਤਾ" ਵੱਲ ਜਥੇਬੰਦਕ ਕਮੇਟੀ ਦੇ ਪ੍ਰਸੰਗ ਵਿੱਚ ਸੰਕੇਤ ਹੈ। ਜਿਹਾ ਕਿ ਅਸਾਂ ਵੇਖਿਆ ਹੈ, ਕਾਂਗਰਸ ਵਿੱਚ ਕਿਸੇ ਨੇ ਇਸ ਗੱਲ ਵੱਲ ਸੰਕੇਤ ਤੱਕ ਨਾ ਕੀਤਾ ਕਿ ਜਥੇਬੰਦਕ ਕਮੇਟੀ ਦੇ ਸਾਰੇ ਮੈਂਬਰਾਂ ਦੀ ਤਸਦੀਕ ਕਰ ਦਿੱਤੀ ਜਾਵੇ। ਕਾਂਗਰਸ ਵਿੱਚ ਮਾਰਤੋਵ ਵਾਸਤਵ ਵਿੱਚ ਝੱਲਪੁਣੇ 'ਚ ਕੂਕਿਆ ਕਿ ਜਥੇਬੰਦਕ ਕਮੇਟੀ ਦੇ ਤਿੰਨਾਂ ਮੈਂਬਰਾਂ ਦੇ ਨਾਵਾਂ ਵਾਲ਼ੀ ਸੂਚੀ ਉਹਦੇ ਲਈ ਹੱਤਕ ਵਾਲ਼ੀ ਹੈ। ਕਾਂਗਰਸ ਵਿੱਚ "ਘੱਟਗਿਣਤੀ" ਨੇ ਜਿਹੜੀ **ਅਖ਼ੀਰੀ** ਸੂਚੀ ਪੇਸ਼ ਕੀਤੀ ਉਹਦੇ ਵਿੱਚ ਜਥੇਬੰਦਕ ਕਮੇਟੀ ਦਾ **ਇੱਕ** ਮੈਂਬਰ ਸੀ (**ਪੋਪੋਵ**, ਗਲੇਬੋਵ ਜਾਂ ਫ਼ੋਮਿਨ, ਅਤੇ ਤਰਾਤਸਕੀ), ਜਿੱਥੇ ਕਿ "ਬਹੁਗਿਣਤੀ" ਵੱਲੋਂ ਪ੍ਰਵਾਨ ਕੀਤੀ ਸੂਚੀ ਵਿੱਚ ਤਿੰਨਾਂ ਵਿਚੋਂ **ਦੋ** ਮੈਂਬਰ ਹਨ (**ਤਰਾਵਿਨਸਕੀ**, **ਵਾਸੀਲੀਯੇਵ** ਅਤੇ ਗਲੇਬੋਵ)। ਅਸੀਂ ਪੁੱਛਦੇ, ਹਾਂ, ਕਿ ਕੀ "ਨਿਰੰਤਰਤਾ" ਵੱਲ ਇਸ ਸੰਕੇਤ ਨੂੰ ਸੱਚਮੁਚ "ਅਸੂਲ ਦਾ ਮਤ-ਭੇਦ" ਸਮਝਿਆ ਜਾ ਸਕਦਾ ਹੈ ?

ਆਓ ਹੁਣ ਅਸੀਂ ਦੂਜੇ ਪ੍ਰਸਤਾਵ ਵੱਲ ਚੱਲੀਏ, ਜਿਸ ਉੱਤੇ ਪੁਰਾਣੇ ਸੰਪਾਦਕ ਮੰਡਲ ਦੇ ਚਾਰ ਮੈਂਬਰਾਂ ਦੇ ਦਸਤਖ਼ਤ ਹਨ, ਜਿਨ੍ਹਾਂ ਦਾ ਮੁਖੀ ਸਾਥੀ ਐਕਸਲਰੋਦ ਹੈ। ਇਥੇ ਸਾਨੂੰ "ਬਹੁਗਿਣਤੀ" ਵਿਰੁੱਧ ਉਹ ਸਾਰੇ ਦੋਸ਼ ਮਿਲਦੇ ਹਨ ਜਿਹੜੇ ਪਿੱਛੋਂ ਜਾਕੇ ਅਖ਼ਬਾਰਾਂ ਵਿੱਚ ਬਹੁਤ ਵਾਰ ਦੁਹਰਾਏ ਗਏ ਹਨ। ਉਹਨਾਂ ਨੂੰ ਸਭ ਤੋਂ ਵੱਧ ਸੌਖ ਨਾਲ਼ ਉਸ ਰੂਪ ਵਿੱਚ ਪਰਖਿਆ ਜਾ ਸਕਦਾ ਹੈ, ਜਿਸ ਵਿੱਚ ਸੰਪਾਦਕ ਮੰਡਲ ਦੇ ਮੈਂਬਰਾਂ ਨੇ ਇਹਨਾਂ ਨੂੰ ਸੂਤਰਬੱਧ ਕੀਤਾ ਹੈ। "ਪਾਰਟੀ ਦੀ ਆਪਹੁਦਰੀ ਅਤੇ ਨੌਕਰਸ਼ਾਹੀ ਹਕੂਮਤ ਦੀ ਪ੍ਰਣਾਲੀ" ਵਿਰੁੱਧ, "ਨੌਕਰਸ਼ਾਹੀ ਕੇਂਦਰਵਾਦ" ਵਿਰੁੱਧ ਦੋਸ਼ ਲਾਏ ਗਏ ਹਨ, ਜਿਸਨੂੰ, "ਸੱਚੇ ਸੋਸ਼ਲ-ਡੈਮੋਕ੍ਰੈਟਕ

ਕੇਂਦਰਵਾਦ" ਤੋਂ ਨਿਖੇੜਕੇ, ਹੇਠ ਲਿਖੇ ਅਨੁਸਾਰ ਪ੍ਰੀਭਾਸ਼ਤ ਕੀਤਾ ਗਿਆ ਹੈ: ਇਹ "ਮੁੱਖ ਭੂਮੀ ਵਿੱਚ, ਅੰਦਰਲੀ ਏਕਤਾ ਨੂੰ ਨਹੀਂ, ਸਗੋਂ ਬਾਹਰਲੀ ਰਸਮੀ ਏਕਤਾ ਨੂੰ ਰੱਖਦਾ ਹੈ, ਜਿਹੜੀ ਖ਼ਾਲਸ ਮਸ਼ੀਨੀ ਢੰਗਾਂ ਨਾਲ਼, ਵਿਅਕਤੀਗਤ ਪਹਿਲਕਦਮੀ ਅਤੇ ਅਜ਼ਾਦ ਸਮਾਜੀ ਸਰਗਰਮੀ ਨੂੰ ਕੁਚਲ ਕੇ ਪ੍ਰਾਪਤ ਕੀਤੀ ਜਾਂਦੀ ਹੈ"; ਇਸ ਲਈ ਇਹ "ਆਪਣੇ ਖ਼ਾਸੇ ਕਾਰਨ ਹੀ ਸਮਾਜ ਦੇ ਵੱਖ-ਵੱਖ ਨੂੰ ਸਜੀਵੀ ਤੌਰ ਉੱਤੇ ਇੱਕ-ਮੁਠ ਕਰਨ ਦੇ ਨਿਰਯੋਗ ਹੈ"।

ਸਾਥੀ ਐਕਸਲਰੋਦ ਅਤੇ ਉਹਦੇ ਸਾਥੀਆਂ ਦਾ ਇੱਥੇ ਕਿਹੜੇ "ਸਮਾਜ" ਤੋਂ ਅਰਥ ਹੈ, ਕੇਵਲ ਰੱਬ ਹੀ ਜਾਣਦਾ ਹੈ। ਜਾਪਦਾ ਇਹ ਹੈ ਕਿ ਸਾਥੀ ਐਕਸਲਰੋਦ ਲਈ ਇਹ ਗੱਲ ਖ਼ੁਦ ਆਪ ਸਪਸ਼ਟ ਨਹੀਂ ਸੀ ਕਿ ਉਹ ਯੋਗ ਹਕੂਮਤੀ ਸੁਧਾਰਾਂ ਲਈ ਇੱਕ ਜ਼ੇਮਸਤਵੋ ਸੰਬੋਧਨ-ਪੱਤਰ ਲਿਖ ਰਿਹਾ ਸੀ ਜਾਂ "ਘੱਟਗਿਣਤੀ" ਦੀਆਂ ਸ਼ਿਕਾਇਤਾਂ ਵਰ੍ਹਾ ਰਿਹਾ ਸੀ। ਪਾਰਟੀ ਵਿੱਚ "ਆਪਹੁਦਰੇਸ਼ਾਹੀ" **ਕੀ ਹੈ**, ਜਿਸ ਸਬੰਧੀ ਅਸੰਤੁਸ਼ਟ "ਸੰਪਾਦਕ" ਡੰਡ ਪਾਉਂਦੇ ਹਨ ? ਆਪਹੁਦਰੇਸ਼ਾਹੀ ਦੇ ਅਰਥ ਹਨ ਇੱਕ ਵਿਅਕਤੀ ਦਾ ਸਰਵਉੱਚ, ਨਿਰੰਕੁਸ਼, ਗ਼ੈਰ-ਜਵਾਬਦੇਹ, ਅਣ-ਚੁਣਿਆ ਰਾਜ। ਅਸੀਂ "ਘੱਟਗਿਣਤੀ" ਦੇ ਸਾਹਿਤ ਤੋਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਆਪਹੁਦਰੇ ਤੋਂ ਉਹਨਾਂ ਦਾ ਅਰਥ **ਮੇਰੇ** ਤੋਂ ਹੈ ਅਤੇ ਹੋਰ ਕਿਸੇ ਤੋਂ ਨਹੀਂ। ਜਦੋਂ ਵਿਚਾਰ ਅਧੀਨ ਪ੍ਰਸਤਾਵ ਤਿਆਰ ਕੀਤਾ ਜਾ ਰਿਹਾ ਸੀ ਤਾਂ ਮੈਂ ਪਲੈਖ਼ਾਨੋਵ ਨਾਲ਼ ਕੇਂਦਰੀ ਬੁਲਾਰੇ ਵਿੱਚ ਸਾਂ। ਇਹਦੇ ਸਿੱਟੇ ਵਜੋਂ, ਸਾਥੀ ਐਕਸਲਰੋਦ ਅਤੇ ਉਹਦੇ ਸਾਥੀ ਇਹ ਰਾਏ ਪ੍ਰਗਟ ਕਰ ਰਹੇ ਸਨ ਕਿ ਪਲੈਖ਼ਾਨੋਵ ਅਤੇ ਕੇਂਦਰੀ ਕਮੇਟੀ ਦੇ ਸਾਰੇ ਮੈਂਬਰ, ਜੋ ਕੁੱਝ ਕੰਮ ਦੇ ਹਿਤਾਂ ਲਈ ਲੋੜੀਂਦਾ ਸੀ ਉਸ ਸਬੰਧੀ ਆਪਣੇ ਵਿਚਾਰਾਂ ਅਨੁਸਾਰ ਨਹੀਂ ਸਗੋਂ ਆਪਹੁਦਰੇ ਲੈਨਿਨ ਦੀ **ਇੱਛਾ** ਅਨੁਸਾਰ "ਪਾਰਟੀ ਉੱਤੇ ਹਕੂਮਤ ਕਰ ਰਹੇ ਸਨ"। ਆਪਹੁਦਰੀ ਹਕੂਮਤ ਦੇ ਇਸ ਦੋਸ਼ ਦੇ ਅਰਥ ਲਾਜ਼ਮੀ ਅਤੇ ਅਟੱਲ ਤੌਰ ਉੱਤੇ ਹਾਕਮ ਸੰਸਥਾ ਦੇ ਆਪਹੁਦਰੇ ਤੋਂ ਬਿਨਾਂ ਸਾਰੇ ਮੈਂਬਰਾਂ ਦੇ ਇੱਕ ਹੋਰ ਦੇ ਹੱਥਾਂ ਵਿੱਚ ਕੇਵਲ ਸੰਦ ਹੋਣ, ਇੱਕ ਹੋਰ ਦੀ ਇੱਛਾ ਦੇ ਕੇਵਲ ਮੋਹਰੇ ਅਤੇ ਕਰਿੰਦੇ ਹੋਣ ਦਾ ਐਲਾਨ ਕਰਨਾ ਹੈ। ਅਤੇ ਇੱਕ ਵਾਰ ਫਿਰ ਅਸੀਂ ਪੁੱਛਦੇ ਹਾਂ, ਕੀ ਇਹ ਅਤਿਅੰਤ ਸਤਿਕਾਰੇ ਸਾਥੀ ਐਕਸਲਰੋਦ ਵਲੋਂ ਸੱਚਮੁਚ "ਇੱਕ ਅਸੂਲ ਦਾ ਮਤ-ਭੇਦ" ਹੈ ?

ਇਸ ਤੋਂ ਅੱਗੇ ਪਾਰਟੀ ਕਾਂਗਰਸ ਤੋਂ, ਜਿਸਦੇ ਨਿਰਣਿਆਂ ਦੇ ਉਹਨਾਂ ਗੰਭੀਰਤਾ ਨਾਲ਼ ਜਾਇਜ਼ ਹੋਣ ਦਾ ਐਲਾਨ ਕੀਤਾ ਹੈ, ਸਾਡੇ "ਪਾਰਟੀ ਮੈਂਬਰ" ਕਿਹੜੀ ਬਾਹਰਲੀ, ਰਸਮੀ ਏਕਤਾ ਦੀ ਗੱਲ ਕਰ ਰਹੇ ਹਨ ? ਕੀ ਉਹ ਕਿਸੇ ਵੀ ਉੱਕਾ ਹੰਢਣਸਾਰ ਅਧਾਰ ਉੱਤੇ ਜਥੇਬੰਦ ਪਾਰਟੀ ਵਿੱਚ ਏਕਤਾ ਪ੍ਰਾਪਤ ਕਰਨ ਦਾ ਪਾਰਟੀ ਕਾਂਗਰਸ ਤੋਂ ਬਿਨਾਂ ਕੋਈ ਹੋਰ ਢੰਗ ਜਾਣਦੇ ਹਨ ? ਜੇ ਉਹ ਜਾਣਦੇ ਹਨ ਤਾਂ ਉਹਨਾਂ ਵਿੱਚ ਖਰੇ ਤੌਰ ਉੱਤੇ ਇਹ ਐਲਾਨ ਕਰਨ ਦੀ ਹਿੰਮਤ ਕਿਉਂ ਨਹੀਂ ਕਿ ਉਹ ਦੂਜੀ ਪਾਰਟੀ ਕਾਂਗਰਸ ਨੂੰ ਹੁਣ ਹੋਰ ਸਮੇਂ ਲਈ ਜਾਇਜ਼ ਨਹੀਂ ਸਮਝਦੇ ? ਉਹ ਇੱਕ ਜਥੇਬੰਦ ਸਮਝੀ ਜਾਂਦੀ ਪਾਰਟੀ ਵਿੱਚ ਏਕਤਾ ਪ੍ਰਾਪਤ ਕਰਨ ਦੇ ਨਵੇਂ ਵਿਚਾਰ ਅਤੇ ਨਵੇਂ ਢੰਗ ਸਾਨੂੰ ਕਿਉਂ ਨਹੀਂ ਦੱਸਦੇ ?

ਇਸ ਤੋਂ ਅੱਗੇ, ਉਹ, ਸਾਡੇ ਵਿਅਕਤੀਵਾਦੀ ਬੁੱਧੀਜੀਵੀ, ਜਿਨ੍ਹਾਂ ਉੱਤੇ ਪਾਰਟੀ

ਦਾ ਕੇਂਦਰੀ ਬੁਲਾਰਾ ਆਪਣੇ ਮਤ-ਭੇਦ ਪੇਸ਼ ਕਰਨ ਲਈ **ਜ਼ੋਰ ਦੇਂਦਾ ਰਿਹਾ ਹੈ**, ਪਰ ਜਿਹੜੇ **ਇਹਦੀ ਥਾਂ** "ਕੁਆਪਸ਼ਨ" ਸਬੰਧੀ ਸੌਦੇਬਾਜ਼ੀ ਵਿੱਚ ਰੁੱਝੇ ਰਹੇ ਹਨ, "ਵਿਅਕਤੀਗਤ ਪਹਿਲ-ਕਦਮੀ" ਦੇ ਕਿਹੜੀ "ਕੁਚਲਣ" ਦੀ ਗੱਲ ਕਰ ਰਹੇ ਹਨ ? ਅਤੇ ਆਮ ਤੌਰ ਉੱਤੇ ਪਲੈਖ਼ਾਨੋਵ ਅਤੇ ਮੈਂ, ਜਾਂ ਕੇਂਦਰੀ ਕਮੇਟੀ ਉਹਨਾਂ ਲੋਕਾਂ ਦੀ ਪਹਿਲ-ਕਦਮੀ ਅਤੇ ਅਜ਼ਾਦ ਸਰਗਰਮੀ ਨੂੰ ਕਿਵੇਂ ਕੁਚਲ ਸਕਦੇ ਸਾਂ, ਜਿਨ੍ਹਾਂ ਸਾਡੇ ਨਾਲ਼ ਰਲ ਕੇ **ਕਿਸੇ** "ਸਰਗਰਮੀ" ਵਿੱਚ ਹਿੱਸਾ ਲੈਣੋਂ ਨਾਂਹ ਕਰ ਦਿੱਤੀ ? ਕਿਸੇ ਅਜਿਹੀ ਸੰਸਥਾ ਜਾਂ ਸਭਾ ਵਿੱਚ ਕਿਸੇ ਅਜਿਹੇ ਬੰਦੇ ਨੂੰ ਕਿਵੇਂ "ਕੁਚਲਿਆ" ਜਾ ਸਕਦਾ ਹੈ ਜਿਸ ਵਿੱਚ ਉਹ ਕੋਈ ਵੀ **ਹਿੱਸਾ ਲੈਣੋਂ ਇਨਕਾਰੀ ਹੋਵੇ ?** ਅਣਚੁਣੇ ਸੰਪਾਦਕ "ਹਕੂਮਤ ਦੀ ਪ੍ਰਣਾਲੀ" ਦੀ ਸ਼ਿਕਾਇਤ ਕਿਵੇਂ ਕਰ ਸਕਦੇ ਹਨ ਜਦੋਂ ਉਹ ਨੇ **"ਹਕੂਮਤ ਅਧੀਨ ਆਉਣੋਂ"** ਇਨਕਾਰ ਕੀਤਾ ? ਅਸੀਂ ਆਪਣੇ ਸਾਥੀਆਂ ਦੀ ਅਗਵਾਈ ਕਰਨ ਵਿਚ **ਕੋਈ ਵੀ** ਗ਼ਲਤੀਆਂ **ਨਹੀਂ ਸਾਂ ਕਰ ਸਕਦੇ**, ਕੇਵਲ ਇਸ ਸਾਦੇ ਕਾਰਨ ਕਰਕੇ ਕਿ ਉਹਨਾਂ ਸਾਡੀ ਅਗਵਾਈ ਅਧੀਨ ਕੰਮ ਕਰਨੋਂ ਉੱਕਾ ਹੀ ਨਾਂਹ ਕਰ ਦਿੱਤੀ।

ਮੇਰਾ ਵਿਚਾਰ ਹੈ, ਇਹ ਸਪਸ਼ਟ ਹੈ ਕਿ ਇਸ ਪ੍ਰਸਿੱਧ ਨੌਕਰਸ਼ਾਹੀ ਸਬੰਧੀ ਕੂਕਾਂ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਨਾਲ਼ ਅਸੰਤੋਖ ਲੁਕਾਉਣ ਲਈ ਇੱਕ ਪਰਦਾ ਹਨ, ਕਾਂਗਰਸ ਵਿੱਚ ਗੰਭੀਰਤਾ ਨਾਲ਼ ਦਿੱਤੇ ਵਚਨ ਦੇ ਤੋੜਨ ਨੂੰ ਕੱਜਣ ਲਈ ਇੱਕ ਕਾਤਰ ਹਨ। ਤੂੰ ਨੌਕਰਸ਼ਾਹ ਹੈਂ, ਕਿਉਂਕਿ ਤੂੰ ਕਾਂਗਰਸ ਵੱਲੋਂ ਅਤੇ ਮੇਰੀਆਂ ਇੱਛਾਵਾਂ ਅਨੁਸਾਰ ਨਹੀਂ, ਸਗੋਂ ਉਹਨਾਂ ਦੇ ਵਿਰੁੱਧ ਥਾਪਿਆ ਗਿਆ ਹੈ; ਤੂੰ ਰੀਤੀਵਾਦੀ ਹੈਂ ਕਿਉਂਕਿ ਤੂੰ ਮੇਰੀ ਮਨਜ਼ੂਰੀ ਅਨੁਸਾਰ ਨਹੀਂ ਸਗੋਂ ਕਾਂਗਰਸ ਦੇ ਰਸਮੀ ਨਿਰਣਿਆਂ ਨੂੰ ਆਪਣਾ ਮਤ ਬਣਾਉਂਦਾ ਹੈ; ਤੂੰ ਭੱਦੇ ਮਸ਼ੀਨੀ ਢੰਗ ਨਾਲ਼ ਵਿਚਰ ਰਿਹਾ ਹੈਂ ਕਿਉਂਕਿ ਤੂੰ ਪਾਰਟੀ ਕਾਂਗਰਸ ਵਿੱਚ "ਮਸ਼ੀਨੀ" ਬਹੁਗਿਣਤੀ ਦਾ ਹਵਾਲਾ ਦੇਂਦਾ ਹੈਂ ਅਤੇ ਮੇਰੀਆਂ ਕੁਆਪਟ ਹੋਣ ਦੀ ਇੱਛਾਵਾਂ ਵੱਲ ਕੋਈ ਧਿਆਨ ਨਹੀਂ ਦੇਂਦਾ; ਤੂੰ ਆਪਹੁਦਰਾ ਹੈਂ ਕਿਉਂਕਿ ਤੂੰ ਸੱਤਾ ਪੁਰਾਣੀ ਸੁੱਖ-ਆਸਣ ਟੋਲੀ ਦੇ, ਜਿਹੜੀ ਆਪਣੀ ਮੰਡਲ "ਨਿਰੰਤਰਤਾ" ਉੱਤੇ ਜ਼ੋਰ ਦੇਂਦੀ ਹੈ, ਹਵਾਲੇ ਕਰਨੋਂ ਇਨਕਾਰੀ ਹੈਂ, ਇਸ ਲਈ ਹੋਰ ਵੀ ਵੱਧ ਕਿ ਉਹਨਾਂ ਨੂੰ ਕਾਂਗਰਸ ਵੱਲੋਂ ਇਸ ਮੰਡਲ ਭਾਵਨਾ ਦੀ ਸਪਸ਼ਟ ਨਖੇਧੀ ਪਸੰਦ ਨਹੀਂ।

ਨੌਕਰਸਾਹੀ ਸਬੰਧੀ ਇਹਨਾਂ ਕੂਕਾਂ ਦਾ ਉਸ ਤੋਂ ਬਿਨਾਂ ਕੋਈ **ਅਸਲੀ** ਅਰਥ ਨਹੀਂ ਜਿਸ ਵੱਲ ਮੈਂ ਸੰਕੇਤ ਕੀਤਾ ਹੈ।* ਅਤੇ ਘੋਲ਼ ਦਾ ਇਹ ਢੰਗ ਕੇਵਲ ਇੱਕ ਵਾਰ ਫਿਰ ਘੱਟਗਿਣਤੀ ਦੀ ਬੁੱਧੀਜੀਵੀ-ਵਾਦੀ ਅਸਥਿਰਤਾ ਸਾਬਤ ਕਰਦਾ ਹੈ। ਉਹ ਪਾਰਟੀ ਨੂੰ ਨਿਸ਼ਚਾ ਦਿਵਾਉਣਾ ਚਾਹੁੰਦੇ ਸਨ ਕਿ ਕੇਂਦਰੀ ਸੰਸਥਾਵਾਂ ਦੀ ਚੋਣ ਮੰਦਭਾਗੀਂ ਹੈ। ਅਤੇ ਉਹਨਾਂ ਇਹ ਕਿਵੇਂ ਕੀਤਾ ? "ਇਸਕਰਾ" ਉੱਤੇ, ਜਿਵੇਂ ਮੈਂ ਅਤੇ ਪਲੈਖ਼ਾਨੋਵ ਇਹਨੂੰ ਚਲਾ

* ਇਹ ਗੱਲ ਕਹਿ ਦੇਣੀ ਚਾਹੀਦੀ ਹੈ ਕਿ ਜਿਉਂ ਹੀ ਉਹਨੇ ਦਿਆਲ ਕੁਆਪਸ਼ਨ ਮਨਜ਼ੂਰ ਕਰਵਾ ਦਿੱਤੀ ਘੱਟਗਿਣਤੀ ਦੀਆਂ ਨਜ਼ਰਾਂ ਵਿੱਚ ਪਲੈਖ਼ਾਨੋਵ "ਨੌਕਰਸ਼ਾਹੀ ਕੇਂਦਰਵਾਦ" ਦਾ ਪ੍ਰਤੀਨਿਧ ਨਾ ਰਿਹਾ।

ਰਹੇ ਸਾਂ, ਪੜਚੋਲ ਕਰਕੇ ? ਨਹੀਂ, ਉਹ ਅਜਿਹੀ ਪੜਚੋਲ ਨਾ ਕਰ ਸਕੇ। ਉਹਨਾਂ ਜਿਹੜਾ ਢੰਗ ਅਖ਼ਤਿਆਰ ਕੀਤਾ ਉਹ ਪਾਰਟੀ ਦੇ ਇੱਕ ਹਿੱਸੇ ਵੱਲੋਂ ਘ੍ਰਿਣਤ ਕੇਂਦਰੀ ਸੰਸਥਾਵਾਂ ਅਧੀਨ ਕੰਮ ਕਰਨ ਤੋਂ ਇਨਕਾਰ ਤੋਂ ਬਣਦਾ ਸੀ। ਪਰ ਸੰਸਾਰ ਵਿੱਚ ਕਿਸੇ ਪਾਰਟੀ ਦੀ ਕੋਈ ਸੰਸਥਾ ਉਹਨਾਂ ਲੋਕਾਂ ਦੀ ਅਗਵਾਈ ਕਰਨ ਦੀ ਆਪਣੀ ਯੋਗਤਾ ਸਾਬਤ ਨਹੀਂ ਕਰ ਸਕਦੀ ਜਿਹੜੇ ਇਹਦੀ ਅਗਵਾਈ ਕਬੂਲ ਕਰਨੋਂ ਇਨਕਾਰੀ ਹੋਣ। ਕੇਂਦਰੀ ਸੰਸਥਾਵਾਂ ਦੀ ਅਗਵਾਈ ਕਬੂਲ ਕਰਨ ਤੋਂ ਇਨਕਾਰ ਪਾਰਟੀ ਵਿੱਚ ਰਹਿਣ ਤੋਂ ਇਨਕਾਰ ਦੇ ਤੁਲ ਹੈ, ਪਾਰਟੀ ਤੋੜਨ ਦੇ ਤੁਲ ਹੈ; ਇਹ ਮਨਾਉਣ ਦਾ ਨਹੀਂ, **ਤਬਾਹ ਕਰਨ** ਦਾ ਢੰਗ ਹੈ। ਅਤੇ ਮਨਾਉਣ ਦੀ ਥਾਂ ਤਬਾਹ ਕਰਨ ਦੇ ਇਹ ਯਤਨ ਉਹਨਾਂ ਵਿੱਚ ਦ੍ਰਿੜ੍ਹ ਅਸੂਲਾਂ ਦੀ ਘਾਟ, ਉਹਨਾਂ ਦੇ ਆਪਣੇ ਵਿਚਾਰਾਂ ਵਿੱਚ ਘਾਟ ਦਰਸਾਉਂਦੇ ਹਨ।

ਉਹ ਨੌਕਰਸ਼ਾਹੀ ਦੀ ਗੱਲ ਕਰਦੇ ਹਨ। ਸ਼ਬਦ ਨੌਕਰਸ਼ਾਹੀ ਦਾ ਰੂਸੀ ਵਿੱਚ ਉਲੱਥਾ ਸਥਾਨ ਅਤੇ ਪਦਵੀ ਉੱਤੇ ਕੇਂਦਰੀਕਰਣ ਵਜੋਂ ਕੀਤਾ ਜਾ ਸਕਦਾ ਹੈ। ਨੌਕਰਸ਼ਾਹੀ ਦੇ ਅਰਥ ਹਨ **ਕੰਮ** ਦੇ ਹਿਤਾਂ ਨੂੰ ਮਨੁੱਖ ਦੇ ਆਪਣੇ **ਪਦ-ਵਾਧੇ** ਦੇ ਹਿਤਾਂ ਦੇ ਅਧੀਨ ਕਰਨਾ; ਇਹਦੇ ਅਰਥ ਹਨ **ਸਥਾਨਾਂ** ਉੱਤੇ ਧਿਆਨ ਕੇਂਦਰਤ ਕਰਨਾ ਅਤੇ ਖ਼ੁਦ ਕੰਮ ਨੂੰ ਅੱਖੋਂ ਪਰੋਖਾ ਕਰਨਾ; ਇਹਦੇ ਅਰਥ ਹਨ **ਵਿਚਾਰਾਂ** ਲਈ ਲੜਨ ਦੀ ਥਾਂ **ਕੁਆਪਸ਼ਨ** ਲਈ ਖਹਿਬੜਨਾ। ਇਹ ਗੱਲ ਕਿ ਅਜਿਹੀ ਨੌਕਰਸ਼ਾਹੀ ਪਾਰਟੀ ਲਈ ਅਯੋਗ ਅਤੇ ਹਾਨੀਕਾਰਕ ਹੈ, ਬਿਨਾਂ ਸ਼ੱਕ ਸੱਚੀ ਹੈ, ਅਤੇ ਮੈਂ ਬਿਨਾਂ ਖਟਕੇ ਇਹ ਨਿਰਣਾ ਪਾਠਕ ਉੱਤੇ ਛੱਡ ਸਕਦਾ ਹਾਂ ਕਿ ਬਿਦ ਰਹੀਆਂ ਦੋ ਧਿਰਾਂ ਵਿੱਚੋਂ ਕੌਣ ਅਜਿਹੀ ਨੌਕਰਸ਼ਾਹੀ ਦਾ ਦੋਸ਼ੀ ਹੈ।... ਉਹ ਏਕਤਾ ਪ੍ਰਾਪਤ ਕਰਨ ਦੇ ਘੋਰ ਮਸ਼ੀਨੀ ਢੰਗਾਂ ਦੀ ਗੱਲ ਕਰਦੇ ਹਨ। ਨਿਰਸੰਦੇਹ, ਘੋਰ ਮਸ਼ੀਨੀ ਢੰਗ ਹਾਨੀਕਾਰਕ ਹਨ; ਪਰ ਮੈਂ ਇਹ ਨਿਰਣਾ ਫਿਰ ਪਾਠਕ ਉੱਤੇ ਛੱਡਦਾ ਹਾਂ ਕਿ ਕੀ ਇੱਕ ਨਵੇਂ ਮੁਹਾਣ ਦਾ ਇੱਕ ਪੁਰਾਣੇ ਵਿਰੁੱਧ ਘੋਲ਼ ਦਾ ਇਸ ਨਾਲ਼ੋਂ ਵਧੇਰੇ ਘੋਰ ਅਤੇ ਵਧੇਰੇ ਮਸ਼ੀਨੀ ਢੰਗ ਹੋ ਸਕਦਾ ਹੈ ਕਿ ਪਾਰਟੀ ਨੂੰ ਉਹਨਾਂ ਦੇ ਵਿਚਾਰਾਂ ਦੀ ਸ਼ੁੱਧਤਾ ਦਾ ਨਿਸ਼ਚਾ ਹੋਣ ਤੋਂ ਪਹਿਲਾਂ ਅਤੇ ਇਹ ਵਿਚਾਰ ਪਾਰਟੀ ਅੱਗੇ ਪੇਸ਼ ਕੀਤੇ ਜਾਣ ਤੋਂ ਪਹਿਲਾਂ ਲੋਕਾਂ ਨੂੰ ਪਾਰਟੀ ਦੀਆਂ ਸੰਸਥਾਵਾਂ ਵਿੱਚ ਲਾ ਦਿੱਤਾ ਜਾਵੇ।

ਪਰ ਸ਼ਾਇਦ ਹਥਲੇ ਮਾਮਲੇ ਵਿੱਚ ਜਿਸ ਗੱਲ ਨੇ ਬਿਨਾਂ ਸ਼ੱਕ "ਹੁਲਾਰਾ" ਪੈਦਾ ਕੀਤਾ, ਉਹਦੇ ਤੁੱਛ ਅਤੇ ਨਿਸ਼ਚਿਤ ਕਾਰਨਾਂ ਨੂੰ ਇੱਕ ਪਾਸੇ ਛੱਡਦੇ ਹੋਏ ਸ਼ਾਇਦ ਘੱਟਗਿਣਤੀ ਦੇ ਕਥਨਾਂ ਦਾ ਅਸੂਲੀ ਤੌਰ ਉੱਤੇ ਕੋਈ ਅਰਥ ਹੈ, ਸ਼ਾਇਦ ਉਹ ਵਿਚਾਰਾਂ ਦੇ ਕਿਸੇ ਵਿਸ਼ੇਸ਼ ਜੁਟ ਨੂੰ ਪ੍ਰਗਟ ਕਰਦੇ ਹਨ। ਸ਼ਾਇਦ ਜੇ ਅਸੀਂ "ਕੁਆਪਸ਼ਨ" ਸਬੰਧੀ ਖਹਿਬੜ ਨੂੰ ਇੱਕ ਪਾਸੇ ਛੱਡ ਦੇਈਏ ਤਾਂ ਇਹਨਾਂ ਕਥਨਾਂ ਦਾ ਅਰਥ ਵਿਚਾਰਾਂ ਦੇ ਇੱਕ ਵੱਖਰੇ ਪ੍ਰਬੰਧ ਦਾ ਪ੍ਰਗਟਾਅ ਨਿਕਲੇ ?

ਆਓ ਅਸੀਂ ਮਾਮਲੇ ਨੂੰ ਇਸ ਕੋਣ ਤੋਂ ਲਈਏ। ਅਜਿਹਾ ਕਰਨ ਤੋਂ ਪਹਿਲਾਂ ਸਾਨੂੰ ਇਹ ਗੱਲ ਦੱਸ ਦੇਣੀ ਚਾਹੀਦੀ ਹੈ ਕਿ ਅਜਿਹੀ ਪਰਖ਼ ਕਰਨ ਦਾ ਪਹਿਲਾ ਯਤਨ ਸਾਥੀ ਪਲੈਖ਼ਾਨੋਵ ਨੇ ਲੀਗ ਵਿਖੇ ਕੀਤਾ ਸੀ, ਜਿਸਨੇ ਘੱਟਗਿਣਤੀ ਦੇ **ਅਰਾਜਕਤਾਵਾਦ** ਅਤੇ

**ਮੌਕਾਪ੍ਰਸਤੀ** ਵੱਲ ਹੁਲਾਰੇ ਦੀ ਗੱਲ ਕੀਤੀ ਸੀ ਅਤੇ ਸਾਥੀ ਮਾਰਤੋਵ ਨੇ (ਜਿਹੜਾ ਹੁਣ ਇਸ ਗੱਲ ਉੱਤੇ ਬਹੁਤ ਗ਼ੁੱਸੇ ਹੈ ਕਿ ਹਰ ਇੱਕ ਇਹ ਪ੍ਰਵਾਨ ਕਰਨ ਲਈ ਤਿਆਰ ਨਹੀਂ ਕਿ ਉਹਦਾ ਮਤ ਅਸੂਲੀ ਹੈ*) "ਘੇਰੇ ਦੀ ਹਾਲਤ" ਵਿੱਚ ਇਸ ਗੱਲ ਨੂੰ **ਉੱਕਾ ਹੀ ਅੱਖੋਂ ਪਰੋਖਾ ਕਰਨਾ** ਚੰਗੇਰਾ ਸਮਝਿਆ।

ਲੀਗ ਦੀ ਕਾਂਗਰਸ ਵਿੱਚ ਇਹ ਆਮ ਸਵਾਲ ਉਠਾਇਆ ਗਿਆ ਕਿ ਉਹ ਨਿਯਮ ਜਿਹੜੇ ਲੀਗ ਜਾਂ ਇੱਕ ਕਮੇਟੀ ਤਿਆਰ ਕਰ ਸਕਦੀ ਹੈ, ਉਹ ਕੇਂਦਰੀ ਕਮੇਟੀ ਦੀ ਤਸਦੀਕ ਤੋਂ ਬਿਨਾਂ ਜਾਂ ਜੇ ਕੇਂਦਰੀ ਕਮੇਟੀ ਤਸਦੀਕ ਕਰਨੋਂ ਨਾਂਹ ਕਰ ਦੇਵੇ ਤਾਂ ਕੀ ਉਹ ਜਾਇਜ਼ ਹਨ? ਬੰਦਾ ਸੋਚ ਸਕਦਾ ਹੈ ਕਿ ਇਸਤੋਂ ਸਪਸ਼ਟ ਗੱਲ ਕੋਈ ਨਹੀਂ ਹੋ ਸਕਦੀ: ਨਿਯਮ ਜਥੇਬੰਦੀ ਦਾ ਰਸਮੀ ਪ੍ਰਗਟਾ ਹਨ ਅਤੇ ਸਾਡੀ ਪਾਰਟੀ ਦੇ ਨਿਯਮਾਂ ਦੇ ਛੇਵੇਂ ਪੈਰੇ ਅਨੁਸਾਰ ਕਮੇਟੀਆਂ ਜਥੇਬੰਦ ਕਰਨ ਦਾ ਅਧਿਕਾਰ ਬੜੇ ਸਪਸ਼ਟ ਤੌਰ ਉੱਤੇ ਕੇਂਦਰੀ ਕਮੇਟੀ ਨੂੰ ਦਿੱਤਾ ਗਿਆ ਹੈ; ਨਿਯਮ ਕਿਸੇ ਕਮੇਟੀ ਦੀ ਖ਼ੁਦ-ਅਖ਼ਤਿਆਰੀ ਮਿਥਦੇ ਹਨ, ਅਤੇ ਉਹ ਹੱਦਾਂ ਮਿੱਥਣ ਦਾ ਹੱਕ ਪਾਰਟੀ ਦੇ ਕੇਂਦਰੀ ਸੰਸਥਾ ਕੋਲ ਹੁੰਦਾ ਹੈ ਅਤੇ ਸਥਾਨਕ ਕੋਲ ਨਹੀਂ। **ਇਹ ਮੁੱਢਲੀ ਗੱਲ ਹੈ**, ਅਤੇ ਗੰਭੀਰਤਾ ਦੇ ਵਿਖਾਵੇ ਨਾਲ਼ ਇਹ ਦਲੀਲ ਦੇਣਾ ਕਿ "ਜਥੇਬੰਦ ਕਰਨ" ਦੇ ਅਰਥ ਸਦਾ "ਨਿਯਮਾਂ ਦੀ ਤਸਦੀਕ ਕਰਨਾ" ਨਹੀਂ, ਨਰੋਲ ਬਚਗਾਨਾ ਗੱਲ ਹੈ (ਜਿਵੇਂ ਕਿ ਖ਼ੁਦ ਲੀਗ ਨੇ ਰਸਮੀ ਨਿਯਮਾਂ ਦੇ ਅਧਾਰ ਉੱਤੇ ਜਥੇਬੰਦ ਕੀਤੇ ਜਾਣ ਦੀ ਇੱਛਾ ਨਾ ਪ੍ਰਗਟ ਕੀਤੀ ਹੋਵੇ)। ਪਰ ਸਾਥੀ ਮਾਰਤੋਵ ਸੋਸ਼ਲ-ਡੈਮੋਕ੍ਰੇਸੀ ਦਾ ੳ ਅ ਵੀ ਭੁੱਲ ਗਿਆ ਹੈ (ਸਾਨੂੰ ਆਸ ਕਰਨੀ ਚਾਹੀਦੀ ਹੈ ਕਿ ਅਸਥਾਈ ਤੌਰ ਉੱਤੇ)। ਉਹਦੀ ਰਾਏ ਵਿੱਚ, ਇਹ ਮੰਗ ਕਿ ਨਿਯਮਾਂ ਦੀ ਤਸਦੀਕ ਕੀਤੀ ਜਾਵੇ, ਦਰਸਾਉਂਦੀ ਹੈ ਕਿ "ਪਹਿਲੀਆਂ ਦੇ 'ਇਸਕਰਾ' ਕੇਂਦਰਵਾਦ ਦੀ ਥਾਂ ਨੌਕਰਸ਼ਾਹੀ ਕੇਂਦਰਵਾਦ ਨੂੰ ਦਿੱਤੀ ਜਾ ਰਹੀ ਹੈ" (ਲੀਗ ਦੀ ਕਾਰਵਾਈ,

---

* ਨਵੇਂ "ਇਸਕਰਾ" ਦੇ ਇਸ **ਗਿਲੇ** ਤੋਂ ਵੱਧ ਕੇ ਹਸਾਉਣੀ ਕੋਈ ਗੱਲ ਨਹੀਂ ਕਿ ਲੈਨਿਨ ਅਸੂਲ ਦੇ ਕੋਈ ਮਤ-ਭੇਦ ਵੇਖਣੋਂ ਇਨਕਾਰ ਕਰਦਾ ਹੈ ਜਾਂ ਉਹਨਾਂ ਦੀ ਹੋਂਦ ਤੋਂ ਇਨਕਾਰੀ ਹੈ। ਜੇ ਤੁਹਾਡੇ ਵਿਚਾਰ ਵਧੇਰੇ ਅਸੂਲ ਵਾਲ਼ੇ ਹੁੰਦੇ ਤਾਂ ਤੁਸੀਂ ਮੇਰੇ ਇਹਨਾਂ ਘੜੀ ਮੁੜੀ ਕਹੇ ਕਥਨਾਂ ਉੱਤੇ ਵਿਚਾਰ ਕਰਦੇ ਕਿ ਤੁਸੀਂ ਮੌਕਾਪ੍ਰਸਤੀ ਵੱਲ ਝੂਲ ਗਏ ਹੋ। ਜੇ ਤੁਹਾਡਾ ਮਤ ਵਧੇਰੇ ਅਸੂਲ ਉੱਤੇ ਅਧਾਰਤ ਹੁੰਦਾ ਤਾਂ ਤੁਸੀਂ ਵਿਚਾਰਧਾਰਕ ਘੋਲ਼ ਨੂੰ ਪਦਵੀਆਂ ਸਬੰਧੀ ਖਹਿਬੜ ਤੱਕ ਨਾ ਡੇਗ ਦੇਂਦੇ। ਦੋਸ਼ ਕੇਵਲ ਤੁਹਾਡਾ ਆਪਣਾ ਹੈ ਕਿਉਂਕਿ ਤੁਸਾਂ ਆਪਣੇ ਆਪ ਨੂੰ ਅਸੂਲ ਦੇ ਬੰਦੇ ਸਮਝਣਾ ਅਸੰਭਵ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਹੈ। ਉਦਾਹਰਣ ਵਜੋਂ ਸਾਥੀ ਮਾਰਤੋਵ ਨੂੰ ਹੀ ਲਓ: ਆਪਣੀ "ਘੇਰੇ ਦੀ ਹਾਲਤ" ਵਿੱਚ ਲੀਗ ਦੀ ਕਾਂਗਰਸ ਦੀ ਗੱਲ ਕਰਦੇ ਹੋਏ ਉਹ ਅਰਾਜਕਤਾਵਾਦ ਸਬੰਧੀ ਪਲੈਖ਼ਾਨੋਵ ਨਾਲ਼ ਵਿਵਾਦ ਸਬੰਧੀ ਕੁੱਝ ਨਹੀਂ ਕਹਿੰਦਾ, ਸਗੋਂ ਇਹਦੇ ਬਦਲੇ ਇਹ ਸੂਚਨਾ ਦੇਂਦਾ ਹੈ ਕਿ ਲੈਨਿਨ ਇੱਕ ਪਰਾ-ਕੇਂਦਰ ਹੈ, ਕਿ ਬਸ ਲੈਨਿਨ ਦੇ ਅੱਖ ਫਰਕਣ ਦੀ ਦੇਰ ਹੈ ਅਤੇ ਕੇਂਦਰ ਹੁਕਮ ਚਾੜ੍ਹ ਦੇਂਦਾ ਹੈ, ਕਿ ਕੇਂਦਰੀ ਕਮੇਟੀ ਨੇ ਲੀਗ ਨੂੰ ਪੈਰਾਂ ਹੇਠ ਮਧੋਲਿਆ, ਆਦਿ। ਮੈਨੂੰ ਇਸ ਸਬੰਧੀ ਕੋਈ ਸ਼ੱਕ ਨਹੀਂ ਕਿ ਆਪਣੇ ਵਿਸ਼ੇ ਨੂੰ ਇਸ ਢੰਗ ਨਾਲ਼ ਚੁਣ ਕੇ ਸਾਥੀ ਮਾਰਤੋਵ ਨੇ ਆਪਣੇ ਆਸ਼ਿਆਂ ਅਤੇ ਅਸੂਲਾਂ ਦੀ ਡੂੰਘਾਈ ਦਰਸਾਈ।

ਪੰਨਾ 95), ਅਤੇ ਇਸ ਵਿੱਚ, ਅਸਲ ਵਿੱਚ—ਸਾਥੀ ਮਾਰਤੋਵ ਨੇ ਉਸੇ ਤਕਰੀਰ ਵਿੱਚ ਐਲਾਨ ਕੀਤਾ—ਵਿਵਾਦ ਹੇਠਲਾ "ਅਸੂਲ" ਹੈ (ਪੰਨਾ 96) — ਇੱਕ ਅਜਿਹਾ ਅਸੂਲ ਜਿਸਨੂੰ ਉਹਨੇ "ਘੇਰੇ ਦੀ ਹਾਲਤ" ਵਿੱਚ ਅੱਖੋਂ ਪਰੋਖਾ ਕਰਨਾ ਚੰਗੇਰਾ ਸਮਝਿਆ!

ਸਾਥੀ ਪਲੈਖ਼ਾਨੋਵ ਨੇ ਇੱਕਦਮ ਮਾਰਤੋਵ ਦਾ ਉੱਤਰ ਦਿੱਤਾ, ਉਹਨੇ ਬੇਨਤੀ ਕੀਤੀ ਕਿ ਨੌਕਰਸ਼ਾਹੀ, ਹਾਰੀ-ਸਾਰੀ ਪਦ-ਅਧਿਕਾਰੀ ਆਦਿ ਜਿਹੇ ਵਾਕੰਸ਼ਾਂ ਤੋਂ ਸੰਕੋਚ ਕੀਤਾ ਜਾਵੇ, ਕਿਉਂਕਿ ਉਹ "ਕਾਂਗਰਸ ਦੀ ਸ਼ਾਨ ਦੇ ਵਿਰੁੱਧ ਜਾਂਦੇ ਹਨ" (ਪੰਨਾ 96)। ਇਸਤੋਂ ਪਿੱਛੋਂ ਮਾਰਤੋਵ ਨਾਲ਼ ਕੁੱਝ ਬੋਲ-ਬੁਲਾਰਾ ਹੋਇਆ, ਜਿਹੜਾ ਇਹਨਾਂ ਵਾਕੰਸ਼ਾਂ ਨੂੰ "ਅਸੂਲ ਦੇ ਨਜ਼ਰੀਏ ਤੋਂ ਇੱਕ ਨਿਸ਼ਚਿਤ ਮੁਹਾਣ ਦਾ ਲੱਛਣੀਕਰਣ" ਸਮਝਦਾ ਸੀ। **ਉਸ ਸਮੇਂ**, ਬਹੁਗਿਣਤੀ ਦੇ ਹੋਰ ਸਾਰੇ ਹਾਮੀਆਂ ਵਾਂਗ, ਸਾਥੀ ਪਲੈਖ਼ਾਨੋਵ ਨੇ ਇਹਨਾਂ ਸ਼ਬਦਾਂ ਨੂੰ ਉਹਨਾਂ ਦੇ ਅਸਲੀ ਮੁੱਲ ਅਨੁਸਾਰ ਲਿਆ, ਸਪਸ਼ਟ ਤੌਰ ਉੱਤੇ ਇਹ ਅਨੁਭਵ ਕਰਦੇ ਹੋਏ ਕਿ ਉਹਨਾਂ ਦਾ ਸਬੰਧ, ਜੇ ਅਸੀਂ ਅਜਿਹਾ ਕਹਿ ਸਕੀਏ, "ਕੁਆਪਸ਼ਨ" ਦੇ ਖੇਤਰ ਨਾਲ਼ ਹੈ ਅਤੇ ਅਸੂਲ ਦੇ ਨਾਲ਼ ਨਹੀਂ। ਪਰ ਉਹ ਮਾਰਤੋਵਾਂ ਅਤੇ ਡਿਊਸ਼ਾਂ ਦੇ ਜ਼ੋਰ ਦੇਣ ਅੱਗੇ ਝੁੱਕ ਗਿਆ (ਪੰਨੇ 16-97) ਅਤੇ ਉਹਨਾਂ ਦੇ ਅਖੌਤੀ ਅਸੂਲਾਂ ਨੂੰ **ਅਸੂਲ** ਦੇ ਨਜ਼ਰੀਏ ਤੋਂ ਪਰਖਣਾ ਸ਼ੁਰੂ ਕੀਤਾ। "ਜੇ ਅਜਿਹਾ ਹੁੰਦਾ", ਉਹਨੇ ਕਿਹਾ (ਅਰਥਾਤ, ਜੇ ਕਮੇਟੀਆਂ ਆਪਣੀ ਜਥੇਬੰਦੀ ਘੜਨ, ਆਪਣੇ ਨਿਯਮ ਬਣਾਉਣ ਵਿੱਚ ਖ਼ੁਦ-ਅਖ਼ਤਿਆਰ ਹੁੰਦੀਆਂ), "ਉਹ ਸਮੂਹ ਦੇ ਸਬੰਧ ਵਿੱਚ, ਪਾਰਟੀ ਦੇ ਸਬੰਧ ਵਿੱਚ ਖ਼ੁਦ-ਅਖ਼ਤਿਆਰ ਹੁੰਦੀਆਂ। ਇਹ ਤਾਂ ਬੁੰਦਵਾਦੀ ਦ੍ਰਿਸ਼ਟੀ ਵੀ ਨਹੀਂ, ਇਹ ਤਾਂ ਖ਼ਾਲਸ ਅਰਾਜਕਤਾਵਾਦੀ ਵਿਚਾਰ ਹੈ। ਅਰਾਜਕਤਾਵਾਦੀ ਐਨ ਇਸੇ ਤਰ੍ਹਾਂ ਦਲੀਲ ਦੇਂਦੇ ਹਨ: ਵਿਅਕਤੀਆਂ ਦੇ ਹੱਕ ਅਸੀਮਤ ਹਨ; ਉਹਨਾਂ ਵਿੱਚ ਟੱਕਰ ਹੋ ਸਕਦੀ ਹੈ, ਹਰ ਵਿਅਕਤੀ ਆਪਣੇ ਹੱਕਾਂ ਦੀ ਹੱਦ ਆਪ ਮਿਥਦਾ ਹੈ। ਖ਼ੁਦ-ਅਖ਼ਤਿਆਰੀ ਦੀ ਹੱਦ ਟੋਲੀ ਨੂੰ ਨਹੀਂ ਸਗੋਂ ਉਸ ਸਮੂਹ ਨੂੰ ਮਿਥਣੀ ਚਾਹੀਦੀ ਹੈ ਜਿਸਦਾ ਉਹ ਹਿੱਸਾ ਹੈ। "ਬੁੰਦ" ਇਸ ਅਸੂਲ ਦੀ ਉਲੰਘਣਾ ਦੀ ਉੱਘੜਵੀਂ ਉਦਾਹਰਣ ਸੀ। ਇਸ ਲਈ ਖ਼ੁਦ-ਅਖ਼ਤਿਆਰੀ ਦੀਆਂ ਹੱਦਾਂ ਕਾਂਗਰਸ ਮਿਥਦੀ ਹੈ, ਜਾਂ ਕਾਂਗਰਸ ਵੱਲੋਂ ਸਥਾਪਤ ਕੀਤੀ ਸਰਵਉੱਚ ਸੰਸਥਾ। ਕੇਂਦਰੀ ਸੰਸਥਾ ਦਾ ਅਧਿਕਰਣ ਸਦਾਚਾਰਕ ਅਤੇ ਬੌਧਕ ਸਤਿਕਾਰ ਉੱਤੇ ਅਧਾਰਤ ਹੋਣਾ ਚਾਹੀਦਾ ਹੈ। ਇਸ ਨਾਲ਼ ਮੈਂ, ਨਿਰਸੰਦੇਹ, ਸਹਿਮਤ ਹਾਂ। ਜਥੇਬੰਦੀ ਦੇ ਹਰ ਪ੍ਰਤੀਨਿਧ ਨੂੰ ਇਹਦੀ ਸੰਸਥਾ ਦੇ ਸਦਾਚਾਰਕ ਸਤਿਕਾਰ ਸਬੰਧੀ ਫ਼ਿਕਰ ਹੋਣਾ ਚਾਹੀਦਾ ਹੈ। ਪਰ ਇਸ ਤੋਂ ਲਾਜ਼ਮੀ ਤੌਰ ਉੱਤੇ ਇਹ ਸਿੱਟਾ ਨਹੀਂ ਨਿਕਲਦਾ ਕਿ ਸਤਿਕਾਰ ਲੋੜੀਂਦਾ ਹੈ ਅਤੇ ਅਧਿਕਰਣ ਨਹੀਂ।...ਅਧਿਕਰਣ ਦੇ ਬਲ ਨੂੰ ਵਿਚਾਰਾਂ ਦੇ ਬਲ ਦੇ ਮੁਕਾਬਲੇ ਉੱਤੇ ਪੇਸ਼ ਕਰਨਾ ਅਰਾਜਕਤਾਵਾਦੀ ਗੱਲ ਹੈ, ਜਿਸਦਾ ਇਥੇ ਕੋਈ ਸਥਾਨ ਨਹੀਂ ਹੋਣਾ ਚਾਹੀਦਾ" (ਪੰਨਾ 98)। ਇਹ ਪ੍ਰਸਤਾਵਨਾਵਾਂ ਵੱਧ ਤੋਂ ਵੱਧ ਮੁੱਢਲੀਆਂ ਹਨ, ਤੱਥ ਤਾਂ ਇਹ ਹੈ ਕਿ ਇਹ ਤਾਂ ਸਵੈ-ਸਿੱਧ ਸੱਚਾਈਆਂ ਹਨ, ਜਿਨ੍ਹਾਂ ਸਬੰਧੀ ਵੋਟ ਲਏ ਜਾਣੇ ਵੀ ਅਜੀਬ ਗੱਲ ਹਨ (ਪੰਨਾ 102) ਅਤੇ ਜਿਨ੍ਹਾਂ ਉੱਤੇ ਕੇਵਲ ਇਸ ਲਈ ਸ਼ੰਕਾ ਕੀਤਾ ਗਿਆ ਹੈ ਕਿ "ਹੁਣ ਸੰਕਲਪਾਂ ਵਿੱਚ ਗੜਬੜ ਹੋ ਗਈ ਹੈ" (ਉਪ੍ਰੋਕਤ)। ਪਰ ਘੱਟਗਿਣਤੀ ਦੇ ਬੁੱਧੀਜੀਵੀ-ਵਾਦੀ

ਵਿਅਕਤੀਵਾਦ ਨੇ, ਅਟੱਲ ਤੌਰ ਉੱਤੇ, ਉਹਨਾਂ ਨੂੰ ਕਾਂਗਰਸ ਨੂੰ ਸਾਬੋਤਾਜ ਕਰਨ ਦੀ ਇੱਛਾ ਰੱਖਣ, ਬਹੁਗਿਣਤੀ ਅੱਗੇ ਝੁਕਣੋਂ ਇਨਕਾਰ ਕਰਨ ਦੀ ਹੱਦ ਤੱਕ ਧੱਕ ਦਿੱਤਾ ਹੈ; ਅਤੇ ਇਹ ਇੱਛਾ **ਅਰਾਜਕਤਾਵਾਦੀ ਗੱਲ** ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਹੱਕੀ ਨਹੀਂ ਠਹਿਰਾਈ ਜਾ ਸਕਦੀ। ਇਹ ਚੇਤੇ ਰੱਖਣਾ ਬਹੁਤ ਬਿਲਾਸੀ ਗੱਲ ਸੀ ਕਿ ਘੱਟਗਿਣਤੀ ਕੋਲ ਪਲੈਖ਼ਾਨੋਵ ਦਾ ਜਵਾਬ ਦੇਣ ਲਈ ਉਹਦੇ ਵਲੋਂ ਮੌਕਾਪ੍ਰਸਤ, ਅਰਾਜਕਤਾ ਇਤਿਆਦਿ ਜਿਹੇ ਹੱਦੋਂ ਵੱਧ ਸਖ਼ਤ ਸ਼ਬਦਾਂ ਦੀ ਵਰਤੋਂ ਦੀਆਂ **ਸ਼ਿਕਾਇਤਾਂ** ਤੋਂ ਬਿਨਾਂ ਕੁੱਝ ਨਹੀਂ ਸੀ। ਪਲੈਖ਼ਾਨੋਵ ਨੇ ਇਹ ਪੁੱਛਕੇ ਕਿ ਕਿਉਂ, "ਜੋਰੇਸਵਾਦ ਅਤੇ ਅਰਾਜਕਤਾ ਸ਼ਬਦਾਂ ਦੀ ਆਗਿਆ ਨਹੀਂ ਅਤੇ lèse-majesté* ਅਤੇ ਹਾਰੀ-ਸਾਰੀ ਪਦ-ਅਧਿਕਾਰੀ ਦੀ ਆਗਿਆ ਹੈ" ਉਹਨਾਂ ਦਾ ਹੱਕੀ ਤੌਰ ਉੱਤੇ ਠੱਠਾ ਉਡਾਇਆ। ਕੋਈ ਜਵਾਬ ਨਾ ਦਿੱਤਾ ਗਿਆ। ਇਹੋ ਜਿਹਾ ਅਨੋਖਾ qui pro quo** ਸਾਥੀ ਮਾਰਤੋਵ ਅਤੇ ਐਕਸਲਰੋਦ ਅਤੇ ਉਹਨਾਂ ਦੇ ਸਾਥੀਆਂ ਨਾਲ਼ ਹਮੇਸ਼ਾ ਹੁੰਦਾ ਰਹਿੰਦਾ ਹੈ: ਉਹਨਾਂ ਦੇ ਨਵੇਂ ਕਥਨਾਂ ਉੱਤੇ ਸਪਸ਼ਟ ਤੌਰ ਉੱਤੇ "ਖਿੱਝ" ਦੀ ਛਾਪ ਹੈ; ਤੱਥਾਂ ਵਾਲ਼ਾ ਕੋਈ ਸੰਕੇਤ ਉਹਨਾਂ ਨੂੰ ਗ਼ੁੱਸੇ ਕਰ ਦੇਂਦਾ ਹੈ—ਵੇਖੋ ਨਾ, ਉਹ ਅਸੂਲ ਦੇ ਬੰਦੇ ਹਨ; ਪਰ ਉਹਨਾਂ ਨੂੰ ਕਿਹਾ ਜਾਂਦਾ ਹੈ, ਜੇ ਤੁਸੀਂ **ਅਸੂਲੀ ਤੌਰ ਉੱਤੇ** ਇਸ ਤੋਂ ਇਨਕਾਰ ਕਰੋ ਕਿ ਭਾਗ ਨੂੰ ਸਮੂਹ ਅੱਗੇ ਝੁਕਣਾ ਚਾਹੀਦਾ ਹੈ, ਤੁਸੀਂ ਅਰਾਜਕਤਾਵਾਦੀ ਹੋ, ਅਤੇ ਉਹ ਫ਼ਿਰ ਗ਼ੁੱਸੇ ਹੋ ਜਾਂਦੇ ਹਨ—ਇਹ ਪ੍ਰਗਟਾਅ ਬਹੁਤ ਸਖ਼ਤ ਹੈ! ਦੂਜੇ ਸ਼ਬਦਾਂ ਵਿੱਚ ਉਹ ਪਲੈਖ਼ਾਨੋਵ ਨਾਲ਼ ਲੜਾਈ ਕਰਨਾ ਚਾਹੁੰਦੇ ਹਨ, ਪਰ ਇੱਕ ਸ਼ਰਤ ਉੱਤੇ ਕਿ ਉਹ ਗੰਭੀਰਤਾ ਨਾਲ਼ ਉੱਤਰ ਨਾ ਦੇਵੇ!

ਕਿੰਨੀ ਵਾਰ ਸਾਥੀ ਮਾਰਤੋਵ ਅਤੇ ਹੋਰ "ਮੈਨਸ਼ਵਿਕਾਂ"*** ਨੇ, ਕੁੱਝ ਘੱਟ ਬਚਗਾਨਾ ਢੰਗ ਨਾਲ਼ ਨਹੀਂ, ਮੇਰੇ ਉੱਤੇ ਹੇਠ ਲਿਖੇ "ਵਿਰੋਧ" ਦਾ ਦੋਸ਼ ਲਾਇਆ ਹੈ। ਉਹ "ਕੀ ਕਰਨਾ ਚਾਹੀਦਾ ਹੈ ?" ਜਾਂ "ਇੱਕ ਸਾਥੀ ਦੇ ਨਾਂ ਖ਼ਤ" ਵਿੱਚੋਂ ਇੱਕ ਟੋਟਾ ਲੈ ਲੈਂਦੇ ਹਨ ਜਿਹੜਾ ਵਿਚਾਰਧਾਰਕ ਪ੍ਰਭਾਵ, ਪ੍ਰਭਾਵ ਲਈ ਘੋਲ਼, ਆਦਿ ਦੀ ਗੱਲ ਕਰਦਾ ਹੈ ਅਤੇ ਉਹਨੂੰ ਨਿਯਮਾਂ ਦੇ ਸਾਧਨ ਰਾਹੀਂ ਪ੍ਰਭਾਵ ਪਾਉਣ ਦੇ "ਨੌਕਰਸ਼ਾਹੀ" ਢੰਗ ਦੇ, ਅਧਿਕਰਣ ਦਾ ਸਹਾਰਾ ਲੈਣ ਦੀ ਪ੍ਰਵਿਰਤੀ ਦੇ, ਅਤੇ ਅਜਿਹੀਆਂ ਹੋਰ ਗੱਲਾਂ ਦੇ ਮੁਕਾਬਲੇ ਉੱਤੇ ਪੇਸ਼ ਕਰਦੇ ਹਨ। ਉਹ ਕਿੰਨੇ ਸਿੱਧੜ ਹਨ! ਉਹ ਹੁਣੇ ਹੀ ਇਹ ਗੱਲ ਭੁੱਲ ਗਏ ਹਨ ਕਿ **ਪਹਿਲਾਂ** ਸਾਡੀ ਪਾਰਟੀ ਇੱਕ ਵਿਧੀ-ਵਤ ਢੰਗ ਨਾਲ਼ ਜਥੇਬੰਦ ਸਮੂਹ ਨਹੀਂ ਸੀ, ਸਗੋਂ ਕੇਵਲ ਵੱਖ ਵੱਖ ਟੋਲੀਆਂ ਦਾ ਇੱਕ ਸਮੂਹ ਸੀ, ਅਤੇ ਇਹਨਾਂ ਟੋਲੀਆਂ ਵਿਚਕਾਰ ਵਿਚਾਰਧਾਰਕ ਪ੍ਰਭਾਵ ਤੋਂ ਬਿਨਾਂ ਕਿਸੇ ਹੋਰ ਸਬੰਧਾਂ ਦੀ ਗੱਲ ਨਹੀਂ ਸੀ ਕੀਤੀ ਜਾ ਸਕਦੀ। **ਹੁਣ** ਅਸੀਂ ਇੱਕ ਜਥੇਬੰਦ ਪਾਰਟੀ ਬਣ ਗਏ ਹਾਂ ਅਤੇ ਇਹਦੇ ਅਰਥ ਹਨ ਅਧਿਕਰਣ ਦੀ ਸਥਾਪਤੀ, ਵਿਚਾਰਾਂ ਦੇ ਬਲ

* ਰਾਜ-ਧਰੋਹ। **—ਅਨੁ.**

** ਸਾਵੀਂ ਅਦਲਾ-ਬਦਲੀ। **—ਅਨੁ.**

*** ਰੂਸੀ ਸ਼ਬਦ "ਮੇਨਸ਼ਿੰਸਤਵੋ" (ਘੱਟਗਿਣਤੀ) ਤੋਂ, ਜਿਵੇਂ ਬਾਲਸ਼ਵਿਕ "ਬੋਲਸ਼ਿੰਸਤਵੋ" (ਬਹੁਗਿਣਤੀ) ਤੋਂ ਬਣਦਾ ਹੈ। **—ਅਨੁ.**

ਦੀ ਅਧਿਕਰਣ ਦੇ ਬਲ ਵਿੱਚ ਕਾਇਆ-ਪਲਟ, ਹੇਠਲੀਆਂ ਪਾਰਟੀ ਸੰਸਥਾਵਾਂ ਦੀ ਉਚੇਰੀਆਂ ਸੰਸਥਾਵਾਂ ਅੱਗੇ ਅਧੀਨਗੀ। ਪੁਰਾਣੇ ਸਾਥੀਆਂ ਲਈ ਅਜਿਹੀਆਂ ਮੁਢਲੀਆਂ ਗੱਲਾਂ ਮੁੜ ਦੁਹਰਾਉਣਾ ਬੰਦੇ ਨੂੰ ਨਿਸ਼ਚਿਤ ਰੂਪ ਵਿੱਚ ਔਖਾ ਕਰਦਾ ਹੈ, ਵਿਸ਼ੇਸ਼ ਤੌਰ ਉੱਤੇ ਜਦੋਂ ਬੰਦਾ ਇਹ ਅਨੁਭਵ ਕਰਦਾ ਹੈ ਕਿ ਇਸ ਸਭ ਕੁੱਝ ਦੀ ਤਹਿ ਵਿੱਚ ਚੋਣਾਂ ਦੇ ਮਾਮਲੇ ਵਿੱਚ ਘੱਟਗਿਣਤੀ ਦਾ ਬਹੁਗਿਣਤੀ ਅੱਗੇ ਝੁਕਣੋਂ ਇਨਕਾਰ ਹੈ। ਪਰ **ਅਸੂਲ ਦੇ ਨਜ਼ਰੀਏ ਤੋਂ** ਮੇਰੇ ਵਿਰੋਧ ਦੇ ਇਹ ਅਨੰਤ ਉੱਘਾੜੇ **ਕੇਵਲ** ਅਰਾਜਕਤਾਵਾਦੀ ਫ਼ਿਕਰੇਬਾਜ਼ੀ ਤੋਂ ਵੱਧ ਕੁੱਝ ਨਹੀਂ ਹੋ ਨਿਬੜਦੇ। ਨਵਾਂ "ਇਸਕਰਾ" ਪਾਰਟੀ ਸੰਸਥਾ ਦਾ ਨਾਂ ਅਤੇ ਹੱਕ ਮਾਣਨ ਦੇ ਉਲਟ ਨਹੀਂ, ਪਰ ਉਹ ਪਾਰਟੀ ਦੀ ਬਹੁਗਿਣਤੀ ਅੱਗੇ ਝੁਕਣਾ ਨਹੀਂ ਚਾਹੁੰਦਾ।

ਜੇ ਨੌਕਰਸ਼ਾਹੀ ਸਬੰਧੀ ਗੱਲਾਂ ਵਿੱਚ ਉੱਕਾ ਹੀ ਕੋਈ ਅਸੂਲ ਹੈ, ਜੇ ਇਹ ਬਸ ਭਾਗ ਵੱਲੋਂ ਸਮੂਹ ਅੱਗੇ ਝੁਕਣ ਤੋਂ ਅਰਾਜਕਤਾਵਾਦੀ ਇਨਕਾਰ ਹੀ ਨਹੀਂ ਤਾਂ ਇਥੇ ਸਾਡੇ ਕੋਲ ਜੋ ਕੁੱਝ ਹੈ ਉਹ **ਮੌਕਾਪ੍ਰਸਤੀ ਦਾ ਅਸੂਲ** ਹੈ, ਜਿਹੜਾ ਵਿਅਕਤੀਗਤ ਬੁੱਧੀਜੀਵੀਆਂ ਦੀ ਪ੍ਰੋਲੇਤਾਰੀ ਦੀ ਪਾਰਟੀ ਅੱਗੇ ਜ਼ਿੰਮੇਵਾਰੀ ਘੱਟ ਕਰਨ ਦਾ, ਕੇਂਦਰੀ ਸੰਸਥਾਵਾਂ ਦਾ ਪ੍ਰਭਾਵ ਘੱਟ ਕਰਨ ਦਾ, ਪਾਰਟੀ ਦੇ ਸਭ ਤੋਂ ਘੱਟ ਦ੍ਰਿੜ੍ਹ ਅੰਸ਼ਾਂ ਦੀ ਖ਼ੁਦ-ਅਖ਼ਤਿਆਰੀ ਵਧਾਉਣ ਦਾ, ਜਥੇਬੰਦਕ ਸਬੰਧਾਂ ਨੂੰ ਖ਼ਾਲਸ ਸਹਿਜ-ਭਾਵੀ ਤੱਕ ਘਟਾਉਣ ਦਾ ਅਤੇ ਉਹਨਾਂ ਨੂੰ ਕੇਵਲ ਜ਼ਬਾਨੀ ਕਲਾਮੀ ਕਬੂਲਣ ਦਾ ਯਤਨ ਹੈ। ਅਸਾਂ ਪਾਰਟੀ ਕਾਂਗਰਸ ਵਿੱਚ ਇਹ ਵੇਖਿਆ, ਜਿਥੇ ਅਕੀਮੋਵਾਂ, ਅਤੇ ਲੀਬਰਾਂ ਨੇ "ਘੋਰ" ਕੇਂਦਰਵਾਦ ਸਬੰਧੀ ਉਹੋ ਜਿਹੇ ਭਾਸ਼ਣ ਦਿੱਤੇ ਜਿਹੋ ਜਿਹਿਆਂ ਦੇ ਹੜ੍ਹ ਲੀਗ ਦੀ ਕਾਂਗਰਸ ਵਿੱਚ ਮਾਰਤੋਵ ਅਤੇ ਉਹਦੇ ਸਾਥੀਆਂ ਦੇ ਬੁੱਲ੍ਹਾਂ ਤੋਂ ਵਗੇ। ਕਿ ਮੌਕਾਪ੍ਰਸਤੀ ਆਪਣੇ ਖ਼ਾਸੇ ਕਾਰਨ ਹੀ ਜਥੇਬੰਦੀ ਸਬੰਧੀ ਮਾਰਤੋਵ ਅਤੇ ਐਕਸਲਰੋਦ ਦੇ "ਵਿਚਾਰਾਂ" ਤੱਕ ਲਿਜਾਂਦਾ ਹੈ ਅਤੇ ਕੇਵਲ ਰੂਸ ਵਿੱਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿੱਚ ਅਸੀਂ ਅੱਗੇ ਚਲਕੇ ਵੇਖਾਂਗੇ ਜਦੋਂ ਅਸੀਂ ਨਵੇਂ "ਇਸਕਰਾ" ਵਿੱਚ ਸਾਥੀ ਐਕਸਲਰੋਦ ਦੇ ਲੇਖ ਉੱਤੇ ਵਿਚਾਰ ਕਰਾਂਗੇ।

## ਟ. ਨਿੱਕੀ ਖਿਝ ਇੱਕ ਵੱਡੀ ਖ਼ੁਸ਼ੀ ਦੇ ਰਾਹ ਵਿੱਚ ਖੜੀ ਨਹੀਂ ਹੋਣੀ ਚਾਹੀਦੀ

ਲੀਗ ਵੱਲੋਂ ਇਹ ਕਹਿੰਦਾ ਪ੍ਰਸਤਾਵ ਰੱਦ ਕੀਤਾ ਜਾਣਾ ਕਿ ਨਿਯਮਾਂ ਦੀ ਲਾਜ਼ਮੀ ਤੌਰ ਉੱਤੇ ਕੇਂਦਰੀ ਕਮੇਟੀ ਵੱਲੋਂ ਤਸਦੀਕ ਕੀਤੀ ਜਾਵੇ (ਲੀਗ ਦੀ ਕਾਰਵਾਈ, ਪੰਨਾ 105), ਜਿਹਾ ਕਿ ਪਾਰਟੀ ਕਾਂਗਰਸ ਦੀ ਬਹੁਗਿਣਤੀ ਨੇ ਇੱਕਦਮ ਧਿਆਨ ਦਿਵਾਇਆ, "**ਪਾਰਟੀ ਨਿਯਮਾਂ ਦੀ ਘੋਰ ਉਲੰਘਣਾ**" ਸੀ। ਅਸੂਲ ਦੇ ਬੰਦਿਆਂ ਦੇ ਅਮਲ ਵਜੋਂ ਲਿਆਂ, ਇਹ ਉਲੰਘਣਾ ਖ਼ਾਲਸ ਅਰਾਜਕਤਾ ਦਾ ਕਦਮ ਸੀ; ਜਿਥੇ ਕਿ ਕਾਂਗਰਸ ਤੋਂ ਪਿੱਛੋਂ ਘੋਲ਼ ਦੇ ਵਾਯੂ-ਮੰਡਲ ਵਿੱਚ ਇਹਨੇ ਅਟੱਲ ਤੌਰ ਉੱਤੇ ਇਹ ਪ੍ਰਭਾਵ ਪੈਦਾ ਕੀਤਾ ਕਿ ਪਾਰਟੀ ਘੱਟਗਿਣਤੀ ਪਾਰਟੀ ਬਹੁਗਿਣਤੀ ਨਾਲ਼ "ਲੇਖਾ ਨਬੇੜਨ" ਦਾ ਯਤਨ ਕਰ ਰਹੀ ਸੀ (ਲੀਗ ਦੀ ਕਾਰਵਾਈ, ਪੰਨਾ 112); ਇਹਦਾ ਅਰਥ ਇਹ ਸੀ ਕਿ ਉਹ ਪਾਰਟੀ ਦਾ ਆਗਿਆ

ਮੰਨਣ ਜਾਂ ਪਾਰਟੀ ਵਿੱਚ ਰਹਿਣ ਲਈ ਤਿਆਰ ਨਹੀਂ ਸਨ। ਅਤੇ ਜਦੋਂ ਲੀਗ ਨੇ ਇਹਦੇ ਨਿਯਮਾਂ ਵਿੱਚ ਤਬਦੀਲੀ ਦੀ ਮੰਗ ਕਰਦੇ ਕੇਂਦਰੀ ਕਮੇਟੀ ਦੇ ਬਿਆਨ ਸਬੰਧੀ ਪ੍ਰਸਤਾਵ ਪ੍ਰਵਾਨ ਕਰਨੋਂ ਨਾਂਹ ਕਰ ਦਿੱਤੀ (ਪੰਨਾ 124-25), ਉਸਤੋਂ ਅਟੱਲ ਤੌਰ ਉੱਤੇ ਇਹ ਸਿੱਟਾ ਨਿੱਕਲਿਆ ਕਿ ਇਸ ਇਕੱਠ ਨੂੰ, ਜਿਹੜਾ ਇੱਕ ਪਾਰਟੀ ਜਥੇਬੰਦੀ ਦੇ ਇਕੱਠ ਵਜੋਂ **ਗਿਣਿਆ ਜਾਣਾ** ਚਾਹੁੰਦਾ ਸੀ ਪਰ ਇਹਦੇ ਨਾਲ਼ ਹੀ ਨਾਲ਼ ਪਾਰਟੀ ਦੀ ਕੇਂਦਰੀ ਸੰਸਥਾ ਦੀ ਆਗਿਆ ਨਹੀਂ ਸੀ ਮੰਨਦਾ, **ਗ਼ੈਰ-ਕਨੂੰਨੀ** ਕਰਾਰ ਦਿੱਤਾ ਜਾਣਾ ਪਿਆ। ਤਦਅਨੁਸਾਰ ਪਾਰਟੀ ਬਹੁਗਿਣਤੀ ਦੇ ਪ੍ਰਤੀਨਿਧ ਇਸ ਅਰਧ-ਪਾਰਟੀ ਇਕੱਠ ਤੋਂ ਚਲੇ ਗਏ ਤਾਂ ਜੁ ਇਸ ਨਿਲੱਜ ਭੰਡ ਚਿੱਤਰ ਨਾਲ਼ ਉਹਨਾਂ ਦਾ ਕੋਈ ਸਬੰਧ ਨਾ ਰਹੇ।

ਬੁੱਧੀਜੀਵੀ ਦਾ ਵਿਅਕਤੀਵਾਦ, ਜਿਹੜਾ ਜਥੇਬੰਦਕ ਸਬੰਧਾਂ ਨੂੰ ਖ਼ਿਆਲੀ ਢੰਗ ਨਾਲ਼ ਕਬੂਲ ਕਰਦਾ ਹੈ, ਜਿਹਾ ਕਿ ਨਿਯਮਾਂ ਦੇ ਪਹਿਲੇ ਪੈਰੇ ਉੱਤੇ ਸਥਿਰਤਾ ਦੀ ਅਣਹੋਂਦ ਵਿੱਚ ਪ੍ਰਗਟ ਹੋਇਆ, ਇਉਂ ਅਮਲ ਵਿੱਚ ਉਸ ਤਰਕਸੰਗਤ ਸਿੱਟੇ ਉੱਤੇ ਅੱਪੜ ਗਿਆ, ਜਿਹੜਾ ਮੈਂ ਸਤੰਬਰ ਵਿੱਚ, ਅਰਥਾਤ ਡੇਢ ਮਹੀਨਾ ਪਹਿਲਾਂ ਹੀ ਅਗਾਉਂ ਦੱਸ ਦਿੱਤਾ ਸੀ, ਅਰਥਾਤ, ਪਾਰਟੀ ਜਥੇਬੰਦੀ ਨੂੰ **ਭੰਗ ਕਰਨ** ਤੱਕ। ਉਸ ਸਮੇਂ, ਉਸ ਦਿਨ ਸ਼ਾਮ ਨੂੰ ਜਿਸ ਦਿਨ ਲੀਗ ਦੀ ਕਾਂਗਰਸ ਦਾ ਅੰਤ ਹੋਇਆ, ਸਾਥੀ ਪਲੈਖ਼ਾਨੋਵ ਨੇ ਪਾਰਟੀ ਦੀਆਂ ਦੁਹਾਂ ਕੇਂਦਰੀ ਸੰਸਥਾਵਾਂ ਵਿੱਚ ਆਪਣੇ ਸਾਥੀਆਂ ਨੂੰ ਕਿਹਾ ਕਿ ਉਹ "ਆਪਣੇ ਸਾਥੀਆਂ ਉੱਤੇ ਗੋਲੀ ਚਲਾਉਣਾ" ਸਹਾਰ ਨਹੀਂ ਸੀ ਸਕਦਾ, ਕਿ "ਫੁੱਟ ਹੋਣ ਨਾਲ਼ੋਂ ਚੰਗਾ ਹੈ ਕਿ ਬੰਦਾ ਆਪਣੇ ਮਗ਼ਜ਼ ਵਿੱਚ ਗੋਲੀ ਮਾਰ ਦੇਵੇ", ਅਤੇ ਇਹ ਕਿ, ਵਡੇਰੀ ਬੁਰਾਈ ਤੋਂ ਬਚਣ ਲਈ, ਉਸ ਸਬੰਧੀ ਵੱਧ ਤੋਂ ਵੱਧ ਨਿੱਜੀ ਰਿਆਇਤਾਂ ਦੇਣ ਦੀ ਲੋੜ ਹੈ, ਜਿਸ ਉੱਤੇ, ਅਸਲ ਵਿੱਚ (ਪਹਿਲੇ ਪੈਰੇ ਸਬੰਧੀ ਗ਼ਲਤ ਮਤ ਵਿੱਚ ਵੇਖੇ ਜਾਂਦੇ ਨਿਯਮਾਂ ਤੋਂ ਵੱਧ) ਤਬਾਹਕਰੂ ਘੋਲ਼ ਚੱਲ ਰਿਹਾ ਸੀ। ਸਾਥੀ ਪਲੈਖ਼ਾਨੋਵ ਦੇ ਪੂਰੀ ਤਰ੍ਹਾਂ ਵਾਪਸੀ ਮੋੜ ਕੱਟਣ ਦਾ ਵਧੇਰੇ ਸ਼ੁੱਧ ਲੱਛਣੀਕਰਣ ਦੇਣ ਲਈ ਮੈਂ ਇਸ ਗੱਲ ਨੂੰ ਯੋਗ ਸਮਝਦਾ ਹਾਂ ਕਿ ਨਿੱਜੀ ਗੱਲ ਬਾਤ ਉੱਤੇ ਨਿਰਭਰ ਨਾ ਕੀਤਾ ਜਾਵੇ, ਨਾ ਹੀ ਨਿੱਜੀ ਖ਼ਤਾਂ ਉੱਤੇ (ਅਤਿ ਦੀ ਲੋੜ ਸਮੇਂ ਇਹਦਾ ਸਹਾਰਾ ਲਿਆ ਜਾ ਸਕਦਾ ਹੈ), ਸਗੋਂ ਸਮੁੱਚੀ ਪਾਰਟੀ ਸਾਹਮਣੇ ਪਲੈਖ਼ਾਨੋਵ ਦੇ ਆਪਣੇ ਬਿਆਨ ਦਾ ਸਹਾਰਾ ਲਿਆ ਜਾਵੇ, ਅਰਥਾਤ "ਇਸਕਰਾ" ਅੰਕ 52 ਵਿੱਚ ਉਹਦੇ ਲੇਖ "ਕੀ ਨਾ ਕੀਤਾ ਜਾਵੇ" ਦਾ, ਜਿਹੜਾ ਲੀਗ ਦੀ ਕਾਂਗਰਸ ਤੋਂ ਐਨ ਪਿੱਛੋਂ ਲਿਖਿਆ ਗਿਆ, ਮੇਰੇ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਤੋਂ ਅਸਤੀਫ਼ਾ ਦੇਣ (ਪਹਿਲੀ ਨਵੰਬਰ 1903) ਤੋਂ ਪਿੱਛੋਂ ਅਤੇ ਮਾਰਤੋਵਵਾਦੀਆਂ ਦੇ ਕੁਆਪਟ ਕੀਤੇ ਜਾਣ ਤੋਂ ਪਹਿਲੋਂ (26 ਨਵੰਬਰ 1903)।

"ਕੀ ਨਾ ਕੀਤਾ ਜਾਵੇ" ਦਾ ਬੁਨਿਆਦੀ ਵਿਚਾਰ ਇਹ ਹੈ ਕਿ ਰਾਜਨੀਤੀ ਵਿੱਚ ਮਨੁੱਖ ਨੂੰ ਬਹੁਤ ਜ਼ਿਆਦਾ ਹੈਂਕੜੀ, ਸਖ਼ਤ ਅਤੇ ਬੇਲੋਚ ਨਹੀਂ ਹੋਣਾ ਚਾਹੀਦਾ; ਇਹ ਕਿ ਫੁੱਟ ਤੋਂ ਬਚਣ ਲਈ ਕਈ ਵਾਰ ਕਿ ਸੋਧਵਾਦੀਆਂ ਤੱਕ ਅੱਗੇ (ਉਹਨਾਂ ਵਿੱਚੋਂ ਜਿਹੜੇ ਸਾਡੇ ਵੱਲ ਵੱਧ ਰਹੇ ਹਨ, ਜਾਂ ਅਸਥਿਰਾਂ ਵਿੱਚੋਂ) ਅਤੇ ਅਰਾਜਕਤਾਵਾਦੀ ਵਿਅਕਤੀਵਾਦੀਆਂ ਅੱਗੇ ਝੁਕਣਾ ਜ਼ਰੂਰੀ ਹੁੰਦਾ ਹੈ। ਇਹ ਕੇਵਲ ਸੁਭਾਵਕ ਹੀ ਸੀ ਕਿ ਇਹ ਅਮੂਰਤ ਆਮ ਗੱਲਾਂ ਨੇ

"ਇਸਕਰਾ" ਦੇ ਪਾਠਕਾਂ ਵਿੱਚ ਵਿਆਪਕ ਉਲਝਣ ਹੀ ਪੈਦਾ ਕੀਤੀ। (ਉਸ ਤੋਂ ਪਿੱਛੋਂ ਦੇ ਲੇਖਾਂ ਵਿੱਚ) ਸਾਥੀ ਪਲੈਖ਼ਾਨੋਵ ਦੇ ਇਹ ਮਾਣ-ਮੱਤੇ ਅਤੇ ਜਥ੍ਹੇ ਵਾਲ਼ੇ ਕਥਨ ਪੜ੍ਹ ਕੇ ਕਿ ਉਹਦੀ ਗੱਲ ਉਹਦੇ ਵਿਚਾਰਾਂ ਦੀ ਨਵੀਨਤਾ ਕਾਰਨ, ਇਸ ਕਾਰਨ ਕਿ ਲੋਕਾਂ ਵਿੱਚ ਦਵੰਦਵਾਦ ਦੇ ਗਿਆਨ ਦੀ ਘਾਟ ਹੈ, ਨਾ ਸਮਝੀ ਗਈ। ਅਸਲ ਵਿੱਚ, ਜਿਸ ਸਮੇਂ ਉਹ ਲਿਖਿਆ ਗਿਆ, "ਕੀ ਨਾ ਕੀਤਾ ਜਾਵੇ" ਜਨੇਵਾ ਦੀਆਂ ਦੋ ਬਸਤੀਆਂ, ਜਿਨ੍ਹਾਂ ਦੇ ਨਾਂ ਇੱਕੋ ਅੱਖਰ ਨਾਲ਼ ਸ਼ੁਰੂ ਹੁੰਦੇ ਹਨ[36], ਵਿੱਚ ਰਹਿੰਦੇ ਲਗਭਗ ਇੱਕ ਦਰਜਨ ਲੋਕਾਂ ਨੂੰ ਸਮਝ ਆ ਸਕਦਾ ਸੀ। ਸਾਥੀ ਪਲੈਖ਼ਾਨੋਵ ਦੀ ਬਦਕਿਸਮਤੀ ਇਸ ਗੱਲ ਵਿੱਚ ਸੀ ਕਿ ਉਹਨੇ ਸੈਣਤਾਂ, ਮਿਹਣਿਆਂ, ਬੀਜ-ਗਣਿਤਕ ਚਿੰਨ੍ਹਾਂ, ਅਤੇ ਬੁਝਾਰਤਾਂ ਦਾ ਮਿਸ਼ਰਣ, ਜਿਹੜਾ ਦਰਜਨ ਜਾਂ ਇੰਨੇ ਕੁ ਉਹਨਾਂ ਲੋਕਾਂ ਲਈ ਸੀ, ਜਿਨ੍ਹਾਂ ਘੱਟਗਿਣਤੀ ਨਾਲ਼ ਸਾਰੇ ਕਾਂਗਰਸ ਉਪ੍ਰੰਤ ਘੋਲ਼ ਵਿੱਚ ਹਿੱਸਾ ਲਿਆ, ਲਗਭਗ ਦਸ ਹਜ਼ਾਰ ਪਾਠਕਾਂ ਵਿਚਕਾਰ ਫੇਰ ਦਿੱਤਾ। ਸਾਥੀ ਪਲੈਖ਼ਾਨੋਵ ਸਿਰ ਇਹ ਬਦਕਿਸਮਤੀ ਇਸ ਲਈ ਆ ਪਈ ਕਿ ਉਹ ਦਵੰਦਵਾਦ ਦੇ, ਜਿਸ ਵੱਲ ਉਹਨੇ ਮੰਦੇ-ਭਾਗੀਂ ਸੰਕੇਤ ਕੀਤਾ ਹੈ, ਇੱਕ ਬੁਨਿਆਦੀ ਨਿਯਮ ਭੁੱਲ ਗਿਆ, ਅਰਥਾਤ, ਇਹ ਕਿ ਕੋਈ ਅਮੂਰਤ ਸੱਚ ਨਹੀਂ ਹੁੰਦਾ, ਕਿ ਸੱਚ ਸਦਾ ਹੀ ਸਥੂਲ ਹੁੰਦਾ ਹੈ। ਇਸੇ ਲਈ ਲੀਗ ਦੀ ਕਾਂਗਰਸ ਪਿੱਛੋਂ ਮਾਰਤੋਵਵਾਦੀਆਂ ਅੱਗੇ ਝੁਕਣ ਦੇ ਉੱਕਾ ਹੀ ਸਥੂਲ ਵਿਚਾਰ ਨੂੰ ਅਮੂਰਤ ਰੂਪ ਦੇਣਾ ਕੁਥਾਵਾਂ ਸੀ।

ਝੁਕਣਾ—ਜਿਸ ਦੀ ਸਾਥੀ ਪਲੈਖ਼ਾਨੋਵ ਨੇ ਇੱਕ ਨਵੇਂ ਯੁੱਧ-ਬੋਲੇ ਵਜੋਂ ਹਮਾਇਤ ਕੀਤੀ— ਦੋ ਹਾਲਤਾਂ ਵਿੱਚ ਜਾਇਜ਼ ਅਤੇ ਲੋੜੀਂਦਾ ਹੈ: ਜਦੋਂ ਝੁਕਣ ਵਾਲ਼ੇ ਨੂੰ ਨਿਸ਼ਚਾ ਹੋਵੇ ਕਿ ਜਿਹੜੇ ਉਹਨੂੰ ਝੁਕਾਉਣ ਦਾ ਯਤਨ ਕਰ ਰਹੇ ਹਨ ਉਹ ਠੀਕ ਹਨ (ਜਿਸ ਹਾਲਤ ਵਿੱਚ ਇਮਾਨਦਾਰ ਸਿਆਸੀ ਨੇਤਾ ਖ਼ਰੀ ਤਰ੍ਹਾਂ ਅਤੇ ਖੁੱਲ੍ਹੀ ਤਰ੍ਹਾਂ ਆਪਣੀ ਗ਼ਲਤੀ ਮੰਨ ਲੈਂਦੇ ਹਨ), ਜਾਂ ਜਦੋਂ ਵਡੇਰੀ ਖ਼ਰਾਬੀ ਰੋਕਣ ਲਈ ਇੱਕ ਅਨੁਚਿਤ ਅਤੇ ਹਾਨੀਕਾਰਕ ਮੰਗ ਮੰਨ ਲਈ ਜਾਂਦੀ ਹੈ। ਵਿਚਾਰ ਅਧੀਨ ਲੇਖ ਤੋਂ ਇਹ ਗੱਲ ਉੱਕਾ ਹੀ ਸਪਸ਼ਟ ਹੈ ਕਿ ਲੇਖਕ ਦੇ ਮਨ ਵਿੱਚ ਦੂਜੀ ਕਿਸਮ ਦਾ ਮਾਮਲਾ ਹੈ: ਉਹ ਖੁੱਲ੍ਹਮ-ਖੁੱਲ੍ਹਾ ਸੋਧਵਾਦੀਆਂ ਅਤੇ ਅਰਾਜਕਤਾਵਾਦੀਆਂ ਵਿਅਕਤੀਵਾਦੀਆਂ (ਜਿਹਾ ਕਿ ਹੁਣ ਹਰ ਪਾਰਟੀ ਮੈਂਬਰ ਲੀਗ ਦੀ ਕਾਰਵਾਈ ਤੋਂ ਜਾਣਦਾ ਹੈ, ਮਾਰਤੋਵਵਾਦੀਆਂ) ਅੱਗੇ ਝੁਕਣ ਦੀ ਗੱਲ ਕਰਦਾ ਹੈ, ਅਤੇ ਕਹਿੰਦਾ ਹੈ ਕਿ ਫੁੱਟ ਤੋਂ ਬਚਣ ਲਈ ਇਹ ਲਾਜ਼ਮੀ ਸੀ। ਜਿਹਾ ਕਿ ਅਸੀਂ ਵੇਖਦੇ ਹਾਂ, ਸਾਥੀ ਪਲੈਖ਼ਾਨੋਵ ਦਾ ਅਖੌਤੀ ਤੌਰ ਉੱਤੇ ਨਵੀਨ ਵਿਚਾਰ ਇਸ ਸਧਾਰਨ ਸਿਆਣਪ ਦੇ ਇਸ ਬਹੁਤ ਗ਼ੈਰ-ਨਵੀਨ ਟੋਟੇ ਨਾਲ਼ੋਂ ਵੱਧ ਕੁੱਝ ਨਹੀਂ ਕਿ ਨਿੱਕੀਆਂ ਖਿਝਾਂ ਨੂੰ ਵੱਡੀ ਖ਼ੁਸ਼ੀ ਦੇ ਰਾਹ ਵਿੱਚ ਨਹੀਂ ਖੜਾ ਹੋਣਾ ਚਾਹੀਦਾ, ਕਿ ਨਿੱਕੀ ਜਿਹੀ ਮੌਕਾਪ੍ਰਸਤ ਮੂਰਖਤਾ ਅਤੇ ਥੋੜ੍ਹੀ ਜਿਹੀ ਅਰਾਜਕਤਾਵਾਦੀ ਗੱਲ ਪਾਰਟੀ ਵਿੱਚ ਇੱਕ ਵੱਡੀ ਫੁੱਟ ਨਾਲ਼ੋਂ ਚੰਗੇਰੀ ਹੈ। ਜਦੋਂ ਸਾਥੀ ਪਲੈਖ਼ਾਨੋਵ ਨੇ ਇਹ ਲੇਖ ਲਿਖਿਆ ਉਹ ਇਹ ਗੱਲ ਸਪਸ਼ਟ ਤੌਰ ਉੱਤੇ ਅਨੁਭਵ ਕਰਦਾ ਸੀ ਕਿ ਘੱਟਗਿਣਤੀ ਸਾਡੀ ਪਾਰਟੀ ਦਾ ਮੌਕਾਪ੍ਰਸਤ ਪੱਖ ਬਣਦੀ ਹੈ ਅਤੇ ਇਹ ਕਿ ਉਹ ਅਰਾਜਕਤਾਵਾਦੀ ਹਥਿਆਰਾਂ ਨਾਲ਼ ਲੜ ਰਹੇ ਹਨ। ਸਾਥੀ ਪਲੈਖ਼ਾਨੋਵ ਇਸ ਘੱਟਗਿਣਤੀ

ਦਾ ਮੁਕਾਬਲਾ ਨਿੱਜੀ ਰਿਆਇਤਾਂ ਰਾਹੀਂ ਦੇਣ ਲਈ ਅੱਗੇ ਆਇਆ, ਜਿਵੇਂ ਕਿ (ਇੱਕ ਵਾਰ ਫਿਰ si licet parva componere magnis) ਜਰਮਨ ਸੋਸ਼ਲ-ਡੈਮੋਕ੍ਰੈਟਾਂ ਨੇ ਬਰਨਸ਼ਟਾਈਨ ਦਾ ਮੁਕਾਬਲਾ ਕੀਤਾ। ਬੇਬਲ ਨੇ ਆਪਣੀ ਪਾਰਟੀ ਦੀਆਂ ਕਾਂਗਰਸਾਂ ਵਿੱਚ ਖੁੱਲ੍ਹਮ-ਖੁੱਲ੍ਹਾ ਐਲਾਨ ਕੀਤਾ ਕਿ ਉਹ ਕਿਸੇ ਅਜਿਹੇ ਬੰਦੇ ਨੂੰ ਨਹੀਂ ਸੀ ਜਾਣਦਾ ਜਿਹੜਾ ਆਲ਼ੇ-ਦੁਆਲ਼ੇ ਦੇ ਪ੍ਰਭਾਵ ਤੋਂ ਇੰਨਾ ਪ੍ਰਭਾਵਤ ਹੋਣ ਵਾਲ਼ਾ ਹੋਵੇ ਜਿਨ੍ਹਾਂ ਸਾਥੀ ਬਰਨਸ਼ਟਾਈਨ (ਸ਼੍ਰੀ ਬਰਨਸ਼ਟਾਈਨ ਨਹੀਂ, ਜਿਹਾ ਕਿ ਇੱਕ ਸਮੇਂ ਸਾਥੀ ਪਲੈਖ਼ਾਨੋਵ ਉਹਨੂੰ ਸੱਦਣ ਦਾ ਇੰਨਾ ਸ਼ੌਕੀਨ ਸੀ ਸਗੋਂ ਸਾਥੀ ਬਰਨਸ਼ਟਾਈਨ); ਆਓ ਅਸੀਂ ਉਹਨੂੰ ਉਹਦੇ ਆਪਣੇ ਆਲ਼ੇ-ਦੁਆਲ਼ੇ ਵਿੱਚ ਲਈਏ, ਆਓ ਅਸੀਂ ਉਹਨੂੰ ਰਾਈਖ਼ਸਤਾਗ਼ ਦਾ ਮੈਂਬਰ ਬਣਾ ਦੇਈਏ, ਆਓ ਅਸੀਂ ਸੋਧਵਾਦ ਦਾ ਮੁਕਾਬਲਾ (à la* ਸੋਬਾਕੋਵਿਚ[37]-ਪਾਰਵੂਸ) ਸੋਧਵਾਦੀ ਵੱਲ ਅਯੋਗ ਸਖ਼ਤੀ ਨਾਲ਼ ਨਹੀਂ ਸਗੋਂ ਉਹਨੂੰ "ਦਿਆਲਤਾ ਨਾਲ਼ ਮਾਰਕੇ" ਕਰੀਏ—ਜਿਹਾ ਕਿ, ਮੈਨੂੰ ਚੇਤੇ ਹੈ, ਸਾਥੀ ਮ. ਬੀਅਰ ਨੇ ਅੰਗ੍ਰੇਜ਼ ਸੋਬਾਕੇਵਿਚ —ਹਿੰਡਮੈਨ— ਦੇ ਹਮਲੇ ਵਿਰੁੱਧ ਜਰਮਨ ਸੁਲਹ-ਮੰਨ-ਮੰਨੇਵਾਂਵਾਦ, ਸ਼ਾਂਤੀਪਸੰਦੀ, ਨਰਮੀ, ਲਚਕ ਅਤੇ ਸੋਘਵਾਨੀ ਦੀ ਹਮਾਇਤ ਕਰਦੇ ਹੋਏ ਕਿਹਾ ਸੀ। ਅਤੇ ਐਨ ਉਸੇ ਤਰ੍ਹਾਂ ਸਾਥੀ ਪਲੈਖ਼ਾਨੋਵ ਸਾਥੀ ਐਕਸਲਰੋਦ ਅਤੇ ਮਾਰਤੋਵ ਦੀ ਨਿੱਕੀ ਜਿਹੀ ਅਰਾਜਕਤਾ ਅਤੇ ਨਿੱਕੀ ਜਿਹੀ ਮੌਕਾਪ੍ਰਸਤੀ ਨੂੰ "ਦਿਆਲਤਾ ਨਾਲ਼ ਮਾਰਨਾ" ਚਾਹੁੰਦਾ ਸੀ। ਇਹ ਸੱਚ ਹੈ, "ਅਰਾਜਕਤਾਵਾਦੀ ਵਿਅਕਤੀਵਾਦੀਆਂ" ਸਬੰਧੀ ਬਹੁਤ ਸਪਸ਼ਟ ਢੰਗ ਨਾਲ਼ ਇਸ਼ਾਰਾ ਕਰਦੇ ਹੋਏ ਸਾਥੀ ਪਲੈਖ਼ਾਨੋਵ ਨੇ ਜਾਣ ਬੁੱਝ ਕੇ ਆਪਣੇ ਆਪ ਨੂੰ ਸੋਧਵਾਦੀਆਂ ਸਬੰਧੀ ਧੁੰਦਲੇ ਢੰਗ ਨਾਲ਼ ਪ੍ਰਗਟ ਕੀਤਾ: ਉਹਨੇ ਅਜਿਹਾ ਇਹ ਪ੍ਰਭਾਵ ਪੈਦਾ ਕਰਨ ਦੇ ਢੰਗ ਨਾਲ਼ ਕੀਤਾ ਕਿ ਉਹਦਾ ਅਰਥ "ਰਾਬੋਚੇਏ ਦੇਲੋ"-ਵਾਦੀ ਸਨ, ਜਿਹੜੇ ਮੌਕਾਪ੍ਰਸਤੀ ਤੋਂ ਪੁਰਾਨਤਨਵਾਦ ਵੱਲ ਝੂਲ ਰਹੇ ਸਨ, ਅਤੇ ਐਕਸਲਰੋਦ ਅਤੇ ਮਾਰਤੋਵ ਨਹੀਂ, ਜਿਹੜੇ **ਪੁਰਾਤਨਵਾਦ ਤੋਂ ਸੋਧਵਾਦ ਵੱਲ** ਝੂਲ ਰਹੇ ਸਨ। ਪਰ ਇਹ ਕੇਵਲ ਇੱਕ ਭੋਲੀ ਜਿਹੀ ਫ਼ੌਜੀ ਚਾਲ** ਸੀ, ਬੜਾ ਕਮਜ਼ੋਰ ਸੰਘਰ, ਜਿਹੜਾ ਪਾਰਟੀ ਪ੍ਰਕਾਸ਼ਨ ਦੀ

---

* ਅਨੁਸਾਰ, ਵਾਂਗ। **—ਅਨੁ.**

** ਪਾਰਟੀ ਕਾਂਗਰਸ ਤੋਂ ਪਿੱਛੋਂ ਸਾਥੀ ਮਾਰਤੀਨੋਵ, ਅਕੀਮੋਵ ਅਤੇ ਬਰੂਕੇਰੇ ਨੂੰ ਰਿਆਇਤਾਂ ਦੇਣ ਦਾ ਕੋਈ ਸਵਾਲ ਹੀ ਨਹੀਂ ਸੀ। ਮੈਨੂੰ ਇਸ ਗੱਲ ਦਾ ਪਤਾ ਨਹੀਂ ਕਿ ਉਹਨਾਂ ਵੀ "ਕੁਆਪਸ਼ਨ" ਦੀ ਮੰਗ ਕੀਤੀ। ਮੈਨੂੰ ਇਸ ਸਬੰਧੀ ਵੀ ਸ਼ੱਕ ਹੈ ਕਿ "ਅੱਧੀ ਪਾਰਟੀ" ਵੱਲੋਂ ਆਪਣੇ ਖ਼ਤ ਅਤੇ "ਟੂਕਾਂ" ਸਾਨੂੰ ਭੇਜਣ ਤੋਂ ਪਹਿਲਾਂ ਸਾਥੀ ਸਤਾਰੋਵਰ ਜਾਂ ਸਾਥੀ ਮਰਾਤੋਵ ਨੇ ਬਰੂਕੇਰੇ ਨਾਲ਼ ਸਲਾਹ ਵੀ ਕੀਤੀ।... ਲੀਗ ਦੀ ਕਾਂਗਰਸ ਵਿੱਚ ਸਾਥੀ ਮਾਰਤੋਵ ਨੇ "ਰਿਆਜ਼ਾਨੋਵ ਜਾਂ ਮਾਰਤੀਨੋਵ ਨਾਲ਼ ਏਕੇ" ਦੇ ਵਿਚਾਰ ਨੂੰ ਹੀ, ਉਹਨਾਂ ਨਾਲ਼ ਕਿਸੇ "ਸੌਦੇ" ਦੀ ਸੰਭਾਵਨਾ ਨੂੰ, ਜਾਂ ਇਥੋਂ ਤੱਕ ਕਿ "ਪਾਰਟੀ ਦੀ" ਸਾਂਝੀ "ਸੇਵਾ" (ਸੰਪਾਦਕ ਵਜੋਂ), ਨੂੰ ਇਕ ਅਝੁੱਕ ਸਿਆਸੀ ਪ੍ਰੌਢ ਦੇ ਡੂੰਘੇ ਗ਼ੁੱਸੇ ਨਾਲ਼ ਰੱਦ ਕੀਤਾ ਸੀ (ਲੀਗ ਦੀ ਕਾਰਵਾਈ, ਪੰਨਾ 53)। ਲੀਗ ਦੀ ਕਾਂਗਰਸ ਵਿੱਚ ਸਾਥੀ ਮਾਰਤੋਵ ਨੇ ਸਖ਼ਤੀ ਨਾਲ਼ "ਮਾਰਤੀਨੋਵ ਪ੍ਰਵਿਰਤੀਆਂ" ਦੀ ਨਖੇਧੀ ਕੀਤੀ (ਪੰਨਾ 88), ਅਤੇ ਜਦੋਂ ਸਾਥੀ ਪੁਰਾਤਨਤਾਵਾਦੀ ਨੇ ਭੇਦ-ਭਰੇ ਢੰਗ ਨਾਲ਼ ਸੰਕੇਤ ਕੀਤਾ ਕਿ ਬਿਨਾਂ ਸ਼ੱਕ ਐਕਸਲਰੋਦ ਅਤੇ ਮਾਰਤੋਵ "ਦਾ ਵਿਚਾਰ ਹੈ ਕਿ ਸਾਥੀ ਅਕੀਮੋਵ, ਮਾਰਤੀਨੋਵ ਅਤੇ ਹੋਰਾਂ ਨੂੰ ਵੀ ਇਕੱਠੇ ⇨

ਤੋਪਾਂ ਦੀ ਬਾਹੜ ਅੱਗੇ ਠਹਿਰ ਸਕਣ ਯੋਗ ਨਹੀਂ ਸੀ।

ਅਸੀਂ ਜਿਹੜਾ ਸਿਆਸੀ ਮੌਕਾ ਬਿਆਨ ਕਰ ਰਹੇ ਹਾਂ, ਜਿਹੜਾ ਵੀ ਆਪਣੇ ਆਪ ਨੂੰ ਉਸ ਸਮੇਂ ਦੇ ਮਾਮਲਿਆਂ ਦੀ ਅਸਲੀ ਹਾਲਤ ਤੋਂ ਜਾਣੂ ਕਰਾਉਂਦਾ ਹੈ, ਜਿਹੜਾ ਕੋਈ ਸਾਥੀ ਪਲੈਖ਼ਾਨੋਵ ਦੀ ਮਾਨਸਕ ਅਵਸਥਾ ਸਬੰਧੀ ਸੂਝ ਪ੍ਰਾਪਤ ਕਰ ਲੈਂਦਾ ਹੈ, ਉਹ ਅਨੁਭਵ ਕਰੇਗਾ ਕਿ ਇੱਕ ਮਾਮਲੇ ਵਿੱਚ ਮੈਂ ਉਸ ਤੋਂ ਬਿਨਾਂ ਹੋਰ ਤਰ੍ਹਾਂ ਅਮਲ ਕਰ ਵੀ ਨਹੀਂ ਜਿਵੇਂ ਮੈਂ ਕੀਤਾ। ਮੈਂ ਇਹ ਗੱਲ ਬਹੁਗਿਣਤੀ ਦੇ ਉਹਨਾਂ ਹਾਮੀਆਂ ਦੇ ਲਾਭ ਹਿਤ ਕਹਿ ਰਿਹਾ ਹਾਂ ਜਿਨ੍ਹਾਂ ਮੈਨੂੰ ਸੰਪਾਦਕ ਮੰਡਲ ਤੋਂ ਅਸਤੀਫ਼ਾ ਦੇਣ ਲਈ ਉਲਾਮ੍ਹਾ ਦਿੱਤਾ। ਲੀਗ ਦੀ ਕਾਂਗਰਸ ਤੋਂ ਪਿੱਛੋਂ ਜਦੋਂ ਸਾਥੀ ਪਲੈਖ਼ਾਨੋਵ ਝੂਲ ਗਿਆ ਅਤੇ ਬਹੁਗਿਣਤੀ ਦਾ ਹਾਮੀ ਹੋਣ ਦੀ ਥਾਂ ਹਰ ਕੀਮਤ ਉੱਤੇ ਮੰਨ-ਮੰਨੇਵੇਂ ਦਾ ਹਾਮੀ ਬਣ ਗਿਆ, ਮੈਂ ਇਸ ਗੱਲ ਉੱਤੇ ਮਜਬੂਰ ਸਾਂ ਕਿ ਇਹਦੇ ਵੱਧ ਤੋਂ ਵੱਧ ਚੰਗੇ ਅਰਥ ਕੱਢਾਂ। ਸ਼ਾਇਦ ਸਾਥੀ ਪਲੈਖ਼ਾਨੋਵ ਆਪਣੇ ਲੇਖ ਵਿੱਚ ਸੁਲਹ-ਸਫ਼ਾਈ ਵਾਲ਼ੇ ਅਤੇ ਇਮਾਨਦਾਰ ਅਮਨ ਲਈ ਪ੍ਰੋਗਰਾਮ ਪੇਸ਼ ਕਰਨਾ ਚਾਹੁੰਦਾ ਸੀ ? ਕੋਈ ਵੀ ਅਜਿਹਾ ਪ੍ਰੋਗਰਾਮ ਦੁਹਾਂ ਧਿਰਾਂ ਵੱਲੋਂ ਸੁਹਿਰਦਤਾ ਨਾਲ਼ ਗ਼ਲਤੀਆਂ ਪ੍ਰਵਾਨ ਕਰਨਾ ਹੋ ਨਿਬੜਦਾ ਹੈ। ਸਾਥੀ ਪਲੈਖ਼ਾਨੋਵ ਨੇ ਬਹੁਗਿਣਤੀ ਦੀ ਮੁਹਾਠ ਉੱਤੇ ਕਿਹੜੀ ਗ਼ਲਤੀ ਰੱਖੀ ? ਸੋਧਵਾਦੀਆਂ ਵਿਰੁੱਧ ਗ਼ੈਰ-ਵਾਜਿਬ, ਸੋਬਾਕੇਵਿਚ ਵਰਗੀ ਕਰੜਾਈ। ਅਸੀਂ ਨਹੀਂ ਜਾਣਦੇ ਇਸ ਤੋਂ ਸਾਥੀ ਪਲੈਖ਼ਾਨੋਵ ਦਾ ਅਰਥ ਕੀ ਸੀਃ ਖੋਤਿਆਂ ਸਬੰਧੀ ਉਹਦੀ ਮਸਖ਼ਰੀ, ਜਾਂ —ਐਕਸਲਰੋਦ ਦੀ ਮੌਜੂਦਗੀ ਵਿੱਚ— ਉਹਦੀ ਅਰਾਜਕਤਾ ਅਤੇ ਮੌਕਾਪ੍ਰਸਤੀ ਸਬੰਧੀ ਅਤਿ-ਅੰਤ ਅਸਾਵਧਾਨ ਸੰਕੇਤ। ਸਾਥੀ ਪਲੈਖ਼ਾਨੋਵ ਨੇ ਆਪਣੀ ਗੱਲ "ਅਮੂਰਤ ਢੰਗ ਨਾਲ਼" ਕਹਿਣਾ, ਅਤੇ, ਇਸ ਤੋਂ ਵੀ ਵੱਧ, ਦੂਜੇ ਜਣੇ ਨੂੰ ਲਾਕੇ ਕਹਿਣਾ ਚੰਗੇਰਾ ਸਮਝਿਆ। ਨਿਰਸੰਦੇਹ, ਇਹ ਪਸੰਦ ਦੀ ਗੱਲ ਹੈ। ਪਰ, ਅਖ਼ੀਰ, ਮੈਂ ਆਪਣੀ ਨਿੱਜੀ ਕਰੜਾਈ ਖੁੱਲ੍ਹਮ-ਖੁੱਲ੍ਹਾ ਮੰਨੀ ਸੀ, "ਇਸਕਰਾ"-ਵਾਦੀ ਦੇ ਨਾਂ ਖ਼ਤ ਵਿੱਚ ਵੀ ਅਤੇ ਲੀਗ ਦੀ ਕਾਂਗਰਸ ਵਿੱਚ ਵੀ। ਫਿਰ ਮੈਂ ਇਹ ਮੰਨਣੋਂ ਕਿਵੇਂ ਇਨਕਾਰ ਕਰ ਸਕਦਾ ਸਾਂ ਕਿ ਬਹੁਗਿਣਤੀ ਨੇ ਅਜਿਹੀ ਇੱਕ "ਗ਼ਲਤੀ" ਕੀਤੀ ਸੀ ? ਅਤੇ ਜਿੱਥੋਂ ਤੱਕ ਘੱਟਗਿਣਤੀ ਦਾ ਸਬੰਧ ਹੈ, ਉਹਨੇ ਉਹਨਾਂ ਦੀ ਗ਼ਲਤੀ ਵੱਲ ਬਿਲਕੁਲ ਸਪਸ਼ਟਤਾ ਨਾਲ਼ ਸੰਕੇਤ ਕੀਤਾ ਸੀ, ਅਰਥਾਤ ਸੋਧਵਾਦ (ਵੇਖੋ ਪਾਰਟੀ ਕਾਂਗਰਸ ਵਿੱਚ ਮੌਕਾਪ੍ਰਸਤੀ ਸਬੰਧੀ ਉਹਦੀ ਗੱਲ ਜਾਂ ਲੀਗ ਦੀ ਕਾਂਗਰਸ ਵਿੱਚ

---

ਫ਼ਜੋਹੋਣ, ਆਪਣੇ ਲਈ ਨਿਯਮ ਘੜਣ ਅਤੇ ਉਹਨਾਂ ਅਨੁਸਾਰ ਆਪਣੀ ਮਰਜ਼ੀ ਨਾਲ਼ ਕੰਮ ਕਰਨ ਦਾ ਹੱਕ ਹੈ" (ਪੰਨਾ 99), ਤਾਂ ਮਾਰਤੋਵਵਾਦੀਆਂ ਨੇ ਉਸੇ ਤਰ੍ਹਾਂ ਇਹਨੂੰ ਕਬੂਲਣੋਂ ਇਨਕਾਰ ਕੀਤਾ ਜਿਵੇਂ ਪੀਟਰ ਨੇ ਈਸਾ ਨੂੰ ਕਬੂਲ ਕਰਨੋਂ ਕੀਤਾ ਸੀ (ਪੰਨਾ 100: "ਅਕੀਮੋਵਾਂ, ਮਾਰਤੀਨੋਵਾਂ, ਆਦਿ ਸਬੰਧੀ" "ਸਾਥੀ ਪੁਰਾਤਨਤਾਵਾਦੀ ਦੇ ਡਰ" "ਨਿਰਾਧਾਰ ਹਨ")। (**ਈਸਾ ਨੂੰ ਕਬੂਲਣੋਂ ਇਨਕਾਰ**—ਪੀਟਰ ਈਸਾ ਦੇ 12 ਆਦਿ ਸ਼ਿਸ਼ਾਂ ਵਿੱਚੋਂ ਇੱਕ ਸੀ। ਈਸਾ ਦੇ ਸੂਲੀ ਚੜ੍ਹਾਏ ਜਾਣ ਤੋਂ ਪਹਿਲਾਂ ਅਖ਼ੀਰੀ ਭੋਜ ਸਮੇਂ ਜਦੋਂ ਸ਼ਾਹ ਹੈਰਡ ਦੇ ਫ਼ੌਜੀ ਈਸਾ ਨੂੰ ਗ੍ਰਿਫ਼ਤਾਰ ਕਰਨ ਆਏ ਤਾਂ ਪੀਟਰ ਨੇ ਉਹਨਾਂ ਦੇ ਇਹ ਪੁੱਛਣ ਉੱਤੇ ਕੀ, ਉਹ ਈਸਾ ਨੂੰ ਜਾਣਦਾ ਹੈ ? — ਜਵਾਬ ਨਾਂਹ ਵਿੱਚ ਦਿੱਤਾ। ਇਥੇ ਅਰਥ ਹੈ ਝੂਠਾ ਇਨਕਾਰ। **—ਅਨੁ**.)

ਜੋਰੇਸਵਾਦ ਸਬੰਧੀ) ਅਤੇ ਅਰਾਜਕਤਾ, ਜਿਨ੍ਹਾਂ ਮਾਮਲਾ ਫੁੱਟ ਦੀ ਦੰਦੀ ਤੱਕ ਲਿਆ ਦਿੱਤਾ ਸੀ। ਕੀ ਮੈਂ ਨਿੱਜੀ ਰਿਆਇਤਾਂ ਅਤੇ ਆਮ ਤੌਰ ਉੱਤੇ "ਦਿਆਲਤਾ" ਰਾਹੀਂ ਉਹਨਾਂ ਦੇ ਕਬੂਲੇ ਜਾਣ ਵਿੱਚ ਰੋਕ ਪਾ ਸਕਦਾ ਸਾਂ ਅਤੇ ਉਹਨਾਂ ਵੱਲੋਂ ਪੁਚਾਇਆ ਨੁਕਸਾਨ ਦੂਰ ਕਰ ਸਕਦਾ ਸਾਂ ? ਕੀ ਮੈਂ ਅਜਿਹੇ ਯਤਨ ਵਿੱਚ ਰੋਕ ਪਾ ਸਕਦਾ ਸਾਂ ਜਦੋਂ "ਕੀ ਨਾ ਕੀਤਾ ਜਾਵੇ" ਵਿੱਚ ਸਾਥੀ ਪਲੈਖ਼ਾਨੋਵ ਸਾਡੇ ਅੱਗੇ ਸਿੱਧੀ ਬੇਨਤੀ ਕਰਦਾ ਹੈ ਕਿ ਅਸੀਂ ਸੋਧਵਾਦੀਆਂ ਵਿੱਚੋਂ ਵਿਰੋਧੀਆਂ ਨੂੰ **"ਬਖ਼ਸ਼ ਦੇਵੀਏ"**, ਜਿਹੜੇ "ਕੇਵਲ ਕੁੱਝ ਅਸਥਿਰਤਾ ਕਾਰਨ" ਸੋਧਵਾਦੀ ਹਨ ? ਅਤੇ ਜੇ ਮੈਨੂੰ ਇਸ ਯਤਨ ਵਿੱਚ ਨਿਸ਼ਚਾ ਨਹੀਂ, ਤਾਂ ਕੀ ਮੈਂ ਇਸ ਤੋਂ ਬਿਨਾਂ ਕੁੱਝ ਹੋਰ ਕਰ ਸਕਦਾ ਸਾਂ ਕਿ ਕੇਂਦਰੀ ਬੁਲਾਰੇ ਸਬੰਧੀ ਨਿੱਜੀ ਰਿਆਇਤ ਦਿਆਂ ਅਤੇ ਕੇਂਦਰੀ ਕਮੇਟੀ ਵੱਲ ਚਲਾ ਜਾਵਾਂ ਤਾਂ ਜੁ ਬਹੁਗਿਣਤੀ ਦੀ ਪੋਜ਼ੀਸ਼ਨ ਦੀ ਰੱਖਿਆ ਕਰ ਸਕਾਂ ?* ਮੈਂ ਅਜਿਹੇ ਯਤਨਾਂ ਦੀ ਵਿਹਾਰਕਤਾ ਤੋਂ ਇਨਕਾਰ ਨਹੀਂ ਸਾਂ ਕਰ ਸਕਦਾ ਅਤੇ ਫੁੱਟ ਦਾ ਖ਼ਤਰਾ ਪੈਦਾ ਕਰਨ ਦੀ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਉੱਤੇ ਨਹੀਂ ਸਾਂ ਲੈ ਸਕਦਾ, ਜੇ ਹੋਰ ਨਹੀਂ ਤਾਂ ਇਸ ਕਾਰਨ ਕਿ ਆਪਣੇ 6 ਅਕਤੂਬਰ ਦੇ ਖ਼ਤ ਵਿੱਚ ਮੈਂ ਆਪ "ਨਿੱਜੀ ਸਮਝ" ਨੂੰ ਖਹਿਬੜਾਂ ਦਾ ਕਾਰਨ ਦੱਸਣ ਵੱਲ ਪ੍ਰਵਿਰਤੀ ਰੱਖਦਾ ਸਾਂ। ਪਰ ਮੈਂ ਬਹੁਗਿਣਤੀ ਦੀ ਪੋਜ਼ੀਸ਼ਨ ਦੀ ਰੱਖਿਆ ਕਰਨ ਨੂੰ ਆਪਣਾ ਕਰਤੱਵ ਸਮਝਦਾ ਸਾਂ ਅਤੇ ਸਮਝਦਾ ਹਾਂ। ਇਸ ਵਿੱਚ ਸਾਥੀ ਪਲੈਖ਼ਾਨੋਵ ਉੱਤੇ ਟੇਕ ਰੱਖਣਾ ਔਖਾ ਅਤੇ ਖ਼ਤਰਨਾਕ ਸੀ, ਕਿਉਂਕਿ ਉਹ ਇਸ ਅਖਾਣ ਦੀ

---

* ਜਦੋਂ ਸਾਥੀ ਮਾਰਤੋਵ ਨੇ ਕਿਹਾ ਕਿ ਮੈਂ avec armes et bagages (ਹਥਿਆਰਾਂ ਅਤੇ ਸਮਾਨ ਨਾਲ਼ **—ਸੰਪਾ.**) ਚਲਾ ਗਿਆ ਹਾਂ ਤਾਂ ਮਾਮਲੇ ਨੂੰ ਬਹੁਤ ਯੋਗ ਢੰਗ ਨਾਲ਼ ਪੇਸ਼ ਕੀਤਾ। ਸਾਥੀ ਮਾਰਤੋਵ ਨੂੰ ਫ਼ੌਜੀ ਅਲੰਕਾਰ ਵਰਤਣ ਦਾ ਬਹੁਤ ਸ਼ੌਕ ਹੈ: ਲੀਗ ਵਿਰੁੱਧ ਮੁਹਿੰਮ, ਟੱਕਰ, ਅਸਾਧ ਫੁੱਟ, ਆਦਿ। ਸੱਚੀ ਗੱਲ ਤਾਂ ਇਹ ਹੈ, ਕਿ ਮੇਰੇ ਵਿੱਚ ਵੀ ਫ਼ੌਜੀ ਅਲੰਕਾਰਾਂ ਲਈ ਬਹੁਤ ਕਮਜ਼ੋਰੀ ਹੈ, ਵਿਸ਼ੇਸ਼ ਤੌਰ ਉੱਤੇ ਇਸ ਫ਼ੌਗੀ ਘੜੀ ਜਦੋਂ ਮਨੁੱਖ ਸ਼ਾਂਤ-ਮਹਾਂਸਾਗਰ ਦੀਆਂ ਖ਼ਬਰਾਂ (ਰੂਸੀ-ਜਪਾਨ ਯੁੱਧ ਦੀਆਂ **—ਅਨੁ.**) ਬੜੀ ਤੀਖਣ ਉਤਸੁਕਤਾ ਨਾਲ਼ ਸੁਣਦਾ ਹੈ। ਪਰ ਸਾਥੀ ਮਾਰਤੋਵ, ਜੇ ਅਸਾਂ ਫ਼ੌਜੀ ਭਾਸ਼ਾ ਵਰਤਣੀ ਹੀ ਹੈ ਤਾਂ ਕਹਾਣੀ ਇਉਂ ਚੱਲਦੀ ਹੈ। ਅਸਾਂ ਪਾਰਟੀ ਕਾਂਗਰਸ ਵਿੱਚ ਦੋ ਗੜ੍ਹੀਆਂ ਉੱਤੇ ਕਬਜ਼ਾ ਕਰ ਲਿਆ। ਤੂੰ ਲੀਗ ਦੀ ਕਾਂਗਰਸ ਵਿੱਚ ਉਹਨਾਂ ਉੱਤੇ ਹਮਲਾ ਕੀਤਾ। ਪਹਿਲੀਆਂ ਸੰਖੇਪ ਜਿਹੀਆਂ ਟੱਕਰਾਂ ਪਿੱਛੋਂ, ਮੇਰਾ ਸਾਥੀ, ਗੜ੍ਹੀਆਂ ਵਿੱਚੋਂ ਇੱਕ ਦੇ ਕਮਾਂਡੰਟ ਦੁਸ਼ਮਣ ਲਈ ਫ਼ਾਟਕ ਖੋਹਲ ਦੇਂਦਾ ਹੈ। ਸੁਭਾਵਕ ਹੀ, ਮੇਰੇ ਕੋਲ ਜਿਹੜਾ ਨਿੱਕਾ ਜਿਹਾ ਤੋਪਖ਼ਾਨਾ ਸੀ, ਉਹਨੂੰ ਇਕੱਠਾ ਕਰਕੇ ਮੈਂ ਦੂਜੀ ਗੜ੍ਹੀ ਵਿੱਚ ਚਲਾ ਜਾਂਦਾ ਹਾਂ, ਜਿਹੜੀ ਲਗਭਗ ਕਿਲ੍ਹੇਬੰਦੀਆਂ ਤੋਂ ਬਿਨਾਂ ਸੀ, ਤਾਂ ਜੁ ਵੈਰੀ ਦੀ ਆਪਣੇ ਤੋਂ ਬਹੁਤ ਵੱਡੀ ਗਿਣਤੀ ਵਿਰੁੱਧ "ਘੇਰੇ ਦਾ ਮੁਕਾਬਲਾ ਕਰਾਂ"। ਇੱਥੋਂ ਤੱਕ ਕਿ ਮੈਂ ਅਮਨ ਦੀ ਤਜਵੀਜ਼ ਵੀ ਪੇਸ਼ ਕੀਤੀ, ਕਿਉਂਕਿ ਦੋ ਸ਼ਕਤੀਆਂ ਦੇ ਸਾਹਮਣੇ ਮੇਰੀ ਕੀ ਪੋਂਹਦੀ ਸੀ ? ਪਰ ਮੇਰੀ ਪੇਸ਼ਕਸ਼ ਦੇ ਜਵਾਬ ਵਿੱਚ ਨਵੇਂ ਇਤਿਹਾਦੀ ਮੇਰੀ "ਅਖ਼ੀਰੀ" ਗੜ੍ਹੀ ਉੱਤੇ ਗੋਲ਼ਾਬਾਰੀ ਕਰਦੇ ਹਨ। ਮੈਂ ਜਵਾਬ ਗੋਲ਼ਿਆਂ ਨਾਲ਼ ਦੇਂਦਾ ਹਾਂ। ਜਿਸ ਉੱਤੇ ਮੇਰਾ ਪਹਿਲੀਆਂ ਦਾ ਸਾਥੀ —ਕਮਾਂਡੰਟ— ਸ਼ਾਨਦਾਰ ਗ਼ੁੱਸੇ ਨਾਲ਼ ਕੂਕਦਾ ਹੈ: "ਵੇਖੋ, ਉਏ ਭਲੇ ਲੋਕੋ, ਇਹ ਚੇਂਬਰਲੇਨ ਕਿੰਨਾ ਲੜਾਕਾ ਏ !"

ਵਿਆਖਿਆ ਕਰਨ ਲਈ ਤਿਆਰ ਸੀ ਕਿ "ਜਦੋਂ ਉਹ ਸਿਆਸੀ ਸੂਝ ਦੇ ਉਲਟ ਜਾਂਦੀਆਂ ਹੋਣ ਤਾਂ ਪ੍ਰੋਲੇਤਾਰੀ ਦੇ ਨੇਤਾ ਨੂੰ ਆਪਣੀਆਂ ਜੰਗੀ ਪ੍ਰਵਿਰਤੀਆਂ ਦੀ ਲਗਾਮ ਢਿੱਲੀ ਛੱਡਣ ਦਾ ਕੋਈ ਹੱਕ ਨਹੀਂ"—ਇਹ ਦਵੰਦਵਾਦੀ ਢੰਗ ਨਾਲ਼ ਇਹਦੀ ਵਿਆਖਿਆ ਇਹਨਾਂ ਅਰਥਾਂ ਵਿੱਚ ਕਰਨਾ ਕਿ ਜੇ ਤੁਹਾਨੂੰ ਗੋਲੀ ਚਲਾਉਣੀ ਹੀ ਪੈਣੀ ਹੈ ਤਾਂ (ਜਨੇਵਾ ਵਿੱਚ ਨਵੰਬਰ ਦੇ ਮੌਸਮ ਦੀ ਹਾਲਤ ਨੂੰ ਮੁੱਖ ਰੱਖਦੇ ਹੋਏ) ਬਹੁਗਿਣਤੀ ਉੱਤੇ ਚਲਾਉਣੀ ਚੰਗੇਰੀ ਸੂਝ ਹੈ।....ਬਹੁਗਿਣਤੀ ਦੇ ਨਜ਼ਰੀਏ ਦੀ ਹਮਾਇਤ ਕਰਨਾ ਲਾਜ਼ਮੀ ਸੀ ਕਿਉਂਕਿ ਕਿਸੇ ਇਨਕਲਾਬੀ ਦੀ ਅਜ਼ਾਦ ( ?) ਇੱਛਾ ਦੀ ਗੱਲ ਕਰਦੇ ਹੋਏ ਸਾਥੀ ਪਲੈਖ਼ਾਨੋਵ ਨੇ—ਦਵੰਦਵਾਦ ਦੇ ਉਲਟ ਜਾਂਦੇ ਹੋਏ, ਜਿਹੜਾ ਸਥੂਲ ਅਤੇ ਸਰਬ-ਵਿਆਪਕ ਪਰਖ ਦੀ ਮੰਗ ਕਰਦਾ ਹੈ—ਨਿਰਮਾਣਤਾ ਨਾਲ਼ **ਇਨਕਲਾਬੀ ਵਿੱਚ ਭਰੋਸੇ**, "ਪ੍ਰੋਲੇਤਾਰੀ ਦੇ" ਅਜਿਹੇ "ਨੇਤਾ" ਵਿੱਚ, ਜਿਹੜਾ ਪਾਰਟੀ ਦੇ ਇੱਕ ਨਿਸ਼ਚਿਤ ਪੱਖ ਦੀ ਅਗਵਾਈ ਕਰ ਰਿਹਾ ਸੀ, ਭਰੋਸੇ ਦੇ ਸਵਾਲ ਤੋਂ ਬਹਾਨੇਬਾਜ਼ੀ ਕੀਤੀ। ਅਰਾਜਕਤਾਵਾਦੀ ਵਿਅਕਤੀਵਾਦ ਦੀ ਗੱਲ ਕਰਦੇ ਹੋਏ ਅਤੇ ਸਾਨੂੰ ਇਹ ਸਲਾਹ ਦੇਂਦੇ ਹੋਏ ਕਿ "ਕਦੀ ਕਦੀ" ਅਸੀਂ ਬੰਧੇਜ ਤੋੜਨ ਵੱਲੋਂ ਅੱਖਾਂ ਬੰਦ ਕਰ ਲਿਆ ਕਰੀਏ ਅਤੇ "ਕਈ ਵਾਰ" ਬੁੱਧੀਜੀਵੀ-ਵਾਦੀ ਆਪਹੁਦਰੇਪੁਣੇ ਅੱਗੇ ਝੁਕ ਜਾਈਏ, ਜਿਸਦੀਆਂ "ਜੜ੍ਹਾਂ ਉਸ ਭਾਵੁਕਤਾ ਵਿੱਚ ਹਨ, ਜਿਸਦਾ ਇਨਕਲਾਬੀ ਵਿਚਾਰ ਲਈ ਲਗਨ ਨਾਲ਼ ਕੋਈ ਸਬੰਧ ਨਹੀਂ", ਜਾਪਦਾ ਹੈ ਸਾਥੀ ਪਲੈਖ਼ਾਨੋਵ ਇਹ ਗੱਲ ਭੁੱਲ ਗਿਆ ਕਿ ਸਾਡੇ ਲਈ ਬਹੁਗਿਣਤੀ ਦੀ ਅਜ਼ਾਦ ਇੱਛਾ ਨੂੰ ਮੁੱਖ ਰੱਖਣਾ ਵੀ ਲਾਜ਼ਮੀ ਹੈ ਅਤੇ ਇਹ ਗੱਲ ਕਿ ਅਰਾਜਕਤਾਵਾਦੀ ਵਿਅਕਤੀਵਾਦੀਆਂ ਨੂੰ ਰਿਆਇਤਾਂ ਦੇਣ ਦੀ **ਹੱਦ** ਮਿਥਣਾ **ਅਮਲੀ ਕਾਰਕੁਨਾਂ ਉੱਤੇ** ਛੱਡ ਦੇਣਾ ਚਾਹੀਦਾ ਹੈ। ਬਚਗਾਨਾ ਅਰਾਜਕਤਾਵਾਦੀ ਬਕਵਾਸ ਨਾਲ਼ ਸਾਹਿਤਕ ਪੱਧਰ ਉੱਤੇ ਲੜਨਾ ਜਿਵੇਂ ਸੌਖਾ ਹੈ, ਕਿਸੇ ਅਰਾਜਕਤਾਵਾਦੀ ਵਿਅਕਤੀਵਾਦੀ ਨਾਲ਼ ਇੱਕੋ ਜਥੇਬੰਦੀ ਵਿੱਚ ਕੰਮ ਕਰਨਾ ਅਤਿਅੰਤ ਔਖਾ ਹੈ। ਜੇ ਕੋਈ ਲੇਖਕ ਇਹ ਨਿਰਣਾ ਕਰਨ ਦਾ ਕੰਮ ਹੱਥ ਵਿੱਚ ਲੈਂਦਾ ਹੈ ਕਿ ਅਮਲ ਵਿੱਚ ਅਰਾਜਕਤਾ ਨੂੰ ਕਿੰਨੀਆਂ ਰਿਆਇਤਾਂ ਦਿੱਤੀਆਂ ਜਾਣ ਤਾਂ ਉਹ ਕੇਵਲ ਆਪਣੀ ਹੱਦੋਂ ਵੱਧ ਅਤੇ ਸੱਚਮੁਚ ਮਤਵਾਦੀ ਸਾਹਿਤਕ ਹੈਂਕੜ ਹੀ ਵਿਖਾ ਰਿਹਾ ਹੋਵਗਾ। ਸਾਥੀ ਪਲੈਖ਼ਾਨੋਵ ਨੇ ਸ਼ਾਹਾਨਾ ਢੰਗ ਨਾਲ਼ ਕਿਹਾ (ਮਹੱਤਤਾ ਲਈ, ਜਿਹਾ ਕਿ ਬਜ਼ਾਰੋਵ[38] ਕਿਹਾ ਕਰਦਾ ਸੀ) ਕਿ ਜੇ ਇੱਕ ਹੋਰ ਦੁਫੇੜ ਪੈ ਗਈ ਤਾਂ ਕਿਰਤੀ ਸਾਨੂੰ ਸਮਝਣੋਂ ਹਟ ਜਾਣਗੇ; ਇਹਦੇ ਬਾਵਜੂਦ ਇਹਦੇ ਨਾਲ਼ ਹੀ ਨਾਲ਼ ਉਹਨੇ ਨਵੇਂ "ਇਸਕਰਾ" ਵਿੱਚ ਲੇਖਾਂ ਦੀ ਇੱਕ ਅਨੰਤ ਲੜੀ ਸ਼ੁਰੂ ਕਰ ਦਿੱਤੀ ਹੈ, ਜਿਸਦੇ ਅਸਲੀ ਅਤੇ ਨਿਸ਼ਚਿਤ ਅਰਥ ਕਿਰਤੀਆਂ ਲਈ ਹੀ ਨਹੀਂ ਸਗੋਂ ਆਮ ਸੰਸਾਰ ਲਈ ਵੀ ਸਮਝਣੋਂ ਬਾਹਰ ਹੋਣੇ ਲਾਜ਼ਮੀ ਹਨ। ਇਸ ਲਈ ਇਹ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਜਦੋਂ ਕੇਂਦਰੀ ਕਮੇਟੀ ਦੇ ਇੱਕ ਮੈਂਬਰ ਨੇ "ਕੀ ਨਾ ਕੀਤਾ ਜਾਵੇ" ਦੇ ਪਰੂਫ਼ ਪੜ੍ਹੇ ਤਾਂ ਉਹਨੇ ਸਾਥੀ ਪਲੈਖ਼ਾਨੋਵ ਨੂੰ ਚੇਤਾਵਨੀ ਦਿੱਤੀ ਕਿ ਉਹਦੀ ਪ੍ਰਕਾਸ਼ਨਾ (ਪਾਰਟੀ ਕਾਂਗਰਸ ਅਤੇ ਲੀਗ ਕਾਂਗਰਸ ਦੀ ਕਾਰਵਾਈ) ਦੇ ਅਕਾਰ ਨੂੰ ਕੁੱਝ ਛੁਟੇਰਾ ਕਰਨ ਦੀ ਪਲਾਨ ਐਨ ਇਸ ਲੇਖ ਕਾਰਨ ਅਸਫ਼ਲ ਹੋ ਜਾਵੇਗੀ, ਜਿਹੜਾ ਉਤਸੁਕਤਾ ਜਗਾਵੇਗਾ, ਸਧਾਰਨ ਮਨੁੱਖ ਲਈ ਕੁੱਝ ਅਜਿਹੀ ਗੱਲ

ਪੇਸ਼ ਕਰੇਗਾ ਜਿਹੜੀ ਕਰਾਰੀ ਅਤੇ ਨਾਲ਼ ਹੀ ਨਾਲ਼ ਉਹਦੀ ਸਮਝ ਤੋਂ ਬਾਹਰੀ ਹੈ,* ਅਤੇ ਅਟੱਲ ਤੌਰ ਉੱਤੇ ਲੋਕਾਂ ਤੋਂ ਇਹ ਸਵਾਲ ਪੁਛਵਾਏਗਾ: "ਕੀ ਵਾਪਰਿਆ ਹੈ ?" ਇਹ ਹੈਰਾਨ ਕਰਨ ਵਾਲ਼ੀ ਗੱਲ ਨਹੀਂ ਕਿ ਆਪਣੀਆਂ ਦਲੀਲਾਂ ਦੇ ਖ਼ਿਆਲੀਪੁਣੇ ਅਤੇ ਇਹਦੇ ਇਸ਼ਾਰਿਆਂ ਦੀ ਅਸਪਸ਼ਟਤਾ ਕਾਰਨ, ਸਾਥੀ ਪਲੈਖ਼ਾਨੋਵ ਦੇ ਇਸ ਲੇਖ ਨੇ ਸੋਸ਼ਲ-ਡੈਮੋਕ੍ਰੇਸੀ ਦੀਆਂ ਕਤਾਰਾਂ ਵਿੱਚ ਖ਼ੁਸ਼ੀ ਜਗਾਈ ਹੈ — "ਰੈਵੂਲਿਊਤਸੀਓਨਾਯਾ ਰੋਸੀਆ"[40] ਦੇ ਪੰਨਿਆਂ ਉੱਤੇ ਕੈਨਕੈਨ** ਨਾਚ ਅਤੇ "ਓਸਵੋਬੋਜ਼੍ਹਦੇਨੀਯੇ" ਵਿੱਚ ਇਕਸਾਰ ਸੋਧਵਾਦੀਆਂ ਵੱਲੋਂ ਸ਼ਲਾਘਾ। ਇਹਨਾਂ ਸਾਰੇ ਹਸਾਉਣੇ ਅਤੇ ਅਫ਼ਸੋਸਨਾਕ ਭੁਲੇਖਿਆਂ ਦਾ, ਜਿਨ੍ਹਾਂ ਵਿੱਚੋਂ ਪਿੱਛੋਂ ਜਾਕੇ ਸਾਥੀ ਪਲੈਖ਼ਾਨੋਵ ਨੇ ਆਪਣੇ ਆਪ ਨੂੰ ਇੰਨੇ ਹਸਾਉਣੇ ਢੰਗ ਨਾਲ਼ ਕੱਢਣ ਦਾ ਯਤਨ ਕੀਤਾ, ਸੋਮਾ ਐਨ ਦਵੰਦਵਾਦ ਦੇ ਬੁਨਿਆਦੀ ਨਿਯਮ ਦੀ ਉਲੰਘਣਾ ਵਿੱਚ ਸੀ: ਨਿਸ਼ਚਿਤ ਸਵਾਲਾਂ ਉੱਤੇ ਉਹਨਾਂ ਦੀ ਪੂਰੀ ਨਿਸ਼ਚਿਤਤਾ ਵਿੱਚ ਵਿਚਾਰ ਕੀਤਾ ਜਾਵੇ। ਸ਼੍ਰੀ ਸਤਰੂਵੇ ਦੀ ਖ਼ੁਸ਼ੀ ਵਿਸ਼ੇਸ਼ ਤੌਰ ਉੱਤੇ ਐਨ ਸੁਭਾਵਕ ਸੀ: ਉਹਨੂੰ ਉਹਨਾਂ "ਚੰਗੇ" ਮੰਤਵਾਂ ਵਿੱਚ (ਦਿਆਲਤਾ ਨਾਲ਼ ਮਾਰਨਾ) ਜਿਨ੍ਹਾਂ ਉੱਤੇ ਸਾਥੀ ਪਲੈਖ਼ਾਨੋਵ ਚੱਲ ਰਿਹਾ ਸੀ (ਪਰ ਸ਼ਾਇਦ ਪ੍ਰਾਪਤ ਨਾ ਕਰ ਸਕੇ) ਉੱਕਾ ਹੀ ਕੋਈ ਰੋਚਕਤਾ ਨਹੀਂ ਸੀ; ਸ਼੍ਰੀ ਸਤਰੂਵੇ ਨੇ **ਸਾਡੀ ਪਾਰਟੀ ਵਿੱਚ ਮੌਕਾਪ੍ਰਸਤੀ ਵੱਲ ਉਸ ਹੁਲਾਰੇ ਨੂੰ**, ਜਿਹੜਾ ਨਵੇਂ "ਇਸਕਰਾ" ਵਿੱਚ ਸ਼ੁਰੂ ਹੋਇਆ ਸੀ, ਜਿਵੇਂ ਹਰ ਇੱਕ ਹੁਣ ਸਪਸ਼ਟ ਤੌਰ ਉੱਤੇ ਵੇਖ ਸਕਦਾ ਹੈ, ਜੀ-ਆਇਆਂ ਆਖਿਆ ਅਤੇ ਜੀ-ਆਇਆਂ ਆਖੇ ਬਿਨਾਂ ਰਹਿ ਵੀ ਨਹੀਂ ਸੀ ਸਕਦਾ। ਰੂਸੀ ਬੁਰਜੂਆ ਜਮਹੂਰੀਅਤਪਸੰਦ ਸਾਰੀਆਂ ਸੋਸ਼ਲ-ਡੈਮੋਕ੍ਰੈਟਕ ਪਾਰਟੀਆਂ ਵਿੱਚ ਮੌਕਾਪ੍ਰਸਤੀ ਵੱਲ ਹਰ ਹੁਲਾਰੇ ਨੂੰ, ਭਾਵੇਂ ਨਿੱਕੇ ਤੋਂ ਨਿੱਕੇ ਅਤੇ ਅਤਿਅੰਤ ਅਸਥਾਈ ਨੂੰ, ਜੀ-ਆਇਆਂ ਆਖਣ ਵਿੱਚ ਇਕੱਲੇ ਨਹੀਂ। ਕਿਸੇ ਤਾਕ ਵੈਰੀ ਦਾ ਹਾੜਾ ਬਹੁਤ ਘੱਟ ਵੱਧ ਹੀ ਭੁਲੇਖੇ ਉੱਤੇ ਅਧਾਰਤ ਹੁੰਦਾ ਹੈ: ਜਿਹੜੇ ਲੋਕ ਉਹਦੀ ਸ਼ਲਾਘਾ ਕਰਦੇ ਹਨ, ਉਹਨਾਂ ਨੂੰ ਵੇਖਕੇ ਤੁਸੀਂ ਕਿਸੇ ਮਨੁੱਖ ਦੀਆਂ ਗ਼ਲਤੀਆਂ ਦੱਸ ਸਕਦੇ ਹੋ। ਅਤੇ ਸਾਥੀ ਪਲੈਖ਼ਾਨੋਵ ਵਿਅਰਥ ਹੀ ਇਹ ਆਸ ਰੱਖਦਾ ਹੈ ਕਿ ਪਾਠਕ ਬੇਧਿਆਨਾ

---

* ਅਸੀਂ ਆਪੋ ਵਿੱਚ ਗਰਮਾ-ਗਰਮ ਅਤੇ ਜੁਸ਼ੀਲੀ ਬਹਿਸ ਕਰ ਰਹੇ ਹਾਂ। ਅਚਾਨਕ ਇੱਕ ਕੁੱਦ ਕੇ ਖੜਾ ਹੋ ਜਾਂਦਾ ਹੈ, ਬਾਰੀ ਖੋਹਲ ਮਾਰਦਾ ਹੈ, ਅਤੇ ਸੋਬਾਕੇਵਿਚਾਂ, ਅਰਾਜਕਤਾਵਾਦੀ ਵਿਅਕਤੀਵਾਦੀਆਂ, ਸੋਧਵਾਦੀਆਂ, ਆਦਿ ਵਿਰੁੱਧ ਕੂਕਣ ਲੱਗ ਪੈਂਦਾ ਹੈ। ਸੁਭਾਵਕ ਹੀ ਸੜਕ ਉੱਤੇ ਖੋਚਰੀ ਵਿਹਲੜਾਂ ਦੀ ਇੱਕ ਭੀੜ ਇਕੱਠੀ ਹੋ ਜਾਂਦੀ ਹੈ ਅਤੇ ਸਾਡੇ ਵੈਰੀ ਖ਼ੁਸ਼ੀ ਨਾਲ਼ ਕੱਛਾਂ ਵਜਾਉਂਦੇ ਹਨ। ਵਿਵਾਦੀਆਂ ਵਿੱਚੋਂ ਹੋਰ ਬਾਰੀ ਤੱਕ ਜਾਂਦੇ ਹਨ ਅਤੇ ਸਾਰੇ ਮਾਮਲੇ ਦਾ ਜੁੜਤ ਵਾਲ਼ਾ ਬਿਰਤਾਂਤ ਦੇਣਾ ਚਾਹੁੰਦੇ ਹਨ, ਉਹਨਾਂ ਗੱਲਾਂ ਵੱਲ ਸੰਕੇਤ ਕੀਤੇ ਬਿਨਾਂ ਜਿਨ੍ਹਾਂ ਸਬੰਧੀ ਕਿਸੇ ਨੂੰ ਕੁੱਝ ਪਤਾ ਨਹੀਂ। ਇਸ ਉੱਤੇ ਬਾਰੀ ਇਹ ਦਲੀਲ ਦੇਕੇ ਧੜਾਮ ਕਰਕੇ ਬੰਦ ਕਰ ਦਿੱਤੀ ਜਾਂਦੀ ਹੈ ਕਿ **ਖਹਿਬੜਾਂ** ਉੱਤੇ ਵਿਚਾਰ ਕਰਨਾ ਯੋਗ ਨਹੀਂ ("ਇਸਕਰਾ", ਅੰਕ 53, ਪੰਨਾ 8, ਕਾਲਮ 2, ਸਤਰ 24 ਤੋਂ ਅੱਗੇ)। **"ਇਸਕਰਾ" ਵਿੱਚ** "ਖਹਿਬੜਾਂ" ਉੱਤੇ ਵਿਚਾਰ **ਸ਼ੁਰੂ ਕਰਨਾ** ਯੋਗ ਨਹੀਂ ਸੀ, ਸਾਥੀ ਪਲੈਖ਼ਾਨੋਵ[39] — ਇਹ ਗੱਲ ਸੱਚ ਦੇ ਵਧੇਰੇ ਨੇੜੇ ਹੋਵੇਗੀ!

** ਇੱਕ ਅਰਧ-ਅਸ਼ਲੀਲ ਫ਼ਰਾਂਸੀਸੀ ਨਾਚ। **—ਅਨੁ.**

ਹੋਵੇਗਾ ਅਤੇ ਇਹ ਦੱਸਣ ਦਾ ਯਤਨ ਕਰਦਾ ਹੈ ਕਿ ਬਹੁਗਿਣਤੀ ਨੇ ਬਿਨਾਂ-ਸ਼ਰਤ ਕੁਆਪਸ਼ਨ ਦੇ ਮਾਮਲੇ ਵਿੱਚ ਨਿੱਜੀ ਰਿਆਇਤ ਉੱਤੇ ਇਤਰਾਜ਼ ਕੀਤਾ ਅਤੇ ਪਾਰਟੀ ਦੇ ਖੱਬੇ ਪੱਖ ਤੋਂ ਸੱਜੇ ਵੱਲ ਭਗੌੜੇਪੁਣੇ ਉੱਤੇ ਨਹੀਂ। ਨੁਕਤਾ ਇਹ ਨਹੀਂ ਕਿ ਸਾਥੀ ਪਲੈਖ਼ਾਨੋਵ ਨੇ ਫੁੱਟ ਰੋਕਣ ਲਈ ਇੱਕ ਨਿੱਜੀ ਰਿਆਇਤ ਦਿੱਤੀ (ਇਹ ਬਹੁਤ ਸ਼ਲਾਘਾਯੋਗ ਸੀ), ਸਗੋਂ ਇਹ ਕਿ, ਭਾਵੇਂ ਡਾਵਾਂਡੋਲ ਸੋਧਵਾਦੀ ਅਤੇ ਅਰਾਜਕਤਾਵਾਦੀ ਵਿਅਕਤੀਵਾਦੀਆਂ ਨਾਲ਼ **ਡਾਹਾ ਲੈਣ** ਦੀ ਲੋੜ ਤੋਂ ਪੂਰੀ ਤਰ੍ਹਾਂ ਚੇਤੰਨ ਹੋਣ ਦੇ ਬਾਵਜੂਦ ਉਹਨੇ ਇਹਦੀ ਥਾਂ ਬਹੁਗਿਣਤੀ ਨਾਲ਼ ਡਾਹਾ ਲੈਣਾ ਯੋਗ ਸਮਝਿਆ, ਜਿਨ੍ਹਾਂ ਨਾਲ਼ ਉਹਨੇ ਅਰਾਜਕਤਾ ਨੂੰ ਸੰਭਵ ਅਮਲੀ ਰਿਆਇਤਾਂ ਦੇ **ਘੇਰੇ ਸਬੰਧੀ** ਤੋੜ-ਵਿਛੋੜਾ ਕਰ ਲਿਆ। ਨੁਕਤਾ ਇਹ ਨਹੀਂ ਕਿ ਸਾਥੀ ਪਲੈਖ਼ਾਨੋਵ ਨੇ ਸੰਪਾਦਕ ਮੰਡਲ ਦੀ ਸ਼ਖ਼ਸੀ ਬਣਤਰ ਤਬਦੀਲ ਕਰ ਦਿੱਤੀ, ਸਗੋਂ ਇਹ ਹੈ ਕਿ ਉਹਨੇ ਸੋਧਵਾਦ ਅਤੇ ਅਰਾਜਕਤਾ ਦਾ ਵਿਰੋਧ ਕਰਨ ਦੇ ਆਪਣੇ ਮਤ ਨਾਲ਼ ਵਿਸਾਹਘਾਤ ਕੀਤਾ ਅਤੇ ਪਾਰਟੀ ਦੇ ਕੇਂਦਰੀ ਬੁਲਾਰੇ ਵਿੱਚ ਉਸ ਮਤ ਦੀ ਹਮਾਇਤ ਕਰਨੀ ਤਿਆਗ ਦਿੱਤੀ।

ਜਿਥੋਂ ਤੱਕ ਕੇਂਦਰੀ ਕਮੇਟੀ ਦਾ ਸਬੰਧ ਹੈ, ਜਿਹੜੀ **ਉਸ ਸਮੇਂ** ਬਹੁਗਿਣਤੀ ਦੀ ਇੱਕੋ ਇੱਕ ਜਥੇਬੰਦ ਪ੍ਰਤੀਨਿਧ ਸੀ, ਸਾਥੀ ਪਲੈਖ਼ਾਨੋਵ ਨੇ ਉਹਦੇ ਨਾਲ਼ **ਮੁਕੰਮਲ ਤੌਰ ਉੱਤੇ ਅਰਾਜਕਤਾ ਨੂੰ ਰਿਆਇਤਾਂ ਦੇ ਸੰਭਵ ਅਮਲੀ ਅਕਾਰ ਉੱਤੇ** ਤੋੜ-ਵਿਛੋੜਾ ਕਰ ਲਿਆ। ਪਹਿਲੀ ਨਵੰਬਰ ਤੋਂ ਪਿੱਛੋਂ, ਜਦੋਂ ਮੇਰੇ ਅਸਤੀਫ਼ੇ ਨੇ ਦਿਆਲਤਾ ਨਾਲ਼ ਮਾਰਨ ਦੀ ਨੀਤੀ ਲਈ ਮੈਦਾਨ ਖੁੱਲ੍ਹਾ ਛੱਡ ਦਿੱਤਾ ਸੀ, ਲੱਗਭਗ ਇੱਕ ਮਹੀਨਾ ਲੰਘ ਗਿਆ ਹੈ। ਸਾਥੀ ਪਲੈਖ਼ਾਨੋਵ ਨੂੰ ਹਰ ਤਰ੍ਹਾਂ ਦੇ ਸਬੰਧਾਂ ਰਾਹੀਂ ਇੱਸ ਨੀਤੀ ਦੀ ਯੋਗਤਾ ਪਰਖਣ ਲਈ ਹਰ ਸੰਭਵ ਮੌਕਾ ਪ੍ਰਾਪਤ ਹੋ ਚੁੱਕਾ ਸੀ। ਇਸ ਸਮੇਂ ਵਿੱਚ ਸਾਥੀ ਪਲੈਖ਼ਾਨੋਵ ਨੇ ਆਪਣਾ ਲੇਖ "ਕੀ ਨਾ ਕੀਤਾ ਜਾਵੇ" ਛਾਪਿਆ ਸੀ, ਜਿਹੜਾ, ਕਿਹਾ ਜਾ ਸਕਦਾ ਹੈ, ਸੰਪਾਦਕ ਮੰਡਲ ਵਿੱਚ ਮਾਰਤੋਵਵਾਦੀਆਂ ਦਾ ਦਾਖ਼ਲੇ ਦੀ ਇੱਕੋ ਇੱਕ ਟਿਕਟ ਸੀ —**ਅਤੇ ਹੈ।** ਬੋਲੇ-ਸੋਧਵਾਦ (ਜਿਸ ਵਿਰੁੱਧ ਸਾਨੂੰ ਲੜਨਾ ਚਾਹੀਦਾ ਹੈ, ਪਰ ਵਿਰੋਧੀ ਦਾ ਲਿਹਾਜ਼ ਕਰਕੇ) ਅਤੇ ਅਰਾਜਕਤਾਵਾਦੀ ਵਿਅਕਤੀਵਾਦ (ਜਿਸ ਨੂੰ ਰਿਝਾਉਣਾ ਅਤੇ ਦਿਆਲਤਾ ਨਾਲ਼ ਮਾਰਿਆ ਜਾਣਾ ਚਾਹੀਦਾ ਹੈ) —ਇਸ ਟਿਕਟ ਉੱਤੇ ਪ੍ਰਭਾਵਸ਼ਾਲੀ ਉੱਘੜਵੇਂ ਅੱਖਰਾਂ ਵਿੱਚ ਛਪੇ ਹੋਏ ਸਨ। ਕ੍ਰਿਪਾ ਕਰਕੇ ਅੰਦਰ ਆ ਜਾਓ, ਭੱਦਰਪੁਰਸ਼ੋ, ਮੈਂ ਤੁਹਾਨੂੰ ਦਿਆਲਤਾ ਨਾਲ਼ ਮਾਰਾਂਗਾ— ਪਲੈਖ਼ਾਨੋਵ ਨੇ ਇਸ ਸੱਦਾ-ਪੱਤਰ ਰਾਹੀਂ ਸੰਪਾਦਕ ਮੰਡਲ ਵਿੱਚ ਆਪਣੇ ਨਵੇਂ ਸਾਥੀਆਂ ਨੂੰ ਕਿਹਾ। ਸੁਭਾਵਕ ਹੀ ਕੇਂਦਰੀ ਕਮੇਟੀ ਕੋਲ਼ ਕਹਿਣ ਨੂੰ ਆਪਣੀ ਅਖ਼ੀਰੀ ਗੱਲ ਹੀ ਰਹਿ ਗਈ ਸੀ (ਅਲਟੀਮੇਟਮ ਦੇ ਇਹੋ ਅਰਥ ਹਨ—ਸੰਭਵ ਅਮਨ ਸਬੰਧੀ ਅਖ਼ੀਰੀ ਸ਼ਬਦ), ਕਿ ਉਹਦੀ ਰਾਏ ਵਿੱਚ, ਅਰਾਜਕਤਾਵਾਦੀ ਵਿਅਕਤੀਵਾਦ ਨੂੰ ਅਮਲੀ ਰਿਆਇਤਾਂ ਦਾ ਸੰਭਵ ਅਕਾਰ ਕੀ ਹੋ ਸਕਦਾ ਹੈ। ਜੇ ਤਾਂ ਤੁਸੀਂ ਅਮਨ ਚਾਹੁੰਦੇ ਹੋ—ਜਿਸ ਹਾਲਤ ਵਿੱਚ ਆਪਣੀ ਦਿਆਲਤਾ, ਅਮਨ-ਪਸੰਦੀ, ਰਿਆਇਤਾਂ ਦੇਣ ਲਈ ਤਤਪਰਤਾ ਆਦਿ ਦਰਸਾਉਣ ਲਈ ਅਸੀਂ ਤੁਹਾਨੂੰ ਕੁੱਝ ਸੀਟਾਂ ਦੇਣ ਲਈ ਤਿਆਰ ਹਾਂ (ਜੇ ਪਾਰਟੀ ਵਿੱਚ ਅਮਨ ਨਿਸ਼ਚਿਤ ਬਣਾਉਣਾ ਹੈ ਤਾਂ ਅਸੀਂ ਤੁਹਾਨੂੰ ਇਸ ਤੋਂ ਵੱਧ ਨਹੀਂ ਦੇ ਸਕਦੇ, ਅਮਨ ਵਿਵਾਦ ਦੀ ਅਣਹੋਂਦ ਦੇ ਅਰਥਾਂ ਵਿੱਚ

ਨਹੀਂ ਸਗੋਂ ਇਹਨਾਂ ਅਰਥਾਂ ਵਿੱਚ ਕਿ ਪਾਰਟੀ ਅਰਾਜਕਤਾਵਾਦੀ ਵਿਅਕਤੀਵਾਦ ਰਾਹੀਂ ਤਬਾਹ ਨਹੀਂ ਕੀਤੀ ਜਾਵੇਗੀ); ਇਹ ਸੀਟਾਂ ਲੈ ਲਓ ਅਤੇ ਹੌਲੀ ਹੌਲੀ ਫਿਰ ਅਕੀਮੋਵ ਤੋਂ ਪਲੈਖ਼ਾਨੋਵ ਵੱਲ ਝੂਲ ਜਾਓ। ਜੇ ਤੁਸੀਂ ਆਪਣਾ ਸਟੈਂਡ ਕਾਇਮ ਰੱਖਣਾ ਅਤੇ ਵਿਕਸਤ ਕਰਨਾ ਚਾਹੁੰਦੇ ਹੋ, ਉੱਕਾ ਹੀ ਅਕੀਮੋਵ ਵੱਲ ਝੂਲ ਜਾਣਾ ਚਾਹੁੰਦੇ ਹੋ (ਜੇ ਕੇਵਲ ਜਥੇਬੰਦਕ ਸਵਾਲਾਂ ਦੇ ਖੇਤਰ ਵਿੱਚ ਹੀ), ਅਤੇ ਪਾਰਟੀ ਨੂੰ ਨਿਸ਼ਚਾ ਕਰਾਉਣਾ ਚਾਹੁੰਦਾ ਹੋ ਕਿ ਪਲੈਖ਼ਾਨੋਵ ਨਹੀਂ ਸਗੋਂ ਤੁਸੀਂ ਠੀਕ ਹੋ—ਜਿਸ ਹਾਲਤ ਵਿੱਚ ਲੇਖਕਾਂ ਦੀ ਆਪਣੀ ਟੋਲੀ ਬਣਾ ਲਓ, ਅਗਲੀ ਕਾਂਗਰਸ ਵਿੱਚ ਪ੍ਰਤੀਨਿਧ ਪ੍ਰਾਪਤ ਕਰੋ ਅਤੇ ਇਮਾਨਦਾਰ ਘੋਲ਼ ਰਾਹੀਂ, ਖੁੱਲ੍ਹੇ ਵਿਵਾਦ ਰਾਹੀਂ ਬਹੁਗਿਣਤੀ ਪ੍ਰਾਪਤ ਕਰਨਾ ਦਾ ਯਤਨ ਕਰੋ। ਇਹ ਬਦਲ, ਜਿਹੜਾ ਕੇਂਦਰੀ ਕਮੇਟੀ ਦੇ 25 ਨਵੰਬਰ 1903 ਦੇ ਮਾਰਤੋਵਵਾਦੀਆਂ ਨੂੰ ਅਲਟੀਮੇਟਮ[41] ਵਿੱਚ ਬੜੇ ਸਪਸ਼ਟ ਢੰਗ ਨਾਲ਼ ਪੇਸ਼ ਕੀਤਾ ਗਿਆ ਸੀ (ਵੇਖੋ "ਘੇਰੇ ਦੀ ਹਾਲਤ" ਅਤੇ "ਲੀਗ ਦੀ ਕਾਰਵਾਈ ਉੱਤੇ ਟਿੱਪਣੀ"*), ਉਸ ਖ਼ਤ ਨਾਲ਼ ਪੂਰੀ ਤਰ੍ਹਾਂ ਮੇਲ ਖਾਂਦਾ ਸੀ ਜਿਹੜਾ ਪਲੈਖ਼ਾਨੋਵ ਨੇ ਅਤੇ ਮੈਂ 6

* ਨਿਰਸੰਦੇਹ, ਮੈਂ ਉਸ ਗੁੰਝਲ ਵਿੱਚ ਨਹੀਂ ਜਾਵਾਂਗਾ ਜਿਹੜੀ ਮਾਰਤੋਵ ਨੇ ਆਪਣੀ "ਘੇਰੇ ਦੀ ਹਾਲਤ" ਵਿੱਚ ਨਿੱਜੀ ਗੱਲਬਾਤ ਵਿੱਚੋਂ ਟੂਕਾਂ ਦੇਕੇ, ਇਤਿਆਦਿ ਰਾਹੀਂ ਕੇਂਦਰੀ ਕਮੇਟੀ ਦੇ ਅਲਟੀਮੇਟਮ ਸਬੰਧੀ ਪੈਦਾ ਕੀਤੀ ਹੈ। ਇਹ "ਘੋਲ਼ ਦਾ ਦੂਜਾ ਢੰਗ" ਹੈ, ਜਿਹੜਾ ਮੈਂ ਪਿਛਲੇ ਹਿੱਸੇ ਵਿੱਚ ਦੱਸਿਆ, ਜਿਸ ਨੂੰ ਕੇਵਲ ਤੰਤਵੀ ਵਿਗਾੜਾਂ ਦਾ ਕੋਈ ਮਾਹਿਰ ਹੀ ਸੁਲਝਾ ਸਕਦਾ ਹੈ। ਇੰਨਾ ਕਹਿਣਾ ਹੀ ਕਾਫ਼ੀ ਹੈ ਕਿ ਸਾਥੀ ਮਾਰਤੋਵ ਇਸ ਗੱਲ ਉੱਤੇ ਜ਼ੋਰ ਦੇਂਦਾ ਹੈ ਕਿ ਕੇਂਦਰੀ ਕਮੇਟੀ ਨਾਲ਼ ਗੱਲਬਾਤ ਪ੍ਰਕਾਸ਼ਤ ਨਾ ਕਰਨ ਸਬੰਧੀ ਸਮਝੌਤਾ ਸੀ, ਜਿਹੜਾ ਸਮਝੌਤਾ ਸਿਰੜੀ ਭਾਲ ਦੇ ਬਾਵਜੂਦ ਅੱਜ ਤੱਕ ਨਹੀਂ ਲੱਭਾ। ਸਾਥੀ ਤਰਾਵਿਨਸਕੀ ਨੇ, ਜਿਸਨੇ ਕੇਂਦਰੀ ਕਮੇਟੀ ਵੱਲੋਂ ਗੱਲਬਾਤ ਕੀਤੀ, ਮੈਨੂੰ ਲਿਖਤੀ ਤੌਰ ਉੱਤੇ ਸੂਚਨਾ ਦਿੱਤੀ ਹੈ ਕਿ ਉਹ ਸਮਝਦਾ ਹੈ ਕਿ ਮੈਨੂੰ ਸੰਪਾਦਕਾਂ ਦੇ ਨਾਂ ਆਪਣਾ ਖ਼ਤ "ਇਸਕਰਾ" ਤੋਂ ਬਾਹਰ ਛਾਪਣ ਦਾ ਹੱਕ ਹੈ।

ਪਰ ਸਾਥੀ ਮਾਰਤੋਵ ਦਾ ਇੱਕ ਵਾਕੰਸ਼ ਸੀ ਜਿਹੜਾ ਮੈਨੂੰ ਵਿਸ਼ੇਸ਼ ਤੌਰ ਉੱਤੇ ਪਸੰਦ ਆਇਆ। ਇਹ ਵਾਕੰਸ਼ ਸੀ "ਅਤਿ-ਅੰਤ ਭੈੜੀ ਕਿਸਮ ਦਾ ਬੋਨਾਪਾਰਟਵਾਦ"। ਮੈਂ ਵੇਖਿਆ ਹੈ ਕਿ ਸਾਥੀ ਮਾਰਤੋਵ ਨੇ ਇਹ ਪੱਟੀ ਬੜੀ ਸੁਹਣੀ ਤਰ੍ਹਾਂ ਲੈ ਆਂਦੀ ਹੈ। ਆਓ ਅਸੀਂ ਸ਼ਾਂਤ-ਚਿੱਤ ਇਹ ਵਿਚਾਰੀਏ ਕਿ ਇਸ ਸੰਕਲਪ ਦੇ ਅਰਥ ਕੀ ਹਨ। ਮੇਰੀ ਰਾਏ ਵਿੱਚ ਇਹਦੇ ਅਰਥ ਹਨ **ਰਸਮੀ ਤੌਰ ਉੱਤੇ** ਕਨੂੰਨੀ ਢੰਗਾਂ ਨਾਲ਼ ਪਰ **ਅਸਲ ਵਿੱਚ** ਜਨਤਾ ਦੀ (ਜਾਂ ਪਾਰਟੀ ਦੀ) ਇੱਛਾ ਦੇ ਉਲ਼ਟ ਸੱਤਾ ਪ੍ਰਾਪਤ ਕਰ ਲੈਣਾ। ਕੀ ਗੱਲ ਅਜਿਹੀ ਨਹੀਂ, ਸਾਥੀ ਮਾਰਤੋਵ ? ਅਤੇ ਜੇ ਇਹ ਹੈ ਤਾਂ ਮੈਂ ਇਹ ਨਿਰਣਾ ਕਰਨਾ ਜਨਤਾ ਉੱਤੇ ਛੱਡਦਾ ਹਾਂ ਕਿ "ਅਤਿ-ਅੰਤ ਭੈੜੀ ਕਿਸਮ ਦੇ ਬੋਨਾਪਾਰਟਵਾਦ" ਦਾ ਕਸੂਰਵਾਰ ਕੌਣ ਹੋਇਆ ਹੈ: ਲੈਨਿਨ ਅਤੇ ਸਾਥੀ ਯ., ਜਿਹੜੇ ਮਾਰਤੋਵਵਾਦੀਆਂ ਨੂੰ ਸ਼ਾਮਲ ਨਾ ਕਰਨ ਦਾ ਆਪਣਾ **ਰਸਮੀ** ਹੱਕ ਵਰਤ ਸਕਦੇ ਸਨ, ਪਰ ਜਿਨ੍ਹਾਂ ਇਹਦਾ **ਲਾਭ ਨਾ ਉਠਾਇਆ**, ਭਾਵੇਂ ਅਜਿਹਾ ਕਰਦੇ ਹੋਏ ਉਹਨਾਂ ਨੂੰ ਦੂਜੀ ਕਾਂਗਰਸ ਦੀ ਹਮਾਇਤ ਪ੍ਰਾਪਤ ਹੁੰਦੀ—ਜਾਂ ਉਹ, ਜਿਨ੍ਹਾਂ ਸੰਪਾਦਕ ਮੰਡਲ ਵਿੱਚ **ਰਸਮੀ ਤੌਰ ਉੱਤੇ ਜਾਇਜ਼** ਢੰਗਾਂ ("ਸਰਬ-ਸੰਮਤੀ ਨਾਲ਼ ਕੁਆਪਸ਼ਨ") ਥਾਵਾਂ ਮੱਲ੍ਹ ਲਈਆਂ, ਪਰ ਜਿਨ੍ਹਾਂ ਨੂੰ ਪਤਾ ਹੈ ਕਿ **ਅਸਲ ਵਿੱਚ ਇਹ ਦੂਜੀ ਕਾਂਗਰਸ ਦੀ ਇੱਛਾ ਅਨੁਸਾਰ ਨਹੀਂ** ਅਤੇ ਜਿਹੜੇ ਇਸ ਇੱਛਾ ਦੀ ਤੀਜੀ ਕਾਂਗਰਸ ਵਿੱਚ ਪਰਖ ਕਰਾਉਣੋਂ ਡਰਦੇ ਹਨ।

ਅਕਤੂਬਰ 1903 ਨੂੰ ਪਹਿਲਾਂ ਦੇ ਸੰਪਾਦਕਾਂ ਨੂੰ ਲਿਖਿਆ: ਜਾਂ ਤਾਂ ਇਹ ਨਿੱਜੀ ਖਿਝ ਦਾ ਮਾਮਲਾ ਹੈ, (ਜਿਸ ਹਾਲਤ ਵਿੱਚ, **ਜੇ ਹਾਲਤ ਉੱਕਾ ਹੀ ਨਿੱਘਰ ਜਾਵੇ**, ਅਸੀਂ ਇਥੋਂ ਤੱਕ ਕਿ "ਕੁਆਪਟ" ਕਰ ਲਵਾਂਗੇ), ਜਾਂ ਇਹ ਅਸੂਲ ਦਾ ਮਾਮਲਾ ਹੈ (ਜਿਸ ਹਾਲਤ ਵਿੱਚ ਇਹ ਲਾਜ਼ਮੀ ਹੈ ਕਿ ਤੁਸੀਂ **ਪਹਿਲਾਂ** ਪਾਰਟੀ ਨੂੰ ਨਿਸ਼ਚਾ ਕਰਾਓ ਅਤੇ ਕੇਵਲ ਉਸ ਤੋਂ ਪਿੱਛੋਂ ਕੇਂਦਰੀ ਸੰਸਥਾਵਾਂ ਦੀ ਸ਼ਖ਼ਸੀ ਬਣਤਰ ਦੀ ਤਬਦੀਲੀ ਸਬੰਧੀ ਗੱਲ ਕਰੋ)। ਕੇਂਦਰੀ ਕਮੇਟੀ ਆਪਣੇ ਲਈ ਇਹ ਨਾਜ਼ੁਕ ਚੋਣ ਕਰਨਾ ਵਧੇਰੇ ਤਤਪਰਤਾ ਨਾਲ਼ ਮਾਰਤੋਵਵਾਦੀਆਂ ਉੱਤੇ ਛੱਡ ਸਕਦੀ ਸੀ ਕਿਉਂਕਿ **ਐਨ ਉਸ ਸਮੇਂ** ਮਾਰਤੋਵ ਨੇ ਆਪਣੇ profession de foi* ("ਇੱਕ ਵਾਰ ਫਿਰ ਘੱਟਗਿਣਤੀ ਵਿੱਚ") ਵਿੱਚ ਹੇਠ ਲਿਖੀ ਗੱਲ ਲਿਖੀ:

"**ਘੱਟਗਿਣਤੀ ਇੱਕੋ ਇੱਕ ਮਾਣ ਦਾ ਦਾਅਵਾ ਕਰਦੀ ਹੈ**, ਅਰਥਾਤ, ਸਾਡੀ ਪਾਰਟੀ ਦੇ ਇਤਿਹਾਸ ਵਿੱਚ ਅਜਿਹੇ ਪਹਿਲੇ ਹੋਣਾ ਦਰਸਾਉਣ ਦਾ ਕਿ ਬੰਦਾ 'ਹਾਰ ਸਕਦਾ' ਹੈ **ਅਤੇ ਇਹਦੇ ਬਾਵਜੂਦ ਇੱਕ ਨਵੀਂ ਪਾਰਟੀ ਨਹੀਂ ਬਣਾਉਂਦਾ**। ਘੱਟਗਿਣਤੀ ਦਾ ਇਹ ਮਤ ਪਾਰਟੀ ਦੇ ਜਥੇਬੰਦਕ ਵਿਕਾਸ ਸਬੰਧੀ ਉਹਨਾਂ ਦੇ ਵਿਚਾਰਾਂ ਤੋਂ ਪੈਦਾ ਹੁੰਦਾ ਹੈ; ਇਹ ਉਹਨਾਂ ਦੀ ਪਾਰਟੀ ਦੇ ਪਹਿਲੀਆਂ ਦੇ ਕੰਮ ਨਾਲ਼ ਇਨਕਲਾਬਾਂ ਦੀ ਰਹੱਸਵਾਦੀ ਸ਼ਕਤੀ ਵਿੱਚ ਨਿਸ਼ਚਾ ਨਹੀਂ, ਅਤੇ ਉਹਨਾਂ **ਡੂੰਘੀਆਂ ਜੜ੍ਹਾਂ** ਵਿੱਚ, ਜਿਹੜੀਆਂ **ਜੀਵਨ ਵਿੱਚ** ਉਹਨਾਂ ਦੇ ਯਤਨਾਂ ਦੀਆਂ ਹਨ, ਇਸ ਗੱਲ ਦੀ ਜ਼ਾਮਨੀ ਵੇਖਦੇ ਹਨ ਕਿ **ਪਾਰਟੀ ਦੇ ਅੰਦਰ ਖ਼ਾਲਸ ਵਿਚਾਰਧਾਰਕ ਪ੍ਰਚਾਰ ਰਾਹੀਂ ਉਹ ਜਥੇਬੰਦੀ ਦੇ ਆਪਣੇ ਨਿਯਮਾਂ ਦੀ ਜਿੱਤ ਪ੍ਰਾਪਤ ਕਰਨਗੇ**" (ਸ਼ਬਦਾਂ ਉੱਤੇ ਜ਼ੋਰ ਮੈਂ ਦਿੱਤਾ ਹੈ।)

ਕਿੰਨੇ ਮਾਣ-ਮੱਤੇ ਅਤੇ ਸ਼ਾਨਦਾਰ ਸ਼ਬਦ! ਅਤੇ ਘਟਨਾਵਾਂ ਰਾਹੀਂ ਇਹ ਵਿਖਾਇਆ ਜਾਣਾ ਕਿੰਨਾ ਕੌੜਾ ਸੀ ਕਿ ਇਹ **—ਬਸ ਸ਼ਬਦ ਹੀ ਸਨ**...। ਮੇਰਾ ਵਿਚਾਰ ਹੈ, ਸਾਥੀ ਮਾਰਤੋਵ, ਤੂੰ ਮੈਨੂੰ ਮਾਫ਼ ਕਰ ਦੇਵੇਂਗਾ। **ਮੈਂ ਬਹੁਗਿਣਤੀ ਵੱਲੋਂ** ਇਸ "ਮਾਣ" ਦਾ **ਦਾਅਵਾ ਕਰਾਂ**, ਜਿਸਦਾ **ਤੈਨੂੰ ਕਦੀ ਹੱਕ ਨਹੀਂ ਰਿਹਾ**। ਇਹ ਮਾਣ ਸੱਚਮੁਚ ਮਹਾਨ ਹੋਵੇਗਾ, ਲੜਨ ਯੋਗ, ਕਿਉਂਕਿ ਮੰਡਲਾਂ ਨੇ ਸਾਡੇ ਕੋਲ ਫੁੱਟਾਂ ਵੱਲ ਅਤਿਅੰਤ ਮੌਜੀ ਵਤੀਰੇ ਅਤੇ ਇਹ ਅਖਾਣ ਅਸਧਾਰਨ ਤੌਰ ਉੱਤੇ ਉਦਮੀ ਢੰਗ ਨਾਲ਼ ਲਾਗੂ ਕਰਨ ਦੀ ਪ੍ਰੰਪਰਾ ਛੱਡੀ ਹੈ: "ਗੁਥਮ-ਗੁੱਥਾ, ਜਾਂ ਹੱਥ ਮਿਲਾਓ!"

———————————

ਵੱਡੀ ਖ਼ੁਸ਼ੀ (ਇੱਕ ਇੱਕ-ਮੁਠ ਪਾਰਟੀ ਹੋਣ ਦੀ) ਨੇ ਨਿੱਕੀਆਂ ਖਿਝਾਂ (ਕੁਆਪਸ਼ਨ ਸਬੰਧੀ ਖਹਿਬੜਾਂ) ਉੱਤੇ ਭਾਰੂ ਹੋਣਾ ਸੀ ਅਤੇ ਭਾਰੂ ਹੋ ਗਈ। ਮੈਂ ਕੇਂਦਰੀ ਬੁਲਾਰੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਸਾਥੀ ਯ. ਨੇ (ਜਿਸਨੂੰ ਪਲੈਖ਼ਾਨੋਵ ਨੇ ਅਤੇ ਮੈਂ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਵੱਲੋਂ ਪਾਰਟੀ ਪ੍ਰੀਸ਼ਦ ਵਿੱਚ ਭੇਜਿਆ ਸੀ) ਪ੍ਰੀਸ਼ਦ ਤੋਂ ਅਸਤੀਫ਼ਾ ਦੇ ਦਿੱਤਾ। ਮਾਰਤੋਵਵਾਦੀਆਂ ਨੇ ਅਮਨ ਸਬੰਧੀ ਕੇਂਦਰੀ ਕਮੇਟੀ ਦੀ ਅਖ਼ੀਰੀ ਗੱਲ ਦਾ ਉੱਤਰ ਇੱਕ ਖ਼ਤ

* ਨਿਸ਼ਚਾ ਦਾ ਐਲਾਨ। **—ਸੰਪਾ.**

ਨਾਲ਼ ਦਿੱਤਾ (ਵੇਖੋ ਵਰਣਨ ਕੀਤੀਆਂ ਪ੍ਰਕਾਸ਼ਨਾਵਾਂ) ਜਿਹੜਾ ਯੁੱਧ ਦੇ ਐਲਾਨ ਦੇ ਤੁੱਲ ਸੀ। ਉਦੋਂ ਅਤੇ ਕੇਵਲ ਉਦੋਂ ਮੈਂ ਸੰਪਾਦਕ ਮੰਡਲ ਨੂੰ ("ਇਸਕਰਾ" ਨੰ. 53) ਨੂੰ ਪ੍ਰਕਾਸ਼ਨ ਦੇ ਵਿਸ਼ੇ ਉੱਤੇ ਆਪਣਾ ਖ਼ਤ ਲਿਖਿਆ। ਜੇ ਮਾਮਲਾ ਸੋਧਵਾਦ ਸਬੰਧੀ ਗੱਲ ਕਰਨ ਅਤੇ ਅਸਥਿਰਤਾ, ਅਰਾਜਕਤਾਵਾਦੀ ਵਿਅਕਤੀਵਾਦ, ਅਤੇ ਵੱਖ ਵੱਖ ਨੇਤਾਵਾਂ ਦੀ ਹਾਰ ਵਿਚਾਰਨ ਤੱਕ ਅੱਪੜਦਾ ਹੈ, ਤਾਂ, ਭੱਦਰ-ਪੁਰਸ਼ੋ, ਆਓ ਜੋ ਕੁੱਝ ਵਾਪਰਿਆ ਹੈ ਉਸ ਸਾਰੇ ਦਾ ਸਾਰਾ, ਰੱਖ ਰਖਾ ਤੋਂ ਬਿਨਾਂ ਦੱਸੀਏ—ਪ੍ਰਕਾਸ਼ਨ ਸਬੰਧੀ ਖ਼ਤ ਦਾ ਸਾਰ ਇਹ ਸੀ। ਸੰਪਾਦਕ ਮੰਡਲ ਨੇ ਗ਼ੁਸੈਲੀਆਂ ਗਾਲ੍ਹਾਂ ਅਤੇ ਵੱਡ-ਸਾਹਬੀ ਤਾੜਨਾ ਨਾਲ਼ ਉੱਤਰ ਦਿੱਤਾ: **"ਮੰਡਲ ਜੀਵਨ ਦੀ ਤੁੱਛਤਾ ਅਤੇ ਖਹਿਬੜਾਂ"** ਨੂੰ ਉਭਾਰਨ ਦੀ ਦਲੇਰੀ ਨਾ ਕਰੋ ("ਇਸਕਰਾ", ਨੰ. 53)। ਮੈਂ ਮਨ ਹੀ ਮਨ ਵਿੱਚ ਸੋਚਿਆ ਕੀ ਮਾਮਲਾ ਅਜਿਹਾ ਹੈ: "ਮੰਡਲ ਜੀਵਨ ਦੀ ਤੁੱਛਤਾ ਅਤੇ ਖਹਿਬੜਾਂ" ?...ਸੋ, es ist mir recht*, ਭੱਦਰ-ਪੁਰਸ਼ੋ, ਇਥੇ ਮੈਂ ਤੁਹਾਡੇ ਨਾਲ਼ ਸਹਿਮਤ ਹਾਂ। ਲਓ, ਇਹਦਾ ਅਰਥ ਹੈ ਤੁਸੀਂ "ਕੁਆਪਸ਼ਨ" ਸਬੰਧੀ ਇਸ ਸਾਰੀ ਕੁੜ ਕੁੜ ਨੂੰ **ਮੰਡਲ ਖਹਿਬੜ** ਸਮਝਦੇ ਹੋ। ਇਹ ਠੀਕ ਹੈ। ਪਰ ਇਹ ਕਿਹੜੀ ਅਣਬਣ ਹੈ, ਉਸੇ ਅੰਕ, ਅੰਕ 53, ਵਿੱਚ ਇਹ ਉਹੋ ਸੰਪਾਦਕ ਮੰਡਲ (ਸਾਨੂੰ ਇਹੋ ਹੀ ਫ਼ਰਜ਼ ਕਰਨਾ ਚਾਹੀਦਾ ਹੈ) ਨੌਕਰਸ਼ਾਹੀ, ਰੀਤੀਵਾਦ ਅਤੇ ਹੋਰ ਅਜਿਹੀਆਂ ਗੱਲਾਂ ਦੀ ਗੱਲ ਕਰਦਾ ਹੈ।** ਕੇਂਦਰੀ ਬੁਲਾਰੇ ਲਈ ਕੁਆਪਸ਼ਨ ਲੜਾਈ ਦਾ ਸਵਾਲ ਉਠਾਉਣ ਦੀ ਹਿੰਮਤ ਨਾ ਕਰੋ, ਕਿਉਂਕਿ ਇਹ ਖਹਿਬੜਨਾ ਹੋਵੇਗਾ। ਪਰ ਅਸੀਂ ਕੇਂਦਰੀ ਕਮੇਟੀ ਲਈ ਕੁਆਪਸ਼ਨ ਦਾ ਸਵਾਲ ਉਠਾਵਾਂਗੇ, ਅਤੇ ਇਹਨੂੰ ਖਹਿਬੜਨਾ ਨਹੀਂ ਕਹਾਂਗੇ, ਸਗੋਂ "ਰੀਤੀਵਾਦ" ਦੇ ਸਵਾਲ ਸਬੰਧੀ ਅਸੂਲ ਦਾ ਵਿਰੋਧ ਕਹਾਂਗੇ। ਨਹੀਂ, ਪਿਆਰੇ ਸਾਥੀਓ, ਮੈਂ ਆਪਣੇ ਆਪ ਨੂੰ ਕਿਹਾ, ਮੈਨੂੰ ਆਗਿਆ ਦਿਓ ਕਿ ਮੈਂ ਤੁਹਾਨੂੰ ਅਜਿਹਾ ਕਰਨ ਦੀ ਆਗਿਆ ਨਾ ਦਿਆਂ। ਤੁਸੀਂ ਮੇਰੀ ਗੜ੍ਹੀ ਉੱਤੇ ਗੋਲ਼ਾਬਾਰੀ ਕਰਨਾ ਚਾਹੁੰਦੇ ਹੋ, ਅਤੇ ਇਹਦੇ ਬਾਵਜੂਦ ਮੰਗ ਕਰਦੇ ਹੋ ਕਿ ਮੈਂ ਆਪਣਾ ਤੋਪਖ਼ਾਨਾ ਤੁਹਾਡੇ ਹਵਾਲੇ ਕਰ ਦਿਆਂ। ਤੁਸੀਂ ਕਿਹੋ ਜਿਹੇ ਮਸਖ਼ਰੇ ਹੋ! ਅਤੇ ਸੋ ਮੈਂ ਆਪਣਾ "ਸੰਪਾਦਕਾਂ ਦੇ ਨਾਂ ਖ਼ਤ" ("ਮੈਂ 'ਇਸਕਰਾ' ਦੇ ਸੰਪਾਦਕ ਮੰਡਲ ਤੋਂ ਅਸਤੀਫ਼ਾ ਕਿਉਂ ਦਿੱਤਾ?") ਲਿਖਿਆ ਅਤੇ "ਇਸਕਰਾ" ਤੋਂ ਬਾਹਰ ਛਪਵਾਇਆ, ਸੰਖੇਪ ਤੌਰ ਉੱਤੇ ਉਹ ਸਭ ਕੁੱਝ ਬਿਆਨ ਕੀਤਾ ਜਿਹੜਾ ਵਾਪਰਿਆ ਸੀ ਅਤੇ ਇੱਕ ਵਾਰ ਫਿਰ ਇਹ ਪੁੱਛਿਆ ਕਿ ਕੀ ਹੇਠ ਲਿਖੀ ਵੰਡ ਦੇ ਅਧਾਰ ਉੱਤੇ ਅਮਨ ਸੰਭਵ ਨਹੀਂ ਸੀ: ਤੁਸੀਂ ਕੇਂਦਰੀ ਬੁਲਾਰਾ ਸਾਂਭ ਲਓ, ਅਸੀਂ ਕੇਂਦਰੀ ਕਮੇਟੀ ਲੈ ਲੈਂਦੇ ਹਾਂ। ਤਾਂ ਕੋਈ ਧਿਰ ਪਾਰਟੀ ਵਿੱਚ ਆਪਣੇ ਆਪ

---

* ਇਹ ਮੇਰਾ ਹੱਕ ਹੈ। **—ਅਨੁ.**

** ਜਿਹਾ ਕਿ ਪਿੱਛੋਂ ਪਤਾ ਲੱਗਾ "ਅਣਬਣ" ਦੀ ਵਿਆਖਿਆ ਬਹੁਤ ਸੌਖੇ ਹੋ ਗਈ—ਇਹ ਕੇਂਦਰੀ ਬੁਲਾਰੇ ਦੇ ਸੰਪਾਦਕਾਂ ਵਿੱਚ ਅਣਬਣ ਸੀ। "ਖਹਿਬੜਨ" ਸਬੰਧੀ ਲਿਖਣ ਵਾਲ਼ਾ ਪਲੈਖ਼ਾਨੋਵ ਸੀ ("ਇੱਕ ਦੁਖਦਾਈ ਭੁਲੇਖਾ", ਅੰਕ 57 ਵਿੱਚ ਉਹਦਾ ਇਕਬਾਲ ਵੇਖੋ), ਜਿੱਥੇ ਕਿ ਸੰਪਾਦਕੀ "ਸਾਡੀ ਕਾਂਗਰਸ" ਮਾਰਤੋਵ ਨੇ ਲਿਖਿਆ ਸੀ ("ਘੇਰੇ ਦੀ ਹਾਲਤ", ਪੰਨਾ 84)। ਉਹ ਵੱਖ ਵੱਖ ਦਿਸ਼ਾਵਾਂ ਵੱਲ ਜ਼ੋਰ ਲਾ ਰਹੇ ਸਨ।

ਨੂੰ "ਓਪਰਾ" ਨਹੀਂ ਸਮਝੇਗੀ, ਅਤੇ ਅਸੀਂ ਮੌਕਾਪ੍ਰਸਤ ਵੱਲ ਝੂਲਣ ਸਬੰਧੀ ਬਹਿਸ ਕਰਾਂਗੇ, ਪਹਿਲਾਂ ਅਖ਼ਬਾਰਾਂ ਵਿੱਚ, ਅਤੇ ਫਿਰ, ਸ਼ਾਇਦ, ਤੀਜੀ ਪਾਰਟੀ ਕਾਂਗਰਸ ਵਿੱਚ।

ਅਮਨ ਦਾ ਜ਼ਿਕਰ ਹੋਣ ਉੱਤੇ ਦੁਸ਼ਮਣ ਨੇ ਆਪਣੇ ਸਾਰੇ ਤੋਪਖਾਨਿਆਂ ਨਾਲ਼ ਗੋਲ਼ਾਬਾਰੀ ਸ਼ੁਰੂ ਕਰ ਦਿੱਤੀ, ਇਥੋਂ ਤੱਕ ਕਿ ਇਹਨਾਂ ਵਿੱਚ ਪ੍ਰੀਸ਼ਦ ਵੀ ਸ਼ਾਮਲ ਸੀ। ਗੋਲ਼ੇ ਮੇਰੇ ਸਿਰ ਉੱਤੇ ਡਿੱਗਣ ਲੱਗ ਪਏ। ਆਪਹੁਦਰਾ, ਸ਼ਵਾਈਟਜ਼ਰ, ਨੌਕਰਸ਼ਾਹ, ਰੀਤੀਵਾਦੀ, ਅਤੀ-ਕੇਂਦਰ, ਇੱਕ-ਪੱਖੀ, ਹੈਂਕੜੀ, ਅੜੀਅਲ, ਤੰਗ-ਨਜ਼ਰ, ਸ਼ੱਕੀ, ਲੜਾਕਾ।...ਬਹੁਤ ਹੱਛਾ ਮੇਰੇ ਮਿਤਰੋ! ਕੀ ਤੁਸਾਂ ਗੱਲ ਮੁਕਾ ਲਈ ਹੈ? ਤੁਹਾਡੇ ਕੋਲ਼ ਰਾਖਵਾਂ ਕੁੱਝ ਨਹੀਂ? ਬਹੁਤ ਘਟੀਆ ਬਾਰੂਦ, ਮੈਂ ਜ਼ਰੂਰ ਕਹਾਂਗਾ।...

ਹੁਣ ਆਉਂਦੀ ਹੈ ਮੇਰੀ ਵਾਰੀ। ਆਓ ਅਸੀਂ ਜਥੇਬੰਦੀ ਸਬੰਧੀ ਨਵੇਂ "ਇਸਕਰਾ" ਦੇ ਨਵੇਂ ਵਿਚਾਰਾਂ ਦੇ ਤੱਤ ਨੂੰ ਅਤੇ ਇਹਨਾਂ ਵਿਚਾਰਾਂ ਦੇ ਸਾਡੀ ਪਾਰਟੀ ਦੀ "ਬਹੁਗਿਣਤੀ" ਅਤੇ "ਘੱਟਗਿਣਤੀ" ਵਿੱਚ ਵੰਡ ਨਾਲ਼, ਜਿਸਦਾ ਅਸਲੀ ਖ਼ਾਸਾ ਅਸਾਂ ਦੂਜੀ ਕਾਂਗਰਸ ਵਿੱਚ ਬਹਿਸਾਂ ਅਤੇ ਵੋਟਾਂ ਦੇ ਆਪਣੇ ਵਿਸ਼ਲੇਸ਼ਣ ਰਾਹੀਂ ਵਿਖਾ ਦਿੱਤਾ ਹੈ।

## ਠ. ਨਵਾਂ "ਇਸਕਰਾ"। ਜਥੇਬੰਦੀ ਦੇ ਸਵਾਲਾਂ ਵਿੱਚ ਮੌਕਾਪ੍ਰਸਤੀ

ਨਵੇਂ "ਇਸਕਰਾ" ਦੇ ਅਸੂਲਾਂ ਦੇ ਵਿਸ਼ਲੇਸ਼ਣ ਦੇ ਅਧਾਰ ਲਈ ਸਾਨੂੰ ਬਿਨਾਂ ਸ਼ੱਕ ਸਾਥੀ ਐਕਸਲਰੋਦ ਦੇ ਦੋ ਲੇਖ ਲੈਣੇ ਚਾਹੀਦੇ ਹਨ।* ਉਹਦੇ ਮਨਪਸੰਦ ਚਹੇਤੇ ਸ਼ਬਦਾਂ ਵਿੱਚੋਂ ਕੁੱਝ ਦੇ ਸਥੂਲ ਅਰਥ ਪਹਿਲਾਂ ਹੀ ਵਿਸਥਾਰ ਨਾਲ਼ ਵਿਖਾਏ ਜਾ ਚੁੱਕੇ ਹਨ। ਹੁਣ ਇਹ ਲਾਜ਼ਮੀ ਹੈ ਕਿ ਅਸੀਂ ਉਹਨਾਂ ਦੇ ਸਥੂਲ ਅਰਥਾਂ ਨੂੰ ਇੱਕ ਪਾਸੇ ਛੱਡ ਦੇਈਏ ਅਤੇ ਸੋਚ ਦੀ ਉਸ ਲੀਹ ਤੱਕ ਚੁੱਭੀ ਮਾਰੀਏ ਜਿਨ੍ਹਾਂ ਕਾਰਨ "ਘੱਟਗਿਣਤੀ" (ਇਸ ਜਾਂ ਉਸ ਨਿੱਕੇ ਜਾਂ ਤੁੱਛ ਮਾਮਲੇ ਸਬੰਧੀ) ਹੋਰਾਂ ਦੀ ਥਾਂ ਇਹਨਾਂ ਨਿਸ਼ਚਿਤ ਨਾਹਰਿਆਂ ਉੱਤੇ ਅੱਪੜੀ, ਇਹ ਲਾਜ਼ਮੀ ਹੈ ਕਿ ਉਹਨਾਂ ਦੇ ਆਦਿ ਨੂੰ ਅੱਖੋਂ ਉਹਲੇ ਕਰਦੇ ਹੋਏ, "ਕੁਆਪਸ਼ਨ" ਦੇ ਸਵਾਲ ਨੂੰ ਅੱਖੋਂ ਉਹਲੇ ਕਰਦੇ ਹੋਏ ਅਸੀਂ ਇਹਨਾਂ ਨਾਹਰਿਆਂ ਪਿੱਛੇ ਅਸੂਲਾਂ ਦਾ ਮੁਆਇਨਾ ਕਰੀਏ। ਰਿਆਇਤਾਂ ਦੇਣਾ ਅੱਜ ਕੱਲ ਫ਼ੈਸ਼ਨ ਬਣ ਗਿਆ ਹੈ, ਸੋ ਆਓ ਅਸੀਂ ਸਾਥੀ ਐਕਸਲਰੋਦ ਨੂੰ ਰਿਆਇਤ ਦੇਈਏ ਅਤੇ ਉਹਦੇ "ਸਿਧਾਂਤ" ਨੂੰ "ਗੰਭੀਰਤਾ ਨਾਲ਼" ਲਈਏ।

ਸਾਥੀ ਐਕਸਲਰੋਦ ਦਾ ਬੁਨਿਆਦੀ ਥੀਸਿਸ ("ਇਸਕਰਾ", ਅੰਕ 57) ਇਹ ਹੈ ਕਿ "ਮੁੱਢ ਤੋਂ ਸਾਡੀ ਲਹਿਰ ਵਿੱਚ ਦੋ ਵਿਰੋਧੀ ਮੁਹਾਣ ਰਹੇ ਹਨ, ਜਿਨ੍ਹਾਂ ਦਾ ਬੁਨਿਆਦੀ ਵਿਰੋਧ ਵਿਕਸਤ ਹੋਏ ਅਤੇ ਆਪਣੇ ਵਿਕਾਸ ਦੇ ਨਾਲ਼ ਹੀ ਨਾਲ਼ ਲਹਿਰ ਉੱਤੇ ਪ੍ਰਭਾਵ ਪਾਏ ਬਿਨਾਂ ਨਹੀਂ ਸੀ ਰਹਿ ਸਕਦਾ"। ਨਿਸ਼ਚਿਤ ਗੱਲ ਕਰਦੇ ਹੋਏ: "ਅਸੂਲੀ ਤੌਰ ਉੱਤੇ [ਰੂਸ

---

* ਇਹ ਲੇਖ ਸੰਗ੍ਰਹਿ " 'ਇਸਕਰਾ', ਦੋ ਵਰ੍ਹਿਆਂ ਵਿੱਚ", ਭਾਗ 2, ਪੰਨਾ 122 ਅਤੇ ਉਸ ਤੋਂ ਅੱਗੇ (ਸੇਂਟ-ਪੀਟਰਜ਼ਬਰਗ, 1906) ਵਿੱਚ ਸ਼ਾਮਲ ਕੀਤੇ ਗਏ ਸਨ। (1907 ਦੀ ਛਾਪ ਲਈ ਲੇਖਕ ਵੱਲੋਂ ਟੂਕ। —**ਸੰਪਾ.**)

ਵਿੱਚ] ਲਹਿਰ ਦਾ ਪ੍ਰੋਲੇਤਾਰੀ ਮੰਤਵ ਉਹੋ ਹੈ ਜਿਹੜਾ ਪੱਛਮੀ ਸੋਸ਼ਲ–ਡੈਮੋਕ੍ਰੇਸੀ ਦਾ।" ਪਰ ਸਾਡੇ ਦੇਸ਼ ਵਿੱਚ ਕਿਰਤੀਆਂ ਦੇ ਸਮੂਹ "ਆਪਣੇ ਤੋਂ ਓਪਰੇ ਇੱਕ ਸਮਾਜੀ ਤੱਤ" ਤੋਂ, ਅਰਥਾਤ, ਗਰਮ–ਖ਼ਿਆਲ ਬੁੱਧੀਜੀਵੀਆਂ ਤੋਂ ਪ੍ਰਭਾਵਤ ਹੁੰਦੇ ਹਨ। ਅਤੇ ਸੋ ਸਾਥੀ ਐਕਸਲਰੋਦ ਸਾਡੀ ਪਾਰਟੀ ਵਿੱਚ ਪ੍ਰੋਲੇਤਾਰੀ ਅਤੇ ਗਰਮ–ਖ਼ਿਆਲ–ਬੁੱਧੀਜੀਵੀ ਮੁਹਾਣ ਵਿਚਕਾਰ ਵਿਰੋਧ ਦੀ ਹੋਂਦ ਸਾਬਤ ਕਰਦਾ ਹੈ।

ਬਿਨਾਂ ਸ਼ੱਕ ਇਸ ਵਿੱਚ ਸਾਥੀ ਐਕਸਲਰੋਦ ਠੀਕ ਹੈ। ਅਜਿਹੀ ਟੱਕਰ ਦੀ ਹੋਂਦ (ਅਤੇ ਕੇਵਲ ਰੂਸੀ ਸੋਸ਼ਲ–ਡੈਮੋਕ੍ਰੈਟਕ ਪਾਰਟੀ ਵਿੱਚ ਹੀ ਨਹੀਂ) ਨਿਰਵਿਵਾਦ ਹੈ। ਇਸ ਤੋਂ ਵੱਧ ਸਾਰੇ ਜਾਣਦੇ ਹਨ ਕਿ ਇਹ ਟੱਕਰ ਵੱਡੀ ਹੱਦ ਤੱਕ ਅਜੋਕੀ ਸੋਸ਼ਲ–ਡੈਮੋਕ੍ਰੇਸੀ ਦੀ ਇਨਕਲਾਬੀ (ਜਿਸਨੂੰ ਪੁਰਾਤਨਤਾਵਾਦੀ ਵੀ ਕਿਹਾ ਜਾਂਦਾ ਹੈ) ਅਤੇ ਮੌਕਾਪ੍ਰਸਤ (ਸੋਧਵਾਦੀ, ਮੰਤਰੀਵਾਦੀ[42], ਸੁਧਾਰਵਾਦੀ) ਸੋਸ਼ਲ–ਡੈਮੋਕ੍ਰੇਸੀ ਵਿੱਚ ਵੰਡ ਦਾ ਕਾਰਨ ਹੈ, ਜਿਹੜੀ ਸਾਡੀ ਲਹਿਰ ਦੇ ਪਿਛਲੇ ਦਸਾਂ ਵਰ੍ਹਿਆਂ ਵਿੱਚ ਰੂਸ ਵਿੱਚ ਵੀ ਪੂਰੀ ਤਰ੍ਹਾਂ ਸਪਸ਼ਟ ਹੋ ਗਈ ਹੈ। ਹਰ ਇੱਕ ਇਹ ਵੀ ਜਾਣਦਾ ਹੈ ਕਿ ਲਹਿਰ ਦੇ ਪ੍ਰੋਲੇਤਾਰੀ ਮੁਹਾਣ ਦੀ ਪ੍ਰਤੀਨਿਧਤਾ ਪੁਰਾਤਨਤਾਵਾਦੀ ਸੋਸ਼ਲ–ਡੈਮੋਕ੍ਰੇਸੀ ਕਰਦੀ ਹੈ, ਜਿਥੇ ਕਿ ਜਮਹੂਰੀ ਬੁੱਧੀਜੀਵੀਆਂ ਦੇ ਮੁਹਾਣ ਦੀ ਪ੍ਰਤੀਨਿਧਤਾ ਮੌਕਾਪ੍ਰਸਤ ਸੋਸ਼ਲ–ਡੈਮੋਕ੍ਰੇਸੀ ਕਰਦੀ ਹੈ।

ਪਰ ਆਮ ਗਿਆਨ ਦੇ ਇਸ ਟੋਟੇ ਦੇ ਇੰਨਾ ਜ਼ਿਆਦਾ ਨੇੜੇ ਅੱਪੜਨ ਪਿੱਛੋਂ ਸਾਥੀ ਐਕਸਲਰੋਦ ਡਰੂ ਢੰਗ ਨਾਲ਼ ਪਿੱਛੇ ਹਟਣ ਲੱਗ ਪੈਂਦਾ ਹੈ। ਉਹ ਇਹ ਵਿਸ਼ਲੇਸ਼ਣ ਕਰਨ ਦਾ **ਥੋੜ੍ਹੇ ਤੋਂ ਥੋੜ੍ਹਾ ਯਤਨ** ਵੀ ਨਹੀਂ ਕਰਦਾ ਕਿ ਇਸ ਵੰਡ ਨੇ ਆਪਣੇ ਆਪ ਨੂੰ ਰੂਸੀ ਸੋਸ਼ਲ–ਡੈਮੋਕ੍ਰੇਸੀ ਦੇ ਇਤਿਹਾਸ ਵਿੱਚ ਆਮ ਤੌਰ ਉੱਤੇ ਅਤੇ ਸਾਡੀ ਪਾਰਟੀ ਕਾਂਗਰਸ ਵਿੱਚ ਵਿਸ਼ੇਸ਼ ਤੌਰ ਉੱਤੇ ਕਿਵੇਂ ਪ੍ਰਗਟ ਕੀਤਾ, ਭਾਵੇਂ ਉਹ ਕਾਂਗਰਸ ਸਬੰਧੀ ਲਿਖ ਰਿਹਾ ਹੈ! ਨਵੇਂ "ਇਸਕਰਾ" ਦੇ ਹੋਰ ਸਾਰੇ ਸੰਪਾਦਕਾਂ ਵਾਂਗ ਸਾਥੀ ਐਕਸਲਰੋਦ ਇਸ ਕਾਂਗਰਸ ਦੀ ਕਾਰਵਾਈ ਤੋਂ **ਮੌਤ ਵਾਂਗ ਡਰਦਾ ਹੈ।** ਜੋ ਕੁੱਝ ਪਿੱਛੇ ਕਿਹਾ ਗਿਆ ਹੈ ਉਸ ਤੋਂ ਪਿੱਛੋਂ ਸਾਨੂੰ ਇਸ ਉੱਤੇ ਹੈਰਾਨੀ ਨਹੀਂ ਹੋਣੀ ਚਾਹੀਦੀ, ਪਰ ਇੱਕ ਅਜਿਹੇ "ਸਿਧਾਂਤਕਾਰ" ਵਿੱਚ, ਜਿਹੜਾ ਸਾਡੀ ਲਹਿਰ ਵਿੱਚ ਵੱਖ ਵੱਖ ਮੁਹਾਣਾਂ ਦੀ ਖੋਜ ਕਰਨ ਦਾ ਦਾਅਵਾ ਕਰਦਾ ਹੈ, ਇਹ ਸੱਚਮੁਚ **ਸੱਚ ਦੇ ਭੈਅ** ਦਾ ਅਨੋਖਾ ਮਾਮਲਾ ਹੈ। ਇਸ ਰੋਗ ਕਾਰਨ, ਸਾਡੀ ਲਹਿਰ ਵਿੱਚ ਮੁਹਾਣਾਂ ਸਬੰਧੀ ਇਸ ਨਵੀਨਤਮ ਅਤੇ ਵੱਧ ਤੋਂ ਵੱਧ ਸ਼ੁੱਧ ਸਮੱਗਰੀ ਤੋਂ ਪਿੱਛੇ ਹੱਟਦੇ ਹੋਏ ਸਾਥੀ ਐਕਸਲਰੋਦ ਸੁਖਾਵੇਂ ਖ਼ਿਆਲੀ ਪੁਲਾ ਪਕਾਉਣ ਦੇ ਖੇਤਰ ਵਿੱਚ ਮੁਕਤੀ ਖੋਜਦਾ ਹੈ। ਉਹ ਲਿਖਦਾ ਹੈ: "ਕੀ ਕਨੂੰਨੀ ਮਾਰਕਸਵਾਦ ਜਾਂ ਅਰਧ–ਮਾਰਕਸਵਾਦ ਨੇ ਸਾਡੇ ਉਦਾਰਪੰਥੀਆਂ ਨੂੰ ਇੱਕ ਸਾਹਿਤਕ ਨੇਤਾ ਉਪਲਬਧ ਨਹੀਂ ਕਰਾਇਆ ? ਚੋਜੀ ਇਤਿਹਾਸ ਇਨਕਲਾਬੀ ਬੁਰਜੂਆ ਜਮਹੂਰੀਅਤ ਨੂੰ ਪੁਰਾਤਨਵਾਦੀ ਇਨਕਲਾਬੀ ਮਾਰਕਸਵਾਦ ਦੀ ਪਰਪਾਟੀ ਵਿੱਚ ਨੇਤਾ ਉਪਲਬਧ ਕਿਉਂ ਨਾ ਕਰੇ ?" ਇਸ ਖ਼ਿਆਲੀ ਪੁਲਾ ਸਬੰਧੀ, ਜਿਹੜਾ ਸਾਥੀ ਐਕਸਲਰੋਦ ਨੂੰ ਇੰਨਾ ਸੁਖਾਵਾਂ ਲਗਦਾ ਹੈ, ਅਸੀਂ ਇੰਨਾ ਹੀ ਕਹਿ ਸਕਦੇ ਹਾਂ ਕਿ ਜੇ ਇਤਿਹਾਸ ਕਈ ਵਾਰ ਚੋਜ ਵਿਖਾਉਂਦਾ ਹੈ ਤਾਂ ਇਹ ਉਹਨਾਂ ਵੱਲੋਂ **ਚਿੰਤਨ ਦੇ ਚੋਜ** ਵਿਖਾਉਣ ਲਈ ਕੋਈ ਕਾਰਨ

ਨਹੀਂ ਜਿਹੜੇ ਇਤਿਹਾਸ ਦਾ ਵਿਸ਼ਲੇਸ਼ਣ ਹੱਥ ਵਿੱਚ ਲੈਂਦੇ ਹਨ। ਜਦੋਂ ਉਦਾਰਪੰਥੀ ਨੇ ਅਰਧ-ਮਾਰਕਸਵਾਦ ਦੇ ਨੇਤਾ ਦੇ ਚੋਗ਼ੇ ਹੇਠੋਂ ਝਾਤ ਮਾਰੀ ਤਾਂ ਜਿਹੜੇ ਇਸ "ਮੁਹਾਣ" ਦਾ ਖੁਰਾ ਲੱਭਣ ਚਾਹੁੰਦੇ ਸਨ (**ਅਤੇ ਅਜਿਹਾ ਕਰਨ ਯੋਗ ਸਨ**), ਉਹਨਾਂ ਇਤਿਹਾਸ ਦੇ ਚੋਜਾਂ ਦੀ ਗੱਲ ਨਾ ਕੀਤੀ, ਸਗੋਂ ਉਸ ਨੇਤਾ ਦੀ ਮਨੋ-ਬਿਰਤੀ ਅਤੇ ਤਰਕ ਦੀਆਂ ਦਰਜਨਾਂ ਅਤੇ ਸੈਂਕੜੇ ਉਦਾਹਰਣਾਂ ਵੱਲ, ਬੁਰਜੂਆ ਸਾਹਿਤ ਵਿੱਚ ਮਾਰਕਸਵਾਦ ਦੇ ਪ੍ਰਗਟਾਅ ਦਾ ਭਰਮ ਖੋਹਲ ਦੇਣ ਵਾਲ਼ੇ ਉਹਦੀ ਸਾਹਿਤਕ ਬਣਤਰ ਦੇ ਉਹਨਾਂ ਸਾਰੇ ਲੱਛਣ ਵੱਲ ਸੰਕੇਤ ਕੀਤਾ[43]। ਅਤੇ ਜੇ ਸਾਥੀ ਐਕਸਲਰੋਦ, ਜਿਹੜਾ "ਸਾਡੀ ਲਹਿਰ ਵਿੱਚ ਆਮ-ਇਨਕਲਾਬੀ ਅਤੇ ਪ੍ਰੋਲੇਤਾਰੀ ਮੁਹਾਣ" ਦਾ ਵਿਸ਼ਲੇਸ਼ਣ ਕਰਨ ਟੁਰਦਾ ਹੈ, ਇਸ ਗੱਲ ਦੇ ਸਬੂਤ ਜਾਂ ਸ਼ਹਾਦਤ ਵਜੋਂ **ਕੁੱਝ ਨਾ, ਉੱਕਾ ਕੁੱਝ ਨਾ** ਪੇਸ਼ ਕਰ ਸਕਿਆ, ਕਿ ਪਾਰਟੀ ਵਿੱਚ ਪੁਰਾਤਨਤਾਵਾਦੀ ਪੱਖ ਦੇ, ਜਿਸਨੂੰ ਉਹ ਇੰਨੀ ਘਿਰਣਾ ਕਰਦਾ ਹੈ, ਪ੍ਰਤੀਨਿਧਾਂ ਨੇ ਅਮਕਾ ਅਤੇ ਢਮਕਾ ਮੁਹਾਣ ਵਿਖਾਇਆ ਤਾਂ ਅਜਿਹਾ ਕਰਕੇ ਉਹਨੇ ਕੇਵਲ ਖ਼ੁਦ **ਆਪਣੀ ਕੰਗਾਲੀ ਦੀ ਰਸਮੀ ਸਨਦ** ਹੀ ਜਾਰੀ ਕੀਤੀ। ਜੇ ਉਹ ਬਸ ਇੰਨਾ ਹੀ ਕਰ ਸਕਦਾ ਹੈ ਕਿ ਇਤਿਹਾਸ ਦੇ ਸੰਭਵ ਚੋਜਾਂ ਵੱਲ ਸੰਕੇਤ ਕਰੇ ਤਾਂ ਸਾਥੀ ਐਕਸਲਰੋਦ ਦਾ ਮੁੱਦਾ ਸੱਚ-ਮੁਚ ਬਹੁਤ ਕਮਜ਼ੋਰ ਹੋਵੇਗਾ!

ਸਾਥੀ ਐਕਸਲਰੋਦ ਦਾ ਦੂਜਾ ਇਸ਼ਾਰਾ —"ਜੈਕੋਬਿਨਾਂ" ਵੱਲ—ਹੋਰ ਵਧੇਰੇ ਪ੍ਰਗਟਾਊ ਹੈ। ਸ਼ਾਇਦ ਸਾਥੀ ਐਕਸਲਰੋਦ ਨੂੰ ਪਤਾ ਹੈ ਕਿ ਅਜੋਕੀ ਸੋਸ਼ਲ-ਡੈਮੋਕ੍ਰੇਸੀ ਦੀ ਇਨਕਲਾਬੀ ਅਤੇ ਮੌਕਾਪ੍ਰਸਤੀ ਵਿੱਚ ਵੰਡ ਨੇ ਲੰਮੇ ਸਮੇਂ ਤੋਂ—ਅਤੇ ਕੇਵਲ ਰੂਸ ਵਿੱਚ ਹੀ ਨਹੀਂ — "ਮਹਾਨ ਫ਼ਰਾਂਸੀਸੀ ਇਨਕਲਾਬ ਦੇ ਯੁਗ ਨਾਲ਼ ਇਤਿਹਾਸਕ ਸਮਤੁਲਾਂ" ਨੂੰ ਜਨਮ ਦਿੱਤਾ ਹੈ। ਸ਼ਾਇਦ ਸਾਥੀ ਐਕਸਲਰੋਦ ਨੂੰ ਪਤਾ ਹੈ ਕਿ **ਅਜੋਕੀ ਸੋਸ਼ਲ-ਡੈਮੋਕ੍ਰੇਸੀ ਦੇ ਜਿਰੋਂਦਵਾਦੀ** ਹਰ ਥਾਂ ਅਤੇ ਸਦਾ ਆਪਣੇ ਵਿਰੋਧੀਆਂ ਦਾ ਵਰਣਨ ਕਰਨ ਲਈ "ਜੈਕੋਬਿਨਵਾਦ", "ਬਲਾਂਕੁਈਵਾਦ",[44] ਅਤੇ ਅਜਿਹੇ ਹੋਰ ਸ਼ਬਦਾਂ ਦੀ ਵਰਤੋਂ ਕਰਦੇ ਹਨ। ਆਓ ਅਸੀਂ ਸਾਥੀ ਐਕਸਲਰੋਦ ਦੇ ਸੱਚ ਦੇ ਭੈਅ ਦੀ ਨਕਲ ਨਾ ਕਰੀਏ, ਆਓ ਅਸੀਂ ਆਪਣੀ ਕਾਂਗਰਸ ਦੀ ਕਾਰਵਾਈ ਵੇਖੀਏ ਅਤੇ ਇਹ ਵੇਖੀਏ ਕਿ ਕੀ ਜਿਨ੍ਹਾਂ ਮੁਹਾਣਾਂ ਨੂੰ ਅਸੀਂ ਵਿਚਾਰ ਰਹੇ ਹਾਂ ਅਤੇ ਜਿਨਾਂ ਸਮਤੁਲਾਂ ਦੀ ਅਸੀਂ ਚਰਚਾ ਕਰ ਰਹੇ ਹਾਂ, ਉਹਨਾਂ ਦੇ ਵਿਸ਼ਲੇਸ਼ਣ ਅਤੇ ਪਰਖ ਲਈ ਉਹ ਕੋਈ ਸਮੱਗਰੀ ਦੇਂਦੀ ਹੈ ਜਾਂ ਨਹੀਂ।

ਪਹਿਲੀ ਉਦਾਹਰਣ: ਪ੍ਰੋਗਰਾਮ ਸਬੰਧੀ ਪਾਰਟੀ ਕਾਂਗਰਸ ਵਿੱਚ ਬਹਿਸ। [ਸਾਥੀ ਮਾਰਤੀਨੋਵ ਨਾਲ਼ "ਪੂਰੀ ਤਰ੍ਹਾਂ ਸਹਿਮਤ ਹੁੰਦਾ ਹੋਇਆ"] ਸਾਥੀ ਅਕੀਮੋਵ ਕਹਿੰਦਾ ਹੈ: "ਸਿਆਸੀ ਸੱਤਾ ਉੱਤੇ ਕਬਜ਼ੇ ਸਬੰਧੀ ਧਾਰਾ [ਪ੍ਰੋਲੇਤਾਰੀ ਦੀ ਡਿਕਟੇਟਰੀ]—ਹੋਰ ਸੋਸ਼ਲ-ਡੈਮੋਕ੍ਰੈਟਕ ਪ੍ਰੋਗਰਾਮਾਂ ਦੇ ਮੁਕਾਬਲੇ ਉੱਤੇ—ਇਸ ਢੰਗ ਨਾਲ਼ ਸੂਤਰਬੱਧ ਕੀਤੀ ਗਈ ਹੈ ਕਿ ਇਹਦੀ ਇਸ ਢੰਗ ਨਾਲ਼ ਵਿਆਖਿਆ ਕੀਤੀ ਜਾ ਸਕਦੀ ਹੈ ਅਤੇ ਪਲੈਖ਼ਾਨੋਵ ਨੇ ਕੀਤੀ ਹੈ ਕਿ ਇਹਦਾ ਅਰਥ ਇਹ ਲਿਆ ਜਾ ਸਕਦਾ ਹੈ ਕਿ ਆਗੂ ਜਥੇਬੰਦੀ ਦਾ ਰੋਲ ਉਸ ਜਮਾਤ ਨੂੰ ਪਿਛੋਕੜ ਵਿੱਚ ਧੱਕ ਦੇਵੇਗਾ ਜਿਸਦੀ ਉਹ ਅਗਵਾਈ ਕਰ ਰਹੀ ਹੈ ਅਤੇ ਉਹਨੂੰ ਪਿਛਲੇਰੇ ਤੋਂ ਵੱਖ ਕਰ ਦੇਵੇਗਾ। ਇਹਦੇ ਸਿੱਟੇ ਵਜੋਂ ਸਾਡੇ ਸਿਆਸੀ ਕਾਰਜਾਂ ਦਾ ਸੂਤਰੀਕਰਨ ਉਹੋ ਹੀ

ਹੈ ਜਿਹੋ ਜਿਹਾ 'ਨਰੋਦਨਾਯਾ ਵੋਲੀਆ' ਦਾ।" (ਕਾਰਵਾਈ, ਪੰਨਾ 124।) ਸਾਥੀ ਪਲੈਖ਼ਾਨੋਵ ਅਤੇ ਹੋਰ "ਇਸਕਰਾ"-ਵਾਦੀ ਸਾਥੀ ਅਕੀਮੋਵ ਦਾ ਵਿਰੋਧ ਕਰਦੇ ਹਨ ਅਤੇ ਉਹਦੇ ਉੱਤੇ ਮੌਕਾਪ੍ਰਸਤੀ ਦਾ ਦੋਸ਼ ਲਾਉਂਦੇ ਹਨ। ਕੀ ਸਾਥੀ ਐਕਸਲਰੋਦ ਇਹ ਨਹੀਂ ਵੇਖਦਾ ਕਿ ਇਹ ਝਗੜਾ (ਇਤਿਹਾਸ ਦੇ ਕਾਲਪਨਿਕ ਚੋਜਾਂ ਵਿੱਚ ਨਹੀਂ, ਸਗੋਂ ਅਸਲ ਤੱਥ ਵਿੱਚ) ਸਾਨੂੰ ਸੋਸ਼ਲ-ਡੈਮੋਕ੍ਰੇਸੀ ਦੇ **ਅਜੋਕੇ ਜੈਕੋਬਿਨਾਂ** ਅਤੇ ਅਜੋਕੇ **ਜਿਰੋਂਦਵਾਦੀਆਂ** ਵਿਚਕਾਰ ਵਿਰੋਧ ਦਰਸਾਉਂਦਾ ਹੈ? ਅਤੇ ਕੀ ਮਾਮਲਾ ਅਜਿਹਾ ਨਹੀਂ ਸੀ ਕਿ (ਆਪਣੀਆਂ ਗ਼ਲਤੀਆਂ ਕਾਰਨ) ਉਹਨੇ ਆਪਣੇ ਆਪ ਨੂੰ ਸੋਸ਼ਲ-ਡੈਮੋਕ੍ਰੇਸੀ ਦੇ **ਜਿਰੋਂਦਵਦੀਆਂ** ਵਿੱਚ ਖੜ੍ਹਾ ਵੇਖਿਆ ਤਾਂ ਸਾਥੀ ਐਕਸਲਰੋਦ ਨੇ ਜੈਕੋਬਿਨਾਂ ਸਬੰਧੀ ਗੱਲ ਕਰਨੀ ਸ਼ੁਰੂ ਕਰ ਦਿੱਤੀ?

ਦੂਜੀ ਉਦਾਹਰਣ: ਸਾਥੀ ਪੋਸਾਦੋਵਸਕੀ ਐਲਾਨ ਕਰਦਾ ਹੈ ਕਿ "ਜਮਹੂਰੀ ਅਸੂਲਾਂ ਦੀ ਨਿਰਪੇਖ ਕਦਰ" ਦੇ "ਬੁਨਿਆਦੀ ਸਵਾਲ" ਸਬੰਧੀ "ਰਾਏ ਦਾ ਕੁੱਝ ਮਤ-ਭੇਦ" ਹੈ (ਪੰਨਾ 169)। ਪਲੈਖ਼ਾਨੋਵ ਦੇ ਨਾਲ਼ ਉਹ ਉਹਨਾਂ ਦੀ ਨਿਰਪੇਖ ਕਦਰ ਤੋਂ ਇਨਕਾਰ ਕਰਦਾ ਹੈ। "ਕੇਂਦਰ" ਜਾਂ ਜਿਲ੍ਹਣ ਦੇ (ਯੇਗੋਰੋਵ) ਅਤੇ "ਇਸਕਰਾ"-ਵਿਰੋਧੀਆਂ ਦੇ ਨੇਤਾ (ਗੋਲਦਬਲਾਤ) ਜ਼ੋਰ ਨਾਲ਼ ਇਸ ਵਿਚਾਰ ਦਾ ਵਿਰੋਧ ਕਰਦੇ ਹਨ ਅਤੇ ਪਲੈਖ਼ਾਨੋਵ ਉੱਤੇ "ਬੁਰਜੂਆ ਦਾਅ-ਪੇਚਾਂ ਦੀ ਨਕਲ ਕਰਨ" ਦਾ ਦੋਸ਼ ਲਾਉਂਦੇ ਹਨ (ਪੰਨਾ 170)। **ਪੁਰਾਤਨਤਾਵਾਦ ਅਤੇ ਬੁਰਜੂਆ ਮੁਹਾਣ ਵਿਚਕਾਰ ਸਬੰਧ ਬਾਰੇ ਸਾਥੀ ਐਕਸਲਰੋਦ ਦਾ ਐਨ ਇਹੋ ਵਿਚਾਰ ਹੈ**, ਇੱਕੋ ਇੱਕ ਫ਼ਰਕ ਇਹ ਹੈ ਕਿ ਐਕਸਲਰੋਦ ਦੀ ਹਾਲਤ ਵਿੱਚ ਇਹ ਅਸਪਸ਼ਟ ਅਤੇ ਆਮ ਹੈ, ਜਿਥੇ ਕਿ ਗੋਲਦਬਲਾਤ ਦੀ ਹਾਲਤ ਵਿੱਚ ਇਹ ਨਿਸ਼ਚਿਤ ਮਸਲਿਆਂ ਨਾਲ਼ ਜੁੜਿਆ ਹੋਇਆ ਹੈ। ਅਸੀਂ ਫਿਰ ਪੁੱਛਦੇ ਹਾਂ: ਕੀ ਸਾਥੀ ਐਕਸਲਰੋਦ ਨੂੰ ਇਹ ਨਹੀਂ ਜਾਪਦਾ ਕਿ ਇਹ ਝਗੜਾ ਵੀ, ਸਾਡੀ ਪਾਰਟੀ ਕਾਂਗਰਸ ਵਿੱਚ ਸਾਨੂੰ **ਸਪਸ਼ਟ ਰੂਪ ਵਿੱਚ** ਸੋਸ਼ਲ-ਡੈਮੋਕ੍ਰੇਸੀ ਦੇ ਅਜੋਕੇ ਜੈਕੋਬਿਨਾਂ ਅਤੇ ਜਿਰੋਂਦਵਾਦੀਆਂ ਵਿਚਕਾਰ ਫ਼ਰਕ ਵਿਖਾਉਂਦਾ ਹੈ? ਅਤੇ ਕੀ ਇਹ ਇਸ ਕਾਰਨ ਨਹੀਂ ਕਿ ਉਹ ਆਪਣੇ ਆਪ ਨੂੰ ਜ਼ਿਰੋਂਦਵਾਦੀਆਂ ਦੇ ਸਾਥ ਵਿੱਚ ਵੇਖਦਾ ਹੈ ਤਾਂ ਹੀ ਸਾਥੀ ਐਕਸਲਰੋਦ ਜੈਕੋਬਿਨਾਂ ਵਿਰੁੱਧ ਇਹ ਡੰਡ ਪਾਉਂਦਾ ਹੈ?

ਤੀਜੀ ਉਦਾਹਰਣ: ਨਿਯਮਾਂ ਦੇ ਪਹਿਲੇ ਪੈਰੇ ਸਬੰਧੀ ਬਹਿਸ। ਉਹ ਕੌਣ ਹੈ ਜਿਹੜਾ "**ਸਾਡੀ ਲਹਿਰ ਵਿੱਚ ਪ੍ਰੋਲੇਤਾਰੀ ਮੁਹਾਣ**" ਦੀ ਹਮਾਇਤ ਕਰਦਾ ਹੈ? ਕਿਹੜਾ ਇਸ ਗੱਲ ਉੱਤੇ ਜ਼ੋਰ ਦੇਂਦਾ ਹੈ ਕਿ ਕਿਰਤੀ ਜਥੇਬੰਦੀ ਤੋਂ ਨਹੀਂ ਡਰਦਾ, ਕਿ ਪ੍ਰੋਲੇਤਾਰੀ ਦੀ ਅਰਾਜਕਤਾ ਨਾਲ਼ ਕੋਈ ਹਮਦਰਦੀ ਨਹੀਂ, ਕਿ ਉਹ "ਜਥੇਬੰਦ ਹੋਣ" ਲਈ ਉਤਸ਼ਾਹ ਦੀ ਕਦਰ ਕਰਦਾ ਹੈ? ਕੌਣ ਸਾਨੂੰ ਬੁਰਜੂਆ ਬੁੱਧੀਜੀਵੀਆਂ ਵਿਰੁੱਧ ਚੇਤਾਵਨੀ ਦੇਂਦਾ ਹੈ, ਜਿਹੜੇ ਮੌਕਾਪ੍ਰਸਤੀ ਨਾਲ਼ ਗੜੁੱਚੇ ਹੋਏ ਹਨ? **ਸੋਸ਼ਲ-ਡੈਮੋਕ੍ਰੇਸੀ ਦੇ ਜੈਕੋਬਿਨਾਂ** ਅਤੇ ਕੌਣ ਗਰਮ-ਖ਼ਿਆਲ ਬੁੱਧੀਜੀਵੀਆਂ ਨੂੰ ਪਾਰਟੀ ਵਿੱਚ ਸਮਗਲ ਕਰਨ ਦਾ ਯਤਨ ਕਰਦਾ ਹੈ? ਕਿਸਨੂੰ ਪ੍ਰੋਫ਼ੈਸਰਾਂ, ਹਾਈ ਸਕੂਲਾਂ ਦੇ ਵਿਦਿਆਰਥੀਆਂ, ਆਪੇ ਕੰਮ ਕਰਨ ਵਾਲ਼ਿਆਂ, ਗਰਮ-ਖ਼ਿਆਲ ਜੁਆਨਾਂ ਸਬੰਧੀ ਫ਼ਿਕਰਮੰਦੀ ਹੈ? **ਜਿਰੋਂਦਵਾਦੀ ਲੀਬਰ ਦੇ ਨਾਲ਼ ਜਿਰੋਂਦਵਾਦੀ ਐਕਸਲਰੋਦ।**

ਸਾਥੀ ਐਕਸਲਰੋਦ "ਮੌਕਾਪ੍ਰਸਤੀ ਦੇ ਦੋਸ਼" ਵਿਰੁੱਧ, ਜਿਹੜਾ ਸਾਡੀ ਪਾਰਟੀ ਕਾਂਗਰਸ ਵਿੱਚ "ਕਿਰਤ ਦੀ ਮੁਕਤੀ" ਟੋਲੀ ਦੀ ਬਹੁਗਿਣਤੀ ਉੱਤੇ ਖੁੱਲ੍ਹਮ-ਖੁੱਲ੍ਹਾ ਲਾਇਆ ਗਿਆ, ਕਿੰਨੇ ਭੱਦੇ ਢੰਗ ਨਾਲ਼ ਆਪਣੀ ਰੱਖਿਆ ਕਰਦਾ ਹੈ! ਜੈਕੋਬਿਨਵਾਦ, ਬਲਾਂਕੂਈਵਾਦ, ਇਤਿ-ਆਦਿ, ਸਬੰਧੀ ਬਰਨਸ਼ਟਾਈਨ ਦਾ ਚਗ਼ਲਿਆ ਹੋਇਆ ਅੰਤਰਾ ਅਪਣਾਕੇ ਉਹ ਇੱਕ ਅਜਿਹੇ ਢੰਗ ਨਾਲ਼ ਆਪਣੀ ਰੱਖਿਆ ਕਰਦਾ ਹੈ ਜਿਹੜਾ ਦੋਸ਼ ਸਾਬਤ ਹੀ ਕਰਦਾ ਹੈ! ਉਹ ਪਾਰਟੀ ਕਾਂਗਰਸ ਵਿੱਚ ਆਪਣੀਆਂ ਤਕਰੀਰਾਂ ਦਬਾਉਣ ਲਈ, ਜਿਹੜੀਆਂ ਇਹਨਾਂ ਬੁੱਧੀਜੀਵੀਆਂ ਸਬੰਧੀ ਫ਼ਿਕਰਮੰਦੀ ਨਾਲ਼ ਭਰਪੂਰ ਸਨ, ਗਰਮ-ਖ਼ਿਆਲ ਬੁੱਧੀਜੀਵੀਆਂ ਦੇ ਖ਼ਤਰੇ ਵਿਰੁੱਧ ਡੰਡ ਪਾਉਂਦਾ ਹੈ।

ਇਹ "ਭਿਆਨਕ ਸ਼ਬਦ"-ਜੈਕੋਬਿਨਵਾਦ ਅਤੇ ਹੋਰ—**ਮੌਕਾਪ੍ਰਸਤੀ** ਨੂੰ ਪ੍ਰਗਟਾਉਂਦੇ ਹਨ ਅਤੇ ਹੋਰ ਕਿਸੇ ਗੱਲ ਨੂੰ ਨਹੀਂ। ਕੋਈ ਜੈਕੋਬਿਨ ਜਿਹੜਾ ਆਪਣੇ ਆਪ ਨੂੰ ਪੂਰੀ ਤਰ੍ਹਾਂ ਪ੍ਰੋਲੇਤਾਰੀ ਦੀ **ਜਥੇਬੰਦੀ** ਨਾਲ਼ ਇੱਕ-ਜਾਨ ਕਰਦਾ ਹੈ—ਉਸ ਪ੍ਰੋਲੇਤਾਰੀ ਦੀ ਜਿਹੜਾ ਆਪਣੇ ਜਮਾਤੀ ਹਿਤਾਂ ਸਬੰਧੀ **ਚੇਤੰਨ** ਹੈ—**ਇੱਕ ਇਨਕਲਾਬੀ ਸੋਸ਼ਲ-ਡੈਮੋਕ੍ਰੈਟ** ਹੈ। ਇੱਕ ਜਰੋਂਦਵਾਦੀ ਜਿਹੜਾ ਪ੍ਰੋਫ਼ੈਸਰਾਂ ਅਤੇ ਹਾਈ ਸਕੂਲ ਦੇ ਵਿਦਿਆਰਥੀਆਂ ਸਬੰਧੀ ਆਹਾਂ ਭਰਦਾ ਹੈ, ਜਿਹੜਾ ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਤੋਂ ਡਰਦਾ ਹੈ, ਜਿਹੜਾ ਜਮਹੂਰੀ ਮੰਗਾਂ ਦੀ ਨਿਰਪੇਖ ਕਦਰ ਲਈ ਤਾਂਘਦਾ ਹੈ, **ਇੱਕ ਮੌਕਾਪ੍ਰਸਤ** ਹੈ। ਇਹ ਕੇਵਲ ਮੌਕਾਪ੍ਰਸਤ ਹੀ ਹਨ ਜਿਹੜੇ ਅੱਜ ਵੀ ਸਾਜ਼ਸ਼ੀ ਜਥੇਬੰਦੀਆਂ ਦਾ ਖ਼ਤਰਾ ਭਾਸਦੇ ਹਨ, ਜਦੋਂ ਸਿਆਸੀ ਘੋਲ਼ ਨੂੰ ਸਾਜ਼ਸ਼ ਤੱਕ ਸੀਮਤ ਰੱਖਣ ਦੇ ਵਿਚਾਰ ਦਾ ਹਜ਼ਾਰਾਂ ਵਾਰ ਅਖ਼ਬਾਰਾਂ ਵਿੱਚ ਖੰਡਨ ਕੀਤਾ ਗਿਆ ਹੈ ਅਤੇ ਜੀਵਨ ਦੇ ਯਥਾਰਥਾਂ ਨੇ ਲੰਮੇ ਸਮੇਂ ਤੋਂ ਇਹਦਾ ਖੰਡਨ ਕਰ ਦਿੱਤਾ ਅਤੇ ਹੂੰਝਾ ਫੇਰ ਦਿੱਤਾ ਹੈ ਅਤੇ ਜਦੋਂ ਜਨਤਕ ਸਿਆਸੀ ਐਜੀਟੇਸ਼ਨ ਦੀ ਬੁਨਿਆਦੀ ਮਹੱਤਤਾ ਇੰਨੀ ਵਾਰ ਸਪਸ਼ਟ ਕੀਤੀ ਅਤੇ ਦੁਹਰਾਈ ਗਈ ਹੈ ਕਿ ਇਸ ਤੋਂ ਘਿਣ ਆਉਣ ਲੱਗ ਪਈ ਹੈ। ਸਾਜ਼ਸ਼, ਬਲਾਂਕੂਈਵਾਦ ਦੇ ਡਰ ਦਾ ਮੂਲ ਅਧਾਰ ਅਮਲੀ ਲਹਿਰ ਦੇ ਕਿਸੇ ਲੱਛਣ ਵਿੱਚ ਨਹੀਂ ਲੱਭਦਾ (ਜਿਹਾ ਕਿ ਬਰਨਸ਼ਟਾਈਨ ਅਤੇ ਉਹਦੇ ਸਾਥੀ ਸਾਬਤ ਕਰਨ ਦਾ ਲੰਮੇ ਸਮੇਂ ਤੋਂ, ਅਤੇ ਵਿਅਰਥ, ਯਤਨ ਕਰਦੇ ਰਹੇ ਹਨ), ਸਗੋਂ ਬੁਰਜੂਆ ਬੁੱਧੀਜੀਵੀ ਦੇ ਜਿਰੋਂਦਵਾਦੀ ਡਰਾਕਲਪੁਣੇ ਵਿੱਚ ਮਿਲਦਾ ਹੈ, ਜਿਸਦੀ ਪ੍ਰਵਿਰਤੀ ਅਜੋਕੇ ਸੋਸ਼ਲ-ਡੈਮੋਕ੍ਰੈਟਾਂ ਵਿੱਚ ਇੰਨੀ ਵਾਰ ਦਿਸਦੀ ਹੈ। ਚਾਲ੍ਹੀਵਿਆਂ ਅਤੇ ਸੱਠਵਿਆਂ ਦੇ ਫ਼ਰਾਂਸੀਸੀ ਸਾਜ਼ਸ਼ੀ ਇਨਕਲਾਬੀਆਂ ਦੇ ਦਾਅ-ਪੇਚਾਂ ਵਿਰੁੱਧ ਚੇਤਾਵਨੀ ਦੇ ਨਵੇਂ "ਇਸਕਰਾ" ਦੇ (ਪਹਿਲਾਂ ਸੈਂਕੜੇ ਵਾਰ ਦੁਹਰਾਏ ਗਏ) **ਨਵੇਂ ਸ਼ਬਦ** ਬੋਲਣ ਦੇ ਧੂਹ-ਘਸੀਟਵੇਂ ਯਤਨਾਂ ਤੋਂ ਵੱਧ ਹਸਾਉਣੀ ਗੱਲ ਕੋਈ ਨਹੀਂ ਹੋ ਸਕਦੀ (ਅੰਕ 62, ਸੰਪਾਦਕੀ)[45]। ਨਿਰਸੰਦੇਹ "ਇਸਕਰਾ" ਦੇ ਅਗਲੇ ਅੰਕ ਵਿੱਚ ਸਮਕਾਲੀ ਸੋਸ਼ਲ-ਡੈਮੋਕ੍ਰੇਸੀ ਦੇ ਜਿਰੋਂਦਵਾਦੀ ਸਾਨੂੰ ਚਾਲ੍ਹੀਵਿਆਂ ਦੇ ਫ਼ਰਾਂਸੀਸੀ ਸਾਜ਼ਸ਼ੀਆਂ ਦੀ ਇੱਕ ਟੋਲੀ ਵਿਖਾਉਣਗੇ, ਜਿਸ ਲਈ ਕਿਰਤੀ ਜਨ-ਸਮੂਹ ਵਿੱਚ ਸਿਆਸੀ ਐਜੀਟੇਸ਼ਨ ਦੀ ਮਹੱਤਤਾ, ਉਹਨਾਂ ਮੁੱਖ ਸਾਧਨਾਂ ਵਜੋਂ ਜਿਨ੍ਹਾਂ ਰਾਹੀਂ ਪਾਰਟੀ ਜਮਾਤ ਉੱਤੇ ਪ੍ਰਭਾਵ ਪਾਉਂਦੀ ਹੈ, ਕਿਰਤੀ ਅਖ਼ਬਾਰਾਂ ਦੀ ਮਹੱਤਤਾ, ਇੱਕ ਅਜਿਹੀ ਬੁਨਿਆਦੀ ਸੱਚਾਈ ਸੀ, ਜਿਹੜੀ ਉਹਨਾਂ ਲੰਮੇ ਸਮੇਂ ਤੋਂ ਸਿੱਖ ਅਤੇ ਸਮੋ ਲਈ

ਸੀ।

ਪਰ ਨਵੇਂ "ਇਸਕਰਾ" ਦੀ ਮੁੱਢਲੀਆਂ ਗੱਲਾਂ ਦੁਹਰਾਉਣ ਅਤੇ ਕੁੱਝ ਨਵੀਂ ਗੱਲ ਕਹਿਣ ਦਾ ਪੱਜ ਬਣਾਉਂਦੇ ਹੋਏ ਓ ਅ ਵੱਲ ਮੁੜਨ ਦੀ ਪ੍ਰਵਿਰਤੀ ਸਬੱਬੀ ਨਹੀਂ; ਇਹ ਉਸ ਪ੍ਰਸਥਿਤੀ ਦਾ ਅਟੱਲ ਸਿੱਟਾ ਹੈ, ਜਿਸ ਵਿੱਚ, ਹੁਣ ਜਦੋਂ ਉਹ ਪਾਰਟੀ ਦੇ ਮੌਕਾਪ੍ਰਸਤ ਪੱਖ ਵਿੱਚ ਚਲੇ ਗਏ ਹਨ, ਐਕਸਲਰੋਦ ਅਤੇ ਮਾਰਤੋਵ ਆਪਣੇ ਆਪ ਨੂੰ ਫਸਿਆ ਵੇਖਦੇ ਹਨ। ਇਹਦਾ ਕੋਈ ਚਾਰਾ ਨਹੀਂ। ਉਹਨਾਂ ਨੂੰ ਮੌਕਾਪ੍ਰਸਤ ਵਾਕੰਸ਼ ਦੁਹਰਾਉਣੇ ਪੈਂਦੇ ਹਨ, ਉਹਨਾਂ ਨੂੰ **ਪਿੱਛੇ ਜਾਣਾ** ਪੈਂਦਾ ਹੈ ਤਾਂ ਜੁ **ਧੁਰ ਅਤੀਤ** ਵਿੱਚੋਂ ਆਪਣੇ ਸਟੈਂਡ ਨੂੰ, ਜਿਹੜੇ ਕਾਂਗਰਸ ਵਿੱਚ ਹੋਏ ਘੋਲ਼ ਅਤੇ ਪਾਰਟੀ ਅੰਦਰ ਉੱਥੇ ਰੂਪ ਧਾਰਨ ਵਾਲ਼ੀਆਂ ਧਿਰਾਂ ਅਤੇ ਵੰਡਾਂ ਨੂੰ ਮੁੱਖ ਰੱਖਦੇ ਹੋਏ ਰੱਖਿਆ ਯੋਗ ਨਹੀਂ, ਹੱਕੀ ਠਹਿਰਾਉਣ ਲਈ ਕੋਈ ਦਲੀਲ ਲੱਭਣ। ਜੈਕੋਬਿਨਾਂ ਅਤੇ ਬਲਾਂਕੂਈਵਾਦੀਆਂ ਸਬੰਧੀ ਅਕੀਮੋਵਵਾਦੀ ਗੂੜ੍ਹਤਾ ਵਿੱਚ ਸਾਥੀ ਐਕਸਲਰੋਦ ਇਸ ਸਬੰਧੀ ਅਕੀਮੋਵਵਾਦੀ ਵੈਣਾਂ ਦਾ ਵਾਧਾ ਕਰਦਾ ਹੈ ਕਿ ਨਾ ਕੇਵਲ "ਅਰਥ-ਵਿਗਿਆਨੀ" ਸਗੋਂ "ਸਿਆਸੀ ਨੇਤਾ" ਵੀ "ਇੱਕ ਪੱਖੀ" ਸਨ, ਬਹੁਤ ਜ਼ਿਆਦਾ "ਮਤਵਾਲੇ" ਸਨ, ਇਤਿ-ਆਦਿ, ਇਤਿ-ਆਦਿ। ਨਵੇਂ "ਇਸਕਰਾ" ਵਿੱਚ ਇਸ ਵਿਸ਼ੇ ਉੱਤੇ ਬੜਬੋਲੇ ਵਖਿਆਨ ਪੜ੍ਹਦੇ ਹੋਏ, ਜਿਹੜੇ ਬੜੀ ਹੈਂਕੜ ਨਾਲ਼ ਇੱਕ-ਪੱਖੀਪੁਣੇ ਅਤੇ ਮਤਵਾਲਗੀ ਤੋਂ ਉੱਪਰ ਹੋਣ ਦਾ ਦਾਹਵਾ ਕਰਦੇ ਹਨ, ਬੰਦਾ ਪ੍ਰੇਸ਼ਾਨੀ ਨਾਲ਼ ਸੋਚਦਾ ਹੈ: ਉਹ ਕਿਸਦਾ ਚਿੱਤਰ ਵਾਹ ਰਹੇ ਹਨ ? ਉਹਨਾਂ ਅਜਿਹੀਆਂ ਗੱਲਾਂ ਕਿੱਥੇ ਸੁਣੀਆਂ ?[46] ਕੌਣ ਨਹੀਂ ਜਾਣਦਾ ਕਿ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦੀ ਅਰਥ-ਵਿਗਿਆਨੀਆਂ ਅਤੇ ਸਿਆਸੀ ਨੇਤਾਵਾਂ ਵਿੱਚ ਵੰਡ ਚਿਰਾਂ ਤੋਂ ਸਮਾਂ ਵਿਹਾ ਚੁੱਕੀ ਬਣ ਚੁੱਕੀ ਹੈ ? ਪਾਰਟੀ ਕਾਂਗਰਸ ਤੋਂ ਇੱਕ ਜਾਂ ਦੋ ਵਰ੍ਹੇ ਪਹਿਲਾਂ "ਇਸਕਰਾ" ਦੀ ਫ਼ਾਈਲ ਵੇਖੋ ਅਤੇ ਤੁਸੀਂ ਵੇਖੋਗੇ ਕਿ "ਅਰਾਜਕਤਾਵਾਦੀਆਂ" ਵਿਰੁੱਧ ਘੋਲ਼ ਮੱਧਮ ਪੈ ਗਿਆ ਅਤੇ 1902 ਵਿੱਚ ਹੀ ਉੱਕਾ ਹੀ ਖ਼ਤਮ ਹੋ ਗਿਆ; ਉਦਾਹਰਣ ਵਜੋਂ ਤੁਸੀਂ ਜੁਲਾਈ 1903 (ਅੰਕ 43) ਵਿੱਚ ਵੇਖੋਗੇ ਕਿ "ਆਰਥਿਕਤਾਵਾਦ ਦੇ ਸਮੇਂ" ਦੀ ਗੱਲ "ਨਿਸ਼ਚਿਤ ਰੂਪ ਵਿੱਚ ਬੀਤ ਗਏ" ਵਜੋਂ ਕੀਤੀ ਗਈ ਹੈ, ਆਰਥਿਕਤਾਵਾਦ ਨੂੰ "ਮਰ ਚੁੱਕਾ ਅਤੇ ਦਫ਼ਨਾਇਆ" ਸਮਝਿਆ ਗਿਆ ਹੈ ਅਤੇ ਸਿਆਸੀ ਨੇਤਾਵਾਂ ਦੀ ਕਿਸੇ ਮਤਵਾਲਗੀ ਨੂੰ ਸਪਸ਼ਟ ਤੌਰ ਉੱਤੇ ਪਿੱਛੇਖਿਚੂਪੁਣਾ ਸਮਝਿਆ ਗਿਆ ਹੈ। ਤਾਂ ਫਿਰ "ਇਸਕਰਾ" ਦੇ ਨਵੇਂ ਸੰਪਾਦਕ ਮਰ ਚੁੱਕੀਆਂ ਅਤੇ ਦਫ਼ਨ ਕੀਤੀਆਂ ਜਾ ਚੁੱਕੀਆਂ ਵੰਡਾਂ ਵੱਲ ਕਿਉਂ ਮੁੜੇ ? ਕੀ ਅਸਾਂ ਕਾਂਗਰਸ ਵਿੱਚ ਅਕੀਮੋਵਾਂ ਨਾਲ਼ ਉਹਨਾਂ ਗ਼ਲਤੀਆਂ ਕਾਰਨ ਲੜਾਈ ਕੀਤੀ ਜਿਹੜੀਆਂ ਉਹਨਾਂ ਦੋ ਵਰ੍ਹੇ ਪਹਿਲਾਂ "ਰਾਬੋਚੇਏ ਦੇਲੋ" ਵਿੱਚ ਕੀਤੀਆਂ ਸਨ ? ਜੇ ਅਸਾਂ ਅਜਿਹਾ ਕੀਤਾ ਹੁੰਦਾ ਤਾਂ ਅਸੀਂ ਨਰੋਲ ਉੱਲੂ ਹੁੰਦੇ। ਪਰ ਹਰ ਇੱਕ ਨੂੰ ਪਤਾ ਹੈ ਕਿ ਅਸਾਂ ਅਜਿਹਾ ਨਾ ਕੀਤਾ, ਕਿ ਇਹ ਉਹਨਾਂ ਦੀਆਂ "ਰਾਬੋਚੇਏ ਦੇਲੋ" ਵਿਚਲੀਆਂ ਪੁਰਾਣੀਆਂ, ਮਰ ਚੁੱਕੀਆਂ ਅਤੇ ਦਫ਼ਨਾਈਆਂ ਗ਼ਲਤੀਆਂ ਲਈ ਅਸਾਂ ਕਾਂਗਰਸ ਵਿੱਚ ਅਕੀਮੋਵਾਂ ਵਿਰੁੱਧ ਘੋਲ਼ ਨਾ ਕੀਤਾ, ਸਗੋਂ ਕਾਂਗਰਸ ਵਿੱਚ ਉਹਨਾਂ ਦੀਆਂ ਦਲੀਲਾਂ ਅਤੇ ਵੋਟਾਂ ਵਿੱਚ ਕੀਤੀਆਂ **ਨਵੀਆਂ ਗ਼ਲਤੀਆਂ** ਲਈ ਉਹਨਾਂ ਵਿਰੁੱਧ ਲੜੇ। "ਰਾਬੋਚੇਏ ਦੇਲੋ" ਵਿੱਚ ਉਹਨਾਂ ਦੇ ਮਤ

ਤੋਂ ਨਹੀਂ ਸਗੋਂ ਕਾਂਗਰਸ ਵਿੱਚ ਉਹਨਾਂ ਦੇ ਮਤ ਤੋਂ ਅਸਾਂ ਇਹ ਨਿਰਣਾ ਕੀਤਾ ਕਿ ਕਿਹੜੀਆਂ ਗ਼ਲਤੀਆਂ ਸੱਚਮੁਚ ਬੀਤੇ ਦੇ ਗੱਲ ਹਨ ਅਤੇ ਕਿਹੜੀਆਂ ਅਜੇ ਜਿਉਂਦੀਆਂ ਹਨ ਅਤੇ ਵਿਵਾਦ ਦੀ ਮੰਗ ਕਰਦੀਆਂ ਹਨ। ਕਾਂਗਰਸ ਦੇ ਸਮੇਂ ਤੱਕ ਆਰਥਿਕਤਾਵਾਦੀਆਂ ਅਤੇ ਸਿਆਸੀ ਨੇਤਾਵਾਂ ਵਿਚਕਾਰ ਪੁਰਾਣੀ ਵੰਡ ਦੀ ਹੋਂਦ ਨਹੀਂ ਸੀ ਰਹੀ; ਪਰ ਵੱਖ ਵੱਖ ਮੌਕਾਪ੍ਰਸਤ ਮੁਹਾਣਾਂ ਦੀ ਹੋਂਦ ਮੌਜੂਦ ਸੀ। ਉਹਨਾਂ ਦਾ ਪ੍ਰਗਟਾਅ ਬਹੁਤ ਸਾਰੇ ਮਾਮਲਿਆਂ ਸਬੰਧੀ ਬਹਿਸਾਂ ਅਤੇ ਵੋਟਾਂ ਵਿੱਚ ਹੋਇਆ ਅਤੇ ਉਹਨਾਂ ਦਾ ਸਿੱਟਾ ਪਾਰਟੀ ਦੇ "ਬਹੁਗਿਣਤੀ" ਅਤੇ "ਘੱਟਗਿਣਤੀ" ਵਿੱਚ ਵੰਡਿਆ ਜਾਣਾ ਹੋਇਆ। ਸਾਰਾ ਨੁਕਤਾ ਇਹ ਹੈ ਕਿ "ਇਸਕਰਾ" ਦੇ ਨਵੇਂ ਸੰਪਾਦਕ, ਸਪਸ਼ਟ ਕਾਰਨਾਂ ਕਰਕੇ, ਇਸ ਨਵੀਂ ਵੰਡ ਅਤੇ ਸਾਡੀ ਪਾਰਟੀ ਵਿੱਚ **ਨਵੀਨ** ਮੌਕਾਪ੍ਰਸਤ ਵਿਚਕਾਰ ਸਬੰਧ ਉੱਤੇ ਮਿੱਟੀ ਪਾਉਣ ਦਾ ਯਤਨ ਕਰ ਰਹੇ ਹਨ, ਅਤੇ, ਇਹਦੇ ਸਿੱਟੇ ਵਜੋਂ, ਨਵੀਂ ਵੰਡ ਤੋਂ ਪੁਰਾਣੀ ਵੱਲ ਜਾਣ ਉੱਤੇ ਮਜਬੂਰ ਹਨ। ਉਹਨਾਂ ਦੀ ਨਵੀਂ ਵੰਡ ਦੇ ਆਦਿ ਦੀ ਵਿਆਖਿਆ ਕਰਨ ਦੀ ਉਹਨਾਂ ਦੀ ਨਿਰਯੋਗਤਾ (ਜਾਂ, ਇਹ ਸਾਬਤ ਕਰਨ ਲਈ ਕਿ ਉਹ ਕਿੰਨੇ ਲਿਹਾਜ਼ਦਾਰ ਹਨ, ਉਹਨਾਂ ਦੇ ਆਦਿ ਉੱਤੇ ਪਰਦਾ ਪਾਉਣ* ਦੀ ਉਹਨਾਂ ਦੀ ਇੱਛਾ) ਉਹਨਾਂ ਨੂੰ ਇੱਕ ਅਜਿਹੀ ਵੰਡ ਦੀ ਸੁਰ ਅਲਾਪੀ ਜਾਣ ਉੱਤੇ ਮਜਬੂਰ ਕਰਦੀ ਹੈ ਜਿਹੜੀ ਚਿਰਾਂ ਤੋਂ ਸਮਾਂ ਵਿਹਾ ਚੁੱਕੀ ਬਣ ਚੁੱਕੀ ਹੈ। ਸਾਰੇ ਜਾਣਦੇ ਹਨ ਕਿ ਨਵੀਂ ਵੰਡ **ਜਥੇਬੰਦੀ** ਦੇ ਸਵਾਲਾਂ ਉੱਤੇ ਅਧਾਰਤ ਹੈ, ਜਿਹੜੀ ਜਥੇਬੰਦੀ ਦੇ ਅਸੂਲ (ਨਿਯਮਾਂ ਦਾ ਪਹਿਲਾ ਪੈਰਾ) ਉੱਤੇ ਵਿਵਾਦ ਨਾਲ਼ ਸ਼ੁਰੂ ਹੋਈ ਅਤੇ ਅਰਾਜਕਤਾਵਾਦੀਆਂ ਲਈ ਯੋਗ "ਅਮਲ" ਨਾਲ਼ ਖ਼ਤਮ ਹੋਈ। ਆਰਥਿਕਤਾਵਾਦੀਆਂ ਅਤੇ ਨੀਤੀਵਾਨਾਂ ਵਿੱਚ ਪੁਰਾਣੀ ਵੰਡ ਆਮ ਤੌਰ ਉੱਤੇ **ਦਾਅ-ਪੇਚਾਂ** ਦੇ ਸਵਾਲਾਂ ਸਬੰਧੀ ਮਤ-ਭੇਦਾਂ ਉੱਤੇ ਅਧਾਰਤ ਸੀ।

ਪਾਰਟੀ ਜੀਵਨ ਦੇ ਵਧੇਰੇ ਗੁੰਝਲਦਾਰ, ਸੱਚਮੁੱਚ ਪ੍ਰਸੰਗਕ ਅਤੇ ਭਖਦੇ ਮਸਲਿਆਂ ਤੋਂ ਉਹਨਾਂ ਮਸਲਿਆਂ ਵੱਲ, ਜਿਹੜੇ ਲੰਮਾ ਸਮਾਂ ਹੋਇਆ ਹੱਲ ਕੀਤੇ ਜਾ ਚੁੱਕੇ ਹਨ ਅਤੇ ਜਿਹੜੇ ਹੁਣ ਨਕਲੀ ਤੌਰ ਉੱਤੇ ਪੁੱਟੇ ਗਏ ਹਨ, ਆਪਣੇ ਪਿੱਛੇ ਹਟਣ ਨੂੰ ਹੱਕੀ ਠਹਿਰਾਉਣ

---

* "ਇਸਕਰਾ" ਦੇ ਅੰਕ 53 ਵਿੱਚ "ਆਰਥਕਤਾਵਾਦ" ਸਬੰਧੀ ਪਲੈਖ਼ਾਨੋਵ ਦਾ ਲੇਖ ਵੇਖੋ। ਲੇਖ ਦੇ ਉਪ-ਸਿਰਲੇਖ ਵਿੱਚ ਛਾਪੇ ਦੀ ਇੱਕ ਨਿੱਕੀ ਜਿਹੀ ਗ਼ਲਤੀ ਜਾਪਦੀ ਹੈ। ਜਾਪਦਾ ਹੈ "ਦੂਜੀ ਪਾਰਟੀ ਕਾਂਗਰਸ ਸਬੰਧੀ ਵਿਚਾਰ", ਦੀ ਥਾਂ "**ਲੀਗ** ਕਾਂਗਰਸ ਸਬੰਧੀ", ਜਾਂ ਸਗੋਂ, "**ਕੁਆਪਸ਼ਨ** ਸਬੰਧੀ" ਪੜ੍ਹਿਆ ਜਾਣਾ ਚਾਹੀਦਾ ਹੈ। ਨਿੱਜੀ ਦਾਹਵਿਆਂ ਨੂੰ ਦਿੱਤੀਆਂ ਰਿਆਇਤਾਂ ਕਿੰਨੀਆਂ ਯੋਗ ਕਿਉਂ ਨਾ ਹੋਣ, ਉਹਨਾਂ ਵਿਸ਼ਿਆਂ ਨੂੰ ਗਡ-ਮਡ ਕਰਨਾ ਜਿਨ੍ਹਾਂ ਸਬੰਧੀ ਪਾਰਟੀ ਵਿੱਚ ਉਤੇਜਨਾ ਹੈ, ਅਤੇ ਮਾਰਤੋਵ ਅਤੇ ਐਕਸਲਰੋਦ ਦੀ, ਜਿਨ੍ਹਾਂ ਪੁਰਾਤਨਤਾਵਾਦ ਤੋਂ ਮੌਕਾਪ੍ਰਸਤੀ ਵੱਲ ਝੂਲਣਾ ਸ਼ੁਰੂ ਕਰ ਦਿੱਤਾ ਹੈ, ਨਵੀਂ ਗ਼ਲਤੀ ਦੀ ਥਾਂ, ਮਾਰਤੀਨੋਵਾਂ ਅਤੇ ਅਕੀਮੋਵਾਂ ਦੀਆਂ, ਜਿਹੜੇ ਸ਼ਾਇਦ ਪ੍ਰੋਗਰਾਮ ਅਤੇ ਦਾਅ-ਪੇਚਾਂ ਦੇ ਕਈ ਮਸਲਿਆਂ ਸਬੰਧੀ ਮੌਕਾਪ੍ਰਸਤੀ ਵੱਲੋਂ ਪੁਰਾਤਨਤਾਵਾਦ ਵੱਲ ਝੂਲਣ ਲਈ ਤਿਆਰ ਹਨ, ਪੁਰਾਣੀਆਂ ਗ਼ਲਤੀਆਂ ਨੂੰ ਦੇਣਾ ਜਿਹੜੀਆਂ ਅੱਜ ਸ਼ਾਇਦ ਨਵੇਂ "ਇਸਕਰਾ" ਤੋਂ ਬਿਨਾਂ ਕਿਸੇ ਨੂੰ ਚੇਤੇ ਨਹੀਂ, ਅਜਿਹਾ ਕਰਨ ਦੀ (ਖੂਹ-ਦੇ-ਡੱਡੂ ਦੇ ਦ੍ਰਿਸ਼ਟੀਕੋਣ ਤੋਂ ਨਹੀਂ, ਪਾਰਟੀ ਦੇ ਦ੍ਰਿਸ਼ਟੀਕੋਣ ਤੋਂ) ਆਗਿਆ ਨਹੀਂ ਦਿੱਤੀ ਜਾ ਸਕਦੀ।

ਲਈ ਨਵਾਂ "ਇਸਕਰਾ" ਇੱਕ ਬਿਲਾਸੀ ਗੰਭੀਰਤਾ ਤੋਂ ਕੰਮ ਲੈਂਦਾ ਹੈ ਜਿਸ ਲਈ ਪੂਛਵਾਦ ਤੋਂ ਬਿਨਾਂ ਹੋਰ ਕੋਈ ਨਾਂ ਨਹੀਂ ਹੋ ਸਕਦਾ। ਸਾਥੀ ਐਕਸਲਰੋਦ ਵੱਲੋਂ ਸ਼ੁਰੂ ਕੀਤਾ ਇਹ ਡੂੰਘਾ "ਵਿਚਾਰ" "ਇਸਕਰਾ" ਦੀਆਂ ਸਾਰੀਆਂ ਲਿਖਤਾਂ ਵਿੱਚ ਕਿਰਮਚੀ ਧਾਗੇ ਵਾਂਗ ਦਿਸਦਾ ਹੈ ਕਿ ਤੱਤ ਰੂਪ ਨਾਲ਼ੋਂ ਵਧੇਰੇ ਮਹੱਤਵਪੂਰਨ ਹੈ, ਕਿ ਪ੍ਰੋਗਰਾਮ ਅਤੇ ਦਾਅ-ਪੇਚ ਜਥੇਬੰਦੀ ਨਾਲ਼ੋਂ ਵਧੇਰੇ ਮਹੱਤਵਪੂਰਨ ਹਨ, ਕਿ "ਕਿਸੇ ਜਥੇਬੰਦੀ ਦੀ ਜੀਵਨ-ਸ਼ਕਤੀ ਲਹਿਰ ਵਿੱਚ ਪਾਏ ਗਏ ਤੱਤ ਦੀ ਮਾਤਰਾ ਅਤੇ ਕਦਰ ਨਾਲ਼ ਸਿੱਧੀ ਸਾਪੇਖਤਾ ਰੱਖਦੀ ਹੈ", ਕਿ ਕੇਂਦਰਵਾਦ "ਆਪਣੇ ਆਪ ਵਿੱਚ ਨਿਸ਼ਾਨਾ" ਨਹੀਂ, ਨਾ ਹੀ "ਸਰਬ-ਰੱਖਿਅਕ ਤਵੀਤ ਹੈ", ਇਤਿ-ਆਦਿ। ਮਹਾਨ ਅਤੇ ਡੂੰਘੇ ਸੱਚ! ਨਿਰਸੰਦੇਹ ਪ੍ਰੋਗਰਾਮ ਦਾਅ-ਪੇਚਾਂ ਨਾਲ਼ੋਂ ਵਧੇਰੇ ਮਹੱਤਵਪੂਰਨ ਹੈ ਅਤੇ ਦਾਅ-ਪੇਚ ਜਥੇਬੰਦੀ ਨਾਲ਼ੋਂ। ਵਰਣ-ਮਾਲਾ ਸ਼ਬਦ-ਬੋਧ ਨਾਲ਼ੋਂ ਵਧੇਰੇ ਮਹੱਤਵਪੂਰਨ ਹੈ ਸ਼ਬਦ-ਬੋਧ ਵਾਕ-ਬੋਧ ਨਾਲ਼ੋਂ—ਪਰ ਅਸੀਂ ਅਜਿਹੇ ਲੋਕਾਂ ਸਬੰਧੀ ਕੀ ਕਹਾਂਗੇ ਜਿਹੜੇ ਵਾਕ-ਬੋਧ ਦੀ ਪ੍ਰੀਖਿਆ ਵਿੱਚ ਅਸਫ਼ਲ ਰਹਿਕੇ, ਛਾਤੀ ਅਕੜਾਉਣ ਅਤੇ ਇਸ ਗੱਲ ਉੱਤੇ ਮਾਣ ਕਰਨ ਲੱਗ ਪੈਂਦੇ ਹਨ ਕਿ ਉਹ ਇੱਕ ਹੋਰ ਵਰ੍ਹੇ ਲਈ ਨੀਵੇਰੀ ਸ਼੍ਰੇਣੀ ਵਿੱਚ ਰੱਖੇ ਗਏ ਹਨ? ਜਥੇਬੰਦੀ ਦੇ ਅਸੂਲਾਂ ਸਬੰਧੀ ਇੱਕ ਮੌਕਾਪ੍ਰਸਤ ਵਜੋਂ ਬਹਿਸ ਕਰਕੇ (ਪਹਿਲਾ ਪੈਰਾ), ਅਤੇ ਜਥੇਬੰਦੀ ਵਿੱਚ ਇੱਕ ਅਰਾਜਕਤਾਵਾਦੀ ਵਾਂਗ ਵਿਚਰਕੇ (ਲੀਗ ਕਾਂਗਰਸ) ਸਾਥੀ ਐਕਸਲਰੋਦ ਹੁਣ ਸੋਸ਼ਲ-ਡੈਮੋਕ੍ਰੇਸੀ ਨੂੰ ਡੂੰਘੇਰਾ ਬਣਾ ਰਿਹਾ ਹੈ। ਹੱਥ ਨਾ ਅੱਪੜੇ ਥੂਹ ਕੌੜੀ! ਠੀਕ ਤਰ੍ਹਾਂ ਗੱਲ ਕਰਦਿਆਂ, ਅਖ਼ੀਰ ਜਥੇਬੰਦੀ ਕੀ ਹੈ? ਲਓ, ਇਹ ਤਾਂ ਬਸ ਰੂਪ ਹੀ ਹੈ। ਕੇਂਦਰਵਾਦ ਕੀ ਹੈ? ਅਖ਼ੀਰ ਇਹ ਤਵੀਤ ਤਾਂ ਨਹੀਂ। ਵਾਕ-ਬੋਧ ਕੀ ਹੈ? ਲਓ, ਇਹ ਸ਼ਬਦ-ਬੋਧ ਨਾਲ਼ੋਂ ਘੱਟ ਮਹੱਤਵਪੂਰਨ ਹੈ, ਇਹ ਤਾਂ ਸ਼ਬਦ-ਬੋਧ ਦੇ ਅੰਸ਼ਾਂ ਨੂੰ ਮਿਲਾਉਣ ਦਾ ਰੂਪ ਹੀ ਹੈ।... "ਕੀ ਸਾਥੀ ਅਲੈਕਸਾਂਦਰੋਵ ਸਾਡੇ ਨਾਲ਼ ਸਹਿਮਤ ਨਹੀਂ ਹੋਵੇਗਾ," "ਇਸਕਰਾ" ਦੇ ਨਵੇਂ ਸੰਪਾਦਕ ਜੇਤੂ ਢੰਗ ਨਾਲ਼ ਪੁੱਛਦੇ ਹਨ, "ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਨਿਯਮ ਪ੍ਰਵਾਨ ਕਰਨ ਨਾਲ਼ੋਂ, ਪਾਰਟੀ ਪ੍ਰੋਗਰਾਮ ਤਿਆਰ ਕਰਕੇ ਕਾਂਗਰਸ ਨੇ ਪਾਰਟੀ ਕੰਮ ਨੂੰ ਕੇਂਦਰਤ ਕਰਨ ਲਈ ਵਧੇਰੇ ਕੰਮ ਕੀਤਾ, ਭਾਵੇਂ ਇਹ ਪਹਿਲੇਰੇ ਕਿੰਨੇ ਪੂਰਨ ਕਿਉਂ ਨਾ ਜਾਪਣ?" (ਅੰਕ 56, ਜ਼ਮੀਮਾ।) ਆਸ ਕੀਤੀ ਜਾ ਸਕਦੀ ਹੈ ਕਿ ਇਹ ਕਲਾਸੀਕੀ ਬੋਲ ਉਸ ਨਾਲ਼ੋਂ ਘੱਟ ਵਿਸ਼ਾਲ ਅਤੇ ਉਸ ਨਾਲ਼ੋਂ ਘੱਟ ਸਥਿਰ ਇਤਿਹਾਸਕ ਪ੍ਰਸਿੱਧੀ ਪ੍ਰਾਪਤ ਨਹੀਂ ਕਰੇਗਾ, ਜਿਹੜੀ ਸਾਥੀ ਕ੍ਰੀਚੇਵਸਕੀ ਦੇ ਇਸ ਪ੍ਰਸਿੱਧ ਕਥਨ ਨੇ ਕੀਤੀ ਕਿ, ਮਨੁੱਖਜਾਤੀ ਵਾਂਗ, ਸੋਸ਼ਲ-ਡੈਮੋਕ੍ਰੇਸੀ ਆਪਣੇ ਸਾਹਮਣੇ ਅਜਿਹੇ ਕਾਰਜ ਰੱਖਦੀ ਹੈ ਜਿਹੜੇ ਉਹ ਕਰ ਸਕਦੀ ਹੈ। ਕਿਉਂਕਿ ਨਵੇਂ "ਇਸਕਰਾ" ਦੀ ਗੰਭੀਰਤਾ ਦਾ ਇਹ ਨਮੂਨਾ ਉਸੇ ਮਾਰਕੇ ਦਾ ਹੈ। ਸਾਥੀ ਕ੍ਰੀਚੇਵਸਕੀ ਦੇ ਵਾਕੰਸ਼ ਨੂੰ ਟਿਚਕਰਾਂ ਦਾ ਨਿਸ਼ਾਨਾ ਕਿਉਂ ਬਣਾਇਆ ਗਿਆ? ਕਿਉਂਕਿ ਉਹਨੇ ਦਾਅ-ਪੇਚਾਂ ਦੇ ਮਾਮਲੇ ਵਿੱਚ ਸੋਸ਼ਲ-ਡੈਮੋਕ੍ਰੈਟਾਂ ਦੇ ਇੱਕ ਹਿੱਸੇ ਦੀ ਗ਼ਲਤੀ ਨੂੰ — ਉਹਨਾਂ ਦੇ ਠੀਕ ਸਿਆਸੀ ਕਾਰਜ ਪੇਸ਼ ਕਰਨ ਦੀ ਅਸਮਰੱਥਾ — ਨੂੰ ਇੱਕ ਅਜਿਹੀ ਘੋਤੇ ਚੜ੍ਹੀ ਗੱਲ ਨਾਲ਼ ਹੱਕੀ ਠਹਿਰਾਉਣ ਦਾ ਯਤਨ ਕੀਤਾ ਜਿਸਨੂੰ ਉਹਨੇ ਦਰਸ਼ਨ ਸਮਝਿਆ। ਐਨ ਉਸੇ ਤਰ੍ਹਾਂ ਨਵਾਂ "ਇਸਕਰਾ" ਜਥੇਬੰਦੀ ਦੇ ਮਾਮਲੇ ਵਿੱਚ ਸੋਸ਼ਲ-ਡੈਮੋਕ੍ਰੈਟਾਂ ਦੇ ਇੱਕ

ਹਿੱਸੇ ਦੀ ਗ਼ਲਤੀ — ਕੁੱਝ ਸਾਥੀਆਂ ਦੀ ਬੁੱਧੀਜੀਵੀ-ਵਾਦੀ ਅਸਥਿਰਤਾ ਜਿਹੜੀ ਉਹਨਾਂ ਨੂੰ ਅਰਾਜਕਤਾਵਾਦੀ ਫ਼ਿਕਰੇਬਾਜ਼ੀ ਦੀ ਹੱਦ ਤੱਕ ਲੈ ਗਈ ਹੈ — ਨੂੰ ਹੱਕੀ ਠਹਿਰਾਉਣ ਦਾ ਯਤਨ ਕਰਦਾ ਹੈ—ਇਸ ਖੋਤੇ ਚੜ੍ਹੀ ਗੱਲ ਰਾਹੀਂ ਕਿ ਪ੍ਰੋਗਰਾਮ ਨਿਯਮਾਂ ਨਾਲ਼ੋਂ ਵਧੇਰੇ ਮਹੱਤਵਪੂਰਨ ਹੈ, ਕਿ ਪ੍ਰੋਗਰਾਮ ਦੇ ਸਵਾਲ ਜਥੇਬੰਦੀ ਦੇ ਸਵਾਲਾਂ ਨਾਲ਼ੋਂ ਵਧੇਰੇ ਮਹੱਤਵਪੂਰਨ ਹਨ! ਇਹ ਪੂਛਵਾਦ ਤੋਂ ਬਿਨਾਂ ਕੀ ਹੈ? ਇਹ ਇੱਕ ਹੋਰ ਵਰ੍ਹੇ ਲਈ ਨੀਵੇਰੀ ਸ਼੍ਰੇਣੀ ਵਿੱਚ ਰੱਖੇ ਜਾਣ ਉੱਤੇ ਛਾਤੀ ਫੁਲਾਉਣ ਤੋਂ ਬਿਨਾਂ ਕੀ ਹੈ?

ਪ੍ਰੋਗਰਾਮ ਦੀ ਪ੍ਰਵਾਨਗੀ ਕੰਮ ਦੇ ਕੇਂਦਰੀਕਰਣ ਵਿੱਚ ਨਿਯਮਾਂ ਦੀ ਪ੍ਰਵਾਨਗੀ ਨਾਲ਼ੋਂ ਵਧੇਰੇ ਹਿੱਸਾ ਪਾਉਂਦੀ ਹੈ। ਕਿਵੇਂ ਇਸ ਖੋਤੇ ਚੜ੍ਹੀ ਗੱਲ ਵਿੱਚੋਂ, ਜਿਸਨੂੰ ਧੋਖੇ ਨਾਲ਼ ਦਰਸ਼ਨ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਗਰਮ-ਖ਼ਿਆਲ ਬੁੱਧੀਜੀਵੀ ਦੀ ਪ੍ਰਵਿਰਤੀ ਦੀ ਬੋ ਆਉਂਦੀ ਹੈ, ਜਿਸਦੀ ਸੋਸ਼ਲ-ਡੈਮੋਕ੍ਰੇਸੀ ਨਾਲ਼ੋਂ ਬੁਰਜੂਆ ਅਧੋਗਤੀ ਨਾਲ਼ ਵਧੇਰੇ ਸਾਂਝ ਹੈ! ਲਓ, ਇਸ ਪ੍ਰਸਿੱਧ ਵਾਕੰਸ਼ ਵਿੱਚ ਕੇਂਦਰੀਕਰਣ ਦਾ ਸ਼ਬਦ ਜਿਨ੍ਹਾਂ ਅਰਥਾਂ ਵਿੱਚ ਵਰਤਿਆ ਗਿਆ ਹੈ, ਉਹ **ਚਿੰਨ੍ਹਾਤਮਕ** ਤੋਂ ਵੱਧ ਕੁੱਝ ਨਹੀਂ। ਜੇ ਇਸ ਵਾਕੰਸ਼ ਦੇ ਘੜਨਹਾਰੇ ਸੋਚ ਨਹੀਂ ਸਕਦੇ ਜਾਂ ਸੋਚਣ ਦੀ ਪ੍ਰਵਿਰਤੀ ਨਹੀਂ ਰੱਖਦੇ ਤਾਂ ਉਹਨਾਂ ਨੂੰ ਘੱਟੋ-ਘੱਟ ਇਹ ਸਾਦਾ ਤੱਥ ਚੇਤੇ ਕਰਨਾ ਚਾਹੀਦਾ ਸੀ ਕਿ ਬੁੰਦਵਾਦੀਆਂ ਨਾਲ਼ ਰਲਕੇ ਪ੍ਰੋਗਰਾਮ ਦੀ ਪ੍ਰਵਾਨਗੀ ਦਾ ਸਿੱਟਾ ਸਾਡੇ ਸਾਂਝੇ ਕੰਮ ਵਿੱਚ ਕੇਂਦਰੀਕਰਣ ਲਿਆਉਣਾ ਤਾਂ ਇੱਕ ਪਾਸੇ ਰਿਹਾ ਸਾਨੂੰ ਫੁੱਟ ਤੋਂ ਵੀ ਨਾ ਬਚਾ ਸਕਿਆ। ਪ੍ਰੋਗਰਾਮ ਅਤੇ ਦਾਅ-ਪੇਚਾਂ ਦੇ ਸਵਾਲਾਂ ਸਬੰਧੀ ਏਕਤਾ ਲਾਜ਼ਮੀ ਹੈ ਪਰ ਇਹ ਕਿਸੇ ਵੀ ਤਰ੍ਹਾਂ ਪਾਰਟੀ ਏਕਤਾ ਲਈ, ਪਾਰਟੀ ਦੇ ਕੰਮ ਦੇ ਕੇਂਦਰੀਣ ਲਈ ਕਾਫ਼ੀ ਸ਼ਰਤ ਨਹੀਂ (ਰੱਬ ਦੀ ਸੌਂਹ, ਅੱਜ ਜਦੋਂ ਸਾਰੇ ਸੰਕਲਪਾਂ ਨੂੰ ਗਡ-ਮਡ ਕਰ ਦਿੱਤਾ ਗਿਆ ਹੈ ਬੰਦੇ ਨੂੰ ਕਿੰਨੀਆਂ ਬੁਨਿਆਦੀ ਗੱਲਾਂ ਵਿਸਥਾਰ ਨਾਲ਼ ਸਮਝਾਉਣੀਆਂ ਪੈਂਦੀਆਂ ਹਨ!)। ਪਿਛਲੇਰੇ ਲਈ, ਇਸ ਤੋਂ ਬਿਨਾਂ, ਜਥੇਬੰਦੀ ਏਕਤਾ ਦੀ ਲੋੜ ਹੈ, ਜਿਸਦੀ ਇੱਕ ਅਜਿਹੀ ਪਾਰਟੀ ਵਿੱਚ ਜਿਹੜੀ ਕੇਵਲ ਇੱਕ ਪਰਿਵਾਰਕ ਮੰਡਲ ਹੋਣ ਤੋਂ ਵੱਧ ਗਈ ਹੈ, ਰਸਮੀ ਨਿਯਮਾਂ ਤੋਂ ਬਿਨਾਂ, ਘੱਟਗਿਣਤੀ ਦੇ ਬਹੁਗਿਣਤੀ ਅੱਗੇ ਅਤੇ ਭਾਗ ਦੇ ਸਮੂਹ ਅੱਗੇ ਝੁਕਣ ਤੋਂ ਬਿਨਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਜਿੰਨਾ ਚਿਰ ਸਾਡੇ ਕੋਲ ਪ੍ਰੋਗਰਾਮ ਅਤੇ ਦਾਅ-ਪੇਚਾਂ ਦੇ ਬੁਨਿਆਦੀ ਸਵਾਲਾਂ ਸਬੰਧੀ ਏਕਤਾ ਨਹੀਂ ਸੀ, ਅਸਾਂ ਖੁੱਲ੍ਹੀ ਤਰ੍ਹਾਂ ਇਹ ਮੰਨਿਆ ਕਿ ਅਸੀਂ ਫੁੱਟ ਅਤੇ ਵੱਖ ਵੱਖ ਮੰਡਲਾਂ ਦੇ ਸਮੇਂ ਵਿੱਚ ਰਹਿ ਰਹੇ ਹਾਂ, ਅਸਾਂ ਖੁੱਲ੍ਹੀ ਤਰ੍ਹਾਂ ਐਲਾਨ ਕੀਤਾ ਕਿ ਸਾਡੇ ਇੱਕ-ਮੁਠ ਹੋਣ ਤੋਂ ਪਹਿਲਾਂ ਇਹ ਲਾਜ਼ਮੀ ਹੈ ਕਿ ਵਖਰੇਵੇਂ ਦੀਆਂ ਲੀਹਾਂ ਖਿੱਚ ਦਿੱਤੀਆਂ ਜਾਣ; ਅਸਾਂ ਸਾਂਝੀ ਜਥੇਬੰਦੀ ਦੇ ਰੂਪਾਂ ਦੀ ਗੱਲ ਤੱਕ ਨਾ ਕੀਤੀ ਸਗੋਂ ਮੁਕੰਮਲ ਤੌਰ ਉੱਤੇ ਪ੍ਰੋਗਰਾਮ ਅਤੇ ਦਾਅ-ਪੇਚਾਂ ਵਿੱਚ ਮੌਕਾਪ੍ਰਸਤੀ ਵਿਰੁੱਧ ਲੜਨ ਦੇ ਨਵੇਂ (ਉਸ ਸਮੇਂ ਉਹ ਸੱਚਮੁੱਚ ਨਵੇਂ ਸਨ) ਮਸਲਿਆਂ ਦੀ ਗੱਲ ਕੀਤੀ। ਹੁਣ, ਜਿਹਾ ਕਿ ਅਸੀਂ ਸਾਰੇ ਸਹਿਮਤ ਹਾਂ, ਇਸ ਲੜਾਈ ਨੇ ਏਕਤਾ ਦਾ ਚੋਖਾ ਦਰਜਾ ਪੈਦਾ ਕੀਤਾ ਹੈ, ਜਿਹਾ ਕਿ ਪਾਰਟੀ ਪ੍ਰੋਗਰਾਮ ਅਤੇ ਦਾਅ-ਪੇਚਾਂ ਸਬੰਧੀ ਪਾਰਟੀ ਪ੍ਰਸਤਾਵਾਂ ਵਿੱਚ ਸੂਤਰਬੱਧ ਕੀਤਾ ਗਿਆ ਹੈ; ਸਾਨੂੰ ਅਗਲਾ ਕਦਮ ਚੁੱਕਣਾ ਪੈਣਾ ਸੀ ਅਤੇ, ਸਾਂਝੀ ਪ੍ਰਵਾਨਗੀ ਨਾਲ਼ ਅਸਾਂ ਚੁੱਕਿਆ: ਇੱਕ-ਮੁੱਠ ਜਥੇਬੰਦੀ

ਦੇ ਉਹ **ਰੂਪ** ਘੜੇ ਜਿਹੜੀ ਸਾਰੇ ਮੰਡਲਾਂ ਨੂੰ ਇਕੱਠਾ ਕਰਕੇ ਇੱਕ-ਮਿੱਕ ਕਰ ਦੇਵੇਗੀ। ਪਰ ਹੁਣ ਇਹ ਰੂਪ ਅੱਧੇ ਤਬਾਹ ਕਰ ਦਿੱਤੇ ਗਏ ਹਨ ਅਤੇ ਅਸੀਂ ਪਿੱਛੇ ਖਿੱਚੇ ਗਏ ਹਾਂ, ਅਰਾਜਕਤਾਵਾਦੀ ਵਤੀਰੇ ਤੱਕ, ਅਰਾਜਕਤਾਵਾਦੀ ਵਾਕੰਸ਼ਾਂ ਤੱਕ, ਇੱਕ ਪਾਰਟੀ ਸੰਪਾਦਕ-ਮੰਡਲ ਦੀ ਥਾਂ ਇੱਕ ਮੰਡਲ ਸੁਰਜੀਤ ਕਰਨ ਤੱਕ ਪਿੱਛੇ ਖਿੱਚੇ ਗਏ ਹਾਂ। ਅਤੇ ਪਿੱਛੇ ਵੱਲ ਇਸ ਕਦਮ ਨੂੰ ਇਸ ਦਲੀਲ ਨਾਲ਼ ਹੱਕੀ ਠਹਿਰਾਇਆ ਜਾ ਰਿਹਾ ਹੈ ਕਿ ਅਨਪੜ੍ਹ ਬੋਲੀ ਲਈ ਵਾਕ-ਬੋਧ ਨਾਲ਼ੋਂ ਵਰਣ-ਮਾਲਾ ਵਧੇਰੇ ਲਾਹੇਵੰਦੀ ਹੈ!

ਪੂਛਵਾਦ ਦਾ ਦਰਸ਼ਨ, ਜਿਹੜਾ ਤਿੰਨ ਵਰ੍ਹੇ ਪਹਿਲਾਂ ਦਾਅ-ਪੇਚਾਂ ਦੇ ਸਵਾਲਾਂ ਸਬੰਧੀ ਪ੍ਰਫੁੱਲਤ ਸੀ, ਅੱਜ ਜਥੇਬੰਦੀ ਦੇ ਸਵਾਲਾਂ ਸਬੰਧੀ ਸੁਰਜੀਤ ਕੀਤਾ ਜਾ ਰਿਹਾ ਹੈ। ਨਵੇਂ ਸੰਪਾਦਕਾਂ ਦੀ ਇਸ ਦਲੀਲ ਨੂੰ ਲਓ, "ਲੜਾਕੂ ਸੋਸ਼ਲ-ਡੈਮੋਕ੍ਰੇਸੀ ਨੂੰ," ਸਾਥੀ ਅਲੈਕਸਾਂਦਰੋਵ ਕਹਿੰਦਾ ਹੈ, "ਨਾ ਕੇਵਲ ਇੱਕ ਵਿਚਾਰਧਾਰਕ ਘੋਲ਼, ਸਗੋਂ ਜਥੇਬੰਦੀ ਦੇ ਨਿਸ਼ਚਿਤ ਰੂਪਾਂ ਰਾਹੀਂ ਵੀ ਕਾਇਮ ਰੱਖਿਆ ਜਾਣਾ ਚਾਹੀਦਾ ਹੈ।" ਜਿਸ ਉੱਤੇ ਸੰਪਾਦਕ ਨਿਹਾਲ ਕਰਨ ਵਾਲ਼ੇ ਢੰਗ ਨਾਲ਼ ਟਿੱਪਣੀ ਕਰਦੇ ਹਨ: "ਮਾੜਾ ਨਹੀਂ, ਵਿਚਾਰਧਾਰਕ ਘੋਲ਼ ਇੱਕ ਅਮਲ ਹੈ, ਜਿਥੇ ਕਿ ਜਥੇਬੰਦੀ ਦੇ ਰੂਪ ਕੇਵਲ... ਰੂਪ ਹਨ" [ਮੰਨੋ ਭਾਵੇਂ ਨਾ, ਉਹ ਇਹੋ ਕੁੱਝ ਕਹਿੰਦੇ ਹਨ—ਅੰਕ 56, ਜ਼ਮੀਮਾ, ਪੰਨਾ 4, ਕਾਲਮ 1 ਦਾ ਹੇਠਲਾ ਹਿੱਸਾ!] "ਜਿਨ੍ਹਾਂ ਦਾ ਮੰਤਵ ਤਰਲ ਅਤੇ ਵਿਕਸਤ ਹੋ ਰਹੇ ਤੱਤ — ਪਾਰਟੀ ਦੇ ਵਿਕਸਤ ਹੋ ਰਹੇ ਅਮਲੀ ਕੰਮ ਨੂੰ — ਕੱਜਣ ਦੇਣਾ ਹੈ।" ਇਹ ਨਿਸ਼ਚਿਤ ਰੂਪ ਵਿੱਚ ਤੋਪ ਦੇ ਗੋਲੇ ਦਾ ਤੋਪ ਦਾ ਗੋਲਾ ਹੋਣ ਅਤੇ ਬੰਬ ਦੇ ਬੰਬ ਹੋਣ ਸਬੰਧੀ ਠੱਠੇ ਦੀ ਸ਼ੈਲੀ ਵਿੱਚ ਹੈ! ਵਿਚਾਰਧਾਰਕ ਘੋਲ਼ ਇੱਕ ਅਮਲ ਹੈ, ਜਿੱਥੇ ਕਿ ਜਥੇਬੰਦੀ ਦੇ ਰੂਪ ਕੇਵਲ ਤੱਤ ਨੂੰ ਕਜਣ ਦੇਣ ਦੇ ਰੂਪ ਹਨ! ਵਿਵਾਦ ਹੇਠਲਾ ਸਵਾਲ ਇਹ ਹੈ ਕਿ ਸਾਡੇ ਵਿਚਾਰਧਾਰਕ ਘੋਲ਼ ਕੋਲ਼ ਕੱਜਣ ਲਈ ਇੱਕ **ਉਚੇਰੇ ਪ੍ਰਕਾਰ ਦੇ ਰੂਪ** ਹੋਣਗੇ, ਪਾਰਟੀ ਜਥੇਬੰਦੀ ਦੇ ਰੂਪ ਜਾਂ ਪੁਰਾਣੀ ਫੁੱਟ ਅਤੇ ਪੁਰਾਣੇ ਮੰਡਲਾਂ ਦੇ ਰੂਪ। ਸਾਨੂੰ ਉਚੇਰੇ ਤੋਂ ਵਧੇਰੇ ਆਦਿ-ਕਾਲੀਨ ਰੂਪਾਂ ਵੱਲ ਧੱਕ ਦਿੱਤਾ ਗਿਆ ਹੈ ਅਤੇ ਇਹਨੂੰ ਇਹ ਦਲੀਲ ਦੇਕੇ ਹੱਕੀ ਠਹਿਰਾਇਆ ਜਾ ਰਿਹਾ ਹੈ ਕਿ ਵਿਚਾਰਧਾਰਕ ਘੋਲ਼ ਇੱਕ ਅਮਲ ਹੈ, ਜਿੱਥੇ ਕਿ ਰੂਪ—ਬਸ ਰੂਪ ਹਨ। ਪੁਰਾਣੇ ਦਿਨਾਂ ਵਿੱਚ ਸਾਥੀ ਕ੍ਰੀਚੇਵਸਕੀ ਨੇ ਐਨ ਇਸ ਤਰ੍ਹਾਂ ਸਾਨੂੰ ਪਲਾਨ-ਵਜੋਂ-ਦਾਅ-ਪੇਚ ਤੋਂ ਅਮਲ-ਵਜੋਂ -ਦਾਅ-ਪੇਚ ਵੱਲ ਪਿੱਛੇ ਖਿੱਚਣ ਦਾ ਯਤਨ ਕੀਤਾ।

ਆਓ ਅਸੀਂ ਉਹਨਾਂ ਵਿਰੁੱਧ, ਜਿਨ੍ਹਾਂ ਨੂੰ ਅਖੌਤੀ ਤੌਰ ਉੱਤੇ ਰੂਪ ਕਾਰਨ ਤੱਤ ਤੋਂ ਖੁੰਝ ਜਾਣ ਦਾ ਖ਼ਤਰਾ ਹੈ, "ਪ੍ਰੋਲੇਤਾਰੀ ਦੀ ਸਵੈ-ਸਿੱਖਿਆ" ਸਬੰਧੀ ਨਵੇਂ "ਇਸਕਰਾ" ਦੀ ਅਡੰਬਰੀ ਗੱਲ ਲਈਏ (ਅੰਕ 58, ਸੰਪਾਦਕੀ) ਕੀ ਇਹ ਅਕੀਮੋਵਵਾਦ ਨੰ. 2 ਨਹੀਂ? ਅਕੀਮੋਵਵਾਦ ਨੰ. 1 "ਪ੍ਰੋਲੇਤਾਰੀ ਘੋਲ਼" ਦੇ ਵਧੇਰੇ "ਡੂੰਘੇ" ਤੱਤ ਅਤੇ ਪ੍ਰੋਲੇਤਾਰੀ ਦੀ ਸਵੈ-ਸਿਖਿਆ ਦੀ ਗੱਲ ਕਰਕੇ ਦਾਅ-ਪੇਚਾਂ ਸਬੰਧੀ ਕਾਰਜ ਸੂਤਰਬੱਧ ਕਰਨ ਵਿੱਚ ਸੋਸ਼ਲ-ਡੈਮੋਕ੍ਰੈਟਿਕ ਬੁੱਧੀਜੀਵੀਆਂ ਦੇ ਇੱਕ ਹਿੱਸੇ ਦੇ ਪਛੜੇਵੇਂ ਨੂੰ ਸਹੀ ਠਹਿਰਾਉਣ ਦਾ ਯਤਨ ਕਰਦਾ ਸੀ। ਅਕੀਮੋਵਵਾਦ ਨੰ. 2 ਜਥੇਬੰਦੀ ਕੇਵਲ ਇੱਕ ਰੂਪ ਹੋਣ ਅਤੇ ਪ੍ਰੋਲੇਤਾਰੀ ਦੀ

ਸਵੈ-ਸਿੱਖਿਆ ਮਹੱਤਵਪੂਰਨ ਗੱਲ ਹੋਣ ਸਬੰਧੀ ਉਹੋ ਜਿਹੀ ਡੂੰਘੀ ਗੱਲ ਨਾਲ਼ ਜਥੇਬੰਦੀ ਦੇ ਸਿਧਾਂਤ ਅਤੇ ਅਮਲ ਵਿੱਚ ਸੋਸ਼ਲ-ਡੈਮੋਕ੍ਰੈਟਕ ਬੁੱਧੀਜੀਵੀਆਂ ਦੇ ਇੱਕ ਹਿੱਸੇ ਦੇ ਪਛੜੇਵੇਂ ਨੂੰ ਸਹੀ ਠਹਿਰਾਉਂਦਾ ਹੈ। ਭੱਦਰ-ਪੁਰਸ਼ੋ, ਮੈਂ ਤੁਹਾਨੂੰ, ਜਿਹੜੇ ਨਿੱਕੇ ਵੀਰ ਲਈ ਇੰਨੇ ਫ਼ਿਕਰਮੰਦ ਹੋ, ਦੱਸ ਦਿਆਂ ਕਿ ਪ੍ਰੋਲੇਤਾਰੀ ਜਥੇਬੰਦੀ ਅਤੇ ਅਨੁਸ਼ਾਸਨ ਤੋਂ ਡਰਦਾ ਨਹੀਂ! ਪ੍ਰੋਲੇਤਾਰੀ ਉਹਨਾਂ ਯੋਗ ਪ੍ਰੋਫ਼ੈਸਰਾਂ ਅਤੇ ਹਾਈ ਸਕੂਲ ਦੇ ਵਿਦਿਆਰਥੀਆਂ ਦੇ, ਜਿਹੜੇ ਪਾਰਟੀ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ, ਪਾਰਟੀ ਮੈਂਬਰ ਪ੍ਰਵਾਨ ਕਰਾਉਣ ਲਈ ਕੇਵਲ ਇਸ ਲਈ ਕੁੱਝ ਨਹੀਂ ਕਰੇਗਾ ਕਿ ਉਹ ਪਾਰਟੀ ਦੀ ਕਿਸੇ ਜਥੇਬੰਦੀ ਦੇ ਕੰਟਰੋਲ ਅਧੀਨ ਕੰਮ ਕਰਦੇ ਹਨ। ਉਹਦਾ ਸਾਰਾ ਜੀਵਨ ਪ੍ਰੋਲੇਤਾਰੀ ਨੂੰ ਜਥੇਬੰਦੀ ਲਈ ਸਿੱਖਿਆ ਦੇਂਦਾ ਹੈ, ਅਨੇਕ ਬੌਧਿਕ ਦੰਭੀਆਂ ਨਾਲ਼ੋਂ ਵੱਧ ਗਰਮ-ਖ਼ਿਆਲੀ ਨਾਲ਼। ਸਾਡੇ ਪ੍ਰੋਗਰਾਮ ਅਤੇ ਦਾਅ-ਪੇਚਾਂ ਦੀ ਕੁੱਝ ਸੂਝ ਪ੍ਰਾਪਤ ਕਰਨ ਪਿੱਛੋਂ, ਪ੍ਰੋਲੇਤਾਰੀ ਇਹ ਕਹਿ ਕੇ ਕਿ ਰੂਪ ਤੱਤ ਨਾਲ਼ੋਂ ਘੱਟ ਮਹੱਤਵਪੂਰਨ ਹੈ, ਜਥੇਬੰਦੀ ਵਿੱਚ ਪਛੜੇਵੇਂ ਨੂੰ ਹੱਕੀ ਨਹੀਂ ਠਹਿਰਾਵੇਗਾ। ਇਹ ਪ੍ਰੋਲੇਤਾਰੀ ਨਹੀਂ ਸਗੋਂ ਸਾਡੀ ਪਾਰਟੀ ਵਿੱਚ **ਕੁੱਝ ਬੁੱਧੀਜੀਵੀ** ਹਨ, ਜਿਨ੍ਹਾਂ ਵਿੱਚ ਜਥੇਬੰਦੀ ਅਤੇ ਅਨੁਸ਼ਾਸਤ ਭਾਵਨਾ ਅਨੁਸਾਰ, ਅਰਾਜਕਤਾਵਾਦੀ ਗੱਲਾਂ ਵੱਲ ਦਵੈਖ ਅਤੇ ਘਿਰਣਾ ਦੀ ਭਾਵਨਾ ਅਨੁਸਾਰ **ਸਵੈ—ਸਿੱਖਿਆ** ਦੀ ਘਾਟ ਹੈ। ਜਦੋਂ ਉਹ ਕਹਿੰਦੇ ਹਨ ਕਿ ਉਹ ਜਥੇਬੰਦੀ ਲਈ ਪਰਪੱਕ ਨਹੀਂ ਤਾਂ ਅਕੀਮੋਵ ਨੰ. 2 ਪ੍ਰੋਲੇਤਾਰੀ ਨੂੰ ਉਸੇ ਤਰ੍ਹਾਂ ਬਦੂ ਕਰਦੇ ਹਨ ਜਿਵੇਂ ਅਕੀਮੋਵ ਨੰ. 1 ਇਹ ਕਹਿਕੇ ਕਰਦੇ ਸਨ ਕਿ ਉਹ ਸਿਆਸੀ ਘੋਲ਼ ਲਈ ਤਿਆਰ ਨਹੀਂ। ਜਿਹੜਾ ਪ੍ਰੋਲੇਤਾਰੀ ਚੇਤੰਨ ਸੋਸ਼ਲ-ਡੈਮੋਕ੍ਰੈਟ ਬਣ ਗਿਆ ਹੈ ਅਤੇ ਆਪਣੇ ਆਪ ਨੂੰ ਪਾਰਟੀ ਦਾ ਮੈਂਬਰ ਸਮਝਦਾ ਹੈ, ਜਥੇਬੰਦੀ ਦੇ ਮਾਮਲਿਆਂ ਵਿੱਚ ਪੂਛਵਾਦ ਨੂੰ ਉਸੇ ਘਿਰਣਾ ਨਾਲ਼ ਰੱਦ ਕਰੇਗਾ ਜਿਸ ਨਾਲ਼ ਉਹਨੇ ਦਾਅ-ਪੇਚਾਂ ਦੇ ਮਾਮਲਿਆਂ ਵਿੱਚ ਪੂਛਵਾਦ ਨੂੰ ਰੱਦ ਕੀਤਾ।

ਅੰਤ ਵਿੱਚ ਜ਼ਰਾ ਨਵੇਂ "ਇਸਕਰਾ" ਦੇ "ਅਮਲੀ ਕਾਰਕੁਨ" ਨੂੰ ਵਿਚਾਰੋ। "ਠੀਕ ਤਰ੍ਹਾਂ ਸਮਝਿਆਂ," ਉਹ ਕਹਿੰਦਾ ਹੈ, "ਇਨਕਲਾਬੀਆਂ ਦੀਆਂ ਸਾਰੀਆਂ **ਸਰਗਰਮੀਆਂ** ਨੂੰ ਇੱਕ-ਮੁੱਠ ਅਤੇ ਕੇਂਦਰਤ ਕਰਨ ਵਾਲ਼ੀ 'ਲੜਾਕੂ' ਅਤੇ ਕੇਂਦਰਵਾਦੀ ਜਥੇਬੰਦੀ" [ਸ਼ਬਦਾਂ ਉੱਤੇ ਜ਼ੋਰ ਇਹਨੂੰ ਵਧੇਰੇ ਡੂੰਘੀ ਦਿੱਖ ਦੇਣ ਲਈ ਹੈ] "ਸੁਭਾਵਕ ਹੀ ਕੇਵਲ ਉਦੋਂ ਹੀ ਹੋਂਦ ਵਿੱਚ ਆ ਸਕਦੀ ਹੈ, ਜੇ ਅਜਿਹੀਆਂ ਸਰਗਰਮੀਆਂ ਦੀ **ਹੋਂਦ** ਹੈ" [ਨਵਾਂ ਅਤੇ ਚਤੁਰ ਦੋਵੇਂ!]; "ਜਥੇਬੰਦੀ ਖ਼ੁਦ ਇੱਕ ਰੂਪ ਜਾਪਦੀ ਹੈ" [ਇਹ ਗੱਲ ਚੇਤੇ ਰੱਖਣਾ!], "ਕੇਵਲ ਇਨਕਲਾਬੀ ਕੰਮ, ਜਿਹੜਾ ਤੱਤ ਹੈ, ਵਾਧੇ ਦੇ **ਨਾਲ਼ ਨਾਲ਼ ਹੀ**" [ਸ਼ਬਦਾਂ ਉੱਤੇ ਜ਼ੋਰ ਸਾਰੀ ਟੂਕ ਵਾਂਗ ਲੇਖਕ ਵੱਲੋਂ ਹੈ] "ਵੱਧ ਸਕਦੀ ਹੈ।" (ਅੰਕ 57।) ਕੀ ਇਹ ਤੁਹਾਨੂੰ ਲੋਕ ਕਥਾ ਦੇ ਉਸ ਪਾਤਰ ਦਾ ਬਹੁਤ ਜ਼ਿਆਦਾ ਚੇਤਾ ਨਹੀਂ ਕਰਾਉਂਦਾ, ਜਿਸਨੇ ਇੱਕ ਨੜੋਆ ਵੇਖ ਕੇ ਕਿਹਾ ਸੀ: "ਸ਼ਾਲਾ ਇਹ ਸ਼ੁੱਭ ਦਿਨ ਨਿੱਤ ਆਵੇ"? ਮੈਨੂੰ ਨਿਸ਼ਚਾ ਹੈ ਕਿ (ਸੱਚੇ ਅਰਥਾਂ ਵਿੱਚ) ਸਾਡੀ ਪਾਰਟੀ ਵਿੱਚ ਇੱਕ ਵੀ ਅਮਲੀ ਕਾਰਕੁਨ ਅਜਿਹਾ ਨਹੀਂ ਜਿਹੜਾ ਇਹ ਨਹੀਂ ਸਮਝਦਾ ਕਿ ਇਹ ਐਨ ਸਾਡੀਆਂ ਸਰਗਰਮੀਆਂ ਦਾ ਅਮਲੀ ਰੂਪ ਹੈ (ਅਰਥਾਤ, ਸਾਡੀ ਜਥੇਬੰਦੀ) ਜਿਹੜੀ ਉਹਨਾਂ ਦੇ ਤੱਤ ਤੋਂ ਪੱਛੜੀ ਰਹੀ ਹੈ, ਅਤੇ ਨਿਰਾਸ਼ਾਜਨਕ ਹੱਦ ਤੱਕ

ਪੱਛੜ ਰਹੀ ਹੈ, ਅਤੇ ਇਹ ਕਿ ਪਾਰਟੀ ਵਿੱਚ ਕੇਵਲ ਲੋਲ੍ਹੜ ਹੀ ਪਛੜ ਜਾਣ ਵਾਲਿਆਂ ਨੂੰ ਕੂਕਦੇ ਹਨ: "ਪਾਲ ਵਿੱਚ ਰਹੋ; ਅੱਗੇ ਨਾ ਨੱਠੋ!" ਆਓ ਅਸੀਂ ਆਪਣੀ ਪਾਰਟੀ ਦਾ, ਫ਼ਰਜ਼ ਕਰੋ, "ਬੁੰਦ" ਨਾਲ਼ ਮੁਕਾਬਲਾ ਕਰੀਏ। ਇਸ ਸਬੰਧੀ ਕੋਈ ਸ਼ੱਕ ਨਹੀਂ ਕਿ ਸਾਡੀ ਪਾਰਟੀ ਦੇ ਕੰਮ ਦਾ **ਤੱਤ*** ਉਸ ਨਾਲ਼ੋਂ ਅਣਮਿਣਵੇਂ ਤੌਰ ਉੱਤੇ ਵਧੇਰੇ ਭਰਪੂਰ, ਵਧੇਰੇ ਵੰਨ-ਸੁਵੰਨਾ, ਵਧੇਰੇ ਵਿਸ਼ਾਲ ਅਤੇ ਵਧੇਰੇ ਡੂੰਘਾ ਹੈ ਜਿੰਨਾ ਇਹ "ਬੁੰਦ" ਦੀ ਹਾਲਤ ਵਿੱਚ ਹੈ। ਸਾਡੇ ਸਿਧਾਂਤਕ ਵਿਚਾਰਾਂ ਦਾ ਘੇਰਾ ਵਧੇਰੇ ਵਿਸ਼ਾਲ ਹੈ, ਸਾਡਾ ਪ੍ਰੋਗਰਾਮ ਵਧੇਰੇ ਵਿਕਸਤ, ਕਿਰਤੀਆਂ ਦੇ ਸਮੂਹ ਵਿੱਚ (ਅਤੇ ਕੇਵਲ ਜਥੇਬੰਦ ਦਸਤਕਾਰਾਂ ਵਿੱਚ ਨਹੀਂ) ਸਾਡਾ ਪ੍ਰਭਾਵ ਵਧੇਰੇ ਵਿਸ਼ਾਲ ਅਤੇ ਡੂੰਘੇਰਾ ਹੈ, ਸਾਡਾ ਪ੍ਰਚਾਰ ਅਤੇ ਐਜੀਟੇਸ਼ਨ ਵਧੇਰੇ ਵੰਨ-ਸੁਵੰਨੇ ਹਨ; ਨੇਤਾਵਾਂ ਅਤੇ ਆਮ ਕਾਰਕੁਨਾਂ ਦੁਹਾਂ ਦੇ ਕੰਮ ਦੀ ਨਬਜ਼ ਵਧੇਰੇ ਚੁਲਬੁਲੀ ਹੈ, ਪ੍ਰਦਰਸ਼ਨਾਂ ਅਤੇ ਆਮ ਹੜਤਾਲਾਂ ਸਮੇਂ **ਜਨਤਕ** ਲਹਿਰਾਂ ਵਧੇਰੇ ਪ੍ਰਭਾਵਸ਼ਾਲੀ ਹਨ, ਅਤੇ ਗ਼ੈਰ-ਪ੍ਰੋਲੇਤਾਰੀ ਪਰਤਾਂ ਵਿੱਚ ਸਾਡਾ ਕੰਮ ਵਧੇਰੇ ਜ਼ੋਰਦਾਰ ਹੈ। ਪਰ "ਰੂਪ"? "ਬੁੰਦ' ਦੇ ਕੰਮ ਦੇ ਮੁਕਾਬਲੇ ਉੱਤੇ ਸਾਡੇ ਕੰਮ ਦਾ "ਰੂਪ" ਮਾਫ਼ ਨਾ ਕੀਤੇ ਜਾਣ ਦੀ ਹੱਦ ਤੱਕ ਪਛੜਿਆ ਹੋਇਆ ਹੈ, ਇੰਨਾ ਪਛੜਿਆ ਹੋਇਆ ਹੈ ਕਿ ਇਹ ਅੱਖ ਦਾ ਕੰਡਾ ਹੈ ਅਤੇ ਜਿਹੜਾ ਕੋਈ ਪਾਰਟੀ ਦੇ ਮਾਮਲੇ ਵਿਚਾਰਦੇ ਸਮੇਂ "ਦੰਦ ਹੀ ਨਹੀਂ ਖੁਰਚਦਾ" ਉਹਦੇ ਮੂੰਹ ਉੱਤੇ ਸ਼ਰਮ ਦੀ ਲਾਲੀ ਲਿਆ ਦੇਂਦਾ ਹੈ। ਇਹ ਤੱਥ ਕਿ ਸਾਡੇ ਕੰਮ ਦੀ ਜਥੇਬੰਦੀ ਉਹਦੇ ਤੱਤ ਤੋਂ ਪਛੜੀ ਹੋਈ ਹੈ, ਸਾਡੀ ਕਮਜ਼ੋਰੀ ਹੈ, ਅਤੇ ਇਹ ਕਾਂਗਰਸ ਤੋਂ ਬਹੁਤ ਪਹਿਲਾਂ, ਜਥੇਬੰਦਕ ਕਮੇਟੀ ਬਣਾਏ ਜਾਣ ਤੋਂ ਬਹੁਤ ਪਹਿਲਾਂ ਸਾਡੀ ਕਮਜ਼ੋਰੀ ਸੀ। ਰੂਪ ਦਾ ਲੰਗੜਾ ਅਤੇ ਅਣ-ਵਿਕਸਤ ਖ਼ਾਸਾ ਤੱਤ ਦੇ ਹੋਰ ਵਿਕਾਸ ਵਿੱਚ ਕਿਸੇ ਗੰਭੀਰ ਕਦਮ ਨੂੰ ਅਣਮੇਲ ਬਣਾ ਦੇਂਦਾ ਹੈ; ਇਹਦਾ ਸਿੱਟਾ ਨਿਰਲੱਜ ਖੜੋਤ ਹੁੰਦਾ ਹੈ, ਇਹਦੇ ਕਾਰਨ ਊਰਜਾ ਦੀ ਬਰਬਾਦੀ ਹੁੰਦਾ ਹੈ, ਕਥਨੀ ਅਤੇ ਕਰਨੀ ਵਿੱਚ ਅਣਮੇਲ ਹੁੰਦਾ ਹੈ। ਅਸੀਂ ਬੁਰੀ ਤਰ੍ਹਾਂ ਇਸ ਅਣਮੇਲ ਦਾ ਸ਼ਿਕਾਰ ਰਹੇ ਹਾਂ, ਇਹਦੇ ਬਾਵਜੂਦ ਐਕਸਲਰੋਦ ਅਤੇ ਨਵੇਂ "ਇਸਕਰਾ" ਦਾ "ਅਮਲੀ ਕਾਰਕੁਨ" ਆਪਣੀ ਡੂੰਘੀ ਸਿੱਖਿਆ ਲੈਕੇ ਸਾਹਮਣੇ ਆਉਂਦੇ ਹਨ: ਇਹ ਲਾਜ਼ਮੀ ਹੈ ਕਿ ਸੁਭਾਵਕ ਤੌਰ ਉੱਤੇ ਰੂਪ ਵਧੇ, ਪਰ ਕੇਵਲ ਤੱਤ ਦੇ ਨਾਲ਼ ਨਾਲ਼!

ਇਹ ਹੈ ਜਿਥੇ ਜਥੇਬੰਦੀ ਦੇ ਸਵਾਲ ਸਬੰਧੀ ਨਿੱਕੀ ਜਿਹੀ ਗ਼ਲਤੀ (ਪਹਿਲਾ ਪੈਰਾ) ਤੁਹਾਨੂੰ ਲੈ ਜਾਵੇਗੀ ਜੇ ਬਕਵਾਸ ਨੂੰ **ਗੰਭੀਰਤਾ ਦੇਣ** ਦਾ ਯਤਨ ਕਰੋ ਅਤੇ ਮੌਕਾਪ੍ਰਸਤ ਗੱਲਾਂ

---

*ਮੈਂ ਇਸ ਤੱਥ ਨੂੰ ਇੱਕ ਪਾਸੇ ਛੱਡ ਦੇਂਦਾ ਹਾਂ ਕਿ ਸਾਡੇ ਪਾਰਟੀ ਕੰਮ ਦਾ **ਤੱਤ** ਪਾਰਟੀ ਕਾਂਗਰਸ ਵਿੱਚ (ਪ੍ਰੋਗਰਾਮ, ਆਦਿ ਵਿੱਚ) ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਦੀ ਭਾਵਨਾ ਅਨੁਸਾਰ **ਇੱਕ ਘੋਲ਼ ਦੀ ਕੀਮਤ ਉੱਤੇ**, ਐਨ ਉਹਨਾਂ ਹੀ "ਇਸਕਰਾ"-ਵਿਰੋਧੀਆਂ ਅਤੇ ਐਨ ਉਸ ਜਿਲ੍ਹਣ ਵਿਰੁੱਧ ਘੋਲ਼ ਦੀ ਕੀਮਤ ਉੱਤੇ ਉਲੀਕਿਆ ਗਿਆ, ਜਿਨ੍ਹਾਂ ਦੇ ਪ੍ਰਤੀਨਿਧ ਸਾਡੀ "ਘੱਟਗਿਣਤੀ" ਵਿੱਚ ਪ੍ਰਬਲ ਹਨ। "ਤੱਤ" ਦੇ ਇਸ ਸਵਾਲ ਸਬੰਧੀ, ਅਸੀਂ ਕਹਿ ਸਕਦੇ ਹਾਂ, ਪੁਰਾਣੇ "ਇਸਕਰਾ" ਦੇ ਛੇ ਅੰਕਾਂ (ਅੰਕ 46-51) ਦਾ ਨਵੇਂ "ਇਸਕਰਾ" ਬਾਰ੍ਹਾਂ ਅੰਕਾਂ (52-63) ਨਾਲ਼ ਮੁਕਾਬਲਾ ਕਰਨਾ ਰੋਚਕ ਹੋਵੇਗਾ। ਪਰ ਇਸ ਕੰਮ ਲਈ ਕਿਸੇ ਹੋਰ ਸਮੇਂ ਦੀ ਉਡੀਕ ਕਰਨੀ ਪਵੇਗੀ।

ਲਈ ਦਾਰਸ਼ਨਿਕ ਦਲੀਲਾਂ ਲੱਭਣ ਦਾ ਯਤਨ ਕਰੋ। ਹੌਲੀ ਹੌਲੀ ਵਿੰਗੇ-ਟੇਢੇ ਚਲਦੇ ਹੋਏ[47]— ਅਸਾਂ ਇਹ ਦਾਅ-ਪੇਚਾਂ ਦੇ ਸਵਾਲਾਂ ਸਬੰਧੀ ਸੁਣਿਆ ਹੈ; ਹੁਣ ਅਸੀਂ ਇਹ ਇੱਕ ਵਾਰ ਫਿਰ ਜਥੇਬੰਦੀ ਦੇ ਸਵਾਲਾਂ ਸਬੰਧੀ ਸੁਣ ਰਹੇ ਹਾਂ। ਜਦੋਂ ਉਹ ਆਪਣੇ ਅਰਾਜਕਤਾਵਾਦੀ ਕੁਰਾਹਿਆਂ ਨੂੰ, (ਜਿਹੜੇ ਮੁੱਢ ਵਿੱਚ ਸਬੱਬੀ ਹੋ ਸਕਦੇ ਹਨ) **ਵਿਚਾਰਾਂ ਦੇ ਇੱਕ ਪ੍ਰਬੰਧ ਤੱਕ**, **ਅਸੂਲਾਂ** ਦੇ ਵਿਸ਼ੇਸ਼ **ਮਤਭੇਦਾਂ** ਤੱਕ ਉਚਿਆਉਣਾ ਸ਼ੁਰੂ ਕਰ ਦੇਂਦਾ ਹੈ ਤਾਂ **ਜਥੇਬੰਦੀ ਦੇ ਸਵਾਲਾਂ ਸਬੰਧੀ ਪੂਛਵਾਦ ਅਰਾਜਕਤਾਵਾਦੀ ਵਿਅਕਤੀ** ਦੀ ਮਾਨਸਕ ਅਵਸਥਾ ਦੀ ਉਪਜ ਸੁਭਾਵਕ ਅਤੇ ਅਟੱਲ ਹੈ। ਲੀਗ ਦੀ ਕਾਂਗਰਸ ਵਿੱਚ ਅਸਾਂ ਇਸ ਅਰਾਜਕਤਾ ਦਾ ਮੁੱਢ ਵੇਖਿਆ; ਨਵੇਂ "ਇਸਕਰਾ" ਵਿੱਚ ਅਸੀਂ ਇਹਨੂੰ ਵਿਚਾਰਾਂ ਦੀ ਇੱਕ ਪ੍ਰਣਾਲੀ ਤੱਕ ਉਚਿਆਉਣ ਦੇ ਯਤਨ ਵੇਖ ਰਹੇ ਹਾਂ। ਇਹ ਯਤਨ ਬੜੇ ਉੱਘੜਵੇਂ ਢੰਗ ਨਾਲ਼ ਉਸ ਗੱਲ ਦੀ ਪੁਸ਼ਟੀ ਕਰਦੇ ਹਨ ਜਿਹੜੀ ਪਾਰਟੀ ਕਾਂਗਰਸ ਵਿੱਚ ਆਪਣੇ ਆਪ ਨੂੰ ਸੋਸ਼ਲ-ਡੈਮੋਕ੍ਰੈਟ ਲਹਿਰ ਨਾਲ਼ ਜੋੜ ਲੈਣ ਵਾਲ਼ੇ ਬੁਰਜੂਆ ਬੁੱਧੀਜੀਵੀ ਅਤੇ ਆਪਣੇ ਜਮਾਤੀ ਹਿਤਾਂ ਸਬੰਧੀ ਚੇਤੰਨ ਹੋਣ ਵਾਲ਼ੇ ਪ੍ਰੋਲੇਤਾਰੀ ਵਿਚਕਾਰ ਫ਼ਰਕ ਸਬੰਧੀ ਕਹੀ ਗਈ ਸੀ। ਉਦਾਹਰਣ ਵਜੋਂ, ਨਵੇਂ "ਇਸਕਰਾ" ਦਾ ਇਹੋ "ਅਮਲੀ ਕਾਰਕੁਨ" ਜਿਸਦੀ ਗੰਭੀਰਤਾ ਤੋਂ ਅਸੀਂ ਪਹਿਲਾਂ ਹੀ ਜਾਣੂ ਹਾਂ, ਮੇਰੇ ਉੱਤੇ ਪਾਰਟੀ ਨੂੰ "ਇੱਕ ਧੜਵੈਲ ਕਾਰਖ਼ਾਨੇ ਵਜੋਂ" ਚਿਤਵਣ ਦਾ ਦੋਸ਼ ਲਾਉਂਦਾ ਹੈ, ਜਿਸ ਦੇ ਸਿਰੇ ਉੱਤੇ ਕੇਂਦਰੀ ਕਮੇਟੀ ਦੇ ਰੂਪ ਵਿੱਚ ਇੱਕ ਡਾਇਰੈਕਟਰ ਹੈ (ਅੰਕ 57, ਜ਼ਮੀਮਾ)। "ਅਮਲੀ ਕਾਰਕੁਨ" ਨੂੰ ਕਦੀ ਅਹੁੜਿਆ ਤੱਕ ਨਹੀਂ ਕਿ ਉਹਦਾ ਇਹ ਭਿਆਨਕ ਸ਼ਬਦ ਇੱਕਦਮ ਬੁਰਜੂਆ ਬੁੱਧੀਜੀਵੀ ਦੀ ਮਾਨਸਕ ਅਵਸਥਾ ਦਾ ਚੁਗ਼ਲ ਖਾਂਦਾ ਹੈ, ਜਿਹੜਾ ਪ੍ਰੋਲੇਤਾਰੀ ਜਥੇਬੰਦੀ ਦੇ ਅਮਲ ਜਾਂ ਸਿਧਾਂਤ ਦੁਹਾਂ ਤੋਂ ਅਣਜਾਣ ਹੈ। ਕਿਉਂਕਿ ਕਾਰਖ਼ਾਨਾ, ਜਿਹੜਾ ਕੁੱਝ ਲੋਕਾਂ ਨੂੰ ਹਊਆ ਜਾਪਦਾ ਹੈ, ਸਰਮਾਏਦਾਰ ਮਿਲਵਰਤਨ ਦੇ ਸਰਵਉੱਚ ਰੂਪ ਦੀ ਪ੍ਰਤੀਨਿਧਤਾ ਕਰਦਾ ਹੈ, ਜਿਸਨੇ ਪ੍ਰੋਲੇਤਾਰੀ ਨੂੰ ਇੱਕ-ਮੁੱਠ ਕੀਤਾ ਅਤੇ ਬੰਧੇਜ ਸਿਖਾਇਆ ਹੈ, ਉਹਨੂੰ ਜਥੇਬੰਦ ਹੋਣਾ ਸਿਖਾਇਆ ਹੈ ਅਤੇ ਉਹਨੂੰ ਮਿਹਨਤਕਸ਼ ਅਤੇ ਲੁੱਟੀ ਪੁੱਟੀ ਜਾਂਦੀ ਵਸੋਂ ਦੇ ਹੋਰ ਸਾਰੇ ਹਿੱਸਿਆਂ ਦਾ ਮੂਹਰੈਲ ਬਣਾਇਆ ਹੈ। ਅਤੇ ਮਾਰਕਸਵਾਦ, ਸਰਮਾਏਦਾਰੀ ਵੱਲੋਂ ਸਿੱਖਿਅਤ ਕੀਤੇ ਪ੍ਰੋਲੇਤਾਰੀ ਦਾ ਸਿਧਾਂਤ, ਅਸਥਿਰ ਬੁੱਧੀਜੀਵੀਆਂ ਨੂੰ ਕਾਰਖ਼ਾਨੇ ਦੇ ਲੁੱਟ-ਚੋਂਘ ਦੇ ਇੱਕ ਸਾਧਨ ਵਜੋਂ (ਭੁੱਖੇ ਮਰਨ ਦੇ ਡਰ ਉੱਤੇ ਅਧਾਰਤ ਬੰਧੇਜ) ਅਤੇ ਕਾਰਖ਼ਾਨੇ ਦੇ ਜਥੇਬੰਦੀ ਦੇ ਇੱਕ ਸਾਧਨ ਵਜੋਂ (ਤਕਨੀਕੀ ਤੌਰ ਉੱਤੇ ਉਤਪਾਦਨ ਦੀਆਂ ਉੱਚ ਪੱਧਰ ਤੱਕ ਵਿਕਸਤ ਪ੍ਰਸਥਿਤੀਆਂ ਰਾਹੀਂ ਇੱਕ-ਮੁੱਠ ਸਾਂਝੇ ਕੰਮ ਉੱਤੇ ਅਧਾਰਤ ਬੰਧੇਜ) ਵਿੱਚ ਫ਼ਰਕ ਕਰਨਾ ਸਿਖਾਉਂਦਾ ਰਿਹਾ ਹੈ ਅਤੇ ਸਿਖਾ ਰਿਹਾ ਹੈ। ਅਨੁਸ਼ਾਸਨ ਅਤੇ ਜਥੇਬੰਦੀ ਜਿਹੜੇ ਬੁਰਜੂਆ ਬੁੱਧੀਜੀਵੀਆਂ ਲਈ ਇੰਨੇ ਔਖੇ ਹੁੰਦੇ ਹਨ, ਐਨ ਕਾਰਖ਼ਾਨੇ ਦੀ "ਸਿੱਖਿਆ" ਕਾਰਨ ਪ੍ਰੋਲੇਤਾਰੀ ਇੰਨੀ ਸੌਖੀ ਤਰ੍ਹਾਂ ਪ੍ਰਾਪਤ ਕਰ ਲੈਂਦਾ ਹੈ। ਇਸ ਸਕੂਲ ਦਾ ਮਾਰੂ ਡਰ ਅਤੇ ਜਥੇਬੰਦੀ ਦੇ ਇੱਕ ਅੰਸ਼ ਵਜੋਂ ਇਹਦੀ ਮਹੱਤਤਾ ਸਮਝਣ ਵਿੱਚ ਉੱਕਾ ਹੀ ਅਸਫ਼ਲਤਾ, ਜੀਵਨ ਦੇ ਉਸ ਢੰਗ ਦੀਆਂ ਲਖਣਾਇਕ ਹਨ, ਜੋ ਜੀਵਨ ਦੇ ਨਿੱਕ-ਬੁਰਜੂਆ ਢੰਗ ਨੂੰ ਪ੍ਰਤੀਬਿੰਬਤ ਕਰਦੀਆਂ ਹਨ ਅਤੇ ਜਿਹਨਾਂ ਨੇ ਅਰਾਜਕਤਾ ਦੀ ਉਸ ਵੰਨਗੀ ਨੂੰ ਜਨਮ

ਦਿੱਤਾ ਜਿਸਨੂੰ ਜਰਮਨ ਸੋਸ਼ਲ-ਡੈਮੋਕ੍ਰੈਟ Edelanarchismus ਕਹਿੰਦੇ ਹਨ, ਅਰਥਾਤ, "ਉੱਚ" ਭੱਦਰਪੁਰਸ਼ਾਂ ਦੀ ਅਰਾਜਕਤਾ, ਜਾਂ ਅਮੀਰਸ਼ਾਹੀ ਅਰਾਜਕਤਾ, ਜਿਵੇਂ ਮੈਂ ਇਹਨੂੰ ਨਾਂ ਦਿਆਂਗਾ। ਇਹ ਅਮੀਰਸ਼ਾਹੀ ਅਰਾਜਕਤਾ ਰੂਸੀ ਨਿਹਲਿਸਟਾਂ* ਦੀ ਵਿਸ਼ੇਸ਼ ਤੌਰ ਉੱਤੇ ਲਖਣਾਇਕ ਹੈ। ਉਹ ਪਾਰਟੀ ਜਥੇਬੰਦੀ ਨੂੰ ਇੱਕ ਭਿਆਨਕ "ਕਾਰਖ਼ਾਨਾ" ਸਮਝਦਾ ਹੈ; ਉਹ ਅੰਸ਼ ਦੇ ਸਮੂਹ ਦੀ ਅਤੇ ਘੱਟਗਿਣਤੀ ਦੀ ਬਹੁਗਿਣਤੀ ਦੀ ਅਧੀਨਗੀ ਨੂੰ "ਖੇਤ-ਗ਼ੁਲਾਮੀ" ਸਮਝਦਾ ਹੈ (ਵੇਖੋ ਐਕਸਲਰੋਦ ਦੇ ਲੇਖ); ਇੱਕ ਕੇਂਦਰ ਦੀ ਅਗਵਾਈ ਅਧੀਨ ਕੰਮ ਦੀ ਵੰਡ ਉਹਦੇ ਤੋਂ ਲੋਕਾਂ ਨੂੰ "ਦੰਦਿਆਂ ਅਤੇ ਪਹੀਆਂ" ਵਿੱਚ ਤਬਦੀਲ ਕਰਨ ਸਬੰਧੀ ਤਰਾਸ-ਕਾਮੇਦਿਕ ਚੀਕ ਪਰਤਾਉਂਦੀ ਹੈ (ਸੰਪਾਦਕਾਂ ਨੂੰ ਲੇਖ ਲਿਖਕੇ ਸਹਾਇਤਾ ਦੇਣ ਵਾਲ਼ਿਆਂ ਵਿੱਚ ਤਬਦੀਲ ਕਰਨ ਨੂੰ ਅਜਿਹੀ ਤਬਦੀਲੀ ਦੀ ਵਿਸ਼ੇਸ਼ ਤੌਰ ਉੱਤੇ ਭਿਆਨਕ ਵੰਨਗੀ ਸਮਝਿਆ ਜਾਂਦਾ ਹੈ); ਪਾਰਟੀ ਦੇ ਜਥੇਬੰਦਕ ਨਿਯਮਾਂ ਦੀ ਗੱਲ ਇੱਕ ਘਿਰਣਾ-ਭਰੀ ਥੁਣਕ ਅਤੇ ਇੱਕ ਗਿਲਾਨੀ ਭਰੀ ਗੱਲ ਲਿਆਉਂਦਾ ਹੈ (ਇਹ "ਰੀਤੀਵਾਦੀਆਂ" ਲਈ ਹਨ) ਇਥੋਂ ਤੱਕ ਕਿ ਬੰਦਾ ਨਿਯਮਾਂ ਤੋਂ ਉੱਕਾ ਹੀ ਛੁਟਕਾਰਾ ਪਾ ਸਕਦਾ ਹੈ।

ਭਾਵੇਂ ਇਹ ਗੱਲ ਅਣਮੰਨਵੀਂ ਜਾਪਦੀ ਹੈ ਪਰ ਸਾਥੀ ਮਾਰਤੋਵ ਨੇ "ਇਸਕਰਾ", ਅੰਕ 58 ਵਿੱਚ ਅਜਿਹੀ ਹੀ ਇੱਕ ਉਪਦੇਸ਼ਵੀਂ ਗੱਲ ਮੈਨੂੰ ਕਹੀ, ਅਤੇ ਵਧੇਰੇ ਵਜ਼ਨ ਲਈ, "ਇੱਕ ਸਾਥੀ ਦੇ ਨਾਂ ਖ਼ਤ" ਵਿੱਚੋਂ ਮੇਰੇ ਆਪਣੇ ਸ਼ਬਦਾਂ ਦੀ ਟੂਕ ਦਿੱਤੀ। ਲਓ, ਜੇ ਇਹ "ਅਮਰੀਸ਼ਾਹ ਅਰਾਜਕਤਾ" ਅਤੇ ਪੂਛਵਾਦ ਨਹੀਂ ਤਾਂ ਹੋਰ ਕੀ ਹੈ ਕਿ ਪਾਰਟੀ ਦੇ ਯੁੱਗ ਵਿੱਚ ਮੰਡਲ ਭਾਵਨਾ ਅਤੇ ਅਰਾਜਕਤਾ ਕਾਇਮ ਰੱਖਣ ਅਤੇ ਵਡਿਆਉਣ ਨੂੰ **ਹੱਕੀ ਠਹਿਰਾਉਣ ਲਈ** ਮੰਡਲਾਂ ਦੇ ਯੁੱਗ ਤੋਂ ਉਦਾਹਰਣਾਂ ਦਿੱਤੀਆਂ ਜਾਣ ?

ਸਾਨੂੰ ਪਹਿਲਾਂ ਨਿਯਮਾਂ ਦੀ ਕਿਉਂ ਲੋੜ ਨਹੀਂ ਸੀ ? ਕਿਉਂਕਿ ਪਾਰਟੀ ਉਹਨਾਂ ਵਿਚਕਾਰ ਕਿਸੇ ਜਥੇਬੰਦਕ ਸਬੰਧ ਤੋਂ ਬਿਨਾਂ ਵੱਖ ਵੱਖ ਮੰਡਲਾਂ ਤੋਂ ਬਣੀ ਹੋਈ ਸੀ। ਕੋਈ ਵਿਅਕਤੀ ਆਪਣੇ "ਮਨ ਦੀ ਮਰਜ਼ੀ" ਨਾਲ਼ ਇੱਕ ਮੰਡਲ ਤੋਂ ਦੂਜੇ ਵਿੱਚ ਜਾ ਸਕਦਾ ਸੀ, ਕਿਉਂਕਿ ਉਹਨੂੰ ਸਮੂਹ ਦੀ ਸੂਤਰਬੱਧ ਕੀਤੀ ਇੱਛਾ ਦੇ ਪ੍ਰਗਟਾਅ ਦਾ ਸਾਹਮਣਾ ਨਹੀਂ ਸੀ ਕਰਨਾ ਪੈਂਦਾ। ਮੰਡਲਾਂ ਵਿੱਚ ਝਗੜਿਆਂ ਦਾ ਨਿਰਣਾ ਨਿਯਮਾਂ ਅਨੁਸਾਰ ਨਹੀਂ "**ਸਗੋਂ ਘੋਲ਼ ਅਤੇ ਅਸਤੀਫ਼ੇ ਦੇਣ ਦੀ ਧਮਕੀ ਰਾਹੀਂ**" ਹੱਲ ਕੀਤਾ ਜਾਂਦਾ ਸੀ, ਜਿਹਾ ਕਿ ਮੈਂ ਆਮ ਤੌਰ ਉੱਤੇ ਬਹੁਤ ਸਾਰੇ ਮੰਡਲਾਂ ਅਤੇ ਸਾਡੇ ਛਿਆਂ ਦੇ ਸੰਪਾਦਕੀ ਮੰਡਲ ਦੇ ਅਨੁਭਵ ਦਾ ਸਾਰ ਪੇਸ਼ ਕਰਦੇ ਹੋਏ "ਇੱਕ ਸਾਥੀ ਦੇ ਨਾਂ ਖ਼ਤ" ਵਿੱਚ ਕਿਹਾ ਸੀ। ਮੰਡਲਾਂ ਦੇ ਯੁਗ ਵਿੱਚ ਇਹ ਸੁਭਾਵਕ ਅਤੇ ਅਟੱਲ ਸੀ, ਪਰ ਇਹ ਕਦੀ ਕਿਸੇ ਨੂੰ ਨਾ ਅਹੁੜਿਆ ਕਿ ਉਹ ਇਹਨੂੰ ਵਡਿਆਵੇ, ਜਾਂ ਇਹਨੂੰ ਆਦਰਸ਼ ਸਮਝੇ, ਹਰ ਇੱਕ ਫੁੱਟ ਦਾ ਗਿਲਾ ਕਰਦਾ ਸੀ, ਹਰ ਇੱਕ ਇਸ ਤੋਂ ਪ੍ਰੇਸ਼ਾਨ ਸੀ ਅਤੇ ਇਹ ਵੇਖਣ ਲਈ ਉਤਸੁਕ ਸੀ ਕਿ ਖਿੰਡੇ ਹੋਏ ਮੰਡਲ ਇੱਕ ਵਿਧੀ-ਵਤ ਬਣਾਈ ਪਾਰਟੀ ਜਥੇਬੰਦੀ ਵਿੱਚ ਇੱਕ-ਜਾਨ ਹੋ ਜਾਣ, ਅਤੇ ਹੁਣ ਜਦੋਂ ਅਜਿਹਾ

* ਨਿਹਲਿਸਟ — 1860ਵਿਆਂ ਦੇ ਰੂਸੀ ਬੁੱਧੀਜੀਵੀਆਂ ਦੇ ਪ੍ਰਤੀਨਿਧ; ਉਹ ਕੁਲੀਨ ਸਮਾਜ ਅਤੇ ਭੋਂ-ਗ਼ੁਲਾਮੀ ਦੀਆਂ ਨੀਹਾਂ ਅਤੇ ਰਵਾਇਤਾਂ ਦੇ ਵਿਰੋਧੀ ਸਨ।—**ਸੰਪਾ.**

ਇੱਕ-ਜਾਨ ਹੋਣਾ ਹੋ ਗਿਆ ਹੈ, ਸਾਨੂੰ ਪਿੱਛੇ ਵੱਲ ਧਰੂਹਿਆ ਜਾ ਰਿਹਾ ਹੈ ਅਤੇ, ਉਚੇਰੇ ਜਥੇਬੰਦਕ ਵਿਚਾਰਾਂ ਅਧੀਨ, ਸਾਡੇ ਸਾਹਮਣੇ ਅਰਾਜਕਤਾਵਾਦੀ ਫ਼ਿਕਰੇਬਾਜ਼ੀ ਪੇਸ਼ ਕੀਤੀ ਜਾ ਰਹੀ ਹੈ! ਜਿਹੜੇ ਲੋਕ ਓਬਲੋਮੋਵ[48] ਮੰਡਲ ਘਰੇਲੂਪੁਣੇ ਦੇ ਢਿੱਲੇ ਢਾਲੇ ਡਰੈਸਿੰਗ ਗਾਊਨ ਅਤੇ ਸਲੀਪਰਾਂ ਦੇ ਆਦੀ ਹਨ, ਉਹਨਾਂ ਲਈ ਵਿਧੀ-ਵਤ ਨਿਯਮ ਤੰਗ, ਰੋਕਾਂ ਪਾਉਣ ਵਾਲ਼ੇ, ਅਕਾਊ, ਨੀਚ ਅਤੇ ਨੌਕਰਸ਼ਾਹੀ ਜਾਪਦੇ ਹਨ, ਖੇਤ-ਗ਼ੁਲਾਮੀ ਦਾ ਸੰਗਲ ਅਤੇ ਵਿਚਾਰਧਾਰਕ ਘੋਲ਼ ਦੇ ਅਜ਼ਾਦ "ਅਮਲ" ਉੱਤੇ ਇੱਕ ਬੇੜੀ ਜਾਪਦੇ ਹਨ। ਅਮੀਰਸ਼ਾਹ ਅਰਾਜਕਤਾ ਇਹ ਨਹੀਂ ਸਮਝਦੀ ਕਿ ਵਿਧੀ-ਵਤ ਨਿਯਮਾਂ ਦੀ ਲੋੜ ਐਨ ਇਸ ਲਈ ਹੈ ਕਿ ਸੌੜੇ ਮੰਡਲ ਸਬੰਧਾਂ ਦੀ ਥਾਂ ਵਿਸ਼ਾਲ ਪਾਰਟੀ ਸਬੰਧ ਨੂੰ ਦਿੱਤੀ ਜਾਵੇ। ਮੰਡਲ ਦੇ ਅੰਦਰੂਨੀ ਸਬੰਧਾਂ ਜਾਂ ਮੰਡਲਾਂ ਵਿਚਕਾਰ ਸਬੰਧਾਂ ਨੂੰ ਵਿਧੀ-ਵਤ ਰੂਪ ਦੇਣਾ ਬੇਲੋੜਾ ਅਤੇ ਅਸੰਭਵ ਸੀ, ਕਿਉਂਕਿ ਇਹਨਾਂ ਸਬੰਧਾਂ ਦਾ ਅਧਾਰ ਨਿੱਜੀ ਮਿੱਤਰਤਾ ਜਾਂ ਇੱਕ ਸਹਿਜ-ਭਾਵੀ "ਭਰੋਸਾ" ਹੁੰਦਾ ਸੀ, ਜਿਸ ਲਈ ਕੋਈ ਕਾਰਨ ਨਹੀਂ ਸੀ ਦੱਸਿਆ ਜਾਂਦਾ। ਪਾਰਟੀ ਸਬੰਧ ਇਹਨਾਂ ਵਿੱਚੋਂ ਕਿਸੇ ਉੱਤੇ ਅਧਾਰਤ ਨਹੀਂ ਹੋ ਸਕਦੇ ਅਤੇ ਲਾਜ਼ਮੀ ਤੌਰ ਉੱਤੇ ਨਹੀਂ ਹੋਣੇ ਚਾਹੀਦੇ; ਇਹ ਲਾਜ਼ਮੀ ਹੈ ਕਿ ਉਹ **ਵਿਧੀ-ਵਤ**, "ਨੌਕਰਸ਼ਾਹੀ ਢੰਗ" ਨਾਲ਼ ਲਿਖੇ ਨਿਯਮਾਂ ਉੱਤੇ ਅਧਾਰਤ ਹੋਣ (ਅਨੁਸ਼ਾਸਨ-ਰਹਿਤ ਬੁੱਧੀਜੀਵੀ ਦੇ ਦ੍ਰਿਸ਼ਟੀਕੋਣ ਤੋਂ ਨੌਕਰਸ਼ਾਹੀ), ਜਿਨ੍ਹਾਂ ਉੱਤੇ ਸਖ਼ਤੀ ਨਾਲ਼ ਅਮਲ ਹੀ ਸਾਨੂੰ ਮੰਡਲਾਂ ਦੀ ਮਨਮਰਜ਼ੀ ਅਤੇ ਕਲਪਨਾਵਾਂ ਤੋਂ, ਮੰਡਲਾਂ ਵਿਚ ਖਹਿਬੜਾਂ ਤੋਂ, ਜਿਨ੍ਹਾਂ ਨੂੰ ਵਿਚਾਰਧਾਰਕ ਘੋਲ਼ ਦੇ ਅਜ਼ਾਦ "ਅਮਲ" ਦਾ ਨਾਂ ਦਿੱਤਾ ਜਾਂਦਾ ਹੈ, ਛੁਟਕਾਰਾ ਦਿਵਾ ਸਕਦਾ ਹੈ।

ਨਵੇਂ "ਇਸਕਰਾ" ਦੇ ਸੰਪਾਦਕ ਇਹ ਕਹਿ ਕੇ ਕਿ "ਭਰੋਸਾ ਇੱਕ ਨਾਜ਼ੁਕ ਸ਼ੈਅ ਹੈ ਅਤੇ ਲੋਕਾਂ ਦੇ ਦਿਲਾਂ ਅਤੇ ਮਨਾਂ ਉੱਤੇ ਠੋਸਿਆ ਨਹੀਂ ਜਾ ਸਕਦਾ" (ਅੰਕ 56, ਜ਼ਮੀਮਾ) ਰੰਗ ਦੇ ਪੱਤੇ ਨਾਲ਼ ਅਲੈਕਸਾਂਦਰੋਵ ਦੀ ਕਾਟ ਕਰਨਾ ਚਾਹੁੰਦੇ ਹਨ। ਸੰਪਾਦਕ ਇਹ ਨਹੀਂ ਸਮਝਦੇ ਕਿ ਭਰੋਸੇ, **ਨੰਗੇ** ਭਰੋਸੇ ਸਬੰਧੀ ਇਸ ਗੱਲ ਰਾਹੀਂ ਉਹ ਆਪਣੀ ਅਮੀਰਸ਼ਾਹ ਅਰਾਜਕਤਾ ਅਤੇ ਜਥੇਬੰਦਕ ਪੂਛਵਾਦ ਦੀ ਚਗ਼ਲ ਖਾ ਰਹੇ ਹਨ। ਜਦੋਂ ਮੈਂ ਕੇਵਲ ਇੱਕ ਮੰਡਲ ਦਾ ਮੈਂਬਰ ਸਾਂ — ਭਾਵੇਂ ਇਹ ਛੇ ਸੰਪਾਦਕਾਂ ਦਾ ਮੰਡਲ ਸੀ ਜਾਂ "ਇਸਕਰਾ" ਜਥੇਬੰਦੀ ਦਾ — ਮੈਂ, ਮਹਿਜ਼ ਭਰੋਸੇ ਦੀ ਘਾਟ ਦੇ ਅਧਾਰ ਉੱਤੇ, ਕਾਰਨ ਜਾਂ ਮੰਤਵ ਦੱਸੇ ਬਿਨਾਂ, ਸਮਝ ਲਓ, ਐਕਸ ਨਾਲ਼ ਕੰਮ ਕਰਨੋਂ ਨਾਂਹ ਕਰ ਸਕਦਾ ਸਾਂ। ਪਰ ਹੁਣ ਜਦੋਂ ਮੈਂ ਇੱਕ ਪਾਰਟੀ ਦਾ ਮੈਂਬਰ ਬਣ ਗਿਆ ਹਾਂ, ਮੈਨੂੰ ਆਮ ਤੌਰ ਉੱਤੇ ਭਰੋਸੇ ਦੀ ਘਾਟ ਦੀ ਦਲੀਲ ਦੇਣ ਦਾ **ਕੋਈ ਹੱਕ ਨਹੀਂ**, ਕਿਉਂਕਿ ਇਹ ਪੁਰਾਣੇ ਮੰਡਲਾਂ ਦੇ ਸਾਰੇ ਖ਼ੱਬਤਾਂ ਅਤੇ ਕਲਪਨਾਵਾਂ ਲਈ ਬੂਹੇ ਚੁਪੱਟ ਖੋਹਲ ਦੇਵੇਗਾ; ਮੇਰੇ ਲਈ **ਇਹ ਲਾਜ਼ਮੀ ਹੈ** ਕਿ ਮੈਂ ਆਪਣੇ "ਭਰੋਸੇ" ਜਾਂ "ਭਰੋਸੇ ਦੀ ਅਣਹੋਂਦ" ਲਈ ਵਿਧੀ-ਵਤ ਕਾਰਨ ਦਿਆਂ, ਅਰਥਾਤ, ਸਾਡੇ ਪ੍ਰੋਗਰਾਮ, ਦਾਅ-ਪੇਚਾਂ ਜਾਂ ਨਿਯਮਾਂ ਦੇ ਵਿਧੀ-ਵਤ ਸਥਾਪਤ ਅਸੂਲ ਪੇਸ਼ ਕਰਾਂ; ਇਹ ਲਾਜ਼ਮੀ ਹੈ ਕਿ ਮੈਂ ਕਾਰਨ ਦੱਸੇ ਬਿਨਾਂ ਆਪਣੇ "ਭਰੋਸੇ" ਜਾਂ "ਭਰੋਸੇ ਦੀ ਅਣਹੋਂਦ" ਦਾ ਐਲਾਨ ਨਾ ਕਰਾਂ ਸਗੋਂ ਇਹ ਪ੍ਰਵਾਨ ਕਰਾਂ ਕਿ ਮੇਰੇ ਨਿਰਣਿਆਂ—ਅਤੇ ਆਮ ਤੌਰ ਉੱਤੇ ਪਾਰਟੀ ਦੇ ਸਾਰੇ

ਹਿੱਸਿਆਂ ਦੇ ਨਿਰਣਿਆਂ—ਲਈ ਸਮੁੱਚੀ ਪਾਰਟੀ ਸਾਹਮਣੇ **ਲੇਖਾ ਦੇਣਾ** ਪਵੇਗਾ; ਜਦੋਂ ਮੈਂ ਆਪਣੀ "ਭਰੋਸੇ ਦੀ ਅਣਹੋਂਦ" ਨੂੰ ਪ੍ਰਗਟ ਕਰਦਾ ਹਾਂ ਜਾਂ ਉਹਨਾਂ ਵਿਚਾਰਾਂ ਅਤੇ ਇੱਛਾਵਾਂ ਦੀ ਪ੍ਰਵਾਨਗੀ ਪ੍ਰਾਪਤ ਕਰਨ ਦਾ ਯਤਨ ਕਰ ਰਿਹਾ ਹਾਂ ਜਿਹੜੀਆਂ ਇਸ "ਭਰੋਸੇ ਦੀ ਅਣਹੋਂਦ" ਤੋਂ ਪੈਦਾ ਹੁੰਦੀਆਂ ਹਨ, ਤਾਂ ਮੇਰੇ ਲਈ ਇਹ ਲਾਜ਼ਮੀ ਹੈ ਕਿ ਮੈਂ **ਵਿਧੀ-ਵਤ ਤੌਰ ਉੱਤੇ ਨਿਯਮਤ** ਕਾਰਜ-ਵਿਧੀ ਉੱਤੇ ਅਮਲ ਕਰਾਂ। **ਮੰਡਲ** ਨਜ਼ਰੀਏ ਤੋਂ ਇਸ "ਭਰੋਸੇ" ਲਈ ਕਾਰਨ ਨਹੀਂ ਦੱਸਣੇ ਪੈਂਦੇ, ਅਸੀਂ ਪਹਿਲਾਂ ਹੀ **ਪਾਰਟੀ** ਨਜ਼ਰੀਏ ਤੱਕ ਉੱਪਰ ਉੱਠ ਗਏ ਹਾਂ, ਜਿਹੜਾ ਸਾਡੇ ਭਰੋਸੇ ਦੇ ਪ੍ਰਗਟ ਕਰਨ, ਇਹਦੇ ਲਈ ਕਾਰਨ ਦੱਸਣ ਅਤੇ **ਪਰਖਣ** ਲਈ ਇੱਕ ਵਿਧੀ-ਵਤ ਢੰਗ ਨਾਲ਼ ਮਿਥੀ ਕਾਰਜ-ਵਿਧੀ ਉੱਤੇ ਚਲਣ ਦੀ ਮੰਗ ਕਰਦਾ ਹੈ; ਪਰ ਸੰਪਾਦਕ ਸਾਨੂੰ ਪਿੱਛੇ ਵੱਲ ਘਸੀਟਣਾ ਚਾਹੁੰਦੇ ਹਨ, ਅਤੇ ਆਪਣੇ ਪੂਛਵਾਦ ਨੂੰ ਜਥੇਬੰਦੀ ਸਬੰਧੀ ਨਵੇਂ ਵਿਚਾਰ ਕਹਿੰਦੇ ਹਨ!

ਜ਼ਰਾ ਉਸ ਢੰਗ ਨੂੰ ਵੇਖੋ ਜਿਸ ਨਾਲ਼ ਸਾਡੇ ਅਖੌਤੀ ਪਾਰਟੀ ਸੰਪਾਦਕ ਲੇਖਕਾਂ ਦੀਆਂ ਟੋਲੀਆਂ ਦੀ ਗੱਲ ਕਰਦੇ ਹਨ, ਜਿਹੜੀਆਂ ਸੰਪਾਦਕ ਮੰਡਲ ਵਿੱਚ ਪ੍ਰਤੀਨਿਧਾਂ ਦੀ ਮੰਗ ਕਰ ਸਕਦੀਆਂ ਹਨ। "ਅਸੀਂ ਗ਼ੁੱਸੇ ਨਹੀਂ ਹੋ ਜਾਵਾਂਗੇ ਅਤੇ ਅਨੁਸ਼ਾਸਨ ਸਬੰਧੀ ਡੰਡ ਨਹੀਂ ਪਾਉਣ ਲੱਗ ਪਵਾਂਗੇ," ਸਾਨੂੰ ਇਹ ਅਮੀਰਸ਼ਾਹ ਅਰਾਜਕਤਾਵਾਦੀ ਤਾੜਨਾ ਕਰਦੇ ਹਨ, ਜਿਨ੍ਹਾਂ ਸਦਾ ਅਤੇ ਹਰ ਥਾਂ ਅਨੁਸ਼ਾਸਨ ਜਿਹੇ ਮਾਮਲੇ ਨੂੰ ਘਿਰਣਾ ਨਾਲ਼ ਵੇਖਿਆ ਹੈ। ਅਸੀਂ ਜਾਂ ਤਾਂ, ਜੇ ਉਹ ਸੂਝਵਾਨ ਹੋਈ, ਟੋਲੀ ਨਾਲ਼ "ਮਾਮਲੇ ਦਾ ਪ੍ਰਬੰਧ" (sic!) ਕਰ ਲਵਾਂਗੇ, ਜਾਂ ਉਹਨਾਂ ਦੀਆਂ ਮੰਗਾਂ ਦੀ ਖਿੱਲੀ ਉਡਾ ਦਿਆਂਗੇ।

ਉਏ ਹੋਏ, ਉਜੱਡ "ਕਾਰਖ਼ਾਨਾ" ਰੀਤੀਵਾਦ ਨੂੰ ਕਿਹੋ ਜਿਹਾ ਮੂੰਹ-ਤੋੜਵਾਂ ਉਤਰ ਹੈ! ਪਰ ਯਥਾਰਥ ਵਿੱਚ ਇਹ ਪੁਰਾਣੀ ਮੰਡਲ ਫ਼ਿਕਰੇਬਾਜ਼ੀ ਹੈ ਜਿਹੜੀ ਇੱਕ ਸੰਪਾਦਕ ਮੰਡਲ ਵੱਲੋਂ, ਜਿਹੜਾ ਇਹ ਅਨੁਭਵ ਕਰਦਾ ਹੈ ਕਿ ਉਹ ਇੱਕ ਪਾਰਟੀ ਸੰਸਥਾ ਨਹੀਂ ਸਗੋਂ ਪੁਰਾਣੇ ਮੰਡਲ ਦੀ ਰਹਿੰਦ-ਖੂੰਹਦ ਹੈ, ਥੋੜ੍ਹੀ ਜਿਹੀ ਲਿਸ਼ਕਾ ਕੇ ਪਾਰਟੀ ਅੱਗੇ ਪੇਸ਼ ਕੀਤੀ ਗਈ ਹੈ। ਇਸ ਮਤ ਦੇ ਅੰਦਰੂਨੀ ਝੂਠ ਦਾ ਸਿੱਟਾ ਅਟੱਲ ਤੌਰ ਉੱਤੇ ਉਸ ਫੁੱਟ ਨੂੰ ਜਿਸਦੇ ਖ਼ਤਮ ਹੋ ਚੁੱਕਣ ਅਤੇ ਬੀਤੇ ਦੀ ਗੱਲ ਬਣ ਗਏ ਹੋਣ ਦਾ ਉਹ ਦੰਭੀ ਢੰਗ ਨਾਲ਼ ਐਲਾਨ ਕਰਦੇ ਹਨ, ਸੋਸ਼ਲ-ਡੈਮੋਕ੍ਰੈਟਕ ਜਥੇਬੰਦੀ ਦੇ ਇੱਕ **ਅਸੂਲ** ਤੱਕ ਉਚਿਆਉਣ ਦੀ **ਅਰਾਜਕਤਾਵਾਦੀ** ਗੰਭੀਰਤਾ ਹੁੰਦਾ ਹੈ। ਪਾਰਟੀ ਸੰਸਥਾਵਾਂ ਅਤੇ ਅਧਿਕਰਣਾਂ, ਉਚੇਰੀ ਅਤੇ ਨੀਵੀਂ ਦਰਜੇਵਾਰ ਬਣਤਰ ਦੀ ਕੋਈ ਲੋੜ ਨਹੀਂ—ਅਮੀਰਸ਼ਾਹ ਅਰਾਜਕਤਾ ਅਜਿਹੀ ਦਰਜੇਵਾਰ ਬਣਤਰ ਨੂੰ ਵਜ਼ਾਰਤਾਂ, ਵਿਭਾਗਾਂ ਆਦਿ ਦੀ ਨੌਕਰਸ਼ਾਹੀ ਕਾਢ ਸਮਝਦੀ ਹੈ (ਵੇਖੋ ਐਕਸਲਰੋਦ ਦੇ ਲੇਖ); ਅੰਸ਼ ਵੱਲੋਂ ਸਮੂਹ ਅੱਗੇ ਝੁਕਣ ਦੀ ਕੋਈ ਲੋੜ ਨਹੀਂ; "ਮਾਮਲਿਆਂ ਦਾ ਪ੍ਰਬੰਧ ਕਰਨ" ਜਾਂ ਮਤ-ਭੇਦਾਂ ਦੀ ਹੱਦਬੰਦੀ ਦੇ **ਪਾਰਟੀ** ਢੰਗਾਂ ਦੇ ਕਿਸੇ "ਵਿਧੀ-ਵਤ ਨੌਕਰਸ਼ਾਹੀ" ਸੂਤਰੀਕਰਨ ਦੀ ਕੋਈ ਲੋੜ ਨਹੀਂ। ਜਥੇਬੰਦੀ ਦੇ "ਸੱਚੇ ਸੋਸ਼ਲ-ਡੈਮੋਕ੍ਰੈਟਕ" ਢੰਗਾਂ ਸਬੰਧੀ ਲੱਛੇਦਾਰ ਗੱਲਬਾਤ ਰਾਹੀਂ ਪੁਰਾਣੀਆਂ ਮੰਡਲ ਖਹਿਬੜਾਂ ਨੂੰ ਪਵਿੱਤਰ ਬਣਾਈ ਜਾਣ ਦਿਓ।

ਇਹ ਉਹ ਥਾਂ ਹੈ ਜਿੱਥੇ ਉਹ ਪ੍ਰੋਲੇਤਾਰੀ ਜਿਹੜਾ "ਕਾਰਖ਼ਾਨੇ" ਦੇ ਸਕੂਲ ਵਿੱਚੋਂ ਲੰਘਿਆ ਹੈ, ਅਰਾਜਕਤਾਵਾਦੀ ਵਿਅਕਤੀਵਾਦ ਨੂੰ ਸਬਕ ਸਿਖਾ ਸਕਦਾ ਹੈ ਅਤੇ ਉਹਨੂੰ ਸਿਖਾਉਣਾ ਚਾਹੀਦਾ ਹੈ। ਜਮਾਤੀ-ਚਿੰਤਨ ਕਿਰਤੀ ਲੰਮੇ ਸਮੇਂ ਤੋਂ ਬਾਲ ਵਰੇਸ ਦੀ ਉਸ ਹਾਲਤ ਵਿੱਚੋਂ ਨਿਕਲ ਆਇਆ ਹੈ ਜਦੋਂ ਉਹ ਬੁੱਧੀਜੀਵੀ ਤੋਂ ਬੁੱਧੀਜੀਵੀ ਵਜੋਂ ਝੇਪਦਾ ਸੀ। ਜਮਾਤੀ-ਚੇਤੰਨ ਕਿਰਤੀ ਉਸ ਗਿਆਨ ਦੇ ਵਧੇਰੇ ਭਰਪੂਰ ਭੰਡਾਰ ਅਤੇ ਵਧੇਰੇ ਵਿਸ਼ਾਲ ਸਿਆਸੀ ਨਜ਼ਰੀਏ ਦੀ ਕਦਰ ਕਰਦਾ ਹੈ ਜਿਹੜਾ ਉਹਨੂੰ ਸੋਸ਼ਲ-ਡੈਮੋਕ੍ਰੈਟਕ ਬੁੱਧੀਜੀਵੀਆਂ ਵਿੱਚ ਮਿਲਦਾ ਹੈ। ਪਰ ਜਿਉਂ ਜਿਉਂ ਅਸੀਂ ਇੱਕ **ਸੱਚੀ** ਪਾਰਟੀ ਉਸਾਰਨ ਵੱਲ ਵਧਦੇ ਹਾਂ, ਇਹ ਲਾਜ਼ਮੀ ਹੈ ਕਿ ਹਰ ਜਮਾਤੀ-ਚੇਤੰਨ ਕਿਰਤੀ ਪ੍ਰੋਲੇਤਾਰੀ ਫ਼ੌਜ ਦੇ ਫ਼ੌਜੀ ਨੂੰ ਅਰਾਜਕਤਾਵਾਦ ਵਾਕੰਸ਼ ਭੁੜਕਾਉਣ ਵਾਲ਼ੇ ਬੁਰਜੂਆ ਬੁੱਧੀਜੀਵੀ ਦੀ ਪ੍ਰਵਿਰਤੀ ਤੋਂ ਨਖੇੜੇ; ਇਹ ਲਾਜ਼ਮੀ ਹੈ ਕਿ ਉਹ ਇਸ ਗੱਲ ਉੱਤੇ **ਜ਼ੋਰ ਦੇਣ** ਸਿੱਖੇ ਕਿ ਕੇਵਲ ਸਧਾਰਨ ਮੈਂਬਰ ਹੀ ਨਹੀਂ ਸਗੋਂ "ਸਿਖਰ ਉੱਤੇ ਲੋਕ" ਵੀ ਪਾਰਟੀ ਮੈਂਬਰ ਦੇ ਕਰਤੱਵ ਪੂਰੇ ਕਰਨੇ ਸਿੱਖਣ; ਇਹ ਲਾਜ਼ਮੀ ਹੈ ਕਿ ਉਹ ਜਥੇਬੰਦੀ ਦੇ ਮਾਮਲਿਆਂ ਵਿੱਚ ਵੀ ਪੂਛਵਾਦ ਵੱਲ ਵੀ ਉਹੋ ਜਿਹੀ ਘਿਰਣਾ ਵਿਖਾਉਣੀ ਸਿੱਖੇ, ਜਿਹੋ ਜਿਹੀ ਉਹ, ਪੁਰਾਣੇ ਦਿਨਾਂ ਵਿੱਚ, ਦਾਅ-ਪੇਚਾਂ ਦੇ ਮਾਮਲੇ ਵਿੱਚ ਪੂਛਵਾਦ ਵੱਲ ਵਿਖਾਇਆ ਕਰਦਾ ਸੀ!

ਜਿਰੋਂਦਵਾਦ ਅਤੇ ਅਮੀਰਸ਼ਾਹ ਅਰਾਜਕਤਾ ਨਾਲ਼ ਅਨਿੱਖੜਵੇਂ ਢੰਗ ਨਾਲ਼ ਜੁੜਿਆ ਹੋਇਆ ਹੈ ਜਥੇਬੰਦੀ ਦੇ ਮਾਮਲਿਆਂ ਵੱਲ ਨਵੇਂ "ਇਸਕਰਾ" ਦੇ ਵਤੀਰੇ ਦਾ ਅਖ਼ੀਰੀ ਲਖਣਾਇਕ ਲੱਛਣ, ਅਰਥਾਤ, ਕੇਂਦਰਵਾਦ ਵਿਰੁੱਧ **ਖ਼ੁਦ-ਅਖ਼ਤਿਆਰਵਾਦ** ਦੀ ਹਮਾਇਤ। ਅਸੂਲੀ ਤੌਰ ਉੱਤੇ ਇਹ ਹੈ ਅਰਥ (ਜੇ ਇਹਦਾ ਕੋਈ ਅਜਿਹਾ ਅਰਥ ਹੈ ਤਾਂ*) ਨੌਕਰਸ਼ਾਹੀ ਅਤੇ ਆਪਹੁਦਰੇਸ਼ਾਹੀ ਵਿਰੁੱਧ ਉਹਦੀ ਕੂਕ ਦਾ, "ਗ਼ੈਰ-'ਇਸਕਰਾ'-ਵਾਦੀਆਂ ਵੱਲ" (ਜਿਨ੍ਹਾਂ ਕਾਂਗਰਸ ਵਿੱਚ ਖ਼ੁਦ-ਅਖ਼ਤਿਆਰਵਾਦ ਦੀ ਹਮਾਇਤ ਕੀਤੀ) "ਨਿਹੱਕੀ ਲਾਪਰਵਾਹੀ" ਸਬੰਧੀ ਇਹਦੇ ਪਛਤਾਵਿਆਂ ਦਾ, "ਚੂੰ-ਚਰਾਂ ਕੀਤੇ ਬਿਨਾਂ ਆਗਿਆਕਾਰਤਾ" ਦੀ ਮੰਗ ਸਬੰਧੀ ਇਹਦੀ ਹਸਾਉਣੇ ਹਵਾਂਕਣ ਦਾ, "ਹਾਰੀ-ਸਾਰੀ ਪਦ-ਅਧਿਕਾਰੀ ਸਬੰਧੀ" ਇਹਦੀਆਂ ਕੌੜੀਆਂ ਸ਼ਕਾਇਤਾਂ, ਇਤਿ-ਆਦਿ ਦਾ। ਹਰ ਪਾਰਟੀ ਦਾ ਮੌਕਾਪ੍ਰਸਤ ਪੱਖ ਸਦਾ ਹਰ ਤਰ੍ਹਾਂ ਦੇ ਪਛੜੇਵੇਂ ਨੂੰ ਹੱਕੀ ਠਹਿਰਾਉਂਦਾ ਹੈ, ਭਾਵੇਂ ਇਹ ਪ੍ਰੋਗਰਾਮ, ਦਾਅ-ਪੇਚਾਂ ਜਾਂ ਜਥੇਬੰਦੀ ਵਿੱਚ ਹੋਵੇ। ਨਵੇਂ "ਇਸਕਰਾ" ਦੀ ਜਥੇਬੰਦੀ ਵਿੱਚ ਪਛੜੇਵੇਂ ਦੀ ਹਮਾਇਤ (ਇਹਦਾ ਪੂਛਵਾਦ) ਨੇੜਵੀਂ ਤਰ੍ਹਾਂ **ਖ਼ੁਦ-ਅਖ਼ਤਿਆਰਵਾਦ** ਦੀ ਹਮਾਇਤ ਨਾਲ਼ ਜੁੜੀ ਹੋਈ ਹੈ। ਇਹ ਸੱਚ ਹੈ ਕਿ ਖ਼ੁਦ-ਅਖ਼ਤਿਆਰਵਾਦ, ਆਮ ਤੌਰ ਉੱਤੇ ਗੱਲ ਕਰਦਿਆਂ, ਪਹਿਲਾਂ ਹੀ ਪੁਰਾਣੇ "ਇਸਕਰਾ" ਦੇ ਤਿੰਨ ਵਰ੍ਹਿਆਂ ਦੇ ਪ੍ਰਚਾਰ ਕੰਮ ਕਾਰਨ ਇੰਨਾ ਬਦੂ ਹੋ ਗਿਆ ਹੈ ਕਿ, **ਅਜੇ ਤੱਕ**, ਨਵਾਂ "ਇਸਕਰਾ" ਖੁੱਲ੍ਹਮ-ਖੁੱਲ੍ਹਾ ਇਹਦੀ ਹਮਾਇਤ ਕਰਨੋਂ ਸ਼ਰਮਾਉਂਦਾ ਹੈ; ਉਹ ਅਜੇ ਵੀ ਸਾਨੂੰ ਕੇਂਦਰਵਾਦ ਲਈ ਆਪਣੀ ਹਮਦਰਦੀ ਦਾ ਨਿਸ਼ਚਾ ਦਿਵਾਉਂਦਾ ਹੈ,

---

* ਮੈਂ ਇੱਥੇ, ਜਿਹਾ ਕਿ ਇਸ ਭਾਗ ਵਿੱਚ ਆਮ ਤੌਰ ਉੱਤੇ, ਇਸ ਕੂਕ ਦੇ "ਕੁਆਪਸ਼ਨ" ਅਰਥਾਂ ਨੂੰ ਇੱਕ ਪਾਸੇ ਛੱਡ ਦੇਂਦਾ ਹਾਂ।

ਪਰ ਕੇਵਲ ਸ਼ਬਦ ਕੇਂਦਰਵਾਦ ਮੋਟੇ ਅੱਖ਼ਰਾਂ ਵਿੱਚ ਛਾਪ ਕੇ ਇਹ ਵਿਖਾਉਂਦਾ ਹੈ। ਅਸਲ ਵਿੱਚ ਨਵੇਂ "ਇਸਕਰਾ" ਦੇ "ਸੱਚੇ ਸੋਸ਼ਲ–ਡੈਮੋਕ੍ਰੈਟਕ" (ਅਰਾਜਕਤਾਵਾਦੀ ਨਹੀਂ ?) ਅਰਧ–ਕੇਂਦਰਵਾਦ ਦੇ "ਅਸੂਲਾਂ" ਪੜਚੋਲ ਦੀ ਨਿੱਕੀ ਤੋਂ ਨਿੱਕੀ ਛੋਹ ਹੀ ਹਰ ਪੈਰ ਉੱਤੇ ਇਹਦੀ ਖ਼ੁਦ–ਅਖ਼ਤਿਆਰਵਾਦੀ ਪੋਜ਼ੀਸ਼ਨ ਦਾ ਖੁਰਾ ਲੱਭ ਲਏ ਜਾਣ ਲਈ ਕਾਫ਼ੀ ਹੈ। ਕੀ ਇਹ ਗੱਲ ਹਾਰੀ ਸਾਰੀ ਲਈ ਸਪਸ਼ਟ ਨਹੀਂ ਕਿ ਐਕਸਲਰੋਦ ਅਤੇ ਮਾਰਤੋਵ ਜਥੇਬੰਦੀ ਦੇ ਸਵਾਲ ਉੱਤੇ ਅਕੀਮੋਵ ਵੱਲ ਝੂਲ ਗਏ ਹਨ ? ਕੀ ਉਹਨਾਂ ਆਪ "ਗ਼ੈਰ–'ਇਸਕਰਾ'–ਵਾਦੀਆਂ ਵੱਲ ਨਿਹੱਕੀ ਲਾਪਰਵਾਹੀ" ਦੇ ਲਖਾਇਕ ਸ਼ਬਦਾਂ ਵਿੱਚ ਇਹ ਗੱਲ ਗੰਭੀਰਤਾ ਨਾਲ਼ ਪ੍ਰਵਾਨ ਨਹੀਂ ਕੀਤੀ ? ਅਤੇ ਸਾਡੀ ਪਾਰਟੀ ਕਾਂਗਰਸ ਵਿੱਚ ਅਕੀਮੋਵ ਅਤੇ ਉਹਦੇ ਸਾਥੀਆਂ ਨੇ ਖ਼ੁਦ–ਅਖ਼ਤਿਆਰਵਾਦ ਤੋਂ ਬਿਨਾਂ ਕਿਸ ਗੱਲ ਦੀ ਹਮਾਇਤ ਕੀਤੀ ?

ਇਹ ਖ਼ੁਦ–ਅਖ਼ਤਿਆਰਵਾਦ ਸੀ (ਜੇ ਅਰਾਜਕਤਾ ਨਹੀਂ) ਜਿਸ ਦੀ ਮਾਰਤੋਵ ਅਤੇ ਐਕਸਲਰੋਦ ਨੇ ਲੀਗ ਦੀ ਕਾਂਗਰਸ ਵਿੱਚ ਹਮਾਇਤ ਕੀਤੀ, ਜਦੋਂ, ਹਸਾਉਣੇ ਉਤਸ਼ਾਹ ਨਾਲ਼, ਉਹਨਾਂ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਅੰਸ਼ ਲਈ ਸਮੂਹ ਅੱਗੇ ਝੁਕਣਾ ਲਾਜ਼ਮੀ ਨਹੀਂ, ਕਿ ਅੰਸ਼ ਸਮੂਹ ਨਾਲ਼ ਆਪਣੇ ਸਬੰਧ ਨਿਰਧਾਰਿਤ ਵਿੱਚ ਖ਼ੁਦ–ਅਖ਼ਤਿਆਰ ਹੈ, ਕਿ ਵਿਦੇਸ਼ਾਂ ਵਿੱਚ ਲੀਗ ਦੇ ਨਿਯਮ, ਜਿਨ੍ਹਾਂ ਵਿੱਚ ਇਹ ਸਬੰਧ ਸੂਤਰਬੱਧ ਕੀਤਾ ਗਿਆ ਹੈ, ਪਾਰਟੀ ਦੀ ਬਹੁਗਿਣਤੀ ਦੀ ਇੱਛਾ ਦੀ ਅਤੇ ਪਾਰਟੀ ਕੇਂਦਰ ਦੀ ਵਿਰੋਧਤਾ ਵਿੱਚ ਜਾਇਜ਼ ਹਨ। ਅਤੇ ਹੁਣ ਕੇਂਦਰੀ ਕਮੇਟੀ ਦੇ ਸਥਾਨਕ ਕਮੇਟੀਆਂ ਦੇ ਮੈਂਬਰ ਥਾਪਣ ਦੇ ਮਾਮਲੇ ਵਿੱਚ ਵੀ ਸਾਥੀ ਮਾਰਤੋਵ ਨਵੇਂ "ਇਸਕਰਾ" (ਅੰਕ 60) ਵਿੱਚ ਖ਼ੁਦ–ਅਖ਼ਤਿਆਰਵਾਦ ਦੀ ਹੀ ਹਮਾਇਤ ਕਰ ਰਿਹਾ ਹੈ।[49] ਮੈਂ ਇਥੇ ਉਹਨਾਂ ਛਛੋਹਰੇ ਭੁਲਾਂਦਰਾਵਾਦਾਂ ਦੀ ਤਾਂ ਗੱਲ ਹੀ ਨਹੀਂ ਕਰਾਂਗਾ ਜਿਹੜੇ ਸਾਥੀ ਮਾਰਤੋਵ ਨੇ ਲੀਗ ਦੀ ਕਾਂਗਰਸ ਵਿੱਚ ਖ਼ੁਦ–ਅਖ਼ਤਿਆਰਵਾਦ ਦੀ ਹਮਾਇਤ ਲਈ ਵਰਤੇ ਅਤੇ ਹੁਣ ਵੀ ਨਵੇਂ "ਇਸਕਰਾ" ਵਿੱਚ ਵਰਤ ਰਿਹਾ ਹੈ* —ਮਹੱਤਵਪੂਰਨ ਗੱਲ **ਕੇਂਦਰਵਾਦ ਵਿਰੁੱਧ ਖ਼ੁਦ-ਅਖ਼ਤਿਆਰਵਾਦ ਦੀ ਹਮਾਇਤ ਕਰਨ** ਦੀ ਪ੍ਰਵਿਰਤੀ ਹੈ ਜਿਹੜੀ ਜਥੇਬੰਦੀ ਦੇ ਸਾਰੇ ਮਾਮਲਿਆਂ ਵਿੱਚ ਮੌਕਾਪ੍ਰਸਤੀ ਦੀ ਬੁਨਿਆਦੀ ਲਖਣਾਇਕ ਹੈ।

ਨੌਕਰਸ਼ਾਹੀ ਦੇ ਸੰਕਲਪ ਦਾ **ਵਿਸ਼ਲੇਸ਼ਣ ਕਰਨ** ਦਾ ਸ਼ਾਇਦ ਇੱਕੋ ਇੱਕ ਯਤਨ ਨਵੇਂ "ਇਸਕਰਾ" (ਅੰਕ 53) ਵਿੱਚ "ਰਸਮੀ **ਜਮਹੂਰੀ** ਅਸੂਲ" (ਸ਼ਬਦਾਂ ਉੱਤੇ ਜ਼ੋਰ ਲੇਖਕ ਨੇ ਦਿੱਤਾ ਹੈ) ਅਤੇ "ਰਸਮੀ **ਨੌਕਰਸ਼ਾਹੀ** ਅਸੂਲ" ਵਿਚਕਾਰ ਕੀਤਾ ਫ਼ਰਕ ਹੈ। ਇਸ ਫ਼ਰਕ ਵਿੱਚ (ਜਿਹੜਾ, ਮੰਦੇ ਭਾਗੀਂ, ਉਸੇ ਤਰ੍ਹਾਂ ਵਿਕਸਤ ਜਾਂ ਵਿਆਖਿਆ ਨਾ ਕੀਤਾ ਗਿਆ,

---

* ਨਿਯਮਾਂ ਦੇ ਵੱਖ ਵੱਖ ਪੈਰੇ ਗਿਣਵਾਉਂਦੇ ਹੋਏ ਸਾਥੀ ਮਾਰਤੋਵ ਨੇ ਉਹ **ਛੱਡ ਦਿੱਤਾ**, ਜਿਸਦਾ ਸਬੰਧ ਸਮੂਹ ਦੇ ਅੰਸ਼ ਨਾਲ਼ ਸਬੰਧ ਨਾਲ਼ ਹੈ: ਕੇਂਦਰੀ ਕਮੇਟੀ "ਪਾਰਟੀ ਦੀਆਂ ਸ਼ਕਤੀਆਂ ਵੰਡ ਸਕਦੀ ਹੈ" (ਪੈਰਾ 6)। ਕੀ ਕੋਈ ਲੋਕਾਂ ਨੂੰ ਇੱਕ ਕਮੇਟੀ ਤੋਂ ਦੂਜੀ ਵਿੱਚ ਤਬਦੀਲ ਕੀਤੇ ਬਿਨਾਂ ਵੰਡ ਸਕਦਾ ਹੈ ? ਇਹੋ ਜਿਹੀਆਂ ਮੁਢਲੀਆਂ ਗੱਲਾਂ ਵਿਸਥਾਰ ਨਾਲ਼ ਬਿਆਨ ਕਰਨਾ ਨਿਸ਼ਚਿਤ ਰੂਪ ਵਿੱਚ ਔਖਾ ਕਰਨ ਵਾਲ਼ੀ ਗੱਲ ਹੈ।

ਜਿਵੇਂ ਗ਼ੈਰ–"ਇਸਕਰਾ"–ਵਾਦੀਆਂ ਵੱਲ ਸੰਕੇਤ) ਸੱਚ ਦਾ ਕਣ–ਮਾਤਰ ਹੈ। ਜਮਹੂਰੀਅਤ ਵਿਰੁੱਧ ਨੌਕਰਸ਼ਾਹੀ ਅਸਲ ਵਿੱਚ ਖ਼ੁਦ–ਅਖ਼ਤਿਆਰਵਾਦ ਵਿਰੁੱਧ ਕੇਂਦਰੀਅਤ ਹੈ; ਇਹ ਮੌਕਾਪ੍ਰਸਤ ਸੋਸ਼ਲ–ਡੈਮੋਕ੍ਰੇਸੀ ਦੇ ਜਥੇਬੰਦਕ ਅਸੂਲ ਦੇ ਮੁਕਾਬਲੇ ਉੱਤੇ ਇਨਕਲਾਬੀ ਸੋਸ਼ਲ–ਡੈਮੋਕ੍ਰੇਸੀ ਦਾ ਜਥੇਬੰਦਕ ਅਸੂਲ ਹੈ। ਪਹਿਲੇਰੀ ਹੇਠੋਂ ਉੱਪਰ ਵੱਲ ਚੱਲਣਾ ਚਾਹੁੰਦੀ ਹੈ, ਅਤੇ, ਇਸ ਲਈ, ਜਿਥੇ ਕਿਧਰੇ ਸੰਭਵ ਹੋਵੇ ਅਤੇ ਜਿਥੋਂ ਤੱਕ ਸੰਭਵ ਹੋਵੇ, ਖ਼ੁਦ–ਅਖ਼ਤਿਆਰਵਾਦ ਅਤੇ "ਜਮਹੂਰੀਅਤ" ਦੀ ਹਮਾਇਤ ਕਰਦੀ ਹੈ, ਜਿਸਨੂੰ (ਹੱਦੋਂ ਵੱਧ ਜੁਸ਼ੀਲੇ) ਅਰਾਜਕਤਾ ਦੇ ਨੁਕਤੇ ਤੱਕ ਲੈ ਜਾਂਦੀ ਹਨ। ਇਨਕਲਾਬੀ ਸੋਸ਼ਲ–ਡੈਮੋਕ੍ਰੇਸੀ ਸਿਖਰ ਤੋਂ ਹੇਠਾਂ ਵੱਲ ਚੱਲਣ ਦਾ ਯਤਨ ਕਰਦੀ ਹੈ, ਅਤੇ ਅੰਸ਼ਾਂ ਦੇ ਮੁਕਾਬਲੇ ਉੱਤੇ ਕੇਂਦਰ ਦੇ ਹੱਕਾਂ ਅਤੇ ਅਖ਼ਤਿਆਰਾਂ ਦੇ ਵਿਸ਼ਾਲਣ ਦੀ ਹਮਾਇਤ ਕਰਦੀ ਹੈ। ਫੁੱਟ ਅਤੇ ਮੰਡਲਾਂ ਦੇ ਸਮੇਂ ਵਿੱਚ, ਇਹ ਸਿਖ਼ਰ ਜਿਸ ਤੋਂ ਸੋਸ਼ਲ–ਡੈਮੋਕ੍ਰੇਸੀ ਜਥੇਬੰਦਕ ਢੰਗ ਨਾਲ਼ ਚੱਲਦੀ ਸੀ ਅਟੱਲ ਤੌਰ ਉੱਤੇ ਇਨਕਲਾਬੀ ਇਕਸਾਰਤਾ ਕਾਰਨ ਸਭ ਤੋਂ ਵੱਧ ਰਸੂਖ਼ ਪ੍ਰਾਪਤ ਹੁੰਦਾ (ਸਾਡੇ ਮਾਮਲੇ ਵਿੱਚ "ਇਸਕਰਾ" ਜਥੇਬੰਦੀ)। ਵਾਸਤਵਿਕ ਪਾਰਟੀ ਏਕਤਾ ਦੀ ਸਥਾਪਤੀ ਅਤੇ ਇਸ ਏਕਤਾ ਦੀ ਸਥਾਪਤੀ ਅਤੇ ਇਸ ਏਕਤਾ ਵਿੱਚ ਸਮਾਂ ਵਿਹਾ ਚੁੱਕੇ ਮੰਡਲਾਂ ਦੇ ਵਿਘਟਣ ਦੇ ਸਮੇਂ ਪਾਰਟੀ ਦੀ ਸਰਵਉੱਚ ਜਥੇਬੰਦੀ ਵਜੋਂ ਇਹ ਸਿਖਰ ਅਟੱਲ ਤੌਰ ਉੱਤੇ **ਪਾਰਟੀ ਕਾਂਗਰਸ** ਹੈ; ਜਿਥੋਂ ਤੱਕ ਸੰਭਵ ਹੋ ਸਕੇ ਕਾਂਗਰਸ ਵਿੱਚ ਸਾਰੀਆਂ ਹੀ ਸਰਗਰਮ ਜਥੇਬੰਦੀਆਂ ਦੇ ਪ੍ਰਤੀਨਿਧ ਸ਼ਾਮਲ ਹੁੰਦੇ ਹਨ, ਅਤੇ ਕੇਂਦਰੀ ਸੰਸਥਾਵਾਂ ਸਥਾਪਤ ਕਰਕੇ ਉਹਨਾਂ ਨੂੰ ਅਗਲੀ ਕਾਂਗਰਸ ਤੱਕ ਸਿਖਰ ਬਣਾ ਦੇਂਦੀ ਹੈ (ਇਹਨਾਂ ਦੇ ਮੈਂਬਰ ਅਕਸਰ ਅਜਿਹੇ ਲੋਕ ਹੁੰਦੇ ਹਨ ਜਿਨ੍ਹਾਂ ਦੇ ਨਾਵਾਂ ਉੱਤੇ ਪਾਰਟੀ ਦੇ ਉੱਨਤ ਅੰਸ਼ਾਂ ਨੂੰ ਪਛੜੇ ਅੰਸ਼ਾਂ ਨਾਲ਼ੋਂ ਵਧੇਰੇ ਤਸੱਲੀ ਹੁੰਦੀ ਹੈ ਅਤੇ ਜਿਹੜੇ ਇਹਦੇ ਮੌਕਾਪ੍ਰਸਤ ਪੱਖ ਨਾਲ਼ੋਂ ਇਹਦੇ ਇਨਕਲਾਬੀ ਪੱਖ ਨੂੰ ਵਧੇਰੇ ਪਸੰਦ ਕਰਦੇ ਹਨ)। ਘੱਟੋ ਘੱਟ, ਯੂਰਪੀ ਸੋਸ਼ਲ–ਡੈਮੋਕ੍ਰੈਟਾਂ ਦੀ ਹਾਲਤ ਵਿੱਚ ਮਾਮਲਾ ਅਜਿਹਾ ਹੈ, ਭਾਵੇਂ ਇਹ ਰਿਵਾਜ, ਜਿਹੜਾ ਅਸੂਲੀ ਤੌਰ ਉੱਤੇ ਅਰਾਜਕਤਾਵਾਦੀਆਂ ਲਈ ਇੰਨਾ ਘਿਰਣਾਜਨਕ ਹੈ, ਹੌਲੀ ਹੌਲੀ—ਔਖ ਤੋਂ ਬਿਨਾਂ ਨਹੀਂ ਅਤੇ ਟੱਕਰਾਂ ਅਤੇ ਖਹਿਬੜਾਂ ਤੋਂ ਬਿਨਾਂ ਨਹੀਂ—ਏਸ਼ੀਆਈ ਸੋਸ਼ਲ–ਡੈਮੋਕ੍ਰੈਟਾਂ ਵਿੱਚ ਵੀ ਫ਼ੈਲਦਾ ਜਾ ਰਿਹਾ ਹੈ।

ਇਹ ਚੇਤੇ ਰੱਖਣ ਬਹੁਤ ਰੋਚਕ ਹੈ ਕਿ ਜਥੇਬੰਦੀ ਦੇ ਮਾਮਲੇ ਵਿੱਚ ਮੌਕਾਪ੍ਰਸਤੀ ਦੇ ਇਹ ਬੁਨਿਆਦੀ ਲੱਛਣ (ਖ਼ੁਦ–ਅਖ਼ਤਿਆਰਵਾਦ, ਅਮੀਰਸ਼ਾਹ ਜਾਂ ਬੁੱਧੀਜੀਵੀਵਾਦੀ ਅਰਾਜਕਤਾ, ਪੂਛਵਾਦ ਜਾਂ ਜਿਰੋਂਦਵਾਦ), mutatis mutandis (ਕੁੱਝ ਤਬਦੀਲੀਆਂ ਸਹਿਤ) ਸੰਸਾਰ ਦੀਆਂ ਸਾਰੀਆਂ ਸੋਸ਼ਲ–ਡੈਮੋਕ੍ਰੈਟਕ ਪਾਰਟੀਆਂ ਵਿੱਚ ਵੇਖੇ ਜਾਂਦੇ ਹਨ, ਜਿੱਥੇ ਕਿਧਰੇ ਇਨਕਲਾਬੀ ਅਤੇ ਮੌਕਾਪ੍ਰਸਤ ਪੱਖ ਵਿੱਚ ਵੰਡ ਹੈ (ਅਤੇ ਕਿੱਥੇ ਨਹੀਂ ?)। ਅਜੇ ਪਿੱਛੇ ਜਿਹੇ ਹੀ ਇਹ ਜਰਮਨ ਸੋਸ਼ਲ–ਡੈਮੋਕ੍ਰੈਟਕ ਪਾਰਟੀ ਵਿੱਚ ਬੜੀ ਉੱਘੜਵੀਂ ਤਰ੍ਹਾਂ ਸਾਹਮਣੇ ਆਈ, ਜਦੋਂ ਸੈਕਸਨੀ ਦੇ ਵੀਹਵੇਂ ਹਲਕੇ ਦੀਆਂ ਚੋਣਾਂ ਵਿੱਚ ਇਹਦੀ ਹਾਰ ਨੇ (ਜਿਸਨੂੰ ਗੂਹਰੇ ਘਟਨਾ ਕਿਹਾ ਜਾਂਦਾ ਹੈ)* ਪਾਰਟੀ ਜਥੇਬੰਦੀ ਦੇ **ਅਸੂਲਾਂ** ਸਬੰਧੀ ਸਵਾਲ ਨੂੰ ਮੂਹਰੇ

* ਗੂਹਰੇ 16 ਜੂਨ 1903 ਨੂੰ ਸੈਕਸਨੀ ਦੇ 15ਵੇਂ ਹਲਕੇ ਤੋਂ ਰਾਈਖ਼ਸਤਾਗ ਦਾ ਮੈਂਬਰ ਚੁਣਿਆ

ਲਿਆ ਦਿੱਤਾ। ਇਹ ਗੱਲ ਕਿ ਇਹ ਘਟਨਾ ਅਸੂਲ ਦਾ ਮਾਮਲਾ ਬਣ ਗਈ, ਵਧੇਰੇ ਜਰਮਨ ਮੌਕਾਪ੍ਰਸਤਾਂ ਕਾਰਨ ਸੀ। ਗੂਹਰੇ (ਇੱਕ ਸਾਬਕਾ ਪਾਦਰੀ, ਚੋਖੀ ਪ੍ਰਸਿੱਧ ਪੁਸਤਕ "Drei Monate Fabrikarbeiter"* ਦਾ ਲੇਖਕ ਅਤੇ ਡਰੈਸਡਨ ਕਾਂਗਰਸ ਦੇ "ਸੂਰਮਿਆਂ" ਵਿੱਚੋਂ ਇੱਕ) ਆਪ ਅਤਿ ਦਾ ਮੌਕਾਪ੍ਰਸਤ ਹੈ ਅਤੇ "Sozialistische Monatshefte" ("ਸੋਸ਼ਲਿਸਟ ਮਾਸਕ")[51], ਜਰਮਨ ਮੌਕਾਪ੍ਰਸਤਾਂ ਦੇ ਬੁਲਾਰੇ, ਨੇ ਇੱਕਦਮ ਉਹਦੇ ਹੱਕ ਵਿੱਚ "ਕਮਰ-ਕੱਸੇ ਕਰ ਲਏ"।

ਪ੍ਰੋਗਰਾਮ ਵਿੱਚ ਮੌਕਾਪ੍ਰਸਤੀ ਸੁਭਾਵਕ ਹੀ ਦਾਅ-ਪੇਚਾਂ ਅਤੇ ਜਥੇਬੰਦੀ ਵਿੱਚ ਮੌਕਾਪ੍ਰਸਤੀ ਨਾਲ਼ ਜੁੜਿਆ ਹੋਇਆ ਹੈ। "ਨਵੇਂ" ਸਟੈਂਡ ਦੀ ਵਿਆਖਿਆ ਸਾਥੀ ਵੁਲਫ਼ਗੈਂਗ ਹਾਈਨੇ ਨੇ ਹੱਥ ਵਿੱਚ ਲਈ। ਪਾਠਕ ਨੂੰ ਇਸ ਲਖਣਾਇਕ ਬੁੱਧੀਜੀਵੀ ਸਬੰਧੀ ਜਿਹੜਾ ਸੋਸ਼ਲ-ਡੈਮੋਕ੍ਰੈਟਕ ਲਹਿਰ ਵਿੱਚ ਸ਼ਾਮਲ ਹੋਣ ਸਮੇਂ ਸੋਚਣ ਦੀਆਂ ਮੌਕਾਪ੍ਰਸਤ ਆਦਤਾਂ ਆਪਣੇ ਨਾਲ਼ ਲਿਆਇਆ, ਇਹ ਕਹਿ ਦੇਣਾ ਹੀ ਕਾਫ਼ੀ ਹੈ ਕਿ ਸਾਥੀ ਵੁਲਫ਼ਗੈਂਗ ਹਾਈਨੇ ਜਰਮਨ ਸਾਥੀ ਅਕੀਮੋਵ ਤੋਂ ਕੁੱਝ ਘੱਟ ਅਤੇ ਜਰਮਨ ਸਾਥੀ ਯੇਗੋਰੋਵ ਤੋਂ ਕੁੱਝ ਵੱਧ ਹੈ।

ਸਾਥੀ ਵੁਲਫ਼ਗੈਂਗ ਹਾਈਨੇ "Sozialistische Monatshefte" ਰਾਹੀਂ ਮੈਦਾਨ ਵਿੱਚ, ਉਸ ਨਾਲ਼ੋਂ ਘੱਟ ਠਾਠ-ਬਾਠ ਨਾਲ਼ ਨਾ ਉਤਰਿਆ ਜਿਸ ਨਾਲ਼ ਸਾਥੀ ਐਕਸਲਰੋਦ ਨਵੇਂ "ਇਸਕਰਾ" ਵਿੱਚ ਨਿਤਰਿਆ। ਲੇਖ ਦਾ ਸਿਰਲੇਖ ਹੀ ਅਮੋਲ ਹੈ: "ਗੂਹਰੇ ਘਟਨਾ ਸਬੰਧੀ ਜਮਹੂਰੀ ਵਿਚਾਰ" "Sozialistische Monatshefte", ਅੰਕ 4, ਅਪ੍ਰੈਲ)। ਸਮੱਗਰੀ ਕੋਈ ਘੱਟ ਗਰਜਵੀਂ ਨਹੀਂ। ਸਾਥੀ ਵ. ਹਾਈਨੇ "ਹਲਕੇ ਦੀ ਖ਼ੁਦ-ਅਖ਼ਤਿਆਰੀ ਵਿੱਚ ਦਖ਼ਲ" ਵਿਰੁੱਧ ਕਮਰ-ਕੱਸੇ ਕਰ ਲੈਂਦਾ ਹੈ, "ਜਮਹੂਰੀ ਅਸੂਲ" ਦੀ ਹਮਾਇਤ ਕਰਦਾ ਹੈ, ਅਤੇ ਲੋਕਾਂ ਵਲੋਂ ਪ੍ਰਤੀਨਿਧਾਂ ਦੀ ਅਜ਼ਾਦ ਚੋਣ ਵਿੱਚ "ਥਾਪੇ ਹੋਏ ਅਧਿਕਰਣ' (ਅਰਥਾਤ ਕੇਂਦਰੀ ਪਾਰਟੀ ਕਾਰਜ-ਕਾਰੀ) ਵੱਲੋਂ ਦਖ਼ਲ ਵਿਰੁੱਧ ਰੋਸ ਪ੍ਰਗਟ ਕਰਦਾ ਹੈ। ਸਾਥੀ ਵ. ਹਾਈਨੇ ਸਾਨੂੰ ਤਾੜਨਾ ਕਰਦਾ ਹੈ ਕਿ ਇਹ ਕੋਈ ਇੱਕੜ-ਦੁੱਕੜ ਘਟਨਾ ਨਹੀਂ ਸਗੋਂ **"ਪਾਰਟੀ ਵਿੱਚ ਨੌਕਰਸ਼ਾਹੀ ਅਤੇ ਕੇਂਦਰਵਾਦ ਵੱਲ" ਇੱਕ** ਆਮ **"ਪ੍ਰਵਿਰਤੀ"** ਹੈ, ਇੱਕ ਅਜਿਹੀ ਪ੍ਰਵਿਰਤੀ, ਉਹ ਕਹਿੰਦਾ ਹੈ, ਜਿਹੜੀ ਪਹਿਲਾਂ ਵੇਖੀ ਜਾ ਸਕਦੀ ਸੀ ਪਰ ਜਿਹੜੀ ਹੁਣ ਵਿਸ਼ੇਸ਼ ਤੌਰ ਉੱਤੇ ਖ਼ਤਰਨਾਕ ਹੁੰਦੀ ਜਾ ਰਹੀ ਹੈ। ਇਹ ਗੱਲ ਲਾਜ਼ਮੀ ਤੌਰ ਉੱਤੇ "ਇੱਕ ਅਸੂਲ ਵਜੋਂ ਪ੍ਰਵਾਨ ਕੀਤੀ ਜਾਣੀ ਚਾਹੀਦੀ ਹੈ ਕਿ ਪਾਰਟੀ ਦੀਆਂ ਸਥਾਨਕ ਸੰਸਥਾਵਾਂ

---

ਗਿਆ ਪਰ ਡਰੈਸਡਨ ਕਾਂਗਰਸ[50] ਤੋਂ ਪਿੱਛੋਂ ਉਹਨੇ ਅਸਤੀਫ਼ਾ ਦੇ ਦਿੱਤਾ। 20ਵੇਂ ਹਲਕੇ ⇨ ⇨ ਦੇ, ਜਿਹੜਾ ਰੋਜ਼ਾਨੋਵ ਦੀ ਮੌਤ ਕਾਰਨ ਖ਼ਾਲੀ ਹੋ ਗਿਆ ਸੀ, ਚੋਣਕਾਰ ਗੂਹਰੇ ਨੂੰ ਉਮੀਦਵਾਰ ਵਜੋਂ ਖੜਾ ਕਰਨਾ ਚਾਹੁੰਦੇ ਸਨ। ਪਾਰਟੀ ਦੀ ਕੇਂਦਰੀ ਕਾਰਜ-ਕਾਰੀ ਅਤੇ ਸੈਕਸਨੀ ਦੀ ਕੇਂਦਰੀ ਪ੍ਰਦੇਸ਼ਕ ਕਾਰਜ-ਕਾਰੀ ਨੇ ਇਹਦਾ ਵਿਰੋਧ ਕੀਤਾ, ਅਤੇ ਭਾਵੇਂ ਉਹਨਾਂ ਨੂੰ ਗੂਹਰੇ ਦੀ ਨਾਮਜ਼ਦਗੀ ਦੀ ਮਨਾਹੀ ਕਰਨ ਦਾ ਕੋਈ ਰਸਮੀ ਅਧਿਕਾਰ ਨਹੀਂ ਸੀ, ਉਹ ਉਹਦੇ ਵੱਲੋਂ ਇਨਕਾਰ ਕਰਾਉਣ ਵਿੱਚ ਸਫ਼ਲ ਹੋ ਗਏ। ਚੋਣਾਂ ਵਿੱਚ ਸੋਸ਼ਲ-ਡੈਮੋਕ੍ਰੈਟ ਹਾਰ ਗਏ।

* "ਕਾਰਖ਼ਾਨੇ ਦੇ ਇੱਕ ਕਿਰਤੀ ਵਜੋਂ ਤਿੰਨ ਮਹੀਨੇ"। **—ਸੰਪਾ.**

ਪਾਰਟੀ ਜੀਵਨ ਦੀਆਂ ਵਾਹਨ ਹਨ" (ਸਾਥੀ ਮਾਰਤੋਵ ਦੇ "ਇੱਕ ਵਾਰ ਫਿਰ ਘਟਗਿਣਤੀ ਵਿੱਚ" ਵਿੱਚੋਂ ਸਾਹਿਤਕ ਚੋਰੀ)। ਸਾਨੂੰ ਆਪਣੇ ਆਪ ਨੂੰ "ਸਾਰੇ ਮਹੱਤਵਪੂਰਨ ਸਿਆਸੀ ਨਿਰਣੇ ਇੱਕ ਕੇਂਦਰ ਤੋਂ ਆਉਣ ਦਾ ਆਦੀ" ਨਹੀਂ "ਬਣਾ ਲੈਣਾ ਚਾਹੀਦਾ" ਅਤੇ ਲਾਜ਼ਮੀ ਤੌਰ ਉੱਤੇ ਪਾਰਟੀ ਨੂੰ "ਇੱਕ ਮਸਲੇਬਾਜ਼ ਨੀਤੀ" ਵਿਰੁੱਧ ਚੇਤਾਵਨੀ ਦੇਣੀ ਚਾਹੀਦੀ ਹੈ, "ਜਿਹੜੀ ਜੀਵਨ ਨਾਲ਼ ਸਬੰਧ ਗੁਆ ਬਹਿੰਦੀ ਹੈ" (ਪਾਰਟੀ ਕਾਂਗਰਸ ਵਿਖੇ ਸਾਥੀ ਮਾਰਤੋਵ ਦੇ "ਜੀਵਨ ਆਪਣਾ ਬਲ ਵਿਖਾਵੇਗਾ" ਦੇ ਅਰਥਾਂ ਵਾਲ਼ੇ ਭਾਸ਼ਣ ਤੋਂ ਉਧਾਰ ਲਿਆ ਗਿਆ)। ਆਪਣੀ ਦਲੀਲ ਨੂੰ ਹੋਰ ਗੰਭੀਰ ਬਣਾਉਂਦਾ ਹੋਇਆ ਸਾਥੀ ਵ. ਹਾਈਨੇ ਕਹਿੰਦਾ ਹੈ: " ...ਜੇ ਅਸੀਂ ਮਾਮਲੇ ਦੀ ਜੜ੍ਹ ਤੱਕ ਜਾਈਏ ਅਤੇ ਨਿੱਜੀ ਝਗੜਿਆਂ ਨੂੰ ਇੱਕ ਪਾਸੇ ਛੱਡ ਦੇਈਏ, ਜਿਨ੍ਹਾਂ, ਹੋਰ ਥਾਵਾਂ ਵਾਂਗ ਇਥੇ ਵੀ ਕੋਈ ਘੱਟ ਰੋਲ ਅਦਾ ਨਹੀਂ ਕੀਤਾ, **ਸੋਧਵਾਦੀਆਂ** ਵਿਰੁੱਧ ਇੱਕ ਕੁੜਿਤਣ" (ਸ਼ਬਦ ਉੱਤੇ ਜ਼ੋਰ ਲੇਖਕ ਨੇ ਦਿੱਤਾ ਹੈ, ਸਪਸ਼ਟ ਤੌਰ ਉੱਤੇ ਸੋਧਵਾਦ ਵਿਰੁੱਧ ਲੜਨ ਅਤੇ ਸੋਧਵਾਦੀਆਂ ਵਿਰੁੱਧ ਲੜਨ ਵਿੱਚ ਫ਼ਰਕ ਵੱਲ ਸੰਕੇਤ ਹੈ) "ਮੁੱਖ ਤੌਰ ਉੱਤੇ ਪਾਰਟੀ ਦੇ ਅਧਿਕਾਰੀ-ਮੰਡਲ ਵੱਲੋਂ '**ਬਾਹਰਲਿਆਂ**' ਵਿੱਚ ਬੇਭਰੋਸਗੀ ਦਾ", [ਜਾਪਦਾ ਹੈ ਵ. ਹਾਈਨੇ ਨੇ "ਘੇਰੇ ਦੀ ਹਾਲਤ" ਦਾ ਮੁਕਾਬਲਾ ਕਰਨ ਸਬੰਧੀ ਪੈਂਫ਼ਲਟ ਨਹੀਂ ਪੜ੍ਹਿਆ ਅਤੇ ਇਸ ਲਈ ਇੱਕ ਅੰਗ੍ਰੇਜ਼ੀਅਈ ਸ਼ਬਦ Outsidertum—ਵਰਤਿਆ ਹੈ], "ਅਸਧਾਰਨ ਲਈ ਪ੍ਰੰਪਰਾ ਦਾ, ਅਵਿਅਕਤੀ ਸੰਸਥਾ ਦੀ ਹਰ ਵਿਅਕਤੀਵਾਦੀ ਗੱਲ ਲਈ ਬੇਭਰੋਸਗੀ ਦੇ ਪ੍ਰਗਟਾਊ ਹੋਣ ਵਿੱਚ ਦਿਸੇਗਾ" [ਵੇਖੋ ਲੀਗ ਦੀ ਕਾਂਗਰਸ ਵਿੱਚ ਨਿੱਜੀ ਪਹਿਲਕਦਮੀ ਨੂੰ ਦਬਾਉਣ ਵਿਰੁੱਧ ਸਬੰਧੀ ਐਕਸਲਰੋਦ ਦਾ ਪ੍ਰਸਤਾਵ], "ਮੁੱਕਦੀ ਗੱਲ, ਉਸ ਪ੍ਰਵਿਰਤੀ ਦਾ ਪ੍ਰਗਟਾਅ ਜਿਸਨੂੰ ਅਸਾਂ ਉੱਪਰ ਪਾਰਟੀ ਵਿੱਚ ਨੌਕਰਸ਼ਾਹੀ ਅਤੇ ਕੇਂਦਰਵਾਦ ਵਾਲ਼ੀ ਪ੍ਰਵਿਰਤੀ ਵਜੋਂ ਪ੍ਰੀਭਾਸ਼ਤ ਕੀਤਾ ਹੈ।"

"ਅਨੁਸ਼ਾਸਨ" ਦਾ ਵਿਚਾਰ ਸਾਥੀ ਵ. ਹਾਈਨੇ ਵਿੱਚ ਉਸ ਨਾਲ਼ੋਂ ਘੱਟ ਉੱਚ ਘਿਰਣਾ ਨਹੀਂ ਜਗਾਉਂਦਾ ਜਿੰਨੀ ਇਹ ਸਾਥੀ ਐਕਸਲਰੋਦ ਵਿੱਚ ਜਗਾਉਂਦਾ ਹੈ। " ...ਸੋਧਵਾਦੀਆਂ ਉੱਤੇ," ਉਹ ਕਹਿੰਦਾ ਹੈ, "Sozialistische Monatshefte" ਵਿੱਚ ਲਿਖਣ ਕਾਰਨ ਅਨੁਸ਼ਾਸਨ ਦੀ ਅਣਹੋਂਦ ਦਾ ਦੋਸ਼ ਲਾਇਆ ਗਿਆ ਹੈ ਕਿਉਂਕਿ ਉਹਦੇ ਉੱਤੇ **ਪਾਰਟੀ ਦਾ ਕੰਟਰੋਲ ਨਹੀਂ**। 'ਸੋਸ਼ਲ-ਡੈਮੋਕ੍ਰੈਟਕ' ਸੰਕਲਪ ਨੂੰ ਤੰਗ ਕਰਨ ਦਾ ਇਹ ਯਤਨ ਹੀ, ਵਿਚਾਰਧਾਰਕ ਉਤਪਾਦਨ ਵਿੱਚ, ਜਿਥੇ ਮੁਕੰਮਲ ਅਜ਼ਾਦੀ ਪ੍ਰਚੱਲਤ ਹੋਣੀ ਚਾਹੀਦੀ ਹੈ, **ਅਨੁਸ਼ਾਸਨ** ਉੱਤੇ ਜ਼ੋਰ" [ਯਾਦ ਰੱਖੋ: ਵਿਚਾਰਧਾਰਕ ਘੋਲ਼ ਇੱਕ ਅਮਲ ਹੈ ਜਿਥੇ ਕਿ ਜਥੇਬੰਦੀ ਦੇ ਰੂਪ ਕੇਵਲ ਰੂਪ ਹਨ], "ਨੌਕਰਸ਼ਾਹੀ ਅਤੇ ਵਿਅਕਤੀਤਵ ਨੂੰ ਦਬਾਉਣ ਵੱਲ ਪ੍ਰਵਿਰਤੀ ਨੂੰ ਪ੍ਰਤੱਖ ਕਰਦੇ ਹਨ।" ਅਤੇ ਵ. ਹਾਈਨੇ "**ਇੱਕ** ਵਾਰੀ ਸਭ ਕੁੱਝ ਨੂੰ ਆਪਣੀ ਵਲਗਣ ਵਿੱਚ ਲੈਣ ਵਾਲ਼ੀ ਜਥੇਬੰਦੀ, ਜਿੰਨੀ ਵੱਧ ਤੋਂ ਵੱਧ ਸੰਭਵ ਹੋ ਸਕੇ ਕੇਂਦਰਿਤ, ਦਾਅ-ਪੇਚਾਂ ਦੀ **ਇੱਕ** ਬੀੜ, ਅਤੇ **ਇੱਕ** ਸਿਧਾਂਤ" ਸਿਰਜਣ ਵਿਰੁੱਧ, "ਮੁਕੰਮਲ ਅਧੀਨਗੀ", "ਅੰਨ੍ਹੀ ਅਧੀਨਗੀ", ਲਈ ਮੰਗ ਵਿਰੁੱਧ, "ਅਤਿ ਸਾਦਾ ਬਣਾਏ ਕੇਂਦਰੀਕਰਣ" ਇਤਿ-ਆਦਿ ਵਿਰੁੱਧ, "à la (ਵਾਂਗ। **—ਅਨੁ.** ) ਐਕਸਲਰੋਦ" ਬੋਲ-ਕੁਬੋਲ ਬੋਲਦਾ ਹੋਇਆ,

ਚਲਦਾ ਹੀ ਜਾਂਦਾ ਹੈ।

ਵ. ਹਾਈਨੇ ਨੇ ਜਿਹੜਾ ਵਿਵਾਦ ਸ਼ੁਰੂ ਕੀਤਾ ਉਹ ਫ਼ੈਲ ਗਿਆ ਅਤੇ ਕਿਉਂਕਿ ਜਰਮਨ ਪਾਰਟੀ ਵਿੱਚ ਮਸਲੇ ਨੂੰ ਧੁੰਦਲਾਉਣ ਲਈ ਕੁਆਪਸ਼ਨ ਸਬੰਧੀ ਕੋਈ ਖਹਿਬੜਾਂ ਨਹੀਂ ਸਨ, ਅਤੇ ਕਿਉਂਕਿ ਜਰਮਨ ਅਕੀਮੋਵ ਆਪਣਾ ਮੁਹਾਂਦਰਾ ਕੇਵਲ ਕਾਂਗਰਸਾਂ ਵਿੱਚ ਹੀ ਨਹੀਂ, ਸਗੋਂ ਸਾਰਾ ਸਮਾਂ, ਖ਼ੁਦ ਆਪਣੇ ਰਸਾਲੇ ਵਿੱਚ ਵਿਖਾਉਂਦੇ ਹਨ, ਮਾਮਲਾ ਛੇਤੀ ਹੀ ਜਥੇਬੰਦੀ ਦੇ ਸਵਾਲ ਸਬੰਧੀ ਪੁਰਤਾਨਤਾਵਾਦੀ ਅਤੇ ਸੋਧਵਾਦੀ ਅਸੂਲਾਂ ਦੇ ਵਿਸ਼ਲੇਸ਼ਣ ਤੱਕ ਘਟ ਗਿਆ। ਕਾਰਲ ਕਾਊਤਸਕੀ ਇਨਕਲਾਬੀ ਮੁਹਾਣ ਦੇ (ਜਿਸ ਉੱਤੇ ਸਾਡੀ ਪਾਰਟੀ ਵਾਂਗ ਹੀ "ਡਿਕਟੇਟਰਸ਼ਿਪ", "ਧਾਰਮਕ ਜਬਰ" ਦੀਆਂ ਪ੍ਰਵਿਰਤੀਆਂ ਅਤੇ ਹੋਰ ਭਿਆਨਕ ਗੱਲਾਂ ਦੇ ਦੋਸ਼ ਲਾਏ ਗਏ), ਰੱਖਿਅਕ ਵਜੋਂ ਨਿਤਰਿਆ ("Neue Zeit", 1904, ਅੰਕ 28 ਵਿੱਚ, ਲੇਖ "Wahlkreis und Partei"—"ਚੋਣ ਹਲਕਾ ਅਤੇ ਪਾਰਟੀ" ਨਾਂ ਦੇ ਲੇਖ ਵਿੱਚ)। ਉਹਨੇ ਲਿਖਿਆ ਵ. ਹਾਈਨੇ ਦਾ ਲੇਖ "ਸਮੁੱਚੇ ਸੋਧਵਾਦੀ ਮੁਹਾਣ ਦੇ ਵਿਚਾਰਾਂ ਦਾ ਰੌਂ ਪ੍ਰਗਟ ਕਰਦਾ ਹੈ"। ਜਰਮਨੀ ਵਿੱਚ ਹੀ ਨਹੀਂ ਸਗੋਂ ਫ਼ਰਾਂਸ ਅਤੇ ਇਟਲੀ ਵਿੱਚ ਵੀ, ਮੌਕਾਪ੍ਰਸਤ ਹਰ ਥਾਂ ਖ਼ੁਦ-ਅਖ਼ਤਿਆਰਵਾਦ ਦੇ, ਪਾਰਟੀ ਅਨੁਸ਼ਾਸਨ ਢਿੱਲਾ ਕਰਨ ਦੇ, ਇਹਨੂੰ ਸਿਫ਼ਰ ਤੱਕ ਘਟਾ ਦੇਣ ਦੇ ਕੱਟੜ ਹਾਮੀ ਹਨ; ਹਰ ਥਾਂ ਉਹਨਾਂ ਦੀਆਂ ਪ੍ਰਵਿਰਤੀਆਂ ਦਾ ਸਿੱਟਾ **ਵਿਘਟਣ** ਵਿੱਚ, "ਜਮਹੂਰੀ ਅਸੂਲ ਦੇ" **ਅਰਾਜਕਤਾ** ਵਿੱਚ ਵਿਗਾੜ ਵਿੱਚ ਨਿੱਕਲਦਾ ਹੈ। "ਜਮਹੂਰੀਅਤ ਦੇ ਅਰਥ ਅਧਿਕਰਣ ਦੀ ਅਣਹੋਂਦ ਨਹੀਂ," ਕਾਰਲ ਕਾਊਤਸਕੀ ਜਥੇਬੰਦਕ ਸਵਾਲਾਂ ਸਬੰਧੀ ਮੌਕਾਪ੍ਰਸਤਾਂ ਨੂੰ ਦੱਸਦਾ ਹੈ, "ਜਮਹੂਰੀਅਤ ਦੇ ਅਰਥ ਅਰਾਜਕਤਾ ਨਹੀਂ; ਇਹਦੇ ਅਰਥ ਹਨ ਹਕੂਮਤ ਦੇ ਹੋਰ ਰੂਪਾਂ ਤੋਂ ਨਿੱਖੜ ਕੇ, ਜਿਥੇ ਜਨਤਾ ਦੇ ਨੌਕਰ ਸਮਝੇ ਜਾਂਦੇ ਲੋਕ ਅਸਲ ਵਿੱਚ ਉਹਦੇ ਮਾਲਕ ਹੁੰਦੇ ਹਨ, ਆਪਣੇ ਪ੍ਰਤੀਨਿਧਾਂ ਉੱਤੇ ਜਨਤਾ ਦੀ ਹਕੂਮਤ।" ਕਾਊਤਸਕੀ ਵੱਖ ਵੱਖ ਦੇਸ਼ਾਂ ਵਿੱਚ ਮੌਕਾਪ੍ਰਸਤ ਖ਼ੁਦ-ਅਖ਼ਤਿਆਰਵਾਦ ਵੱਲੋਂ ਅਦਾ ਕੀਤੇ ਗਏ ਫੁੱਟ-ਪਾਊ ਰੋਲ ਨੂੰ ਵਿਸਥਾਰ ਨਾਲ਼ ਉਲੀਕਦਾ ਹੈ; ਉਹ ਦਰਸਾਉਂਦਾ ਹੈ ਕਿ ਇਹ ਅਸਲ ਵਿੱਚ ਸੋਸ਼ਲ-ਡੈਮੋਕ੍ਰੈਟਕ ਲਹਿਰ ਵਿੱਚ "**ਬਹੁਤ ਵੱਡੀ ਗਿਣਤੀ ਵਿੱਚ ਬੁਰਜੂਆ ਅੰਸ਼ਾਂ**"* ਦਾ ਘੁਸ ਆਉਣਾ ਹੀ ਹੈ ਜਿਹੜਾ ਮੌਕਾਪ੍ਰਸਤੀ, ਖ਼ੁਦ-ਅਖ਼ਤਿਆਰਵਾਦ, ਅਤੇ ਅਨੁਸ਼ਾਸਨ ਤੋੜਨ ਦੀ ਪ੍ਰਵਿਰਤੀ ਨੂੰ ਮਜ਼ਬੂਤ ਬਣਾ ਰਿਹਾ ਹੈ ਅਤੇ ਉਹ ਸਾਨੂੰ ਇੱਕ ਵਾਰ ਫਿਰ ਚੇਤੇ ਕਰਾਉਂਦਾ ਹੈ ਕਿ "ਜਥੇਬੰਦੀ ਉਹ ਹਥਿਆਰ ਹੈ ਜਿਹੜੇ ਪ੍ਰੋਲੇਤਾਰੀ ਨੂੰ ਮੁਕਤ ਕਰਾਵੇਗਾ", ਕਿ "ਜਥੇਬੰਦੀ ਸ਼੍ਰੇਣੀ ਘੋਲ਼ ਵਿੱਚ ਪ੍ਰੋਲੇਤਾਰੀ ਦਾ ਲਖਣਾਇਕ ਹਥਿਆਰ ਹੈ।"

ਜਰਮਨੀ ਵਿੱਚ, ਜਿੱਥੇ ਮੌਕਾਪ੍ਰਸਤੀ ਫ਼ਰਾਂਸ ਨਾਲੋਂ ਵੱਧ ਮਾੜੀ ਹੈ, "ਖ਼ੁਦ-ਅਖ਼ਤਿਆਰਵਾਦੀ ਪ੍ਰਵਿਰਤੀਆਂ ਦਾ ਸਿੱਟਾ ਕੇਵਲ ਡਿਕਟੇਟਰਾਂ, ਗਰੈਂਡ -

---

* ਕਾਊਤਸਕੀ **ਜੋਰੇਸ** ਨੂੰ ਉਦਾਹਰਣ ਪੇਸ਼ ਕਰਦਾ ਹੈ। ਇਹ ਲੋਕ ਜਿੰਨੇ ਵਧੇਰੇ ਮੌਕਾਪ੍ਰਸਤੀ ਵੱਲ ਕੁਰਾਹੇ ਪੈਂਦੇ ਗਏ, ਉਨਾ ਹੀ "ਉਹਨਾਂ ਲਈ ਇਹ ਸੋਚਣਾ ਲਾਜ਼ਮੀ ਸੀ ਕਿ ਪਾਰਟੀ ਬੰਧੇਜ ਉਹਨਾਂ ਦੇ ਅਜ਼ਾਦ ਵਿਅਕਤਤਵ ਉੱਤੇ ਅਸਹਿ ਰੋਕ ਹੈ"।

ਇਨਕੁਈਜ਼ੀਟਰਾਂ*, ਧਰਮ ਧੱਕੇ** ਅਤੇ ਕੁਰਹਿਤ ਵਿਰੁੱਧ ਮੁਹਿੰਮ ਸਬੰਧੀ ਘੱਟ ਜਾਂ ਵੱਧ ਜੁਸ਼ੀਲੇ ਵਖਿਆਨਾਂ, ਅਤੇ ਅਨੰਤ ਨੁਕਸ ਛਾਂਟਣ ਅਤੇ ਖਹਿਬੜਾਂ ਨੂੰ ਹੀ ਜਨਮ ਦੇਣਾ ਹੀ ਹੋਇਆ ਹੈ, ਜੇ ਉਹਨਾਂ ਦਾ ਦੂਜੀ ਧਿਰ ਵੱਲੋਂ ਉੱਤਰ ਦਿੱਤਾ ਜਾਵੇ ਤਾਂ ਉਹਦਾ ਸਿੱਟਾ ਅਨੰਤ ਝਗੜਾ ਹੀ ਹੋਵੇਗਾ।"

ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਰੂਸ ਵਿੱਚ, ਜਿਥੇ ਪਾਰਟੀ ਵਿੱਚ ਮੌਕਾਪ੍ਰਸਤੀ ਜਰਮਨੀ ਨਾਲ਼ੋਂ ਵੀ ਵਧੇਰੇ ਕਮਜ਼ੋਰ ਹੈ, ਖ਼ੁਦ-ਅਖ਼ਤਿਆਰਵਾਦੀ ਪ੍ਰਵਿਰਤੀਆਂ ਨੇ ਹੋਰ ਥੋੜ੍ਹੇ ਵਿਚਾਰ ਅਤੇ ਵਧੇਰੇ "ਜੁਸ਼ੀਲੇ ਵਖਿਆਨ" ਅਤੇ ਖਹਿਬੜਾਂ ਪੈਦਾ ਕੀਤੀਆਂ ਹੋਣ।

ਇਹ ਕੋਈ ਹੈਰਾਨ ਹੋਣ ਵਾਲ਼ੀ ਗੱਲ ਨਹੀਂ ਕਿ ਕਾਊਤਸਕੀ ਹੇਠ ਲਿਖੇ ਸਿੱਟੇ ਉੱਤੇ ਅੱਪੜਦਾ ਹੈ: "ਸ਼ਾਇਦ ਹੋਰ ਕੋਈ ਸਵਾਲ ਅਜਿਹਾ ਨਹੀਂ ਜਿਸ ਸਬੰਧੀ ਸਾਰੇ ਦੇਸ਼ਾਂ ਦੇ ਸੋਧਵਾਦ, ਇਹਦੇ ਰੂਪ ਅਤੇ ਰੰਗ ਦੀ ਬਹੁਲਤਾ ਦੇ ਬਾਵਜੂਦ, ਜਥੇਬੰਦੀ ਦੇ ਸਵਾਲ ਉੱਤੇ ਇੰਨਾ ਸਗਵੇਂ ਹਨ।" ਕਾਊਤਸਕੀ ਵੀ ਇਸ ਖੇਤਰ ਵਿੱਚ "ਭਿਆਨਕ ਸ਼ਬਦ"—ਜਮਹੂਰੀਅਤ ਵਿਰੁੱਧ ਨੌਕਰਸ਼ਾਹੀ—ਦੀ ਸਹਾਇਤਾ ਨਾਲ਼ ਪੁਰਾਤਨਤਾਵਾਦ ਅਤੇ ਸੋਧਵਾਦ ਦੀਆਂ ਬੁਨਿਆਦੀ ਪ੍ਰਵਿਰਤੀਆਂ ਨੂੰ ਪ੍ਰਭਾਸ਼ਤ ਕਰਦਾ ਹੈ। ਸਾਨੂੰ ਇਹ ਕਿਹਾ ਜਾਂਦਾ ਹੈ, ਉਹ ਕਹਿੰਦਾ ਹੈ, ਕਿ ਪਾਰਟੀ ਦੀ ਲੀਡਰਸ਼ਿਪ ਨੂੰ ਹਲਕਿਆਂ ਵੱਲੋਂ (ਪਾਰਲੀਮੈਂਟ ਲਈ) ਉਮੀਦਵਾਰਾਂ ਦੀ ਚੋਣ ਉੱਤੇ ਪ੍ਰਭਾਵ ਪਾਉਣ ਦਾ ਹੱਕ ਦੇਣਾ "ਜਮਹੂਰੀ ਅਸੂਲ ਵਿੱਚ ਇੱਕ ਸ਼ਾਨਦਾਰ ਦਖ਼ਲ ਹੈ, ਜਿਹੜਾ ਮੰਗ ਕਰਦਾ ਹੈ ਕਿ ਜਨਤਾ ਦੀ ਸਾਰੀ ਸਿਆਸੀ ਸਰਗਰਮੀ ਹੇਠੋਂ ਉੱਪਰ ਵੱਲ ਚੱਲੇ ਅਤੇ ਉੱਪਰੋਂ ਹੇਠਾਂ ਵੱਲ, ਨੌਕਰਸ਼ਾਹੀ ਢੰਗ ਨਾਲ਼ ਨਹੀਂ।...ਪਰ ਜੇ ਕੋਈ ਜਮਹੂਰੀ ਅਸੂਲ ਹੈ ਤਾਂ ਉਹ ਇਹ ਹੈ ਕਿ ਬਹੁਗਿਣਤੀ ਨੂੰ ਘੱਟਗਿਣਤੀ ਉੱਤੇ ਪ੍ਰਧਾਨਤਾ ਪ੍ਰਾਪਤ ਹੋਵੇ, ਅਤੇ ਇਹਦੇ ਉਲਟ ਨਹੀਂ।..." ਕਿਸੇ ਹਲਕੇ ਵੱਲੋਂ ਪਾਰਲੀਮੈਂਟ ਦੇ ਮੈਂਬਰ ਦੀ ਚੋਣ ਸਮੁੱਚੇ ਤੌਰ ਉੱਤੇ ਪਾਰਟੀ ਲਈ ਮਹੱਤਵ ਪੂਰਨ ਮਾਮਲਾ ਹੈ, ਜਿਸਦਾ ਉਮੀਦਵਾਰ ਦੀ ਨਾਮਜ਼ਦਗੀ ਉੱਤੇ ਪ੍ਰਭਾਵ ਪੈਣਾ ਚਾਹੀਦਾ ਹੈ, ਭਾਵੇਂ ਕੇਵਲ ਉਹਦੇ ਪ੍ਰਤੀਨਿਧਾਂ ਰਾਹੀਂ ਹੀ (Vertrauensmänner)। "ਜਿਹੜਾ ਕੋਈ ਇਹਨੂੰ ਬਹੁਤ ਜ਼ਿਆਦਾ ਨੌਕਰਸ਼ਾਹਾਨਾ ਜਾਂ ਕੇਂਦਰੀਵਾਦੀ ਸਮਝਦਾ ਹੈ, ਉਹਨੂੰ ਇਹ ਤਜਵੀਜ਼ ਪੇਸ਼ ਕਰਨ ਦਿਓ ਕਿ ਉਮੀਦਵਾਰ ਸਮੁੱਚੇ ਤੌਰ ਉੱਤੇ ਪਾਰਟੀ ਮੈਂਬਰਾਂ ਦੇ ਸਿੱਧੇ ਵੋਟਾਂ ਨਾਲ਼ ਚੁਣੇ ਜਾਣ [sämtliche Parteigonossen]। ਜੇ ਉਹ ਸਮਝਦਾ ਹੈ ਕਿ ਅਜਿਹਾ ਕਰਨਾ ਅਮਲੀ ਗੱਲ ਨਹੀਂ ਤਾਂ, ਜੇ ਸਮੁੱਚੀ ਪਾਰਟੀ ਨਾਲ਼ ਸਬੰਧਤ ਹੋਰ ਕਾਰਜਾਂ ਸਮੇਤ, ਇਹ ਕਾਰਜ ਵੀ ਪਾਰਟੀ ਦੀ ਇੱਕ ਜਾਂ ਕਈ ਸੰਸਥਾਵਾਂ ਕਰਦੀਆਂ ਹਨ ਤਾਂ ਉਹਨੂੰ ਜਮਹੂਰੀਅਤ ਦੀ ਗ਼ੈਰ-ਹਾਜ਼ਰੀ ਉੱਤੇ ਗਿਲਾ ਨਹੀਂ ਕਰਨਾ ਚਾਹੀਦਾ।"

---

*ਮੱਧ-ਕਾਲ ਵਿੱਚ ਕੈਥੋਲਕ ਈਸਾਈ ਸੰਪ੍ਰਦਾ ਅਤੇ ਵੱਖ ਵੱਖ ਦੇਸ਼ਾਂ ਦੇ ਬਾਦਸ਼ਾਹਾਂ ਵੱਲੋਂ ਕੁਰਹਿਤੀਆਂ ਵਿਰੁੱਧ ਕਾਰਵਾਈ ਕਰਨ ਵਾਲ਼ੀ ਅਦਾਲਤਾਂ ਦੇ ਮੁਖੀ। ਇਹਨਾਂ ਅਦਾਲਤਾਂ ਨੂੰ, ਤੌਬਾ ਨਾ ਕਰਨ ਦੀ ਹਾਲਤ ਵਿੱਚ, ਕੁਰਹਿਤੀਆਂ ਨੂੰ ਜਿਉਂਦੇ ਸਾੜਨ ਤੱਕ ਦੀ ਸਜ਼ਾ ਦੇਣ ਦਾ ਅਧਿਕਾਰ ਸੀ।**—ਅਨੁ.**

**Bannstrahl—ਧਰਮ ਧੱਕਾ। ਇਹ ਸਾਡੀ "ਘੇਰੇ ਦੀ ਹਾਲਤ" ਅਤੇ "ਐਮਰਜੈਂਸੀ ਕਨੂੰਨਾਂ" ਦਾ ਜਰਮਨ ਬਦਲ ਹੈ। ਇਹ ਜਰਮਨ ਮੌਕਾਪ੍ਰਸਤਾਂ ਦਾ "ਭਿਆਨਕ ਸ਼ਬਦ" ਹੈ।

ਜਰਮਨ ਪਾਰਟੀ ਵਿੱਚ ਇਹ ਲੰਮੇ ਸਮੇਂ ਤੋਂ "ਆਮ ਪ੍ਰਚੱਲਤ ਕਨੂੰਨ" ਰਿਹਾ ਹੈ ਕਿ ਹਲਕੇ ਉਮੀਦਵਾਰਾਂ ਦੀ ਚੋਣ ਸਬੰਧੀ ਪਾਰਟੀ ਲੀਡਰਸ਼ਿਪ ਨਾਲ਼ "ਮਿੱਤਰਾਂ ਵਾਲ਼ੇ ਸਮਝੌਤੇ ਉੱਤੇ ਅੱਪੜ ਜਾਂਦੇ ਹਨ"। "ਪਰ ਪਾਰਟੀ ਇਸ ਚੁੱਪ ਚਾਪ ਆਮ ਪ੍ਰਚੱਲਤ ਕਨੂੰਨ ਦੇ ਹੋਰ ਸਮੇਂ ਲਈ ਕਾਫ਼ੀ ਹੋਣ ਤੋਂ ਬਹੁਤ ਵੱਡੀ ਹੋ ਗਈ ਹੈ। ਜਦੋਂ ਇਹਦਾ ਸੁਭਾਵਕ ਤੌਰ ਉੱਤੇ ਪ੍ਰਵਾਨ ਕੀਤਾ ਜਾਣਾ ਖ਼ਤਮ ਹੋ ਜਾਂਦਾ ਹੈ, ਜਦੋਂ ਇਹਦੀਆਂ ਸ਼ਰਤਾਂ, ਅਤੇ ਇਥੋਂ ਤੱਕ ਕਿ ਇਹਦੀ ਹੋਂਦ ਨੂੰ ਵੰਗਾਰਿਆ ਜਾਂਦਾ ਹੈ, ਤਾਂ ਆਮ ਪ੍ਰਚੱਲਤ ਕਨੂੰਨ ਕਨੂੰਨ ਹੋਣੋਂ ਹਟ ਜਾਂਦਾ ਹੈ। ਤਾਂ ਫਿਰ ਕਨੂੰਨ ਨੂੰ ਨਿਸ਼ਚਿਤ ਰੂਪ ਵਿੱਚ ਸੂਤਰਬੱਧ ਕਰਨਾ, ਇਹਨੂੰ ਸੰਘਤਾ ਦੇਣ..." "ਜਥੇਬੰਦੀ ਨੂੰ ਵਧੇਰੇ ਅਧਿਕਾਰਤ ਸ਼ੁੱਧਤਾ ਨਾਲ਼ ਪ੍ਰੀਭਾਸ਼ਤ ਕਰਨ* (statutarische Festlegung) ਅਤੇ, ਤਦਅਨੁਸਾਰ, ਇਸ ਸਬੰਧੀ ਵਧੇਰੇ ਕਰੜਾਈ [größere Straffheit] ਦੇਣ ਦੀ" ਲੋੜ ਪੈਦਾ ਹੋ ਜਾਂਦੀ ਹੈ।

ਇਉਂ ਤੁਸੀਂ, ਇੱਕ ਵੱਖਰੇ ਵਾਯੂ-ਮੰਡਲ ਵਿੱਚ, ਜਥੇਬੰਦੀ ਦੇ ਸਵਾਲ ਸਬੰਧੀ ਪਾਰਟੀ ਦੇ ਮੌਕਾਪ੍ਰਸਤ ਅਤੇ ਇਨਕਲਾਬੀ ਪੱਖ ਵਿਚਕਾਰ ਉਹੋ ਘੋਲ਼ ਵੇਖਦੇ ਹੋ, ਖ਼ੁਦ-ਅਖ਼ਤਿਆਰਵਾਦ ਅਤੇ ਕੇਂਦਰਵਾਦ ਵਿਚਕਾਰ, ਜਮਹੂਰੀਅਤ ਅਤੇ "ਨੌਕਰਸ਼ਾਹੀ" ਵਿਚਕਾਰ, ਜਥੇਬੰਦੀ ਅਤੇ ਅਨੁਸ਼ਾਸਨ ਨੂੰ ਢਿੱਲਾ ਕਰਨ ਤੇ ਕਰੜਾ ਕਰਨ ਵਿਚਕਾਰ, ਅਸਥਿਰ ਬੁੱਧੀਜੀਵੀ ਅਤੇ ਦ੍ਰਿੜ੍ਹ ਪ੍ਰੋਲੇਤਾਰੀ ਦੀ ਮਾਨਸਿਕ ਅਵਸਥਾ ਵਿਚਕਾਰ, ਬੁਧੀਜੀਵੀ ਵਾਦੀ ਵਿਅਕਤੀਵਾਦ ਅਤੇ ਪ੍ਰੋਲੇਤਾਰੀ ਇੱਕਮੁੱਠਤਾ ਵਿਚਕਾਰ, ਉਹੋ ਟੱਕਰ ਵੇਖਦੇ ਹੋ। ਬੰਦਾ ਪੁੱਛਦਾ ਹੈ ਕਿ ਇਸ ਟੱਕਰ ਵੱਲ **ਬੁਰਜੂਆ ਜਮਹੂਰੀਅਤ** ਦਾ ਵਤੀਰਾ ਕੀ ਸੀ—ਉਸ ਬੁਰਜੂਆ ਜਮਹੂਰੀਅਤ ਦਾ ਨਹੀਂ ਜਿਹੜੀ ਚੋਜੀ ਇਤਿਹਾਸ ਨੇ ਕਿਸੇ ਦਿਨ ਐਕਸਲਰੋਦ ਨੂੰ ਗੁਪਤ ਤੌਰ ਉੱਤੇ ਵਿਖਾਉਣ ਦਾ ਇਕਰਾਰ ਕੀਤਾ ਹੈ, ਸਗੋਂ ਅਸਲੀ ਅਤੇ ਵਾਸਤਵਿਕ ਬੁਰਜੂਆ ਜਮਹੂਰੀਅਤ ਦਾ, ਜਿਸਦੇ ਜਰਮਨੀ ਵਿੱਚ ਵੀ ਸਾਡੇ "ਓਸਵੋਬੋਜ਼੍ਹਦੇਨੀਯੇ" ਦੇ ਭੱਦਰ-ਪੁਰਸ਼ਾਂ ਨਾਲ਼ੋਂ ਘੱਟ ਖਚਰੇ ਅਤੇ ਚੌਕਸ ਨਹੀਂ? ਜਰਮਨ ਬੁਰਜੂਆ ਜਮਹੂਰੀਅਤ ਨੇ ਨਵੇਂ ਵਿਵਾਦ ਵੱਲ ਇੱਕ ਦਮ ਪ੍ਰਤੀਕਰਮ ਕੀਤਾ, ਅਤੇ—ਰੂਸੀ ਬੁਰਜੂਆ ਵਾਂਗ, ਹਰ ਥਾਂ ਅਤੇ ਸਦਾ ਬੁਰਜੂਆ ਜਮਹੂਰੀਅਤ ਵਾਂਗ—ਨਿੱਗਰ ਰੂਪ ਵਿੱਚ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੇ ਮੌਕਾਪ੍ਰਸਤ ਪੱਖ ਦਾ ਸਾਥ ਦਿੱਤਾ। ਜਰਮਨ ਸੱਟਾ ਬਜ਼ਾਰ ਦੇ ਮੁੱਖ ਬੁਲਾਰੇ "Frankfurter Zeitung"[52] ਨੇ ਇੱਕ ਗਰਜਦਾ ਸੰਪਾਦਕੀ ਲਿਖਿਆ ("Frankfurter Zeitung", 7 ਅਪ੍ਰੈਲ 1904, ਅੰਕ 97, ਸੰਝ ਸੰਸਕ੍ਰਣ) ਜਿਹੜਾ ਦਰਸਾਉਂਦਾ ਹੈ ਕਿ ਐਕਸਲਰੋਦ ਤੋਂ

* ਚੁੱਪ ਚਾਪ ਕਬੂਲੇ ਆਮ ਪ੍ਰਚੱਲਤ ਕਨੂੰਨ ਦੀ ਥਾਂ ਵਿਧੀ-ਵਤ ਪ੍ਰੀਭਾਸ਼ਤ ਕੀਤੇ ਅਤੇ ਪ੍ਰਵਾਨ ਕੀਤੇ ਕਨੂੰਨ ਨੂੰ ਦੇਣ ਦੇ ਕ. ਕਾਊਤਸਕੀ ਦੇ ਇਹਨਾਂ ਕਥਨਾਂ ਦਾ ਮੁਕਾਬਲਾ ਉਸ "ਤਬਦੀਲੀ" ਨਾਲ਼ ਕਰਨਾ ਜਿਹੜੀ ਸਾਡੀ ਪਾਰਟੀ ਵਿੱਚ ਆਮ ਤੌਰ ਉੱਤੇ ਅਤੇ ਸੰਪਾਦਕ ਮੰਡਲ ਵਿੱਚ ਵਿਸ਼ੇਸ਼ ਤੌਰ ਉੱਤੇ ਪਾਰਟੀ ਕਾਂਗਰਸ ਪਿੱਛੋਂ ਆਉਂਦੀ ਰਹੀ ਹੈ, ਬਹੁਤ ਰੋਚਕ ਹੋਵੇਗਾ। ਵੇਖੋ ਵ. ਇ. ਜ਼ਾਸੂਲਿਚ ਦੀ ਤਕਰੀਰ (ਲੀਗ ਦੀ ਕਾਂਗਰਸ ਵਿੱਚ, ਪੰਨਾ 66 ਅਤੇ ਉਸ ਤੋਂ ਅੱਗੇ), ਜਿਹੜੀ ਇਸ ਤਬਦੀਲੀ ਦੀ ਮਹੱਤਤਾ ਅਨੁਭਵ ਕਰਦੀ ਨਹੀਂ ਜਾਪਦੀ।

ਸਾਹਿਤਕ ਚੋਰੀ ਜਰਮਨ ਅਖ਼ਬਾਰਾਂ ਲਈ ਲਗਭਗ ਬਿਮਾਰੀ ਬਣਦੀ ਜਾ ਰਹੀ ਹੈ। ਫ਼ਰੈਂਕਫ਼ਰਟ ਦੇ ਸੱਟਾ ਬਜ਼ਾਰ ਦੇ ਕਰੜੇ ਜਮਹੂਰੀਅਤਪਸੰਦ ਸੋਸ਼ਲ-ਡੈਮੋਕ੍ਰੈਟਕ ਪਾਰਟੀ ਵਿੱਚ "ਨਿਰੰਕੁਸ਼ਵਾਦ" ਉੱਤੇ, "ਪਾਰਟੀ ਦੀ ਡਿਕਟੇਟਰੀ" ਉੱਤੇ, "ਪਾਰਟੀ ਦੇ ਅਧਿਕਾਰੀਆਂ ਦੇ ਨਿਰੰਕੁਸ਼ ਰਾਜ" ਉੱਤੇ, ਉਹਨਾਂ "ਮਨਾਹੀਆਂ" ਉੱਤੇ, ਜਿਨ੍ਹਾਂ ਦਾ ਮੰਤਵ ਨਾਲ਼ ਹੀ ਨਾਲ਼ "ਸਮੁੱਚੇ ਤੌਰ ਉੱਤੇ ਸੋਧਵਾਦੀਆਂ ਨੂੰ ਚੰਡਣਾ ਹੈ" ("ਮੌਕਾਪ੍ਰਸਤੀ ਦੇ ਝੂਠੇ ਦੋਸ਼" ਚੇਤੇ ਕਰੋ), "ਅੰਨ੍ਹੀ ਤਾਬੇਦਾਰੀ", "ਮੁਰਦਾ ਕਰਨ ਵਾਲ਼ੇ ਅਨੁਸ਼ਾਸਨ" "ਗ਼ੁਲਾਮਾਂ ਵਰਗੀ ਅਧੀਨਗੀ" ਉੱਤੇ, ਅਤੇ ਪਾਰਟੀ ਮੈਂਬਰਾਂ ਦੀ "ਸਿਆਸੀ ਲਾਸ਼ਾਂ" ਵਿੱਚ (ਇਹ ਕਲ-ਪੁਰਜ਼ੇ ਨਾਲ਼ੋਂ ਚੋਖਾ ਸਖ਼ਤ ਹੈ) ਕਾਇਆ-ਪਲਟ ਉੱਤੇ ਲੋਹੇ-ਲਾਖੇ ਹੋ ਕੇ ਵਰ੍ਹਦੇ ਹਨ। "ਵਿਅਕਤੀਤਵ ਦਾ ਕੁੱਲ ਅਨੂਠਾਪਣ," ਸੱਟਾ ਬਜ਼ਾਰ ਦੇ ਸੂਰਮੇ ਸੋਸ਼ਲ-ਡੈਮੋਕ੍ਰੈਟਾਂ ਵਿੱਚ ਗ਼ੈਰ-ਜਮਹੂਰੀ ਰਾਜ ਦਿਸਣ ਉੱਤੇ ਗ਼ੁੱਸੇ ਨਾਲ਼ ਕੂਕਦੇ ਹਨ, "ਕੁੱਲ ਵਿਅਕਤੀਤਵ ਤ੍ਰਿਸਕਾਰਿਆ ਜਾਵੇਗਾ, ਕਿਉਂਕਿ ਇਸ ਗੱਲ ਦਾ ਡਰ ਹੈ ਕਿ ਉਹਨਾਂ ਦਾ ਸਿੱਟਾ ਮਾਮਲਿਆਂ ਦਾ ਫ਼ਰਾਂਸੀਸੀ ਢੰਗ ਅਖ਼ਤਿਆਰ ਕਰਨ, ਜੋਰੇਸਵਾਦ ਅਤੇ ਮਿਲੇਰਾਂਵਾਦ ਹੋਵੇਗਾ, ਜਿਹਾ ਕਿ ਸਿੰਡਰਮੈਨ ਨੇ ਖੁੱਲ੍ਹੀ ਤਰ੍ਹਾਂ ਕਿਹਾ" ਜਿਸਨੇ, ਸੈਕਸਨ ਸੋਸ਼ਲ-ਡੈਮਕ੍ਰੈਟਾਂ ਦੀ ਪਾਰਟੀ ਕਾਂਗਰਸ ਵਿੱਚ "ਇਸ ਵਿਸ਼ੇ ਸਬੰਧੀ ਰਿਪੋਰਟ ਪੇਸ਼ ਕੀਤੀ"।

———————————

ਅਤੇ ਸੋ, ਜਿਥੋਂ ਤੱਕ ਜਥੇਬੰਦੀ ਦੇ ਮਸਲੇ ਉੱਤੇ ਨਵੇਂ "ਇਸਕਰਾ" ਦੇ ਨਵੇਂ ਕਥਨਾਂ ਵਿੱਚ ਉੱਕਾ ਹੀ ਕੋਈ ਅਸੂਲ ਹਨ, ਇਸ ਸਬੰਧੀ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਉਹ ਮੌਕਾਪ੍ਰਸਤ ਅਸੂਲ ਹਨ। ਸਾਡੀ ਪਾਰਟੀ ਕਾਂਗਰਸ ਦੇ ਸਾਰੇ ਵਿਸ਼ਲੇਸ਼ਣ ਤੋਂ, ਜਿਹੜੀ ਇਨਕਲਾਬੀ ਅਤੇ ਮੌਕਾਪ੍ਰਸਤ ਪੱਖਾਂ ਵਿੱਚ ਵੰਡੀ ਗਈ, ਅਤੇ **ਸਾਰੀਆਂ** ਯੂਰਪੀ ਸੋਸ਼ਲ-ਡੈਮੋਕ੍ਰੈਟਕ ਪਾਰਟੀਆਂ ਦੀ ਉਦਾਹਰਣ, ਦੁਹਾਂ ਤੋਂ ਇਸ ਸਿੱਟੇ ਦੀ ਪੁਸ਼ਟੀ ਹੁੰਦੀ ਹੈ, ਜਿਥੇ ਜਥੇਬੰਦੀ ਵਿੱਚ ਮੌਕਾਪ੍ਰਸਤ ਦਾ ਪ੍ਰਗਟਾਅ ਸਗਵੀਆਂ ਪ੍ਰਵਿਰਤੀਆਂ ਵਿੱਚ, ਸਗਵੇਂ ਦੋਸ਼ਾਂ, ਅਤੇ ਬਹੁਤ ਅਕਸਰ ਸਗਵੇਂ ਕਥਨਾਂ ਵਿੱਚ ਹੁੰਦਾ ਹੈ। ਨਿਰਸੰਦੇਹ, ਵੱਖ ਵੱਖ ਪਾਰਟੀਆਂ ਦੀਆਂ ਕੌਮੀ ਵਿਲੱਖਣਤਾਈਆਂ ਅਤੇ ਵੱਖ ਵੱਖ ਦੇਸ਼ਾਂ ਵਿੱਚ ਸਿਆਸੀ ਹਾਲਤਾਂ ਆਪਣੀ ਛਾਪ ਛੱਡਦੀਆਂ ਹਨ ਅਤੇ ਜਰਮਨ ਮੌਕਾਪ੍ਰਸਤੀ ਨੂੰ ਫ਼ਰਾਂਸੀਸੀ ਤੋਂ, ਫ਼ਰਾਂਸੀਸੀ ਮੌਕਾਪ੍ਰਸਤੀ ਨੂੰ ਇਤਾਲਵੀ ਤੋਂ ਅਤੇ ਇਤਾਲਵੀ ਮੌਕਾਪ੍ਰਸਤੀ ਨੂੰ ਰੂਸੀ ਤੋਂ ਭਿੰਨ ਬਣਾ ਦੇਂਦੀਆਂ ਹਨ। ਪਰ ਹਾਲਤਾਂ ਦੇ ਇਸ ਸਾਰੇ ਫ਼ਰਕ ਦੇ ਬਾਵਜੂਦ ਇਹਨਾਂ ਸਾਰੀਆਂ ਪਾਰਟੀਆਂ ਦੇ ਇੱਕ ਇਨਕਲਾਬੀ ਅਤੇ ਇੱਕ ਮੌਕਾਪ੍ਰਸਤ ਪੱਖ ਵਿੱਚ ਬੁਨਿਆਦੀ ਵੰਡ ਦੀ ਸਾਰੂਪਤਾ, ਜਥੇਬੰਦੀ ਦੇ ਮਸਲੇ ਬਾਰੇ ਸੋਚ ਦੀ ਮੌਕਾਪ੍ਰਸਤੀ ਲੀਹ ਅਤੇ ਪ੍ਰਵਿਰਤੀਆਂ ਉੱਘੜ ਕੇ ਸਾਹਮਣੇ ਆਉਂਦੀਆਂ ਹਨ।*

* ਅੱਜ ਕੋਈ ਵੀ ਇਸ ਗੱਲ ਤੋਂ ਇਨਕਾਰ ਨਹੀਂ ਕਰੇਗਾ ਕਿ ਦਾਅ-ਪੇਚਾਂ ਦੇ ਸਵਾਲ ਉੱਤੇ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦੀ ਆਰਥਕਤਾਵਾਦੀਆਂ ਅਤੇ ਰਾਜਸੀ ਨੇਤਾਵਾਂ ਵਿਚਕਾਰ ਪੁਰਾਣੀ ਵੰਡ ਸਮੁੱਚੀ ਕੌਮਾਂਤਰੀ ਸੋਸ਼ਲ-ਡੈਮੋਕ੍ਰੈਟਕ ਲਹਿਰ ਦੀ ਮੌਕਾਪ੍ਰਸਤਾਂ ਅਤੇ ਇਨਕਲਾਬੀਆਂ ਵਿੱਚ ਵੰਡ ਨਾਲ਼ ਸਗਵੀਂ ਸੀ, ਭਾਵੇਂ, ਇੱਕ ਹੱਥ, ਸਾਥੀ ਮਾਰਤੀਨੋਵ ਅਤੇ ਅਕੀਮੋਵ, ਅਤੇ, ਦੂਜੇ ਹੱਥ, ਸਾਥੀ ⇨

ਸਾਡੇ ਮਾਰਕਸਵਾਦੀਆਂ ਅਤੇ ਸਾਡੇ ਸੋਸ਼ਲ–ਡੈਮੋਕ੍ਰੈਟਾਂ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਗਰਮ–ਖ਼ਿਆਲ ਬੁੱਧੀਜੀਵੀਆਂ ਦੇ ਹੋਣ ਕਾਰਨ, ਮੌਕਾਪ੍ਰਸਤੀ ਜਿਹੜਾ ਉਹਨਾਂ ਦੀ ਮਨੋ–ਬਿਰਤੀ ਪੈਦਾ ਕਰਦੀ ਹੈ, ਅਤਿਅੰਤ ਭਿੰਨ ਖੇਤਰਾਂ ਅਤੇ ਅਤਿਅੰਤ ਭਿੰਨ ਭਿੰਨ ਰੂਪਾਂ ਵਿੱਚ, ਹੋਂਦ ਵਿੱਚ ਹੋਣਾ ਲਾਜ਼ਮੀ ਰਿਹਾ ਹੈ ਅਤੇ ਹੈ। ਅਸੀਂ ਮੌਕਾਪ੍ਰਸਤੀ ਵਿਰੁੱਧ ਆਪਣੇ ਸੰਸਾਰ ਸੰਕਲਪ ਦੇ ਬੁਨਿਆਦੀ ਮਸਲਿਆਂ ਉੱਤੇ, ਆਪਣੇ ਪ੍ਰੋਗਰਾਮ ਦੇ ਸਵਾਲਾਂ ਉੱਤੇ ਲੜੇ ਅਤੇ ਮੰਤਵਾਂ ਦੇ ਮੁਕੰਮਲ ਵਖਰੇਵੇਂ ਦਾ ਅਟੱਲ ਸਿੱਟਾ ਸੋਸ਼ਲ–ਡੈਮੋਕ੍ਰੈਟਾਂ ਅਤੇ ਉਦਾਰਪੰਥੀਆਂ ਵਿਚਕਾਰ, ਜਿਨ੍ਹਾਂ ਸਾਰੇ ਕਨੂੰਨੀ ਮਾਰਕਸਵਾਦ ਨੂੰ ਭ੍ਰਸ਼ਟ ਕਰ ਦਿੱਤਾ ਸੀ, ਅਮੋੜ ਤੋੜ–ਵਿਛੋੜਾ ਹੋਇਆ। ਅਸੀਂ ਦਾਅ–ਪੇਚਾਂ ਦੇ ਮਸਲਿਆਂ ਉੱਤੇ ਮੌਕਾਪ੍ਰਸਤੀ ਵਿਰੁੱਧ ਲੜੇ ਅਤੇ ਸੁਭਾਵਕ ਹੀ ਇਹਨਾਂ ਘੱਟ ਮਹੱਤਵਪੂਰਨ ਮਸਲਿਆਂ ਸਬੰਧੀ ਸਾਥੀ ਕ੍ਰੀਚੇਵਸਕੀ ਅਤੇ ਅਕੀਮੋਵ ਨਾਲ਼ ਸਾਡਾ ਵਖਰੇਵਾਂ ਕੇਵਲ ਅਸਥਾਈ ਸੀ ਅਤੇ ਇਹਦੇ ਨਾਲ਼ ਵੱਖ ਵੱਖ ਪਾਰਟੀਆਂ ਦੀ ਸਥਾਪਤੀ ਨਾ ਹੋਈ। ਇਹ ਲਾਜ਼ਮੀ ਹੈ ਕਿ ਹੁਣ ਅਸੀਂ ਮਾਰਤੋਵ ਅਤੇ ਐਕਸਲਰੋਦ ਦੇ ਜਥੇਬੰਦੀ ਸਬੰਧੀ ਮੌਕਾਪ੍ਰਸਤੀ ਨੂੰ ਹਰਾਈਏ, ਜਿਹੜੇ, ਨਿਰਸੰਦੇਹ, ਦਾਅ–ਪੇਚਾਂ ਦੇ ਸਵਾਲਾਂ ਨਾਲ਼ੋਂ ਘੱਟ ਬੁਨਿਆਦੀ ਹਨ, ਪ੍ਰੋਗਰਾਮ ਦੀ ਤਾਂ ਗੱਲ ਹੀ ਛੱਡੋ, ਪਰ ਜਿਹੜੇ ਹੁਣ ਸਾਡੀ ਪਾਰਟੀ ਦੇ ਜੀਵਨ ਵਿੱਚ ਮੂਹਰਲੀ ਸਫ਼ ਵਿੱਚ ਆ ਗਏ ਹਨ।

ਜਦੋਂ ਅਸੀਂ ਮੌਕਾਪ੍ਰਸਤੀ ਵਿਰੁੱਧ ਲੜਨ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਹਰ ਖੇਤਰ ਵਿੱਚ ਅਜੋਕੇ ਮੌਕਾਪ੍ਰਸਤੀ ਦਾ ਇੱਕ ਲਖਣਾਇਕ ਲੱਛਣ ਨਹੀਂ ਭੁੱਲਣਾ ਚਾਹੀਦਾ, ਅਰਥਾਤ, ਉਹਦੀ ਅਸਪਸ਼ਟਤਾ, ਅਰੂਪਤਾ, ਉਹਦਾ ਟਾਲਮਟੋਲਪੁਣਾ ਹੈ। ਹਰ ਮੌਕਾਪ੍ਰਸਤ, ਆਪਣੇ ਐਨ ਖ਼ਾਸੇ ਕਾਰਨ ਹੀ, ਸਦਾ ਸਪਸ਼ਟ ਅਤੇ ਨਿਰਣਾਇਕ ਦ੍ਰਿਸ਼ਟੀਕੋਣ ਅਪਣਾਉਣੋਂ ਬਹਾਨੇਬਾਜ਼ੀ ਮਾਰੇਗਾ, ਉਹ ਸਦਾ ਹੀ ਵਿਚਕਾਰਲਾ ਰਾਹ ਅਪਣਾਵੇਗਾ, ਉਹ ਸਦਾ ਦੋ ਪ੍ਰਸਪਰ ਰੱਦ ਕਰਨ ਵਾਲ਼ੇ ਦ੍ਰਿਸ਼ਟੀਕੋਣਾਂ ਵਿਚਕਾਰ ਸੱਪ ਵਾਂਗ ਵਲੇਵੇਂ ਖਾਵੇਗਾ ਅਤੇ ਦੁਹਾਂ ਨਾਲ਼ "ਸਹਿਮਤ" ਹੋਣ ਦਾ ਯਤਨ ਕਰੇਗਾ ਅਤੇ ਆਪਣੇ ਰਾਏ ਦੇ ਮਤਭੇਦਾਂ ਨੂੰ ਤੁੱਛ ਤਰਮੀਮਾਂ, ਸ਼ੱਕਾਂ, ਮਾਸੂਮ ਅਤੇ ਪਵਿੱਤਰ ਸੁਝਾਵਾਂ, ਇਤਿ–ਆਦਿ ਤੱਕ ਘਟਾ ਦੇਵੇਗਾ। ਸਾਥੀ ਐਡੂਆਰਡ ਬਰਨਸ਼ਟਾਈਨ, ਜਿਹੜਾ ਪ੍ਰੋਗਰਾਮ ਦੇ ਸਵਾਲਾਂ ਸਬੰਧੀ ਮੌਕਾਪ੍ਰਸਤ ਹੈ, ਆਪਣੀ ਪਾਰਟੀ ਦੇ ਇਨਕਲਾਬੀ ਪ੍ਰੋਗਰਾਮ ਨਾਲ਼ "ਸਹਿਮਤ ਹੈ", ਭਾਵੇਂ ਉਹ ਇਹਦੇ ਵਿੱਚ "ਬੁਨਿਆਦੀ ਸੋਧਾਂ"

---

⇨ ਫ਼ਾਨ ਵੋਲਮਾਰ ਅਤੇ ਫ਼ਾਨ ਐਲਮ ਜਾਂ ਜੋਰੇਸ ਅਤੇ ਮਿਲੇਰਾਂ ਵਿਚਕਾਰ ਫ਼ਰਕ ਬਹੁਤ ਵੱਡਾ ਹੈ। ਨਾ ਹੀ, ਰਾਜਸੀ ਤੌਰ ਉੱਤੇ ਵੋਟ ਦੇ ਹੱਕ ਤੋਂ ਵਿਰਵੇ ਅਤੇ ਰਾਜਸੀ ਤੌਰ ਉੱਤੇ ਅਜ਼ਾਦ ਦੇਸ਼ਾਂ ਵਿਚਕਾਰ ਪ੍ਰਸਥਿਤੀਆਂ ਦੇ ਅਥਾਹ ਫ਼ਰਕ ਦੇ ਬਾਵਜੂਦ ਜਥੇਬੰਦੀ ਦੇ ਸਵਾਲਾਂ ਸਬੰਧੀ ਮੁੱਖ ਵੰਡਾਂ ਦੀ ਸਾਰੂਪਤਾ ਸਬੰਧੀ ਕੋਈ ਸ਼ੱਕ ਹੋ ਸਕਦਾ ਹੈ। ਇਹ ਗੱਲ ਬੜੀ ਲਖਣਾਇਕ ਹੈ ਕਿ ਨਵੇਂ "ਇਸਕਰਾ" ਦੇ ਬਹੁਤ ਜ਼ਿਆਦਾ ਅਸੂਲੀ ਸੰਪਾਦਕਾਂ ਨੇ, ਕਾਊਤਸਕੀ ਅਤੇ ਹਾਈਨੇ ਵਿਚਕਾਰ ਵਿਵਾਦ ਨੂੰ ਸੰਖੇਪ ਤੌਰ ਉੱਤੇ ਲੈਂਦੇ ਹੋਏ (ਅੰਕ 64) ਝੇਪੂ ਢੰਗ ਨਾਲ਼ **ਅਸੂਲ** ਦੇ ਉਹਨਾਂ ਮੁਹਾਣਾਂ ਨੂੰ ਵਿਚਾਰਨੋਂ **ਸੰਕੋਚ ਕੀਤਾ** ਜਿਹੜੇ ਜਥੇਬੰਦੀ ਦੇ ਸਵਾਲਾਂ ਸਬੰਧੀ ਮੌਕਾਪ੍ਰਸਤੀ ਅਤੇ ਪੁਰਾਤਨਤਾਵਾਦ ਵਿਚਕਾਰ **ਆਮ ਤੌਰ ਉੱਤੇ** ਪ੍ਰਗਟ ਹੋਏ।

ਕੀਤੀਆਂ ਜਾਣੀਆਂ ਪਸੰਦ ਕਰੇਗਾ, ਉਹ ਇਸ ਗੱਲ ਨੂੰ ਕੁਵੇਲੇ ਕੀਤੀ, ਬੇਸਮਝੀ, ਇੰਨਾ ਮਹੱਤਵਪੂਰਨ ਖ਼ਿਆਲ ਨਹੀਂ ਕਰਦਾ ਜਿੰਨਾ "ਪੜਚੋਲ" ਦੇ "ਆਮ ਨਿਯਮਾਂ" ਦੇ ਸਪਸ਼ਟੀਕਰਨ ਨੂੰ (ਜਿਹੜਾ ਮੁੱਖ ਤੌਰ ਉੱਤੇ ਬੁਰਜੂਆ ਜਮਹੂਰੀਅਤ ਤੋਂ ਅਸੂਲ ਅਤੇ ਕਥਨ ਅਣ-ਪੜਚੋਲੀ ਢੰਗ ਨਾਲ਼ ਉਸਾਰ ਲੈਣ ਤੋਂ ਬਣਦਾ ਹੈ)। ਸਾਥੀ ਫ਼ਾਨ ਵੋਲਮਾਰ ਵੀ, ਜਿਹੜਾ ਦਾਅ-ਪੇਚਾਂ ਦੇ ਮਾਮਲੇ ਵਿੱਚ ਮੌਕਾਪ੍ਰਸਤ ਹੈ, ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਦੇ ਪੁਰਾਣੇ ਦਾਅ-ਪੇਚਾਂ ਨਾਲ਼ ਸਹਿਮਤ ਹੈ ਅਤੇ ਉਹ ਵੀ ਆਪਣੇ ਆਪ ਨੂੰ ਕੋਈ ਨਿਸ਼ਚਿਤ "ਮੰਤਰੀਵਾਦੀ" ਦਾਅ-ਪੇਚ ਪੇਸ਼ ਕਰਨ ਦੀ ਥਾਂ ਵਧੇਰੇ ਭਾਸ਼ਣਾਂ, ਤੁੱਛ ਤਰਮੀਮਾਂ, ਅਤੇ ਟਿਚਕਰਾਂ ਤੱਕ ਸੀਮਤ ਰੱਖਦਾ ਹੈ। ਸਾਥੀ ਮਾਰਤੋਵ ਅਤੇ ਐਕਸਲਰੋਦ, ਜਿਹੜੇ ਜਥੇਬੰਦੀ ਦੇ ਸਵਾਲਾਂ ਸਬੰਧੀ ਮੌਕਾਪ੍ਰਸਤ ਹਨ, ਅਜੇ ਤੱਕ ਅਸੂਲਾਂ ਦਾ ਕੋਈ ਨਿਸ਼ਚਿਤ ਬਿਆਨ ਪੇਸ਼ ਕਰਨ ਵਿੱਚ ਅਸਫ਼ਲ ਰਹੇ ਹਨ, ਜਿਹੜਾ "ਕਨੂੰਨ ਰਾਹੀਂ ਮਿਥਿਆ" ਜਾ ਸਕੇ; ਉਹ ਵੀ ਸਾਡੇ ਜਥੇਬੰਦੀ ਦੇ ਨਿਯਮਾਂ ਵਿੱਚ "ਬੁਨਿਆਦੀ ਤਬਦੀਲੀ" ਚਾਹੁਣਗੇ ਅਤੇ ਅਤਿਅੰਤ ਨਿਸ਼ਚਿਤਤਾ ਨਾਲ਼ ਚਾਹੁਣਗੇ ("ਇਸਕਰਾ", ਅੰਕ 58, ਪੰਨਾ 2, ਕਾਲਮ 3), ਪਰ ਉਹ ਆਪਣੇ ਆਪ ਨੂੰ ਪਹਿਲਾਂ "ਜਥੇਬੰਦੀ ਦੇ ਆਮ ਮਸਲਿਆਂ ਤੱਕ ਸੀਮਤ ਰੱਖਣਾ ਚੰਗੇਰਾ ਸਮਝਣਗੇ (ਕਿਉਂਕਿ ਸਾਡੇ ਨਿਯਮਾਂ ਵਿੱਚ, ਜਿਹੜੇ, ਪਹਿਲੇ ਪੈਰੇ ਦੇ ਬਾਵਜੂਦ, ਕੇਂਦਰਵਾਦੀ ਹਨ, ਕਿਸੇ ਵੀ ਬੁਨਿਆਦੀ ਤਬਦੀਲੀ ਦਾ ਸਿੱਟਾ ਜੇ ਉਹ "ਇਸਕਰਾ" ਦੀ ਭਾਵਨਾ ਅਨੁਸਾਰ ਕੀਤੀ ਜਾਵੇ, ਖ਼ੁਦ-ਅਖ਼ਤਿਆਰਵਾਦ ਹੋਵੇਗਾ; ਅਤੇ, ਨਿਰਸੰਦੇਹ, ਸਾਥੀ ਮਾਰਤੋਵ, ਆਪਣੇ ਮਨ ਵਿੱਚ ਵੀ ਇਹ ਮੰਨਣ ਲਈ ਤਿਆਰ ਨਹੀਂ ਕਿ **ਆਮ ਤੌਰ ਉੱਤੇ** ਉਹਦਾ ਝੁਕਾਉ ਖ਼ੁਦ-ਅਖ਼ਤਿਆਰਵਾਦ ਵੱਲ ਹੈ)। ਇਸ ਲਈ ਉਹਨਾਂ ਦੇ ਜਥੇਬੰਦੀ ਦੇ "ਅਸੂਲਾਂ" ਵਿੱਚ ਇੰਦਰ-ਧਨੁੱਖ ਦੇ ਸਾਰੇ ਰੰਗ ਦਿਸਦੇ ਹਨ। ਪ੍ਰਮੁੱਖ ਮਦ ਨਿਰੰਕੁਸ਼ਤਾ ਅਤੇ ਨੌਕਰਸ਼ਾਹੀ ਵਿਰੁੱਧ, ਅੰਨ੍ਹੀ ਤਾਬੇਦਾਰੀ ਅਤੇ ਕਲ ਪੁਰਜ਼ਿਆਂ ਵਿਰੁੱਧ ਮਾਸੂਮ ਭਾਸ਼ਣ, ਜਿਹੜੇ ਇੰਨੇ ਮਸੂਮ ਹਨ ਕਿ ਅਜੇ ਤੱਕ ਉਹਨਾਂ ਵਿੱਚ ਇਹ ਵੇਖਣਾ ਬਹੁਤ ਔਖਾ ਹੈ ਕਿ ਉਹਨਾਂ ਵਿੱਚ ਕਿਸ ਗੱਲ ਦਾ ਸਬੰਧ ਸੱਚਮੁਚ ਅਸੂਲ ਨਾਲ਼ ਹੈ ਅਤੇ ਕਿਸ ਗੱਲ ਦਾ ਸਬੰਧ ਸੱਚਮੁਚ ਕੁਆਪਸ਼ਨ ਨਾਲ਼। ਪਰ ਜਿਉਂ ਜਿਉਂ ਇਹ ਚੱਲਦਾ ਹੈ ਇਹ ਵਧੇਰੇ ਭੈੜਾ ਹੁੰਦਾ ਜਾਂਦਾ ਹੈ: ਇਸ ਘ੍ਰਿਣਤ "ਨੌਕਰਸ਼ਾਹੀ" ਦਾ ਵਿਸ਼ਲੇਸ਼ਣ ਕਰਨ ਅਤੇ ਇਹਦੀ ਸ਼ੁੱਧਤਾ ਨਾਲ਼ ਪ੍ਰੀਭਾਸ਼ਾ ਕਰਨ ਦੇ ਯਤਨਾਂ ਦਾ ਅਟੱਲ ਸਿੱਟਾ ਖ਼ੁਦ-ਅਖ਼ਤਿਆਰਵਾਦ ਹੁੰਦਾ ਹੈ; ਉਹਨਾਂ ਦੇ ਨੂੰ "ਗੰਭੀਰਤਾ ਦੇਣ" ਅਤੇ ਇਹਨੂੰ ਹੱਕੀ ਠਹਿਰਾਉਣ ਦੇ ਯਤਨਾਂ ਦਾ ਅਟੱਲ ਸਿੱਟਾ ਪਛੜੇਵੇਂ ਨੂੰ ਹੱਕੀ ਠਹਿਰਾਉਣਾ, ਪੂਛਵਾਦ, ਜਿਰੋਂਦਵਾਦੀ ਫ਼ਿਕਰੇਬਾਜ਼ੀ ਹੁੰਦਾ ਹੈ। ਅੰਤ, ਇੱਕੋ ਇੱਕ ਨਿਸ਼ਚਿਤ ਅਸੂਲ ਵਜੋਂ, **ਅਰਾਜਕਤਾ** ਦਾ ਅਸੂਲ ਉੱਭਰਦਾ ਹੈ, ਜਿਹੜਾ ਇਸ ਕਾਰਨ ਅਮਲ ਵਿੱਚ ਵਿਸ਼ੇਸ਼ ਤੌਰ ਉੱਤੇ ਉੱਭਰ ਕੇ ਸਾਹਮਣੇ ਆਉਂਦਾ ਹੈ (ਅਮਲ ਸਦਾ ਸਿਧਾਂਤ ਤੋਂ ਅੱਗੇ ਹੁੰਦਾ ਹੈ)। ਅਨੁਸ਼ਾਸਨ ਨੂੰ ਟਿਚਕਰਾਂ ਕਰਨੀਆਂ—ਖ਼ੁਦ-ਅਖ਼ਤਿਆਰਵਾਦ—ਅਰਾਜਕਤਾ—ਤੁਸੀਂ ਉਹ ਪੌੜੀ ਵੇਖਦੇ ਹੋ ਜਿਸ ਉੱਤੇ ਜਥੇਬੰਦੀ ਦੇ ਮਾਮਲਿਆਂ ਵਿੱਚ ਸਾਡੀ ਮੌਕਾਪ੍ਰਸਤੀ ਕਦੀ ਉੱਪਰ ਚੜ੍ਹਦੀ ਹੈ ਅਤੇ ਕਦੀ ਹੇਠਾਂ ਉੱਤਰਦੀ ਹੈ, ਡੰਡਿਓ-ਡੰਡੇ ਫੁਦਕਦੀ ਹੋਈ ਅਤੇ ਸੁਯੋਗਤਾ ਨਾਲ਼ ਆਪਣੇ ਅਸੂਲਾਂ ਦੇ ਕਿਸੇ

ਨਿਸ਼ਚਿਤ ਬਿਆਨ ਤੋਂ ਟਾਲਮਟੋਲ ਮਾਰਦੀ ਹੋਈ।* ਪ੍ਰੋਗਰਾਮ ਅਤੇ ਦਾਅ-ਪੇਚਾਂ ਦੇ ਮਾਮਲਿਆਂ ਵਿੱਚ ਵੀ ਮੌਕਾਪ੍ਰਸਤੀ ਨੇ ਐਨ ਇਹੋ ਪੜਾ ਵਿਖਾਏ ਹਨ: "ਪੁਰਾਤਨਤਾਵਾਦ" ਨੂੰ ਟਿਚਕਰਾਂ ਕਰਨੀਆਂ, ਸੌੜ ਅਤੇ ਬੇਹਰਕਤੀ—ਸੋਧਵਾਦੀ "ਪੜਚੋਲ" ਅਤੇ ਮੰਤਰੀਵਾਦ—ਬੁਰਜੂਆ ਜਮਹੂਰੀਅਤ।

ਅਨੁਸ਼ਾਸਨ ਲਈ ਇਸ ਘਿਰਣਾ ਅਤੇ **ਸ਼ਿਕਾਇਤਾਂ** ਦੀ ਤੰਗ ਕਰਨ ਵਾਲ਼ੀ ਸੁਰ ਵਿਚਕਾਰ, ਜਿਹੜੀ ਅੱਜ ਸਾਰੇ ਮੌਕਾਪ੍ਰਸਤਾਂ ਦੀਆਂ ਸਾਰੀਆਂ ਲਿਖਤਾਂ ਵਿੱਚ ਆਮ ਤੌਰ ਉੱਤੇ, ਅਤੇ ਸਾਡੀ ਘੱਟਗਿਣਤੀ ਵਿੱਚ ਖ਼ਾਸ ਤੌਰ ਉੱਤੇ ਵੇਖੀ ਜਾ ਸਕਦੀ ਹੈ, ਇੱਕ ਮਨੋ-ਵਿਗਿਆਨਕ ਸਬੰਧ ਹੈ। ਉਹਨਾਂ ਨੂੰ ਜਿਚ ਕੀਤਾ ਜਾ ਰਿਹਾ ਹੈ, ਸ਼ਿਸ਼ਕਾਰਿਆ ਜਾ ਰਿਹਾ ਹੈ, ਬਾਹਰ ਕੱਢਿਆ ਜਾ ਰਿਹਾ ਹੈ, ਘੇਰੇ ਵਿੱਚ ਲਿਆ ਜਾ ਰਿਹਾ ਹੈ, ਅਤੇ ਡਰਾਇਆ-ਧਮਕਾਇਆ ਜਾ ਰਿਹਾ ਹੈ। ਇਹਨਾਂ ਕਥਨਾਂ ਵਿੱਚ ਉਸ ਨਾਲ਼ੋਂ ਵਧੇਰੇ ਮਨੋ-ਵਿਗਿਆਨਕ

---

* ਜਿਨ੍ਹਾਂ ਨੂੰ ਪਹਿਲੇ ਪੈਰੇ ਸਬੰਧੀ ਬਹਿਸ ਚੇਤੇ ਹੈ ਉਹ ਹੁਣ ਸਪਸ਼ਟ ਤੌਰ ਉੱਤੇ ਵੇਖ ਲੈਣਗੇ ਕਿ ਸਾਥੀ ਮਾਰਤੋਵ ਅਤੇ ਸਾਥੀ ਐਕਸਲਰੋਦ ਨੇ ਪਹਿਲੇ ਪੈਰੇ ਸਬੰਧੀ ਜਿਹੜੀ ਗ਼ਲਤੀ ਕੀਤੀ, ਵਿਕਸਤ ਅਤੇ ਡੂੰਘੀ ਕੀਤੇ ਜਾਣ ਪਿੱਛੋਂ ਉਹਦਾ **ਅਟੱਲ** ਸਿੱਟਾ ਜਥੇਬੰਦੀ ਦੇ ਮਾਮਲਿਆਂ ਵਿੱਚ ਮੌਕਾਪ੍ਰਸਤ ਹੋਣਾ ਸੀ। ਮਾਰਤੋਵ ਦਾ ਬੁਨਿਆਦੀ ਵਿਚਾਰ—ਪਾਰਟੀ ਵਿੱਚ ਸਵੈ-ਭਰਤੀ—ਉਹੋ ਝੂਠੀ "ਜਮਹੂਰੀਅਤ" ਸੀ, ਪਾਰਟੀ ਨੂੰ ਹੇਠੋਂ ਉੱਪਰ ਵੱਲ ਉਸਾਰਨਾ। ਇਹਦੇ ਉਲਟ, ਮੇਰਾ ਵਿਚਾਰ, ਇਹਨਾਂ ਅਰਥਾਂ ਵਿੱਚ "ਨੌਕਰਸ਼ਾਹਾਨਾ" ਸੀ ਕਿ ਪਾਰਟੀ ਨੂੰ ਉਪਰੋਂ ਹੇਠਾਂ ਵੱਲ ਉਸਾਰਿਆ ਜਾਣਾ ਸੀ, ਪਾਰਟੀ ਕਾਂਗਰਸ ਤੋਂ ਵਿਅਕਤੀਗਤ ਪਾਰਟੀ ਜਥੇਬੰਦੀਆਂ ਤੱਕ। ਬੁਰਜੂਆ ਬੁੱਧੀਜੀਵੀ ਮਨੋ-ਭਾਵਨਾ, ਅਰਾਜਕਤਾਵਾਦੀ ਫ਼ਿਕਰੇਬਾਜ਼ੀ, ਅਤੇ ਮੌਕਾਪ੍ਰਸਤੀ, ਪੂਛਵਾਦੀ ਗੰਭੀਰਤਾ ਦੀ ਮਨੋ-ਬਿਰਤੀ ਪਹਿਲੇ ਪੈਰ੍ਹੇ ਉੱਤੇ ਬਹਿਸ ਸਮੇਂ ਪਹਿਲਾਂ ਹੀ ਵਿਖਾਈ ਗਈ ਸੀ। ਆਪਣੀ "ਘੇਰੇ ਦੀ ਹਾਲਤ" (ਪੰਨਾ 20) ਵਿੱਚ ਸਾਥੀ ਮਾਰਤੋਵ ਕਹਿੰਦਾ ਹੈ ਨਵੇਂ "ਇਸਕਰਾ" ਵੱਲੋਂ "ਨਵੇਂ ਵਿਚਾਰ ਤਿਆਰ ਕੀਤੇ ਜਾ ਰਹੇ ਹਨ"। ਇਹ ਇਹਨਾਂ ਅਰਥਾਂ ਵਿੱਚ ਸੱਚ ਹੈ ਕਿ ਉਹ ਅਤੇ ਸਾਥੀ ਐਕਸਲਰੋਦ, ਪਹਿਲੇ ਪੈਰ੍ਹੇ ਨਾਲ਼ ਮੁੱਢ ਬੰਨ੍ਹ ਕੇ ਸੱਚਮੁਚ ਵਿਚਾਰਾਂ ਨੂੰ ਨਵੀਂ ਸੇਧ ਵਿੱਚ ਧੱਕ ਰਹੇ ਹਨ। ਮੁਸੀਬਤ ਸਿਰਫ਼ ਇਹ ਹੈ ਕਿ ਇਹ ਮੌਕਾਪ੍ਰਸਤ ਸੇਧ ਹੈ। ਜਿੰਨਾ ਉਹ **ਇਸ** ਸੇਧ ਵਿੱਚ "ਕੰਮ ਕਰਦੇ ਹਨ", ਅਤੇ ਜਿੰਨਾ ਇਹ ਕੰਮ ਕੁਆਪਸ਼ਨ ਸਬੰਧੀ ਖਹਿਬੜਾਂ ਤੋਂ ਸਾਫ਼ ਕੀਤਾ ਜਾਂਦਾ ਹੈ, ਉਨੇ ਡੂੰਘੇ ਉਹ ਜਿਲ੍ਹਣ ਵਿੱਚ ਫਸ ਜਾਣਗੇ। ਸਾਥੀ ਪਲੈਖ਼ਾਨੋਵ ਨੇ ਇਹ ਗੱਲ ਕਾਂਗਰਸ ਵਿੱਚ ਪਹਿਲਾਂ ਹੀ ਸਪਸ਼ਟ ਤੌਰ ਉੱਤੇ ਵੇਖ ਲਈ ਸੀ ਅਤੇ ਆਪਣੇ ਲੇਖ "ਕੀ ਨਾ ਕੀਤਾ ਜਾਵੇ" ਵਿੱਚ ਉਹਨਾਂ ਨੂੰ ਇੱਕ ਵਾਰ ਫਿਰ ਚੇਤਾਵਨੀ ਦਿੱਤੀ ਸੀ: ਮੈਂ, ਉਹਨੇ ਲਗਭਗ ਕਹਿ ਦਿੱਤਾ, ਤੁਹਾਨੂੰ ਕੁਆਪਟ ਕਰਨ ਤੱਕ ਲਈ ਤਿਆਰ ਹਾਂ, ਕੇਵਲ ਇਸ ਰਾਹ ਉੱਤੇ ਨਾ ਚਲਦੇ ਰਹੋ, ਜਿਹੜਾ ਕੇਵਲ ਮੌਕਾਪ੍ਰਸਤੀ ਅਤੇ ਅਰਾਜਕਤਾ ਤੱਕ ਲਿਜਾ ਸਕਦਾ ਹੈ। ਮਾਰਤੋਵ ਅਤੇ ਐਕਸਲਰੋਦ ਉਸ ਚੰਗੀ ਸਲਾਹ ਉੱਤੇ ਚੱਲਣੋਂ ਇਨਕਾਰੀ ਸਨ: ਕੀ ਕਿਹਾ ? ਇਸ ਰਾਹ ਉੱਤੇ ਚੱਲਦੇ ਨਾ ਰਹੀਏ ? ਲੈਨਿਨ ਨਾਲ਼ ਇਸ ਸਬੰਧੀ ਸਹਿਮਤ ਹੋਵੀਏ ਕਿ ਕੁਆਪਸ਼ਨ ਸਬੰਧੀ ਰੌਲਾ ਖਹਿਬੜਨ ਤੋਂ ਬਿਨਾਂ ਕੁੱਝ ਨਹੀਂ ? ਕਦੀ ਨਹੀਂ ! ਅਸੀਂ ਉਹਨੂੰ ਵਿਖਾ ਦਿਆਂਗੇ ਕਿ ਅਸੀਂ ਅਸੂਲੀ ਬੰਦੇ ਹਾਂ—ਅਤੇ ਉਹਨਾਂ ਵਿਖਾ ਦਿੱਤਾ ਹੈ। ਉਹਨਾਂ ਹਰ ਇੱਕ ਨੂੰ ਸਪਸ਼ਟ ਤੌਰ ਉੱਤੇ ਵਿਖਾ ਦਿੱਤਾ ਹੈ ਕਿ ਜੇ ਉਹਨਾਂ ਦੇ ਕੋਈ ਨਵੇਂ ਅਸੂਲ ਹਨ ਤਾਂ ਉਹ ਮੌਕਾਪ੍ਰਸਤ ਅਸੂਲ ਹਨ।

ਅਤੇ ਸਿਆਸੀ ਸੱਚਾਈ ਹੈ ਜਿੰਨੀ ਸ਼ਾਇਦ ਡਰਾਉਣ-ਧਮਕਾਉਣ ਵਾਲ਼ਿਆਂ ਅਤੇ ਡਰਾਏ-ਧਮਕਾਏ ਜਾਣ ਵਾਲ਼ਿਆਂ ਸਬੰਧੀ ਸੁਖਾਵੇਂ ਅਤੇ ਬਿਲਾਸੀ ਟੋਕ ਘੜਣ ਵਾਲ਼ੇ ਨੇ ਵੀ ਸੋਚੀ ਸੀ।[53] ਤੁਸੀਂ ਬਸ ਪਾਰਟੀ ਕਾਂਗਰਸ ਦੀ ਕਾਰਵਾਈ ਵੇਖੋ ਅਤੇ ਤੁਸੀਂ ਵੇਖੋਗੇ ਕਿ ਘੱਟਗਿਣਤੀ ਉਹ ਸਾਰੇ ਲੋਕ ਹਨ ਜਿਹੜੇ ਨਿਰਾਦਰੀ ਦੀ ਭਾਵਨਾ ਦਾ ਸ਼ਿਕਾਰ ਹਨ, ਜਿਨ੍ਹਾਂ ਨੂੰ ਇੱਕ ਜਾਂ ਦੂਜੇ ਸਮੇਂ, ਇੱਕ ਜਾਂ ਦੂਜੇ ਕਾਰਨ ਇਨਕਲਾਬੀ ਸੋਸ਼ਲ-ਡੈਮੋਕ੍ਰੈਟਾਂ ਨੇ ਗ਼ੁੱਸੇ ਕੀਤਾ। ਇਹ ਬੁੰਦਵਾਦੀ ਅਤੇ "ਰਾਬੋਚੇਏ ਦੇਲੋ"-ਵਾਦੀ ਸਨ, ਜਿਨ੍ਹਾਂ ਨੂੰ ਅਸਾਂ ਇੰਨਾ ਗ਼ੁੱਸੇ ਕੀਤਾ ਕਿ ਉਹ ਕਾਂਗਰਸ ਤੋਂ ਚਲੇ ਗਏ; ਇਹ "ਯੁਜ਼੍ਹਨੀ ਰਾਬੋਚੀ"-ਵਾਦੀ ਸਨ ਜਿਹੜੇ ਆਮ ਤੌਰ ਉੱਤੇ ਜਥੇਬੰਦੀਆਂ ਦੇ ਕਤਲ ਅਤੇ ਖ਼ਾਸ ਤੌਰ ਉੱਤੇ ਆਪਣੀ ਜਥੇਬੰਦੀ ਦੇ ਕਤਲ ਉੱਤੇ ਬਹੁਤ ਜ਼ਿਆਦਾ ਗ਼ੁੱਸੇ ਹੋ ਗਏ; ਇਹ ਸਾਥੀ ਮਾਖੋਵ ਹੈ, ਜਿਹੜਾ ਜਿੰਨੀ ਵਾਰ ਬੋਲਦਾ ਗ਼ੁੱਸੇ ਹੋ ਜਾਂਦਾ (ਕਿਉਂਕਿ ਉਹ ਜਿੰਨੀ ਵਾਰ ਬੋਲਦਾ ਆਪਣਾ ਮੌਜੂ ਬਣਾ ਲੈਂਦਾ); ਅਤੇ, ਅਖ਼ੀਰ ਵਿੱਚ, ਸਾਥੀ ਮਾਰਤੋਵ ਅਤੇ ਸਾਥੀ ਐਕਸਲਰੋਦ ਹਨ, ਜਿਹੜੇ ਨਿਯਮਾਂ ਦੇ ਪਹਿਲੇ ਪੈਰੇ ਸਬੰਧੀ "ਮੌਕਾਪ੍ਰਸਤੀ ਦੇ ਝੂਠੇ ਦੋਸ਼" ਅਤੇ ਚੋਣਾਂ ਵਿੱਚ ਆਪਣੀ ਹਾਰ ਕਾਰਨ ਗ਼ੁੱਸੇ ਹੋ ਗਏ। ਅਤੇ ਇਹ ਬਹੁਤ ਜ਼ਿਆਦਾ ਗ਼ੁੱਸਾ ਵਰਜਿਤ ਮਸ਼ਕਰੀਆਂ, ਅੱਖੜ ਵਤੀਰੇ, ਝਲਿਆਏ ਵਿਵਾਦ, ਬੂਹੇ ਫਟਕਾਉਣ ਜਾਂ ਮੁੱਕੇ ਲਹਿਰਾਉਣ ਕਾਰਨ ਨਾ ਆਇਆ, ਜਿਹਾ ਕਿ ਕਈ ਖੂਹ-ਦੇ-ਡੱਡੂ ਅਜੇ ਤੱਕ ਕਲਪਨਾ ਕਰਦੇ ਹਨ ਸਗੋਂ ਇਹ "ਇਸਕਰਾ" ਦੇ ਤਿੰਨ ਵਰ੍ਹਿਆਂ ਦੇ ਵਿਚਾਰਧਾਰਕ ਕੰਮ ਦਾ ਅਟੱਲ ਸਿੱਟਾ ਸੀ। ਜੇ ਇਹਨਾਂ ਤਿੰਨਾਂ ਵਰ੍ਹਿਆਂ ਵਿੱਚ ਅਸੀਂ ਸਿਰਫ਼ ਲੁਤਰ-ਲੁਤਰ ਹੀ ਨਹੀਂ ਕਰਦੇ ਰਹੇ, ਸਗੋਂ ਉਹਨਾਂ ਵਿਚਾਰਾਂ ਨੂੰ ਪ੍ਰਗਟ ਕਰਦੇ ਹਾਂ ਜਿਨ੍ਹਾਂ ਨੂੰ ਅਮਲ ਵਿੱਚ ਲਿਆਇਆ ਜਾਣਾ ਸੀ, ਤਾਂ "ਇਸਕਰਾ"-ਵਿਰੋਧੀਆਂ ਅਤੇ "ਜਿਲ੍ਹਣ" ਨਾਲ਼ ਲੜਨ ਤੋਂ ਬਿਨਾਂ ਸਾਡੇ ਕੋਲ ਕੋਈ ਚਾਰਾ ਨਹੀਂ ਸੀ। ਅਤੇ ਜਦੋਂ, ਸਾਥੀ ਮਾਰਤੋਵ ਨਾਲ਼ ਰਲਕੇ, ਜਿਸਨੇ ਸੰਜੋਅ ਵਿੱਚੋਂ ਮੂੰਹ ਨੰਗਾ ਕਰਕੇ ਪਹਿਲੀ ਸਫ਼ ਵਿੱਚ ਲੜਾਈ ਲੜੀ ਸੀ, ਅਸਾਂ ਇੰਨੇ ਸਾਰੇ ਲੋਕਾਂ ਨੂੰ ਗ਼ੁੱਸੇ ਕਰ ਲਿਆ, ਅਸਾਂ ਪਿਆਲਾ ਛਲਕ ਜਾਣ ਲਈ ਸਾਥੀ ਐਕਸਲਰੋਦ ਅਤੇ ਮਾਰਤੋਵ ਨੂੰ ਬਸ ਥੋੜ੍ਹਾ ਜਿਹਾ ਹੀ ਤੰਗ ਕਰਨਾ ਸੀ। ਮਾਤਰਾ ਸਿਫ਼ਤ ਵਿੱਚ ਤਬਦੀਲ ਹੋ ਗਈ। ਨਿਖੇਧ ਦਾ ਨਿਖੇਧ ਹੋ ਗਿਆ। ਸਾਰੇ ਗ਼ੁੱਸੇ ਹੋਏ ਆਪੋ ਆਪਣੀਆਂ ਇੱਕ ਦੂਜੇ 'ਤੇ ਪਾਈਆਂ ਲਾਸਾਂ ਭੁੱਲ ਗਏ, ਡੁਸਕਦੇ ਹੋਏ ਇੱਕ ਦੂਜੇ ਦੀਆਂ ਬਾਹਾਂ ਵਿੱਚ ਡਿੱਗ ਪਏ ਅਤੇ "ਲੈਨਿਨਵਾਦ ਵਿਰੁੱਧ ਬਗ਼ਾਵਤ"* ਦਾ ਝੰਡਾ ਖੜਾ ਕੀਤਾ।

ਜਦੋਂ ਅਗਾਂਹਵਧੂ ਅੰਸ਼ ਪਿੱਛੇਖਿਚੂ ਅੰਸ਼ਾਂ ਵਿਰੁੱਧ ਬਗ਼ਾਵਤ ਕਰਦੇ ਹਨ ਤਾਂ ਬਗ਼ਾਵਤ ਇੱਕ ਸ਼ਾਨਦਾਰ ਗੱਲ ਹੈ। ਜਦੋਂ ਇਨਕਲਾਬੀ ਪੱਖ ਮੌਕਾਪ੍ਰਸਤੀ ਪੱਖ ਵਿਰੁੱਧ

---

* ਇਹ ਹੈਰਾਨ ਕਰਨ ਵਾਲ਼ੇ ਸ਼ਬਦ ਮਾਰਤੋਵ ਦੇ ਹਨ ("ਘੇਰੇ ਦੀ ਹਾਲਤ", ਪੰਨਾ 68)। ਸਾਥੀ ਮਾਰਤੋਵ ਨੇ ਮੇਰੇ ਇਕੱਲੇ ਵਿਰੁੱਧ "ਬਗ਼ਾਵਤ" ਖੜੀ ਕਰਨ ਤੋਂ ਪਹਿਲਾਂ ਉਸ ਸਮੇਂ ਤੱਕ ਉਡੀਕਿਆ ਜਦੋਂ ਉਹ ਮੇਰੇ ਇੱਕ ਦੇ ਮੁਕਾਬਲੇ ਉੱਤੇ ਪੰਜ ਹੋ ਗਏ ਹਨ। ਸਾਥੀ ਮਾਰਤੋਵ ਅਨਾੜੀ ਢੰਗ ਨਾਲ਼ ਦਲੀਲ ਦੇਂਦਾ ਹੈ: ਉਹ ਉਹਦੀ ਵੱਧ ਤੋਂ ਵੱਧ ਸ਼ਲਾਘਾ ਕਰਕੇ ਆਪਣੇ ਵਿਰੋਧੀ ਨੂੰ ਤਬਾਹ ਕਰਨਾ ਚਾਹੁੰਦਾ ਹੈ।

ਬਗ਼ਾਵਤ ਕਰਦਾ ਹੈ ਤਾਂ ਇਹ ਚੰਗੀ ਗੱਲ ਹੈ। ਜਦੋਂ ਮੌਕਾਪ੍ਰਸਤੀ ਪੱਖ ਇਨਕਲਾਬੀ ਪੱਖ ਵਿਰੁੱਧ ਬਗ਼ਾਵਤ ਕਰਦਾ ਹੈ ਤਾਂ ਇਹ ਮਾੜਾ ਮਾਮਲਾ ਹੈ।

ਸਾਥੀ ਪਲੈਖ਼ਾਨੋਵ, ਇੱਕ ਤਰ੍ਹਾਂ ਜੰਗੀ ਕੈਦੀ ਦੀ ਹੈਸੀਅਤ ਵਿੱਚ ਇਸ ਮਾੜੇ ਮਾਮਲੇ ਵਿੱਚ ਹਿੱਸਾ ਲੈਣ ਉੱਤੇ ਮਜਬੂਰ ਹੈ। ਉਹ "ਬਹੁਗਿਣਤੀ" ਦੇ ਕਿਸੇ ਹਾਮੀ ਵਲੋਂ ਤਿਆਰ ਕੀਤੇ ਕਿਸੇ ਪ੍ਰਸਤਾਵ ਵਿੱਚੋਂ ਕੁੱਝ ਵਿਕੋਲਤ੍ਰੇ ਅਵੱਲੇ ਵਾਕੰਸ਼ ਚੁਣ ਕੇ ਅਤੇ ਇਹ ਕੂਕ ਕੇ: "ਵਿਚਾਰਾ ਸਾਥੀ ਲੈਨਿਨ! ਉਹਦੇ ਪੁਰਤਾਨਤਾਵਾਦੀ ਹਾਮੀਆਂ ਦਾ ਸੁਹਣਾ ਜੁੱਟ ਹੈ!" ("ਇਸਕਰਾ", ਅੰਕ 63, ਜ਼ਮੀਮਾ) ਆਪਣੇ "ਦਿਲ ਦੀ ਭੜਾਸ" ਕੱਢਣ ਦਾ ਯਤਨ ਕਰਦਾ ਹੈ।

ਚੰਗਾ, ਸਾਥੀ ਪਲੈਖ਼ਾਨੋਵ, ਮੈਂ ਤਾਂ ਇੰਨਾ ਹੀ ਕਹਿ ਸਕਦਾ ਹਾਂ ਕਿ ਜੇ ਮੈਂ ਵਿਚਾਰਾ ਹਾਂ ਤਾਂ ਨਵੇਂ "ਇਸਕਰਾ" ਦੇ ਸੰਪਾਦਕ ਤਾਂ ਖ਼ਾਲਸ ਭਿਖਮੰਗੇ ਹਨ। ਮੈਂ ਕਿੰਨਾ ਵਿਚਾਰਾ ਕਿਉਂ ਨਾ ਹੋਵਾਂ, ਮੈਂ ਅਜੇ ਉਸ ਨਿਪਟ ਕੰਗਾਲੀ ਦੀ ਹੱਦ ਤੱਕ ਨਹੀਂ ਅੱਪੜਿਆ ਕਿ ਪਾਰਟੀ ਕਾਂਗਰਸ ਵੱਲ ਅੱਖਾਂ ਬੰਦ ਕਰ ਲਵਾਂ ਅਤੇ ਆਪਣੀ ਅਕਲ ਵਰਤਣ ਲਈ ਕਮੇਟੀਆਂ ਦੇ ਮੈਂਬਰਾਂ ਦੇ ਪ੍ਰਸਤਾਵਾਂ ਵਿੱਚ ਸ਼ਬਦ ਲੱਭਾਂ। ਮੈਂ ਕਿੰਨਾ ਵਿਚਾਰਾ ਕਿਉਂ ਨਾ ਹੋਵਾਂ, ਮੈਂ ਉਹਨਾਂ ਨਾਲ਼ੋਂ ਹਜ਼ਾਰ ਗੁਣਾ ਚੰਗੀ ਹਾਲਤ ਵਿੱਚ ਹਾਂ, ਜਿਨ੍ਹਾਂ ਦੇ ਹਾਮੀ ਕੋਈ ਅਵੱਲਾ ਵਾਕੰਸ਼ ਸਬੱਬੀ ਤੌਰ ਉੱਤੇ ਨਹੀਂ ਕਹਿੰਦੇ ਸਗੋਂ ਹਰ ਮਸਲੇ ਸਬੰਧੀ—ਭਾਵੇਂ ਜਥੇਬੰਦੀ ਦਾ, ਦਾਅ-ਪੇਚਾਂ, ਜਾਂ ਪ੍ਰੋਗਰਾਮ ਦਾ—ਅੜੀ ਅਤੇ ਜ਼ਿੱਦ ਨਾਲ਼ ਅਜਿਹੇ ਨਿਯਮਾਂ ਨੂੰ ਚੰਬੜੇ ਰਹਿੰਦੇ ਹਨ ਜਿਹੜੇ ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਦੇ ਉੱਕਾ ਉਲਟ ਹਨ। ਮੈਂ ਕਿੰਨਾ ਵਿਚਾਰਾ ਕਿਉਂ ਨਾ ਹੋਵਾਂ ਮੈਂ ਉਸ ਪੜਾਅ ਉੱਤੇ ਨਹੀਂ ਅੱਪੜਿਆ ਜਿਥੇ ਅਜਿਹੇ ਹਾਮੀਆਂ ਵੱਲੋਂ ਆਪਣੀ ਸ਼ਲਾਘਾ ਵਿੱਚ ਵਹਾਏ ਵਲਟੋਹੇ (ਪ੍ਰਸ਼ੰਸਾ ਦੇ ਅੰਬਾਰ) **ਜਨਤਾ ਤੋਂ ਛੁਪਾਵਾਂ**। ਅਤੇ ਨਵੇਂ "ਇਸਕਰਾ" ਦੇ ਸੰਪਾਦਕਾਂ ਨੂੰ ਇਹੋ ਕੁੱਝ ਕਰਨਾ ਪੈ ਰਿਹਾ ਹੈ।

ਪਾਠਕ, ਕੀ ਤੁਹਾਨੂੰ ਪਤਾ ਹੈ ਕਿ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਵਰੋਨੇਜ਼੍ਹ ਕਮੇਟੀ ਦਾ ਮਤ ਕੀ ਹੈ? ਜੇ ਨਹੀਂ ਤਾਂ ਪਾਰਟੀ ਕਾਂਗਰਸ ਦੀ ਕਾਰਵਾਈ ਪੜ੍ਹੋ। ਉਸ ਤੋਂ ਤੁਹਾਨੂੰ ਪਤਾ ਲੱਗੇਗਾ ਕਿ ਵਰੋਨੇਜ਼੍ਹ ਕਮੇਟੀ ਦਾ ਮਤ ਸਾਥੀ ਅਕੀਮੋਵ ਅਤੇ ਬਰੂਕੇਰੇ ਨੇ ਪੂਰੀ ਤਰ੍ਹਾਂ ਪ੍ਰਗਟ ਕੀਤਾ, ਜਿਨ੍ਹਾਂ ਪਾਰਟੀ ਕਾਂਗਰਸ ਵਿੱਚ ਪਾਰਟੀ ਦੇ ਇਨਕਲਾਬੀ ਪੱਖ ਦਾ ਤੋੜ ਤੱਕ ਵਿਰੋਧ ਕੀਤਾ, ਅਤੇ ਜਿਨ੍ਹਾਂ ਨੂੰ ਹਰ ਇੱਕ, ਸਾਥੀ ਪਲੈਖ਼ਾਨੋਵ ਤੋਂ ਲੈਕੇ ਸਾਥੀ ਪੋਪੋਵ ਤੱਕ, ਨੇ ਮੌਕਾਪ੍ਰਸਤ ਕਿਹਾ। ਸੋ, ਇਹ ਵਰੋਨੇਜ਼੍ਹ ਕਮੇਟੀ ਆਪਣੇ ਜਨਵਰੀ ਦੇ ਇਸ਼ਤਿਹਾਰ ਵਿੱਚ (ਅੰਕ 12, ਜਨਵਰੀ 1904) ਵਿੱਚ ਹੇਠ ਲਿਖੀ ਗੱਲ ਕਹਿੰਦੀ ਹੈ:

> "ਸਾਡੀ ਲਗਾਤਾਰ ਵਧ ਰਹੀ ਪਾਰਟੀ ਦੇ ਜੀਵਨ ਵਿੱਚ ਪਿਛਲੇ ਵਰ੍ਹੇ ਇੱਕ ਮਹਾਨ ਅਤੇ ਮਹੱਤਵਪੂਰਨ ਘਟਨਾ ਵਾਪਰੀ: ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ, ਇਹਦੀਆਂ ਜਥੇਬੰਦੀਆਂ ਦੇ ਪ੍ਰਤੀਨਿਧਾਂ ਦੀ ਕਾਂਗਰਸ। ਪਾਰਟੀ ਕਾਂਗਰਸ ਸੱਦਣਾ ਇੱਕ ਬੜਾ ਗੁੰਝਲਦਾਰ ਮਾਮਲਾ ਹੈ ਅਤੇ ਵਿਦਮਾਨ ਬਾਦਸ਼ਾਹੀ ਹਕੂਮਤ ਅਧੀਨ ਬੜਾ ਖ਼ਤਰਕਨਾਕ ਅਤੇ ਔਖਾ। ਇਸ ਲਈ ਇਹ

ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਇਹ ਅਜਿਹੇ ਢੰਗ ਨਾਲ਼ ਕੀਤਾ ਗਿਆ ਜਿਹੜਾ **ਨਿਪੁੰਨ ਤਾਂ ਉੱਕਾ ਹੀ ਨਹੀਂ** ਸੀ, ਅਤੇ ਖ਼ੁਦ ਕਾਂਗਰਸ, ਭਾਵੇਂ ਇਹ ਕਿਸੇ ਵੱਡੀ ਦੁਰਘਟਨਾ ਤੋਂ ਬਿਨਾਂ ਲੰਘ ਗਈ, ਸਮੁੱਚੀ ਪਾਰਟੀ ਦੀਆਂ ਆਸਾਂ ਉੱਤੇ ਪੂਰੀ ਨਾ ਉੱਤਰੀ। ਉਹ ਸਾਥੀ ਜਿਨ੍ਹਾਂ ਨੂੰ 1902 ਦੀ ਕਾਨਫ਼ਰੰਸ ਨੇ ਕਾਂਗਰਸ ਬੁਲਾਉਣ ਦੀ ਜ਼ਿੰਮੇਵਾਰੀ ਦਿੱਤੀ ਸੀ, ਗ੍ਰਿਫ਼ਤਾਰ ਹੋ ਗਏ ਸਨ, ਅਤੇ **ਕਾਂਗਰਸ ਉਹਨਾਂ ਲੋਕਾਂ ਨੇ ਬੁਲਾਈ ਜਿਹੜੇ ਰੂਸੀ ਸੋਸ਼ਲ-ਡੈਮੋਕ੍ਰੇਸੀ ਵਿੱਚ ਕੇਵਲ ਇੱਕ ਮੁਹਾਣ ਦੀ ਪ੍ਰਤੀਨਿਧਤਾ ਕਰਦੇ ਸਨ, ਅਰਥਾਤ, 'ਇਸਕਰਾ'-ਵਾਦੀਆਂ ਨੇ।** ਸੋਸ਼ਲ-ਡੈਮੋਕ੍ਰੈਟਾਂ ਦੀਆਂ **ਬਹੁਤ ਸਾਰੀਆਂ** ਜਥੇਬੰਦੀਆਂ ਨੂੰ, ਜਿਹੜੀਆਂ 'ਇਸਕਰਾ'-ਵਾਦੀ ਨਹੀਂ ਸਨ, ਕਾਂਗਰਸ ਦੇ ਕੰਮ ਵਿੱਚ ਹਿੱਸਾ ਲੈਣ ਦਾ ਸੱਦਾ ਨਾ ਦਿੱਤਾ ਗਿਆ; **ਅੰਸ਼ਕ ਤੌਰ ਉੱਤੇ ਇਸ ਕਾਰਨ** ਇੱਕ **ਪ੍ਰੋਗਰਾਮ ਅਤੇ ਨਿਯਮ** ਤਿਆਰ ਕਰਨ ਦਾ ਕੰਮ ਕਾਂਗਰਸ ਵਿੱਚ **ਬੜੇ ਨੁਕਸਦਾਰ ਢੰਗ ਨਾਲ਼** ਕੀਤਾ ਗਿਆ; ਡੈਲੀਗੇਟ ਆਪ ਮੰਨਦੇ ਹਨ ਕਿ ਨਿਯਮਾਂ ਵਿੱਚ ਮਹੱਤਵਪੂਰਨ ਨੁਕਸ ਹਨ 'ਜਿਨ੍ਹਾਂ ਦਾ ਸਿੱਟਾ ਖ਼ਤਰਨਾਕ ਭੁਲੇਖਾ ਹੋ ਸਕਦਾ ਹੈ'। ਆਪ 'ਇਸਕਰਾ'-ਵਾਦੀਆਂ ਵਿੱਚ ਕਾਂਗਰਸ ਦੌਰਾਨ ਫੁੱਟ ਪੈ ਗਈ, ਅਤੇ ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦੇ ਕਈ ਉੱਘੇ ਮੈਂਬਰ, ਜਿਹੜੇ ਪਹਿਲਾਂ 'ਇਸਕਰਾ' ਦੇ ਅਮਲ ਦੇ ਪ੍ਰੋਗਰਾਮ ਨਾਲ਼ ਪੂਰੀ ਤਰ੍ਹਾਂ ਸਹਿਮਤ ਜਾਪਦੇ ਸਨ, ਇਹ ਸਮਝ ਗਏ ਕਿ ਇਹਦੇ ਕਈ ਵਿਚਾਰ, ਜਿਹੜੇ **ਮੁੱਖ ਤੌਰ ਉੱਤੇ ਲੈਨਿਨ ਅਤੇ ਪਲੈਖ਼ਾਨੋਵ ਨੇ** ਪੇਸ਼ ਕੀਤੇ ਹਨ, ਅਜਿਹੇ ਹਨ ਜਿਨ੍ਹਾਂ ਉੱਤੇ ਅਮਲ ਨਹੀਂ ਕੀਤਾ ਜਾ ਸਕਦਾ। ਭਾਵੇਂ ਇਹਨਾਂ ਪਿਛਲਿਆਂ ਦਾ ਹੱਥ ਕਾਂਗਰਸ ਵਿੱਚ ਉੱਪਰ ਹੋ ਗਿਆ, ਪਰ ਅਸਲ ਜੀਵਨ ਦੀ ਨਬਜ਼ ਅਤੇ ਅਮਲੀ ਕੰਮ, ਜਿਸ ਵਿੱਚ ਸਾਰੇ ਗ਼ੈਰ-'ਇਸਕਰਾ'-ਵਾਦੀ ਹਿੱਸਾ ਲੈ ਰਹੇ ਹਨ, ਸਿਧਾਂਤਕਾਰਾਂ ਦੀਆਂ ਗ਼ਲਤੀਆਂ ਬੜੀ ਤੇਜ਼ੀ ਨਾਲ਼ ਠੀਕ ਕਰ ਰਹੇ ਹਨ, ਅਤੇ ਉਹਨਾਂ, ਕਾਂਗਰਸ ਤੋਂ ਪਿੱਛੋਂ ਪਹਿਲਾਂ ਹੀ ਮਹੱਤਵਪੂਰਨ ਤਬਦੀਲੀਆਂ ਦਾਖ਼ਲ ਕੀਤੀਆਂ ਹਨ। **'ਇਸਕਰਾ' ਬਹੁਤ ਤਬਦੀਲ ਹੋ ਗਿਆ ਹੈ ਅਤੇ ਇਸ ਗੱਲ ਦੀ ਆਸ ਦਿਵਾਉਂਦਾ ਹੈ** ਕਿ ਉਹ ਆਮ ਤੌਰ ਉੱਤੇ ਸੋਸ਼ਲ-ਡੈਮੋਕ੍ਰੈਟਿਕ ਲਹਿਰ ਦੇ ਸਾਰੇ ਕਾਰਕੁਨਾਂ ਦੀਆਂ ਮੰਗਾਂ ਵੱਲ ਧਿਆਨ ਦੇਵੇਗਾ। ਇਉਂ, ਭਾਵੇਂ **ਕਾਂਗਰਸ ਦੇ ਸਿੱਟਿਆਂ ਵਿੱਚ** ਅਗਲੀ ਕਾਂਗਰਸ ਵਿੱਚ **ਸੋਧ ਕਰਨੀ ਪਵੇਗੀ** ਅਤੇ, ਜਿਹਾ ਕਿ ਖ਼ੁਦ ਡੈਲੀਗੇਟਾਂ ਲਈ ਸਪੱਸ਼ਟ ਹੈ, ਇਹ ਅਸੰਤੋਖ਼ਜਨਕ ਹਨ ਅਤੇ **ਇਸ ਲਈ ਪਾਰਟੀ ਇਹਨਾਂ ਨੂੰ ਨਿਰਵਿਵਾਦ ਨਿਰਣਿਆਂ ਵਜੋਂ ਕਬੂਲ ਨਹੀਂ ਕਰ ਸਕਦੀ,** ਕਾਂਗਰਸ ਨੇ ਪਾਰਟੀ ਵਿੱਚ ਪ੍ਰਸਥਿਤੀ ਨੂੰ ਸਪੱਸ਼ਟ ਕੀਤਾ, ਪਾਰਟੀ ਦੀ ਹੋਰ ਸਿਧਾਂਤਕ ਅਤੇ ਜਥੇਬੰਦਕ ਸਰਗਰਮੀ ਲਈ ਚੋਖੀ ਸਮੱਗਰੀ ਦਿੱਤੀ, ਅਤੇ ਸਮੁੱਚੇ ਤੌਰ ਉੱਤੇ ਪਾਰਟੀ ਦੇ ਕੰਮ ਲਈ ਅਥਾਹ ਸਿੱਖਿਆਦਾਇਕ ਮਹੱਤਤਾ ਦਾ ਇੱਕ ਸਬਕ ਸੀ। ਸਾਰੀਆਂ ਜਥੇਬੰਦੀਆਂ ਪਾਰਟੀ ਦੇ ਨਿਰਣਿਆਂ ਅਤੇ ਨਿਯਮਾਂ ਨੂੰ ਜਿਹੜੇ ਇਹਨੇ

ਉਲੀਕੇ **ਮੁੱਖ ਰੱਖਣਗੀਆਂ**, ਪਰ ਉਹਨਾਂ ਦੀਆਂ ਪ੍ਰੱਤਖ ਊਣਤਾਈਆਂ ਨੂੰ **ਮੁੱਖ ਰੱਖਦੇ ਹੋਏ**, ਬਹੁਤ ਸਾਰੀਆਂ **ਮੁਕੰਮਲ ਤੌਰ ਉੱਤੇ ਉਹਨਾਂ ਤੋਂ ਅਗਵਾਈ ਲੈਣ ਤੋਂ ਸੰਕੋਚ ਕਰਨਗੀਆਂ।**

"ਸਮੁੱਚੇ ਤੌਰ ਉੱਤੇ ਪਾਰਟੀ ਦੇ ਕੰਮ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਅਨੁਭਵ ਕਰਦੇ ਹੋਏ ਵਰੋਨੇਜ਼ ਨੇ ਕਾਂਗਰਸ ਦੀ ਜਥੇਬੰਦੀ ਸਬੰਧੀ ਸਾਰੇ ਮਾਮਲਿਆਂ ਦਾ ਸਰਗਰਮੀ ਨਾਲ਼ **ਹੁੰਗਾਰਾ ਭਰਿਆ।** ਉਹ ਜੋ ਕੁੱਝ ਕਾਂਗਰਸ ਵਿੱਚ ਵਾਪਰਿਆ ਉਹਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਅਨੁਭਵ ਕਰਦੀ ਹੈ ਅਤੇ **ਉਸ ਤਬਦੀਲੀ ਦਾ ਸੁਆਗਤ ਕਰਦੀ ਹੈ ਜਿਹੜੀ 'ਇਸਕਰਾ' ਵਿੱਚ ਆਈ ਹੈ**, ਜਿਹੜਾ ਕੇਂਦਰੀ ਬੁਲਾਰਾ (ਮੁੱਖ ਅਖ਼ਬਾਰ) ਬਣ ਗਿਆ ਹੈ।

ਭਾਵੇਂ ਪਾਰਟੀ ਅਤੇ ਕੇਂਦਰੀ ਕਮੇਟੀ ਵਿੱਚ ਹਾਲਤ **ਅਜੇ ਤੱਕ** ਸਾਡੀ ਤਸੱਲੀ ਨਹੀਂ ਕਰਦੀ, ਸਾਨੂੰ ਨਿਸ਼ਚਾ ਹੈ ਕਿ ਸਾਂਝੇ ਯਤਨਾਂ ਰਾਹੀਂ ਪਾਰਟੀ ਨੂੰ ਜਥੇਬੰਦ ਕਰਨ ਦਾ ਔਖਾ ਕੰਮ ਨੇਪਰੇ ਚਾੜ੍ਹਿਆ ਜਾਵੇਗਾ। ਝੂਠੀਆਂ ਅਫ਼ਵਾਹਾਂ ਨੂੰ ਮੁੱਖ ਰੱਖਦੇ ਹੋਏ ਵਰੋਨੇਜ਼ ਕਮੇਟੀ ਸਾਥੀਆਂ ਨੂੰ ਸੂਚਿਤ ਕਰਦੀ ਹੈ ਕਿ ਵਰੋਨੇਜ਼ ਕਮੇਟੀ ਦੇ ਪਾਰਟੀ ਨੂੰ ਛੱਡ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਵਰੋਨੇਜ਼ ਕਮੇਟੀ ਨੂੰ ਪੂਰੀ ਸੋਝੀ ਹੈ ਕਿ ਵਰੋਨੇਜ਼ ਕਮੇਟੀ ਜਿਹੀ ਕਿਰਤੀਆਂ ਦੀ ਜਥੇਬੰਦੀ ਦੇ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਨੂੰ ਛੱਡ ਜਾਣ ਨਾਲ਼ ਕਿੰਨੀ ਖ਼ਤਰਨਾਕ ਪਿਰਤ ਸਥਾਪਤ ਹੋਵੇਗੀ, **ਪਾਰਟੀ ਲਈ ਇਹ ਕਿਹੋ ਜਿਹਾ ਮਿਹਣਾ ਹੋਵੇਗਾ**, ਅਤੇ ਕਿਰਤੀਆਂ ਦੀਆਂ ਜਿਹੜੀਆਂ ਜਥੇਬੰਦੀਆਂ ਦੇ ਇਹਦੀ ਉਦਾਹਰਣ ਉੱਤੇ ਚੱਲਣ ਦੀ ਸੰਭਾਵਨਾ ਹੈ, ਉਹਨਾਂ ਲਈ ਇਹ ਕਿੰਨਾ ਹਾਨੀਕਾਰਕ ਹੋਵੇਗਾ। ਇਹ ਲਾਜ਼ਮੀ ਹੈ ਕਿ ਅਸੀਂ ਹੋਰ ਫੁੱਟਾਂ ਪੈਦਾ ਨਾ ਕਰੀਏ, ਸਗੋਂ ਸਾਰੇ ਜਮਾਤੀ-ਚੇਤੰਨ ਕਿਰਤੀਆਂ ਅਤੇ ਸਮਾਜਵਾਦੀਆਂ ਨੂੰ ਇੱਕ ਪਾਰਟੀ ਵਿੱਚ ਜਥੇਬੰਦ ਕਰੀਏ। ਨਾਲ਼, ਦੂਜੀ ਕਾਂਗਰਸ ਸਥਾਪਤੀ ਕਾਂਗਰਸ ਨਹੀਂ ਸੀ, ਸਗੋਂ ਸਧਾਰਨ ਕਾਂਗਰਸ ਸੀ। ਪਾਰਟੀ ਵਿੱਚੋਂ ਕੱਢਣ ਦਾ ਨਿਰਣਾ ਕੇਵਲ ਇੱਕ ਪਾਰਟੀ ਅਦਾਲਤ ਹੀ ਕਰ ਸਕਦੀ ਹੈ, ਅਤੇ ਕਿਸ ਜਥੇਬੰਦੀ ਨੂੰ, ਕੇਂਦਰੀ ਕਮੇਟੀ ਨੂੰ ਵੀ, ਕਿਸੇ ਦੂਸਰੀ ਸੋਸ਼ਲ-ਡੈਮੋਕ੍ਰੈਟਕ ਜਥੇਬੰਦੀ ਨੂੰ ਪਾਰਟੀ ਵਿੱਚੋਂ ਕੱਢਣ ਦਾ ਅਖ਼ਤਿਆਰ ਨਹੀਂ। ਇਸ ਤੋਂ ਬਿਨਾਂ, ਦੂਜੀ ਕਾਂਗਰਸ ਵੱਲੋਂ ਪ੍ਰਵਾਨ ਕੀਤੇ ਨਿਯਮਾਂ ਦੇ ਪੈਰੇ ਅੱਠ ਅਨੁਸਾਰ ਹਰ ਜਥੇਬੰਦੀ ਸਥਾਨਕ ਮਾਮਲਿਆਂ ਵਿੱਚ ਖ਼ੁਦ-ਅਖ਼ਤਿਆਰ ਹੈ, ਅਤੇ **ਵਰੋਨੇਜ਼ ਕਮੇਟੀ ਨੂੰ** ਤਦਅਨੁਸਾਰ **ਜਥੇਬੰਦੀ ਸਬੰਧੀ ਆਪਣੇ ਵਿਚਾਰ ਅਮਲ ਵਿੱਚ ਲਿਆਉਣ ਅਤੇ ਪਾਰਟੀ ਵਿੱਚ ਉਹਨਾਂ ਦਾ ਪ੍ਰਚਾਰ ਕਰਨ ਦਾ ਹੱਕ ਹੈ।**"

ਨਵੇਂ "ਇਸਕਰਾ" ਦੇ ਸੰਪਾਦਕਾਂ ਨੇ ਅੰਕ 61 ਵਿੱਚ ਇਸ ਇਸ਼ਤਿਹਾਰ ਵਿੱਚੋਂ ਟੂਕ ਦੇਂਦੇ ਹੋਏ, ਇਸ ਸ਼ਬਦ-ਧਾਵੇ ਦਾ ਦੂਜਾ ਅੱਧ ਨਕਲ ਕੀਤਾ, ਜਿਹੜਾ ਅਸਾਂ ਸਧਾਰਨ ਅੱਖਰਾਂ ਵਿੱਚ ਇਥੇ ਦਿੱਤਾ ਹੈ; ਜਿਥੋਂ ਤੱਕ ਪਹਿਲੇ ਅੱਧ ਦਾ ਸਬੰਧ ਹੈ, ਜਿਹੜਾ ਇਥੇ ਛੋਟੇ

ਅੱਖਰਾਂ ਵਿੱਚ ਛਾਪਿਆ ਗਿਆ ਹੈ, ਸੰਪਾਦਕਾਂ ਨੇ **ਛੱਡ ਦੇਣਾ ਚੰਗੇਰਾ ਸਮਝਿਆ।**

ਉਹਨਾਂ ਨੂੰ ਸ਼ਰਮ ਆਉਂਦੀ ਸੀ।

## ਡ. ਦਵੰਦਵਾਦ ਸਬੰਧੀ ਕੁੱਝ ਸ਼ਬਦ। ਦੋ ਇਨਕਲਾਬ

ਸਾਡੇ ਪਾਰਟੀ ਸੰਕਟ ਦੇ ਵਿਕਾਸ ਉੱਤੇ ਇੱਕ ਆਮ ਝਾਤ ਇੱਕਦਮ ਵਿਖਾ ਦੇਵੇਗੀ ਕਿ, ਛੋਟੀਆਂ ਮੋਟੀਆਂ ਛੋਟਾਂ ਨਾਲ਼ ਦੋ ਵਿਰੋਧੀ ਧਿਰਾਂ ਦੀ ਬਣਤਰ ਸਾਰਾ ਸਮਾਂ ਅਬਦਲ ਰਹੀ। ਇਹ ਸਾਡੀ ਪਾਰਟੀ ਦੇ ਇਕਲਾਬੀ ਪੱਖ ਅਤੇ ਮੌਕਾਪ੍ਰਸਤ ਪੱਖ ਵਿਚਕਾਰ ਘੋਲ਼ ਸੀ। ਪਰ ਇਹ ਘੋਲ਼ ਅਤਿਅੰਤ ਭਿੰਨ ਭਿੰਨ ਪੜਾਆਂ ਵਿੱਚੋਂ ਲੰਘਿਆ, ਅਤੇ ਜੇ ਕੋਈ ਪਹਿਲਾਂ ਹੀ ਇਕੱਠੇ ਹੋ ਚੁੱਕੇ ਸਾਹਿਤ ਦੇ ਸਮੂਹ, ਉਹਨਾਂ ਦੇ ਪ੍ਰਸੰਗ ਨਾਲ਼ੋਂ ਕੱਟੇ ਹੋਏ ਟੋਟਕਿਆਂ, ਵਿਕੋਲਤ੍ਰੇ ਦੋਸ਼ਾਂ, ਇਤਿ-ਆਦਿ ਵਿੱਚ ਰਾਹ ਲੱਭਣਾ ਚਾਹੁੰਦਾ ਹੈ, ਉਹਦੇ ਲਈ ਲਾਜ਼ਮੀ ਹੈ ਕਿ ਉਹ ਇਹਨਾਂ ਪੜਾਆਂ ਵਿੱਚੋਂ ਹਰ ਇੱਕ ਦੀ ਵਿਸ਼ੇਸ਼ਤਾਈਆਂ ਤੋਂ ਆਪਣੇ ਆਪ ਨੂੰ ਜਾਣੂ ਕਰਾਵੇ।

ਆਓ ਅਸੀਂ ਮੁੱਖ ਅਤੇ ਸਪਸ਼ਟ ਤੌਰ ਉੱਤੇ ਨਿਖੜਵੇਂ ਪੜਾਆਂ ਦੀ ਗਿਣਤੀ ਕਰੀਏ: 1) ਨਿਯਮਾਂ ਦੇ ਪਹਿਲੇ ਪੈਰੇ ਸਬੰਧੀ ਵਿਵਾਦ। ਜਥੇਬੰਦੀ ਦੇ ਬੁਨਿਆਦੀ ਨਿਯਮਾਂ ਸਬੰਧੀ ਖ਼ਾਲਸ ਵਿਚਾਰਧਾਰਕ ਘੋਲ਼। ਪਲੈਖ਼ਾਨੋਵ ਅਤੇ ਮੈਂ ਘੱਟਗਿਣਤੀ ਵਿੱਚ ਸਾਂ। ਮਾਰਤੋਵ ਅਤੇ ਐਕਸਲਰੋਦ ਇੱਕ ਮੌਕਾਪ੍ਰਸਤ ਪ੍ਰਸਤਾਵਨਾ ਪੇਸ਼ ਕਰਦੇ ਹਨ ਅਤੇ ਆਪਣੇ ਆਪ ਨੂੰ ਮੌਕਾਪ੍ਰਸਤਾਂ ਦੀਆਂ ਬਾਹਾਂ ਵਿੱਚ ਵੇਖਦੇ ਹਨ। 2) ਕੇਂਦਰੀ ਕਮੇਟੀ ਲਈ ਉਮੀਦਵਾਰਾਂ ਦੀਆਂ ਸੂਚੀਆਂ ਸਬੰਧੀ "ਇਸਕਰਾ" ਜਥੇਬੰਦੀ ਵਿੱਚ ਫੁੱਟ: ਪੰਜਾਂ ਦੀ ਕਮੇਟੀ ਵਿੱਚ ਫ਼ੋਮਿਨ ਜਾਂ ਵਾਸੀਲੀਏਵ, ਤਿੰਨਾਂ ਦੀ ਕਮੇਟੀ ਵਿੱਚ ਤਰਾਤਸਕੀ ਜਾਂ ਤਰਾਵਿਨਸਕੀ। ਪਲੈਖ਼ਾਨੋਵ ਅਤੇ ਮੈਨੂੰ ਬਹੁਗਿਣਤੀ ਪ੍ਰਾਪਤ ਹੋ ਗਈ (ਨੌਂ ਦੇ ਮੁਕਾਬਲੇ ਉੱਤੇ ਸੱਤ), ਅੰਸ਼ਕ ਤੌਰ ਉੱਤੇ ਐਨ ਇਸ ਤੱਥ ਕਾਰਨ ਕਿ ਅਸੀਂ ਪਹਿਲੇ ਪੈਰੇ ਸਬੰਧੀ ਘੱਟਗਿਣਤੀ ਵਿੱਚ ਸਾਂ। ਮੌਕਾਪ੍ਰਸਤਾਂ ਨਾਲ਼ ਮਾਰਤੋਵ ਦੇ ਕੁਲੀਸ਼ਨ ਨੇ ਜਥੇਬੰਦਕ ਕਮੇਟੀ ਦੀ ਘਟਨਾ ਸਬੰਧੀ ਮੇਰੇ ਸਭ ਤੋਂ ਭੈੜੇ ਤੌਖਲਿਆਂ ਦੀ ਤਸਦੀਕ ਕਰ ਦਿੱਤੀ। 3) ਨਿਯਮਾਂ ਦੇ ਵਿਸਥਾਰ ਸਬੰਧੀ ਵਿਵਾਦ ਦਾ ਜਾਰੀ ਰਹਿਣਾ। ਮਾਰਤੋਵ ਨੂੰ ਇੱਕ ਵਾਰ ਫਿਰ ਮੌਕਾਪ੍ਰਸਤਾਂ ਨੇ ਬਚਾਇਆ। ਅਸੀਂ ਇੱਕ ਵਾਰ ਫਿਰ ਘੱਟਗਿਣਤੀ ਵਿੱਚ ਹਾਂ ਅਤੇ ਕੇਂਦਰੀ ਸੰਸਥਾਵਾਂ ਵਿੱਚ ਘੱਟਗਿਣਤੀ ਦੇ ਹੱਕਾਂ ਲਈ ਲੜਦੇ ਹਾਂ। 4) ਸੱਤ ਅਤਿ ਦੇ ਮੌਕਾਪ੍ਰਸਤ ਕਾਂਗਰਸ ਵਿੱਚੋਂ ਚਲੇ ਜਾਂਦੇ ਹਨ। ਅਸੀਂ ਬਹੁਗਿਣਤੀ ਬਣ ਜਾਂਦੇ ਹਾਂ ਅਤੇ ਚੋਣਾਂ ਵਿੱਚ ਕੁਲੀਸ਼ਨ ਨੂੰ ਹਰਾ ਦੇਂਦੇ ਹਾਂ ("ਇਸਕਰਾ"-ਵਾਦੀ ਘੱਟਗਿਣਤੀ, "ਜਿਲ੍ਹਣ" ਅਤੇ "ਇਸਕਰਾ"-ਵਿਰੋਧੀ)। ਮਾਰਤੋਵ ਅਤੇ ਪੋਪੋਵ ਸਾਡੀਆਂ ਤਿੱਕੜੀਆਂ ਵਿੱਚ ਕੰਮ ਕਰਨੋਂ ਇਨਕਾਰੀ ਹਨ। 5) ਕਾਂਗਰਸ ਤੋਂ ਪਿੱਛੋਂ ਕੁਆਪਸ਼ਨ ਸਬੰਧੀ ਖਹਿਬੜਾਂ। ਅਰਾਜਕਤਾਵਾਦੀ ਵਤੀਰੇ ਅਤੇ ਅਰਾਜਕਤਾਵਾਦੀ ਫ਼ਿਕਰੇਬਾਜ਼ੀ ਦੀ ਖ਼ਰਮਸਤੀ। "ਘੱਟਗਿਣਤੀ" ਦੇ ਸਭ ਤੋਂ ਅਸਥਿਰ ਅਤੇ ਦ੍ਰਿੜ੍ਹ ਅੰਸ਼ਾਂ ਦਾ ਹੱਥ ਉੱਚਾ ਹੋ ਜਾਂਦਾ ਹੈ। 6) ਫੁੱਟ ਤੋਂ ਬਚਣ ਲਈ ਪਲੈਖ਼ਾਨੋਵ "ਦਿਆਲਤਾ ਨਾਲ਼ ਮਾਰਨ" ਦੀ ਨੀਤੀ ਅਪਣਾਉਂਦਾ ਹੈ। "ਘੱਟਗਿਣਤੀ" ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਅਤੇ ਪ੍ਰੀਸ਼ਦ ਉੱਤੇ ਕਬਜ਼ਾ ਕਰ ਲੈਂਦੀ ਹੈ ਅਤੇ ਆਪਣੀ ਪੂਰੀ ਤਾਕਤ

ਨਾਲ਼ ਕੇਂਦਰੀ ਕਮੇਟੀ ਉੱਤੇ ਹਮਲਾ ਕਰਦੀ ਹੈ। ਖਹਿਬੜ ਹਰ ਗੱਲ ਵਿੱਚ ਘੁਸਣਾ ਜਾਰੀ ਰੱਖਦੀ ਹੈ। 7) ਕੇਂਦਰੀ ਕਮੇਟੀ ਉੱਤੇ ਪਹਿਲਾ ਹਮਲਾ ਅਸਫ਼ਲ ਬਣਾ ਦਿੱਤਾ ਗਿਆ। ਖਹਿਬੜ ਕੁੱਝ ਦੱਬਦੀ ਜਾ ਰਹੀ ਜਾਪਦੀ ਹੈ। ਇਹ ਸੰਭਵ ਹੋ ਜਾਂਦਾ ਹੈ ਕਿ ਸਾਪੇਖ ਸ਼ਾਂਤੀ ਵਿੱਚ ਦੋ ਖ਼ਾਲਸ ਵਿਚਾਰਧਾਰਕ ਸਵਾਲਾਂ ਉੱਤੇ ਵਿਚਾਰ ਕੀਤੀ ਜਾਵੇ ਜਿਹੜੇ ਪਾਰਟੀ ਨੂੰ ਉਤੇਜਤ ਕਰ ਰਹੇ ਹਨ: ੳ) ਦੂਜੀ ਕਾਂਗਰਸ ਵਿੱਚ ਹੋਈ ਅਤੇ ਪਹਿਲੀਆਂ ਦੀਆਂ ਸਾਰੀਆਂ ਵੰਡਾਂ ਉੱਤੇ ਭਾਰੂ ਸਾਡੀ ਪਾਰਟੀ ਦੀ "ਬਹੁਗਿਣਤੀ" ਅਤੇ "ਘੱਟਗਿਣਤੀ" ਵਿੱਚ ਵੰਡ ਦੀ ਸਿਆਸੀ ਮਹੱਤਤਾ ਅਤੇ ਵਿਆਖਿਆ ਕੀ ਹੈ ? ਅ) ਜਥੇਬੰਦੀ ਦੇ ਸਵਾਲ ਉੱਤੇ ਅਸੂਲੀ ਤੌਰ ਉੱਤੇ ਨਵੇਂ "ਇਸਕਰਾ" ਦੇ ਦ੍ਰਿਸ਼ਟੀਕੋਣ ਦੀ ਮਹੱਤਤਾ ਕੀ ਹੈ ?

ਇਹਨਾਂ ਵਿੱਚੋਂ ਸਾਰੇ ਪੜਾਆਂ ਉੱਤੇ ਘੋਲ਼ ਦੀਆਂ ਹਾਲਤਾਂ ਅਤੇ ਹਮਲੇ ਦਾ ਫ਼ੌਰੀ ਨਿਸ਼ਾਨਾ ਸਥੂਲ ਤੌਰ ਉੱਤੇ ਵੱਖਰੇ ਹਨ: ਹਰ ਪੜਾਅ, ਕਿਹਾ ਜਾ ਸਕਦਾ ਹੈ, ਇੱਕ ਆਮ ਫ਼ੌਜੀ ਮੁਹਿੰਮ ਵਿੱਚ ਇੱਕ ਵੱਖਰੀ ਲੜਾਈ ਹੈ। ਜਿੰਨਾ ਚਿਰ ਹਰ ਲੜਾਈ ਦੀਆਂ ਨਿਸ਼ਚਿਤ ਹਾਲਤਾਂ ਦਾ ਅਧਿਐਨ ਨਾ ਕੀਤਾ ਜਾਵੇ, ਸਾਡੇ ਘੋਲ਼ ਨੂੰ ਸਮਝਿਆ ਨਹੀਂ ਜਾ ਸਕਦਾ। ਪਰ ਜਦੋਂ ਇੱਕ ਵਾਰ ਅਜਿਹਾ ਕੀਤਾ ਜਾਵੇ, ਅਸੀਂ ਸਪਸ਼ਟ ਤੌਰ ਉੱਤੇ ਵੇਖਦੇ ਹਾਂ ਕਿ ਵਿਕਾਸ ਸੱਚਮੁਚ ਦਵੰਦਵਾਦੀ ਢੰਗ ਨਾਲ਼, ਵਿਰੋਧਾਂ ਰਾਹੀਂ ਹੁੰਦਾ ਹੈ: ਘੱਟਗਿਣਤੀ ਬਹੁਗਿਣਤੀ ਬਣ ਜਾਂਦੀ ਹੈ ਅਤੇ ਬਹੁਗਿਣਤੀ ਘੱਟਗਿਣਤੀ ਬਣ ਜਾਂਦੀ ਹੈ; ਹਰ ਧਿਰ ਰੱਖਿਆ ਤੋਂ ਹਮਲੇ ਵੱਲ ਜਾਂਦੀ ਹੈ, ਅਤੇ ਹਮਲੇ ਤੋਂ ਰੱਖਿਆ ਵੱਲ; ਵਿਚਾਰਧਾਰਕ ਘੋਲ਼ ਦੇ ਆਦਿ-ਬਿੰਦੂ (§1) ਦਾ "ਨਿਖੇਧ" ਹੋ ਜਾਂਦਾ ਹੈ ਅਤੇ ਇਹ ਸਰਬ-ਵਿਆਪਕ ਖਹਿਬੜ ਨੂੰ ਥਾਂ ਦੇਂਦਾ ਹੈ;* ਪਰ ਫਿਰ "ਨਿਖੇਧ ਦਾ ਨਿਖੇਧ" ਸ਼ੁਰੂ ਹੁੰਦਾ ਹੈ, ਅਤੇ ਵੱਖ ਵੱਖ ਕੇਂਦਰੀ ਸੰਸਥਾਵਾਂ ਵਿੱਚ ਆਪਣੀ ਰੱਬ-ਬਖ਼ਸ਼ੀ ਪਤਨੀ ਨਾਲ਼ "ਕਿਸੇ ਨਾ ਕਿਸੇ ਤਰ੍ਹਾਂ ਗੁਜ਼ਾਰਾ" ਕਰਦੇ ਹੋਏ ਅਸੀਂ ਆਦਿ-ਬਿੰਦੂ ਉੱਤੇ ਮੁੜ ਆਉਂਦੇ ਹਾਂ, ਖ਼ਾਲਸ ਵਿਚਾਰਧਾਰਕ ਘੋਲ਼; ਪਰ ਹੁਣ ਤੱਕ ਇਹ "ਵਾਦ" "ਅਵ-ਵਾਦ" ਦੇ ਸਾਰੇ ਸਿੱਟਿਆਂ ਨਾਲ਼ ਭਰਪੂਰ ਹੋ ਗਿਆ ਹੈ ਅਤੇ ਇੱਕ ਉਚੇਰਾ ਸੰਜੋਗ ਬਣ ਗਿਆ ਹੈ, ਜਿਸ ਵਿੱਚ ਪਹਿਲੇ ਪੈਰੇ ਸਬੰਧੀ ਵਿਕੋਲਤ੍ਰੀ, ਉੱਗੜ-ਦੁੱਗੜ ਗ਼ਲਤੀ ਵਧ ਕੇ ਜਥੇਬੰਦੀ ਦੇ ਸਵਾਲ ਸਬੰਧੀ ਮੌਕਾਪ੍ਰਸਤ ਵਿਚਾਰਾਂ ਦਾ ਅੰਗ-ਪ੍ਰਬੰਧ ਬਣ ਗਈ ਹੈ, ਅਤੇ ਜਿਸ ਵਿੱਚ ਇਸ ਤੱਥ ਅਤੇ ਸਾਡੀ ਪਾਰਟੀ ਦੀ ਇਨਕਲਾਬੀ ਅਤੇ ਮੌਕਾਪ੍ਰਸਤ ਪੱਖ ਵਿੱਚ ਵੰਡ ਸਭਨਾਂ ਲਈ ਸਦਾ ਵਧੇਰੇ ਸਪਸ਼ਟ ਹੋ ਜਾਂਦੀ ਹੈ। ਮੁਕਦੀ ਗੱਲ, ਨਾ ਕੇਵਲ ਜਵੀ ਹੀਗਲ ਅਨੁਸਾਰ ਉੱਗਦੀ ਹੈ ਸਗੋਂ ਰੂਸੀ ਸੋਸ਼ਲ-ਡੈਮੋਕ੍ਰੈਟ ਆਪੋ ਵਿੱਚ ਹੀਗਲ ਅਨੁਸਾਰ ਲੜਦੇ ਹਨ।

ਪਰ ਮਹਾਨ ਹੀਗਲਵਾਦੀ ਦਵੰਦਵਾਦ ਨੂੰ, ਜਿਸਨੂੰ ਪਹਿਲਾਂ ਸਿੱਧੇ ਭਾਰ ਖੜਾ ਕਰਕੇ, ਮਾਰਕਸਵਾਦ ਨੇ ਅਪਣਾ ਲਿਆ, ਕਦੀ ਵੀ ਪਾਰਟੀ ਦੇ ਇਨਕਲਾਬੀ ਪੱਖ ਤੋਂ

---

* ਖਹਿਬੜਾਂ ਅਤੇ ਅਸੂਲ ਦੇ ਮਤ-ਭੇਦਾਂ ਵਿਚਕਾਰ ਲੀਹ ਖਿੱਚਣ ਦਾ ਔਖਾ ਸਵਾਲ ਹੁਣ ਆਪਣੇ ਆਪ ਨੂੰ ਹੱਲ ਕਰ ਲੈਂਦਾ ਹੈ: ਹਰ ਉਹ ਗੱਲ ਜਿਸਦਾ ਸਬੰਧ ਕੁਆਪਸ਼ਨ ਨਾਲ਼ ਹੈ ਖਹਿਬੜ ਹੈ; ਹਰ ਉਹ ਗੱਲ ਜਿਸਦਾ ਸਬੰਧ ਕਾਂਗਰਸ ਵਿੱਚ ਘੋਲ਼ ਨਾਲ਼, ਪਹਿਲੇ ਪੈਰੇ ਸਬੰਧੀ ਵਿਵਾਦ ਅਤੇ ਮੌਕਾਪ੍ਰਸਤੀ ਅਤੇ ਅਰਾਜਕਤਾ ਵੱਲ ਮੋੜ ਨਾਲ਼ ਹੈ, ਅਸੂਲ ਦਾ ਮਤ-ਭੇਦ ਹੈ।

ਮੌਕਾਪ੍ਰਸਤੀ ਪੱਖ ਵੱਲ ਝੁਲਣ ਵਾਲ਼ੇ ਸਿਆਸੀ ਨੇਤਾਵਾਂ ਦੇ ਵਿੰਗ-ਟੇਢਾਂ ਨੂੰ ਹੱਕੀ ਠਹਿਰਾਉਣ ਦੀ ਉਜੱਡ ਚਾਲ ਨਾਲ਼, ਇੱਕੋ ਇੱਕ ਅਮਲ ਦੇ ਵੱਖ ਵੱਖ ਪੜਾਆਂ ਨਾਲ਼ ਸਬੰਧਤ ਨਿਸ਼ਚਿਤ ਬਿਆਨਾਂ ਅਤੇ ਨਿਸ਼ਚਿਤ ਵਿਕਾਸੀ ਅੰਸ਼ਾਂ ਨੂੰ ਇਕੱਠੇ ਕਰ ਦੇਣ ਦੀ ਉਜੱਡ ਆਦਤ ਨਾਲ਼ ਗਡ ਮਡ ਨਹੀਂ ਕਰਨਾ ਚਾਹੀਦਾ। ਸੱਚਾ ਦਵੰਦਵਾਦ ਵਿਅਕਤੀਆਂ ਦੀਆਂ ਗ਼ਲਤੀਆਂ ਨੂੰ ਹੱਕੀ ਨਹੀਂ ਠਹਿਰਾਉਂਦਾ, ਸਗੋਂ ਉਹਦੀ ਸਾਰੀ ਸਥੂਲਤਾ ਵਿੱਚ ਵਿਕਾਸ ਦੇ ਅਮਲ ਦਾ ਵਿਸਥਾਰ-ਪੂਰਵਕ ਅਧਿਐਨ ਕਰਕੇ, ਇਹ ਸਾਬਤ ਕਰਦੇ ਹੋਏ ਕਿ ਉਹ ਅਟੱਲ ਸਨ, ਅਟੱਲ ਮੋੜਾਂ ਦਾ ਅਧਿਐਨ ਕਰਦਾ ਹੈ। ਦਵੰਦਵਾਦ ਦੇ ਬੁਨਿਆਦੀ ਨਿਯਮਾਂ ਵਿੱਚੋਂ ਇੱਕ ਇਹ ਹੈ ਕਿ ਕੋਈ ਅਮੂਰਤ ਸੱਚ ਨਹੀਂ, ਕਿ ਸੱਚ ਹਮੇਸ਼ਾ ਸਥੂਲ ਹੁੰਦਾ ਹੈ।...ਅਤੇ, ਇੱਕ ਗੱਲ ਹੋਰ, ਮਹਾਨ ਹੀਗਲਵਾਦੀ ਦਵੰਦਵਾਦ ਨੂੰ ਉਜੱਡ ਸੰਸਾਰਕ ਸਿਆਣਪ ਨਾਲ਼ ਗਡ-ਮਡ ਨਹੀਂ ਕਰਨਾ ਚਾਹੀਦਾ, ਜਿਹੜੀ ਇਸ ਇਤਾਲਵੀ ਅਖਾਣ ਵਿੱਚ ਇੰਨੀ ਸੁਹਣੀ ਤਰ੍ਹਾਂ ਪ੍ਰਗਟ ਕੀਤੀ ਗਈ ਹੈ: mettere la coda dove non va il capo (ਜਿਸ ਵਿੱਚੋਂ ਸਿਰ ਨਾ ਲੰਘੇ ਉਹਦੇ ਵਿੱਚ ਪੂਛ ਘੁਸੇੜ ਦੇਣਾ)।

ਸਾਡੇ ਪਾਰਟੀ ਘੋਲ਼ ਦੇ ਦਵੰਦਵਾਦੀ ਵਿਕਾਸ ਦਾ ਸਿੱਟਾ ਦੋ ਇਨਕਲਾਬ ਹੋਇਆ ਹੈ। ਜਿਹਾ ਕਿ ਸਾਥੀ ਮਾਰਤੋਵ ਨੇ ਆਪਣੀ "ਇੱਕ ਵਾਰ ਫਿਰ ਘੱਟਗਿਣਤੀ ਵਿੱਚ" ਵਿੱਚ ਸਹੀ ਤੌਰ ਉੱਤੇ ਕਿਹਾ, ਪਾਰਟੀ ਕਾਂਗਰਸ ਇੱਕ ਅਸਲੀ ਇਨਕਲਾਬ ਸੀ। ਘੱਟਗਿਣਤੀ ਦੇ ਮਸਖ਼ਰੇ ਇਹ ਕਹਿਣ ਵਿੱਚ ਉੱਕਾ ਹੀ ਸਹੀ ਸਨ ਕਿ "ਸੰਸਾਰ ਇਨਕਲਾਬਾਂ ਰਾਹੀਂ ਚੱਲਦਾ ਹੈ; ਸੋ, ਅਸਾਂ ਇੱਕ ਇਨਕਲਾਬ ਲਿਆਂਦਾ ਹੈ।" ਉਹਨਾਂ ਨਿਸ਼ਚੇ ਹੀ ਕਾਂਗਰਸ ਤੋਂ ਪਿੱਛੋਂ ਇੱਕ ਇਨਕਲਾਬ ਲਿਆਂਦਾ; ਅਤੇ, ਇਹ ਵੀ ਠੀਕ ਹੈ ਕਿ ਸੰਸਾਰ ਇਨਕਲਾਬਾਂ ਰਾਹੀਂ ਚੱਲਦਾ ਹੈ। ਪਰ ਹਰ ਸਥੂਲ ਇਨਕਲਾਬ ਦੀ ਸਥੂਲ ਮਹੱਤਤਾ ਇਸ ਆਮ ਗੁਰ ਰਾਹੀਂ ਨਹੀਂ ਮਿਥੀ ਜਾ ਸਕਦੀ; ਅਭੁੱਲ ਸਾਥੀ ਮਾਖੋਵ ਦੇ ਅਭੁੱਲ ਕਥਨ ਦਾ ਭਾਵ-ਅਰਥ ਪੇਸ਼ ਕਰਦੇ ਹੋਏ, ਅਜਿਹੇ ਇਨਕਲਾਬ ਵੀ ਹੁੰਦੇ ਹਨ ਜਿਹੜੇ ਵਧੇਰੇ ਪਿਛਾਖੜ ਜਿਹੇ ਹੁੰਦੇ ਹਨ। ਇਹ ਨਿਰਣਾ ਕਰਨ ਤੋਂ ਪਹਿਲਾਂ ਕਿ ਕਿਸੇ ਨਿਸ਼ਚਿਤ ਸਥੂਲ ਇਨਕਲਾਬ ਨੇ "ਸੰਸਾਰ" (ਸਾਡੀ ਪਾਰਟੀ) ਨੂੰ ਅੱਗੇ ਵੱਲ ਵਧਾਇਆ ਜਾਂ ਪਿੱਛੇ ਵੱਲ ਲੈ ਗਿਆ, ਇਹ ਲਾਜ਼ਮੀ ਹੈ ਕਿ ਸਾਨੂੰ ਪਤਾ ਹੋਵੇ ਕਿ ਇਹ ਸਾਡੀ ਪਾਰਟੀ ਦਾ ਇਨਕਲਾਬੀ ਪੱਖ ਸੀ ਜਾਂ ਮੌਕਾਪ੍ਰਸਤ ਪੱਖ ਜਿਹੜਾ ਉਹ ਯਥਾਰਥਕ ਸ਼ਕਤੀ ਸੀ ਜਿਸਨੇ ਇਨਕਲਾਬ ਕੀਤਾ, ਸਾਨੂੰ ਇਹ ਲਾਜ਼ਮੀ ਤੌਰ ਉੱਤੇ ਪਤਾ ਹੋਣਾ ਚਾਹੀਦਾ ਹੈ ਕਿ ਇਹ ਇਨਕਲਾਬੀ ਅਸੂਲ ਸਨ ਜਾਂ ਮੌਕਾਪ੍ਰਸਤ ਜਿਨ੍ਹਾਂ ਲੜਨ ਵਾਲਿਆਂ ਨੂੰ ਪ੍ਰੇਰਿਤ ਕੀਤਾ।

ਸਾਡੀ ਪਾਰਟੀ ਕਾਂਗਰਸ ਰੂਸੀ ਇਨਕਲਾਬੀ ਲਹਿਰ ਦੇ ਸਮੁੱਚੇ ਇਤਿਹਾਸ ਵਿੱਚ ਅਦੁੱਤੀ ਅਤੇ ਬੇਮਿਸਾਲ ਸੀ। ਪਹਿਲੀ ਵਾਰ ਇੱਕ ਗੁਪਤ ਇਨਕਲਾਬੀ ਪਾਰਟੀ ਗੁਪਤ ਜੀਵਨ ਦੇ ਹਨੇਰੇ ਵਿੱਚੋਂ ਚਿੱਟੇ ਦਿਨ ਦੀ ਲੋਅ ਵਿੱਚ ਪ੍ਰਗਟ ਹੋਣ ਵਿੱਚ, ਹਰ ਇੱਕ ਨੂੰ ਸਾਡੇ ਅੰਦਰਲੇ ਪਾਰਟੀ ਘੋਲ਼ ਦਾ ਸਾਰਾ ਪਰਵਾਹ ਅਤੇ ਸਿੱਟਾ, ਪ੍ਰੋਗਰਾਮ, ਦਾਅ-ਪੇਚਾਂ ਅਤੇ ਜਥੇਬੰਦੀ ਸਬੰਧੀ ਸਾਡੀ ਪਾਰਟੀ ਅਤੇ ਇਹਦੇ ਘੱਟ ਜਾਂ ਵੱਧ ਧਿਆਨਯੋਗ ਅੰਸ਼ਾਂ ਦਾ ਸਾਰਾ

ਖ਼ਾਸਾ ਵਿਖਾਉਣ ਵਿੱਚ ਸਫ਼ਲ ਹੋਈ। ਪਹਿਲੀ ਵਾਰ ਅਸੀਂ ਮੰਡਲ ਢਿੱਲਪੁਣੇ ਅਤੇ ਇਨਕਲਾਬੀ ਖੂਹ-ਦੇ-ਡੱਡੂਪੁਣੇ ਦੀਆਂ ਸਾਰੀਆਂ ਰਵਾਇਤਾਂ ਵਗਾਹ ਮਾਰਨ ਵਿੱਚ, ਦਰਜਨਾਂ ਬਹੁਤ ਜ਼ਿਆਦਾ ਵੱਖ ਵੱਖ ਟੋਲੀਆਂ ਨੂੰ ਇਕੱਠਾ ਕਰਨ ਵਿੱਚ ਸਫ਼ਲ ਹੋਏ ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਆਪੋ ਵਿੱਚ ਬੇਕਿਰਕ ਯੁੱਧ ਕਰਦੀਆਂ ਰਹੀਆਂ ਸਨ ਅਤੇ ਜਿਹੜੀਆਂ ਕੇਵਲ ਇੱਕ ਵਿਚਾਰ ਦੇ ਬਲ ਕਾਰਨ ਇਕੱਠੀਆਂ ਸਨ, ਅਤੇ ਜਿਹੜੀਆਂ ਹੁਣ (ਅਰਥਾਤ, ਅਸੂਲੀ ਤੌਰ ਉੱਤੇ) ਆਪਣੀ ਸਾਰੀ ਮੰਡਲ ਵਖਰਤ ਅਤੇ ਮੰਡਲ ਅਜ਼ਾਦੀ ਮਹਾਨ ਸਮੂਹ—**ਪਾਰਟੀ**—ਲਈ ਕੁਰਬਾਨ ਕਰਨ ਲਈ ਤਿਆਰ ਸਨ, ਜਿਹੜੀ ਅਸੀਂ ਪਹਿਲੀ ਵਾਰ ਵਾਸਤਵ ਵਿੱਚ ਸਿਰਜ ਰਹੇ ਸਾਂ। ਪਰ ਸਿਆਸਤ ਵਿੱਚ ਕੁਰਬਾਨੀਆਂ ਮੁਫ਼ਤ ਨਹੀਂ ਮਿਲਦੀਆਂ, ਉਹ ਲੜਾਈ ਵਿੱਚ ਜਿੱਤਣੀਆਂ ਪੈਂਦੀਆਂ ਹਨ। ਜਥੇਬੰਦੀਆਂ ਦੇ ਕਤਲ ਸਬੰਧੀ ਘੋਲ਼ ਲਾਜ਼ਮੀ ਤੌਰ ਉੱਤੇ ਬੇਕਿਰਕ ਸਾਬਤ ਹੋਇਆ। ਅਜ਼ਾਦ ਅਤੇ ਖੁੱਲ੍ਹੇ ਘੋਲ਼ ਦੀ ਸਜਰੀ ਪੌਣ ਵੱਧ ਕੇ ਝੱਖੜ ਬਣ ਗਈ। ਝੱਖੜ ਨੇ ਕੁੱਲ ਮੰਡਲ ਹਿੱਤਾਂ, ਭਾਵਨਾਵਾਂ ਅਤੇ ਰਵਾਇਤਾਂ ਦੀ ਹਰ ਰਹਿੰਦ-ਖੂੰਹਦ ਦਾ ਹੂੰਝਾ ਫੇਰ ਦਿੱਤਾ—ਅਤੇ ਬੜੀ ਚੰਗੀ ਗੱਲ ਹੈ ਕਿ ਇਹਨੇ ਅਜਿਹਾ ਕੀਤਾ!—ਅਤੇ ਪਹਿਲੀ ਵਾਰ ਸੱਚੀਆਂ ਪਾਰਟੀ ਸੰਸਥਾਵਾਂ ਸਥਾਪਤ ਕੀਤੀਆਂ।

ਪਰ ਆਪਣੇ ਆਪ ਨੂੰ ਕੋਈ ਨਾਂ ਦੇਣਾ ਇੱਕ ਗੱਲ ਹੈ ਅਤੇ ਉਹ ਸ਼ੈਅ ਹੋਣਾ ਦੂਜੀ। ਪਾਰਟੀ ਲਈ, ਅਸੂਲੀ ਤੌਰ ਉੱਤੇ ਮੰਡਲ ਪ੍ਰਣਾਲੀ ਨੂੰ ਤਿਆਗ ਦੇਣਾ ਇੱਕ ਗੱਲ ਹੈ, ਅਤੇ ਆਪਣਾ ਮੰਡਲ ਤਿਆਗਣਾ ਇੱਕ ਵੱਖਰੀ ਗੱਲ ਹੈ। ਬੁਸੇ ਖੂਹ-ਦੇ-ਡੱਡੂਪੁਣੇ ਦੇ ਆਦੀ ਲੋਕਾਂ ਲਈ ਸੱਜਰੀ ਪੌਣ ਅਜੇ ਬਹੁਤ ਜ਼ਿਆਦਾ ਸੱਜਰੀ ਸਾਬਤ ਹੋਈ। "ਪਾਰਟੀ ਪਹਿਲੀ ਕਾਂਗਰਸ ਦਾ ਦਬਾ ਸਹਾਰ ਨਾ ਸਕੀ," ਜਿਹਾ ਕਿ ਸਾਥੀ ਮਾਰਤੋਵ ਨੇ ਆਪਣੀ "ਇੱਕ ਵਾਰ ਫਿਰ ਘੱਟਗਿਣਤੀ ਵਿੱਚ" (ਅਭੋਲ ਹੀ) ਕਿਹਾ। ਜਥੇਬੰਦੀਆਂ ਦੇ ਕਤਲ ਸਬੰਧੀ ਖੇਦ ਦੀ ਭਾਵਨਾ ਬਹੁਤ ਡੂੰਘੀ ਸੀ। ਪ੍ਰਚੰਡ ਝੱਖੜ ਨੇ ਸਾਡੀ ਪਾਰਟੀ ਨਦੀ ਦੀ ਤਹਿ ਚੋਂ ਸਾਰਾ ਚਿੱਕੜ ਉਭਾਰ ਦਿੱਤਾ; ਅਤੇ ਚਿੱਕੜ ਨੇ ਬਦਲਾ ਲਿਆ। ਪੁਰਾਣੀ ਦਕੀਆਨੂਸ ਮੰਡਲ ਭਾਵਨਾ ਨੇ ਅਜੇ ਨਵਜਾਤ ਪਾਰਟੀ ਭਾਵਨਾ ਨੂੰ ਦਬਾ ਲਿਆ। ਭਾਵੇਂ ਉਹਨੂੰ ਭਾਂਜ ਹੋਈ ਸੀ, ਪਾਰਟੀ ਦਾ ਮੌਕਾਪ੍ਰਸਤ ਪੱਖ ਇਨਕਲਾਬੀ ਪੱਖ ਉੱਤੇ ਭਾਰੂ ਹੋ ਗਿਆ—ਨਿਰਸੰਦੇਹ ਅਸਥਾਈ ਤੌਰ ਉੱਤੇ—ਕਿਉਂਕਿ ਉਹਨੂੰ ਅਕੀਮੋਵ ਵੱਲੋਂ ਕੁਮਕ ਮਿਲ ਗਈ।

ਇਹਦਾ ਸਿੱਟਾ ਨਵਾਂ "ਇਸਕਰਾ" ਹੈ, ਜਿਹੜਾ ਉਹਨਾਂ ਗ਼ਲਤੀਆਂ ਨੂੰ ਵਿਕਸਤ ਅਤੇ ਡੂੰਘਾ ਕਰਨ ਉੱਤੇ ਮਜਬੂਰ ਹੈ ਜਿਹੜੀਆਂ ਇਹਦੇ ਸੰਪਾਦਕਾਂ ਨੇ ਪਾਰਟੀ ਕਾਂਗਰਸ ਵਿੱਚ ਕੀਤੀਆਂ। ਪੁਰਾਣਾ "ਇਸਕਰਾ" ਇਨਕਲਾਬੀ ਘੋਲ਼ ਦੇ ਸੱਚ ਸਿਖਾਉਂਦਾ ਸੀ। ਨਵਾਂ "ਇਸਕਰਾ" ਝੁਕਣ ਅਤੇ ਹਰ ਇੱਕ ਨਾਲ਼ ਨਿਭਣ ਦੀ ਸੰਸਾਰੀ ਸਿਆਣਪ ਸਿਖਾਉਂਦਾ ਹੈ। ਪੁਰਾਣਾ "ਇਸਕਰਾ" ਲੜਾਕੂ ਪੁਰਾਤਨਤਾਵਾਦ ਦਾ ਬੁਲਾਰਾ ਸੀ। ਨਵਾਂ "ਇਸਕਰਾ" ਸਾਡੇ ਸਾਹਮਣੇ ਮੌਕਾਪ੍ਰਸਤੀ ਦਾ ਮੁੜ-ਫੁਟਾਲਾ ਪੇਸ਼ ਕਰਦਾ ਹੈ—ਮੁੱਖ ਤੌਰ ਉੱਤੇ ਜਥੇਬੰਦੀ ਦੇ ਸਵਾਲਾਂ ਸਬੰਧੀ। ਪੁਰਾਣੇ "ਇਸਕਰਾ" ਨੂੰ ਰੂਸੀ ਅਤੇ ਪੱਛਮੀ-ਯੂਰਪੀ, ਦੁਹਾਂ ਮੌਕਾਪ੍ਰਸਤਾਂ ਦੀ ਘਿਰਣਾ ਜਿੱਤਣ ਦਾ ਮਾਣ ਸੀ। ਨਵਾਂ "ਇਸਕਰਾ" "ਸਿਆਣਾ ਹੋ ਗਿਆ" ਹੈ ਅਤੇ

ਛੇਤੀ ਉਹਨੂੰ ਉਹਨਾਂ ਸਿਫ਼ਤਾਂ 'ਤੇ ਸ਼ਰਮ ਆਉਣੀ ਖ਼ਤਮ ਹੋ ਜਾਵੇਗੀ ਜਿਹੜੀਆਂ ਦੇ ਵਲਟੋਹੇ ਅਤਿ ਦੇ ਮੌਕਾਪ੍ਰਸਤ ਉਹਦੇ ਸਿਰ ਉੱਤੇ ਡੋਲ੍ਹ ਰਹੇ ਹਨ। ਪੁਰਾਣਾ "ਇਸਕਰਾ" ਅਡੋਲ ਢੰਗ ਨਾਲ਼ ਆਪਣੇ ਨਿਸ਼ਾਨੇ ਵੱਲ ਵਧ ਰਿਹਾ ਸੀ ਅਤੇ ਉਹਦੀ ਕਥਨੀ ਅਤੇ ਕਰਨੀ ਵਿੱਚ ਕੋਈ ਅਣਮੇਲ ਨਹੀਂ ਸੀ। ਨਵੇਂ "ਇਸਕਰਾ" ਦੇ ਸਟੈਂਡ ਦਾ ਅੰਦਰੂਨੀ ਝੂਠ—ਇਥੋਂ ਤੱਕ ਕਿ ਮਨੁੱਖ ਦੀ ਇੱਛਾ ਜਾਂ ਨੀਅਤ ਤੋਂ ਅਜ਼ਾਦ ਰੂਪ ਵਿੱਚ—ਸਿਆਸੀ ਦੰਭ ਤੱਕ ਲਿਜਾਂਦਾ ਹੈ। ਉਹ ਮੰਡਲ ਭਾਵਨਾ ਦੀ ਪਾਰਟੀ ਭਾਵਨਾ ਉੱਤੇ ਜਿੱਤ ਨੂੰ ਲੁਕਾਉਣ ਲਈ ਮੰਡਲ ਭਾਵਨਾ ਵਿਰੁੱਧ ਉੱਚਾ-ਨੀਵਾਂ ਹੁੰਦਾ ਹੈ। ਉਹ ਦੰਭੀ ਢੰਗ ਨਾਲ਼ ਫੁੱਟਾਂ ਦੀ ਨਖੇਧੀ ਕਰਦਾ ਹੈ, ਜਿਵੇਂ ਬੰਦਾ ਕਿਸੇ ਵੀ ਤਰ੍ਹਾਂ ਜਥੇਬੰਦ ਪਾਰਟੀ ਵਿੱਚ ਘੱਟਗਿਣਤੀ ਦੇ ਬਹੁਗਿਣਤੀ ਅੱਗੇ ਝੁਕਣ ਤੋਂ ਬਿਨਾਂ ਫੁੱਟਾਂ ਤੋਂ ਬਚਣ ਦੀ ਆਸ ਕਰ ਸਕਦਾ ਹੈ। ਇਹ ਕਹਿੰਦਾ ਹੈ ਕਿ ਇਨਕਲਾਬੀ ਲੋਕ-ਰਾਏ ਵੱਲ ਧਿਆਨ ਦੇਣਾ ਲਾਜ਼ਮੀ ਹੈ, ਪਰ ਅਕੀਮੋਵਾਂ ਦੀਆਂ ਸਿਫ਼ਤਾਂ ਲੁਕਾਉਂਦਾ ਹੋਇਆ ਪਾਰਟੀ ਦੇ ਇਨਕਲਾਬੀ ਪੱਖ ਦੀਆਂ ਕਮੇਟੀਆਂ ਵਿਰੁੱਧ ਤੁੱਛ ਭੰਡੀ ਪ੍ਰਚਾਰ ਕਰਦਾ ਹੈ।* ਕਿੰਨਾ ਸ਼ਰਮਨਾਕ! ਉਹਨਾਂ ਸਾਡੇ ਪੁਰਾਣੇ "ਇਸਕਰਾ" ਦੀ ਕਿਵੇਂ ਨਿਰਾਦਰੀ ਕੀਤੀ ਹੈ।

ਇੱਕ ਕਦਮ ਅੱਗੇ, ਦੋ ਕਦਮ ਪਿੱਛੇ!... ਇਹ ਵਿਅਕਤੀਆਂ ਦੇ ਜੀਵਨ ਵਿੱਚ ਹੁੰਦਾ ਹੈ, ਅਤੇ ਇਹ ਕੌਮਾਂ ਦੇ ਇਤਿਹਾਸ ਅਤੇ ਪਾਰਟੀਆਂ ਦੇ ਵਿਕਾਸ ਵਿੱਚ ਹੁੰਦਾ ਹੈ। ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਦੇ, ਪਾਰਟੀ ਜਥੇਬੰਦੀ ਦੇ ਅਤੇ ਪਾਰਟੀ ਅਨੁਸ਼ਾਸਨ ਦੇ ਅਸੂਲਾਂ ਦੀ ਅਟੱਲ ਅਤੇ ਮੁਕੰਮਲ ਜਿੱਤ ਵਿੱਚ ਇੱਕ ਛਿਣ ਲਈ ਵੀ ਸ਼ੱਕ ਕਰਨਾ ਅਤਿਅੰਤ ਜੁਰਮੀ ਕਾਇਰਤਾ ਹੋਵੇਗੀ। ਅਸਾਂ ਪਹਿਲਾਂ ਹੀ ਬਹੁਤ ਕੁੱਝ ਜਿੱਤ ਲਿਆ ਹੈ, ਅਤੇ ਇਹ ਲਾਜ਼ਮੀ ਹੈ ਕਿ ਅਸੀਂ ਲੜਦੇ ਜਾਈਏ, ਹਾਰਾਂ ਤੋਂ ਨਿਰਾਸ਼ ਹੋਏ ਬਿਨਾਂ, ਦ੍ਰਿੜ੍ਹਤਾ ਨਾਲ਼ ਲੜਦੇ ਹੋਏ, ਮੰਡਲ ਖਹਿਬੜਾਂ ਦੇ ਖੂਹ-ਦੇ-ਡੱਡੂ ਵਾਲ਼ੇ ਢੰਗਾਂ ਨੂੰ ਘਿਰਣਾ ਕਰਦੇ ਹੋਏ ਸਾਰੇ ਰੂਸੀ ਸੋਸ਼ਲ-ਡੈਮੋਕ੍ਰੈਟਾਂ ਨੂੰ ਜੋੜਨ ਵਾਲ਼ੇ ਸਬੰਧ ਔਖ ਨਾਲ਼ ਜਿੱਤੀ ਪਾਰਟੀ ਨੂੰ ਕਾਇਮ ਰੱਖਣ ਲਈ ਅਤਿਅੰਤ ਯਤਨ ਕਰਦੇ ਹੋਏ, ਅਤੇ ਸਿਰੜੀ ਅਤੇ ਨੇਮ-ਬੱਧ ਢੰਗ ਨਾਲ਼ ਪਾਰਟੀ ਮੈਂਬਰਾਂ ਅਤੇ ਵਿਸ਼ੇਸ਼ ਤੌਰ ਉੱਤੇ ਕਿਰਤੀਆਂ ਨੂੰ, ਪਾਰਟੀ ਮੈਂਬਰ ਦੇ ਫ਼ਰਜ਼ਾਂ ਦੀ, ਦੂਜੀ ਕਾਂਗਰਸ ਵਿੱਚ ਘੋਲ਼ ਦੀ, ਅਤੇ ਸਾਡੇ ਵਖੇਵਿਆਂ ਦੇ ਸਾਰੇ ਕਾਰਨਾਂ ਅਤੇ ਸਾਰੇ ਪੜਾਆਂ ਦੀ, ਅਤੇ ਮੌਕਾਪ੍ਰਸਤੀ ਦੀ ਪੂਰਨ ਤਬਾਹੀ ਦੀ ਪੂਰਨ ਅਤੇ ਚੇਤੰਨ ਸੋਝੀ ਦੇਂਦੇ ਹੋਏ, ਜਿਹੜਾ, ਸਾਡੇ ਪ੍ਰੋਗਰਾਮ ਅਤੇ ਸਾਡੇ ਦਾਅ-ਪੇਚਾਂ ਵਾਂਗ ਜਥੇਬੰਦੀ ਦੇ ਖੇਤਰ ਵਿੱਚ ਵੀ ਬੁਰਜੂਆ ਮਨੋਬਿਰਤੀ ਅੱਗੇ ਨਿਤਾਣੇ ਢੰਗ ਨਾਲ਼ ਝੁਕ ਜਾਂਦਾ ਹੈ, ਅਣ-ਪੜਚੋਲੀ ਢੰਗ ਨਾਲ਼ ਬੁਰਜੂਆ ਜਮਹੂਰੀਅਤ ਦਾ ਵਿਚਾਰ ਪ੍ਰਵਾਨ ਕਰ ਲੈਂਦਾ ਹੈ, ਅਤੇ ਪ੍ਰੋਲੇਤਾਰੀ ਦੇ ਜਮਾਤੀ ਘੋਲ਼ ਦੇ ਹਥਿਆਰ ਨੂੰ ਖੁੰਢਾ ਕਰ ਦੇਂਦਾ ਹੈ।

ਸੱਤਾ ਲਈ ਘੋਲ਼ ਵਿੱਚ ਪ੍ਰੋਲੇਤਾਰੀ ਕੋਲ ਜਥੇਬੰਦੀ ਤੋਂ ਬਿਨਾਂ ਹੋਰ ਕੋਈ ਹਥਿਆਰ

---

* ਇਸ ਸੁਹਾਵਣੇ ਸ਼ੁਗ਼ਲ ਲਈ ਇੱਕ ਘੜਿਆ-ਘੜਾਇਆ ਰੂਪ ਤਿਆਰ ਕਰ ਲਿਆ ਗਿਆ ਹੈ: ਸਾਡਾ ਵਿਸ਼ੇਸ਼ ਪੱਤਰਪ੍ਰੇਰਕ ੳ ਸਾਨੂੰ ਖ਼ਬਰ ਦੇਂਦਾ ਹੈ ਕਿ ਬਹੁਗਿਣਤੀ ਦੀ ਕਮੇਟੀ ਅ ਨੇ ਘੱਟਗਿਣਤੀ ਦੇ ਸਾਥੀ ੲ ਨਾਲ਼ ਭੈੜਾ ਸਲੂਕ ਕੀਤਾ ਹੈ।

ਨਹੀਂ। ਬੁਰਜੂਆ ਸੰਸਾਰ ਵਿੱਚ ਅਰਾਜਕਤਾਵਾਦੀ ਮੁਕਾਬਲੇ ਕਾਰਨ ਅਸੰਗਠਤ, ਸਰਮਾਏ ਲਈ ਜਬਰੀ ਕਿਰਤ ਕਾਰਨ ਪਸਿੱਤਾ, ਨਿਰੰਤਰ ਤੌਰ 'ਤੇ ਕੰਗਾਲੀ, ਵਹਿਸ਼ਤ ਅਤੇ ਗਿਰਾਵਟ ਦੀਆਂ "ਹੇਠਲੀਆਂ ਨਿਵਾਣਾਂ" ਵਿੱਚ ਧੱਕਿਆ, ਪ੍ਰੋਲੇਤਾਰੀ ਕੇਵਲ ਮਾਰਕਸਵਾਦ ਦੇ ਅਸੂਲਾਂ ਉੱਤੇ ਇਹਦੀ ਵਿਚਾਰਧਾਰਕ ਏਕਤਾ ਵਿੱਚ ਜਥੇਬੰਦੀ ਦੀ ਸਥੂਲ ਏਕਤਾ, ਜਿਹੜੀ ਕਰੋੜਾਂ-ਕਰੋੜ ਨੂੰ ਕਿਰਤੀ ਜਮਾਤ ਦੀ ਫ਼ੌਜ ਵਿੱਚ ਇੱਕ-ਮੁਠ ਕਰਦੀ ਹੈ, ਦੇ ਵਾਧੇ ਰਾਹੀਂ ਹੀ ਇੱਕ ਅਜਿੱਤ ਸ਼ਕਤੀ ਬਣ ਸਕਦਾ ਹੈ ਅਤੇ ਅਟੱਲ ਤੌਰ ਉੱਤੇ ਬਣੇਗਾ। ਨਾ ਹੀ ਰੂਸੀ ਨਿਰੰਕੁਸ਼ਤਾ ਦੀ ਖੌਂਢੀ ਹਕੂਮਤ ਅਤੇ ਨਾ ਹੀ ਕੌਮਾਂਤਰੀ ਸਰਮਾਏ ਦੀ ਜਰਜਰੀ ਹਕੂਮਤ ਇਸ ਫ਼ੌਜ ਦਾ ਮੁਕਾਬਲਾ ਕਰ ਸਕੇਗੀ। ਵਿੰਗ-ਟੇਢਾਂ ਅਤੇ ਪਿੱਛੇ ਵੱਲ ਕਦਮਾਂ ਦੇ ਬਾਵਜੂਦ, ਅਜੋਕੀ ਸੋਸ਼ਲ-ਡੈਮੋਕ੍ਰੇਸੀ ਦੇ ਅਜੋਕੇ ਜਿਰੋਂਦਵਾਦੀਆਂ ਦੀ ਮੌਕਾਪ੍ਰਸਤ ਫ਼ਿਕਰੇਬਾਜ਼ੀ ਦੇ ਬਾਵਜੂਦ, ਪਿੱਛੇਖਿਚੂ ਮੰਡਲ ਭਾਵਨਾ ਦੀ ਸਵੈ-ਮਗਨ ਲੋਰ ਦੇ ਬਾਵਜੂਦ ਅਤੇ **ਬੁੱਧੀਜੀਵੀ** ਅਰਾਜਕਤਾ ਦੀ ਬਣਾਉਟੀ ਤਾਮ-ਝਾਮ ਅਤੇ ਕੁੜ ਕੁੜ ਦੇ ਬਾਵਜੂਦ ਉਹ ਸਦਾ ਵਧੇਰੇ ਦ੍ਰਿੜ੍ਹਤਾ ਨਾਲ਼ ਆਪਣੀਆਂ ਸਫ਼ਾਂ ਹੋਰ ਸੰਘਣੀਆਂ ਕਰੇਗੀ।

# ਜ਼ਮੀਮਾ

## ਸਾਥੀ ਗੁਸੇਵ ਅਤੇ ਸਾਥੀ ਡਿਊਸ਼ ਦੀ ਘਟਨਾ

ਇਸ ਘਟਨਾ ਦਾ ਸਬੰਧ ਸਾਥੀ ਮਾਰਤੋਵ ਅਤੇ ਸਤਾਰੋਵਰ ਦੇ ਖ਼ਤ ਵਿੱਚ, ਜਿਹੜਾ ਭਾਗ ਙ ਵਿੱਚ ਦਿੱਤਾ ਗਿਆ ਹੈ, ਵਰਨਣ ਕੀਤੀ ਅਖੌਤੀ "ਝੂਠੀ" (ਸਾਥੀ ਮਾਰਤੋਵ ਦਾ ਸ਼ਬਦ) ਸੂਚੀ ਨਾਲ਼ ਹੈ। ਇਹਦਾ ਤੱਤ ਇਸ ਅਨੁਸਾਰ ਹੈ। ਸਾਥੀ ਗੁਸੇਵ ਨੇ ਸਾਥੀ ਪਾਵਲੋਵਿਚ ਨੂੰ ਸੂਚਨਾ ਦਿੱਤੀ ਕਿ ਇਹ ਸੂਚੀ, ਜਿਸ ਵਿੱਚ ਸਾਥੀ ਸਤੀਨ, ਯੇਗੋਰੋਵ, ਪੋਪੋਵ, ਤਰਾਤਸਕੀ ਅਤੇ ਫੋਮਿਨ ਦੇ ਨਾਂ ਸਨ, ਉਹਦੇ ਤੱਕ ਸਾਥੀ ਡਿਊਸ਼ ਨੇ ਪੁਚਾਈ (ਸਾਥੀ ਪਾਵਲੋਵਿਚ, "ਖ਼ਤ", ਪੰਨਾ 12)। ਸਾਥੀ ਡਿਊਸ਼ ਨੇ ਸਾਥੀ ਗੁਸੇਵ ਉੱਤੇ "ਜਾਣ ਬੁੱਝ ਕੇ ਤੁਹਮਤ ਲਾਉਣ" ਦਾ ਦੋਸ਼ ਲਾਇਆ, ਅਤੇ ਸਾਥੀਆਂ ਦੀ ਇੱਕ ਸਾਲਸੀ ਅਦਾਲਤ ਨੇ ਸਾਥੀ ਗੁਸੇਵ ਦੇ "ਬਿਆਨ" ਦੇ "**ਅਸ਼ੁੱਧ**" ਹੋਣ ਦਾ ਐਲਾਨ ਕੀਤਾ (ਵੇਖੋ "ਇਸਕਰਾ", ਅੰਕ 62 ਵਿੱਚ ਅਦਾਲਤ ਦਾ ਨਿਰਣਾ)। "ਇਸਕਰਾ" ਦੇ **ਸੰਪਾਦਕ ਮੰਡਲ** ਵੱਲੋਂ ਅਦਾਲਤ ਦਾ ਨਿਰਣਾ ਛਾਪਣ ਤੋਂ ਪਿੱਛੋਂ, **ਸਾਥੀ ਮਾਰਤੋਵ** ਨੇ (ਇਸ ਵਾਰ ਸੰਪਾਦਕ ਮੰਡਲ ਨੇ ਨਹੀਂ) "ਸਾਥੀਆਂ ਦੀ ਸਾਲਸੀ ਅਦਾਲਤ ਦਾ ਨਿਰਣਾ" ਨਾਂ ਦੀ ਇੱਕ ਦੁਵਰਕੀ ਛਾਪੀ, ਜਿਸ ਵਿੱਚ ਉਹਨੇ ਨਾ ਕੇਵਲ ਅਦਾਲਤ ਦਾ ਨਿਰਣਾ, ਸਗੋਂ ਕਾਰਵਾਈ ਦਾ ਸਾਰਾ ਵਿਸਥਾਰ, **ਆਪਣੇ ਵੱਲੋਂ ਇੱਕ ਅੰਤਿਕਾ ਸਮੇਤ**, ਛਾਪਿਆ। ਇਸ ਅੰਤਿਕਾ ਵਿੱਚ ਸਾਥੀ ਮਾਰਤੋਵ ਨੇ ਹੋਰ ਗੱਲਾਂ ਤੋਂ ਬਿਨਾਂ "ਗੁੱਟਬੰਧਕ ਘੋਲ਼ ਦੇ ਹਿਤਾਂ ਵਿੱਚ ਇੱਕ ਸੂਚੀ ਦੀ" "ਜਾਲਸਾਜ਼ੀ" ਦੀ ਗੱਲ ਕੀਤੀ। ਸਾਥੀ ਲਯਾਦੋਵ ਅਤੇ ਗੋਰਿਨ ਨੇ, ਜਿਹੜੇ ਦੂਜੀ ਕਾਂਗਰਸ ਵਿੱਚ ਡੈਲੀਗੇਟ ਸਨ, ਇਸ ਦੁਵਰਕੀ ਦਾ ਉੱਤਰ ਆਪਣੇ ਵੱਲੋਂ ਇੱਕ ਦੁਵਰਕੀ ਨਾਲ਼ ਦਿੱਤਾ ਜਿਸਦਾ ਸਿਰਲੇਖ ਸੀ, "ਸਾਲਸੀ ਅਦਾਲਤ ਸਬੰਧੀ ਇੱਕ ਦਰਸ਼ਕ", ਜਿਸ ਵਿੱਚ ਉਹਨਾਂ "ਸਾਥੀ ਮਾਰਤੋਵ ਦੇ ਆਪਣੇ ਆਪ ਨੂੰ ਅਦਾਲਤ ਦੇ ਨਿਰਣੇ ਤੋਂ ਅੱਗੇ ਜਾਣ ਅਤੇ ਆਪਣੇ ਆਪ ਨੂੰ ਮੰਦੇ ਮੰਤਵ ਸਾਥੀ ਗੁਸੇਵ ਦੇ ਨਾਂ ਲਾਉਣ ਦੀ ਆਗਿਆ ਦੇਣ ਵਿਰੁੱਧ ਜ਼ੋਰਦਾਰ ਰੋਸ ਪ੍ਰਗਟ ਕੀਤਾ", ਜਿਥੇ ਕਿ ਅਦਾਲਤ ਨੇ ਇਹ ਨਿਰਣਾ ਨਹੀਂ ਸੀ ਦਿੱਤਾ ਕਿ ਜਾਣ ਬੁੱਝ ਕੇ ਤੁਹਮਤ ਲਾਈ ਗਈ ਸੀ, ਸਗੋਂ ਕੇਵਲ ਇਹ ਕਿਹਾ ਸੀ ਕਿ ਸਾਥੀ ਗੁਸੇਵ ਦਾ ਬਿਆਨ ਅਸ਼ੁੱਧ ਸੀ। ਸਾਥੀ ਗੋਰਿਨ ਅਤੇ ਲਯਾਦੋਵ ਨੇ ਵਿਸਥਾਰ ਨਾਲ਼ ਵਿਆਖਿਆ ਕੀਤੀ ਕਿ ਹੋ ਸਕਦਾ ਹੈ ਸਾਥੀ ਗੁਸੇਵ ਦੀ ਗੱਲ ਐਨ ਸੁਭਾਵਕ ਗ਼ਲਤੀ ਕਾਰਨ ਹੋਵੇ, ਅਤੇ ਸਾਥੀ ਮਾਰਤੋਵ ਦੇ ਵਤੀਰੇ ਨੂੰ "**ਗੈਰ-ਵਾਜਿਬ**" ਕਿਹਾ, ਜਿਸਨੇ ਆਪ ਕਈ ਗ਼ਲਤ ਗੱਲਾਂ ਕਹੀਆਂ ਸਨ (ਅਤੇ) ਮਾੜੀ ਨੀਅਤ ਸਾਥੀ ਗੁਸੇਵ ਦੇ ਨਾਂ ਲਾਉਂਦੇ ਹੋਏ (ਦੁਵਰਕੀ ਵਿੱਚ ਫਿਰ ਕਹੀਆਂ ਸਨ)। ਉਹਨਾਂ ਕਿਹਾ ਇਥੇ ਕੋਈ ਮਾੜੀ ਨੀਅਤ ਉੱਕਾ

ਹੀ ਨਹੀਂ ਸੀ ਹੋ ਸਕਦੀ। ਜੇ ਮੈਨੂੰ ਗ਼ਲਤੀ ਨਹੀਂ ਲੱਗਦੀ ਤਾਂ ਇਸ ਮਸਲੇ ਸਬੰਧੀ ਇਹ ਸਾਰਾ ਉਪਲਬਧ "ਸਾਹਿਤ" ਹੈ, ਜਿਸ ਮਸਲੇ ਨੂੰ ਸਪੱਸ਼ਟ ਕਰਨਾ ਮੈਂ ਆਪਣਾ ਕਰਤੱਵ ਸਮਝਦਾ ਹਾਂ।

ਸਭ ਤੋਂ ਪਹਿਲੀ ਗੱਲ, ਇਹ ਲਾਜ਼ਮੀ ਹੈ ਕਿ ਪਾਠਕ ਨੂੰ ਉਸ ਸਮੇਂ ਅਤੇ ਹਾਲਤਾਂ ਦੀ ਸਪੱਸ਼ਟ ਸੋਝੀ ਹੋਵੇ ਜਿਨ੍ਹਾਂ ਵਿੱਚ ਇਹ ਸੂਚੀ (ਕੇਂਦਰੀ ਕਮੇਟੀ ਦੇ ਉਮੀਦਵਾਰਾਂ ਦੀ) ਪ੍ਰਗਟ ਹੋਈ। ਜਿਹਾ ਕਿ ਮੈਂ ਪਹਿਲਾਂ ਹੀ ਇਸ ਪੈਂਫ਼ਲਟ ਵਿੱਚ ਕਿਹਾ ਹੈ, ਕਾਂਗਰਸ ਦੇ ਦੌਰਾਨ "ਇਸਕਰਾ" ਜਥੇਬੰਦੀ ਨੇ ਕੇਂਦਰੀ ਕਮੇਟੀ ਲਈ ਉਮੀਦਵਾਰਾਂ ਦੀ ਸੂਚੀ ਉੱਤੇ ਵਿਚਾਰ ਕੀਤੀ, ਜਿਹੜੀ ਉਹਨੇ ਸਾਂਝੇ ਤੌਰ ਉੱਤੇ ਕਾਂਗਰਸ ਸਾਹਮਣੇ ਪੇਸ਼ ਕਰਨੀ ਸੀ। ਕਾਨਫ਼ਰੰਸ ਦਾ ਅੰਤ ਅਸਹਿਮਤੀ ਵਿੱਚ ਹੋਇਆ: "ਇਸਕਰਾ" ਜਥੇਬੰਦੀ ਦੀ ਬਹੁਗਿਣਤੀ ਨੇ ਇੱਕ ਸੂਚੀ ਪ੍ਰਵਾਨ ਕੀਤੀ ਜਿਸ ਵਿੱਚ ਸ਼ਾਮਲ ਸਨ, ਤਰਾਵਿਨਸਕੀ, ਗਲੇਬੋਵ, ਵਾਸੀਲੀਏਵ, ਪੋਪੋਵ ਅਤੇ ਤਰਾਤਸਕੀ, ਪਰ ਘੱਟਗਿਣਤੀ ਨੇ ਈਨ ਮੰਨਣ ਤੋਂ ਨਾਂਹ ਕਰ ਦਿੱਤੀ ਅਤੇ ਇੱਕ ਸੂਚੀ ਉੱਤੇ ਅੜੀ ਕੀਤੀ, ਜਿਸ ਵਿੱਚ ਸ਼ਾਮਲ ਸਨ ਤਰਾਵਿਨਸਕੀ, ਗਲੇਬੋਵ, ਫ਼ੋਮਿਨ, ਪੋਪੋਵ ਅਤੇ ਤਰਾਤਸਕੀ। "ਇਸਕਰਾ" ਜਥੇਬੰਦੀ ਦੇ ਦੋ ਹਿੱਸੇ ਇਸ ਇਕੱਤ੍ਰਤਾ ਤੋਂ ਪਿੱਛੋਂ ਜਿਸ ਵਿੱਚ ਸੂਚੀਆਂ ਪੇਸ਼ ਕੀਤੀਆਂ ਗਈਆਂ ਅਤੇ ਉਹਨਾਂ ਉੱਤੇ ਵੋਟ ਲਏ ਗਏ, ਸਾਂਝੇ ਤੌਰ ਉੱਤੇ ਨਾ ਇਕੱਠੇ ਹੋਏ। ਦੋਵੇਂ ਹਿੱਸੇ ਕਾਂਗਰਸ ਵਿੱਚ ਅਜ਼ਾਦ ਐਜੀਟੇਸ਼ਨ ਦੇ ਖੇਤਰ ਵਿੱਚ ਦਾਖ਼ਲ ਹੋਏ, ਆਪੋ ਵਿਚਲੇ ਮਾਮਲਿਆਂ ਦਾ ਨਿਰਣਾ ਸਮੁੱਚੇ ਤੌਰ ਉੱਤੇ ਕਾਂਗਰਸ ਦੇ ਨਬੇੜੇ ਜਾਣ ਦੀ ਇੱਛਾ ਨਾਲ਼ ਅਤੇ ਹਰ ਇੱਕ ਜਿੰਨੇ ਵੱਧ ਤੋਂ ਵੱਧ ਡੈਲੀਗੇਟ ਆਪਣੀ ਧਿਰ ਵਿੱਚ ਜਿੱਤ ਸਕਦਾ ਸੀ, ਉਹਨੇ ਜਿੱਤਣ ਦਾ ਯਤਨ ਕਰਦਾ ਹੋਇਆ। ਕਾਂਗਰਸ ਵਿੱਚ ਅਜ਼ਾਦ ਐਜੀਟੇਸ਼ਨ ਨੇ ਇੱਕਦਮ ਉਹ ਸਿਆਸੀ ਤੱਥ ਪ੍ਰਗਟ ਕੀਤਾ, ਜਿਸਦਾ ਮੈਂ ਇੰਨੇ ਵਿਸਥਾਰ ਨਾਲ਼ ਇਸ ਪੈਂਫ਼ਲਟ ਵਿੱਚ ਵਿਸ਼ਲੇਸ਼ਣ ਕੀਤਾ ਹੈ, ਅਰਥਾਤ, ਸਾਡੇ ਉੱਤੇ ਜਿੱਤ ਪ੍ਰਾਪਤ ਕਰਨ ਲਈ "ਇਸਕਰਾ"-ਵਾਦੀ ਘੱਟਗਿਣਤੀ ਲਈ (ਜਿਸਦਾ ਮੁਖੀ ਮਾਰਤੋਵ ਸੀ) ਇਹ ਲਾਜ਼ਮੀ ਸੀ ਕਿ ਉਹਨੂੰ "ਕੇਂਦਰ" (ਜਿਲ੍ਹਣ) ਅਤੇ "ਇਸਕਰਾ"-ਵਿਰੋਧੀਆਂ ਦੀ ਹਮਾਇਤ ਪ੍ਰਾਪਤ ਹੋਵੇ। ਇਹ ਇਸ ਲਈ ਲਾਜ਼ਮੀ ਸੀ ਕਿ ਜਿਹੜੇ ਡੈਲੀਗੇਟ ਇੱਕਸਾਰਤਾ ਨਾਲ਼ "ਇਸਕਰਾ"-ਵਿਰੋਧੀਆਂ ਅਤੇ "ਕੇਂਦਰ" ਦੇ ਹਮਲੇ ਵਿਰੁੱਧ "ਇਸਕਰਾ" ਦੇ ਪ੍ਰੋਗਰਾਮ, ਦਾਅ-ਪੇਚਾਂ ਅਤੇ ਜਥੇਬੰਦਕ ਪਲਾਨਾਂ ਦੀ ਹਮਾਇਤ ਕਰਦੇ ਸਨ, ਉਹਨਾਂ ਦੀ ਬੜੀ ਵੱਡੀ ਬਹੁਗਿਣਤੀ ਬੜੀ ਛੇਤੀ ਅਤੇ ਬਹੁਤ ਦ੍ਰਿੜ੍ਹਤਾ ਨਾਲ਼ ਸਾਡੇ ਹੱਕ ਵਿੱਚ ਹੋ ਗਈ। ਤੇਤੀ ਡੈਲੀਗੇਟਾਂ (ਜਾਂ ਸਗੋਂ ਵੋਟਾਂ) ਵਿੱਚੋਂ, ਜਿਹੜੇ "ਇਸਕਰਾ"-ਵਿਰੋਧੀਆਂ ਜਾਂ "ਕੇਂਦਰ" ਨਾਲ਼ ਸਬੰਧਤ ਨਹੀਂ ਸਨ, ਅਸਾਂ ਬਹੁਤ ਛੇਤੀ 24 ਨੂੰ ਆਪਣੇ ਹੱਕ ਵਿੱਚ ਕਰ ਲਿਆ ਅਤੇ ਉਹਨਾਂ ਨਾਲ਼ "ਸਿੱਧਾ ਸਮਝੌਤਾ" ਕਰ ਲਿਆ, ਜਿਸ ਨਾਲ਼ "ਨਿੱਗਰ ਬਹੁਗਿਣਤੀ" ਬਣ ਗਈ। ਦੂਜੇ ਹੱਥ, ਸਾਥੀ ਮਾਰਤੋਵ ਕੋਲ ਕੇਵਲ ਨੌਂ ਵੋਟਾਂ ਰਹਿ ਗਈਆਂ; ਜਿੱਤ ਪ੍ਰਾਪਤ ਕਰਨ ਲਈ, ਉਹਨੂੰ "ਇਸਕਰਾ"-ਵਿਰੋਧੀਆਂ ਅਤੇ "ਕੇਂਦਰ" ਦੇ ਸਾਰੇ ਵੋਟਾਂ ਦੀ ਲੋੜ ਸੀ—ਜਿਨ੍ਹਾਂ ਟੋਲੀਆਂ ਨਾਲ਼ ਉਹ ਆਪਣੀਆਂ ਸ਼ਕਤੀਆਂ ਸਾਂਝੀਆਂ ਕਰ ਸਕਦਾ ਸੀ (ਜਿਵੇਂ ਨਿਯਮਾਂ ਦੇ ਪਹਿਲੇ ਪੈਰੇ ਸਬੰਧੀ), "ਕੁਲੀਸ਼ਨ"

ਬਣਾ ਸਕਦਾ ਸੀ, ਅਰਥਾਤ, ਉਹਨਾਂ ਦੀ ਹਮਾਇਤ ਪ੍ਰਾਪਤ ਕਰ ਸਕਦਾ ਸੀ, ਪਰ ਜਿਸ ਨਾਲ਼ ਉਹ ਸਿੱਧਾ ਸਮਝੌਤਾ **ਨਹੀਂ ਸੀ ਕਰ ਸਕਦਾ**—ਅਜਿਹਾ ਨਹੀਂ ਸੀ ਕਰ ਸਕਦਾ ਕਿਉਂਕਿ ਸਾਰੀ ਕਾਂਗਰਸ ਵਿੱਚ ਉਹ ਸਾਡੇ ਨਾਲ਼ੋਂ ਘੱਟ ਤੀਖਣਤਾ ਨਾਲ਼ ਇਸ ਟੋਲੀ ਵਿਰੁੱਧ ਨਹੀਂ ਸੀ ਲੜਿਆ। ਇਸੇ ਵਿੱਚ ਸਾਥੀ ਮਾਰਤੋਵ ਦੀ ਹਾਲਤ ਦੀ ਤ੍ਰਾਸ-ਕਾਮੇਦੀ ਸੀ! ਆਪਣੀ "ਘੇਰੇ ਦੀ ਹਾਲਤ" ਵਿੱਚ ਸਾਥੀ ਮਾਰਤੋਵ ਹੇਠ ਲਿਖੇ ਵਿਹੁਲੇ ਸਵਾਲ ਨਾਲ਼ ਮੇਰੀ ਅਲਖ ਮੁਕਾਉਣਾ ਚਾਹੁੰਦਾ ਹੈ: "ਅਸੀਂ ਸਤਿਕਾਰ ਨਾਲ਼ ਸਾਥੀ ਲੈਨਿਨ ਨੂੰ ਸਪਸ਼ਟ ਜਵਾਬ ਦੇਣ ਦੀ ਬੇਨਤੀ ਕਰਦੇ ਹਾਂ—ਕਾਂਗਰਸ ਵਿੱਚ "ਯੁਜ਼ਨੀ ਰਾਬੋਚੀ" ਟੋਲੀ **ਕਿਸ ਲਈ** ਇੱਕ ਬਾਹਰਲਾ ਅੰਸ਼ ਸਨ ?" (ਪੰਨਾ 23, ਪਦ-ਟੂਕ)। ਮੈਂ ਸਤਿਕਾਰ ਨਾਲ਼ ਅਤੇ ਸਪਸ਼ਟ ਤੌਰ ਉੱਤੇ ਜਵਾਬ ਦੇਂਦਾ ਹਾਂ: ਉਹ ਸਾਥੀ ਮਾਰਤੋਵ ਲਈ ਬਾਹਰਲਾ ਅੰਸ਼ ਸਨ। ਅਤੇ ਇਹਦਾ ਸਬੂਤ ਇਹ ਹੈ ਕਿ ਜਿਥੇ ਮੈਂ "ਇਸਕਰਾ"-ਵਾਦੀਆਂ ਨਾਲ਼ ਛੇਤੀ ਹੀ ਇੱਕ ਸਿੱਧਾ ਸਮਝੌਤਾ ਕਰ ਲਿਆ, ਉਥੇ ਸਾਥੀ ਮਾਰਤੋਵ ਨੇ "ਯੁਜ਼ਨੀ ਰਾਬੋਚੀ" ਟੋਲੀ ਨਾਲ਼ ਸਿੱਧਾ ਸਮਝੌਤਾ ਨਾ ਕੀਤਾ ਅਤੇ ਨਾ ਹੀ ਕਰ ਸਕਦਾ ਸੀ, ਨਾ ਹੀ ਸਾਥੀ ਮਾਖੋਵ ਨਾਲ਼, ਨਾ ਹੀ ਸਾਥੀ ਬਰੂਕੇਰੇ ਨਾਲ਼।

ਕੇਵਲ ਜਦੋਂ ਸਾਨੂੰ ਇਸ ਸਿਆਸੀ ਪ੍ਰਸਥਿਤੀ ਦਾ ਸਪਸ਼ਟ ਵਿਚਾਰ ਮਿਲ ਜਾਂਦਾ ਹੈ ਤਾਂ ਅਸੀਂ ਪ੍ਰਸਿੱਧ "ਝੂਠੀ" ਸੂਚੀ ਦੇ ਬਹੁ-ਚਰਚਿਤ ਸਵਾਲ ਦੀ "ਘੁੰਡੀ" ਨੂੰ ਸਮਝ ਸਕਦੇ ਹਾਂ। ਜ਼ਰਾ ਆਪਣੇ ਸਾਹਮਣੇ ਮਾਮਲਿਆਂ ਦੀ ਅਸਲ ਹਾਲਤ ਦੀ ਕਲਪਨਾ ਕਰੋ: "ਇਸਕਰਾ" ਜਥੇਬੰਦੀ ਵਿੱਚ ਫੁੱਟ ਪੈ ਗਈ ਹੈ, ਅਤੇ ਅਸੀਂ ਕਾਂਗਰਸ ਵਿੱਚ ਅਜ਼ਾਦ ਮੁਹਿੰਮ ਚਲਾ ਰਹੇ ਹਾਂ, ਆਪਣੀਆਂ ਸਬੰਧਿਤ ਸੂਚੀਆਂ ਦੀ ਹਮਾਇਤ ਕਰਦੇ ਹਾਂ। ਇਸ ਹਮਾਇਤ ਵਿੱਚ, ਅਣਗਿਣਤ ਨਿੱਜੀ ਗੱਲਬਾਤ ਵਿੱਚ, ਸੂਚੀਆਂ ਸੈਂਕੜੇ ਵੱਖ ਵੱਖ ਜੋੜਾਂ ਵਿੱਚ ਤਬਦੀਲ ਹੁੰਦੀਆਂ ਹਨ: ਪੰਜਾਂ ਦੀ ਥਾਂ ਤਿੰਨਾਂ ਦੀ ਕਮੇਟੀ ਤਜਵੀਜ਼ ਕੀਤੀ ਜਾਂਦੀ ਹੈ; ਇੱਕ ਉਮੀਦਵਾਰ ਦੀ ਥਾਂ ਹਰ ਤਰ੍ਹਾਂ ਦੇ ਬਦਲ ਤਜਵੀਜ਼ ਕੀਤੇ ਜਾਂਦੇ ਹਨ। ਉਦਾਹਰਣ ਵਜੋਂ, ਮੈਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ਬਹੁਗਿਣਤੀ ਵਿਚਕਾਰ ਨਿੱਜੀ ਗੱਲਬਾਤ ਦੇ ਦੌਰਾਨ ਸਾਥੀ ਰੂਸੋਵ, ਓਸੀਪੋਵ, ਪਾਵਲੋਵਿਚ ਅਤੇ ਦੇਦੋਵ ਦੀ ਉਮੀਦਵਾਰੀ ਤਜਵੀਜ਼ ਕੀਤੀ ਗਈ ਅਤੇ ਫਿਰ, ਵਿਚਾਰਾਂ ਅਤੇ ਬਹਿਸਾਂ ਪਿੱਛੋਂ, ਵਾਪਸ ਲੈ ਲਈ ਗਈ। ਇਹ ਐਨ ਸੰਭਵ ਹੈ ਕਿ ਹੋਰ ਉਮੀਦਵਾਰ ਵੀ ਤਜਵੀਜ਼ ਕੀਤੇ ਗਏ ਹੋਣ ਜਿਨ੍ਹਾਂ ਦਾ ਮੈਨੂੰ ਪਤਾ ਨਹੀਂ। ਇਹਨਾਂ ਗੱਲਾਂ ਬਾਤਾਂ ਦੇ ਦੌਰਾਨ ਕਾਂਗਰਸ ਦਾ ਹਰ ਡੈਲੀਗੇਟ ਆਪਣੀ ਰਾਏ ਪ੍ਰਗਟ ਕਰਦਾ, ਤਬਦੀਲੀਆਂ ਤਜਵੀਜ਼ ਕਰਦਾ, ਦਲੀਲਾਂ ਦੇਂਦਾ, ਇਤਿ-ਆਦਿ। ਇਹ ਗੱਲ ਬਹੁਤ ਜ਼ਿਆਦਾ ਅਣ-ਸੰਭਾਵੀ ਹੈ ਕਿ ਅਜਿਹੀ ਹਾਲਤ ਕੇਵਲ ਬਹੁਗਿਣਤੀ ਵਿੱਚ ਹੀ ਹੋਵੇ। ਇਸ ਸਬੰਧੀ ਕੋਈ ਸ਼ੱਕ ਨਹੀਂ ਕਿ ਅਜਿਹੀ ਹੀ ਗੱਲ ਘੱਟਗਿਣਤੀ ਵਿੱਚ ਵੀ ਚੱਲਦੀ ਰਹੀ, ਕਿਉਂਕਿ ਉਹਨਾਂ ਦੇ ਮੁਢਲੇ ਪੰਜ (ਪੋਪੋਵ, ਤਰਾਤਸਕੀ, ਫ਼ੋਮਿਨ, ਗਲੇਬੋਵ ਅਤੇ ਤਰਾਵਿਨਸਕੀ) ਦੀ ਥਾਂ ਪਿੱਛੋਂ ਜਾਕੇ, ਜਿਹਾ ਕਿ ਅਸਾਂ ਸਾਥੀ ਮਾਰਤੋਵ ਅਤੇ ਸਤਾਰੋਵਰ ਦੇ ਪੱਤਰ ਤੋਂ ਵੇਖਿਆ ਹੈ, ਇੱਕ ਤਿੱਕੜੀ—ਗਲੇਬੋਵ, ਤਰਾਤਸਕੀ ਅਤੇ ਪੋਪੋਵ—ਦੇ ਦਿੱਤੀ ਗਈ, ਨਾਲ਼ੇ, ਕਿਉਂਕਿ ਗਲੇਬੋਵ ਉਹਨਾਂ ਨੂੰ ਪਸੰਦ ਨਹੀਂ ਸੀ, ਉਹ ਉਹਦੀ ਥਾਂ ਫ਼ੋਮਿਨ ਨੂੰ ਦੇਣ ਲਈ ਤਿਆਰ ਸਨ (ਵੇਖੋ ਸਾਥੀ ਲਯਾਦੋਵ ਅਤੇ ਗੋਰਿਨ ਦੀ

ਦੁਵਰਕੀ)। ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਕਾਂਗਰਸ ਦੇ ਡੈਲੀਗੇਟਾਂ ਦੀ ਮੇਰੀ ਵੰਡ, ਜਿਹੜੀ ਇਸ ਪੈਂਫ਼ਲਟ ਵਿੱਚ ਉਲੀਕੀ ਗਈ ਹੈ, ਘਟਨਾ ਪਿੱਛੋਂ ਵਿਸ਼ਲੇਸ਼ਣ ਦੇ ਅਧਾਰ ਉੱਤੇ ਕੀਤੀ ਗਈ ਸੀ; ਅਸਲ ਵਿੱਚ, ਚੋਣਾਂ ਦੀ ਐਜੀਟੇਸ਼ਨ ਦੇ ਦੌਰਾਨ ਇਹ ਟੋਲੀਆਂ ਅਜੇ ਉੱਭਰਨੀਆਂ ਸ਼ੁਰੂ ਹੀ ਹੋਈਆਂ ਸਨ ਅਤੇ ਡੈਲੀਗੇਟਾਂ ਵਿਚਕਾਰ ਵਿਚਾਰਾਂ ਦਾ ਵਟਾਂਦਰਾ ਬੜੀ ਖੁੱਲ੍ਹੀ ਤਰ੍ਹਾਂ ਚੱਲਦਾ; ਕੋਈ "ਕੰਧ" ਸਾਨੂੰ ਵੰਡਦੀ ਨਹੀਂ ਸੀ, ਅਤੇ ਹਰ ਇੱਕ ਜਿਸ ਡੈਲੀਗੇਟ ਨਾਲ਼ ਚਾਹੇ ਗੱਲ ਕਰ ਸਕਦਾ ਸੀ ਅਤੇ ਵੱਖਰੇ ਤੌਰ ਉੱਤੇ ਮਾਮਲਿਆਂ ਉੱਤੇ ਵਿਚਾਰ ਕਰ ਸਕਦਾ ਸੀ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਦੀ ਸੂਚੀ (ਪੋਪੋਵ, ਤਰਾਤਸਕੀ, ਫ਼ੋਮਿਨ, ਗਲੇਬੋਵ, ਅਤੇ ਤਰਾਵਿਨਸਕੀ) ਦੇ ਨਾਲ਼ ਹੀ ਨਾਲ਼ ਇੱਕ ਹੋਰ ਸੂਚੀ ਪ੍ਰਗਟ ਹੋਵੇ, ਜਿਹੜੀ ਬਹੁਤ ਵੱਖਰੀ ਨਹੀਂ: ਪੋਪੋਵ, ਤਰਾਤਸਕੀ, ਫ਼ੋਮਿਨ, ਸਤੀਨ ਅਤੇ ਯੇਗੋਰੋਵ। ਉਮੀਦਵਾਰਾਂ ਦੇ ਅਜਿਹੇ ਜੁੱਟਾਂ ਦਾ ਪ੍ਰਗਟ ਹੋਣਾ ਬਹੁਤ ਸੁਭਾਵਕ ਸੀ, ਕਿਉਂਕਿ ਸਾਡੇ ਉਮੀਦਵਾਰ ਗਲੇਬੋਵ ਅਤੇ ਤਰਾਵਿਨਸਕੀ ਸਪਸ਼ਟ ਤੌਰ ਉੱਤੇ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਨੂੰ ਪਸੰਦ ਨਹੀਂ ਸਨ (ਵੇਖੋ ਭਾਗ ਙ ਵਿੱਚ ਉਹਨਾਂ ਦਾ ਖ਼ਤ, ਜਿਸ ਵਿੱਚ ਉਹ ਤਿੱਕੜੀ ਵਿੱਚੋਂ ਤਰਾਵਿਨਸਕੀ ਨੂੰ ਕੱਢ ਦੇਂਦੇ ਹਨ ਅਤੇ ਸਪਸ਼ਟ ਤੌਰ ਉੱਤੇ ਇਹ ਕਹਿੰਦੇ ਹਨ ਕਿ ਗਲੇਬੋਵ ਇੱਕ ਸਮਝੌਤਾ ਹੈ)। ਗਲੇਬੋਵ ਅਤੇ ਤਰਾਵਿਨਸਕੀ ਦੀ ਥਾਂ ਜਥੇਬੰਦਕ ਕਮੇਟੀ ਦੇ ਮੈਂਬਰਾਂ ਸਤੀਨ ਅਤੇ ਯੇਗੋਰੋਵ ਨੂੰ ਦੇਣਾ ਐਨ ਸੁਭਾਵਕ ਸੀ ਅਤੇ ਜੇ ਪਾਰਟੀ ਘੱਟਗਿਣਤੀ ਦੇ ਡੈਲੀਗੇਟਾਂ ਵਿੱਚੋਂ ਕਿਸੇ ਨੇ ਉਹਨਾਂ ਦਾ ਨਾਂ ਨਾ ਪੇਸ਼ ਕੀਤਾ ਹੁੰਦਾ ਤਾਂ ਇਹ ਹੈਰਾਨੀ ਦੀ ਗੱਲ ਹੁੰਦੀ।

ਆਓ ਹੁਣ ਅਸੀਂ ਹੇਠ ਲਿਖੇ ਦੋ ਸਵਾਲਾਂ ਨੂੰ ਵਿਚਾਰੀਏ: 1) ਯੇਗੋਰੋਵ, ਸਤੀਨ, ਪੋਪੋਵ, ਤਰਾਤਸਕੀ ਅਤੇ ਫ਼ੋਮਿਨ ਸੂਚੀ ਦਾ ਘੜਨ ਵਾਲ਼ਾ ਕੌਣ ਸੀ ? ਅਤੇ 2) ਸਾਥੀ ਮਾਰਤੋਵ ਨੂੰ ਇਸ ਗੱਲ ਉੱਤੇ ਇੰਨਾ ਗ਼ੁੱਸਾ ਕਿਉਂ ਆਇਆ ਕਿ ਸੂਚੀ ਉਹਦੇ ਨਾਂ ਨਾਲ਼ ਜੋੜੀ ਗਈ ਹੈ ? ਪਹਿਲੇ ਸਵਾਲ ਦਾ **ਠੀਕ ਠੀਕ** ਜਵਾਬ ਪ੍ਰਾਪਤ ਕਰਨ ਲਈ ਕਾਂਗਰਸ ਦੇ ਸਾਰੇ ਡੈਲੀਗੇਟਾਂ ਤੋਂ ਪੁੱਛ-ਗਿੱਛ ਕਰਨੀ ਜ਼ਰੂਰੀ ਹੋਵੇਗੀ। ਇਹ ਗੱਲ ਹੁਣ ਅਸੰਭਵ ਹੈ। ਵਿਸ਼ੇਸ਼ ਤੌਰ ਉੱਤੇ, ਇਹ ਪਤਾ ਕਰਨਾ ਜ਼ਰੂਰੀ ਹੋਵੇਗਾ ਕਿ ਕਾਂਗਰਸ ਵਿੱਚ ਪਾਰਟੀ ਘੱਟਗਿਣਤੀ ਨੇ (ਇਹਨੂੰ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਨਾਲ਼ ਗਡ-ਮਡ ਨਹੀਂ ਕਰਨਾ ਚਾਹੀਦਾ) ਉਹਨਾਂ ਸੂਚੀਆਂ ਸਬੰਧੀ ਸੁਣਿਆ ਸੀ, ਜਿਨ੍ਹਾਂ ਕਾਰਨ "ਇਸਕਰਾ" ਜਥੇਬੰਦੀ ਵਿੱਚ ਫੁੱਟ ਪਈ ? ਉਹਨਾਂ "ਇਸਕਰਾ" ਜਥੇਬੰਦੀ ਦੀ ਬਹੁਗਿਣਤੀ ਅਤੇ ਘੱਟਗਿਣਤੀ ਦੀਆਂ ਕ੍ਰਮਵਾਰ ਸੂਚੀਆਂ ਸਬੰਧੀ ਕੀ ਵਿਚਾਰ ਬਣਾਏ ? ਅਤੇ ਕੀ ਉਹਨਾਂ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਦੀ ਸੂਚੀ ਵਿੱਚ ਯੋਗ ਤਬਦੀਲੀਆਂ ਸਬੰਧੀ ਰਾਵਾਂ ਪ੍ਰਗਟ ਨਹੀਂ ਸਨ ਕੀਤੀਆਂ ਜਾਂ ਹੋਰਾਂ ਨੂੰ ਪ੍ਰਗਟ ਕਰਦੇ ਨਹੀਂ ਸੀ ਸੁਣਿਆ ? ਮੰਦੇ ਭਾਗੀਂ, ਇਹ ਸਵਾਲ ਸਾਲਸੀ ਅਦਾਲਤ ਵਿੱਚ ਵੀ ਨਹੀਂ ਉਠਾਏ ਗਏ ਜਾਪਦੇ, ਜਿਸਨੂੰ (ਉਹਦੇ ਨਿਰਣੇ ਦੇ ਪਾਠ ਤੋਂ ਅੰਦਾਜ਼ਾ ਲਾਉਂਦੇ ਹੋਏ) ਇਹ ਵੀ ਨਾ ਪਤਾ ਲੱਗਾ ਕਿ "ਪੰਜਾਂ" ਦੀ ਕਿਹੜੀ ਸਾਰਣੀ ਉੱਤੇ "ਇਸਕਰਾ" ਜਥੇਬੰਦੀ ਵਿੱਚ ਫੁੱਟ ਪਈ। ਉਦਾਹਰਣ ਵਜੋਂ ਸਾਥੀ ਬੇਲੋਵ ਨੇ (ਜਿਸਨੂੰ ਮੈਂ "ਕੇਂਦਰ" ਵਿੱਚ

ਗਿਣਦਾ ਹਾਂ) "ਸ਼ਹਾਦਤ ਦਿੱਤੀ ਕਿ ਉਹਦੇ ਸਾਥੀ ਡਿਊਸ਼ ਨਾਲ਼ ਚੰਗੇ ਸਾਥੀਆਂ ਵਾਲ਼ੇ ਸਬੰਧ ਸਨ, ਜਿਹੜਾ ਉਹਨੂੰ ਕਾਂਗਰਸ ਵਿੱਚ ਕੰਮ ਸਬੰਧੀ ਆਪਣੇ ਪ੍ਰਭਾਵ ਦੱਸਦਾ ਹੁੰਦਾ ਸੀ, ਅਤੇ, ਇਹ ਕਿ ਜੇ ਸਾਥੀ ਡਿਊਸ਼ ਕਿਸੇ ਸੂਚੀ ਲਈ ਮੁਹਿੰਮ ਚਲਾ ਰਿਹਾ ਹੁੰਦਾ ਤਾਂ ਉਹ ਬੇਲੋਵ ਨੂੰ ਇਸ ਤੱਥ ਸਬੰਧੀ ਖ਼ਬਰ ਦੇਂਦਾ।" ਇਸ ਗੱਲ ਉੱਤੇ ਅਫ਼ਸੋਸ ਪ੍ਰਗਟ ਕਰਨਾ ਚਾਹੀਦਾ ਹੈ ਕਿ ਇਹ ਗੱਲ ਸਪੱਸ਼ਟ ਨਾ ਹੋਈ ਕਿ ਸਾਥੀ ਡਿਊਸ਼ ਨੇ ਸਾਥੀ ਬੇਲੋਵ ਨੂੰ ਕਾਂਗਰਸ ਵਿੱਚ "ਇਸਕਰਾ" ਜਥੇਬੰਦੀ ਦੀਆਂ ਸੂਚੀਆਂ ਸਬੰਧੀ ਆਪਣੇ ਪ੍ਰਭਾਵ ਦੱਸੇ ਜਾਂ ਨਹੀਂ, ਅਤੇ ਜੇ ਉਹਨੇ ਦੱਸੇ, ਤਾਂ "ਇਸਕਰਾ" ਘੱਟਗਿਣਤੀ ਵੱਲੋਂ ਤਜਵੀਜ਼ ਕੀਤੀ ਪੰਜਾਂ ਦੀ ਸਾਰਣੀ ਵੱਲ ਸਾਥੀ ਬੇਲੋਵ ਦਾ ਪ੍ਰਤੀਕਰਮ ਕੀ ਸੀ ਅਤੇ ਕੀ ਉਹਨੇ ਇਹਦੇ ਵਿੱਚ ਕੋਈ ਯੋਗ ਤਬਦੀਲੀਆਂ ਤਜਵੀਜ਼ ਨਾ ਕੀਤੀਆਂ ਜਾਂ ਹੋਰਾਂ ਨੂੰ ਤਜਵੀਜ਼ ਕਰਦੇ ਨਾ ਸੁਣਿਆ। ਕਿਉਂਕਿ ਇਹ ਗੱਲ ਸਪੱਸ਼ਟ ਨਾ ਕੀਤੀ ਗਈ ਇਸ ਲਈ ਸਾਥੀ ਬੇਲੋਵ ਅਤੇ ਸਾਥੀ ਡਿਊਸ਼ ਦੀ ਸ਼ਹਾਦਤ ਵਿਚਕਾਰ ਵਿਰੋਧ ਹੈ, ਜਿਹੜਾ ਸਾਥੀ ਗੋਰਿਨ ਅਤੇ ਲਯਾਦੋਵ ਨੇ ਪਹਿਲਾਂ ਹੀ ਵੇਖਿਆ ਹੈ, ਅਰਥਾਤ, ਇਸ ਸਬੰਧੀ ਉਹਦੇ ਦਾਅਵਿਆਂ ਦੇ ਬਾਵਜੂਦ ਸਾਥੀ ਡਿਊਸ਼ ਨੇ "ਇਸਕਰਾ" ਜਥੇਬੰਦੀ ਵੱਲੋਂ ਤਜਵੀਜ਼ ਕੀਤੇ "ਕੇਂਦਰੀ ਕਮੇਟੀ ਲਈ ਕੁੱਝ ਉਮੀਦਵਾਰਾਂ ਲਈ ਮੁਹਿੰਮ" ਚਲਾਈ। ਸਾਥੀ ਬੇਲੋਵ ਨੇ ਹੋਰ ਸ਼ਹਾਦਤ ਦਿੱਤੀ ਕਿ "ਜਦੋਂ ਉਹ ਸਾਥੀ ਯੇਗੋਰੋਵ ਅਤੇ ਪੋਪੋਵ ਅਤੇ ਖ਼ਾਰਕੋਵ ਕਮੇਟੀ ਦੇ ਡੈਲੀਗੇਟਾਂ ਨੂੰ ਮਿਲਿਆ ਤਾਂ, ਇੱਕ ਨਿੱਜੀ ਗੱਲਬਾਤ ਵਿੱਚ, ਉਹਨੇ ਕਾਂਗਰਸ ਖ਼ਤਮ ਹੋਣ ਤੋਂ ਦੋ ਦਿਨ ਪਹਿਲਾਂ ਫੇਰੀ ਜਾ ਰਹੀ ਇੱਕ ਸੂਚੀ ਸਬੰਧੀ ਸੁਣਿਆ। ਯੇਗੋਰੋਵ ਨੇ ਆਪਣਾ ਨਾਂ ਕੇਂਦਰੀ ਕਮੇਟੀ ਲਈ ਉਮੀਦਵਾਰਾਂ ਦੀ ਸਾਰਣੀ ਵਿੱਚ ਸ਼ਾਮਲ ਕੀਤੇ ਜਾਣ ਉੱਤੇ ਹੈਰਾਨੀ ਪ੍ਰਗਟ ਕੀਤੀ, ਕਿਉਂਕਿ ਉਹਦੀ, ਯੇਗੋਰੋਵ ਦੀ ਰਾਏ ਵਿੱਚ, ਉਹਦੀ ਉਮੀਦਵਾਰੀ ਕਾਂਗਰਸ ਦੇ ਡੈਲੀਗੇਟਾਂ ਵਿੱਚ ਹਮਦਰਦੀ ਪੈਦਾ ਨਹੀਂ ਕਰੇਗੀ, ਭਾਵੇਂ ਉਹ ਬਹੁਗਿਣਤੀ ਦੇ ਹੋਣ ਜਾਂ ਘੱਟਗਿਣਤੀ ਦੇ।" ਇਹ ਬੜੀ ਮਹੱਤਵਪੂਰਨ ਗੱਲ ਹੈ ਕਿ ਇਥੇ ਸੰਕੇਤ **"ਇਸਕਰਾ" ਜਥੇਬੰਦੀ** ਦੀ ਘੱਟਗਿਣਤੀ ਵੱਲ ਜਾਪਦਾ ਹੈ, ਕਿਉਂਕਿ ਬਾਕੀ ਦੀ ਪਾਰਟੀ ਕਾਂਗਰਸ ਘੱਟਗਿਣਤੀ ਵਿੱਚ ਸਾਥੀ ਯੇਗੋਰੋਵ, ਜਥੇਬੰਦਕ ਕਮੇਟੀ ਦੇ ਇੱਕ ਮੈਂਬਰ ਅਤੇ "ਕੇਂਦਰ" ਦੇ ਇੱਕ ਉੱਘੇ ਬੁਲਾਰੇ ਦੀ ਉਮੀਦਵਾਰੀ ਦਾ ਸੁਆਗਤ ਨਾ ਕੇਵਲ ਹਮਦਰਦੀ ਨਾਲ਼ ਕੀਤਾ ਜਾ ਸਕਦਾ ਸੀ, ਸਗੋਂ ਐਨ ਸੰਭਵ ਹੈ, ਕੀਤਾ ਜਾਂਦਾ। ਮੰਦੇ ਭਾਗੀਂ ਸਾਨੂੰ ਸਾਥੀ ਬੇਲੋਵ ਤੋਂ ਪਾਰਟੀ ਘੱਟਗਿਣਤੀ ਵਿੱਚ ਉਹਨਾਂ ਦੀ, ਜਿਹੜੇ "ਇਸਕਰਾ" ਜਥੇਬੰਦੀ ਵਿੱਚ ਸ਼ਾਮਲ ਨਹੀਂ ਸਨ, ਹਮਦਰਦੀ ਜਾਂ ਵਿਪ੍ਰੀਤੀ ਸਬੰਧੀ ਕੁੱਝ ਪਤਾ ਨਹੀਂ ਲਗਦਾ। ਅਤੇ ਇਹਦੇ ਬਾਵਜੂਦ ਇਸੇ ਗੱਲ ਦੀ ਮਹੱਤਤਾ ਹੈ, ਕਿਉਂਕਿ ਸਾਥੀ ਡਿਊਸ਼ ਇਹ ਸੂਚੀ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਦੇ ਨਾਂ ਲਾਏ ਜਾਣ ਉੱਤੇ ਬਹੁਤ ਗ਼ੁੱਸੇ ਹੋ ਗਿਆ, ਜਿਥੇ ਕਿ ਇਹ ਹੋ ਸਕਦਾ ਹੈ ਕਿ ਇਹਦਾ ਮੁੱਢ ਉਸ ਘੱਟਗਿਣਤੀ ਵਿੱਚ ਬੱਝਾ ਹੋਵੇ ਜਿਹੜੀ ਉਸ ਜਥੇਬੰਦੀ ਵਿੱਚ ਸ਼ਾਮਲ ਨਹੀਂ ਸੀ।

ਨਿਰਸੰਦੇਹ, ਅੱਜ ਦੇ ਦਿਨ ਇਹ ਚੇਤੇ ਕਰਨਾ ਕਿ ਕਿਸਨੇ ਉਮੀਦਵਾਰਾਂ ਦਾ ਇਹ ਮੇਲ ਤਜਵੀਜ਼ ਕੀਤਾ ਅਤੇ ਕਿਸ ਤੋਂ ਸਾਡੇ ਵਿੱਚੋਂ ਹਰ ਇੱਕ ਨੇ ਇਸ ਸਬੰਧੀ ਸੁਣਿਆ, ਬਹੁਤ

ਔਖੀ ਗੱਲ ਹੈ। ਉਦਾਹਰਣ ਵਜੋਂ ਮੈਂ ਇਹ ਗੱਲ ਚੇਤੇ ਕਰਨ ਦਾ ਯਤਨ ਵੀ ਨਹੀਂ ਕਰ ਸਕਦਾ ਕਿ ਬਹੁਗਿਣਤੀ ਵਿੱਚੋਂ ਪਹਿਲਾਂ ਕਿਸਨੇ ਗੁਸੇਵ ਅਤੇ ਦੇਦੋਵ ਅਤੇ ਜਿਨ੍ਹਾਂ ਹੋਰਾਂ ਦਾ ਮੈਂ ਜ਼ਿਕਰ ਕੀਤਾ ਹੈ, ਦਾ ਨਾਂ ਪੇਸ਼ ਕੀਤਾ। ਇੱਕੋ ਇੱਕ ਗੱਲ ਜਿਹੜੀ, ਉਮੀਦਵਾਰਾਂ ਦੇ ਹਰ ਤਰ੍ਹਾਂ ਦੇ ਮੇਲਾਂ ਸਬੰਧੀ ਅਨੇਕ ਗੱਲ ਬਾਤਾਂ, ਤਜਵੀਜ਼ਾਂ ਅਤੇ ਅਫ਼ਵਾਹਾਂ ਵਿੱਚੋਂ ਮੇਰੇ ਚੇਤੇ ਵਿੱਚ ਕਾਇਮ ਹੈ, ਉਹ "ਸੂਚੀ" ਹਨ ਜਿਨ੍ਹਾਂ ਉੱਤੇ "ਇਸਕਰਾ" ਜਥੇਬੰਦੀ ਜਾਂ ਬਹੁਗਿਣਤੀ ਦੀਆਂ ਵੱਖਰੀਆਂ ਇਕੱਤ੍ਰਤਾਵਾਂ ਵਿੱਚ ਵੋਟ ਲਏ ਗਏ। ਇਹ ਸਾਰਣੀਆਂ ਆਮ ਤੌਰ ਉੱਤੇ ਜ਼ਬਾਨੀ ਫੇਰੀਆਂ ਜਾਂਦੀਆਂ (ਮੇਰੇ " 'ਇਸਕਰਾ' ਸੰਪਾਦਕਾਂ ਦੇ ਨਾਂ ਖ਼ਤ" ਵਿੱਚ, ਪੰਨਾ 4 ਹੇਠੋਂ ਸਤਰ 5, ਪੰਜ ਉਮੀਦਵਾਰਾਂ ਦਾ ਉਹ ਮੇਲ ਹੈ ਜਿਹੜਾ ਮੈਂ ਜ਼ਬਾਨੀ ਪੇਸ਼ ਕੀਤਾ ਜਿਸਨੂੰ ਮੈਂ "ਸੂਚੀ" ਕਹਿੰਦਾ ਹਾਂ); ਪਰ ਅਕਸਰ ਅਜਿਹਾ ਵੀ ਹੁੰਦਾ ਕਿ ਉਹ ਉਹਨਾਂ ਰੁੱਕਿਆਂ ਵਿੱਚ ਲਿਖੀਆਂ ਜਾਂਦੀਆਂ ਜਿਹੜੇ ਕਾਂਗਰਸ ਦੀਆਂ ਬੈਠਕਾਂ ਦੌਰਾਨ ਡੈਲੀਗੇਟਾਂ ਵੱਲੋਂ ਇੱਕ ਦੂਜੇ ਨੂੰ ਦਿੱਤੇ ਜਾਂਦੇ ਅਤੇ ਅਕਸਰ ਬੈਠਕਾਂ ਪਿੱਛੋਂ ਪਾੜ ਦਿੱਤੇ ਜਾਂਦੇ।

ਕਿਉਂਕਿ ਸਾਡੇ ਕੋਲ ਇਸ ਪ੍ਰਸਿੱਧ ਸੂਚੀ ਦੇ ਆਦਿ ਸਬੰਧੀ ਕੋਈ ਸ਼ੁੱਧ ਵਾਕਫ਼ੀ ਨਹੀਂ, ਇਹ ਗੱਲ ਕੇਵਲ ਫ਼ਰਜ਼ ਹੀ ਕੀਤੀ ਜਾ ਸਕਦੀ ਹੈ ਕਿ ਇਹਦੇ ਵਿੱਚ ਉਮੀਦਵਾਰਾਂ ਦਾ ਜਿਹੜਾ ਮੇਲ ਹੈ ਉਹ ਪਾਰਟੀ ਘੱਟਗਿਣਤੀ ਦੇ ਕਿਸੇ ਡੈਲੀਗੇਟ ਨੇ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਦੇ ਗਿਆਨ ਤੋਂ ਬਿਨਾਂ ਤਜਵੀਜ਼ ਕੀਤਾ ਅਤੇ ਉਸ ਤੋਂ ਪਿੱਛੋਂ ਇਹ ਜ਼ਬਾਨੀ ਅਤੇ ਲਿਖਤੀ ਰੂਪ ਵਿੱਚ ਕਾਂਗਰਸ ਵਿੱਚ ਚੱਕਰ ਕੱਟਣ ਲੱਗ ਪਿਆ; ਜਾਂ ਫਿਰ ਇਹ ਮੇਲ ਕਾਂਗਰਸ ਵਿੱਚ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਦੇ ਕਿਸੇ ਉਮੀਦਵਾਰ ਨੇ ਤਜਵੀਜ਼ ਕੀਤਾ ਜਿਹੜਾ ਪਿੱਛੋਂ ਜਾਕੇ ਇਹਨੂੰ ਭੁੱਲ-ਭੁਲਾ ਗਿਆ। ਇਹ ਪਿਛਲੇਰੀ ਮਿਥ ਮੈਨੂੰ ਵਧੇਰੇ ਸੰਭਵ ਜਾਪਦੀ ਹੈ, ਹੇਠ ਲਿਖੇ ਕਾਰਨ: ਪਹਿਲਾਂ ਹੀ ਕਾਂਗਰਸ ਵਿੱਚ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ **ਨਿਰਸੰਦੇਹ** ਸਾਥੀ ਸਤੀਨ ਦੀ ਉਮੀਦਵਾਰੀ ਨਾਲ਼ ਹਮਦਰਦੀ ਰੱਖਦੀ ਸੀ (ਵੇਖੋ ਹੱਥਲਾ ਪੈਂਫ਼ਲਟ); ਅਤੇ ਜਿੱਥੋਂ ਤੱਕ ਸਾਥੀ ਯੇਗੋਰੋਵ ਦੀ ਉਮੀਦਵਾਰੀ ਦਾ ਸਬੰਧ ਹੈ, **ਇਹ** ਘੱਟਗਿਣਤੀ ਨਿਰਸੰਦੇਹ ਕਾਂਗਰਸ ਤੋਂ ਪਿੱਛੋਂ ਇਸ ਸਿੱਟੇ ਉੱਤੇ ਅੱਪੜੀ (ਕਿਉਂਕਿ ਲੀਗ ਦੀ ਕਾਂਗਰਸ ਅਤੇ "ਘੇਰੇ ਦੀ ਹਾਲਤ" ਦੁਹਾਂ ਵਿੱਚ ਇਸ ਗੱਲ ਉੱਤੇ ਦੁੱਖ ਪ੍ਰਗਟ ਕੀਤਾ ਗਿਆ ਸੀ ਕਿ ਜਥੇਬੰਦਕ ਕਮੇਟੀ ਦੀ ਕੇਂਦਰੀ ਕਮੇਟੀ ਦਾ ਇੱਕ ਮੈਂਬਰ ਸੀ)। ਤਾਂ ਕੀ ਇਹ ਫ਼ਰਜ਼ ਕਰ ਲੈਣਾ ਸੁਭਾਵਕ ਨਹੀਂ ਕਿ ਜਥੇਬੰਦਕ ਕਮੇਟੀ ਦੇ ਮੈਂਬਰਾਂ ਨੂੰ ਕੇਂਦਰੀ ਕਮੇਟੀ ਦੇ ਮੈਂਬਰਾਂ ਵਿੱਚ ਤਬਦੀਲ ਕਰਨ ਦਾ ਇਹ ਵਿਚਾਰ, ਜਿਹੜੇ ਸਪਸ਼ਟ ਤੌਰ ਉੱਤੇ ਹਵਾ ਵਿੱਚ ਸੀ, ਘੱਟਗਿਣਤੀ ਦੇ ਕਿਸੇ ਮੈਂਬਰ ਨੇ ਪਾਰਟੀ ਕਾਂਗਰਸ ਵਿੱਚ ਕਿਸੇ ਨਿੱਜੀ ਗੱਲਬਾਤ ਵਿੱਚ ਵੀ ਪੇਸ਼ ਕੀਤਾ ਹੋਵੇ ?

ਪਰ ਇਸ ਸੁਭਾਵਕ ਵਿਆਖਿਆ ਦੀ ਥਾਂ ਸਾਥੀ ਮਾਰਤੋਵ ਅਤੇ ਡਿਊਸ਼ ਇਥੇ ਕੁੱਝ **ਨੀਚ** ਵੇਖਣ ਉੱਤੇ ਤੁਲੇ ਹੋਏ ਹਨ—ਸਾਜ਼ਸ਼, ਬੇਈਮਾਨੀ ਦੀ ਗੱਲ, "ਬਦੂ ਕਰਨ ਦੇ **ਮੰਤਵ ਨਾਲ਼ ਜਾਣ ਬੱਝ ਕੇ** ਝੂਠੀਆਂ ਅਫ਼ਵਾਹਾਂ ਉਡਾਉਣਾ", "**ਗੁੱਟਬੰਦਕ ਘੋਲ਼ ਦੇ ਹਿਤਾਂ ਵਿੱਚ ਜਾਲਸਾਜ਼ੀ**" ਅਤੇ ਅਜਿਹੀਆਂ ਹੀ ਹੋਰ ਗੱਲਾਂ। ਇਸ ਰੋਗੀ ਵਿਚਾਰ ਦੀ ਵਿਆਖਿਆ ਪਰਵਾਸੀ

ਜੀਵਨ ਦੀਆਂ ਵਿਗੜੀਆਂ ਹਾਲਤਾਂ ਜਾਂ ਅਸਧਾਰਨ ਤੰਤਵੀ ਹਾਲਤ ਰਾਹੀਂ ਕੀਤੀ ਜਾ ਸਕਦੀ ਹੈ, ਅਤੇ ਮੈਂ ਇਹ ਮਸਲਾ ਹੱਥ ਵਿੱਚ ਹੀ ਨਾ ਲਿਆ ਹੁੰਦਾ ਜੇ ਮਾਮਲਾ ਇੱਕ ਸਾਥੀ ਦੇ ਸਨਮਾਨ ਉੱਤੇ ਹਮਲੇ ਤੱਕ ਨਾ ਚਲਾ ਗਿਆ ਹੁੰਦਾ। ਜ਼ਰਾ ਵਿਚਾਰੋ: ਸਾਥੀ ਡਿਊਸ਼ ਅਤੇ ਮਾਰਤੋਵ ਕੋਲ ਇੱਕ ਅਸ਼ੁੱਧ ਬਿਆਨ, ਇੱਕ ਅਸ਼ੁੱਧ ਅਫ਼ਵਾਹ ਵਿੱਚ ਨੀਚ, ਖੋਰੀ ਨੀਅਤ ਵੇਖਣ ਲਈ ਕੀ ਕਾਰਨ ਸੀ ? ਉਹਨਾਂ ਦੀਆਂ ਰੋਗੀ ਕਲਪਨਾਵਾਂ ਨੇ ਜਿਹੜਾ ਚਿੱਤਰ ਖੜਾ ਕੀਤਾ ਉਹ ਇਹ ਜਾਪਦਾ ਸੀ ਕਿ ਬਹੁਗਿਣਤੀ ਨੇ ਉਹਨਾਂ ਨੂੰ "ਬਦੂ ਕਰਨ" ਦਾ ਯਤਨ ਕੀਤਾ, ਘੱਟਗਿਣਤੀ ਦੀ ਸਿਆਸੀ ਗ਼ਲਤੀ ਵੱਲ ਧਿਆਨ ਦਿਵਾਕੇ ਨਹੀਂ (ਪਹਿਲਾ ਪੈਰਾ ਅਤੇ ਮੌਕਾਪ੍ਰਸਤਾਂ ਨਾਲ਼ ਕੁਲੀਸ਼ਨ), ਸਗੋਂ "ਸੋਚੀ ਸਮਝੀ ਝੂਠੀਆਂ" ਅਤੇ "ਜਾਅਲੀ" ਸੂਚੀਆਂ ਘੱਟਗਿਣਤੀ ਦੇ ਨਾਂ ਲਾਕੇ। ਘੱਟਗਿਣਤੀ ਨੇ ਮਾਮਲੇ ਦਾ ਕਾਰਨ ਆਪਣੀ ਗ਼ਲਤੀ ਨੂੰ ਨਹੀਂ ਸਗੋਂ ਬਹੁਗਿਣਤੀ ਵੱਲੋਂ ਨੀਚ, ਨਮੋਸ਼ੀ ਵਾਲੀਆਂ ਅਤੇ ਬੇਅਸੂਲੀਆਂ ਕਾਰਵਾਈਆਂ ਨੂੰ ਦੱਸਣਾ ਚੰਗੇਰਾ ਸਮਝਿਆ! "ਅਸ਼ੁੱਧ ਬਿਆਨ" ਵਿੱਚ ਭੈੜੀ ਨੀਅਤ ਢੂੰਡਣਾ ਕਿੰਨਾ ਗ਼ਲਤ ਸੀ ਅਸੀਂ ਉੱਪਰ ਹਾਲਤਾਂ ਬਿਆਨ ਕਰਕੇ ਵਿਖਾ ਚੁੱਕੇ ਹਾਂ। ਇਹ ਗੱਲ ਸਾਥੀਆਂ ਦੀ ਸਾਲਸੀ ਅਦਾਲਤ ਨੇ ਵੀ ਸਪਸ਼ਟ ਤੌਰ ਉੱਤੇ ਅਨੁਭਵ ਕੀਤੀ, ਜਿਸ ਨੇ ਕੋਈ ਤੁਹਮਤ, ਜਾਂ ਕੋਈ ਬੁਰੀ ਨੀਅਤ, ਜਾਂ ਕੋਈ ਬੇਅਸੂਲੀ ਗੱਲ ਨਾ ਵੇਖੀ। ਅਖ਼ੀਰੀ ਗੱਲ ਇਹ ਇਸ ਤੱਥ ਤੋਂ ਅਤਿਅੰਤ ਸਪਸ਼ਟਤਾ ਨਾਲ਼ ਸਿੱਧ ਹੁੰਦਾ ਹੈ ਕਿ ਖ਼ੁਦ ਪਾਰਟੀ ਕਾਂਗਰਸ ਵਿੱਚ ਚੋਣਾਂ ਤੋਂ ਪਹਿਲਾਂ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਨੇ ਗ਼ਲਤ ਅਫ਼ਵਾਹ ਸਬੰਧੀ ਬਹੁਗਿਣਤੀ ਨਾਲ਼ ਵਿਚਾਰਾਂ ਦਾ ਵਟਾਂਦਰਾ ਕੀਤਾ, ਅਤੇ ਇਥੋਂ ਤੱਕ ਕਿ ਸਾਥੀ ਮਾਰਤੋਵ ਨੇ ਆਪਣੇ ਵਿਚਾਰ ਇੱਕ ਖ਼ਤ ਵਿੱਚ ਲਿਖੇ ਜਿਹੜੇ ਬਹੁਗਿਣਤੀ ਨੂੰ ਸੁੱਝੀ ਵੀ ਨਾ ਕਿ ਉਹ "ਇਸਕਰਾ" ਘੱਟਗਿਣਤੀ ਤੋਂ ਇਹ ਗੱਲ ਲੁਕਾਵੇ ਕਿ ਅਜਿਹੀ ਇੱਕ ਸੂਚੀ ਕਾਂਗਰਸ ਵਿੱਚ ਚੱਕਰ ਕੱਟ ਰਹੀ ਹੈ: ਸਾਥੀ ਲੇਨਸਕੀ ਨੇ ਸਾਥੀ ਡਿਊਸ਼ ਨੂੰ ਇਸ ਸਬੰਧੀ ਦੱਸਿਆ (ਅਦਾਲਤ ਦੀ ਕਾਰਵਾਈ ਵੇਖੋ); ਸਾਥੀ ਪਲੈਖ਼ਾਨੋਵ ਨੇ ਸਾਥੀ ਜ਼ਾਸੂਲਿਚ ਨਾਲ਼ ਇਸ ਸਬੰਧੀ ਗੱਲ ਕੀਤੀ ("ਤੁਸੀਂ ਉਹਦੇ ਨਾਲ਼ ਗੱਲ ਨਹੀਂ ਕਰ ਸਕਦੇ, ਉਹ ਤਾਂ ਮੈਨੂੰ ਤਰੇਪੋਵ* ਸਮਝਦੀ ਹੈ," ਸਾਥੀ ਪਲੈਖ਼ਾਨੋਵ ਨੇ ਮੈਨੂੰ ਕਿਹਾ, ਅਤੇ ਇਹ ਠੱਠਾ, ਜਿਹੜਾ ਪਿੱਛੋਂ ਅਨੇਕ ਵਾਰ ਦੁਹਰਾਇਆ ਗਿਆ, ਉਤੇਜਨਾ ਦੀ ਉਸ ਅਸਧਾਰਨ ਹਾਲਤ ਦਾ ਇੱਕ ਹੋਰ ਸੰਕੇਤ ਹੈ ਜਿਸ ਵਿੱਚ ਘੱਟਗਿਣਤੀ ਉਸ ਸਮੇਂ ਸੀ); ਮੈਂ ਸਾਥੀ ਮਾਰਤੋਵ ਨੂੰ ਸੂਚਿਤ ਕੀਤਾ ਕਿ ਉਹਦਾ ਇਹ ਭਰੋਸਾ (ਕਿ ਸੂਚੀ ਉਹਦੀ, ਮਾਰਤੋਵ ਦੀ, ਨਹੀਂ ਸੀ) ਮੇਰੇ ਲਈ ਬਿਲਕੁਲ ਕਾਫ਼ੀ ਸੀ (ਲੀਗ ਦੀ ਕਾਰਵਾਈ, ਪੰਨਾ 64)। ਇਸ ਉੱਤੇ ਸਾਥੀ ਮਾਰਤੋਵ ਨੇ (ਜੇ ਮੈਨੂੰ ਠੀਕ ਤਰ੍ਹਾਂ ਚੇਤੇ ਹੈ ਤਾਂ ਸਾਥੀ ਸਤਾਰੋਵਰ ਨਾਲ਼) ਸਾਨੂੰ ਬਿਊਰੋ ਵਿੱਚ ਇੱਕ ਰੁੱਕਾ ਭੇਜਿਆ, ਜਿਹੜਾ ਮੋਟੇ ਤੌਰ ਉੱਤੇ ਕੁੱਝ ਇਸ ਤਰ੍ਹਾਂ ਦਾ ਸੀ: "'ਇਸਕਰਾ' ਸੰਪਾਦਕ ਮੰਡਲ ਦੀ ਬਹੁਗਿਣਤੀ ਬਹੁਗਿਣਤੀ ਦੀ ਵੱਖਰੀ ਇਕੱਤ੍ਰਤਾ ਵਿੱਚ ਸ਼ਾਮਲ ਹੋਣ ਦੀ ਆਗਿਆ ਮੰਗਦੀ ਹੈ ਤਾਂ ਜੁ ਉਹਨਾਂ ਬਦਨਾਮ ਕਰਨ ਵਾਲ਼ੀਆਂ ਅਫ਼ਵਾਹਾਂ

---

* **ਤਰੇਪੋਵ, ਫ਼.ਫ਼.** —ਸੇਂਟ-ਪੀਟਰਜ਼ਬਰਗ ਦਾ ਗਵਰਨਰ, ਜਿਸ ਉੱਤੇ ਵੇਰਾ ਜ਼ਾਸੂਲਿਚ ਨੇ ਰਾਜਸੀ ਕੈਦੀ ਬਗੋਲਿਓਬੋਵ ਨੂੰ ਕੋੜੇ ਮਾਰਨ ਦਾ ਹੁਕਮ ਦੇਣ ਕਾਰਨ ਗੋਲ਼ੀ ਚਲਾਈ। **—ਅਨੁ.**

ਦਾ ਖੰਡਨ ਕੀਤਾ ਜਾਵੇ ਜਿਹੜੀਆਂ ਉਹਨਾਂ ਸਬੰਧੀ ਫ਼ੈਲਾਈਆਂ ਜਾ ਰਹੀਆਂ ਹਨ।" ਪਲੈਖ਼ਾਨੋਵ ਨੇ ਅਤੇ ਮੈਂ ਕਾਗਜ਼ ਦੇ ਉਸੇ ਪੁਰਜ਼ੇ ਉੱਤੇ ਉੱਤਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ: "ਅਸਾਂ ਕੋਈ ਬਦਨਾਮ ਕਰਨ ਵਾਲ਼ੀਆਂ ਅਫ਼ਵਾਹਾਂ ਨਹੀਂ ਸੁਣੀਆਂ। ਜੇ ਸੰਪਾਦਕ ਮੰਡਲ ਦੀ ਵੱਖਰੀ ਇਕੱਤ੍ਰਤਾ ਦੀ ਲੋੜ ਹੋਵੇ ਤਾਂ ਉਹਦਾ ਵੱਖਰਾ ਪ੍ਰਬੰਧ ਕੀਤਾ ਜਾ ਸਕਦਾ ਹੈ। ਲੈਨਿਨ, ਪਲੈਖ਼ਾਨੋਵ।" ਉਸੇ ਸ਼ਾਮ ਹੋਈ ਬਹੁਗਿਣਤੀ ਦੀ ਇਕੱਤ੍ਰਤਾ ਵਿੱਚ ਅਸਾਂ ਇਹ ਸਭ ਕੁੱਝ 24 ਦੇ 24 ਡੈਲੀਗੇਟਾਂ ਨੂੰ ਦੱਸਿਆ। ਹਰ ਸੰਭਵ ਭੁਲੇਖੇ ਨੂੰ ਖ਼ਤਮ ਕਰਨ ਲਈ ਇਹ ਨਿਰਣਾ ਕੀਤਾ ਗਿਆ ਕਿ ਸਾਡੇ ਕੁੱਲ ਚੌਵੀਆਂ ਵਿੱਚੋਂ ਸਾਂਝੇ ਤੌਰ ਉੱਤੇ ਡੈਲੀਗੇਟ ਚੁਣੇ ਜਾਣ ਅਤੇ ਉਹਨਾਂ ਨੂੰ ਸਾਥੀ ਮਾਰਤੋਵ ਅਤੇ ਸਤਾਰੋਵਰ ਵੱਲ ਭੇਜਿਆ ਜਾਵੇ। ਚੁਣੇ ਗਏ ਡੈਲੀਗੇਟ ਸਾਥੀ ਸੋਰੋਕਿਨ ਅਤੇ ਸਬਲੀਨਾ ਗਏ ਅਤੇ ਇਸ ਗੱਲ ਦੀ ਵਿਆਖਿਆ ਕੀਤੀ ਕਿ ਕੋਈ ਵੀ ਸੂਚੀ ਵਿਸੇਸ਼ ਤੌਰ ਉੱਤੇ ਮਾਰਤੋਵ ਜਾਂ ਸਤਾਰੋਵਰ ਦੇ ਨਾਂ ਨਹੀਂ ਸੀ ਲਾ ਰਿਹਾ, ਵਿਸ਼ੇਸ਼ ਤੌਰ ਉੱਤੇ ਉਹਨਾਂ ਦੇ ਬਿਆਨ ਤੋਂ ਪਿੱਛੋਂ, ਅਤੇ ਇਹ ਕਿ ਇਸ ਗੱਲ ਦੀ ਉੱਕਾ ਹੀ ਕੋਈ ਮਹੱਤਤਾ ਨਹੀਂ ਸੀ ਕਿ ਇਸ ਸੂਚੀ ਦਾ ਆਦਿ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਵੱਲੋਂ ਹੋਇਆ ਸੀ ਜਾਂ ਉਸ ਘੱਟਗਿਣਤੀ ਵੱਲੋਂ ਜਿਹੜੀ ਇਸ ਜਥੇਬੰਦੀ ਵਿੱਚ ਸ਼ਾਮਲ ਨਹੀਂ ਸੀ। ਅੰਤ ਅਸੀਂ ਕਾਂਗਰਸ ਵਿੱਚ ਪੜਤਾਲ ਨਹੀਂ ਸਾਂ ਕਰ ਸਕਦੇ ਅਤੇ ਇਸ ਸੂਚੀ ਸਬੰਧੀ ਸਾਰੇ ਡੈਲੀਗੇਟਾਂ ਤੋਂ ਪੁੱਛ-ਗਿੱਛ ਨਹੀਂ ਸਾਂ ਕਰ ਸਕਦੇ! ਪਰ, ਇਹਦੇ ਉੱਤੇ ਸੰਤੁਸ਼ਟ ਨਾ ਹੁੰਦੇ ਹੋਏ, ਸਾਥੀ ਮਾਰਤੋਵ ਅਤੇ ਸਤਾਰੋਵਰ ਨੇ ਸਾਨੂੰ ਇੱਕ ਖ਼ਤ ਲਿਖਿਆ, ਜਿਸ ਵਿੱਚ ਇੱਕ ਰਸਮੀ ਤਰਦੀਦ ਸੀ (ਵੇਖੋ ਭਾਗ ਙ)। ਇਹ ਖ਼ਤ ਸਾਡੇ ਪ੍ਰਤੀਨਿਧਾਂ ਸਾਥੀ ਸੋਰੋਕਿਨ ਅਤੇ ਸਬਲੀਨਾ ਨੇ ਚੌਵੀਆਂ ਦੀ ਇਕੱਤ੍ਰਤਾ ਵਿੱਚ ਪੜ੍ਹਿਆ। ਇਹ ਜਾਪ ਸਕਦਾ ਸੀ ਕਿ ਮਾਮਲਾ ਖ਼ਤਮ ਹੋ ਗਿਆ ਸਮਝਿਆ ਜਾ ਸਕਦਾ ਸੀ—ਇਸ ਅਰਥ ਵਿੱਚ ਨਹੀਂ ਕਿ ਸੂਚੀ ਦਾ ਆਦਿ ਲੱਭ ਲਿਆ ਗਿਆ ਸੀ (ਜੇ ਕਿਸੇ ਨੂੰ ਇਸ ਸਬੰਧੀ ਫ਼ਿਕਰ ਸੀ), ਸਗੋਂ ਇਹਨਾਂ ਅਰਥਾਂ ਵਿੱਚ ਕਿ "ਘੱਟਗਿਣਤੀ ਨੂੰ ਨੁਕਸਾਨ ਪੁਚਾਉਣ", ਜਾਂ ਕਿਸੇ ਨੂੰ "ਬਦੂ ਕਰਨ" ਦੀ, ਜਾਂ "ਗੁਟਬੰਦਕ ਘੋਲ਼ ਦੇ ਹਿਤਾਂ ਵਿੱਚ ਜਾਲਸਾਜ਼ੀ ਕਰਨ" ਦੀ ਕੋਈ ਨੀਅਤ ਸੀ। ਇਹਦੇ ਬਾਵਜੂਦ ਸਾਥੀ ਮਾਰਤੋਵ ਨੇ ਲੀਗ ਦੀ ਕਾਂਗਰਸ ਵਿੱਚ (ਪੰਨੇ 63-64) ਇੱਕ ਰੋਗੀ ਕਲਪਨਾ ਵੱਲੋਂ ਸੋਚੀ ਨੀਚ ਕਹਾਣੀ ਫਿਰ ਖੜੀ ਕੀਤੀ, ਅਤੇ ਇਸ ਤੋਂ ਵੀ ਵੱਧ, ਕਈ **ਗ਼ਲਤ ਗੱਲਾਂ ਕਹੀਆਂ** (ਸਪਸ਼ਟ ਤੌਰ ਉੱਤੇ ਆਪਣੀ ਉਤੇਜਤ ਹਾਲਤ ਕਾਰਨ)। ਉਹਨੇ ਕਿਹਾ ਸਾਰਣੀ ਵਿੱਚ ਇੱਕ ਬੁੰਦਵਾਦੀ ਸੀ। ਇਹ ਸੱਚ ਨਹੀਂ ਸੀ। ਸਾਲਸੀ ਅਦਾਲਤ ਵਿੱਚ ਸਾਥੀ ਸਤੀਨ ਅਤੇ ਬੇਲੋਵ ਸਮੇਤ ਸਾਰੇ ਗਵਾਹਾਂ ਨੇ ਕਿਹਾ ਕਿ ਸੂਚੀ ਵਿੱਚ ਸਾਥੀ ਯੇਗੋਰੋਵ ਦਾ ਨਾਂ ਸੀ। ਸਾਥੀ ਮਾਰਤੋਵ ਨੇ ਕਿਹਾ ਕਿ ਸੂਚੀ ਵਿੱਚ ਸਾਥੀ ਯੇਗੋਰੋਵ ਦਾ ਨਾਂ ਸੀ। ਸਾਥੀ ਮਾਰਤੋਵ ਨੇ ਕਿਹਾ ਕਿ ਸੂਚੀ ਦਾ ਲੁਕਵਾਂ ਅਰਥ ਸਿੱਧੇ ਸਮਝੌਤੇ ਦੇ ਅਰਥਾਂ ਵਿੱਚ ਕੁਲੀਸ਼ਨ ਸੀ। ਇਹ ਸੱਚ ਨਹੀਂ ਸੀ, ਜਿਹਾ ਕਿ ਮੈਂ ਪਹਿਲਾਂ ਹੀ ਵਿਆਖਿਆ ਕੀਤੀ ਹੈ। ਸਾਥੀ ਮਾਰਤੋਵ ਨੇ ਕਿਹਾ ਕਿ "ਇਸਕਰਾ" ਜਥੇਬੰਦੀ ਦੀ ਘੱਟਗਿਣਤੀ ਵੱਲੋਂ ਸ਼ੁਰੂ ਹੋਈਆਂ ਹੋਰ ਕੋਈ ਸੂਚੀਆਂ ਨਹੀਂ ਸਨ (ਜਿਹੜੀਆਂ ਬਹੁਗਿਣਤੀ ਨੂੰ ਇਸ ਘੱਟਗਿਣਤੀ ਤੋਂ ਪਰ੍ਹੇ ਧੱਕ ਸਕਦੀਆਂ ਸਨ), "ਇਥੋਂ ਤੱਕ ਕਿ ਜਾਅਲੀ ਵੀ ਨਹੀਂ"। ਇਹ

ਸੱਚ ਨਹੀਂ ਸੀ, ਕਿਉਂਕਿ ਪਾਰਟੀ ਕਾਂਗਰਸ ਵਿੱਚ ਸਮੁੱਚੀ ਬਹੁਗਿਣਤੀ ਨੂੰ ਘੱਟੋ-ਘੱਟ ਅਜਿਹੀਆਂ ਤਿੰਨ ਸੂਚੀਆਂ ਦਾ ਪਤਾ ਸੀ, ਜਿਨ੍ਹਾਂ ਦਾ ਮੁੱਢ ਸਾਥੀ ਮਾਰਤੋਵ ਅਤੇ ਉਹਦੇ ਸਾਥੀਆਂ ਨਾਲ਼ ਬੱਝਾ ਸੀ ਅਤੇ ਜਿਨ੍ਹਾਂ ਨੂੰ ਬਹੁਗਿਣਤੀ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਸੀ (ਵੇਖੋ ਸਾਥੀ ਲਯਾਦੋਵ ਅਤੇ ਗੋਰਿਨ ਦਾ ਪੈਂਫ਼ਲਟ)।

ਆਮ ਤੌਰ ਉੱਤੇ ਸਾਥੀ ਮਾਰਤੋਵ ਨੂੰ ਇਸ ਸੂਚੀ ਉੱਤੇ ਇੰਨਾ ਗ਼ੁੱਸਾ ਕਿਉਂ ਆਇਆ ? ਕਿਉਂਕਿ ਇਹਦਾ ਅਰਥ ਪਾਰਟੀ ਦੇ ਸੱਜੇ ਪੱਖ ਵੱਲ ਝੁਕਣਾ ਸੀ। ਉਸ ਸਮੇਂ ਸਾਥੀ ਮਾਰਤੋਵ "ਮੌਕਾਪ੍ਰਸਤੀ ਦੇ ਝੂਠੇ ਦੋਸ਼" ਵਿਰੁੱਧ ਕੂਕ ਪਿਆ ਅਤੇ "ਉਹਦੇ ਸਿਆਸੀ ਸਟੈਂਡ ਨੂੰ ਗ਼ਲਤ ਢੰਗ ਨਾਲ਼ ਪੇਸ਼ ਕਰਨ" ਵਿਰੁੱਧ ਰੋਸ ਪ੍ਰਗਟ ਕੀਤਾ; ਪਰ ਹੁਣ ਹਰ ਇੱਕ ਵੇਖ ਸਕਦਾ ਹੈ ਕਿ ਇਸ ਸਵਾਲ ਦੀ ਕਿ ਕੀ ਸੂਚੀ ਸਾਥੀ ਮਾਰਤੋਵ ਅਤੇ ਡਿਊਸ਼ ਦੀ ਸੀ ਉੱਕਾ ਹੀ ਕੋਈ ਸਿਆਸੀ ਮਹੱਤਤਾ ਨਹੀਂ ਹੋ ਸਕਦੀ ਅਤੇ ਇਹ ਕਿ **ਬੁਨਿਆਦੀ ਤੌਰ ਉੱਤੇ, ਇਸ ਜਾਂ ਕਿਸੇ ਹੋਰ ਸੂਚੀ ਤੋਂ ਛੁੱਟ**, ਦੋਸ਼ ਗ਼ਲਤ ਨਹੀਂ ਸੀ, ਸਗੋਂ ਠੀਕ ਸੀ, ਅਤੇ ਉਹਦੇ ਸਿਆਸੀ ਸਟੈਂਡ ਦਾ ਲੱਛਣੀਕਰਨ ਉੱਕਾ ਹੀ ਠੀਕ ਸੀ।

ਪ੍ਰਸਿੱਧ ਝੂਠੀ ਸਾਰਣੀ ਸਬੰਧੀ ਇਸ ਦੁਖਦਾਈ ਅਤੇ ਨਕਲੀ ਮਾਮਲੇ ਦਾ ਸਿੱਟਾ ਇਹ ਹੈ:

1) ਬੰਦਾ "ਗੁੱਟਬੰਦ ਘੋਲ਼ ਦੇ ਹਿਤਾਂ ਵਿੱਚ ਇੱਕ ਸੂਚੀ ਦੀ ਜਾਲਸਾਜ਼ੀ ਦੇ ਨਮੋਸ਼ੀ ਵਾਲ਼ੇ ਤੱਥ" ਸਬੰਧੀ ਕੂਕ ਕੇ ਸਾਥੀ ਮਾਰਤੋਵ ਦੇ ਸਾਥੀ ਗੁਸੇਵ ਦੇ ਸਨਮਾਨ ਉੱਤੇ ਊਜ ਲਾਉਣ ਦੇ ਯਤਨ ਨੂੰ ਗ਼ਲਤ ਕਹਿਣ ਵਿੱਚ ਸਾਥੀ ਗੋਰਿਨ ਅਤੇ ਲਯਾਦੋਵ ਨਾਲ਼ ਸਹਿਮਤ ਹੋਏ ਬਿਨਾਂ ਨਹੀਂ ਰਹਿ ਸਕਦਾ।

2) ਵਧੇਰੇ ਨਰੋਆ ਵਾਯੂ-ਮੰਡਲ ਪੈਦਾ ਕਰਨ ਅਤੇ ਹਰ ਰੋਗੀ ਵਾਧੇ ਨੂੰ ਗੰਭੀਰਤਾ ਨਾਲ਼ ਲੈਣ ਦੀ ਲੋੜ ਤੋਂ ਪਾਰਟੀ ਮੈਂਬਰਾਂ ਨੂੰ ਬਚਾਉਣ ਲਈ, ਸ਼ਾਇਦ ਇਹ ਗੱਲ ਚੰਗੀ ਹੋਵੇਗੀ ਕਿ ਤੀਜੀ ਕਾਂਗਰਸ ਉਹੋ ਜਿਹਾ ਇੱਕ ਨਿਯਮ ਪ੍ਰਵਾਨ ਕਰੇ ਜਿਹੋ ਜਿਹਾ ਜਰਮਨ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਜਥੇਬੰਦੀ ਦੇ ਨਿਯਮਾਂ ਵਿੱਚ ਸ਼ਾਮਲ ਹੈ। ਇਹਨਾਂ ਨਿਯਮਾਂ ਦਾ ਦੂਜਾ ਪੈਰਾ ਕਹਿੰਦਾ ਹੈ: "ਕੋਈ ਬੰਦਾ ਜਿਹੜਾ ਪਾਰਟੀ ਪ੍ਰੋਗਰਾਮ ਦੇ ਅਸੂਲਾਂ ਦੀ ਘੋਰ ਉਲੰਘਣਾ ਜਾਂ ਬੇਪਤੀ ਵਾਲ਼ੇ ਵਤੀਰੇ ਦਾ ਦੋਸ਼ੀ ਹੋਵੇ ਪਾਰਟੀ ਦਾ ਮੈਂਬਰ ਨਹੀਂ ਹੋ ਸਕਦਾ। ਪਾਰਟੀ ਦੀ ਮੈਂਬਰੀ ਕਾਇਮ ਰਹਿਣ ਦੇ ਸਵਾਲ ਦਾ ਨਿਰਣਾ ਇੱਕ ਸਾਲਸੀ ਅਦਾਲਤ ਕਰੇਗੀ ਜਿਸਨੂੰ ਪਾਰਟੀ ਦੀ ਕਾਰਜ-ਕਾਰੀ ਥਾਪੇਗੀ। ਅੱਧੇ ਜੱਜ ਉਹ ਬੰਦਾ ਨਾਮਜ਼ਦ ਕਰੇਗਾ ਜਿਹੜਾ ਕੱਢੇ ਜਾਣ ਦੀ ਮੰਗ ਕਰ ਰਿਹਾ ਹੋਵੇਗਾ, ਦੂਜਾ ਅੱਧ ਉਹ ਬੰਦਾ ਕਰੇਗਾ ਜਿਸਦੇ ਕੱਢੇ ਜਾਣ ਦੀ ਮੰਗ ਕੀਤੀ ਜਾ ਰਹੀ ਹੋਵੇਗੀ; ਸਭਾਪਤੀ ਨੂੰ ਪਾਰਟੀ ਕਾਰਜ-ਕਾਰੀ ਥਾਪੇਗੀ। ਸਾਲਸੀ ਅਦਾਲਤ ਦੇ ਨਿਰਣੇ ਵਿਰੁੱਧ ਕੰਟਰੋਲ ਕਮਿਸ਼ਨ ਜਾਂ ਪਾਰਟੀ ਕਾਂਗਰਸ ਅੱਗੇ ਅਪੀਲ ਕੀਤੀ ਜਾ ਸਕੇਗੀ।" ਅਜਿਹਾ ਨਿਯਮ ਉਹਨਾਂ ਸਾਰਿਆਂ ਵਿਰੁੱਧ ਚੰਗੇ ਹਥਿਆਰ ਦਾ ਕੰਮ ਕਰ ਸਕਦਾ ਹੈ ਜਿਹੜੇ ਹੋਛੇ ਢੰਗ ਨਾਲ਼ ਬੇਪੱਤੀ ਵਾਲ਼ੇ ਵਤੀਰੇ ਦੇ ਦੋਸ਼ ਲਾਉਂਦੇ (ਜਾਂ ਅਫ਼ਵਾਹਾਂ ਫੈਲਾਉਂਦੇ) ਹਨ। ਜੇ ਅਜਿਹਾ ਨਿਯਮ ਹੁੰਦਾ ਤਾਂ, ਜੇ ਉਹਨਾਂ ਨੂੰ ਘੜਨ ਵਾਲ਼ੇ ਵਿੱਚ ਦੋਸ਼

ਲਾਉਣ ਵਾਲ਼ੇ **ਪਾਰਟੀ ਦੇ ਸਾਹਮਣੇ** ਆਉਣ ਅਤੇ ਯੋਗ ਪਾਰਟੀ ਸੰਸਥਾਵਾਂ ਤੋਂ ਨਿਰਣਾ ਪ੍ਰਾਪਤ ਕਰਨ ਦੀ ਹਿੰਮਤ ਨਾ ਹੁੰਦੀ ਤਾਂ ਅਜਿਹੇ ਸਾਰੇ ਦੋਸ਼ ਸਦਾ ਲਈ ਨਿਲੱਜ ਭੰਡੀ ਸਮਝੇ ਜਾਂਦੇ।

ਫ਼ਰਵਰੀ-ਮਈ 1904
ਵਿੱਚ ਲਿਖਿਆ ਗਿਆ।

ਜਨੇਵਾ ਵਿਖੇ ਮਈ 1904
ਵਿੱਚ ਕਿਤਾਬੀ ਰੂਪ ਵਿੱਚ ਛਾਪਿਆ ਗਿਆ।

# ਸੰਪਾਦਕੀ ਟੂਕਾਂ

1. ਵ. ਇ. ਲੈਨਿਨ ਨੇ ਪੁਸਤਕ **"ਇੱਕ ਕਦਮ ਅੱਗੇ, ਦੋ ਕਦਮ ਪਿੱਛੇ** (ਸਾਡੀ ਪਾਰਟੀ ਵਿੱਚ ਸੰਕਟ)" ਲਿਖਣ ਉੱਤੇ, ਜਨਵਰੀ 1904 ਵਿੱਚ ਛਪੀ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਦੀ ਕਾਰਵਾਈ ਅਤੇ ਪ੍ਰਸਤਾਵਾਂ ਦਾ, ਡੈਲੀਗੇਟਾਂ ਦੀਆਂ ਤਕਰੀਰਾਂ ਦਾ, ਕਾਂਗਰਸ ਵਿੱਚ ਬਣੇ ਜੋੜਾਂ ਅਤੇ ਕੇਂਦਰੀ ਕਮੇਟੀ ਅਤੇ ਪਾਰਟੀ ਪ੍ਰੀਸ਼ਦ ਦੇ ਦਸਤਾਵੇਜ਼ਾਂ ਦਾ ਧਿਆਨ ਨਾਲ਼ ਅਧਿਐਨ ਕਰਨ ਉੱਤੇ ਕਈ ਮਹੀਨੇ ਲਾਏ। ਪੈਂਫ਼ਲਟ ਮਈ 1904 ਵਿੱਚ ਪ੍ਰਕਾਸ਼ਤ ਹੋਇਆ।

ਆਪਣੀ ਇਸ ਕਿਰਤ ਵਿੱਚ ਵ. ਇ. ਲੈਨਿਨ ਨੇ ਜਥੇਬੰਦੀ ਦੇ ਮਾਮਲਿਆਂ ਵਿੱਚ ਮੈਨਸ਼ਵਿਕਾਂ ਦੀ ਮੌਕਾਪ੍ਰਸਤੀ ਉੱਤੇ ਕਰਾਰੀ ਸੱਟ ਲਾਈ। ਇਹਦੀ ਅਥਾਹ ਇਤਿਹਾਸਕ ਮਹੱਤਤਾ ਇਸ ਗੱਲ ਵਿੱਚ ਹੈ ਕਿ ਇਸ ਵਿੱਚ ਵ. ਇ. ਲੈਨਿਨ ਨੇ ਪਾਰਟੀ ਦੇ ਮਾਰਕਸਵਾਦੀ ਸਿਧਾਂਤ ਨੂੰ ਹੋਰ ਵਿਕਸਤ ਕੀਤਾ, ਪ੍ਰੋਲੇਤਾਰੀ ਇਨਕਲਾਬੀ ਪਾਰਟੀ ਦੇ ਜਥੇਬੰਦਕ ਅਸੂਲਾਂ ਨੂੰ ਵਿਸਥਾਰਿਆ, ਮਾਰਕਸਵਾਦ ਦੇ ਇਤਿਹਾਸ ਵਿੱਚ ਪਹਿਲੀ ਵਾਰ ਜਥੇਬੰਦਕ ਮੌਕਾਪ੍ਰਸਤੀ ਦੀ ਵਿਸਥਾਰ-ਪੂਰਵਕ ਪੜਚੋਲ ਦਿੱਤੀ ਅਤੇ ਕਿਰਤੀ-ਜਮਾਤ ਲਹਿਰ ਲਈ ਜਥੇਬੰਦੀ ਦੀ ਮਹੱਤਤਾ ਘਟਾਉਣ ਦਾ ਵਿਸ਼ੇਸ਼ ਖ਼ਤਰਾ ਦਰਸਾਇਆ।

ਪੈਂਫ਼ਲਟ ਉੱਤੇ ਮੈਨਸ਼ਵਿਕਾਂ ਵੱਲੋਂ ਝਲਿਆਏ ਹਮਲੇ ਹੋਏ। ਗ. ਵ. ਪਲੈਖ਼ਾਨੋਵ ਨੇ ਮੰਗ ਕੀਤੀ ਕਿ ਕੇਂਦਰੀ ਕਮੇਟੀ ਕਿਰਤ ਅਪਣਾਉਣੋਂ ਇਨਕਾਰ ਕਰ ਦੇਵੇ ਅਤੇ ਕੇਂਦਰੀ ਕਮੇਟੀ ਵਿੱਚ ਮੰਨ-ਮੰਨੇਵਾਂਵਾਦੀਆਂ ਨੇ ਇਹਦਾ ਪ੍ਰਕਾਸ਼ਨ ਅਤੇ ਵੰਡ ਰੋਕ ਦੇਣ ਦਾ ਯਤਨ ਕੀਤਾ।

ਮੌਕਾਪ੍ਰਸਤਾਂ ਦੇ ਸਾਰੇ ਯਤਨਾਂ ਦੇ ਬਾਵਜੂਦ ਵ. ਇ. ਲੈਨਿਨ ਦਾ ਪੈਂਫ਼ਲਟ "ਇੱਕ ਕਦਮ ਅੱਗੇ, ਦੋ ਕਦਮ ਪਿੱਛੇ" ਪ੍ਰਕਾਸ਼ਤ ਹੋਇਆ ਅਤੇ ਰੂਸ ਵਿੱਚ ਉੱਨਤ ਕਿਰਤੀਆਂ ਵਿੱਚ ਵਿਸ਼ਾਲ ਪੱਧਰ ਉੱਤੇ ਵੰਡਿਆ ਗਿਆ। —5

2. ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ 17(30) ਜੁਲਾਈ ਅਤੇ 10(23) ਅਗਸਤ 1903 ਦੇ ਵਿਚਕਾਰ ਹੋਈ। ਕਾਰਜ-ਸੂਚੀ ਦੀਆਂ ਮੁੱਖ ਮਦਾਂ ਸਨ ਪਾਰਟੀ ਦੇ ਪ੍ਰੋਗਰਾਮ ਅਤੇ ਨਿਯਮਾਂ ਦੀ ਮਨਜ਼ੂਰੀ ਅਤੇ ਪਾਰਟੀ ਦੀਆਂ ਕੇਂਦਰੀ ਸੰਸਥਾਵਾਂ ਦੀ ਚੋਣ। ਕਾਂਗਰਸ ਵਿੱਚ ਵ. ਇ. ਲੈਨਿਨ ਅਤੇ ਉਹਦੇ ਸਾਥੀਆਂ ਨੇ ਮੌਕਾਪ੍ਰਸਤਾਂ ਵਿਰੁੱਧ ਦ੍ਰਿੜ੍ਹ ਘੋਲ਼ ਲੜਿਆ।

ਕਾਂਗਰਸ ਨੇ ਸਰਬ-ਸੰਮਤੀ ਨਾਲ਼ (ਇੱਕ ਡੈਲੀਗੇਟ ਨੇ ਕਿਸੇ ਪਾਸੇ ਵੋਟ ਨਾ ਦਿੱਤਾ) ਪਾਰਟੀ ਦਾ ਪ੍ਰੋਗਰਾਮ ਪ੍ਰਵਾਨ ਕੀਤਾ, ਜਿਹੜਾ ਆਉਣ ਵਾਲ਼ੇ ਬੁਰਜੂਆ-ਜਮਹੂਰੀ

ਇਨਕਲਾਬ ਵਿੱਚ ਪ੍ਰੋਲੇਤਾਰੀ ਦੇ ਕਾਰਜ (ਘੱਟ ਤੋਂ ਘੱਟ ਪ੍ਰੋਗਰਾਮ) ਅਤੇ ਸਮਾਜਵਾਦੀ ਇਨਕਲਾਬ ਦੀ ਜਿੱਤ ਪ੍ਰਾਪਤ ਕਰਨ ਅਤੇ ਪ੍ਰੋਲੇਤਾਰੀ ਦੀ ਡਿਕਟੇਟਰੀ ਸਥਾਪਤ ਕਰਨ (ਵੱਧ ਤੋਂ ਵੱਧ ਪ੍ਰੋਗਰਾਮ) ਵਾਲ਼ੇ ਕਾਰਜ ਮਿਥਦਾ ਸੀ।

ਪਾਰਟੀ ਨਿਯਮਾਂ ਉੱਤੇ ਬਹਿਸ ਸਮੇਂ ਪਾਰਟੀ ਜਥੇਬੰਦੀ ਦੇ ਅਸੂਲਾਂ ਸਬੰਧੀ ਤਿੱਖਾ ਘੋਲ਼ ਛਿੜ ਪਿਆ।

ਵ. ਇ. ਲੈਨਿਨ ਅਤੇ ਉਹਦੇ ਹਾਮੀਆਂ ਨੇ ਕਿਰਤੀ ਜਮਾਤ ਦੀ ਇੱਕ ਲੜਾਕੂ, ਇਨਕਲਾਬੀ ਪਾਰਟੀ ਸਿਰਜਣ ਦਾ ਯਤਨ ਕੀਤਾ ਅਤੇ ਇਸ ਗੱਲ ਨੂੰ ਲੋੜੀਂਦਾ ਸਮਝਿਆ ਕਿ ਨਿਯਮ ਸਾਰੇ ਅਸਥਿਰ ਅਤੇ ਡਾਵਾਂਡੋਲ ਅੰਸ਼ਾਂ ਨੂੰ ਬਾਹਰ ਰੱਖਣ। ਪਰ, ਮਾਰਤੋਵ ਦੇ ਸੂਤਰੀਕਰਨ ਦੀ, ਜਿਹੜਾ ਅਸਥਿਰ ਅੰਸ਼ਾਂ ਲਈ ਪਾਰਟੀ ਵਿੱਚ ਆਉਣਾ ਸੌਖ਼ਾ ਬਣਾਉਂਦਾ ਸੀ, ਕਾਂਗਰਸ ਵਿੱਚ ਨਾ ਕੇਵਲ "ਇਸਕਰਾ"-ਵਿਰੋਧੀ ਟੋਲੀ ਅਤੇ "ਜਿਲ੍ਹਣ" ("ਕੇਂਦਰ") ਨੇ ਸਗੋਂ "ਨਰਮ" (ਅਸਥਿਰ) "ਇਸਕਰਾ"-ਵਾਦੀਆਂ ਨੇ ਵੀ ਹਮਾਇਤ ਕੀਤੀ, ਥੋੜ੍ਹੀ ਜਿਹੀ ਬਹੁਗਿਣਤੀ ਨਾਲ਼ ਪ੍ਰਵਾਨ ਕਰ ਲਿਆ ਗਿਆ। ਪਰ, ਮੁੱਖ ਤੌਰ ਉੱਤੇ ਕਾਂਗਰਸ ਨੇ ਵ. ਇ. ਲੈਨਿਨ ਵੱਲੋਂ ਤਿਆਰ ਕੀਤੇ ਨਿਯਮ ਪ੍ਰਵਾਨ ਕੀਤੇ।

ਕਾਂਗਰਸ ਵਿੱਚ ਲੈਨਿਨ ਦੀ ਅਗਵਾਈ ਹੇਠ ਸਥਿਰ "ਇਸਕਰਾ"-ਵਾਦੀਆਂ (ਲੈਨਿਨਵਾਦੀਆਂ) ਅਤੇ "ਨਰਮ" "ਇਸਕਰਾ"-ਵਾਦੀਆਂ ਵਿਚਕਾਰ, ਜਿਹੜੇ ਮਾਰਤੋਵ ਦੀ ਹਮਾਇਤ ਕਰਦੇ ਸਨ, ਦੁਫੇੜ ਪੈ ਗਈ। ਪਾਰਟੀ ਦੀਆਂ ਕੇਂਦਰੀ ਸੰਸਥਾਵਾਂ ਦੀਆਂ ਚੋਣਾਂ ਵਿੱਚ ਲੈਨਿਨ ਦੇ ਮੁਹਾਣ ਨੇ ਬਹੁਗਿਣਤੀ ਜਿੱਤ ਲਈ ਅਤੇ ਉਹ ਬਾਲਸ਼ਵਿਕਾਂ ਦੇ ਨਾਂ ਤੋਂ ਜਾਣੇ ਜਾਣ ਲੱਗ ਪਏ (ਰੂਸੀ ਸ਼ਬਦ "ਬਾਲਸ਼ਿੰਸਤਵੋ"—ਬਹੁਗਿਣਤੀ ਤੋਂ) ਜਿੱਥੇ ਕਿ ਮੌਕਾਪ੍ਰਸਤ ਘੱਟਗਿਣਤੀ ਵਿੱਚ ਰਹਿ ਗਏ ਅਤੇ ਉਹਨਾਂ ਦਾ ਨਾਂ ਮੈਨਸ਼ਵਿਕ ਪੈ ਗਿਆ (ਰੂਸੀ ਸ਼ਬਦ "ਮੈਨਸ਼ਿੰਸਤਵੋ"—ਘੱਟਗਿਣਤੀ ਤੋਂ)।—5

3. **"ਇਸਕਰਾ"** (ਚੰਗਿਆੜੀ)—ਪਹਿਲਾ ਕੁੱਲ-ਰੂਸ ਗ਼ੈਰ-ਕਨੂੰਨੀ ਮਾਰਕਸਵਾਦੀ ਅਖ਼ਬਾਰ। ਇਹਦੀ ਨੀਂਹ ਦਸੰਬਰ 1900 ਵਿੱਚ ਵ. ਇ. ਲੈਨਿਨ ਨੇ ਰੱਖੀ ਅਤੇ ਇਹ ਗੁਪਤ ਤੌਰ ਉੱਤੇ ਰੂਸ ਭੇਜਿਆ ਜਾਂਦਾ ਸੀ। ਇਹਨੇ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦੀ ਵਿਚਾਰਧਾਰਕ ਜੁੜਤ ਵਿੱਚ ਅਤੇ ਵਿਕੋਲਤ੍ਰੀਆਂ ਸਥਾਨਕ ਜਥੇਬੰਦੀਆਂ ਦੇ ਇੱਕ ਇਨਕਲਾਬੀ ਮਾਰਕਸੀ ਪਾਰਟੀ ਵਿੱਚ ਏਕੀਕਰਨ ਵਿੱਚ ਅਥਾਹ ਰੋਲ ਅਦਾ ਕੀਤਾ। 1903 ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਪਾਰਟੀ ਦੀ ਬਾਲਸ਼ਵਿਕਾਂ ਅਤੇ ਮੈਨਸ਼ਵਿਕਾਂ ਵਿੱਚ ਦੁਫੇੜ ਪਿੱਛੋਂ, ਅੰਕ 52 ਤੋਂ ਲੈਕੇ, "ਇਸਕਰਾ" ਮੈਨਸ਼ਵਿਕਾਂ ਦੇ ਹੱਥ ਪੈ ਗਿਆ ਅਤੇ **ਪੁਰਾਣੇ** ਲੈਨਿਨਵਾਦੀ "ਇਸਕਰਾ" ਦੀ ਥਾਂ **ਨਵੇਂ** "ਇਸਕਰਾ" ਦੇ ਨਾਂ ਨਾਲ਼ ਜਾਣਿਆ ਜਾਣ ਲੱਗ ਪਿਆ। —5

4. **1902 ਦੀ ਕਾਨਫ਼ਰੰਸ —**ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀਆਂ ਕਮੇਟੀਆਂ ਅਤੇ ਜਥੇਬੰਦੀਆਂ ਦੀ ਇੱਕ ਕਾਨਫ਼ਰੰਸ 23-28 ਮਾਰਚ (5-10 ਅਪ੍ਰੈਲ) 1902 ਨੂੰ

ਬੇਲੋਸਤੋਕ ਵਿਖੇ ਹੋਈ। "ਆਰਥਕਤਾਵਾਦੀਆਂ" ਅਤੇ ਉਹਨਾਂ ਦੀ ਹਮਾਇਤ ਕਰਨ ਵਾਲ਼ੇ ਬੁੰਦਵਾਦੀਆਂ ਦੀ ਨੀਅਤ ਕਾਨਫ਼ਰੰਸ ਨੂੰ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਤਬਦੀਲ ਕਰਨ ਦੀ ਸੀ ਤਾਂ ਜੁ ਉਹ ਰੂਸੀ ਸੋਸ਼ਲ-ਡੈਮੋਕ੍ਰੇਸੀ ਵਿੱਚ ਆਪਣੀ ਪ੍ਰਸਥਿਤੀ ਮਜ਼ਬੂਤ ਬਣਾ ਲੈਣ ਅਤੇ "ਇਸਕਰਾ" ਦੇ ਵਧ ਰਹੇ ਪ੍ਰਭਾਵ ਨੂੰ ਸਿਥਲ ਕਰ ਦੇਣ। ਪਰ ਇਹ ਯਤਨ, ਕਾਨਫ਼ਰੰਸ ਦੀ ਸਾਪੇਖ ਤੌਰ ਉੱਤੇ ਤੰਗ ਬਣਤਰ (ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀਆਂ ਕੰਮ ਕਰ ਰਹੀਆਂ ਜਥੇਬੰਦੀਆਂ ਵਿੱਚੋਂ ਕੇਵਲ ਚਾਰ ਦੀ ਕਾਨਫ਼ਰੰਸ ਵਿੱਚ ਪ੍ਰਤੀਨਿਧਤਾ ਸੀ) ਅਤੇ ਕਾਨਫ਼ਰੰਸ ਵਿੱਚ ਪੈਦਾ ਹੋਏ ਡੂੰਘੇ ਅਸੂਲੀ ਮਤ-ਭੇਦਾਂ, ਦੁਹਾਂ ਕਾਰਨ ਅਸਫ਼ਲ ਰਿਹਾ। ਵਿਸ਼ੇਸ਼ ਤੌਰ ਉੱਤੇ, "ਇਸਕਰਾ" ਤੋਂ ਡੈਲੀਗੇਟ ਨੇ ਅਧਿਕਰਣ ਦੀ ਘਾਟ ਅਤੇ ਅਜਿਹੀ ਕਾਂਗਰਸ ਲਈ ਤਿਆਰੀ ਨਾ ਹੋਣਾ ਸਾਬਤ ਕਰਕੇ ਕਾਨਫਰੰਸ ਨੂੰ ਕਾਂਗਰਸ ਵਿੱਚ ਤਬਦੀਲ ਕਰਨ ਦਾ ਵਿਰੋਧ ਕੀਤਾ। ਕਾਨਫਰੰਸ ਨੇ ਦੂਜੀ ਕਾਂਗਰਸ ਦੀ ਤਿਆਰੀ ਕਰਨ ਲਈ ਇੱਕ ਜਥੇਬੰਦਕ ਕਮੇਟੀ ਸਥਾਪਤ ਕੀਤੀ। ਪਰ ਕਾਨਫਰੰਸ ਤੋਂ ਛੇਤੀ ਹੀ ਪਿੱਛੋਂ ਜਥੇਬੰਦਕ ਕਮੇਟੀ ਦੇ ਦੋ ਮੈਂਬਰਾਂ ਸਮੇਤ ਵਧੇਰੇ ਡੈਲੀਗੇਟ ਗ੍ਰਿਫ਼ਤਾਰ ਕਰ ਲਏ ਗਏ। ਨਵੰਬਰ 1902 ਵਿੱਚ ਪਸਕੋਵ ਵਿਖੇ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਸੇਂਟ-ਪੀਟਰਜ਼ਬਰਗ ਕਮੇਟੀ, ਰੂਸ ਵਿੱਚ "ਇਸਕਰਾ" ਜਥੇਬੰਦੀ ਅਤੇ "ਯੁਜ਼ਨੀ ਰਾਬੋਚੀ" (ਦੱਖਣੀ ਕਿਰਤੀ) ਟੋਲੀ ਦੇ ਪ੍ਰਤੀਨਿਧਾਂ ਨੇ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਦੀ ਤਿਆਰੀ ਲਈ ਇੱਕ ਨਵੀਂ ਜਥੇਬੰਦਕ ਕਮੇਟੀ ਸਥਾਪਤ ਕੀਤੀ। —9

5. "**ਬੁੰਦ**" (ਲਿਥੂਏਨੀਆ, ਪੋਲੈਂਡ ਅਤੇ ਰੂਸ ਦੇ ਯਹੂਦੀ ਕਿਰਤੀਆਂ ਦੀ ਆਮ ਯੂਨੀਅਨ) 1897 ਵਿੱਚ ਵਿਲਨੋ ਵਿਖੇ ਯਹੂਦੀ ਸੋਸ਼ਲ-ਡੈਮੋਕ੍ਰੈਟਕ ਟੋਲੀਆਂ ਦੀ ਸਥਾਪਤੀ ਕਾਂਗਰਸ ਵਿੱਚ ਕਾਇਮ ਕੀਤੀ ਗਈ। ਇਹ ਮੁੱਖ ਤੌਰ ਉੱਤੇ ਰੂਸ ਦੇ ਪੱਛਮੀ ਹਿੱਸੇ ਵਿੱਚ ਅਰਧ-ਪ੍ਰੋਲੇਤਾਰੀ ਯਹੂਦੀ ਦਸਤਕਾਰਾਂ ਨੂੰ ਇੱਕਮੁੱਠ ਕਰਦੀ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਪਹਿਲੀ ਕਾਂਗਰਸ (1898) ਸਮੇਂ "ਬੁੰਦ" ਕੇਵਲ ਯਹੂਦੀ ਪ੍ਰੋਲੇਤਾਰੀ ਨੂੰ ਪ੍ਰਭਾਵਤ ਕਰਨ ਵਾਲ਼ੇ ਸਵਾਲਾਂ ਸਬੰਧੀ ਖ਼ੁਦ-ਅਖ਼ਤਿਆਰੀ ਨਾਲ਼ ਪਾਰਟੀ ਵਿੱਚ ਸ਼ਾਮਲ ਹੋ ਗਿਆ।

"ਬੁੰਦ" ਰੂਸੀ ਕਿਰਤੀ-ਜਮਾਤ ਲਹਿਰ ਵਿੱਚ ਕੌਮ-ਪ੍ਰਸਤੀ ਅਤੇ ਵੱਖਵਾਦ ਦਾ ਵਾਹਨ ਸੀ।

ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਦੇ "ਬੁੰਦ" ਦੀ ਇਹ ਮੰਗ ਰੱਦ ਕੀਤੇ ਜਾਣ ਪਿੱਛੋਂ ਕਿ ਉਹਨੂੰ ਯਹੂਦੀ ਪ੍ਰੋਲੇਤਾਰੀ ਦਾ ਇੱਕੋ ਇੱਕ ਪ੍ਰਤੀਨਿਧ ਮੰਨਿਆ ਜਾਵੇ, ਉਹ ਪਾਰਟੀ ਤੋਂ ਵੱਖ ਹੋ ਗਿਆ। 1906 ਵਿੱਚ ਪਾਰਟੀ ਦੀ ਚੌਥੀ (ਏਕਤਾ) ਕਾਂਗਰਸ ਦੇ ਨਿਰਣੇ ਦੇ ਅਧਾਰ ਉੱਤੇ "ਬੁੰਦ" ਫਿਰ ਪਾਰਟੀ ਵਿੱਚ ਸ਼ਾਮਲ ਹੋ ਗਿਆ।

ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਵਿੱਚ ਬੁੰਦਵਾਦੀਆਂ ਨੇ ਨਿਰੰਤਰ ਪਾਰਟੀ

ਦੇ ਮੌਕਾਪ੍ਰਸਤ ਪੱਖ ("ਆਰਥਕਤਾਵਾਦੀਆਂ", ਮੈਨਸ਼ਵਿਕਾਂ, ਖ਼ਾਤਮਾਵਾਦੀਆਂ) ਦੀ ਹਮਾਇਤ ਕੀਤੀ ਅਤੇ ਬਾਲਸ਼ਵਿਕਾਂ ਅਤੇ ਬਾਲਸ਼ਵਿਕਵਾਦ ਵਿਰੁੱਧ ਘੋਲ਼ ਚਲਾਇਆ। —11

6. **"ਰਾਬੋਚੇਏ ਦੇਲੋ"** (ਕਿਰਤੀਆਂ ਦਾ ਕਾਜ਼)—"ਆਰਥਕਤਾਵਾਦੀ" "ਵਿਦੇਸ਼ਾਂ ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦੀ ਯੂਨੀਅਨ" ਦਾ ਅਣ-ਸਾਮਾਇਕੀ ਰਸਾਲਾ। ਇਹ ਅਪ੍ਰੈਲ 1899 ਤੋਂ ਫ਼ਰਵਰੀ 1902 ਤੱਕ ਜਨੇਵਾ ਤੋਂ ਛਪਦਾ ਰਿਹਾ। ਕੁੱਲ ਮਿਲਾਕੇ ਨੌਂ ਪਰਚਿਆਂ ਵਿੱਚ ਬਾਰਾਂ ਅੰਕ ਨਿਕਲੇ। "ਰਾਬੋਚੇਏ ਦੇਲੋ" ਬਰਨਸ਼ਟਾਈਨ ਦੀ ਮਾਰਕਸਵਾਦ ਦੀ "ਪੜਚੋਲ ਦੀ ਅਜ਼ਾਦੀ" ਦੀ ਹਮਾਇਤ ਕਰਦਾ, ਰੂਸੀ ਸੋਸ਼ਲ-ਡੈਮੋਕ੍ਰੈਟਿਕ ਲਹਿਰ ਦੇ ਦਾਅ-ਪੇਚਾਂ ਸਬੰਧੀ ਅਤੇ ਜਥੇਬੰਦਕ ਸਵਾਲਾਂ ਸਬੰਧੀ ਮੌਕਾਪ੍ਰਸਤ ਸਟੈਂਡ ਅਪਣਾਉਂਦਾ, ਕਿਸਾਨੀ ਦੀ ਇਨਕਲਾਬੀ ਸੰਭਾਵਨਾ ਤੋਂ ਇਨਕਾਰ ਕਰਦਾ, ਆਦਿ। "ਰਾਬੋਚੇਏ ਦੇਲੋ" ਦੇ ਹਾਮੀ ਪ੍ਰੋਲੇਤਾਰੀ ਦੇ ਰਾਜਸੀ ਘੋਲ਼ ਨੂੰ ਆਰਥਕ ਘੋਲ਼ ਦੇ ਅਧੀਨ ਕਰਨ ਦਾ ਪ੍ਰਚਾਰ ਕਰਦੇ, ਕਿਰਤੀ-ਜਮਾਤ ਲਹਿਰ ਦੇ ਆਪ-ਮੁਹਾਰੇ ਖ਼ਾਸੇ ਦੀ ਸਿਫ਼ਤ ਕਰਦੇ ਅਤੇ ਪਾਰਟੀ ਦੇ ਆਗੂ ਰੋਲ ਦਾ ਵਿਰੋਧ ਕਰਦੇ। ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਉਹ ਪਾਰਟੀ ਦੇ ਅਤਿ ਦੇ ਸੱਜੇ-ਪੱਖੀ, ਮੌਕਾਪ੍ਰਸਤ ਪੱਖ ਦੀ ਪ੍ਰਤੀਨਿਧਤਾ ਕਰਦੇ। —11

7. **"ਯੁਜ਼੍ਹਨੀ ਰਾਬੋਚੀ"** (ਦੱਖਣੀ ਕਿਰਤੀ) **ਟੋਲੀ—** ਗ਼ੈਰ-ਕਨੂੰਨੀ ਤੌਰ ਉੱਤੇ ਛਪਦੇ ਇਸੇ ਨਾਂ ਦੇ ਅਖ਼ਬਾਰ ਦੁਆਲੇ 1900 ਦੀ ਪੱਤਝੜ ਵਿੱਚ ਰੂਸ ਦੇ ਦੱਖਣ ਵਿੱਚ ਸਥਾਪਤ ਕੀਤੀ ਗਈ ਸੋਸ਼ਲ-ਡੈਮੋਕ੍ਰੈਟਿਕ ਟੋਲੀ।

"ਆਰਥਕਤਾਵਾਦੀਆਂ" ਦੇ ਮੁਕਾਬਲੇ ਉੱਤੇ "ਯੁਜ਼੍ਹਨੀ ਰਾਬੋਚੀ" ਟੋਲੀ ਸਿਆਸੀ ਘੋਲ਼, ਨਿਰੰਕੁਸ਼ਤਾ ਦਾ ਤਖ਼ਤਾ ਉਲਟਣ ਨੂੰ ਪ੍ਰੋਲੇਤਾਰੀ ਦੇ ਸਭ ਤੋਂ ਮਹੱਤਵਪੂਰਨ ਕਾਰਜਾਂ ਵਿੱਚੋਂ ਸਮਝਦੀ, ਜਨਤਕ ਇਨਕਲਾਬੀ ਲਹਿਰ ਜਥੇਬੰਦ ਕਰਨ ਦੀ ਲੋੜ ਦੀ ਹਮਾਇਤ ਕਰਦੀ, ਯਰਕਾਊਵਾਦ ਦਾ ਵਿਰੋਧ ਕਰਦੀ, ਅਤੇ ਰੂਸ ਦੇ ਦੱਖਣ ਵਿੱਚ ਇਨਕਲਾਬੀ ਕੰਮ ਚਲਾਉਂਦੀ। ਇਹਦੇ ਨਾਲ਼ ਹੀ ਨਾਲ਼ ਟੋਲੀ ਉਦਾਰਪੰਥੀ ਬੁਰਜੂਆਜ਼ੀ ਦੇ ਰੋਲ ਦਾ ਵਧਾ ਕੇ ਅੰਦਾਜ਼ਾ ਲਾਉਂਦੀ ਅਤੇ ਕਿਸਾਨ ਲਹਿਰ ਦੀ ਮਹੱਤਤਾ ਨੂੰ ਘਟਾਉਂਦੀ। "ਇਸਕਰਾ" ਦੀ ਇਨਕਲਾਬੀ ਸੋਸ਼ਲ-ਡੈਮੋਕ੍ਰੈਟਾਂ ਨੂੰ "ਇਸਕਰਾ" ਦੁਆਲੇ ਇਕੱਠੇ ਕਰਕੇ ਕੇਂਦਰਤ ਮਾਰਕਸਵਾਦੀ ਟੋਲੀ ਸਥਾਪਤ ਕਰਨ ਦੀ ਪਲਾਨ ਦੇ ਮੁਕਾਬਲੇ ਉੱਤੇ "ਯੁਜ਼੍ਹਨੀ ਰਾਬੋਚੀ" ਟੋਲੀ ਨੇ ਪ੍ਰਦੇਸ਼ਕ ਸੋਸ਼ਲ-ਡੈਮੋਕ੍ਰੈਟਿਕ ਯੂਨੀਅਨਾਂ ਸਥਾਪਤ ਕਰਕੇ ਰੂਸੀ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਨੂੰ ਸੁਰਜੀਤ ਕਰਨ ਦੀ ਪਲਾਨ ਪੇਸ਼ ਕੀਤੀ। ਇਸ ਪਲਾਨ ਨੂੰ ਅਮਲ ਵਿੱਚ ਲਿਆਉਣ ਦਾ ਇੱਕ ਯਤਨ ਦਸੰਬਰ 1901 ਵਿੱਚ ਰੂਸ ਦੇ ਦੱਖਣ ਵਿੱਚ ਪਾਰਟੀ ਦੀਆਂ ਕਮੇਟੀਆਂ ਅਤੇ ਜਥੇਬੰਦੀਆਂ ਦੀ ਕਾਂਗਰਸ ਬੁਲਾਉਣਾ ਸੀ, ਜਿਸ ਵਿੱਚ "ਰੂਸੀ ਸੋਸ਼ਲ-ਡੈਮੋਕ੍ਰੈਟਿਕ ਪਾਰਟੀ ਦੀਆਂ ਦੱਖਣੀ ਕਮੇਟੀਆਂ ਅਤੇ ਜਥੇਬੰਦੀਆਂ ਦੀ ਯੂਨੀਅਨ" ਸਥਾਪਤ ਕੀਤੀ ਗਈ, ਜਿਸਦਾ ਅਖ਼ਬਾਰ "ਯੁਜ਼੍ਹਨੀ

ਰਾਬੋਚੀ" ਸੀ। ਇਸ ਯਤਨ ਦਾ ਅੰਤ ("ਯੁਜ਼ਨੀ ਰਾਬੋਚੀ" ਟੋਲੀ ਦੀ ਸਮੁੱਚੀ ਜਥੇਬੰਦ ਪਲਾਨ ਵਾਂਗ) ਅਸਫ਼ਲਤਾ ਵਿੱਚ ਹੋਇਆ, ਅਤੇ 1902 ਦੀ ਬਸੰਤ ਰੁੱਤ ਵਿੱਚ ਸਮੂਹਕ ਪੱਧਰ ਉੱਤੇ ਗ੍ਰਿਫ਼ਤਾਰੀਆਂ ਪਿੱਛੋਂ "ਯੂਨੀਅਨ" ਖੇਰੂੰ ਖੇਰੂੰ ਹੋ ਗਈ। "ਯੁਜ਼ਨੀ ਰਾਬੋਚੀ" ਟੋਲੀ ਦੇ ਜਿਹੜੇ ਮੈਂਬਰ ਗ੍ਰਿਫ਼ਤਾਰ ਹੋਣੋਂ ਬਚ ਗਏ ਉਹਨਾਂ ਅਗਸਤ 1902 ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਕ ਲਹਿਰ ਦੀ ਏਕਤਾ ਮੁੜ-ਸਥਾਪਤ ਕਰਨ ਲਈ "ਇਸਕਰਾ" ਸੰਪਾਦਕ ਮੰਡਲ ਨਾਲ਼ ਗੱਲ-ਬਾਤ ਸ਼ੁਰੂ ਕੀਤੀ। "ਇਸਕਰਾ" ਨਾਲ਼ ਇੱਕ-ਮੁਠਤਾ ਦਾ ਐਲਾਨ ਕਰਦਾ ਟੋਲੀ ਦਾ ਬਿਆਨ ਰੂਸ ਵਿੱਚ ਸੋਸ਼ਲ-ਡੈਮੋਕ੍ਰੈਟਕ ਸ਼ਕਤੀਆਂ ਦੇ ਪਕੇਜ ਲਈ ਬਹੁਤ ਮਹੱਤਤਾ ਵਾਲ਼ਾ ਸੀ। ਨਵੰਬਰ 1902 ਵਿੱਚ "ਯੁਜ਼ਨੀ ਰਾਬੋਚੀ" ਟੋਲੀ ਨੇ, ਰੂਸ ਵਿੱਚ "ਇਸਕਰਾ" ਜਥੇਬੰਦੀ, ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਸੇਂਟ-ਪੀਟਰਜ਼ਬਰਗ ਕਮੇਟੀ ਅਤੇ "ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਉੱਤਰੀ ਯੂਨੀਅਨ" ਨਾਲ਼ ਰਲਕੇ ਪਾਰਟੀ ਦੀ ਦੂਜੀ ਕਾਂਗਰਸ ਬੁਲਾਉਣ ਲਈ ਇੱਕ ਜਥੇਬੰਦਕ ਕਮੇਟੀ ਸਥਾਪਤ ਕਰਨ ਦੇ ਕੰਮ ਵਿੱਚ ਅਤੇ ਪਿੱਛੋਂ ਕਮੇਟੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਲਿਆ। ਪਰ ਉਸ ਸਮੇਂ ਵੀ "ਯੁਜ਼ਨੀ ਰਾਬੋਚੀ" ਟੋਲੀ ਦੇ ਮੈਂਬਰਾਂ ਨੇ ਇਕਸਾਰ ਇਨਕਲਾਬੀ ਦ੍ਰਿਸ਼ਟੀਕੋਣ ਨਾ ਆਪਣਾਇਆ।

ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਨੇ ਹੋਰ ਸਾਰੀਆਂ ਸੁਤੰਤਰ ਸੋਸ਼ਲ-ਡੈਮੋਕ੍ਰੈਟਕ ਟੋਲੀਆਂ ਅਤੇ ਜਥੇਬੰਦੀਆਂ ਨਾਲ਼ "ਯੁਜ਼ਨੀ ਰਾਬੋਚੀ" ਟੋਲੀ ਨੂੰ ਤੋੜ ਦਿੱਤਾ। —11

8. **"ਵਿਦੇਸ਼ਾਂ ਵਿੱਚ ਰੂਸੀ ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਦੀ ਲੀਗ"** ਅਕਤੂਬਰ 1901 ਵਿੱਚ ਵ. ਇ. ਲੈਨਿਨ ਦੀ ਪਹਿਲਕਦਮੀ ਉੱਤੇ ਸਥਾਪਤ ਕੀਤੀ ਗਈ। ਲੀਗ ਦਾ ਕਾਰਜ ਇਨਕਲਾਬੀ ਸੋਸ਼ਲ-ਡੈਮੋਕ੍ਰੇਸੀ ਦੇ ਵਿਚਾਰ ਫੈਲਾਉਣਾ ਅਤੇ ਲੜਾਕੂ ਸੋਸ਼ਲ-ਡੈਮੋਕ੍ਰੈਟਕ ਜਥੇਬੰਦੀ ਦੀ ਸਥਾਪਤੀ ਨੂੰ ਉਤਸ਼ਾਹਤ ਕਰਨਾ ਸੀ। ਲੀਗ ਦੇ ਨਿਯਮਾਂ ਅਨੁਸਾਰ ਇਹ ਵਿਦੇਸ਼ਾਂ ਵਿੱਚ "ਇਸਕਰਾ" ਜਥੇਬੰਦੀ ਦਾ ਪ੍ਰਤੀਨਿਧ ਸੀ। ਇਹ ਵਿਦੇਸ਼ਾਂ ਵਿਚ ਰੂਸੀ ਸੋਸ਼ਲ-ਡੈਮੋਕ੍ਰੈਟਾਂ ਵਿੱਚੋਂ "ਇਸਕਰਾ" ਦੇ ਹਾਮੀ ਭਰਤੀ ਕਰਦੀ, ਅਖ਼ਬਾਰ ਨੂੰ ਪਦਾਰਥਕ ਸਹਾਇਤਾ ਦੇਂਦੀ, ਇਹਦਾ ਰੂਸ ਵਿੱਚ ਅੱਪੜਨਾ ਜਥੇਬੰਦ ਕਰਦੀ ਅਤੇ ਆਮ ਸਮਝ ਆਉਣ ਵਾਲ਼ਾ ਮਾਰਕਸਵਾਦੀ ਸਾਹਿਤ ਛਾਪਦੀ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਨੇ ਲੀਗ ਨੂੰ ਵਿਦੇਸ਼ਾਂ ਵਿੱਚ ਪਾਰਟੀ ਦਾ ਇੱਕੋ ਇੱਕ ਪ੍ਰਤੀਨਿਧ ਥਾਪਿਆ, ਜਿਸਨੂੰ, ਨਿਯਮਾਂ ਅਧੀਨ, ਇੱਕ ਕਮੇਟੀ ਦੇ ਹੱਕ ਪ੍ਰਾਪਤ ਸਨ ਅਤੇ ਇਹਦੇ ਲਈ ਲਾਜ਼ਮੀ ਬਣਾ ਦਿੱਤਾ ਕਿ ਉਹ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਕੇਂਦਰੀ ਕਮੇਟੀ ਅਧੀਨ ਕੰਮ ਕਰੇ।

ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਨੇ ਲੀਗ ਵਿੱਚ ਪੱਕੇ ਪੈਰ ਜਮਾ ਲਏ ਅਤੇ ਵ. ਇ. ਲੈਨਿਨ ਅਤੇ ਬਾਲਸ਼ਵਿਕਾਂ ਵਿਰੁੱਧ ਮੁਹਿੰਮ ਚਲਾਈ। ਲੀਗ ਦੀ ਦੂਜੀ ਕਾਂਗਰਸ, ਅਕਤੂਬਰ, 1903, ਵਿੱਚ ਮੈਨਸ਼ਵਿਕਾਂ

ਨੇ ਨਵੇਂ ਨਿਯਮ ਪ੍ਰਵਾਨ ਕੀਤੇ ਜਿਨ੍ਹਾਂ ਦਾ ਨਿਸ਼ਾਨਾ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵੱਲੋਂ ਪ੍ਰਵਾਨ ਕੀਤੇ ਪਾਰਟੀ ਨਿਯਮਾਂ ਦੇ ਵਿਰੁੱਧ ਸੀ। ਉਦੋਂ ਤੋਂ ਲੀਗ ਮੈਨਸ਼ਵਿਕਵਾਦ ਦਾ ਕੋਟ ਬਣ ਗਈ; 1905 ਤੱਕ ਇਹਦੀ ਹੋਂਦ ਰਹੀ।—12

9. "**ਬੋਰਬਾ**" (ਘੋਲ਼) **ਟੋਲੀ** 1900 ਦੀ ਬਸੰਤ ਰੁੱਤੇ ਪੈਰਿਸ ਵਿਖੇ ਬਣਾਈ ਗਈ ਅਤੇ ਇਸ ਵਿੱਚ ਦ. ਬ. ਰਿਆਜ਼ਾਨੋਵ, ਯ. ਮ. ਸਤੇਲਕੋਵ ਅਤੇ ਇ. ਲ. ਗੁਰੇਵਿਚ ਸ਼ਾਮਲ ਸਨ। ਇਹ ਟੋਲੀ ਮਾਰਕਸਵਾਦੀ ਸਿਧਾਂਤ ਦੀ ਮੱਤਵਾਦੀ ਅਤੇ ਪੰਡਤਾਊ ਢੰਗ ਨਾਲ਼ ਵਿਆਖਿਆ ਕਰਕੇ ਇਹਨੂੰ ਤੋੜਦੀ ਮਰੋੜਦੀ ਅਤੇ ਪਾਰਟੀ ਜਥੇਬੰਦੀ ਦੇ ਲੈਨਿਨਵਾਦੀ ਅਸੂਲਾਂ ਦਾ ਵਿਰੋਧ ਕਰਦੀ। ਸੋਸ਼ਲ-ਡੈਮੋਕ੍ਰੈਟਕ ਵਿਚਾਰਾਂ ਤੋਂ ਕੁਰਾਹੇ, ਵਿਗਠਣਕਾਰੀ ਸਰਗਰਮੀਆਂ ਅਤੇ ਰੂਸ ਵਿੱਚ ਸੋਸ਼ਲ-ਡੈਮੋਕ੍ਰੈਟਕ ਜਥੇਬੰਦੀਆਂ ਨਾਲ਼ ਸਬੰਧਾਂ ਦੀ ਘਾਟ ਕਾਰਨ ਇਸ ਟੋਲੀ ਨੂੰ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਹਿੱਸਾ ਨਾ ਲੈਣ ਦਿੱਤਾ ਗਿਆ। ਪਾਰਟੀ ਦੀ ਦੂਜੀ ਕਾਂਗਰਸ ਦੇ ਨਿਰਣੇ ਅਨੁਸਾਰ ਇਹ ਟੋਲੀ ਤੋੜ ਦਿੱਤੀ ਗਈ।—17

10. "**ਰਾਬੋਚਾਯਾ ਮਿਸਲ**" (ਕਿਰਤੀਆਂ ਦਾ ਚਿੰਤਨ) —"ਆਰਥਕਤਾਵਾਦੀਆਂ" ਵੱਲੋਂ ਛਾਪੇ ਜਾਂਦੇ ਇੱਕ ਅਖ਼ਬਾਰ ਦਾ ਨਾਂ। ਇਹ ਅਕਤੂਬਰ 1897 ਤੋਂ ਦਸੰਬਰ 1902 ਤੱਕ ਛਾਪਿਆ ਗਿਆ; ਕੁੱਲ 16 ਅੰਕ ਛਪੇ।

"ਰਾਬੋਚਾਯਾ ਮਿਸਲ" ਟੋਲੀ ਖੁੱਲ੍ਹਮ-ਖੁੱਲ੍ਹਾ ਮੌਕਾਪ੍ਰਸਤ ਵਿਚਾਰਾਂ ਦਾ ਪ੍ਰਚਾਰ ਕਰਦੀ। ਉਹਦੇ ਕਾਰਜਾਂ ਨੂੰ "ਇਸ ਘੜੀ ਦੇ ਹਿਤਾਂ", ਵੱਖ ਵੱਖ, ਮੁੱਖ ਤੌਰ ਉੱਤੇ ਆਰਥਕ ਖ਼ਾਸੇ ਵਾਲੀਆਂ ਮੰਗਾਂ ਤੱਕ ਸੀਮਤ ਰੱਖਦੇ ਹੋਏ, ਇਹ ਕਿਰਤੀ ਜਮਾਤ ਦੇ ਸੁਤੰਤਰ ਸਿਆਸੀ ਘੋਲ਼ ਵਿਰੁੱਧ ਨਿੱਤਰਦੀ। ਕਿਰਤੀ-ਜਮਾਤ ਲਹਿਰ ਦੇ ਆਪਮੁਹਾਰੇ ਖ਼ਾਸੇ ਦੀ ਸ਼ਲਾਘਾ ਕਰਦੇ ਹੋਏ, "ਰਾਬੋਚਾਯਾ ਮਿਸਲ" ਟੋਲੀ ਸੁਤੰਤਰ ਪ੍ਰੋਲੇਤਾਰੀ ਪਾਰਟੀ ਦੀ ਸਿਰਜਣਾ ਦਾ ਵਿਰੋਧ ਕਰਦੀ। ਉਹ ਇਨਕਲਾਬੀ ਸਿਧਾਂਤ ਅਤੇ ਚੇਤੰਨਤਾ ਦਾ ਵਿਰੋਧ ਕਰਦੇ ਅਤੇ ਦਾਹਵਾ ਕਰਦੇ ਕਿ ਸੋਸ਼ਲਿਸਟ ਸਿਧਾਂਤ ਆਪਮੁਹਾਰੀ ਲਹਿਰ ਵਿੱਚੋਂ ਉਗੰਮੇਗਾ।—25

11. ਮੈਨਸ਼ਵਿਕ "ਇਸਕਰਾ" ਨੇ ਅੰਕ 57 ਦੇ ਜ਼ਮੀਮੇ, 15 ਜਨਵਰੀ 1904 ਵਿੱਚ ਪਹਿਲੀਆਂ ਦੇ "ਆਰਥਕਤਾਵਾਦੀ" ਅ. ਮਾਰਤੀਨੋਵ ਦਾ ਇੱਕ ਲੇਖ ਛਾਪਿਆ, ਜਿਸ ਵਿੱਚ ਉਹਨੇ ਬਾਲਸ਼ਵਿਕਾਂ ਦੇ ਜਥੇਬੰਦਕ ਅਸੂਲਾਂ ਦਾ ਵਿਰੋਧ ਕੀਤਾ ਅਤੇ ਵ. ਇ. ਲੈਨਿਨ ਉੱਤੇ ਹਮਲੇ ਕੀਤੇ। ਲੇਖ ਨਾਲ਼ ਦਿੱਤੀ ਇੱਕ ਟੂਕ ਵਿੱਚ "ਇਸਕਰਾ" ਦੇ ਸੰਪਾਦਕਾਂ ਨੇ ਲੇਖਕ ਦੇ ਕੁੱਝ ਵਿਚਾਰਾਂ ਨਾਲ਼ ਅਸੰਮਤੀ ਪ੍ਰਗਟ ਕੀਤੀ ਪਰ ਸਮੁੱਚੇ ਤੌਰ ਉੱਤੇ ਲੇਖ ਦੇ ਵਿਚਾਰਾਂ ਦੀ ਹਮਾਇਤ ਕੀਤੀ।—27

12. **ਕੱਟੀ ਗਈ ਭੋਂ—** ਭੋਂ ਦੇ ਉਹ ਟੋਟੇ ਜਿਹੜੇ 1861 ਦੇ ਸੁਧਾਰ ਸਮੇਂ ਕਿਸਾਨਾਂ ਦੀ ਐਲਾਟਮੈਂਟ ਵਿੱਚੋਂ ਜਗੀਰਦਾਰਾਂ ਦੇ ਹੱਕ ਵਿੱਚ ਕੱਟ ਲਏ ਗਏ। ਉਹ ਐਲਾਟਮੈਂਟਾਂ ਦੇ

ਸਰਵਉੱਤਮ ਭਾਗ ਸਨ—ਜੂਹਾਂ, ਜੰਗਲ, ਚਰਾਂਦਾਂ, ਪਸ਼ੂਆਂ ਨੂੰ ਪਾਣੀ ਡਾਹੁਣ ਵਾਲੀਆਂ ਥਾਵਾਂ, ਜਿਨ੍ਹਾਂ ਤੋਂ ਬਿਨਾਂ ਕਿਸਾਨ ਸੁਤੰਤਰ ਖੇਤੀ ਨਹੀਂ ਸਨ ਕਰ ਸਕਦੇ। ਕਿਸਾਨ ਇਸ ਗੱਲ ਲਈ ਮਜਬੂਰ ਸਨ ਕਿ ਕਰੜੀਆਂ ਸ਼ਰਤਾਂ ਉੱਤੇ ਇਹ ਭੋਂ ਜਗੀਰਦਾਰਾਂ ਤੋਂ ਪਟੇ ਉੱਤੇ ਲੈਣ। —36

13. **ਆਮ ਮੁੜ-ਵੰਡ** (ਜਾਂ "ਚੋਰਨੀ ਪੇਰੇਦੇਲ") —ਜ਼ਾਰਸ਼ਾਹੀ ਰੂਸ ਦੇ ਕਿਸਾਨਾਂ ਵਿੱਚ ਲੋਕ-ਪ੍ਰਿਅ ਨਾਹਰਾ, ਜਿਹੜਾ ਭੋਂ ਦੀ ਆਮ ਮੁੜ-ਵੰਡ ਲਈ ਉਹਨਾਂ ਦੀ ਇੱਛਾ ਪ੍ਰਗਟ ਕਰਦਾ ਸੀ। —37

14. **ਸੋਸ਼ਲਿਸਟ-ਇਨਕਲਾਬੀ—**1901 ਦੇ ਅਖ਼ੀਰ ਅਤੇ 1902 ਦੇ ਸ਼ੁਰੂ ਵਿੱਚ ਵੱਖ ਵੱਖ ਨਰੋਦਨਿਕ ਟੋਲੀਆਂ ਅਤੇ ਮੰਡਲਾਂ ਦੇ ਇਕੱਠੇ ਹੋਣ ਰਾਹੀਂ ਸਥਾਪਤ ਕੀਤੀ ਗਈ ਇੱਕ ਰੂਸੀ ਨਿੱਕ-ਬੁਰਜੂਆ ਪਾਰਟੀ। ਸੋਸ਼ਲਿਸਟ-ਇਨਕਲਾਬੀਆਂ ਦੇ ਵਿਚਾਰ ਨਰੋਦਵਾਦ ਅਤੇ ਸੋਧਵਾਦ ਦਾ ਚੋਖਾ ਮਿਸ਼ਰਣ ਸਨ।

ਬਾਲਸ਼ਵਿਕ ਪਾਰਟੀ ਨੇ ਸੋਸ਼ਲਿਸਟ-ਇਨਕਲਾਬੀਆਂ ਦੇ ਸੋਸ਼ਲਿਸਟ ਹੋਣ ਦਾ ਪਾਜ ਬਣਾਉਣ ਨੂੰ ਉਘਾੜਿਆ; ਉਹਨੇ ਕਿਸਾਨੀ ਉੱਤੇ ਪ੍ਰਭਾਵ ਪ੍ਰਾਪਤ ਕਰਨ ਲਈ ਉਹਨਾਂ ਵਿਰੁੱਧ ਸਿਰੜੀ ਘੋਲ਼ ਚਲਾਇਆ, ਅਤੇ ਉਹ ਹਾਨੀਕਾਰਕ ਪ੍ਰਭਾਵ ਪ੍ਰਗਟ ਕੀਤਾ ਜਿਹੜਾ ਉਹਨਾਂ ਦੇ ਵਿਅਕਤੀਗਤ ਯਰਕਾਊ ਦਾਅ-ਪੇਚਾਂ ਦਾ ਕਿਰਤੀ-ਸ਼੍ਰੇਣੀ ਲਹਿਰ ਉੱਤੇ ਪੈਂਦਾ ਸੀ। ਇਹਦੇ ਨਾਲ਼ ਹੀ ਨਾਲ਼, ਨਿਸ਼ਚਿਤ ਪ੍ਰਸਥਿਤੀਆਂ ਅਧੀਨ, ਬਾਲਸ਼ਵਿਕਾਂ ਨੇ ਜ਼ਾਰਸ਼ਾਹੀ ਵਿਰੁੱਧ ਘੋਲ਼ ਵਿੱਚ ਸੋਸ਼ਲਿਸਟ-ਇਨਕਲਾਬੀਆਂ ਨਾਲ਼ ਅਸਥਾਈ ਸਮਝੌਤੇ ਕੀਤੇ। 1905-07 ਦੇ ਇਨਕਲਾਬ ਦੀ ਹਾਰ ਪਿੱਛੋਂ ਜਿਹੜਾ ਪਿਛਾਖੜ ਦਾ ਸਮਾਂ ਆਇਆ, ਉਸ ਵਿੱਚ ਸੋਸ਼ਲਿਸਟ-ਇਨਕਲਾਬੀ ਪਾਰਟੀ ਪੂਰਨ ਵਿਚਾਰਧਾਰਕ ਅਤੇ ਜਥੇਬੰਦਕ ਨਿਘਾਰ ਦੀ ਪ੍ਰਸਥਿਤੀ ਵਿੱਚ ਸੀ। ਪਹਿਲੇ ਸੰਸਾਰ ਯੁੱਧ ਸਮੇਂ ਵਧੇਰੇ ਸੋਸ਼ਲਿਸਟ-ਇਨਕਲਾਬੀਆਂ ਨੇ ਸਮਾਜੀ-ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ।

1917 ਵਿੱਚ ਬੁਰਜੂਆ-ਜਮਹੂਰੀ ਇਨਕਲਾਬ ਦੀ ਜਿੱਤ ਤੋਂ ਪਿੱਛੋਂ ਸੋਸ਼ਲਿਸਟ-ਇਨਕਲਾਬੀ ਮੈਨਸ਼ਵਿਕਾਂ ਅਤੇ ਕੈਡਟਾਂ ਨਾਲ਼ ਰਲ਼ਕੇ ਉਲਟ-ਇਨਕਲਾਬੀ ਬੁਰਜੂਆ-ਜਗੀਰਦਾਰੀ ਆਰਜ਼ੀ ਹਕੂਮਤ ਦੀ ਮੁੱਖ ਟੇਕ ਬਣੇ, ਜਿਸ ਵਿੱਚ ਉਹਨਾਂ ਦੇ ਨੇਤਾ—ਕੇਰੇਨਸਕੀ,ਅਵਕਸੇਂਤੀਏਵ ਅਤੇ ਚੇਰਨੋਵ ਸ਼ਾਮਲ ਸਨ। ਸੋਸ਼ਲਿਸਟ-ਇਨਕਲਾਬੀ ਪਾਰਟੀ ਨੇ ਵੱਡੀਆਂ ਜ਼ਮੀਨੀ ਜਗੀਰਾਂ ਖ਼ਤਮ ਕੀਤੇ ਜਾਣ ਸਬੰਧੀ ਕਿਸਾਨਾਂ ਦੀ ਮੰਗ ਰੱਦ ਕਰ ਦਿੱਤੀ ਅਤੇ ਜਗੀਰਦਾਰਾਂ ਦੀ ਮਾਲਕੀ ਕਾਇਮ ਰੱਖਣ ਦੀ ਹਮਾਇਤ ਕੀਤੀ। ਆਰਜ਼ੀ ਹਕੂਮਤ ਵਿੱਚ ਸੋਸ਼ਲਿਸਟ-ਇਨਕਲਾਬੀ ਵਜ਼ੀਰਾਂ ਨੇ ਜਗੀਰਾਂ ਉੱਤੇ ਕਬਜ਼ਾ ਕਰਨ ਵਾਲ਼ੇ ਕਿਸਾਨਾਂ ਵਿਰੁੱਧ ਤਾਜ਼ੀਰੀ ਮੁਹਿੰਮਾਂ ਭੇਜੀਆਂ।

ਵਿਦੇਸ਼ੀ ਫ਼ੌਜੀ ਦਖ਼ਲ ਅਤੇ ਗ੍ਰਹਿ ਯੁੱਧ ਦੇ ਦਿਨੀਂ ਸੋਸ਼ਲਿਸਟ-ਇਨਕਲਾਬੀਆਂ ਨੇ ਦਖ਼ਲਅੰਦਾਜ਼ਾਂ ਅਤੇ ਚਿੱਟੇ ਗਾਰਦਾਂ ਦੀ ਜ਼ੋਰਦਾਰ ਹਮਾਇਤ ਕੀਤੀ, ਉਲਟ-

ਇਨਕਲਾਬੀ ਸਾਜ਼ਸ਼ਾਂ ਵਿੱਚ ਹਿਸਾ ਲਿਆ, ਸੋਵੀਅਤ ਰਾਜਨੇਤਾਵਾਂ ਅਤੇ ਕਮਿਊਨਿਸਟ ਪਾਰਟੀ ਦੇ ਨੇਤਾਵਾਂ ਵਿਰੁੱਧ ਯਰਕਾਊ ਕਾਰਵਾਈਆਂ ਜਥੇਬੰਦ ਕੀਤੀਆਂ। ਗ੍ਰਹਿ-ਯੁੱਧ ਦੇ ਅੰਤ ਤੋਂ ਪਿੱਛੋਂ ਸੋਸ਼ਲਿਸਟ-ਇਨਕਲਾਬੀਆਂ ਨੇ ਸੋਵੀਅਤ ਰਾਜ ਵਿਰੁੱਧ ਆਪਣੀਆਂ ਦੋਖੀ ਸਰਗਰਮੀਆਂ ਜਾਰੀ ਰੱਖੀਆਂ। —41

15. **ਜੋਰੇਸਵਾਦ—** ਫ਼ਰਾਂਸੀਸੀ ਸੋਸ਼ਲਿਸਟ ਜ. ਜੋਰੇਸ ਦੇ ਨਾਂ ਤੋਂ, ਜਿਹੜਾ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਸੱਜੇ-ਪੱਖੀ, ਸੁਧਾਰਵਾਦੀ ਪੱਖ ਦਾ ਮੁਖੀ ਸੀ। "ਪੜਚੋਲ ਦੀ ਅਜ਼ਾਦੀ" ਦੇ ਬਹਾਨੇ ਜੋਰੇਸਵਾਦੀ ਮਾਰਕਸਵਾਦ ਦੀਆਂ ਮੁੱਖ ਧਾਰਾਵਾਂ ਵਿੱਚ ਸੋਧ ਕਰਨਾ ਚਾਹੁੰਦੇ ਸਨ ਅਤੇ ਬੁਰਜੂਆਜ਼ੀ ਨਾਲ਼ ਜਮਾਤੀ ਮਿਲਵਰਤਨ ਦਾ ਪ੍ਰਚਾਰ ਕਰਦੇ। —57

16. **ਪਮਪਾਦੂਰ—**ਮ. ਯ. ਸਾਲਤੀਕੋਵ-ਸ਼ਚੇਦਰਿਨ ਵੱਲੋਂ ਆਪਣੇ ਨਾਵਲ "ਪਮਪਾਦੂਰ ਅਤੇ ਉਹਨਾਂ ਦੀਆਂ ਪਤਨੀਆਂ" ਵਿੱਚ ਸਿਰਜਿਆ ਇੱਕ ਆਮਿਆਇਆ ਵਿਅੰਗਾਤਮਕ ਚਿੱਤਰ, ਜਿਸ ਵਿੱਚ ਇਸ ਰੂਸੀ ਵਿਅੰਗ ਲੇਖਕ ਨੇ ਰਾਜਪ੍ਰਬੰਧ, ਵਜ਼ੀਰਾਂ ਅਤੇ ਗਵਰਨਰਾਂ ਦਾ ਠੱਠਾ ਉਡਾਇਆ। —57

17. **"ਜ਼ੇਮਲੀਆ ਈ ਵੋਲੀਆ"** (ਭੋਂ ਅਤੇ ਅਜ਼ਾਦੀ)—1876 ਦੀ ਪੱਤਝੜ ਦੀ ਰੁੱਤੇ ਸੇਂਟ-ਪੀਟਰਜ਼ਬਰਗ ਵਿਖੇ ਇਨਕਲਾਬੀ ਨਰੋਦਨਿਕਾਂ ਵੱਲੋਂ ਸਥਾਪਤ ਕੀਤੀ ਇੱਕ ਗੁਪਤ ਜਥੇਬੰਦੀ। ਸੋਸ਼ਲਿਜ਼ਮ ਨੂੰ ਅਖ਼ੀਰੀ ਨਿਸ਼ਾਨੇ ਵਜੋਂ ਪ੍ਰਵਾਨ ਕਰਦੇ ਹੋਏ "ਜ਼ੇਮਲੀਆ ਈ ਵੋਲੀਆ" ਅਗਲੇ ਨਿਸ਼ਾਨੇ ਵਜੋਂ "ਜਨਤਕ ਮੰਗਾਂ, ਜਿਵੇਂ ਉਹ ਉਸ ਘੜੀ ਸਨ", ਅਰਥਾਤ , "ਭੋਂ ਅਤੇ ਅਜ਼ਾਦੀ" ਦੀ ਪੂਰਤੀ ਪੇਸ਼ ਕਰਦੇ।

ਕਿਸਾਨੀ ਨੂੰ ਮੁੱਖ ਇਨਕਲਾਬੀ ਸ਼ਕਤੀ ਸਮਝਦੇ ਹੋਏ "ਜ਼ੇਮਲੀਆ ਈ ਵੋਲੀਆ" ਨੇ ਕਿਸਾਨਾਂ ਨੂੰ ਜ਼ਾਰਸ਼ਾਹੀ ਵਿਰੁੱਧ ਬਗ਼ਾਵਤ ਲਈ ਉਭਾਰਨ ਦਾ ਯਤਨ ਕੀਤਾ। ਉਹਨਾਂ ਕਈ ਰੂਸੀ ਗੂਬੇਰਨੀਆਂ—ਤਾਮਬੋਵ, ਵਰੋਨੇਜ਼੍ਹ ਅਤੇ ਹੋਰ—ਵਿੱਚ ਇਨਕਲਾਬੀ ਕੰਮ ਚਲਾਇਆ।

ਕਿਸਾਨੀ ਵਿੱਚ ਉਹਨਾਂ ਦੇ ਇਨਕਲਾਬੀ ਕੰਮ ਦੀ ਅਸਫ਼ਲਤਾ ਅਤੇ ਹਕੂਮਤ ਵੱਲੋਂ ਵੱਧ ਰਹੇ ਜਬਰ ਕਾਰਨ 1879 ਵਿੱਚ ਇਸ ਜਥੇਬੰਦੀ ਵਿੱਚ ਇੱਕ ਯਰਕਾਊ ਗੁੱਟ ਬਣ ਗਿਆ। ਇਹ ਗੁੱਟ ਕਿਸਾਨੀ ਵਿੱਚ ਇਨਕਲਾਬੀ ਪ੍ਰਚਾਰ ਕਰਨੋਂ ਇਨਕਾਰ ਕਰਦਾ ਅਤੇ ਜ਼ਾਰਸ਼ਾਹੀ ਹਕੂਮਤ ਦੇ ਮੈਂਬਰਾਂ ਵਿਰੁੱਧ ਯਰਕਾਊ ਕਾਰਵਾਈ ਨੂੰ ਜ਼ਾਰਸ਼ਾਹੀ ਵਿਰੁੱਧ ਇਨਕਲਾਬੀ ਘੋਲ਼ ਦਾ ਮੁੱਖ ਢੰਗ ਸਮਝਦਾ। ਉਸੇ ਵਰ੍ਹੇ ਵਰੋਨੇਜ਼੍ਹ ਵਿੱਚ ਹੋਈ ਕਾਨਫ਼ਰੰਸ ਵਿੱਚ "ਜ਼ੇਮਲੀਆ ਈ ਵੋਲੀਆ" ਦੋ ਜਥੇਬੰਦੀਆਂ ਵਿੱਚ ਵੰਡੀ ਗਈ: "ਨਰੋਦਨਾਯਾ ਵੋਲੀਆ" (ਜਨਤਾ ਦੀ ਇੱਛਾ) ਜਿਸਨੇ ਯਰਕਾਊਪੁਣਾ ਅਪਨਾਇਆ ਅਤੇ "ਚੋਰਨੀ ਪੇਰੇਦੇਲ" (ਆਮ ਮੁੜ-ਵੰਡ), ਜਿਹੜੀ "ਜ਼ੇਮਲੀਆ ਈ ਵੋਲੀਆ" ਨੀਤੀ ਉੱਤੇ ਕਾਇਮ ਰਹੀ। ਪਿੱਛੋਂ ਜਾਕੇ ਪਿਛਲੇਰੀ ਟੋਲੀ ਦੇ ਕੁੱਝ ਮੈਂਬਰਾਂ—ਪਲੈਖ਼ਾਨੋਵ, ਐਕਸਲਰੋਦ, ਵੇਰਾ ਜ਼ਾਸੂਲਿਚ, ਡਿਊਸ਼, ਇਗਨਾਤੋਵ—ਨੇ ਮਾਰਕਸਵਾਦੀ ਦ੍ਰਿਸ਼ਟੀਕੋਣ ਅਪਣਾਏ ਅਤੇ 1883 ਵਿੱਚ ਸਵਿਟਜ਼ਰਲੈਂਡ ਵਿੱਚ ਪਹਿਲੀ ਰੂਸੀ ਮਾਰਕਸਵਾਦੀ ਜਥੇਬੰਦੀ,

"ਕਿਰਤ ਦੀ ਮੁਕਤੀ" ਟੋਲੀ ਸਥਾਪਤ ਕੀਤੀ। —58

18. **"ਨਰੋਦਨਾਯਾ ਵੋਲੀਆ"** (ਜਨਤਾ ਦੀ ਇੱਛਾ) —1897 ਦੇ ਅਗਸਤ ਵਿੱਚ ਨਰੋਦਨਿਕ ਜਥੇਬੰਦੀ "ਜ਼ੇਮਲੀਆ ਈ ਵੋਲੀਆ" ਵਿੱਚ ਪਈ ਫੁੱਟ ਕਾਰਨ ਨਰਦੋਨਿਕ-ਯਰਕਾਊਆਂ ਦੀ ਇੱਕ ਗੁਪਤ ਸਿਆਸੀ ਟੋਲੀ। ਭਾਵੇਂ ਉਹ ਅਜੇ ਤੱਕ ਨਰੋਦਨਿਕ ਯੂਟੋਪੀਆਈ-ਸੋਸ਼ਲਿਸਟ ਵਿਚਾਰਾਂ ਨਾਲ਼ ਚੰਬੜੇ ਰਹੇ, "ਨਰੋਦਨਾਯਾ ਵੋਲੀਆ" ਦੇ ਮੈਂਬਰਾਂ ਨੇ ਸਿਆਸੀ ਘੋਲ਼ ਦਾ ਰਾਹ ਅਪਣਾਇਆ, ਨਿਰੰਕੁਸ਼ਤਾ ਦਾ ਤਖ਼ਤਾ ਉਲਟਣ ਅਤੇ ਸਿਆਸੀ ਅਜ਼ਾਦੀ ਪ੍ਰਾਪਤ ਕਰਨ ਨੂੰ ਉਹ ਆਪਣਾ ਮੁੱਖ ਕਾਰਜ ਸਮਝਦੇ ਸਨ।

ਉਹਨਾਂ ਜ਼ਾਰਸ਼ਾਹੀ ਨਿਰੰਕੁਸ਼ਤਾ ਵਿਰੁੱਧ ਸੂਰਮਾ ਘੋਲ਼ ਲੜਿਆ, ਸਰਗਰਮ "ਸੂਰਮਿਆਂ" ਅਤੇ ਬੇਹਰਕਤ "ਜਨਤਾ" ਦੇ ਗ਼ਲਤ ਸਿਧਾਂਤ ਤੋਂ ਚੱਲਦੇ ਹੋਏ, ਉਹ ਜਨਤਾ ਦੀ ਸ਼ਮੂਲੀਅਤ ਤੋਂ ਬਿਨਾਂ, ਆਪਣੇ ਯਤਨਾਂ ਰਾਹੀਂ, ਵਿਅਕਤੀਗਤ ਯਰਕਾਊ ਕਾਰਵਾਈਆਂ, ਹਕੂਮਤ ਨੂੰ ਡਰਾਉਣ ਅਤੇ ਅਣ-ਜਥੇਬੰਦ ਕਰਨ ਰਾਹੀਂ ਸਮਾਜ ਦੀ ਮੁੜ-ਜਥੇਬੰਦੀ ਕਰਨ ਦੀ ਆਸ ਰੱਖਦੇ ਸਨ। ਪਹਿਲੀ ਮਾਰਚ 1881 ਨੂੰ ਜ਼ਾਰ ਅਲੈਕਸਾਂਦਰ ਦੂਜੇ ਦੇ ਕਤਲ ਤੋਂ ਪਿੱਛੋਂ ਹਕੂਮਤ ਨੇ ਜਥੇਬੰਦੀ ਨੂੰ ਕੁਚਲ ਦਿੱਤਾ।—58

19. **ਮਾਨੀਲੋਵਵਾਦ —** ਰੂਸੀ ਲੇਖਕ ਨ. ਵ. ਗੋਗੋਲ ਦੇ ਨਾਵਲ "ਮੁਰਦਾ ਰੂਹਾਂ" ਦੇ ਪਾਤਰ, ਜਗੀਰਦਾਰ ਮਾਨੀਲੋਵ ਦੇ ਨਾਂ ਤੋਂ, ਜਿਹੜਾ ਇੱਕ ਲਖਣਾਇਕ ਖੂਹ-ਦੇ-ਡੱਡੂ, ਖ਼ੁਸ਼ਾਮਦੀ ਭਾਵੁਕ ਮਨੁੱਖ ਅਤੇ ਥੋਥੇ ਸੁਪਨੇਸਾਜ਼ ਦਾ ਪ੍ਰਤੀਕ ਹੈ। —61

20. ਇੱਥੇ ਸੰਕੇਤ ਹੈ ਹੈਂਬਰਗ ਵਿਖੇ 1900 ਵਿੱਚ "ਅਜ਼ਾਦ ਰਾਜਾਂ ਦੀ ਯੂਨੀਅਨ" ਦੇ 122 ਮੈਂਬਰਾਂ ਦੇ ਸਬੰਧ ਵਿੱਚ ਹੋਈ ਘਟਨਾ ਵੱਲ, ਜਿਨ੍ਹਾਂ ਟਰੇਡ-ਯੂਨੀਅਨ ਕੇਂਦਰ ਵੱਲੋਂ ਲਾਈ ਪਾਬੰਦੀ ਦੀ ਉਲੰਘਣਾ ਕਰਕੇ ਹੜਤਾਲ ਦੇ ਦਿਨਾਂ ਵਿੱਚ ਠੇਕੇ ਉੱਤੇ ਕੰਮ ਕੀਤਾ। ਰਾਜਾਂ ਦੀ ਹੈਂਬਰਗ ਯੂਨੀਅਨ ਨੇ ਟੋਲੀ ਦੇ ਸੋਸ਼ਲ-ਡੈਮੋਕ੍ਰੈਟਕ ਮੈਂਬਰਾਂ ਦੇ ਹੜਤਾਲ ਤੋੜਨ ਦੇ ਵਤੀਰੇ ਦਾ ਮਸਲਾ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੀ ਸਥਾਨਕ ਜਥੇਬੰਦੀ ਅੱਗੇ ਉਠਾਇਆ ਅਤੇ ਮਾਮਲਾ ਪੜਤਾਲ ਲਈ ਜਰਮਨੀ ਦੀ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੀ ਕੇਂਦਰੀ ਕਮੇਟੀ ਅੱਗੇ ਪੇਸ਼ ਕੀਤਾ ਗਿਆ। ਕੇਂਦਰੀ ਕਮੇਟੀ ਵੱਲੋਂ ਸਥਾਪਤ ਇੱਕ ਸਾਲਸੀ ਅਦਾਲਤ ਨੇ "ਅਜ਼ਾਦ ਰਾਜਾਂ ਦੀ ਯੂਨੀਅਨ" ਦੇ ਇਹਨਾਂ ਸੋਸ਼ਲ-ਡੈਮੋਕ੍ਰੈਟਕ ਮੈਂਬਰਾਂ ਦੇ ਵਤੀਰੇ ਦੀ ਨਖੇਧੀ ਕੀਤੀ ਪਰ ਇਹ ਤਜਵੀਜ਼ ਰੱਦ ਕਰ ਦਿੱਤੀ ਕਿ ਉਹਨਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਜਾਵੇ। —65

21. ਕਾਂਗਰਸ ਵੱਲੋਂ ਰੱਦ ਕੀਤੇ ਆਪਣੇ ਪ੍ਰਸਤਾਵ ਵਿੱਚ ਸ. ਜ਼ਬੋਰੋਵਸਕੀ (ਕੋਸਤਿਚ) ਨੇ ਪਾਰਟੀ ਨਿਯਮਾਂ ਦੀ ਪਹਿਲੀ ਧਾਰਾ ਦਾ ਹੇਠ ਲਿਖਿਆ ਸੂਤਰੀਕਰਨ ਕੀਤਾ: "ਹਰ ਉਹ ਬੰਦਾ ਜਿਹੜਾ ਪਾਰਟੀ ਦਾ ਪ੍ਰੋਗਰਾਮ ਕਬੂਲ ਕਰਦਾ ਹੈ ਅਤੇ ਪਾਰਟੀ ਦੀ ਕਿਸੇ ਜਥੇਬੰਦੀ ਦੀ ਅਗਵਾਈ ਹੇਠ ਪਾਰਟੀ ਨੂੰ ਨੇਮ-ਬੱਧ ਵਿੱਤ ਅਤੇ ਨਿੱਜੀ ਸਹਾਇਤਾ ਦੇਂਦਾ ਹੈ, ਉਹਨੂੰ ਪਿਛਲੇਰੀ ਪਾਰਟੀ ਮੈਂਬਰ ਸਮਝੇਗੀ।" —69

22. ਰੂਸੀ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਇਸਕਰਾ" ਜਥੇਬੰਦੀ ਦੇ

16 ਮੈਂਬਰ ਹਾਜ਼ਰ ਸਨ; ਉਹਨਾਂ ਵਿਚੋਂ ਨੌਂ ਵ. ਇ. ਲੈਨਿਨ ਦੀ ਅਗਵਾਈ ਹੇਠ ਬਹੁਗਿਣਤੀ ਦੇ ਮੈਂਬਰ ਸਨ। —81

23. **ਈਵਾਨ ਈਵਾਨੋਵਿਚ ਅਤੇ ਈਵਾਨ ਨਿਕੀਫ਼ੋਰੋਵਿਚ—** ਨ. ਵ. ਗੋਗੋਲ ਦੇ "ਈਵਾਨ ਈਵਾਨੋਵਿਚ ਈਵਾਨ ਨਿਕੀਫ਼ੋਰੋਵਿਚ ਨਾਲ਼ ਕਿਵੇਂ ਲੜਿਆ" ਕਹਾਣੀ ਦੇ ਪਾਤਰ। —83

24. **ਅਵਗੀ ਦੇ ਅਸਤਬਲ** —ਯੂਨਾਨੀ ਮਿਥਿਹਾਸ ਅਨੁਸਾਰ ਸ਼ਾਹ ਅਵਗੀ ਦੇ ਬਹੁਤ ਵਿਸ਼ਾਲ ਅਸਤਬਲ ਜਿਹੜੇ ਬਹੁਤ ਭੈੜੀ ਹਾਲਤ ਵਿੱਚ ਸਨ ਪਰ ਜਿਹੜੇ ਹਰਕੁਲੀਸ ਨੇ ਇੱਕ ਦਿਨ ਵਿੱਚ ਸਾਫ਼ ਕਰ ਦਿੱਤੇ। —83

25. **"ਕਿਰਤ ਦੀ ਮੁਕਤੀ" ਟੋਲੀ—** 1883 ਵਿੱਚ ਪਲੈਖ਼ਾਨੋਵ ਵੱਲੋਂ ਸਥਾਪਤ ਕੀਤੀ ਪਹਿਲੀ ਰੂਸੀ ਮਾਰਕਸਵਾਦੀ ਟੋਲੀ ਸੀ। ਇਸ ਟੋਲੀ ਨੇ ਰੂਸ ਵਿੱਚ ਮਾਰਕਸਵਾਦ ਫ਼ੈਲਾਉਣ ਲਈ ਬਹੁਤ ਕੰਮ ਕੀਤਾ ਅਤੇ ਨਰੋਦਵਾਦ ਉੱਤੇ, ਜੋ ਰੂਸ ਵਿੱਚ ਮਾਰਕਸਵਾਦ ਦੇ ਫ਼ੈਲਣ ਅਤੇ ਸੋਸ਼ਲ-ਡੈਮੋਕ੍ਰੈਟਕ ਲਹਿਰ ਦੇ ਵਿਕਾਸ ਦੇ ਰਾਹ ਵਿੱਚ ਮੁੱਖ ਵਿਚਾਰਧਾਰਕ ਰੁਕਾਵਟ ਸੀ, ਇਸ ਗੰਭੀਰ ਸੱਟ ਲਾਈ। "ਕਿਰਤ ਦੀ ਮੁਕਤੀ" ਟੋਲੀ ਨੇ ਕੌਮਾਂਤਰੀ ਕਿਰਤੀ-ਸ਼੍ਰੇਣੀ ਲਹਿਰ ਨਾਲ਼ ਸਬੰਧ ਸਥਾਪਤ ਕਰ ਲਏ ਅਤੇ 1889 ਵਿੱਚ ਦੂਜੀ ਇੰਟਰਨੈਸ਼ਨਲ ਦੀ ਪਹਿਲੀ ਕਾਂਗਰਸ (ਪੈਰਿਸ) ਤੋਂ ਮੁੱਢ ਬੰਨ੍ਹ ਕੇ ਇਹਨੇ ਇਹਦੀਆਂ ਸਾਰੀਆਂ ਕਾਂਗਰਸਾਂ ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦੀ ਪ੍ਰਤੀਨਿਧਤਾ ਕੀਤੀ।

ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ ਟੋਲੀ ਨੇ ਆਪਣੇ ਆਪ ਨੂੰ ਤੋੜਨ ਦਾ ਐਲਾਨ ਕੀਤਾ। —88

26. ਜਰਮਨ ਸੋਸ਼ਲ-ਡੈਮੋਕ੍ਰੈਟਾਂ ਦੀ 1895 ਦੀ ਕਾਂਗਰਸ ਬਰੈਸਲਾ ਵਿਖੇ 6 ਤੋਂ 12 ਅਕਤੂਬਰ ਤੱਕ ਹੋਈ। ਪ੍ਰੋਗਰਾਮ ਦੀ ਮੁੱਖ ਮਦ ਜ਼ਰਅਈ ਪ੍ਰੋਗਰਾਮ ਦਾ ਖਰੜਾ ਸੀ, ਜਿਹੜਾ 1894 ਵਿੱਚ ਫ਼ਰੈਂਕਫ਼ੋਰਟ ਕਾਂਗਰਸ ਵੱਲੋਂ ਥਾਪੇ ਗਏ ਜ਼ਰਅਈ ਸਵਾਲ ਸਬੰਧੀ ਕਮਿਸ਼ਨ ਨੇ ਤਜਵੀਜ਼ ਕੀਤਾ ਸੀ। ਜ਼ਰਅਈ ਪ੍ਰੋਗਰਾਮ ਦੇ ਖਰੜੇ ਵਿੱਚ ਕਈ ਗੰਭੀਰ ਗ਼ਲਤੀਆਂ ਸਨ, ਵਿਸ਼ੇਸ਼ ਤੌਰ ਉੱਤੇ ਪ੍ਰੋਲੇਤਾਰੀ ਪਾਰਟੀ ਨੂੰ ਇੱਕ "ਲੋਕ-ਪ੍ਰਿਅ" ਪਾਰਟੀ ਵਿੱਚ ਤਬਦੀਲ ਕਰਨ ਦੀ ਪ੍ਰਵਿਰਤੀ। ਨਾ ਕੇਵਲ ਮੌਕਾਪ੍ਰਸਤਾਂ ਸਗੋਂ ਅ. ਬੇਬਲ ਅਤੇ ਵ. ਲੀਬਕਨੇਖ਼ਤ ਨੇ ਖਰੜੇ ਦੀ ਹਮਾਇਤ ਕੀਤੀ, ਜਿਸ ਲਈ ਕਾਂਗਰਸ ਵਿੱਚ ਪਾਰਟੀ ਸਾਥੀਆਂ ਨੇ ਉਹਨਾਂ ਦੀ ਨਖੇਧੀ ਕੀਤੀ। ਜ਼ਰਅਈ ਪ੍ਰੋਗਰਾਮ ਦੇ ਖਰੜੇ ਉੱਤੇ ਕ. ਕਾਊਤਸਕੀ ਅਤੇ ਕਲਾਰਾ ਜ਼ੈਟਕਿਨ ਨੇ ਤਿੱਖੀ ਪੜਚੋਲ ਕੀਤੀ। ਕਾਂਗਰਸ ਨੇ ਬਹੁ-ਗਿਣਤੀ ਵੋਟ ਨਾਲ਼ ਇਹ ਪ੍ਰੋਗਰਾਮ ਦਾ ਖਰੜਾ ਰੱਦ ਕਰ ਦਿੱਤਾ। —88

27. ਜਰਮਨ ਸੋਸ਼ਲ-ਡੈਮੋਕ੍ਰੈਟਾਂ ਦੀ 1895 ਦੀ ਕਾਂਗਰਸ ਵਿੱਚ ਕਲਾਰਾ ਜ਼ੈਟਕਿਨ ਨੇ ਚੇਤੇ ਤੋਂ ਗੋਇਟੇ ਦੇ "ਫ਼ਾਊਸਟ" ਤੋਂ ਉਹਨਾਂ ਸ਼ਬਦਾਂ ਦੀ ਟੂਕ ਦਿੱਤੀ ਜਿਹੜੇ ਗਰੇਟਚੇਨ ਫ਼ਾਊਸਟ ਨੂੰ ਮੈਫ਼ਿਸਟਾਫ਼ਲੀਜ਼ ਨਾਲ਼ ਉਹਦੀ ਮਿੱਤਰਤਾ ਲਈ ਮਿਹਣਾ ਦੇਂਦੀ ਹੋਈ ਉਹਨੂੰ ਸੰਬੋਧਨ ਕਰਦੀ ਹੈ। —89

28. **ਅਰਾਕਚੇਯੇਵ, ਅ. ਅ.** (1769–1834) —18ਵੀਂ ਸਦੀ ਦੇ ਅੰਤ ਅਤੇ 19ਵੀਂ ਦੇ ਮੁੱਢ ਵਿੱਚ ਜ਼ਾਰਸ਼ਾਹੀ ਰੂਸ ਵਿੱਚ ਇੱਕ ਰਾਜਨੇਤਾ। ਉਹਦਾ ਨਾਂ ਪੁਲੀਸੀ ਆਪਹੁਦਰੇਸ਼ਾਹੀ ਅਤੇ ਫ਼ੌਜੀ ਭਾਵਨਾ ਦੇ ਇੱਕ ਪੂਰੇ ਯੁਗ ਨਾਲ਼ ਜੁੜਿਆ ਹੋਇਆ ਹੈ। —95

29. ਇਥੇ ਸੰਕੇਤ ਹੈ "**ਵਿਦੇਸ਼ਾਂ ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦੀ ਯੂਨੀਅਨ**" ਵੱਲ, ਜਿਹੜੀ 1894 ਵਿੱਚ "ਕਿਰਤ ਦੀ ਮੁਕਤੀ" ਟੋਲੀ ਦੀ ਪਹਿਲਕਦਮੀ ਉੱਤੇ ਸਥਾਪਤ ਕੀਤੀ ਗਈ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਪਹਿਲੀ ਕਾਂਗਰਸ (ਮਾਰਚ 1898) ਨੇ "ਯੂਨੀਅਨ" ਨੂੰ ਵਿਦੇਸ਼ਾਂ ਵਿੱਚ ਪਾਰਟੀ ਦਾ ਪ੍ਰਤੀਨਿਧ ਮੰਨ ਲਿਆ। ਪਿੱਛੋਂ ਜਾਕੇ ਮੌਕਾਪ੍ਰਸਤਾਂ ਦਾ—ਜਿਨ੍ਹਾਂ ਨੂੰ "ਆਰਥਕਤਾਵਾਦੀ" ਜਾਂ "ਜੁਆਨ" ਵੀ ਕਿਹਾ ਜਾਂਦਾ ਹੈ—ਹੱਥ "ਯੂਨੀਅਨ" ਵਿੱਚ ਭਾਰੂ ਹੋ ਗਿਆ।

ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਯੂਨੀਅਨ" ਦੇ ਪ੍ਰਤੀਨਿਧਾਂ ਨੇ ਅਤਿਅੰਤ ਮੌਕਾਪ੍ਰਸਤ ਦ੍ਰਿਸ਼ਟੀਕੋਣ ਅਪਣਾਇਆ ਅਤੇ ਜਦੋਂ ਕਾਂਗਰਸ ਨੇ ਵਿਦੇਸ਼ਾਂ ਵਿੱਚ ਸੋਸ਼ਲ–ਡੈਮੋਕ੍ਰੈਟਾਂ ਦੀ ਲੀਗ ਨੂੰ ਵਿਦੇਸ਼ਾਂ ਵਿੱਚ ਪਾਰਟੀ ਦੀ ਇੱਕੋ ਇੱਕ ਜਥੇਬੰਦੀ ਵਜੋਂ ਪ੍ਰਵਾਨ ਕਰ ਲਿਆ ਤਾਂ ਉਹ ਕਾਂਗਰਸ ਵਿੱਚੋਂ ਚਲੇ ਗਏ। ਦੂਜੀ ਕਾਂਗਰਸ ਨੇ "ਯੂਨੀਅਨ" ਨੂੰ ਤੋੜ ਦਿਤਾ। —106

30. "**ਓਸਵੋਬੋਜ਼੍ਹਦੇਨੀਯੇ**" (ਮੁਕਤੀ)—ਰੂਸੀ ਉਦਾਰਪੰਥੀ–ਬਾਦਸ਼ਾਹਪਸੰਦ ਬੁਰਜੂਆਜ਼ੀ ਦਾ ਅੱਧ–ਮਾਸਕ ਰਸਾਲਾ, ਜਿਹੜਾ ਵਿਦੇਸ਼ਾਂ ਵਿੱਚ ਪ. ਬ. ਸਤਰੂਵੇ ਦੇ ਸੰਪਾਦਨ ਵਿੱਚ 1902–05 ਵਿੱਚ ਛਪਿਆ। ਪਿੱਛੋਂ ਜਾਕੇ ਇਸ ਰਸਾਲੇ ਦੇ ਹਾਮੀ ਰੂਸ ਦੀ ਮੁੱਖ ਬੁਰਜੂਆ ਪਾਰਟੀ ਵਿਧਾਨਵਾਦੀ–ਜਮਹੂਰੀਅਤਪਸੰਦ (ਕੈਡਟ) ਦਾ ਧੁਰਾ ਬਣੇ। —134

31. ਵ. ਇ. ਲੈਨਿਨ ਇਥੇ "ਆਰਥਕਤਾਵਾਦੀ" ਰੂ. ਸੋ. ਡੈ. ਲੇ. ਪਾ. ਦੀ ਦੂਜੀ ਕਾਂਗਰਸ ਵਿੱਚ ਵ. ਪ. ਅਕੀਮੋਵ ਦੇ ਭਾਸ਼ਣ ਵੱਲ ਸੰਕੇਤ ਕਰ ਰਿਹਾ ਹੈ। "ਇਸਕਰਾ" ਵੱਲੋਂ ਪੇਸ਼ ਕੀਤੇ ਪਾਰਟੀ ਦੇ ਪ੍ਰੋਗਰਾਮ ਦੇ ਖਰੜੇ ਉੱਤੇ ਪੜਚੋਲ ਕਰਦੇ ਹੋਏ ਉਹਨੇ ਸ਼ਬਦ "ਪ੍ਰੋਲੇਤਾਰੀ" ਦੇ ਕਰਤਾ ਕਾਰਕ ਵਿੱਚ ਨਹੀਂ ਸਗੋਂ ਸਬੰਧਕੀ ਕਾਰਕ ਵਿੱਚ ਦਿੱਤੇ ਜਾਣ ਉੱਤੇ ਇਤਰਾਜ਼ ਕੀਤਾ। ਉਹਨੇ ਦਾਹਵਾ ਕੀਤਾ ਕਿ ਇਹ ਗੱਲ ਪਾਰਟੀ ਨੂੰ ਪ੍ਰੋਲੇਤਾਰੀ ਦੇ ਹਿਤਾਂ ਨਾਲ਼ੋਂ ਵਖਰਾਉਣ ਦੀ ਪ੍ਰਵਿਰਤੀ ਵਿਖਾਉਂਦੀ ਹੈ। —138

32. **ਪਹਾੜ** ਅਤੇ **ਜਿਰੋਂਦ** — ਅਠਾਰ੍ਹਵੀਂ ਸਦੀ ਦੇ ਅੰਤ ਉੱਤੇ ਫ਼ਰਾਂਸੀਸੀ ਬੁਰਜੂਆ ਇਨਕਲਾਬ ਸਮੇਂ ਬੁਰਜੂਆਜ਼ੀ ਦੀਆਂ ਦੋ ਟੋਲੀਆਂ ਨੂੰ ਦਿੱਤੇ ਨਾਂ। ਪਹਾੜ ਦਾ ਨਾਂ ਜੈਕੋਬਿਨਾਂ ਨੂੰ ਦਿੱਤਾ ਗਿਆ, ਜਿਹੜੇ ਉਸ ਸਮੇਂ ਦੀ ਬੁਰਜੂਆ ਇਨਕਲਾਬੀ ਜਮਾਤ ਦੇ ਸਭ ਤੋਂ ਦ੍ਰਿੜ੍ਹ ਪ੍ਰਤੀਨਿਧ ਸਨ, ਜਿਹੜੇ ਨਿਰੰਕੁਸ਼ਤਾ ਅਤੇ ਸਾਮੰਤੀ ਪ੍ਰਨਾਲੀ ਦੇ ਅੰਤ ਦੀ ਤਜਵੀਜ਼ ਪੇਸ਼ ਕਰਦੇ। ਉਹਨਾਂ ਦੇ ਉਲਟ ਜਿਰੋਂਦਵਾਦੀ ਇਨਕਲਾਬ ਅਤੇ ਉਲਟ–ਇਨਕਲਾਬ ਵਿਚਕਾਰ ਡੋਲਦੇ ਅਤੇ ਬਾਦਸ਼ਾਹੀ ਨਾਲ਼ ਸਮਝੌਤੇ ਦੀ ਨੀਤੀ ਉੱਤੇ ਚਲਦੇ।

ਲੈਨਿਨ ਨੇ "ਸੋਸ਼ਲਿਸਟ ਜਿਰੋਂਦ" ਦਾ ਨਾਂ ਸੋਸ਼ਲ–ਡੈਮੋਕ੍ਰੇਸੀ ਵਿੱਚ ਮੌਕਾਪ੍ਰਸਤੀ

ਨੂੰ, ਅਤੇ "ਪਹਾੜ" ਜਾਂ ਪ੍ਰੋਲੇਤਾਰੀ ਜੈਕੋਬਿਨਾਂ ਦਾ ਇਨਕਲਾਬੀ ਸੋਸ਼ਲ-ਡੈਮੋਕ੍ਰੈਟਾਂ ਨੂੰ ਦਿੱਤਾ। —146

33. **ਵਰੋਨੇਜ਼ ਕਮੇਟੀ ਅਤੇ ਸੇਂਟ-ਪੀਟਰਜ਼ਬਰਗ "ਕਿਰਤੀਆਂ ਦੀ ਜਥੇਬੰਦੀ"** "ਆਰਥਕਤਾਵਾਦੀਆਂ" ਦੇ ਹੱਥਾਂ ਵਿੱਚ ਸਨ ਅਤੇ ਵ. ਇ. ਲੈਨਿਨ ਦੇ "ਇਸਕਰਾ" ਅਤੇ ਇੱਕ ਮਾਰਕਸਵਾਦੀ ਪਾਰਟੀ ਉਸਾਰਨ ਲਈ ਉਹਦੀ ਜਥੇਬੰਦ ਪਲਾਨ ਦੇ ਵਿਰੁੱਧ ਸਨ। —148

34. ਕੇਂਦਰੀ ਕਮੇਟੀ ਦਾ ਨਵਾਂ ਮੈਂਬਰ ਫ. ਵ. ਲੇਨਗਨੀਕ ਸੀ, ਜਿਹੜਾ ਸਤੰਬਰ 1903 ਵਿੱਚ ਰੂਸ ਤੋਂ ਜਨੇਵਾ ਆਇਆ ਸੀ। —157

35. **"ਜ਼ਾਰੀਆ"** (ਪਹੁ-ਫੁਟਾਲਾ) —ਇਕ ਮਾਰਕਸਵਾਦੀ ਵਿਗਿਆਨਕ ਅਤੇ ਸਿਆਸੀ ਰਸਾਲਾ ਜਿਹੜਾ ਸਟੁਟਗਾਰਟ ਵਿੱਚ 1901 ਅਤੇ 1902 ਵਿੱਚ "ਇਸਕਰਾ" ਸੰਪਾਦਕ ਮੰਡਲ ਨੇ ਪ੍ਰਕਾਸ਼ਤ ਕੀਤਾ। —157

36. ਸ਼ਾਇਦ ਇਥੇ ਸੰਕੇਤ ਹੈ ਜਨੇਵਾ ਦੇ ਦੋ ਮਹੱਲਿਆਂ —Ca rouge ਅਤੇ Cluse— ਵੱਲ ਜਿੱਥੇ ਬਹੁਗਿਣਤੀ ਅਤੇ ਘੱਟਗਿਣਤੀ ਦੇ ਪ੍ਰਤੀਨਿਧ ਰਹਿੰਦੇ ਸਨ। —174

37. **ਸੋਬਾਕੇਵਿਚ—** ਨ. ਵ. ਗੋਗੋਲ ਦੇ ਨਾਵਲ "ਮੁਰਦਾ ਰੂਹਾਂ" ਦਾ ਇੱਕ ਪਾਤਰ। —175

38. **ਬਜ਼ਾਰੋਵ—**ਤੁਰਗੇਨੇਵ ਦੇ ਨਾਵਲ "ਪਿਤਾ ਅਤੇ ਪੁੱਤਰ" ਦਾ ਮੁੱਖ ਪਾਤਰ। —178

39. ਵ. ਇ. ਲੈਨਿਨ ਦੇ " 'ਇਸਕਰਾ' ਸੰਪਾਦਕਾਂ ਦੇ ਨਾਂ ਖ਼ਤ" ਦੇ ਨਾਲ਼ ਹੀ ਨਾਲ਼ "ਇਸਕਰਾ" ਅੰਕ 53 (25 ਨਵੰਬਰ 1903) ਨੇ ਗ. ਵ. ਪਲੈਖ਼ਾਨੋਵ ਵੱਲੋਂ ਲਿਖਿਆ ਇੱਕ ਸੰਪਾਦਕੀ ਜਵਾਬ ਛਾਪਿਆ। ਆਪਣੇ ਖ਼ਤ ਵਿੱਚ ਵ. ਇ. ਲੈਨਿਨ ਨੇ ਤਜਵੀਜ਼ ਪੇਸ਼ ਕੀਤੀ ਸੀ ਕਿ ਅਖ਼ਬਾਰ ਵਿੱਚ ਬਾਲਸ਼ਵਿਕਾਂ ਅਤੇ ਮੈਨਸ਼ਵਿਕਾਂ ਵਿਚਕਾਰ ਅਸੂਲਾਂ ਸਬੰਧੀ ਮਤ-ਭੇਦਾਂ ਉੱਤੇ ਬਹਿਸ ਚੱਲੇ। ਪਲੈਖ਼ਾਨੋਵ ਨੇ ਇਹਨਾਂ ਮਤ-ਭੇਦਾਂ ਨੂੰ "ਮੰਡਲ ਜੀਵਨ ਦੀਆਂ ਖਹਿਬੜਾਂ" ਕਹਿਕੇ ਇਹ ਤਜਵੀਜ਼ ਰੱਦ ਕਰ ਦਿੱਤੀ। —179

40. **"ਰੈਵੂਲਿਊਤਸੀਓਨਾਯਾ ਰੋਸੀਆ"** (ਇਨਕਲਾਬੀ ਰੂਸ)—ਸੋਸ਼ਲਿਸਟ-ਇਨਕਲਾਬੀਆਂ ਦਾ ਇੱਕ ਗ਼ੈਰ-ਕਨੂੰਨੀ ਅਖ਼ਬਾਰ ਜਿਹੜਾ 1900 ਦੇ ਅੰਤ ਤੋਂ ਰੂਸ ਵਿੱਚ "ਸੋਸ਼ਲਿਸਟ-ਇਨਕਲਾਬੀਆਂ ਦੀ ਲੀਗ" ਨੇ ਛਾਪਿਆ। ਜਨਵਰੀ 1902 ਤੋਂ ਦਸੰਬਰ 1905 ਤੱਕ ਇਹ ਵਿਦੇਸ਼ਾਂ (ਜਨੇਵਾ) ਵਿੱਚ ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਮੁੱਖ ਬੁਲਾਰੇ ਵਜੋਂ ਛਪਦਾ ਰਿਹਾ। —179

41 ਕੇਂਦਰੀ ਕਮੇਟੀ ਦਾ ਅਲਟੀਮੇਟਮ ਮੈਨਸ਼ਵਿਕਾਂ ਨੂੰ 12 (25) ਨਵੰਬਰ 1903 ਨੂੰ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ 22 ਅਕਤੂਬਰ (4 ਨਵੰਬਰ) 1903 ਨੂੰ ਵ. ਇ. ਲੈਨਿਨ ਨੇ ਕੇਂਦਰੀ ਕਮੇਟੀ ਨੂੰ ਇੱਕ ਖ਼ਤ ਭੇਜਿਆ, ਜਿਸ ਵਿੱਚ ਉਹਨੇ ਤਜਵੀਜ਼ ਪੇਸ਼ ਕੀਤੀ ਕਿ ਮੈਨਸ਼ਵਿਕਾਂ ਅੱਗੇ ਹੇਠ ਲਿਖੀਆਂ ਸ਼ਰਤਾਂ ਪੇਸ਼ ਕੀਤੀਆਂ ਜਾਣ: 1) ਤਿੰਨ ਪੁਰਾਣੇ ਮੈਂਬਰਾਂ ਦੀ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਵਿੱਚ ਕੁਆਪਸ਼ਨ; 2) ਵਿਦੇਸ਼ਾਂ ਵਿੱਚ ਰੂਸੀ ਇਨਕਲਾਬੀ ਸੋਸ਼ਲ-ਡੈਮੋਕ੍ਰੈਟਾਂ ਦੀ ਲੀਗ ਵਿੱਚ ਪਹਿਲੀ ਪ੍ਰਸਥਿਤੀ ਦੀ

ਮੁੜ-ਸਥਾਪਤੀ; 3) ਮੈਨਸ਼ਵਿਕਾਂ ਨੂੰ ਪਾਰਟੀ ਦੀ ਪ੍ਰੀਸ਼ਦ ਵਿੱਚ ਇੱਕ ਵੋਟ ਦੇਣਾ। ਕੇਂਦਰੀ ਕਮੇਟੀ ਦੇ ਮੰਨ-ਮੰਨੇਵਾਂਵਾਦੀ ਹਿੱਸੇ ਨੇ ਇਹ ਮੁੱਢਲੀਆਂ ਸ਼ਰਤਾਂ ਕਬੂਲ ਨਾ ਕੀਤੀਆਂ। ਉਸੇ ਖ਼ਤ ਵਿੱਚ ਵ. ਇ. ਲੈਨਿਨ ਨੇ ਸ਼ਰਤਾਂ ਉਲੀਕੀਆਂ ਅਤੇ ਉਹਨਾਂ ਦੀ ਪ੍ਰਵਾਨਗੀ ਦੀ, ਪਰ ਹਾਲ ਦੀ ਘੜੀ ਮੈਨਸ਼ਵਿਕਾਂ ਨੂੰ ਨਾ ਦੱਸਣ ਦੀ ਤਜਵੀਜ਼ ਪੇਸ਼ ਕੀਤੀ, ਅਲਟੀਮੇਟਮ ਦੇ ਮੁੱਖ ਨੁਕਤੇ, ਅਰਥਾਤ ਕੇਂਦਰੀ ਕਮੇਟੀ ਵੱਲੋਂ ਮੈਨਸ਼ਵਿਕਾਂ ਨੂੰ ਸੰਭਵ ਅਮਲੀ ਰਿਆਇਤਾਂ: 1) "ਇਸਕਰਾ" ਦੇ ਸੰਪਾਦਕ ਮੰਡਲ ਵਿੱਚ ਚਾਰ ਸਾਬਕਾ ਸੰਪਾਦਕਾਂ ਦੀ ਕੁਆਪਸ਼ਨ; 2) ਕੇਂਦਰੀ ਕਮੇਟੀ ਦੀ ਚੋਣ ਅਨੁਸਾਰ ਅਪੋਜ਼ੀਸ਼ਨ ਦੇ ਦੋ ਮੈਂਬਰਾਂ ਦੀ ਕੇਂਦਰੀ ਕਮੇਟੀ ਵਿੱਚ ਕੁਆਪਸ਼ਨ; 3) "ਵਿਦੇਸ਼ਾਂ ਵਿੱਚ ਰੂਸੀ ਇਨਕਲਾਬੀ ਸੋਸ਼ਲ-ਡੈਮੋਕ੍ਰੈਟਾਂ ਦੀ ਲੀਗ" ਵਿੱਚ ਪਹਿਲੀ ਪ੍ਰਸਥਿਤੀ ਦੀ ਮੁੜ-ਸਥਾਪਤੀ; 4) ਮੈਨਸ਼ਵਿਕਾਂ ਨੂੰ ਪਾਰਟੀ ਦੀ ਪ੍ਰੀਸ਼ਦ ਵਿੱਚ ਇੱਕ ਵੋਟ ਦੇਣਾ। "ਜੇ ਅਲਟੀਮੇਟਮ ਰੱਦ ਕਰ ਦਿੱਤਾ ਜਾਵੇ," ਵ. ਇ. ਲੈਨਿਨ ਨੇ ਕਿਹਾ, "ਅੰਤ ਤੱਕ ਯੁੱਧ। ਵਾਧੂ ਸ਼ਰਤ: 5) ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਸਮੇਂ ਅਤੇ ਉਸ ਤੋਂ ਪਿੱਛੋਂ ਝਗੜੇ ਸਬੰਧੀ ਕੁੱਲ ਬਹਿਸਾਂ, ਦਲੀਲਾਂ ਅਤੇ ਗੱਲਾਂ ਦਾ ਅੰਤ।" (ਸੰਗ੍ਰਹਿਤ ਕਿਰਤਾਂ, ਪੰਜਵੀਂ ਰੂਸੀ ਛਾਪ, ਸੈਂਚੀ 46, ਪੰਨਾ 315) ਵ. ਇ. ਲੈਨਿਨ ਦੀਆਂ ਇਹ ਸ਼ਰਤਾਂ (ਵਾਧੂ ਤੋਂ ਬਿਨਾਂ) ਕੇਂਦਰੀ ਕਮੇਟੀ ਦੇ 12 (25) ਨਵੰਬਰ 1903 ਦੇ ਅਲਟੀਮੇਟਮ ਵਿੱਚ ਸ਼ਾਮਲ ਕੀਤੀਆਂ ਗਈਆਂ, ਪਰ ਕੇਂਦਰੀ ਕਮੇਟੀ ਦੇ ਮੰਨ-ਮੰਨੇਵਾਂਵਾਦੀ ਮੈਂਬਰਾਂ ਨੇ ਉਹਨਾਂ ਉੱਤੇ ਜ਼ੋਰ ਨਾ ਦਿੱਤਾ।

ਅਲਟੀਮੇਟਮ ਤੋਂ ਅਗਲੇ ਦਿਨ, ਮੈਨਸ਼ਵਿਕਾਂ ਨੇ, ਪਲੈਖ਼ਾਨੋਵ ਵੱਲੋਂ ਬਹੁਤ ਜ਼ਿਆਦਾ ਸਹਾਇਤਾ ਨਾਲ਼, ਸਾਰੇ ਪੁਰਾਣੇ ਸੰਪਾਦਕਾਂ ਨੂੰ ਕੇਂਦਰੀ ਬੁਲਾਰੇ ਦੇ ਸੰਪਾਦਕ ਮੰਡਲ ਵਿੱਚ ਕੁਆਪਟ ਕਰ ਲਿਆ, ਅਲਟੀਮੇਟਮ ਰੱਦ ਕਰ ਦਿੱਤਾ ਅਤੇ ਪਾਰਟੀ ਦੀ ਬਹੁਗਿਣਤੀ ਵਿਰੁੱਧ ਖੁੱਲ੍ਹਮ-ਖੁੱਲ੍ਹਾ ਯੁੱਧ ਦਾ ਰਾਹ ਅਪਣਾਇਆ। —181

42. **ਮੰਤਰੀਵਾਦੀ** ਦਾਅ-ਪੇਚ, "**ਮੰਤਰੀਵਾਦ**" (ਜਾਂ "ਮੰਤਰੀਵਾਦੀ ਸੋਸ਼ਲਿਜ਼ਮ" ਜਾਂ "ਮਿਲੇਰਾਂਵਾਦ") —ਸੋਸ਼ਲਿਸਟਾਂ ਦੇ ਪਿੱਛੇ ਖਿੱਚੂ ਬੁਰਜੂਆ ਹਕੂਮਤਾਂ ਵਿੱਚ ਸ਼ਾਮਲ ਹੋਣ ਦੇ ਦਾਅ-ਪੇਚ। ਇਹ ਪ੍ਰੀਭਾਸ਼ਾ ਫ਼ਰਾਂਸੀਸੀ ਸੋਸ਼ਲਿਸਟ ਮਿਲੇਰਾਂ ਦੇ 1899 ਵਿੱਚ ਵਾਲਦੇਕ-ਰੂਸੋ ਦੀ ਬੁਰਜੂਆ ਹਕੂਮਤ ਵਿੱਚ ਸ਼ਾਮਲ ਹੋਣ ਦੇ ਸਬੰਧ ਵਿੱਚ ਹੋਂਦ ਵਿੱਚ ਆਈ। —185

43. ਇਥੇ ਸੰਕੇਤ ਹੈ ਪ. ਵ. ਸਤਰੂਵੇ ਦੇ ਵਿਚਾਰਾਂ ਵੱਲ, ਜਿਹੜੇ "ਕਨੂੰਨੀ ਮਾਰਕਸਵਾਦ" ਦੇ ਉੱਘੇ ਪ੍ਰਤੀਨਿਧ ਨੇ "ਰੂਸ ਦੇ ਆਰਥਕ ਵਿਕਾਸ ਦੇ ਵਿਸ਼ੇ ਸਬੰਧੀ ਪੜਚੋਲੀ ਟੂਕ" (1894) ਵਿੱਚ ਪ੍ਰਗਟ ਕੀਤੇ। ਪ. ਵ. ਸਤਰੂਵੇ ਅਤੇ ਹੋਰ "ਕਨੂੰਨੀ ਮਾਰਕਸਵਾਦੀਆਂ" ਦਾ ਵ. ਇ. ਲੈਨਿਨ ਨੇ 1894 ਦੀ ਪੱਤਝੜ ਦੀ ਰੁੱਤੇ ਸੇਂਟ-ਪੀਟਰਜ਼ਬਰਗ ਦੇ ਇੱਕ ਮਾਰਕਸਵਾਦੀ ਮੰਡਲ ਅੱਗੇ ਪੜ੍ਹੇ "ਬੁਰਜੂਆ ਸਾਹਿਤ ਵਿੱਚ ਮਾਰਕਸਵਾਦ ਦਾ ਪ੍ਰਤੀਬਿੰਬ" ਨਾਂ ਦੇ ਇੱਕ ਨਿਬੰਧ ਵਿੱਚ ਵਿਰੋਧ ਕੀਤਾ। 1894 ਦੇ ਅੰਤ ਅਤੇ 1895

ਦੇ ਸ਼ੁਰੂ ਵਿੱਚ ਵ. ਇ. ਲੈਨਿਨ ਨੇ ਇਸ ਨਿਬੰਧ ਨੂੰ ਆਪਣੇ ਲੇਖ "ਨਰੋਦਵਾਦ ਦਾ ਆਰਥਕ ਤੱਤ ਅਤੇ ਸ਼੍ਰੀ ਸਤਰੂਵੇ ਦੀ ਪੁਸਤਕ ਵਿੱਚ ਇਹਦੀ ਪੜਚੋਲ" ਵਿੱਚ ਵਰਤਿਆ। —186

44. **ਬਲਾਂਕੁਈਵਾਦ—** ਫ਼ਰਾਂਸੀਸੀ ਸੋਸ਼ਲਿਸਟ ਲਹਿਰ ਵਿੱਚ ਇੱਕ ਮੁਹਾਣ ਜਿਸਦਾ ਮੁਖੀ ਉੱਘਾ ਇਨਕਲਾਬੀ ਅਤੇ ਫ਼ਰਾਂਸੀਸੀ ਯੂਟੋਪੀਆਈ ਕਮਿਊਨਿਜ਼ਮ ਦਾ ਮੂਹਰੀ ਪ੍ਰਤੀਨਿਧ ਲੂਈ ਆਗੁਸਤੇ ਬਲਾਂਕੁਈ (1805–81) ਸੀ।

    ਬਲਾਂਕੁਈਵਾਦੀ ਜਮਾਤੀ ਘੋਲ਼ ਤੋਂ ਇਨਕਾਰੀ ਸਨ ਅਤੇ ਇਨਕਲਾਬੀ ਪਾਰਟੀ ਦੀਆਂ ਸਰਗਰਮੀਆਂ ਦੀ ਥਾਂ ਮੁੱਠੀ ਭਰ ਗੁਪਤ ਸਾਜ਼ਸ਼ੀਆਂ ਨੂੰ ਦੇਂਦੇ, ਬਗ਼ਾਵਤ ਦੇ ਸਫ਼ਲ ਹੋਣ ਲਈ ਲੋੜੀਂਦੀ ਸਥੂਲ ਪ੍ਰਸਥਿਤੀ ਨੂੰ ਮੁੱਖ ਨਾ ਰੱਖਦੇ ਅਤੇ ਜਨਤਾ ਲਈ ਆਪਣੀ ਘਿਰਣਾ ਵਿਖਾਉਂਦੇ। —186

45. ਇਥੇ ਸੰਕੇਤ ਹੈ "ਇਸਕਰਾ" ਵਿਚ ਲ. ਮਾਰਤੋਵ ਦੇ ਲੇਖ "ਕੀ ਇਹ ਤਿਆਰੀ ਦਾ ਢੰਗ ਹੈ ?" ਵੱਲ, ਜਿਸ ਵਿੱਚ ਉਹਨੇ ਕੁੱਲ ਰੂਸ ਵਿੱਚ ਹਥਿਆਰਬੰਦ ਬਗ਼ਾਵਤ ਦੀਆਂ ਸਾਰੀਆਂ ਤਿਆਰੀਆਂ ਦਾ ਵਿਰੋਧ ਕੀਤਾ, ਉਹ ਉਹਨਾਂ ਨੂੰ ਯੂਟੋਪੀਆਈ ਅਤੇ ਸਾਜ਼ਸ਼ੀ ਸਮਝਦਾ ਸੀ। —188

46. ਇਥੇ ਵ. ਇ. ਲੈਨਿਨ ਮ. ਯੂ. ਲਰਮੋਨਤੋਵ ਦੀ ਕਵਿਤਾ "ਪੱਤਰਕਾਰ, ਪਾਠਕ ਅਤੇ ਲੇਖਕ" ਵਿੱਚੋਂ ਟੂਕ ਦੇਂਦਾ ਹੈ। —

47. ਵਿਅੰਗਾਤਮਕ "ਸਮਕਾਲੀ ਰੂਸੀ ਸੋਸ਼ਲਿਸਟ ਦਾ ਭਜਨ" ਵਿੱਚੋਂ ਇੱਕ ਸਤਰ, ਇਹ "ਜ਼ਾਰੀਆ" (ਪਹੁ–ਫੁਟਾਲਾ) ਅੰਕ 1 (ਅਪ੍ਰੈਲ 1901) ਵਿੱਚ "ਨਰਤਸਿਸ ਤੁਪੋਰੀਲੋਵ" (ਖੁੰਢੀ–ਥੁਨੀ ਵਾਲਾ ਨਰਗਸ) ਦੀ ਸਹੀ ਨਾਲ਼ ਛਾਪੀ ਗਈ। ਭਜਨ, ਜਿਹੜਾ ਲ. ਮਾਰਤੋਵ ਨੇ ਲਿਖਿਆ ਸੀ, "ਅਰਾਜਕਤਾਵਾਦੀਆਂ" ਅਤੇ ਉਹਨਾਂ ਦੇ ਆਪਮੁਹਾਰੀ ਲਹਿਰ ਦੀ ਪੂਛ ਬਣਨ ਦਾ ਠੱਠਾ ਉਡਾਉਂਦਾ। —195

48. **ਓਬਲੋਮੋਵ—** ਇ. ਅ. ਗੋਨਚਾਰੋਵ ਦੇ ਇਸੇ ਨਾਂ ਦੇ ਨਾਵਲ ਦਾ ਮੁੱਖ ਪਾਤਰ, ਜਿਹੜਾ ਆਲਸੀ ਸਿਥਲਤਾ, ਖੜੋਤ ਅਤੇ ਨਿਸ਼ਚਲਤਾ ਦਾ ਚਿੰਨ੍ਹ ਹੈ। —198

49. ਇਥੇ 25 ਫ਼ਰਵਰੀ 1904 ਨੂੰ "ਇਸਕਰਾ" ਵਿੱਚ ਛਪੇ ਲ. ਮਾਰਤੋਵ ਦੇ ਲੇਖ "ਅੱਗੋਂ ਕੀ" ਵੱਲ ਸੰਕੇਤ ਹੈ। ਇਸ ਲੇਖ ਵਿੱਚ ਉਹਨੇ ਸਥਾਨਕ ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਕਮੇਟੀਆਂ ਦੀਆਂ ਮੈਂਬਰਸ਼ਿਪ ਦਾ ਨਿਰਣਾ ਕਰਨ ਸਬੰਧੀ ਸਥਾਨਕ ਕਮੇਟੀਆਂ ਦੀ ਕੇਂਦਰੀ ਕਮੇਟੀ ਤੋਂ ਉੱਕਾ ਹੀ "ਸੁਤੰਤਰਤਾ" ਦੀ ਹਮਾਇਤ ਕੀਤੀ ਅਤੇ ਮਾਸਕੋ ਕਮੇਟੀ ਉੱਤੇ ਪੜਚੋਲ ਕੀਤੀ, ਜਿਸਨੇ ਇਸ ਸਵਾਲ ਉੱਤੇ ਵਿਚਾਰ ਕੀਤਾ ਸੀ ਅਤੇ ਇੱਕ ਪ੍ਰਸਤਾਵ ਪ੍ਰਵਾਨ ਕੀਤਾ ਸੀ ਜਿਸ ਵਿੱਚ ਉਹਨੇ ਪਾਰਟੀ ਨਿਯਮਾਂ ਦੀ ਧਾਰਾ 9 ਦੇ ਅਧਾਰ ਉੱਤੇ ਕੇਂਦਰੀ ਕਮੇਟੀ ਦੀਆਂ ਕੁੱਲ ਹਦਾਇਤਾਂ ਉੱਤੇ ਅਮਲ ਸਬੰਧੀ ਪ੍ਰਸਤਾਵ ਪ੍ਰਵਾਨ ਕੀਤਾ ਸੀ। —201

50. **ਜਰਮਨ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੀ ਡਰੈਸਡਨ ਕਾਂਗਰਸ** 13–20 ਸਤੰਬਰ 1903

ਨੂੰ ਹੋਈ। ਕਾਰਜ-ਸੂਚੀ ਦੀ ਮੁੱਖ ਮਦ ਪਾਰਟੀ ਦੇ ਦਾਅ-ਪੇਚ ਅਤੇ ਸੋਧਵਾਦ ਵਿਰੁੱਧ ਘੋਲ਼ ਸੀ। ਕਾਂਗਰਸ ਵਿੱਚ ਅ. ਬਰਨਸ਼ਟਾਈਨ, ਪ. ਗੂਹਰੇ, ਅ. ਡੇਵਿਡ, ਵ. ਹਾਈਨੇ ਅਤੇ ਕੁੱਝ ਹੋਰ ਜਰਮਨ ਸੋਸ਼ਲ-ਡੈਮੋਕ੍ਰੈਟਾਂ ਦੇ ਵਿਚਾਰਾਂ ਉੱਤੇ ਪੜਚੋਲ ਕੀਤੀ ਗਈ। ਪਰ ਕਾਂਗਰਸ ਸੋਧਵਾਦ ਵਿਰੁੱਧ ਘੋਲ਼ ਵਿੱਚ ਚੋਖੀ ਦ੍ਰਿੜ੍ਹ ਨਹੀਂ ਸੀ; ਜਰਮਨ ਸੋਸ਼ਲ-ਡੈਮੋਕ੍ਰੈਟਾਂ ਵਿੱਚੋਂ ਸੋਧਵਾਦੀਆਂ ਨੂੰ ਨਾ ਕੱਢਿਆ ਗਿਆ ਅਤੇ ਉਹਨਾਂ ਕਾਂਗਰਸ ਤੋਂ ਪਿੱਛੋਂ ਆਪਣੇ ਮੌਕਾਪ੍ਰਸਤ ਵਿਚਾਰ ਫ਼ੈਲਾਉਣੇ ਜਾਰੀ ਰੱਖੇ। —202

51. "Sozialistische Monatshefte" ("ਸੋਸ਼ਲਿਸਟ ਮਾਸਕ")—ਇੱਕ ਰਸਾਲਾ, ਜਰਮਨ ਸੋਸ਼ਲ-ਡੈਮੋਕ੍ਰੈਟਕ ਪਾਰਟੀ ਵਿੱਚ ਮੌਕਾਪ੍ਰਸਤਾਂ ਦਾ ਮੁੱਖ ਬੁਲਾਰਾ ਅਤੇ ਕੌਮਾਂਤਰੀ ਮੌਕਾਪ੍ਰਸਤੀ ਦੇ ਬੁਲਾਰਿਆਂ ਵਿੱਚੋਂ ਇੱਕ। ਬਰਲਿਨ ਵਿਖੇ 1897 ਤੋਂ 1933 ਤੱਕ ਛਪਿਆ। —203

52. "Frankfurter Zeitung" (ਫ਼ਰੈਂਕਫ਼ੋਰਟ ਦਾ ਗਜ਼ਟ) — ਇੱਕ ਰੋਜ਼ਾਨਾ ਅਖ਼ਬਾਰ, ਜਰਮਨ ਵੱਡੇ ਪੋਤਦਾਰਾਂ ਦਾ ਬੁਲਾਰਾ, ਮੇਨ-ਕੰਢੇ-ਫ਼ਰੈਂਕਫ਼ੋਰਟ ਤੋਂ 1856 ਤੋਂ 1943 ਤੱਕ ਛਪਿਆ। 1949 ਤੋਂ "Frankfurter Allgemeine Zeitung" (ਫ਼ਰੈਂਕਫ਼ੋਰਟ ਦਾ ਆਮ ਗਜ਼ਟ) ਦੇ ਨਾਂ ਹੇਠ ਇਹਦਾ ਪ੍ਰਕਾਸ਼ਨ ਫਿਰ ਸ਼ੁਰੂ ਕੀਤਾ ਗਿਆ। —207

53. ਇਥੇ ਸੰਕੇਤ ਹੈ ਹਸਾਉਣੇ ਲੇਖ "ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦਾ ਸੰਖੇਪ ਵਿਧਾਨ" ਜਿਹੜਾ ਲ. ਮਾਰਤੋਵ ਨੇ ਲਿਖਿਆ ਅਤੇ ਉਹਦੇ ਲੇਖ "ਅੱਗੋਂ ਕੀ" ("ਇਸਕਰਾ", ਅੰਕ 58, 25 ਜਨਵਰੀ 1904) ਦੇ ਜ਼ਮੀਮੇ ਵਜੋਂ ਛਪਿਆ। ਇੱਥੇ ਮਾਰਤੋਵ ਨੇ ਬਾਲਸ਼ਵਿਕਵਾਦ ਦੇ ਜਥੇਬੰਦ ਅਸੂਲਾਂ ਉੱਤੇ ਭਰਪੂਰ ਵਿਅੰਗ ਕੀਤਾ ਅਤੇ ਮੈਨਸ਼ਵਿਕਾਂ ਵੱਲ ਅਖੌਤੀ ਅਨਿਆਈਂ ਵਤੀਰੇ ਦਾ ਗਿਲਾ ਕੀਤਾ। ਆਪਣੇ "ਵਿਧਾਨ" ਵਿੱਚ ਉਹਨੇ "ਤੰਗ ਕਰਨ ਵਾਲ਼ਿਆਂ" ਅਤੇ "ਤੰਗ ਕੀਤੇ ਜਾਂਦਿਆਂ", ਜਿਸਤੋਂ ਉਹਦਾ ਅਰਥ ਬਾਲਸ਼ਵਿਕ ਅਤੇ ਮੈਨਸ਼ਵਿਕ ਸੀ, ਸਬੰਧੀ ਲਿਖਿਆ। —212

# ਨਾਮਾਵਲੀ

## ੳ

**ਓਸੀਪੋਵ (ਜ਼ੇਮਲਯਾਚਕਾ, ਰੋਜ਼ਾਲੀਆ ਸਾਮੋਏਲੋਵਨਾ)** (1876-1947) — ਪੇਸ਼ਾਵਰ ਇਨਕਲਾਬੀ, ਕਮਿਊਨਿਸਟ ਪਾਰਟੀ ਅਤੇ ਸੋਵੀਅਤ ਰਾਜ ਦੀ ਉੱਘੀ ਸ਼ਖ਼ਸੀਅਤ; 1893 ਵਿੱਚ ਇਨਕਲਾਬੀ ਲਹਿਰ ਵਿੱਚ ਸ਼ਾਮਲ ਹੋਈ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਬਹੁਗਿਣਤੀ ਵਿੱਚ ਸ਼ਾਮਲ ਸੀ, ਕਾਂਗਰਸ ਤੋਂ ਪਿੱਛੋਂ ਬਾਲਸ਼ਵਿਕਾਂ ਵੱਲੋਂ ਕੇਂਦਰੀ ਕਮੇਟੀ ਵਿੱਚ ਕੁਆਪਟ ਕਰ ਲਈ ਗਈ, ਮੈਨਸ਼ਵਿਕਾਂ ਵਿਰੁੱਧ ਘੋਲ਼ ਵਿੱਚ ਸਰਗਰਮ ਹਿੱਸਾ ਲਿਆ। —134, 224

**ਓਰਲੋਵ (ਮਾਖਲਿਨ, ਲਾਜ਼ਾਰ ਦਾਵੀਦੋਵਿਚ)** (1880-1925) — 1900 ਤੋਂ ਸੋਸ਼ਲ-ਡੈਮੋਕ੍ਰੈਟਕ ਲਹਿਰ ਵਿੱਚ ਹਿੱਸਾ ਲੈਣ ਵਾਲ਼ਾ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਬਹੁਗਿਣਤੀ ਵਿੱਚ ਸ਼ਾਮਲ ਸੀ। ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ। —24, 25, 134

## ਅ

**ਅਕੀਮੋਵ (ਮਾਖਨੋਵੇਤਸ), ਵਲਾਦੀਮੀਰ ਪਿਤਰੋਵਿਚ** (1872-1921) —ਸੋਸ਼ਲ-ਡੈਮੋਕ੍ਰੈਟ, "ਆਰਥਕਤਾਵਾਦ" ਦਾ ਉੱਘਾ ਪ੍ਰਤੀਨਿਧ, ਇੱਕ ਅਤਿ-ਅੰਤ ਅਤਿ ਦਾ ਮੌਕਾਪ੍ਰਸਤ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਇਸਕਰਾ"-ਵਿਰੋਧੀ, ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਵਾਦ ਦੇ ਅਤਿ ਸੱਜੇ ਪੱਖ ਦੀ ਪ੍ਰਤੀਨਿਧਤਾ ਕੀਤੀ। ਪਿਛਾਖੜ ਦੇ ਵਰ੍ਹਿਆਂ (1907-10) ਵਿੱਚ ਸੋਸ਼ਲ-ਡੈਮੋਕ੍ਰੈਟਕ ਲਹਿਰ ਛੱਡ ਗਿਆ। —12, 13, 15-18, 21, 26, 33, 37, 52, 55, 62, 63, 67-69, 74, 77-79, 81, 87, 91, 93-95, 101-104, 106, 109, 114, 124, 126, 129, 132, 133, 138, 142, 144-46, 148, 150-52, 163-64, 172, 175-76, 181, 186-89, 193, 201-19

**ਅਬਰਾਮਸਨ (ਪੋਰਤਨੋਏ, ਕ.)** (1872-1941) — "ਬੁੰਦ", ਯਹੂਦੀ ਕੌਮ-ਪ੍ਰਸਤ ਜਥੇਬੰਦੀ ਦਾ ਨੇਤਾ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਬੁੰਦ" ਦੇ ਕੇਂਦਰੀ ਕਮੇਟੀ ਵੱਲੋਂ ਡੈਲੀਗੇਟ, "ਇਸਕਰਾ"-ਵਿਰੋਧੀ ਦ੍ਰਿਸ਼ਟੀਕੋਣ ਅਪਣਾਇਆ। ਉਸ ਤੋਂ ਪਿੱਛੋਂ ਦੇ ਵਰ੍ਹਿਆਂ ਵਿੱਚ, 1939 ਤੱਕ ਪੋਲੈਂਡ ਵਿੱਚ "ਬੁੰਦ" ਦੀ ਕੇਂਦਰੀ ਕਮੇਟੀ ਦਾ ਪ੍ਰਧਾਨ ਸੀ। —19, 91

**"ਅਮਲੀ ਕਾਰਕੁਨ"** —ਵੇਖੋ ਪਾਨਿਨ

**ਅਲੈਕਸਾਂਦਰੋਵ —** "ਜਥੇਬੰਦਕ ਸਵਾਲ (ਸੰਪਾਦਕਾਂ ਦੇ ਨਾਂ ਖ਼ਤ)" ਦਾ ਲੇਖਕ, ਜਿਹੜਾ "ਇਸਕਰਾ", ਅੰਕ 56 ਵਿੱਚ ਪਹਿਲੀ ਜਨਵਰੀ 1904 ਨੂੰ ਇੱਕ ਜ਼ਮੀਮੇ ਵਜੋਂ ਛਪਿਆ। —191, 193, 198

**ਅਲੈਕਸੇਯੇਵ, ਪਿਓਤਰ ਅਲੈਕਸੇਯੇਵਿਚ** (1849–91) —1870ਵਿਆਂ ਦਾ ਉੱਘਾ ਇਨਕਲਾਬੀ, ਬੁਣਕਰ; ਕਿਰਤੀਆਂ ਵਿੱਚ ਸਰਗਰਮ ਇਨਕਲਾਬੀ ਪ੍ਰਚਾਰ ਕੀਤਾ; ਜਦੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਅਦਾਲਤ ਵਿੱਚ ਮੁਕੱਦਮਾ ਚਲਾਇਆ ਗਿਆ (ਮਾਰਚ, 1877), ਤਾਂ ਆਪਣੀ ਪ੍ਰਸਿੱਧ ਤਕਰੀਰ ਕੀਤੀ ਜਿਸ ਵਿੱਚ ਜ਼ਾਰਸ਼ਾਹੀ ਇੱਕ-ਪੁਰਖੀ ਰਾਜ ਦੇ ਅਟੱਲ ਪਤਨ ਦੀ ਭਵਿੱਖਬਾਣੀ ਕੀਤੀ। —64

**ਐਕਸ (ਮਾਸਲੋਵ, ਪਿਓਤਰ ਪਾਵਲੋਵਿਚ)** (1867–1946) — ਸੋਸ਼ਲ-ਡੈਮੋਕ੍ਰੈਟ, ਅਰਥ-ਵਿਗਿਆਨੀ, ਜ਼ਰਅਈ ਸਵਾਲ ਸਬੰਧੀ ਕਈ ਕਿਰਤਾਂ ਦਾ ਲੇਖਕ, ਜਿਨ੍ਹਾਂ ਵਿੱਚ ਮਾਰਕਸਵਾਦ ਨੂੰ ਸੋਧਣ ਦਾ ਯਤਨ ਕੀਤਾ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਤੋਂ ਪਿਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ। ਪਹਿਲੇ ਸੰਸਾਰ ਯੁੱਧ (1914–18) ਸਮੇਂ ਸਮਾਜੀ-ਸ਼ਾਵਨਵਾਦੀ। —198

**ਐਕਸਲਰੋਦ, ਪਾਵੇਲ ਬੋਰੀਸੋਵਿਚ** (1850–1928) —ਸੋਸ਼ਲ-ਡੈਮੋਕ੍ਰੈਟ, "ਕਿਰਤ ਦੀ ਮੁਕਤੀ" ਟੋਲੀ, ਪਹਿਲੀ ਰੂਸੀ ਮਾਰਕਸਵਾਦੀ ਟੋਲੀ ਦੀ ਸਥਾਪਤੀ ਵਿੱਚ ਹਿੱਸਾ ਲਿਆ (1883)। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਇਸਕਰਾ"-ਘੱਟਗਿਣਤੀ ਦੀ ਪ੍ਰਤੀਨਿਧਤਾ ਕੀਤੀ। ਕਾਂਗਰਸ ਤੋਂ ਪਿੱਛੋਂ ਇੱਕ ਮੈਨਸ਼ਵਿਕ ਨੇਤਾ। ਪਿਛਾਖੜ (1907–10) ਦੇ ਵਰ੍ਹਿਆਂ ਵਿੱਚ ਖ਼ਾਤਮਾਵਾਦ ਦੇ ਨੇਤਾਵਾਂ ਵਿੱਚੋਂ ਇੱਕ ਸੀ। ਪਹਿਲੇ ਸੰਸਾਰ ਯੁੱਧ (1914–18) ਸਮੇਂ ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਇਆ। —6, 19, 40, 42, 48, 54, 56, 57, 60, 62, 63, 65, 69, 70, 73, 74, 79, 88, 93, 95, 96, 118, 121, 136, 144, 148, 150, 151, 158, 166, 171, 175–76, 184–91, 195, 197, 199, 201, 203, 208–13, 216

**ਐਲਮ** (Elm) **ਅਡੋਲਫ਼** (1857–1916) —ਜਰਮਨ ਸੋਸ਼ਲ-ਡੈਮੋਕ੍ਰੈਟ, ਸਹਿਕਾਰਤਾ ਦਾ ਅਤੇ ਟਰੇਡ-ਯੂਨੀਅਨ ਨੇਤਾ, ਸੁਧਾਰਵਾਦੀ। ਸੋਧਵਾਦੀ ਰਸਾਲੇ "Sozialistische Monatshefte" (ਸੋਸ਼ਲਿਸਟ ਮਾਸਕ) ਲਈ ਲਿਖਿਆ, ਜਿਸ ਵਿੱਚ ਉਹਨੇ ਸੋਸ਼ਲ-ਡੈਮੋਕ੍ਰੈਟਾਂ ਦੇ ਇਨਕਲਾਬੀ ਪ੍ਰੋਗਰਾਮ ਅਤੇ ਦਾਅ-ਪੇਚਾਂ ਦਾ ਵਿਰੋਧ ਕੀਤਾ। —209

**ੲ**

**ਇਬਸਨ** (Ibsen), **ਹੈਨਰਿਕ** (1828–1906) —ਨਾਰਵੇ ਦਾ ਨਾਟਕ ਲੇਖਕ। —129

**ਇਵਾਨੋਵ (ਲੇਵੀਨਾ, ਯੇਵਦੋਕੀਆ ਸੇਮਿਆਨੋਵਨਾ)** (1874–1905) —ਸੋਸ਼ਲ-ਡੈਮੋਕ੍ਰੈਟ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ ਕੇਂਦਰਵਾਦੀ

ਮਤ ਅਪਣਾਇਆ। ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਈ ਪਰ ਛੇਤੀ ਹੀ ਰਾਜਨੀਤੀ ਤੋਂ ਵੱਖ ਹੋ ਗਈ। —33

**ਸ**

**ਸ਼ਚੇਦਰਿਨ (ਸਾਲਤੀਕੋਵ-ਸ਼ਚੇਦਰਿਨ, ਮਿਖ਼ਾਈਲ ਯੇਵਗਰਾਫ਼ੋਵਿਚ)** (1826–1889) — ਪ੍ਰਸਿੱਧ ਰੂਸੀ ਵਿਅੰਗ ਲੇਖਕ, ਇਨਕਲਾਬੀ ਜਮਹੂਰੀਅਤਪਸੰਦ। —16

**ਸਤਰਾਖ਼ੋਵ (ਤਾਖ਼ਤਾਰੇਵ, ਕਨਸਤਨਤਿਨ ਮਿਖ਼ਾਇਲੋਵਿਚ)** (1871–1925) —ਸੋਸ਼ਲ-ਡੈਮੋਕ੍ਰੈਟ, ਸੇਂਟ-ਪੀਟਰਜ਼ਬਰਗ ਦੀ "ਕਿਰਤੀ ਸ਼੍ਰੇਣੀ ਦੀ ਮੁਕਤੀ ਲਈ ਘੋਲ਼ ਦੀ ਲੀਗ" ਦੇ ਕੰਮ ਵਿੱਚ ਹਿੱਸਾ ਲੈਣ ਵਾਲਾ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਦੀ ਤਿਆਰੀ ਵਿੱਚ ਸਰਗਰਮ ਹਿੱਸਾ ਲਿਆ, ਜਿਸ ਵਿੱਚ ਉਹ ਬੋਲਣ ਦੇ ਹੱਕ ਨਾਲ਼ ਸ਼ਾਮਲ ਹੋਇਆ। ਪਾਰਟੀ ਵਿੱਚ ਫੁੱਟ ਪਿੱਛੋਂ ਮੈਨਸ਼ਵਿਕਾਂ ਦੀ ਹਮਾਇਤ ਕੀਤੀ, ਛੇਤੀ ਹੀ ਪਾਰਟੀ ਦਾ ਕੰਮ ਤਿਆਗ ਦਿੱਤਾ। —74

**ਸਤਰੂਵੇ, ਪਿਓਤਰ ਬਰਨਗਰਦੋਵਿਚ** (1870–1944) —ਅਰਥ-ਵਿਗਿਆਨੀ ਅਤੇ ਪ੍ਰਚਾਰਕ, 1890ਵਿਆਂ ਵਿੱਚ "ਕਨੂੰਨੀ ਮਾਰਕਸਵਾਦ" ਦੇ ਸਭ ਤੋਂ ਉੱਘੇ ਪ੍ਰਤੀਨਿਧਾਂ ਵਿੱਚੋਂ ਇੱਕ, ਪਿੱਛੋਂ ਜਾਕੇ—ਵਿਧਾਨਵਾਦੀ-ਜਮਹੂਰੀਅਤਪਸੰਦਾਂ (ਕੈਡਟਾਂ) ਦਾ ਇੱਕ ਨੇਤਾ। —137, 138, 179

**ਸਤਾਰੋਵਰ (ਪੋਤਰੇਸੋਵ, ਅਲੈਕਸਾਂਦਰ ਨਿਕੋਲਾਯੇਵਿਚ)** (1869–1934) — ਇੱਕ ਮੈਨਸ਼ਵਿਕ ਨੇਤਾ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਇਸਕਰਾ" ਸੰਪਾਦਕ ਮੰਡਲ ਵੱਲੋਂ ਬੋਲਣ ਦੇ ਹੱਕ ਸਹਿਤ ਸ਼ਾਮਲ ਹੋਇਆ, "ਇਸਕਰਾ"-ਘੱਟਗਿਣਤੀ ਵਿੱਚ ਸ਼ਾਮਲ ਸੀ। ਪਿਛਾਖੜ ਦੇ ਵਰ੍ਹਿਆਂ ਵਿੱਚ (1907–10)—ਖ਼ਾਤਮਾਵਾਦੀਆਂ ਦਾ ਵਿਚਾਰਧਾਰਕ। ਪਹਿਲੇ ਸੰਸਾਰ ਯੁੱਧ (1914–18) ਵਿੱਚ ਸਮਾਜੀ-ਸ਼ਾਵਨਵਾਦੀ। —40, 85, 86, 92, 94, 118, 121, 133–136, 138, 149, 158, 175, 222, 224, 228, 229

**ਸਤੀਨ(ਅਲੈਕਸਾਂਦਰੋਵਾ, ਯੇਕਾਤਰੀਨਾ ਮਿਖ਼ਾਈਲੋਵਨਾ)** (1864–1943) —ਸੋਸ਼ਲ-ਡੈਮੋਕ੍ਰੈਟ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ ਜਥੇਬੰਦਕ ਕਮੇਟੀ ਵੱਲੋਂ ਬੋਲਣ ਦੇ ਹੱਕ ਨਾਲ਼ ਸ਼ਾਮਲ ਹੋਈ, "ਇਸਕਰਾ"-ਘੱਟਗਿਣਤੀ ਵਿੱਚ ਸ਼ਾਮਲ ਹੋ ਗਈ, ਕਾਂਗਰਸ ਤੋਂ ਪਿੱਛੋਂ ਸਰਗਰਮ ਮੈਨਸ਼ਵਿਕ। —81, 82, 222, 225, 227, 229

**ਸਤੀਪਾਨੋਵ (ਨਿਕੀਤਿਨ, ਈਵਾਨ, ਕਨਸਤਨਤੀਨੋਵਿਚ)** (1877–1944) —ਸੋਸ਼ਲ-ਡੈਮੋਕ੍ਰੈਟ, ਬਾਲਸ਼ਵਿਕ, ਕਿੱਤੇ ਵਜੋਂ ਖ਼ਰਾਦੀਆ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਬਹੁਗਿਣਤੀ ਵਿੱਚ ਸ਼ਾਮਲ ਸੀ; 1905–07 ਦੇ ਇਨਕਲਾਬ ਵਿੱਚ ਉੱਘਾ ਹਿੱਸਾ ਲਿਆ। ਪਿੱਛੋਂ ਰਾਜਨੀਤੀ ਛੱਡ

ਗਿਆ। —33

**ਸਬਲੀਨਾ (ਕਰੁਪਸਕਾਯਾ, ਨਾਦੇਜ਼ਦਾ ਕਨਸਤਨਤੀਨੋਵਨਾ)** (1869–1939) — ਪੇਸ਼ਾਵਰ ਇਨਕਲਾਬੀ, ਕਮਿਊਨਿਸਟ ਪਾਰਟੀ ਅਤੇ ਸੋਵੀਅਤ ਰਾਜ ਵਿੱਚ ਉੱਘੀ ਸ਼ਖ਼ਸੀਅਤ, ਵ. ਇ. ਲੈਨਿਨ ਦੀ ਪਤਨੀ।

ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਦੀ ਤਿਆਰੀ ਵਿੱਚ ਸਰਗਰਮ ਹਿੱਸਾ ਲਿਆ ਜਿਸ ਵਿੱਚ ਉਹਨੇ ਬੋਲਣ ਦੇ ਹੱਕ ਨਾਲ਼ ਹਿੱਸਾ ਲਿਆ। ਕਾਂਗਰਸ ਤੋਂ ਪਿੱਛੋਂ—ਬਾਲਸ਼ਵਿਕ ਅਖ਼ਬਾਰਾਂ "ਵਪੇਰਯੋਦ" (ਅੱਗੇ–ਵਧੋ) ਅਤੇ "ਪ੍ਰੋਲੇਤਾਰੀ" ਦੇ ਸੰਪਾਦਕ ਮੰਡਲਾਂ ਦੀ ਸਕੱਤਰ। —85, 229

**ਸ਼ਵਾਈਟਜ਼ਰ** (Schweitzer), **ਜੋਹਾਨ ਬੈਪਟਿਸਟ** (1833–75)—ਜਰਮਨ ਜਨਤਕ ਸ਼ਖ਼ਸੀਅਤ ਅਤੇ ਲੇਖਕ, ਲਾਸਾਲ ਦਾ ਅਨੁਯਾਈ। 1867 ਤੋਂ 1871 ਤੱਕ ਜਰਮਨ ਕਿਰਤੀਆਂ ਦੀ ਆਮ ਯੂਨੀਅਨ ਦਾ ਪ੍ਰਧਾਨ। ਯੂਨੀਅਨ ਵਿੱਚ ਨਿੱਜੀ ਡਿਕਟੇਟਰੀ ਦੀ ਨੀਤੀ ਚਲਾਈ। —184

**ਸੋਰੋਕਿਨ (ਬਾਉਮਾਨ, ਨਿਕੋਲਾਈ ਅਰਨੈਸਤੋਵਿਚ)** (1873–1905) —ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ ਪਾਰਟੀ ਵਿੱਚ ਉੱਘੀ ਸ਼ਖ਼ਸੀਅਤ, ਸੇਂਟ–ਪੀਟਰਜ਼ਬਰਗ ਦੀ "ਕਿਰਤੀ ਸ਼੍ਰੇਣੀ ਦੀ ਮੁਕਤੀ ਲਈ ਘੋਲ਼ ਦੀ ਲੀਗ" ਦੇ ਕੰਮ ਵਿੱਚ ਸਰਗਰਮ ਹਿੱਸਾ ਲਿਆ। "ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ" ਬਹੁਗਿਣਤੀ ਵਿੱਚ ਸ਼ਾਮਲ ਸੀ, 1903 ਵਿੱਚ ਮਾਸਕੋ ਪਾਰਟੀ ਕੇਮਟੀ ਦਾ ਮੁਖੀ। ਅਕਤੂਬਰ 1905 ਵਿੱਚ ਮਾਸਕੋ ਵਿੱਚ ਪ੍ਰਦਰਸ਼ਨ ਸਮੇਂ ਕਾਲੇ ਸੈਂਕੜਿਆਂ ਨੇ ਕਤਲ ਕਰ ਦਿੱਤਾ। —17. 85, 119, 229

## ਹ

**ਹਰਜ਼ (ਉਲੀਆਨੋਵ, ਦਮਿਤਰੀ ਇਲੀਚ)** (1874–1943) —ਪੇਸ਼ਾਵਰ ਇਨਕਲਾਬੀ; ਬਾਲਸ਼ਵਿਕ, ਵ. ਇ. ਲੈਨਿਨ ਦਾ ਨਿੱਕਾ ਭਰਾ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ ਤੂਲਾ ਕਮੇਟੀ ਵੱਲੋਂ ਡੈਲੀਗੇਟ, "ਇਸਕਰਾ"–ਬਹੁਗਿਣਤੀ ਵਿੱਚ ਸ਼ਾਮਲ ਸੀ। —92, 93

**ਹਾਈਨੇ** (Heine), **ਵੁਲ.ਫ਼ਗੈਂਗ** (1861–1944) —ਜਰਮਨ ਸੱਜ–ਪੱਖੀ ਸੋਸ਼ਲ–ਡੈਮੋਕ੍ਰੈਟ, ਅਤਿ ਦੇ ਸੱਜ–ਪੱਖੀ ਮੌਕਾਪ੍ਰਸਤਾਂ, ਬਰਨਸ਼ਟਾਈਨ ਦੇ ਅਨੁਯਾਈਆਂ ਵਿੱਚੋਂ ਸੀ। ਪਹਿਲੇ ਸੰਸਾਰ ਯੁੱਧ (1914–18) ਵਿੱਚ ਸਮਾਜੀ–ਸ਼ਾਵਨਵਾਦੀ। —203–05, 209

**ਹਿੰਡਮੈਨ** (Hyndman), **ਹੈਨਰੀ ਮੇਅਰਜ਼** (1842–1921) —ਇੱਕ ਬਰਤਾਨਵੀ ਸਿਆਸੀ ਨੇਤਾ ਅਤੇ ਬਰਤਾਨਵੀ ਸੋਸ਼ਲਿਸਟ ਪਾਰਟੀ (1911) ਅਤੇ ਸੋਸ਼ਲ–ਡੈਮੋਕ੍ਰੈਟਕ ਫ਼ੈਡਰੇਸ਼ਨ (1880ਵੇਂ) ਦੇ ਮੋਢੀਆਂ ਵਿੱਚੋਂ ਇੱਕ, ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਸੱਜੇ ਪੱਖ ਦਾ ਇੱਕ ਨੇਤਾ, ਮੌਕਾਪ੍ਰਸਤ। 1916 ਵਿੱਚ ਸਾਮਰਾਜੀ ਯੁੱਧ ਦੇ ਹੱਕ ਵਿੱਚ ਪ੍ਰਚਾਰ

ਕਾਰਨ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।—175

**ਹੀਗਲ** (Hegel), **ਜਾਰਜ ਵਿਲਹੈਲਮ ਫ਼ਰੀਡਰਿਖ਼** (1770–1831)—ਕਲਾਸੀਕੀ ਜਰਮਨ ਦਾਰਸ਼ਨਿਕ, ਬਾਹਰਮੁਖੀ ਵਿਚਾਰਵਾਦੀ। ਉਹਦੀ ਇਤਿਹਾਸਕ ਪ੍ਰਾਪਤੀ ਇਸ ਗੱਲ ਵਿੱਚ ਹੈ ਕਿ ਉਹਨੇ ਵਿਚਾਰਵਾਦੀ ਦਵੰਦਵਾਦ ਨੂੰ ਵਿਸਥਾਰ ਨਾਲ਼ ਵਿਸਥਾਰਿਆ ਜਿਸ ਨੇ ਪਿੱਛੋਂ ਜਾਕੇ ਦਵੰਦਵਾਦੀ ਪਦਾਰਥਵਾਦ ਦੇ ਸਿਧਾਂਤਕ ਸੋਮੇ ਦਾ ਕੰਮ ਕੀਤਾ।—217

## ਕ

**ਕ੍ਰੀਚੇਵਸਕੀ, ਬੋਰਿਸ ਨਾਉਮੋਵਿਚ** (1866–1919)—ਰੂਸੀ ਸੋਸ਼ਲ-ਡੈਮੋਕ੍ਰੈਟ, ਪ੍ਰਚਾਰਕ, "ਆਰਥਕਤਾਵਾਦ" ਦਾ ਇੱਕ ਨੇਤਾ। 1890ਵਿਆਂ ਦੇ ਅਖ਼ੀਰ ਉੱਤੇ "ਵਿਦੇਸ਼ਾਂ ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਾਂ ਦੀ ਯੂਨੀਅਨ" ਦੇ ਨੇਤਾਵਾਂ ਵਿੱਚੋਂ ਇੱਕ। 1899 ਵਿੱਚ ਰਸਾਲੇ "ਰਾਬੋਚੇਏ ਦੇਲੋ" (ਕਿਰਤੀਆਂ ਦਾ ਕਾਜ਼) ਦਾ ਸੰਪਾਦਕ, ਜਿਸ ਵਿੱਚ ਉਹਨੇ ਬਰਨਸ਼ਟਾਈਨ ਦੇ ਵਿਚਾਰਾਂ ਦਾ ਪ੍ਰਚਾਰ ਕੀਤਾ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਤੋਂ ਪਿੱਛੋਂ ਸੋਸ਼ਲ-ਡੈਮੋਕ੍ਰੈਟਕ ਲਹਿਰ ਤੋਂ ਵੱਖ ਹੋ ਗਿਆ।—209, 193

**ਕਾਊਤਸਕੀ** (Kautsky), **ਕਾਰਲ** (1854–1938)—ਜਰਮਨ ਸੋਸ਼ਲ-ਡੈਮੋਕ੍ਰੈਟਕ ਪਾਰਟੀ ਅਤੇ ਦੂਜੀ ਇੰਟਰਨੈਸ਼ਨਲ ਦੇ ਨੇਤਾਵਾਂ ਵਿੱਚੋਂ ਇੱਕ। ਪਹਿਲਾਂ ਮਾਰਕਸਵਾਦੀ, ਪਿੱਛੋਂ ਮਾਰਕਸਵਾਦ ਤੋਂ ਭਗੌੜਾ, ਕੇਂਦਰਵਾਦ ਦਾ ਵਿਚਾਰਧਾਰਕ, ਜਿਹੜਾ ਮੌਕਾਪ੍ਰਸਤੀ ਦੀ ਸਭ ਤੋਂ ਹਾਨੀਕਾਰਕ ਵੰਨਗੀ (ਕਾਊਟਸਕੀਵਾਦ) ਸੀ। ਜਰਮਨ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੇ ਸਿਧਾਂਤਕ ਰਸਾਲੇ "Die Neue Zeit" ("ਨਵਾਂ ਜ਼ਮਾਨਾ") ਦਾ ਸੰਪਾਦਕ।—70, 89, 127, 130, 205–07, 209

**ਕਾਰਸਕੀ (ਤੋਪੂਰਿਦਜ਼ੇ, ਦੀਓਮਿਦ ਅਲੈਕਾਂਸਦਰੋਵਿਚ)** (1871–1942)—ਜਾਰਜੀਆਈ ਸੋਸ਼ਲ-ਡੈਮੋਕ੍ਰੈਟ, ਮੈਨਸ਼ਵਿਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਤਿਫ਼ਲਸ ਕਮੇਟੀ ਦਾ ਡੈਲੀਗੇਟ, "ਇਸਕਰਾ"-ਬਹੁਗਿਣਤੀ ਵਿੱਚ ਸ਼ਾਮਲ ਸੀ। ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ ਅਤੇ ਕਾਂਗਰਸ ਵਿੱਚ ਚੁਣੀਆਂ ਕੇਂਦਰੀ ਸੰਸਥਾਵਾਂ ਦਾ ਵਿਰੋਧ ਕੀਤਾ।—38, 78, 109

**ਕੋਸਤਰੋਵ (ਜੋਰਦਾਨੀਆ, ਨੋਈ ਨਿਕੋਲਾਯੇਵਿਚ)** (1870–1953)—ਸੋਸ਼ਲ-ਡੈਮੋਕ੍ਰੈਟ, ਮੈਨਸ਼ਵਿਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਘੱਟਗਿਣਤੀ ਵਿੱਚ ਸ਼ਾਮਲ ਸੀ; ਕਾਂਗਰਸ ਤੋਂ ਪਿੱਛੋਂ ਕਾਕੇਸ਼ੀਆ ਮੈਨਸ਼ਵਿਕਾਂ ਦਾ ਆਗੂ। ਪਿਛਾਖੜ ਦੇ ਵਰ੍ਹਿਆਂ (1907–10) ਵਿੱਚ ਰਸਮੀ ਤੌਰ 'ਤੇ ਬਾਲਸ਼ਵਿਕਾਂ ਦਾ ਪੱਖ ਲਿਆ, ਪਰ ਅਮਲ ਵਿੱਚ ਖ਼ਾਤਮਾਵਾਦੀਆਂ ਦੀ ਹਮਾਇਤ ਕੀਤੀ।—38, 138

**ਕੋਸਤਿਚ (ਜ਼ਬੋਰੋਵਸਕੀ, ਮਿਖ਼ਾਈਲ ਸੋਲੋਮੋਨੋਵਿਚ)** (1879–1935) —ਸੋਸ਼ਲ–ਡੈਮੋਕ੍ਰੈਟ, ਮੈਨਸ਼ਵਿਕ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"–ਘੱਟਗਿਣਤੀ ਵਿੱਚ ਸ਼ਾਮਲ ਸੀ। ਪਿਛਾਖੜ ਦੇ ਵਰ੍ਹਿਆਂ (1907–10) ਵਿੱਚ ਇੱਕ ਖ਼ਾਤਮਾਵਾਦੀ। —33, 39, 69

**ਕੋਲਤਸੋਵ, ਦ. (ਗਿਨਜ਼ਬਰਗ, ਬੋਰਸ ਅਬਰਾਮੋਵਿਚ)** (1863–1920)—ਸੋਸ਼ਲ–ਡੈਮੋਕ੍ਰੈਟ; ਰੂਸੀ ਸੋਸ਼ਲ–ਡਮੈਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਤੋਂ ਪਿੱਛੋਂ ਸਰਗਰਮ ਮੈਨਸ਼ਵਿਕ ਬਣ ਗਿਆ, ਕਈ ਮੈਨਸ਼ਵਿਕ ਪ੍ਰਕਾਸ਼ਨਾਵਾਂ ਲਈ ਲਿਖਿਆ। ਪਹਿਲੇ ਸੰਸਾਰ ਯੁੱਧ (1914–18) ਸਮੇਂ ਸਮਾਜੀ–ਸ਼ਾਵਨਵਾਦੀ। —20, 22, 114, 158

## ਖ

**ਖ਼ਾਲਤੂਰਿਨ, ਸਤੀਪਾਨ ਨਿਕੋਲਾਯੇਵਿਚ** (1856–1882) —ਰੂਸੀ ਇਨਕਲਾਬੀ–ਕਿਰਤੀਆਂ ਵਿੱਚੋਂ ਪਹਿਲਿਆਂ ਵਿੱਚੋਂ ਇੱਕ। 1872 ਵਿੱਚ "ਰੂਸੀ ਕਿਰਤੀਆਂ ਦੀ ਉੱਤਰੀ ਯੂਨੀਅਨ" ਸਥਾਪਤ ਕੀਤੀ, ਜਿਹੜੀ ਰੂਸ ਵਿੱਚ ਗ਼ੈਰ–ਕਨੂੰਨੀ ਸਿਆਸੀ ਇਨਕਲਾਬੀ ਜਥੇਬੰਦੀਆਂ ਵਿੱਚੋਂ ਪਹਿਲੀਆਂ ਵਿੱਚੋਂ ਇੱਕ ਸੀ। 1879 ਵਿੱਚ ਜਦੋਂ ਯੂਨੀਅਨ ਕੁਚਲ ਦਿੱਤੀ ਗਈ ਤਾਂ ਖ਼ਾਲਤੂਰਿਨ ਨੇ ਆਪਣੇ ਆਪ ਨੂੰ "ਨਰੋਦਨਾਯਾ ਵੋਲੀਆ" (ਜਨਤਾ ਦੀ ਇੱਛਾ) ਪਾਰਟੀ (ਨਰੋਦਨਿਕਾਂ) ਨਾਲ਼ ਸਬੰਧਤ ਕਰ ਲਿਆ ਅਤੇ ਕਈ ਯਰਕਾਊ ਅਮਲਾਂ ਵਿੱਚ ਹਿੱਸਾ ਲਿਆ। 1882 ਵਿੱਚ ਫੜਿਆ ਗਿਆ ਅਤੇ ਮੌਤ ਦੀ ਸਜ਼ਾ ਦਿੱਤੀ ਗਈ। —64

## ਗ

**ਗਲੇਬੋਵ (ਨੋਸਕੋਵ, ਵਲਾਦੀਮੀਰ ਅਲਕਸਾਂਦਰੋਵਿਚ)** (1878–1913)—ਸੋਸ਼ਲ–ਡੈਮੋਕ੍ਰੈਟ। ਰੂਸੀ ਸੋਸ਼ਲ–ਡੈਮੋਕ੍ਰੈਟ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਇਸਕਰਾ"–ਬਹੁਗਿਣਤੀ ਵਿੱਚ ਸ਼ਾਮਲ ਸੀ ਅਤੇ ਕੇਂਦਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ। ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਵੱਲ ਸਮਝੌਤੇ ਵਾਲ਼ਾ ਵਤੀਰਾ ਅਪਣਾਇਆ। ਪਿਛਾਖੜ ਦੇ ਵਰ੍ਹਿਆਂ (1907–10) ਵਿੱਚ ਰਾਜਸੀ ਪਿੜ ਵਿੱਚੋਂ ਨਿਕਲ ਗਿਆ। —24, 85, 90, 97, 98, 124, 152, 153, 156, 165, 223, 224

**ਗੁਸੇਵ, ਸੇਰਗੇਈ ਈਵਾਨੋਵਿਚ** (1874–1933) —ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਡਾਨ ਕਮੇਟੀ ਵੱਲੋਂ ਡੈਲੀਗੇਟ, "ਇਸਕਰਾ"–ਬਹੁਗਿਣਤੀ ਵਿੱਚ ਸ਼ਾਮਲ ਸੀ। —24, 25, 87, 96, 222, 227, 230

**ਗੂਹਰੇ** (Göhre), **ਪਾਲ** (1864–1928)—ਜਰਮਨ ਰਾਜਸੀ ਨੇਤਾ ਅਤੇ ਪ੍ਰਚਾਰਕ, ਜਿਹਾ ਕਿ ਵ. ਇ. ਲੈਨਿਨ ਨੇ ਉਹਨੂੰ ਕਿਹਾ, "ਅਤਿ ਦਾ ਮੌਕਾਪ੍ਰਸਤ"। ਪਿਛੋਂ ਸੋਸ਼ਲ–

ਡੈਮੋਕ੍ਰੈਟਾਂ ਵਿੱਚ ਸ਼ਾਮਲ ਹੋ ਗਿਆ।—

**ਗੋਰਸਕੀ (ਸ਼ਾਤਮੈਨ, ਅਲੈਕਸਾਂਦਰ ਵਾਸੀਲੀਏਵਿਚ)** (1880–1939)— ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ, ਖ਼ਰਾਦੀਆ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਸੇਂਟ–ਪੀਟਰਜ਼ਬਰਗ ਕਮੇਟੀ ਦਾ ਡੈਲੀਗੇਟ, "ਇਸਕਰਾ"–ਬਹੁਗਿਣਤੀ ਵਿੱਚ ਸ਼ਾਮਲ ਸੀ, 1905–07 ਦੇ ਇਨਕਲਾਬ ਵਿੱਚ ਸਰਗਰਮ ਹਿੱਸਾ ਲੈਣ ਵਾਲ਼ਾ।—33

**ਗੋਰਿਨ (ਗਾਲਕਿਨ), ਵਲਾਦੀਮੀਰ ਫ਼ਿਲੀਪੋਵਿਚ** (1863–1925)—ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"–ਬਹੁਗਿਣਤੀ ਵਿੱਚ ਸ਼ਾਮਲ ਸੀ, ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਵਿਰੁੱਧ ਸਰਗਰਮ ਘੋਲ਼ ਕੀਤਾ।—24, 38, 39, 222, 225, 226

**ਗੋਲਦਬਲਾਤ (ਮੇਦੇਮ, ਵਲਾਦੀਮੀਰ ਦਾਵੀਦੋਵਿਚ)** (1879–1923) —"ਬੁੰਦ" ਦੇ ਨੇਤਾਵਾਂ ਵਿੱਚੋਂ ਇੱਕ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ ਵਿਦੇਸ਼ਾਂ ਵਿੱਚ "ਬੁੰਦ" ਦੀ ਕਮੇਟੀ ਦਾ ਡੈਲੀਗੇਟ, "ਇਸਕਰਾ"–ਵਿਰੋਧੀ। 1906 ਵਿੱਚ "ਬੁੰਦ" ਦੀ ਕੇਂਦਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ, ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਪੰਜਵੀਂ ਕਾਂਗਰਸ (1907) ਵਿੱਚ ਹਿੱਸਾ ਲਿਆ, ਮੈਨਸ਼ਵਿਕਾਂ ਦੀ ਹਮਾਇਤ ਕੀਤੀ।—28, 53, 91, 131, 187

## ਚ

**ਚੇਂਬਰਲੇਨ** (Chamberlain), **ਜੋਜ਼ਫ਼** (1836–1914) —ਬਰਤਾਨਵੀ ਰਾਜਨੇਤਾ, ਸਾਮਰਾਜ ਦਾ ਇੱਕ ਵਿਚਾਰਧਾਰਕ। 1895–1903 ਵਿੱਚ ਬਸਤੀਆਂ ਲਈ ਵਜ਼ੀਰ। —177

## ਜ

**ਜ਼ਾਸੂਲਿਚ, ਵੇਰਾ ਈਵਾਨੋਵਨਾ** (1849–1919) —ਰੂਸ ਵਿੱਚ ਨਰੋਦਨਿਕ ਅਤੇ ਪਿੱਛੋਂ ਸੋਸ਼ਲ–ਡੈਮੋਕ੍ਰੈਟਕ ਲਹਿਰ ਵਿੱਚ ਉੱਘਾ ਹਿੱਸਾ ਲੈਣ ਵਾਲ਼ੀ। 1878 ਵਿੱਚ ਸੇਂਟ–ਪੀਟਰਜ਼ਬਰਗ ਦੇ ਗਵਰਨਰ ਤਰੇਪੋਵ ਨੂੰ ਕਤਲ ਕਰਨ ਦਾ ਯਤਨ ਕੀਤਾ। 1883 ਵਿੱਚ "ਕਿਰਤ ਦੀ ਮੁਕਤੀ" ਟੋਲੀ, ਰੂਸ ਵਿੱਚ ਪਹਿਲੀ ਮਾਰਕਸਵਾਦੀ ਟੋਲੀ, ਜਥੇਬੰਦ ਕਰਨ ਵਿੱਚ ਹਿੱਸਾ ਲਿਆ। ਰੂਸੀ ਸੋਸ਼ਲ–ਡੈਮੋਕ੍ਰੈਟ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਤੋਂ ਪਿੱਛੋਂ ਇੱਕ ਮੈਨਸ਼ਵਿਕ ਨੇਤਾ ਬਣ ਗਈ। ਪਿਛਾਖੜ ਦੇ ਸਮੇਂ (1907–10) ਵਿੱਚ ਖ਼ਾਤਮਾਵਾਦੀਆਂ ਵਿੱਚ ਸ਼ਾਮਲ ਹੋ ਗਈ। ਪਹਿਲੇ ਸੰਸਾਰ ਯੁੱਧ ਸਮੇਂ ਸਮਾਜੀ–ਸ਼ਾਵਨਵਾਦੀ ਮਤ ਅਪਣਾਏ।—93, 118, 158, 207, 228

**ਜ਼ੇਲਯਾਬੋਵ, ਆਂਦਰੇਈ ਈਵਾਨੋਵਿਚ** (1850–81) —ਉੱਘਾ ਰੂਸੀ ਇਨਕਲਾਬੀ ਨਰੋਦਵਾਦ

ਦਾ ਉੱਘਾ ਪ੍ਰਤੀਨਿਧ, "ਨਰੋਦਨਾਯਾ ਵੋਲੀਆ" ਪਾਰਟੀ ਦਾ ਜਥੇਬੰਦਕ ਅਤੇ ਆਗੂ। —64

**ਜ਼ੈਟਕਿਨ** (Zetkin), **ਕਲਾਰਾ** (1857–1933) —ਜਰਮਨ ਅਤੇ ਕੌਮਾਂਤਰੀ ਕਿਰਤੀ-ਜਮਾਤ ਲਹਿਰ ਦੀ ਉੱਘੀ ਨੇਤਾ, ਜਰਮਨੀ ਦੀ ਕਮਿਊਨਿਸਟ ਪਾਰਟੀ ਦੇ ਮੋਢੀਆਂ ਵਿੱਚੋ ਇੱਕ। ਜਰਮਨ ਸੋਸ਼ਲ-ਡੈਮੋਕ੍ਰੈਟਕ ਲਹਿਰ ਦੇ ਖੱਬੇ ਪੱਖ ਵਿੱਚ ਹੋਣ ਕਾਰਨ ਜ਼ੈਟਕਿਨ ਨੇ ਰੋ. ਲਕਜ਼ਮਬਰਗ, ਫ਼. ਮੇਹਰਿੰਗ ਅਤੇ ਕ. ਲੀਬਕਨੇਖ਼ਤ ਨਾਲ਼ ਰਲ ਕੇ ਮੌਕਾਪ੍ਰਸਤਾਂ ਵਿਰੁੱਧ ਘੋਲ਼ ਵਿੱਚ ਸਰਗਰਮ ਹਿੱਸਾ ਲਿਆ। —89

**ਜੋਰੇਸ** (Jaures), **ਯਾਂ** (1859–1914) —ਫ਼ਰਾਂਸੀਸੀ ਅਤੇ ਕੌਮਾਂਤਰੀ ਸੋਸ਼ਲਿਸਟ ਲਹਿਰ ਦਾ ਉੱਘਾ ਨੇਤਾ। 1902 ਵਿੱਚ ਜੋਰੇਸ ਅਤੇ ਉਹਦੇ ਅਨੁਯਾਈਆਂ ਨੇ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਜਥੇਬੰਦ ਕੀਤੀ। "L'Humanité" ਦਾ ਮੋਢੀ ਅਤੇ ਸੰਪਾਦਕ, ਫਰਾਂਸੀਸੀ ਸੋਸ਼ਲਿਸਟ ਪਾਰਟੀ ਵਿੱਚ ਸੱਜੇ, ਮੌਕਾਪ੍ਰਸਤ ਪੱਖ ਦਾ ਨੇਤਾ। ਇਹਦੇ ਨਾਲ਼ ਹੀ ਨਾਲ਼ ਜੋਰੇਸ ਨੇ ਸੈਨਾਵਾਦ ਦਾ ਵਿਰੋਧ ਕੀਤਾ; ਪਹਿਲੇ ਸੰਸਾਰ ਯੁੱਧ ਤੋਂ ਐਨ ਪਹਿਲਾਂ ਸ਼ਾਵਨਵਾਦੀਆਂ ਨੇ ਕਤਲ ਕਰ ਦਿੱਤਾ। —171, 177, 205, 208

## ਡ

**ਡਿਊਸ਼, ਲੇਵ ਗ੍ਰਿਗੋਰੀਏਵਿਚ** (1855–1941) —ਨਰੋਦਨਿਕ ਅਤੇ ਪਿੱਛੋਂ ਜਾਕੇ ਸੋਸ਼ਲ-ਡੈਮੋਕ੍ਰੈਟਕ ਲਹਿਰਾਂ ਵਿੱਚ ਹਿੱਸਾ ਲੈਣ ਵਾਲ਼ਾ; 1883 ਵਿੱਚ ਪਹਿਲੀ ਰੂਸੀ ਮਾਰਕਸਵਾਦੀ ਟੋਲੀ—"ਕਿਰਤ ਦੀ ਮੁਕਤੀ"— ਦੇ ਜਥੇਬੰਦਕਾਂ ਵਿੱਚੋਂ ਇੱਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਘੱਟਗਿਣਤੀ ਵਿੱਚ ਸ਼ਾਮਲ ਸੀ, ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕ। ਪਿਛਾਖੜ ਦੇ ਵਰ੍ਹਿਆਂ (1907–1910) ਸਮੇਂ ਵਿੱਚ ਖ਼ਾਤਮਾਵਾਦੀ। ਪਹਿਲੇ ਸੰਸਾਰ ਯੁੱਧ (1914–18) ਸਮੇਂ ਸਮਾਜੀ-ਸ਼ਾਵਨਵਾਦੀ। —24, 25, 33, 38, 87, 119, 164, 170, 222, 226–228, 230

## ਤ

**ਤਰਾਤਸਕੀ (ਬਰੋਨਸ਼ਟੀਨ), ਲੇਵ ਦਾਵੀਦੋਵਿਚ** (1879–1940) —ਲੈਨਿਨਵਾਦ ਦਾ ਸਭ ਤੋਂ ਕੱਟੜ ਵੈਰੀ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ—ਸਾਇਬੇਰੀਆਈ ਸ਼ਾਖ਼ ਤੋਂ "ਇਸਕਰਾ"-ਘੱਟਗਿਣਤੀ ਵਿੱਚ ਡੈਲੀਗੇਟ; ਕਾਂਗਰਸ ਤੋਂ ਪਿੱਛੋਂ ਸੋਸ਼ਲਿਸਟ ਇਨਕਲਾਬ ਦੇ ਸਿਧਾਂਤਾਂ ਅਤੇ ਅਮਲ ਦੇ ਸਾਰੇ ਸਵਾਲਾਂ ਸਬੰਧੀ ਬਾਲਸ਼ਵਿਕਾਂ ਵਿਰੁੱਧ ਘੋਲ਼ ਚਲਾਇਆ। ਪਿਛਾਖੜ ਦੇ ਵਰ੍ਹਿਆਂ (1907–10) ਵਿੱਚ ਖ਼ਾਤਮਾਵਾਦੀ, 1912 ਵਿੱਚ ਪਾਰਟੀ-ਵਿਰੋਧੀ ਅਗਸਤ ਬਲਾਕ ਖੜਾ ਕੀਤਾ; ਪਹਿਲੇ ਸੰਸਾਰ ਯੁੱਧ ਸਮੇਂ ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਇਆ ਅਤੇ ਯੁੱਧ,

ਅਮਨ ਅਤੇ ਇਨਕਲਾਬ ਦੇ ਸਵਾਲਾਂ ਸਬੰਧੀ ਵ. ਇ. ਲੈਨਿਨ ਵਿਰੁੱਧ ਘੋਲ਼ ਚਲਾਇਆ। ਅਕਤੂਬਰ ਇਨਕਲਾਬ ਦੀਆਂ ਬਰੂਹਾਂ ਉੱਤੇ ਬਾਲਸ਼ਵਿਕ ਪਾਰਟੀ ਵਿੱਚ ਸ਼ਾਮਲ ਹੋਣ ਪਿੱਛੋਂ ਫੁੱਟ-ਪਾਊ ਗੁੱਟਬੰਧਕ ਸਰਗਰਮੀਆਂ ਜਾਰੀ ਰੱਖੀਆਂ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਕਈ ਮਹੱਤਵਪੂਰਨ ਪਦਵੀਆਂ ਉੱਤੇ ਰਿਹਾ, ਪਾਰਟੀ ਦੀ ਆਮ ਸੇਧ ਦਾ ਵਿਰੋਧ ਕੀਤਾ ਅਤੇ ਸੋਵੀਅਤ ਯੂਨੀਅਨ ਵਿੱਚ ਸੋਸ਼ਲਿਜ਼ਮ ਦੀ ਉਸਾਰੀ ਵਿਰੁੱਧ ਨਿੱਤਰਿਆ। 1927 ਵਿੱਚ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਅਤੇ 1929 ਵਿੱਚ ਦੇਸ਼ ਤੋਂ ਬਾਹਰ ਭੇਜ ਦਿੱਤਾ ਗਿਆ। 1932 ਵਿੱਚ ਸੋਵੀਅਤ ਨਾਗਰਿਕਤਾ ਤੋਂ ਵੰਚਤ ਕਰ ਦਿੱਤਾ ਗਿਆ। —15, 17, 38, 40, 54, 75, 76, 85, 87, 110, 114, 116, 124, 147, 150, 157, 158, 164, 165, 216, 222-224, 251

**ਤਸਾਰੀਓਵ (ਲੋਕਰਮੈਨ, ਅਲੈਕਸਾਂਦਰ ਸਾਮੋਈਲੋਵਿਚ)** (1880-1937) —ਸੋਸ਼ਲ-ਡੈਮੋਕ੍ਰੈਟ, ਮੈਨਸ਼ਵਿਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ ਕੇਂਦਰਵਾਦੀ ਮਤ ਅਪਣਾਇਆ; ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕ। —33, 78, 91, 116

**ਤਰਾਵਿਨਸਕੀ (ਕਰਜ਼ੀਜ਼ਾਨੋਵਸਕੀ, ਗਲੇਬ ਮੈਕਸਮੀਲੀਅਨੋਵਿਚ)** (1872-1949) — ਕਮਿਊਨਿਸਟ ਪਾਰਟੀ ਦੇ ਪੁਰਾਣੇ ਮੈਂਬਰਾਂ ਵਿੱਚ ਸਭ ਤੋਂ ਬਜ਼ੁਰਗਾਂ ਵਿੱਚੋਂ ਇੱਕ; ਪ੍ਰਸਿੱਧ ਸੋਵੀਅਤ ਵਿਗਿਆਨੀ ਅਤੇ ਪਾਵਰ ਇੰਜੀਨੀਅਰ। 1893 ਵਿੱਚ ਵ. ਇ. ਲੈਨਿਨ ਨਾਲ਼ ਉਹ "ਕਿਰਤੀ ਸ਼੍ਰੇਣੀ ਦੀ ਮੁਕਤੀ ਲਈ ਘੋਲ਼ ਦੀ ਲੀਗ" ਦੇ ਮੋਢੀਆਂ ਵਿੱਚੋਂ ਇੱਕ ਸੀ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ ਉਹ ਗ਼ੈਰ-ਹਾਜ਼ਰੀ ਵਿੱਚ (ਉਸ ਸਮੇਂ ਉਹ ਸਮਾਰਾ ਵਿਖੇ ਰਹਿੰਦਾ ਸੀ) ਕੇਂਦਰੀ ਕਮੇਟੀ ਦਾ ਮੈਂਬਰ ਚੁਣਿਆ ਗਿਆ। 1905-07 ਦੇ ਇਨਕਲਾਬ ਵਿੱਚ ਸਰਗਰਮ ਹਿੱਸਾ ਲਿਆ, ਬਾਲਸ਼ਵਿਕ ਅਖ਼ਬਾਰਾਂ ਵਿੱਚ ਬਹੁਤ ਕੰਮ ਕੀਤਾ। —90, 124, 165, 181, 216, 223, 224

**ਤਰੇਪੋਵ, ਫ਼ਿਓਦੋਰ ਫ਼ਿਓਦੋਰੋਵਿਚ** (1812-1889) — ਜਨਰਲ-ਐਡਜੂਟੈਂਟ, ਸੇਂਟ-ਪੀਟਰਜ਼ਬਰਗ ਦਾ ਗਵਰਨਰ। —228

## ਦ

**ਦੇਦੋਵ (ਕਨੀਪੋਵਿਚ, ਲੀਦੀਆ ਮਿਖ਼ਾਈਲੋਵਨਾ)** (1856-1920) —ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ। ਉਹਨੇ ਇਨਕਲਾਬੀ ਸਰਗਰਮੀਆਂ 1870ਵਿਆਂ ਵਿੱਚ ਸ਼ੁਰੂ ਕੀਤੀਆਂ, ਕਿਰਤੀਆਂ ਵਿੱਚ ਵਿਸ਼ਾਲ ਵਿੱਦਿਅਕ ਕੰਮ ਕੀਤਾ ਅਤੇ "ਇਸਕਰਾ" ਅਤੇ ਸਥਾਨਕ ਪਾਰਟੀ ਜਥੇਬੰਦੀਆਂ ਵਿਚਕਾਰ ਸਬੰਧ ਸਥਾਪਤ ਕਰਨ ਵਿੱਚ ਮਹੱਤਵਪੂਰਨ ਹਿੱਸਾ ਪਾਇਆ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰੀਟ ਦੀ ਦੂਜੀ

ਕਾਂਗਰਸ ਵਿੱਚ "ਇਸਕਰਾ"-ਬਹੁਗਿਣਤੀ ਵਿੱਚ ਸ਼ਾਮਲ ਸੀ। —224, 227

## ਨ

**ਨਾਦੇਜ਼੍ਹਦਿਨ, ਲ. (ਜ਼ੇਲੇਨਸਕੀ, ਯੇਵਗੇਨੀ ਓਸੀਪੋਵਿਚ)** (1877-1905)—ਪਹਿਲਾਂ ਨਰੋਦਨਿਕ, ਫਿਰ ਸੋਸ਼ਲ-ਡੈਮੋਕ੍ਰੈਟਾਂ ਵਿੱਚ ਸ਼ਾਮਲ ਹੋ ਗਿਆ। ਆਪਣੀਆਂ ਲਿਖਤਾਂ ਵਿੱਚ "ਆਰਥਕਤਾਵਾਦ" ਦੀ ਹਮਾਇਤ ਕੀਤੀ ਅਤੇ ਇਹਦੇ ਨਾਲ਼ ਹੀ ਨਾਲ਼ "ਜਨਤਾ ਨੂੰ ਉਭਾਰਨ" ਦੇ ਕਾਰਗਰ ਸਾਧਨ ਵਜੋਂ ਯਰਕਾਊਵਾਦ ਦੀ ਵੀ ਹਮਾਇਤ ਕੀਤੀ; ਵ. ਇ. ਲੈਨਿਨ ਦੇ "ਇਸਕਰਾ" ਦਾ ਵਿਰੋਧ ਕੀਤਾ। ਰੂਸੀ ਸੋਸ਼ਲ-ਡੈਮੋਕ੍ਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕ ਪ੍ਰਕਾਸ਼ਨਾਵਾਂ ਲਈ ਲਿਖਿਆ। —62, 98

**ਨੀਤਸ਼ੇ** (Nietzsche), **ਫ਼ਰੀਡਰਿਖ਼** (1844-1900)—ਜਰਮਨ ਹੁੰਦੜਹੇਲ ਅਤੇ ਅਤਰਕਸੰਗਤ ਦਾਰਸ਼ਨਿਕ, ਫ਼ਾਸਿਜ਼ਮ ਦਾ ਵਿਚਾਰਧਾਰਕ ਪੂਰਬਗਾਮੀ।-128, 129

## ਪ

**ਪਲੈਖ਼ਾਨੋਵ, ਗਿਆਰਗੀ ਵਾਲੈਨਤੀਨੋਵਿਚ** (1856-1918) —ਰੂਸੀ ਅਤੇ ਕੌਮਾਂਤਰੀ ਕਿਰਤੀ-ਜਮਾਤ ਲਹਿਰ ਦਾ ਉੱਘਾ ਨੇਤਾ, ਪਹਿਲਾਂ ਮਾਰਕਸਵਾਦ ਦਾ ਪ੍ਰਚਾਰਕ, "ਕਿਰਤ ਦੀ ਮੁਕਤੀ" ਟੋਲੀ, ਪਹਿਲੀ ਰੂਸੀ ਮਾਰਕਸਵਾਦੀ ਜਥੇਬੰਦੀ (1883), ਦਾ ਮੋਢੀ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਵਿੱਚ ਮਿਲ ਗਿਆ। 1907-10 ਵਿੱਚ ਖ਼ਾਤਮਾਵਾਦੀਆਂ ਦਾ ਵਿਰੋਧ ਕੀਤਾ। ਪਹਿਲੇ ਸੰਸਾਰ ਯੁੱਧ ਦੇ ਵਰ੍ਹਿਆਂ ਵਿੱਚ (1914-18) ਸਮਾਜੀ-ਸ਼ਾਵਨਵਾਦੀ। —13, 15, 18, 19, 27-29, 38, 40, 44, 57, 59, 68, 78, 87, 89, 110, 118, 121, 136-138, 149, 152, 153, 156-158, 160, 163, 166-168, 170, 171, 173-176, 178-180, 182, 183, 187

**ਪਾਨਿਨ ("ਅਮਲੀ ਕਾਰਕੁਨ", ਮਕਾਦਜ਼ੂਬਬ, ਮਾਰਕ ਸਾਊਲੋਵਿਚ)** (ਜਨਮ 1876) — ਸੋਸ਼ਲ-ਡੈਮੋਕ੍ਰੈਟ, ਮੈਨਸ਼ਵਿਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਘੱਟਗਿਣਤੀ ਵਿੱਚ ਸ਼ਾਮਲ ਸੀ। ਪਿਛਾਖੜ ਦੇ ਵਰ੍ਹਿਆਂ (1907-10) ਵਿੱਚ ਖ਼ਾਤਮਾਵਾਦੀ। —91, 92, 96

**ਪਾਰਵੂਸ (ਗੇਲਫ਼ਾਂਦ, ਅਲੈਕਸਾਂਦਰ ਲਜ਼ਾਰੇਵਿਚ)** (1869-1924)—ਮੈਨਸ਼ਵਿਕ। 1890ਵਿਆਂ-1900ਵਿਆਂ ਦੇ ਮੁੱਢ ਵਿੱਚ—ਜਰਮਨੀ ਦੀ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦਾ ਮੈਂਬਰ, ਇਹਦੇ ਖੱਬੇ ਪੱਖ ਵਿੱਚ ਸ਼ਾਮਲ ਸੀ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਤੋਂ ਪਿੱਛੋਂ ਮੈਨਸ਼ਵਿਕਾਂ ਵਿੱਚ ਮਿਲ ਗਿਆ। ਪਹਿਲੇ ਰੂਸੀ ਇਨਕਲਾਬ (1905-07) ਸਮੇਂ ਰੂਸ ਵਿੱਚ ਸੀ। ਪਿਛਾਖੜ ਦੇ ਵਰ੍ਹਿਆਂ (1907-10) ਵਿੱਚ ਸੋਸ਼ਲ-ਡੈਮੋਕ੍ਰਸੀ ਤੋਂ ਵੱਖ ਹੋ ਗਿਆ, ਪਹਿਲੇ ਸੰਸਾਰ ਯੁੱਧ ਸਮੇਂ (1914-

18) ਵਿੱਚ ਸਮਾਜੀ-ਸ਼ਾਵਨਵਾਦੀ ਅਤੇ ਜਰਮਨ ਸਾਮਰਾਜ ਦਾ ਦਲਾਲ। —175

**ਪਾਵਲੋਵਿਚ (ਕਰਾਸੀਕੋਵ, ਪਿਓਤਰ ਅਨਾਨਯੋਵਿਚ)** (1870-1939) —ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ; ਇਨਕਲਾਬੀ ਸਰਗਰਮੀਆਂ 1892 ਵਿੱਚ ਸ਼ੁਰੂ ਕੀਤੀਆਂ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਬਹੁਗਿਣਤੀ ਵਿੱਚ ਸੀ। ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਵਿਰੁੱਧ ਘੋਲ਼ ਵਿੱਚ ਸਰਗਰਮ ਹਿੱਸਾ ਲਿਆ। —17-19, 22, 24, 76, 77, 81, 89, 95, 109, 112, 114, 124, 222, 224

**ਪੁਰਾਤਨਤਾਵਾਦੀ (ਐਕਸਲਰੋਦ, ਲਿਊਬੋਵ ਇਸਾਕੋਵਨਾ)** (1868-1946) —ਦਾਰਸ਼ਨਿਕ ਅਤੇ ਸਾਹਿਤਕ ਪੜਚੋਲੀਆ, ਸੋਸ਼ਲ-ਡੈਮੋਕ੍ਰੈਟ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਤੋਂ ਪਿੱਛੋਂ ਬਾਲਸ਼ਵਿਕ ਬਣ ਗਈ ਪਰ ਪਿੱਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਈ। —176

**ਪੋਸਾਦੋਵਸਕੀ (ਮੈਂਦਲਬਰਗ, ਵਿਕਤੋਰ ਯੇਵਸੇਯੇਵਿਚ)** (ਜਨਮ 1870) —ਸੋਸ਼ਲ-ਡੈਮੋਕ੍ਰੈਟ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਸਾਇਬੇਰੀਆਈ ਸ਼ਾਖ਼ ਤੋਂ ਡੈਲੀਗੇਟ, "ਇਸਕਰਾ"-ਘੱਟਗਿਣਤੀ ਵਿੱਚ ਸ਼ਾਮਲ ਸੀ। ਕਾਂਗਰਸ ਤੋਂ ਪਿੱਛੋਂ—ਮੈਨਸ਼ਵਿਕ। —27, 28, 33, 63, 115, 116, 121, 187

**ਪੋਪੋਵ (ਰੋਜ਼ਾਨੋਵ, ਵਲਾਦੀਮੀਰ ਨਿਕੋਲਾਯੇਵਿਚ)** (1876-1939) —ਸੋਸ਼ਲ-ਡੈਮੋਕ੍ਰੈਟ, ਮੈਨਸ਼ਵਿਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਯੁਜ਼੍ਹਨੀ ਰਾਬੋਚੀ" (ਦੱਖਣੀ ਕਿਰਤੀ) ਟੋਲੀ ਦਾ ਡੈਲੀਗੇਟ ਸੀ, ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਇਆ। ਕਾਂਗਰਸ ਤੋਂ ਪਿੱਛੋਂ ਸਰਗਰਮ ਮੈਨਸ਼ਵਿਕ। —18, 21, 25, 29, 33, 42, 45, 53, 54, 63, 69, 70, 85, 90, 94, 96, 115, 118, 124, 132, 150, 152, 164, 213, 216, 222-226

### ਫ

**ਫ਼ੋਮਿਨ (ਕਰੋਖ਼ਮਾਲ, ਵਿਕਤਰ ਨਿਕੋਲਾਏਵਿਚ)** (1873-1933) —ਸੋਸ਼ਲ-ਡੈਮੋਕ੍ਰੈਟ, ਮੈਨਸ਼ਵਿਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਘੱਟਗਿਣਤੀ ਵਿੱਚ ਸੀ। —105, 145, 164, 165, 216, 222, 223, 225

### ਬ

**ਬਰਨਸ਼ਟਾਈਨ** (Bernstein), **ਐਡੂਆਰਡ** (1850-1932) —ਜਰਮਨ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੇ ਅਤਿ ਦੇ ਮੌਕਾਪ੍ਰਸਤੀ ਪੱਖ ਅਤੇ ਦੂਜੀ ਇੰਟਰਨੈਸ਼ਨਲ ਦਾ ਨੇਤਾ, ਸੋਧਵਾਦ ਅਤੇ ਸੁਧਾਰਵਾਦ ਦਾ ਵਿਚਾਰਧਾਰਕ।

ਬਰਨਸ਼ਟਾਈਨ ਦੇ ਅਤੇ ਉਹਦੇ ਸਾਥੀਆਂ ਦੇ ਵਿਚਾਰ ਅਤੇ ਉਹਨਾਂ ਦੀ ਅਮਲੀ ਮੌਕਾਪ੍ਰਸਤ ਸਰਗਰਮੀਆਂ ਦਾ ਸਿੱਟਾ ਕਿਰਤੀ ਜਮਾਤ ਦੇ ਹਿਤਾਂ ਨਾਲ਼ ਸਿੱਧੇ ਵਿਸਾਹਘਾਤ ਵਿੱਚ ਨਿਕਲਿਆ, ਜਿਸਦੀ ਸਿਖਰ ਦੂਜੀ ਇੰਟਰਨੈਸ਼ਨਲ ਦਾ ਪਤਨ ਸੀ। —175, 188, 209

**ਬਰਾਊਨ (ਸਤੀਪਾਨੋਵ, ਸਰਗੇਈ ਈਵਾਨੋਵਿਚ)** (1876–1935)—ਰੂਸੀ ਸੋਸ਼ਲ–ਡੈਮੋਕ੍ਰੈਟ, ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਇਸਕਰਾ"–ਬਹੁਗਿਣਤੀ ਦੀ ਪ੍ਰਤੀਨਿਧਤਾ ਕੀਤੀ, ਕਾਂਗਰਸ ਤੋਂ ਪਿੱਛੋਂ ਸਰਗਰਮ ਬਾਲਸ਼ਵਿਕ। —134

**ਬਰੂਕੇਰੇ (ਮਾਖਨੋਵੇਤਸ, ਲੀਦੀਆ ਪਿਤਰੋਵਨਾ)** (1876–1965) —ਪਿਛਲੇਰੇ 1890ਵਿਆਂ ਤੋਂ ਸੋਸ਼ਲ–ਡੈਮੋਕ੍ਰੈਟਕ ਲਹਿਰ ਵਿੱਚ ਹਿੱਸਾ ਲੈਣ ਵਾਲ਼ੀ, "ਆਰਥਕਤਾਵਾਦ" ਦੀ ਪ੍ਰਤੀਨਿਧ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"–ਵਿਰੋਧੀ ਦ੍ਰਿਸ਼ਟੀਕੋਣ ਅਪਣਾਇਆ, ਪਿੱਛੋਂ ਸਿਆਸੀ ਸਰਗਰਮੀਆਂ ਛੱਡ ਦਿੱਤੀਆਂ। —12, 13, 16, 17, 67, 68, 71, 77, 78, 107, 130, 142, 144, 148, 163, 175

**ਬਲਾਂਕੁਈ** (Blanqui), **ਲੂਈ ਆਗੁਸਤੇ** (1805–81) —ਪ੍ਰਸਿੱਧ ਫ਼ਰਾਂਸੀਸੀ ਇਨਕਲਾਬੀ, ਯੂਟੋਪੀਆਈ ਕਮਿਊਨਿਜ਼ਮ ਦਾ ਉੱਘਾ ਪ੍ਰਤੀਨਿਧ; ਕਈ ਗੁਪਤ ਇਨਕਲਾਬੀ ਸਭਾਵਾਂ ਦਾ ਮੁਖੀ ਸੀ। ਉਹਨੇ ਇਨਕਲਾਬੀ ਘੋਲ਼ ਲਈ ਜਨਤਾ ਨੂੰ ਜਥੇਬੰਦ ਕਰਨ ਦੀ ਨਿਰਣਾਇਕ ਮਹੱਤਤਾ ਨਾ ਸਮਝੀ, ਉਹਦਾ ਨਿਸ਼ਚਾ ਸੀ ਕਿ ਇਨਕਲਾਬੀ ਸਾਜ਼ਸ਼ੀਆਂ ਦੀ ਇੱਕ ਨਿੱਕੀ ਟੋਲੀ ਰਾਜ ਸੱਤਾ ਉੱਤੇ ਕਬਜ਼ਾ ਕਰ ਸਕਦੀ ਹੈ। —186, 188, 189

**ਬੀਅਰ** (Beer), **ਮੈਕਸ** (1864–1943) —ਸੋਸ਼ਲਿਜ਼ਮ ਦਾ ਜਰਮਨ ਇਤਿਹਾਸਕਾਰ, 1880ਵਿਆਂ ਵਿੱਚ ਜਰਮਨ ਸੋਸ਼ਲ–ਡੈਮੋਕ੍ਰੇਸੀ ਦੇ ਖੱਬੇ ਪੱਖ ਦਾ ਮੈਂਬਰ, ਲੰਦਨ ਵਿੱਚ ਪਰਵਾਸ ਵਿੱਚ ਰਿਹਾ। 1915 ਵਿੱਚ ਜਰਮਨੀ ਗਿਆ ਅਤੇ ਸੱਜੇ–ਪੱਖੀ ਸੋਸ਼ਲ–ਡੈਮੋਕ੍ਰੈਟਾਂ ਵਿੱਚ ਸ਼ਾਮਲ ਹੋ ਗਿਆ। —175

**ਬੇਬਲ** (Bebel), **ਆਗਸਟ** (1840–1913) —ਜਰਮਨ ਸੋਸ਼ਲ–ਡੈਮੋਕ੍ਰੇਸੀ ਅਤੇ ਦੂਜੀ ਇੰਟਰਨੈਸ਼ਨਲ ਦੇ ਉੱਘੇ ਨੇਤਾਵਾਂ ਵਿਚੋਂ ਇੱਕ, ਕਿੱਤੇ ਵਜੋਂ ਖ਼ਰਾਦੀਆ, ਪਹਿਲੀ ਇੰਟਰਨੈਸ਼ਨਲ ਦਾ ਮੈਂਬਰ। 1869 ਵਿੱਚ ਵ. ਲੀਬਕਨੇਖ਼ਤ ਨਾਲ਼ ਰਲ ਕੇ ਜਰਮਨੀ ਦੀ ਸੋਸ਼ਲ–ਡੈਮੋਕ੍ਰੈਟਕ ਕਿਰਤੀਆਂ ਦੀ ਪਾਰਟੀ ("ਆਈਸਨਆਖ਼ਰਵਾਦੀ") ਜਥੇਬੰਦ ਕੀਤੀ। ਸਰਗਰਮੀ ਨਾਲ਼ ਸੋਧਵਾਦ ਅਤੇ ਸੁਧਾਰਵਾਦ ਦਾ ਵਿਰੋਧ ਕੀਤਾ। —88, 89, 175, 153

**ਬੇਲੋਵ (ਜ਼ੈਤਲਿਨ, ਲ. ਸ.)** (ਜਨਮ 1877) —ਰੂਸੀ ਸੋਸ਼ਲ–ਡੈਮੋਕ੍ਰੈਟ, ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਕੇਂਦਰਵਾਦੀ ਦ੍ਰਿਸ਼ਟੀਕੋਣ

ਅਪਣਾਇਆ, ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ। 1907 ਤੋਂ ਸਿਆਸੀ ਸਰਗਰਮੀਆਂ ਤਿਆਗ ਦਿੱਤੀਆਂ। —24, 33, 226, 229

**ਮ**

**ਮਾਖੋਵ (ਕਲਾਫ਼ਾਤੀ, ਲ. ਪ.)** (1871–1940) —ਸੋਸ਼ਲ-ਡੈਮੋਕ੍ਰੈਟ, ਮੈਨਸ਼ਵਿਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਸਮੇਂ ਕੇਂਦਰਵਾਦੀ ਮਤ ਅਪਣਾਇਆ, ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ। 1913 ਤੋਂ ਰਾਜਨੀਤੀ ਤੋਂ ਵੱਖ ਹੋ ਗਿਆ। —15, 16, 19, 22, 24, 25, 28, 33, 35–41, 130, 131, 142, 144, 153, 163, 212, 218, 224

**ਮਾਰਕਸ** (Marx), **ਕਾਰਲ** (1818–1883)। —38, 129

**ਮਾਰਤੀਨੋਵ, (ਪੀਕਰ, ਅਲੈਕਸਾਂਦਰ ਸਾਮੋਈਲੋਵਿਚ)** (1865–1935)— "ਆਰਥਕਤਾਵਾਦੀ" ਨੇਤਾਵਾਂ ਵਿੱਚੋਂ ਇੱਕ, ਸਰਗਰਮੀ ਨਾਲ਼ ਲੈਨਿਨਵਾਦੀ "ਇਸਕਰਾ" ਦਾ ਵਿਰੋਧ ਕੀਤਾ, ਪਿੱਛੋਂ—ਮੈਨਸ਼ਵਿਕਵਾਦ ਦਾ ਇੱਕ ਵਿਚਾਰਧਾਰਕ। ਪਿਛਾਖੜ ਦੇ ਵਰ੍ਹਿਆਂ (1907–10) ਵਿੱਚ ਖ਼ਾਤਮਾਵਾਦੀ, ਪਹਿਲੇ ਸੰਸਾਰ ਯੁੱਧ (1914–18) ਸਮੇਂ ਕੇਂਦਰਵਾਦੀ ਮਤ ਅਪਣਾਇਆ। —12, 13, 16–17, 19–20, 26–28, 34, 35, 37, 38, 40, 41, 63, 68–70, 107, 109, 110, 114, 132, 137, 142, 144, 145, 150–152, 175–176, 186, 190, 208

**ਮਾਰਤੋਵ ਲ. (ਤਸੇਦਰਬਾਮ, ਯੂਲੀ ਓਸੀਪੋਵਿਚ)** (1873–1923) —ਮੈਨਸ਼ਵਿਕਾਂ ਦੇ ਨੇਤਾਵਾਂ ਵਿੱਚੋਂ ਇੱਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਮੌਕਾਪ੍ਰਸਤ ਘੱਟਗਿਣਤੀ ਦੀ ਅਗਵਾਈ ਕੀਤੀ, ਅਤੇ ਉਦੋਂ ਤੋਂ—ਮੈਨਸ਼ਵਿਕ ਕੇਂਦਰੀ ਸੰਸਥਾਵਾਂ ਦੇ ਨੇਤਾਵਾਂ ਵਿੱਚੋਂ ਇੱਕ ਅਤੇ ਮੈਨਸ਼ਵਿਕ ਪ੍ਰਕਾਸ਼ਨਾਵਾਂ ਦਾ ਸੰਪਾਦਕ। ਪਿਛਾਖੜ ਦੇ ਵਰ੍ਹਿਆਂ (1907–10) ਵਿੱਚ ਖ਼ਾਤਮਾਵਾਦੀ, ਪਹਿਲੇ ਸੰਸਾਰ ਯੁੱਧ (1914–18) ਸਮੇਂ ਕੇਂਦਰਵਾਦੀ ਮਤ ਅਪਣਾਇਆ। —6, 12–15, 17, 20–23, 27, 29, 30–31, 33, 36–38, 43–47, 52–54, 56–57, 59, 62–65, 67–74, 76–82, 84–87, 89, 92–94, 96, 107, 120–127, 129–132, 136–138, 142, 144, 145, 147–148, 150–155, 158–163, 165, 169, 170–172, 174, 175, 177, 181–183, 201, 203, 209–212, 218–219, 222–225, 227, 229–230

**ਮਿਲੇਰਾਂ** (Millerand), **ਅਲੈਕਸਾਂਦਰ ਏਤੀਨ** (1859–1943) —ਫ਼ਰਾਂਸੀਸੀ ਸਿਆਸੀ ਨੇਤਾ। 1890ਵਿਆਂ ਵਿੱਚ ਸੋਸ਼ਲਿਸਟਾਂ ਵਿੱਚ ਸ਼ਾਮਲ ਹੋ ਗਿਆ, ਫ਼ਰਾਂਸੀਸੀ ਸੋਸ਼ਲ-

ਡੈਮੋਕ੍ਰੈਟਕ ਲਹਿਰ ਵਿੱਚ ਮੌਕਾਪ੍ਰਸਤ ਮੁਹਾਣ ਦੀ ਪ੍ਰਤੀਨਿਧਤਾ ਕੀਤੀ। 1899 ਵਿੱਚ ਸੋਸ਼ਲਿਜ਼ਮ ਦੇ ਕਾਜ਼ ਨਾਲ਼ ਵਿਸਾਹਘਾਤ ਕੀਤਾ ਅਤੇ ਫ਼ਰਾਂਸ ਦੀ ਪਿੱਛੇਖਿਚੂ ਬੁਰਜੂਆ ਹਕੂਮਤ ਵਿੱਚ ਸ਼ਾਮਲ ਹੋ ਗਿਆ। — 208

**ਮੁਈਸ਼ਕਿਨ, ਇਪੋਲਿਤ ਨਿਕੀਤਿਚ** (1848–1885) —ਉੱਘਾ ਨਰੋਦਨਿਕ ਨੇਤਾ। 1875 ਵਿੱਚ ਜਲਾਨਵਤਨੀ ਤੋਂ ਨ. ਗ. ਚੇਰਨੀਸ਼ੇਵਸਕੀ ਦਾ ਨੱਠ ਜਾਣਾ ਜਥੇਬੰਦ ਕਰਨ ਦਾ ਯਤਨ ਕੀਤਾ ਪਰ ਅਸਫ਼ਲ ਰਿਹਾ ਅਤੇ ਗ੍ਰਿਫ਼ਤਾਰ ਕਰ ਲਿਆ ਗਿਆ। —64

**ਮੁਰਾਵੀਓਵ (ਮਿਸ਼ੀਨੇਵ, ਗਿਰਾਸਿਮ ਮਿਖ਼ਾਈਲੋਵਿਚ)** (ਮੌਤ 1906) —ਸੋਸ਼ਲ-ਡੈਮੋਕ੍ਰੇਟ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਬਹੁਗਿਣਤੀ ਵਿੱਚ ਸੀ, ਕਾਂਗਰਸ ਤੋਂ ਪਿੱਛੋਂ—ਬਾਲਸ਼ਵਿਕ, ਮੈਨਸ਼ਵਿਕਾਂ ਵਿਰੁੱਧ ਦ੍ਰਿੜ੍ਹ ਘੋਲ਼ ਕੀਤਾ। —24, 102, 114, 115, 118, 121

**ਮੇਹਰਿੰਗ** (Mehring), **ਫ਼ਰਾਂਜ਼** (1846–1919) —ਜਰਮਨ ਕਿਰਤੀ-ਜਮਾਤ ਲਹਿਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਵਿੱਚੋਂ ਇੱਕ, ਜਰਮਨ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੇ ਖੱਬੇ ਪੱਖ ਦੇ ਨੇਤਾਵਾਂ ਅਤੇ ਸਿਧਾਂਤਕਾਰਾਂ ਵਿੱਚੋਂ ਇੱਕ, ਇਤਿਹਾਸਕਾਰ ਅਤੇ ਪ੍ਰਚਾਰਕ ਅਤੇ ਸਾਹਿਤਕ ਪੜਚੋਲੀਆ। ਰੋਜ਼ਾ ਲਕਜ਼ਮਬਰਗ, ਕਾਰਲ ਲੀਬਕਨੇਖ਼ਤ ਅਤੇ ਹੋਰਾਂ ਨਾਲ਼ ਜਰਮਨੀ ਦੀ ਕਮਿਊਨਿਸਟ ਪਾਰਟੀ ਦਾ ਮੋਢੀ। —130

**ਮੇਦਵੇਦੇਵ (ਨਿਕੋਲਾਯੇਵ, ਲਿਓਨਿਦ ਵਲਾਦੀਮੀਰੋਵਿਚ)** —ਸੋਸ਼ਲ-ਡੈਮੋਕ੍ਰੈਟ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ ਕੇਂਦਰਵਾਦੀ ਮਤ ਅਪਣਾਇਆ, ਕਾਂਗਰਸ ਪਿੱਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ। —33, 78

### ਯ

**ਯ. (ਗਾਲਪੇਰਿਨ, ਲੇਵ ਯੇ਼ਫ਼ੀਮੋਵਿਚ)** (1872–1951) — ਸੋਸ਼ਲ-ਡੈਮੋਕ੍ਰੈਟਕ, 1898 ਤੋਂ ਇਨਕਲਾਬੀ ਲਹਿਰ ਵਿੱਚ ਹਿੱਸਾ ਲਿਆ। ਰੂਸੀ ਸੋਸ਼ਲ-ਡਮੈਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਤੋਂ ਪਿੱਛੋਂ ਬਾਲਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ ਅਤੇ ਕੇਂਦਰੀ ਕਮੇਟੀ ਦਾ ਮੈਂਬਰ ਕੁਆਪਟ ਕਰ ਲਿਆ ਗਿਆ। ਮੈਨਸ਼ਵਿਕਾਂ ਵੱਲ ਮੰਨ-ਮੰਨੇਵੇਂ ਵਾਲ਼ਾ ਵਤੀਰਾ ਅਪਣਾਇਆ। 1906 ਤੋਂ ਸਿਆਸਤ ਛੱਡ ਗਿਆ। —181-182

**ਯੂਦਿਨ (ਆਈਜ਼ਨਸ਼ਟਾਡਟ, ਇਸਾਈ ਲਵੋਵਿਚ)** (1867–1937) —ਯਹੂਦੀ ਕੌਮ-ਪ੍ਰਸਤ ਜਥੇਬੰਦੀ "ਬੁੰਦ" ਦੇ ਨੇਤਾਵਾਂ ਵਿੱਚੋਂ ਇੱਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਇਸਕਰਾ" ਦ੍ਰਿਸ਼ਟੀਕੋਣ ਦਾ ਵਿਰੋਧ ਕੀਤਾ, ਕਾਂਗਰਸ ਤੋਂ ਪਿੱਛੋਂ—ਇੱਕ ਸਰਗਰਮ ਮੈਨਸ਼ਵਿਕ। —22

**ਯੇਗੋਰੋਵ (ਲੇਵਿਨ, ਏ.ਫਰੇਮ ਯਾਕੋਵਲੇਵਿਚ)** (ਜਨਮ 1873) —ਸੋਸ਼ਲ-ਡੈਮੋਕ੍ਰੈਟ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਕੇਂਦਰਵਾਦੀ ਮਤ

ਅਪਣਾਇਆ, ਕਾਂਗਰਸ ਪਿੱਛੋਂ ਮੈਨਸ਼ਵਿਕਾਂ ਵਿੱਚ ਸ਼ਾਮਲ ਹੋ ਗਿਆ। ਪਿਛੋਂ ਜਾਕੇ ਸਿਆਸਤ ਤਿਆਗ ਦਿੱਤੀ। —18–22, 24–25, 27–29, 31–39, 53–54, 57, 78, 93, 131, 139, 144, 153, 163, 187, 203, 222, 225, 226–227, 229

## ਰ

**ਰਿਆਜ਼ਾਨੋਵ (ਗੋਲਦੇਨਦਾਖ਼), ਡੇਵਿਡ ਬੋਰੀਸੋਵਿਚ** (1870–1938) —1890ਵਿਆਂ ਤੋਂ ਸੋਸ਼ਲ–ਡੈਮੋਕ੍ਰੈਟਕ ਲਹਿਰ ਵਿੱਚ ਹਿੱਸਾ ਲਿਆ; 1900 ਵਿੱਚ ਵਿਦੇਸ਼ਾਂ ਵਿੱਚ ਗਿਆ; ਸਾਹਿਤਕ ਟੋਲੀ "ਬੋਰਬਾ" (ਘੋਲ਼) ਦੇ ਜਥੇਬੰਦਕਾਂ ਵਿੱਚੋਂ ਇੱਕ, ਜਿਸਨੇ "ਇਸਕਰਾ" ਵੱਲੋਂ ਤਿਆਰ ਕੀਤੇ ਪਾਰਟੀ ਪ੍ਰੋਗਰਾਮ ਅਤੇ ਪਾਰਟੀ ਦੇ ਲੈਨਿਨਵਾਦੀ ਜਥੇਬੰਧਕ ਨਿਯਮਾਂ ਦਾ ਵਿਰੋਧ ਕੀਤਾ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਨੇ ਕਾਂਗਰਸ ਦੀ ਕਾਰਵਾਈ ਵਿੱਚ "ਬੋਰਬਾ" ਟੋਲੀ ਦੇ ਹਿੱਸਾ ਲੈਣ ਦਾ ਵਿਰੋਧ ਕੀਤਾ ਅਤੇ ਰਿਆਜ਼ਾਨੋਵ ਨੂੰ ਇਸ ਟੋਲੀ ਦਾ ਪ੍ਰਤੀਨਿਧ ਵਜੋਂ ਸੱਦਾ ਦੇਣ ਦੀ ਤਜਵੀਜ਼ ਰੱਦ ਕਰ ਦਿੱਤੀ। —18, 20, 122, 175

**ਰੂਸੋਵ (ਕਨੁਨਯਾਂਤਸ, ਬਗਦਾਨ ਮਿਰਜ਼ਾਦੀਸਾਨੋਵਿਚ)** (1878–1911) —ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ, ਸੇਂਟ–ਪੀਟਰਜ਼ਬਰਗ ਦੀ "ਕਿਰਤੀ ਸ਼੍ਰੇਣੀ ਦੀ ਮੁਕਤੀ ਲਈ ਘੋਲ਼ ਦੀ ਲੀਗ" ਦਾ ਮੈਂਬਰ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਇਸਕਰਾ"–ਬਹੁਗਿਣਤੀ ਵਿੱਚ ਸ਼ਾਮਲ ਸੀ। ਕਾਂਗਰਸ ਤੋਂ ਪਿੱਛੋਂ ਕਾਕੇਸ਼ੀਆ ਅਤੇ ਮਾਸਕੋ ਵਿੱਚ ਪਾਰਟੀ ਦਾ ਕੰਮ ਕੀਤਾ। —24, 25, 78, 87, 81, 92, 114, 117, 224, 227

## ਲ

**ਲਯਾਦੋਵ (ਮੈਂਦਲਸ਼ਤਾਮ) ਮਾਰਤਿਅਨ ਨਿਕੋਲਾਏਵਿਚ** (1872–1947) —ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਇਸਕਰਾ"–ਬਹੁਗਿਣਤੀ ਵਿੱਚ ਸੀ, ਕਾਂਗਰਸ ਤੋਂ ਪਿੱਛੋਂ ਰੂਸ ਅਤੇ ਵਿਦੇਸ਼ਾਂ ਵਿੱਚ ਮੈਨਸ਼ਵਿਕਾਂ ਵਿਰੁੱਧ ਸਰਗਰਮ ਘੋਲ਼ ਕੀਤਾ। —24, 133, 222, 225, 230

**ਲਵੋਵ (ਮੋਸ਼ਿੰਸਕੀ, ਜੋਜ਼ਫ਼ ਨਿਕੋਲਾਏਵਿਚ)** (1875–1954) —ਸੋਸ਼ਲ–ਡੈਮੋਕ੍ਰੈਟ, ਮੈਨਸ਼ਵਿਕ। ਰੂਸੀ ਸੋਸ਼ਲ–ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਕੇਂਦਰਵਾਦੀ ਮਤ ਅਪਣਾਇਆ, ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕਾਂ ਨਾਲ਼ ਰਲ ਗਿਆ। —32–33

**ਲਾਂਗੇ (ਸਤੋਪਾਨੀ, ਅਲੈਕਸਾਂਦਰ ਮਿਤਰੋਫ਼ਾਨੋਵਿਚ)** (1871–1932) —ਪੇਸ਼ਾਵਰ

ਇਨਕਲਾਬੀ, ਬਾਲਸ਼ਵਿਕ, "ਇਸਕਰਾ" ਦਾ ਪ੍ਰਕਾਸ਼ਨ ਜਥੇਬੰਦ ਕਰਨ ਵਿੱਚ ਸਹਾਇਤਾ ਦਿੱਤੀ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਵਿੱਚ "ਇਸਕਰਾ"-ਬਹੁਗਿਣਤੀ ਵਿੱਚ ਸ਼ਾਮਲ ਸੀ। ਕਾਂਗਰਸ ਤੋਂ ਪਿੱਛੋਂ ਸਰਗਰਮ ਪਾਰਟੀ ਕੰਮ ਕੀਤਾ, ਹੜਤਾਲਾਂ ਜਥੇਬੰਦ ਕਰਨ ਅਤੇ ਕਿਰਤੀਆਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਸਥਾਪਤ ਕਰਨ ਵਿੱਚ ਹਿੱਸਾ ਲਿਆ। —17, 24, 38, 39

**ਲੀਬਕਨੇਖ਼ਤ** (Liebkneht), **ਵਿਲਹੈਲਮ** (1826-1900) —ਜਰਮਨ ਅਤੇ ਕੌਮਾਂਤਰੀ ਕਿਰਤੀ-ਜਮਾਤੀ ਲਹਿਰ ਦੀ ਉੱਘੀ ਸ਼ਖ਼ਸੀਅਤ, ਜਰਮਨ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੇ ਮੋਢੀਆਂ ਅਤੇ ਨੇਤਾਵਾਂ ਵਿੱਚੋਂ ਇੱਕ। 1875 ਤੋਂ ਆਪਣੇ ਜੀਵਨ ਦੇ ਅੰਤ ਤੱਕ ਉਹ ਜਰਮਨ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਕੇਂਦਰੀ ਕਮੇਟੀ ਦਾ ਮੈਂਬਰ ਅਤੇ ਇਹਦੇ ਕੇਂਦਰੀ ਬੁਲਾਰੇ ਰਸਾਲੇ "Vorwärts" (ਅੱਗੇ-ਵਧੋ) ਦੇ ਸੰਪਾਦਕੀ ਮੰਡਲ ਦਾ ਆਗੂ। ਪਹਿਲੀ ਇੰਟਰਨੈਸ਼ਨਲ ਦੇ ਕੰਮ ਵਿੱਚ ਅਤੇ ਦੂਜੀ ਇੰਟਰਨੈਸ਼ਨਲ ਜਥੇਬੰਦ ਕਰਨ ਵਿੱਚ ਸਰਗਰਮ ਹਿੱਸਾ ਲਿਆ। —88, 89, 129

**ਲੀਬਰ (ਗੋਲਦਮੈਨ, ਮਿਖ਼ਾਈਲ ਇਸਾਕੋਵਿਚ)** (1880-1937) —"ਬੁੰਦ" ਦੇ ਨੇਤਾਵਾਂ ਵਿੱਚੋਂ ਇੱਕ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ "ਬੁੰਦ" ਦੇ ਪ੍ਰਤੀਨਿਧ-ਮੰਡਲ ਦੀ ਅਗਵਾਈ ਕੀਤੀ, ਅਤਿ ਸੱਜਾ, "ਇਸਕਰਾ"-ਵਿਰੋਧੀ ਮਤ ਅਪਣਾਇਆ। ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕ। —31, 32, 34, 35, 38, 40, 41, 52-55, 69, 72, 74, 76-77, 91, 132, 144, 145, 172, 187

**ਲੇਨਸਕੀ (ਵਿਲੇਨਸਕੀ, ਲਿਓਨਿਦ ਸੇਮਿਓਨੋਵਿਚ)** (1880-1950) —ਸੋਸ਼ਲ-ਡੈਮੋਕ੍ਰੈਟ, ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਸਮੇਂ "ਇਸਕਰਾ"-ਬਹੁਗਿਣਤੀ ਵਿੱਚ ਸ਼ਾਮਲ, ਕਾਂਗਰਸ ਤੋਂ ਪਿੱਛੋਂ—ਬਾਲਸ਼ਵਿਕ। 1905 ਵਿੱਚ ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਛੱਡ ਗਿਆ ਅਤੇ ਅਰਾਜਕਤਾਵਾਦੀ ਰਸਾਲੇ "ਬੁਨਤਰ" (ਬਾਗ਼ੀ) ਦਾ ਸੰਪਾਦਕ ਬਣ ਗਿਆ। —33, 78, 228

**ਲੈਨਿਨ, ਵਲਾਦੀਮੀਰ ਇਲੀਚ (ਉਲੀਆਨੋਵ ਵ. ਇ.) —**46, 60, 63, 68, 71, 72, 74, 76, 81, 137, 158, 166, 169, 181, 211, 214, 224, 229

**ਵ**

**ਵਾਸੀਲੀਯੇਵ (ਲੇਨਗਨੀਕ, ਫ਼ਰੀਡਰਿਖ਼ ਵਿਲਹੈਲਮੋਵਿਚ)** (1873-1936) —ਇੱਕ ਪੇਸ਼ਾਵਰ ਇਨਕਲਾਬੀ, ਬਾਲਸ਼ਵਿਕ; 1893 ਤੋਂ ਸੋਸ਼ਲ-ਡੈਮੋਕ੍ਰੈਟਕ ਲਹਿਰ ਵਿੱਚ ਹਿੱਸਾ ਲਿਆ। ਰੂਸੀ ਸੋਸ਼ਲ-ਡੈਮੋਕ੍ਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਵਿੱਚ ਪਾਰਟੀ ਦੀ ਕੇਂਦਰੀ ਕਮੇਟੀ ਅਤੇ ਪ੍ਰੀਸ਼ਦ ਦਾ ਮੈਂਬਰ ਚੁਣਿਆ ਗਿਆ। 1903-04 ਵਿੱਚ ਸਰਗਰਮੀ ਨਾਲ਼ ਵਿਦੇਸ਼ਾਂ ਵਿੱਚ ਮੈਨਸ਼ਵਿਕਾਂ ਵਿਰੁੱਧ ਲੜਿਆ। —90, 216, 223

**ਵੋਲਮਾਰ** (Vollmar), **ਗਿਆਰਗ ਹਾਈਨਰਿਖ਼** (1850–1922) —ਜਰਮਨੀ ਦੀ ਸੋਸ਼ਲ-ਡੈਮੋਕ੍ਰੈਟਕ ਪਾਰਟੀ ਦੇ ਮੌਕਾਪ੍ਰਸਤ ਨੇਤਾਵਾਂ ਵਿੱਚੋਂ ਇੱਕ। ਅ. ਬਰਨਸ਼ਟਾਈਨ ਦੇ ਨਾਲ਼ ਸੁਧਾਰਵਾਦ ਅਤੇ ਸੋਧਵਾਦ ਦੇ ਵਿਚਾਰਧਾਰਕਾਂ ਵਿੱਚੋਂ ਇੱਕ ਬਣ ਗਿਆ। ਪਹਿਲੇ ਸੰਸਾਰ ਯੁੱਧ (1914–18) ਵਿੱਚ ਸਮਾਜੀ ਸ਼ਾਵਨਵਾਦੀ। —88, 89, 209, 210

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਪੁਸਤਕਾਂ

| | | |
|---|---|---|
| 1. | ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) | 50.00 |
| 2. | ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) | 60.00 |
| 3. | ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) | 60.00 |
| 4. | ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) | 125.00 |
| 5. | ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) | 20.00 |
| 6. | ਪੂੰਜੀ ਦੀ ਉਤਪਤੀ (ਮਾਰਕਸ) | 45.00 |
| 7. | ਦੂਜੀ ਇੰਟਰਨੈਸ਼ਨਲ ਦਾ ਪਤਨ (ਲੈਨਿਨ) | 45.00 |
| 8. | ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) | 70.00 |
| 9. | ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) | 125.00 |
| 10. | ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) | 65.00 |
| 11. | ਸਾਹਿਤ ਅਤੇ ਕਲਾ ਬਾਰੇ (ਲੈਨਿਨ) | 150.00 |
| 12. | ਸਮਾਜਵਾਦ ਤੇ ਜੰਗ (ਲੈਨਿਨ) | 45.00 |
| 13. | ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) | 65.00 |
| 14. | ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) | 25.00 |
| 15. | ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) | 70.00 |
| 16. | ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) | 100.00 |
| 17. | ਅਡੋਲ ਬਾਲਸ਼ਵਿਕ ਨਤਾਸ਼ਾ | 30.00 |
| 18. | ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) | 60.00 |
| 19. | ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) | 60.00 |
| 20. | ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) | 60.00 |
| 21. | ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) | 15.00 |
| 22. | ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) | 20.00 |
| 23. | ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) | 10.00 |



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 125. ਰੁਪਏ